## ਸ਼ੇਰਿ ਪੰਜਾਬ

# ਮਹਾਰਾਜਾ ਰਣਜੀਤ ਸਿੰਘ



ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

ਸ਼ੇਰਿ ਪੰਜਾਬ

# ਮਹਾਰਾਜਾ ਰਣਜੀਤ ਸਿੰਘ

ਸ਼ੇਰਿ ਪੰਜਾਬ

# ਮਹਾਰਾਜਾ ਰਣਜੀਤ ਸਿੰਘ

ਰਚਿਤ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ

ਲਾਹੌਰ ਬੁਕ ਸ਼ਾਪ

2-ਲਾਜਪਤ ਰਾਇ ਮਾਰਕੀਟ, ਲੁਧਿਆਣਾ

Sher-i-Punjab Maharaja Ranjit Singh
by
Baba Prem Singh Hoti Mardan

ISBN : 81-7647-042-2

2007

ਸਰਵਰਕ : ਸੁਖਵੰਤ

ਮੁੱਲ : 90/- ਰੁਪਏ

ਪ੍ਰਕਾਸ਼ਕ :
ਤੇਜਿੰਦਰਬੀਰ ਸਿੰਘ
ਲਾਹੌਰ ਬੁਕ ਸ਼ਾਪ
2, ਲਾਜਪਤ ਰਾਏ ਮਾਰਕੀਟ,
ਲੁਧਿਆਣਾ -ਫੋਨ : 740738

ਪ੍ਰਿੰਟਰ :
ਸਰਤਾਜ ਪ੍ਰਿੰਟਿੰਗ ਪ੍ਰੈਸ
ਜਲੰਧਰ

ਅੱਖਰ ਸੰਯੋਜਨ :
ਜਸਵਾਲ ਕੰਪਿਊਟਰਜ਼
ਲੁਧਿਆਣਾ -3.

# ਤਤਕਰਾ


| ਨਾਮ ਪ੍ਰਕਰਣ | ਸਫ਼ਾ |
| --- | --- |
| ਭੂਮਿਕਾ | 6 |
| ਮਹਾਰਾਜੇ ਦਾ ਘਰਾਣਾ | 9 |
| ਸਰਦਾਰ ਚੜ੍ਹਤ ਸਿੰਘ ਜੀ | 10 |
| ਸਰਦਾਰਾ ਮਹਾਂ ਸਿੰਘ ਜੀ | 13 |
| ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ | 14 |
| ਇਸ ਸਮੇਂ ਪੰਜਾਬ ਦੀ ਦਸ਼ਾ | 17 |
| ਸ਼ੇਰਿ ਪੰਜਾਬ ਦੇ ਪਹਿਲੇ ਸਮਾਚਾਰ | 19 |
| ਮਹਾਰਾਜੇ ਦਾ ਲਾਹੌਰ ਪਰ ਕਬਜ਼ਾ | 20 |
| ਸ਼ਾਹ ਜ਼ਮਾਨ ਦੀ ਬਖਸ਼ਸ਼ ਪਰ ਵਿਚਾਰ | 22 |
| ਭਸੀਨ ਦੀ ਲੜਾਈ | 24 |
| ਮਹਾਰਾਜੇ ਦੀ ਜੰਮੂ ਪਰ ਚੜ੍ਹਾਈ | 24 |
| ਸ਼ੇਰਿ ਪੰਜਾਬ ਨੂੰ ਮਹਾਰਾਜਗੀ ਮਿਲਣੀ | 25 |
| ਗੁਜਰਾਤ ਤੇ ਚੜ੍ਹਾਈ | 27 |
| ਸ਼ਾਹਜਾਦਾ ਖੜਗ ਸਿੰਘ ਦਾ ਜਨਮ ਤੇ ਇਲਾਕਾ ਡਸਕਾ ਆਦਿ ਨੂੰ ਫਤਹ ਕਰਨਾ | 29 |
| ਇਲਾਕਾ ਮੁਲਤਾਨ ਪਰ ਚੜ੍ਹਾਈ | 31 |
| ਸ੍ਰੀ ਅੰਮ੍ਰਿਤਸਰ ਜੀ ਨੂੰ ਖਾਲਸਾ ਰਾਜ ਨਾਲ ਮਿਲਾਣਾ | 32 |
| ਖਾਲਸਾ ਫੌਜ ਨੂੰ ਯੂਰਪ ਦੇ ਢੰਗ ਨਾਲ ਕਵੈਦ ਸਿਖਲਾਣੀ | 33 |

| ਨਾਮ ਪ੍ਰਕਰਣ | ਸਫ਼ਾ |
|---|---|
| ਝੰਗ ਅਤੇ ਉਚ ਨੂੰ ਖਾਲਸਾ ਰਾਜ ਨਾਲ ਮਿਲਾਣਾ | 35 |
| ਸ੍ਰੀ ਅੰਮ੍ਰਿਤਸਰ ਵਿਚ ਸ਼ਾਹੀ ਦਰਬਾਰ | 37 |
| ਜਸਵੰਤ ਰਾਏ ਹੁਲਕਰ ਦਾ ਮਹਾਰਾਜੇ ਦੀ ਸ਼ਰਨ ਆਉਣਾ | 37 |
| ਪਟਿਆਲੇ ਜਾਣਾ | 39 |
| ਸ਼ੇਰਿ ਪੰਜਾਬ ਨੇ ਕਾਂਗੜਾ ਦੀ ਸਹਾਇਤਾ ਕਰਨੀ | 40 |
| ਕਸੂਰ ਨੂੰ ਫਤਿਹ ਕਰਨਾ | 41 |
| ਮਹਾਰਾਜੇ ਦਾ ਮੁਲਤਾਨ ਦੌਰਾ | 42 |
| ਮਹਾਰਾਜੇ ਦਾ ਦੂਜੀ ਵਾਰ ਪਟਿਆਲੇ ਜਾਣਾ | 43 |
| ਪਹਾੜੀ ਇਲਾਕੇ ਦੀ ਸੁਧਾਈ | 46 |
| ਸਤਲੁਜ ਪਾਰ ਦੇ ਰਈਸਾਂ ਦਾ ਅੰਗਰੇਜ਼ਾਂ ਦੀ ਰੱਖਿਆ ਵਿਚ ਆਵਣਾ | 47 |
| ਤੇ ਮਹਾਰਾਜ ਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ | |
| ਅਹਿਦਨਾਮੇ ਦਾ ਭਾਵ | 52 |
| ਸਤਲੁਜ ਪਾਰ ਤੇ ਰਈਸਾ ਲਈ ਇਤਲਾਹਨਾਮਾ | 53 |
| ਗੋਰਖਿਆਂ ਤੋਂ ਦੁਬਾਰਾ ਸੰਸਾਰ ਚੰਦ ਨੂੰ ਬਚਾਣਾ | 54 |
| ਸ਼ਾਹਜ਼ਾਦਾ ਖੜਕ ਸਿੰਘ ਦਾ ਵਿਆਹ | 56 |
| ਕੋਹਨੂਰ ਹੀਰੇ ਦਾ ਇਤਿਹਾਸ | 57 |
| ਕੋਹੇਨੂਰ ਬਾਰੇ ਇਕ ਇਤਿਹਾਸਕ ਭੁਲੇਖਾ | 59 |
| ਕੋਹੇਨੂਰ ਮਹਾਰਾਜਾ ਰਣਜੀਤ ਸਿੰਘ ਨੂੰ ਕਿਵੇਂ ਮਿਲਿਆ | 60 |
| ਪਠਾਣਾਂ ਪਰ ਖਾਲਸੇ ਦੀ ਪਹਿਲੀ ਫਤਹ | 63 |
| ਮੁਲਤਾਨ ਦੀ ਫਤਹ | 65 |
| ਪਿਸ਼ਾਵਰ ਦੀ ਫਤਹ | 69 |
| ਕਸ਼ਮੀਰ ਦੀ ਫਤਹ | 71 |
| ਸ: ਹਰੀ ਸਿੰਘ ਨਲੂਏ ਦਾ ਗ਼ਵਰਨਰ ਕਸ਼ਮੀਰ ਹੋਣਾ | 74 |
| ਕੌਰ ਨੌਨਿਹਾਲ ਸਿੰਘ ਦਾ ਜਨਮ | 75 |
| ਜਰਨੈਲ ਵੈਨਤੂਰਾ ਤੇ ਇਲਾਰਡ ਦਾ ਲਾਹੌਰ ਔਣਾ | 75 |
| ਨੁਸ਼ਹਿਰੇ ਦੀ ਵੱਡੀ ਲੜਾਈ | 77 |
| ਦੀਵਾਨ ਮੋਤੀ ਰਾਮ ਆਦਿ ਦਾ ਸ਼ਿਮਲੇ ਜਾਣਾ | 84 |
| ਸ਼ਹਿਨਸ਼ਾਹ ਅੰਗਰੇਜ਼ੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੁਗਾਤਾਂ ਭੇਜਣੀਆਂ | 85 |
| ਸ਼ਹਿਨਸ਼ਾਹ ਅੰਗਰੇਜ਼ੀ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸੁਗਾਤਾਂ ਭੇਜਣੀਆਂ | 86 |
| ਲਾਰਡ ਬਿੰਟਿਕ ਤੇ ਮਹਾਰਾਜਾ ਦੀ ਮਿਲਣੀ | 88 |

| ਨਾਮ ਪ੍ਰਕਰਣ | ਸਫ਼ਾ |
|---|---|
| ਕਸ਼ਮੀਰ ਦਾ ਦੁਰਭਿੱਖ | 93 |
| ਪਿਸ਼ਾਵਰ ਨੂੰ ਖਾਲਸਾ ਰਾਜ ਨਾਲ ਰਲਾਣਾ | 94 |
| ਜਨਰਲ ਇਲਾਰਡ ਦੀ ਵਾਪਸੀ | 97 |
| ਕੌਰ ਨੌਨਿਹਾਲ ਸਿੰਘ ਦਾ ਵਿਆਹ | 98 |
| ਜਮਰੌਦ ਨੂੰ ਖਾਲਸਾ ਰਾਜ ਨਾਲ ਮਿਲਾਣਾ | 101 |
| ਮਹਾਰਾਜਾ ਰਣਜੀਤ ਸਿੰਘ ਦਾ ਚਲਾਣਾ | 103 |
| ਸ਼ੇਰਿ ਪੰਜਾਬ ਦਾ ਫੌਜੀ ਪ੍ਰਬੰਧ | 105 |
| ਇਕ ਇਤਿਹਾਸਕ ਭੁੱਲ | 106 |
| ਰਜਮੈਂਟਾਂ ਦੀ ਵੰਡ | 109 |
| ਫੌਜ ਦੀ ਵਰਦੀ | 110 |
| ਰਸਾਲੇ | 112 |
| ਤੋਪਖਾਨਾ | 113 |
| ਤੋਪਖਾਨਿਆਂ ਦਾ ਪ੍ਰਬੰਧ | 115 |
| ਤੋਪਾਂ ਢਾਲਣ ਵਾਲੇ ਕਾਰੀਗਰਾਂ ਦੇ ਨਾਂ | 116 |
| ਖਾਲਸਾ ਫੌਜ ਦੀ ਗਿਣਤੀ | 117 |
| ਸ਼ੇਰਿ ਪੰਜਾਬ ਦਾ ਮੁਲਕੀ ਪ੍ਰਬੰਧ | 117 |
| ਸ਼ੇਰਿ ਪੰਜਾਬ ਤੇ ਇਤਿਹਾਸਕ ਇਮਾਰਤਾਂ | 124 |
| ਹਜ਼ੂਰੀ ਬਾਗ ਦੀ ਬਰਾਂਦਰੀ | 124 |
| ਇਹ ਗੱਲ ਕਿੱਥੋਂ ਚੱਲੀ | 126 |
| ਸ਼ੇਰਿ ਪੰਜਾਬ ਦੇ ਗੁਣਾਂ ਅਵਗੁਣਾਂ ਪਰ ਵਿਚਾਰ | 129 |
| ਵਿਦਿਆ ਨਾਲ ਪਿਆਰ | 133 |
| ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਨਾਲ ਪਿਆਰ | 138 |
| ਪਾਰਸ ਦੀ ਕਹਾਵਤ | 139 |
| ਸ਼ੇਰਿ ਪੰਜਾਬ ਦੀ ਖੁਲ੍ਹਦਿਲੀ | 141 |
| ਉਸ ਦਾ ਬਾਹੂਬਲ | 142 |
| ਮਹਾਰਾਜੇ ਦੇ ਚਲਾਣੇ ਸਮੇਂ ਖਜ਼ਾਨੇ ਵਿਚ ਕਿੰਨਾ ਧਨ ਪਦਾਰਥ ਸੀ ? | 143 |
| ਕੀ ਮਹਾਰਾਜਾ ਕੌਮ-ਘਾਤੀ ਸੀ ? | 145 |
| ਧਾਰਮਿਕ ਜੀਵਨ | 149 |
| ਸ੍ਰੀ ਦਰਬਾਰ ਸਾਹਿਬ ਜੀ ਦਾ ਸ਼ਿਲਾਲੇਖ | 150 |
| ਸ਼ਹੀਦੀ ਯਾਦਗਾਰਾਂ ਨਾਲ ਪਿਆਰ | 153 |
| ਮਹਾਰਾਜੇ ਦੀ ਅਸਚਰਜ ਤਸਵੀਰ | 155 |
| ਉਸ ਦੇ ਅਵਗੁਣ | 156 |

੧ਓ ਸਤਿਗੁਰ ਪ੍ਰਸਾਦਿ ॥

---

# ਭੂਮਿਕਾ

ਇਤਿਹਾਸ ਲਿਖਣਾ ਸੰਸਾਰ ਦੇ ਕਠਨ ਕੰਮਾਂ ਵਿਚੋਂ ਇਕ ਮਹਾਨ ਕਠਨ ਕੰਮ ਹੈ, ਪਰ ਇਸ ਤੋਂ ਵੱਧ ਕਠਨਤਾ ਹੈ ਤਾਂ ਇਹ, ਕਿ ਇਤਿਹਾਸ ਤੋਂ ਬਿਨਾਂ ਕੋਈ ਕੌਮ ਜੀਊ ਹੀ ਨਹੀਂ ਸਕਦੀ, ਇਸ ਲਈ ਜੀਵਤ ਕੌਮਾਂ ਲਗਦੇ ਚਾਰੇ ਆਪਣੇ ਵੱਡਿਆਂ ਦੇ ਸਹੀ ਹਾਲਾਤ ਕਾਇਮ ਰੱਖਣ ਦਾ ਸਿਰਤੋੜ ਯਤਨ ਕਰਦੀਆਂ ਰਹੀਆਂ ਹਨ, ਉਸ ਪ੍ਰਕਾਰ ਦੇ ਯਤਨਾਂ ਵਿਚੋਂ ਇਹ ਨਿੱਕਾ ਜਿਹਾ ਯਤਨ ਭੀ ਆਪ ਦੇ ਪੇਸ਼ ਹੈ ।

ਇਹ ਗੱਲ ਪ੍ਰਗਟ ਹੈ ਕਿ ਸਿੱਖ ਇਤਿਹਾਸ ਹਨੇਰੇ ਵਿਚ ਪਿਆ ਹੈ, ਸਾਡੇ ਪਾਸ ਉਸ ਤਰ੍ਹਾਂ ਦਾ ਇਤਿਹਾਸ-ਜਿਸ ਨੂੰ ਪੂਰਬੀ ਨੁਕਤੇ ਤੋਂ ਇਤਿਹਾਸ ਕਹਿੰਦੇ ਹਨ-ਹੈ, ਪਰ ਪੱਛਮੀ ਨੁਕਤੇ ਦੇ ਇਤਿਹਾਸ ਦੀ ਕਮੀ ਹੈ ।

ਮੈਂ ਹੁਣ ਤਕ ਇਸ ਉਡੀਕ ਵਿਚ ਰਿਹਾ ਹਾਂ ਕਿ ਕਦੇ ਕੋਈ ਯੋਗ ਸੱਜਣ ਇਸ ਭਾਰੀ ਕਮੀ ਨੂੰ ਪੂਰਾ ਕਰੇ ਪਰ ਜਦ ਚਾਰੇ ਬੰਨੇ ਚੁਪ ਹੀ ਸਾਧੀ ਡਿੱਠੀ ਤਾਂ ਛੇਕੜ ਇਸ ਖਤਰੇ ਨੂੰ ਵਿਚਾਰਦਾ ਹੋਇਆ ਕਿ ਸਮਾਂ ਨੱਠਾ ਜਾ ਰਿਹਾ ਹੈ, ਕਾਲ ਦੀ ਚਾਦਰ ਵਲ੍ਹੇਟੀ ਜਾ ਰਿਹਾ ਹੈ, ਪੁਰਾਣੇ ਆਦਮੀ ਇਸ ਸੰਸਾਰ ਤੋਂ ਤੁਰੇ ਜਾ ਰਹੇ ਹਨ ਤੇ ਹਾਲਾਤ ਗੁੰਮ ਹੋ ਰਹੇ ਹਨ, ਜਦ ਕਦੇ ਖੋਜੀ ਤੇ ਫ਼ਾਜ਼ਲ ਸਿੱਖ ਇਸ ਪਾਸੇ ਲੱਗਣਗੇ ਤਦ ਤਕ ਸਮੇਂ ਦੀਂ ਚਾਦਰ ਅੱਖੀਂ ਡਿੱਠੇ ਹਾਲਤ ਦੱਸਣ ਵਾਲਿਆਂ ਜਾਂ ਕੰਨੀਂ ਸੁਣੇ ਹਾਲਾਤ ਸੁਨਾਣ ਵਾਲਿਆਂ ਨੂੰ ਲਪੇਟ ਚੁਕੀ ਹੋਵੇਗੀ, ਸੋ ਇਸ ਖਤਰੇ ਨੂੰ ਮੁਖ ਰਖ ਕੇ ਮੈਂ ਇਹ ਯਤਨ ਕੀਤਾ ਜੋ ਕੁਛ ਇਸ ਵੇਲੇ ਇਕੱਤਰ ਹੋ ਸ਼ਕਦਾ ਹੈ ਲਿਖ ਲਿਆ ਜਾਏ, ਤਾਂ ਜੋ ਜਦੋਂ ਸਿੱਖ ਪੰਥ ਇਤਿਹਾਸਕ ਖੋਜ ਦਾ ਕੰਮ ਅਰੰਭੇ, ਮੇਰਾ ਇਹ ਪ੍ਰੀਸ਼ਰਮ ਭੀ ਕੁਝ ਸਹਾਇਕ ਹੋ ਸਕੇ ।

ਮੈਂ ਆਪਣੇ ਵਲੋਂ ਪੂਰਾ ਯਤਨ ਕੀਤਾ ਹੈ ਕਿ ਸੱਚੇ ਅਤੇ ਸਹੀ ਵਾਕਿਆਤ ਇਕੱਤਰ ਕਰਾਂ । ਮੈਨੂੰ ਉਨ੍ਹਾਂ ਆਦਮੀਆਂ ਨੂੰ ਮਿਲਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਨੇ ਕਿ ਉਸ ਸਮੇਂ ਵਿਚ ਆਪਣੀ ਅੱਖੀਂ ਇਹ ਹਾਲਾਤ ਵੇਖੇ ਹਨ ਅਤੇ ਉਨ੍ਹਾਂ ਪੁਰਖਾਂ ਨੂੰ ਮਿਲਣ ਦਾ ਭੀ ਸਮਾਂ ਲੱਝਾ ਹੈ

ਜਿਨ੍ਹਾਂ ਨੇ ਉਨ੍ਹਾਂ ਮਨੁੱਖਾਂ ਤੋਂ ਆਪ ਹਾਲਤ ਸੁਣੇ ਹਨ ਜੋ ਖਾਲਸਾ ਰਾਜ ਦੇ ਸਮੇਂ ਹੋਏ ਹਨ, ਜਿਹਾ ਕਿ :- ਬਜ਼ੁਰਗ ਬਾਬਾ ਕਾਹਨ ਸਿੰਘ ਜੀ ਪੇਸ਼ਕਾਰ ਹਜ਼ੂਰੀ ਜਿਨ੍ਹਾਂ ਦਾ ਸੀਨਾ ਸ਼ੇਰਿ ਪੰਜਾਬ ਦੇ ਰਾਜ ਸਮੇਂ ਦੇ ਵਾਕਿਆਤ ਨਾਲ ਪੂਰਤ ਸੀ, ਅਤੇ ਦੂਜੇ ਬਾਬਾ ਹਿੰਮਤ ਸਿੰਘ ਜੀ, ਜਿਸ ਨੂੰ ਕੁਦਰਤ ਨੇ ਇਕ ਅਲੌਕਿਕ ਯਾਦਦਾਸ਼ਤ ਬਖਸ਼ੀ ਸੀ ਭਾਰੀ ਮਾਲੂਮਾਤ ਦੇ ਖਜ਼ਾਨੇ ਦੇ ਮਾਲਕ ਸਨ । ਇਕ ਹੋਰ ਬਿਰਧ ਪਠਾਨ ਗਜ਼ਨ ਖਾਨ ਬੁਨੇਰੀ-ਜੋ ਹਨੇਹ ਦਾ ਅਤਿ ਮਸ਼ਕਰਾ ਹੋਣ ਦੇ ਕਾਰਣ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਅਤਿ ਪਿਆਰਿਆ ਜਾਂਦਾ ਸੀ-ਮੈਨੂੰ ਮਿਲਿਆ, ਜਿਨ੍ਹਾਂ ਦੇ ਦੱਸੇ ਸਮਾਚਾਰ ਪਰਖਣ ਤੋਂ ਬਹੁਮੁੱਲੇ ਸਾਬਤ ਹੋਏ । ਇਸ ਤਰ੍ਹਾਂ ਦੇ ਕਈ ਇਕ ਪੁਰਸ਼ਾਂ ਤੇ ਬਿਰਧ ਮਾਈਆਂ ਨੂੰ ਮਿਲਣ ਤੋਂ ਸਵਾਇ ਮੈਂ ਲਗਦੇ ਚਾਰੇ ਖਾਲਸਾ ਰਾਜ ਸਮੇਂ ਦੇ ਲਗ ਪਗ ਸਾਰੇ ਨਹੀਂ, ਤਾਂ ਬਹੁਤ ਹਦ ਤਕ ਇਤਿਹਾਸਾਂ ਨੂੰ ਵਾਚਿਆ ਹੈ ਤੇ ਇਉਂ ਜੋ ਕੁਝ ਲਝਾ ਹੈ, ਆਪ ਦੀ ਭੇਟਾ ਹੈ ।

ਪੁਰਾਣੇ ਪੁਰਖਾਂ ਤੋਂ ਹਾਲਤ ਦੀ ਸਚਿਆਈ ਮਲੂਮ ਕਰਨ ਵਿਚ ਮੈਨੂੰ ਵਧੇਰੇ ਕਠਨਾਈ ਨਹੀਂ ਆਈ, ਕਿਉਂ ਕਿ ਉਹਨਾਂ ਵਿਚ ਸੱਚ ਦਾ ਵਾਸਾ ਸੁਤੇ ਸੀ ਤੇ ਮੈਂ ਉਹਨਾਂ ਨੂੰ ਸਹਿਜ ਸੁਭਾਵ ਸਤਯਵਾਦੀ ਪਾਇਆ, ਪਰ ਹਾਲਾਤ ਦੇ ਅੱਗੇ ਪਿੱਛੇ ਤੇ ਲੜੀਵਾਰ ਨਾ ਹੋਣ ਕਾਰਨ ਔਕੜਾਂ ਜ਼ਰੂਰ ਆਉਂਦੀਆਂ ਰਹੀਆਂ, ਕਿਉਂਕਿ ਉਹ ਲੋਕ ਡਾਇਰੀਆਂ ਆਦਿ ਨਹੀਂ ਰਖਦੇ ਸਨ। ਭਾਵੇਂ ਚੇਤੇ ਦੇ ਬੜੇ ਧਨੀ ਸਨ, ਪਰ ਬਹੁਤਿਆਂ ਤੋਂ ਸੁਣੇ ਹਾਲਤ ਦੇ ਟਾਕਰੇ ਇਤਿਹਾਸਾਂ ਦੀਆਂ ਲਿਖਤਾਂ ਨਾਲ ਮੇਲ ਕੇ ਮੈਂ ਇਸ ਔਕੜ ਨੂੰ ਹੱਲ ਕੀਤਾ ਹੈ । ਦੂਸਰੇ ਇਤਿਹਾਸਕਾਰਾਂ ਦੇ ਕਈਆਂ ਲੇਖਾਂ ਵਿਚ ਬੜੀ ਮੁਸ਼ਕਲ ਪੇਸ਼ ਆਈ, ਇਨ੍ਹਾਂ ਵਿਚ ਕੁਝ ਲੇਖਕ ਤਾਂ ਮੈਂ ਆਪਣੀ ਕੌਮ ਦੇ 'ਨਾਦਾਨ ਮਿਤ੍ਰ ਤੇ ਕੁਝ ਦਾਨਾਂ ਵੈਰੀ' ਸਮਝਦਾ ਹਾਂ । ਇਨ੍ਹਾਂ ਨੇ ਇਤਿਹਾਸ ਲਿਖਦਿਆਂ ਪੂਰੇ ਤੌਰ ਤੇ ਨਿੱਪਖ ਸਾਬਤ ਹੋਣ ਤੋਂ ਬਿਨਾਂ ਹੀ ਆਪਣੀਆਂ ਰਾਵਾਂ ਤੇ ਵਾਕਯਾਤ ਦੋਵੇਂ ਕਿੱਸਿਆਂ ਕਹਾਣੀਆਂ ਵਾਂਗ ਖੁੱਲ੍ਹੇ ਵਾਕਾਂ ਵਿਚ ਲਿਖੇ ਹਨ, ਜੋ ਇਤਿਹਾਸਕ ਨਿਯਮ ਤੋਂ ਪਰੇਡੇ ਦੇ ਹਨ । ਸਿੱਖ ਇਤਿਹਾਸ ਦੇ ਬਦੇਸ਼ੀ ਇਤਿਹਾਸਕਾਰਾਂ ਵਿਚ ਕੁਝ ਕੁ ਐਸੇ ਵੀ ਸਨ ਜੋ ਆਪ ਇਖਲਾਕੀ ਗਿਰਾਵਟ ਦਾ ਪਰਤੱਖ ਨਮੂਨਾ ਸਨ, ਅਤੇ ਇਹੋ ਹੀ ਕਾਰਨ ਸੀ ਕਿ ਜਦ ਉਹ ਮਹਾਰਾਜੇ ਤੇ ਉਸਦੇ ਪਰਿਵਾਰ ਪੁਰ ਅਯੋਗ ਹਮਲਾ ਕਰਦੇ ਹਨ, ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਦੇ ਮਨਾਂ ਦਾ ਆਪਣਾ ਝੁਕਾਓ ਹਰ ਥਾਂ ਪ੍ਰਦਿਪਤ ਦਿਸਦਾ ਹੈ । ਇਕ ਲੇਖਕ ਜੀਵਨ ਤਾਂ ਮਹਾਰਾਜੇ ਦਾ ਲਿਖ ਰਿਹਾ ਹੈ ਪਰ ਨਾਲ ਨਾਲ ਉਨ੍ਹਾਂ ਦੀ ਦਾਦੀ ਮਾਤਾ, ਸੱਸ ਅਤੇ ਧਰਮ ਪਤਨੀ ਆਦਿਕਾ ਪਰ ਨਿਰਮੂਲ ਦੋਸ਼ ਥੱਪੀ ਜਾ ਰਿਹਾ ਹੈ, ਇਸੇ ਤਰ੍ਹਾਂ ਇਕ ਸੱਜਣ ਵਾਕਯਾਤ ਦੀ 'ਬਿਲਾ ਸ਼ੁਭਾ'ਪੱਕੀ ਕੀਤੇ ਬਿਨਾਂ ਮਹਾਰਾਜਾ ਜੀ ਨੂੰ ਕਿਸੇ ਨਾਵਲ ਦੇ ਨਾਇਕ ਵਾਂਗ ਲਾਲਚੀ, ਝੂਠਾ, ਖੁਦਗਰਜ਼, ਬਦਚਲਨ, ਅਧਰਮੀ ਆਦਿ ਅਸ਼ੁਧ ਲਫਜ਼ਾ ਨਾਲ ਯਾਦ ਕਰਦਾ ਹੈ । ਹੁਣ ਜੇ ਆਪ ਸਾਰੇ ਮੁਵੱਰਖਾਂ, ਸਾਰੇ ਸਯਾਹਾਂ; ਉਸ ਸਮੇਂ ਦੇ ਆਏ ਸਫੀਰਾਂ ਤੇ ਪ੍ਰਾਹੁਣਿਆਂ ਦੀਆਂ ਲਿਖਤਾਂ ਦਾ ਮੁਕਾਬਲੇ ਕਰੋ ਤਾਂ ਆਪੋ ਵਿਚ ਵਧ ਤੋਂ ਵਧ ਇਕ ਦੂਜੇ ਦਾ ਖੰਡਨ ਸਪੱਸ਼ਟ ਪਏ ਦੇਖੋਗੇ, ਇਸੇ ਕਰਕੇ ਇਸ ਔਕੜ ਨੂੰ ਹੱਲ ਕਰਨ ਲਈ ਤੇ ਸਹੀ ਗੱਲ ਤੇ ਅਪੜਨ ਲਈ ਜਿੱਥੋਂ ਤਕ ਹੋ ਸਕਿਆ ਮੈਂ ਸਭ ਦਾ ਮੁਕਾਬਲਾ ਕਰਕੇ ਪੜਚੋਲ ਕੀਤੀ ਤੇ ਉਸ ਵਿਚੋਂ ਸਚਿਆਈ ਨੂੰ ਉਸ ਸਮੇਂ ਦੇ ਜੀਊਂਦੇ ਮਰਦ, ਇਸਤ੍ਰੀਆਂ ਤੇ ਸਰਦਾਰੀ ਖਾਨਦਾਨਾਂ ਵਿਚੋਂ ਮਿਲੇ ਲੋਕਾਂ ਤੋਂ ਪੁੱਛ ਪੜਤਾਲ ਕੇ ਤੇ ਉਨ੍ਹਾਂ ਦੇ ਘਰਾਂ 'ਚੋਂ ਮਿਲੀਆਂ ਪੁਰਾਣੀਆਂ ਲਿਖਤਾਂ ਨੂੰ ਛਾਣ ਬੀਣ ਕੇ ਇਹ

ਸਿੱਟਾ ਕੱਢਿਆ ਜੋ ਆਪ ਦੇ ਸਾਹਮਣੇ ਹੈ ।

ਇਸ ਪ੍ਰਕਾਰ ਆਪਣੀ ਵਲੋਂ ਇਕ ਮਹਾਂ ਪੁਰਖ ਦਾ ਜੀਵਨ-ਜੋ ਹੁਣ ਜਗਤ ਪਰ ਨਹੀਂ ਤੇ ਜਿਹੜਾ ਉਠ ਕੇ ਕਿਸੇ ਇਤਿਹਾਸਕਾਰ ਦੀ ਕਾਨੀ ਨਹੀਂ ਫੜ ਸਕਦਾ ਅਤੇ ਨਾ ਹੀ ਕਿਸੇ ਬੋਲਣ ਵਾਲੇ ਦੇ ਮੂੰਹ ਤੇ ਹੱਥ ਰੱਖ ਸਕਦਾ ਹੈ-ਮੈਨੂੰ ਅਸਲੀ ਯਾ ਅਸਲੀਅਤ ਦੇ ਨੇੜੇ ਤੋਂ ਨੇੜਿਓਂ ਜੋ ਕੁਝ ਲੱਭ ਸਕਿਆ ਹੈ । ਮੈਂ ਸਿੱਖ ਹਾਂ ਤੇ ਪੰਜਾਬੀ ਅਸਲੇ ਦਾ ਹਾਂ ਪਰ ਮੈਂ ਇਹ ਕੋਸ਼ਿਸ਼ ਨਹੀਂ ਕੀਤੀ ਕਿ ਮਹਾਰਾਜੇ ਦੀ ਝੂਠੀ ਵਡਿਆਈ ਕਰਾਂ ਤੇ ਸੱਚ ਨੂੰ ਹੱਥੋਂ ਛੱਡਾਂ । ਪੰਜਾਬੀ ਤੇ ਸਿੱਖ ਹੋਣ ਦੇ ਕਾਰਣ ਇਤਿਹਾਸ ਦੀ ਕਲਮ ਫੜ ਕੇ ਇਹ ਵੀ ਨਹੀਂ ਸਹਾਰ ਸਕਿਆ ਕਿ ਇਸ ਵੇਲੇ ਆਪਣੀ ਰੱਖਿਆ ਨਾ ਕਰ ਸਕਣ ਦੀ ਹਾਲਤ ਵਿਚ ਪੁੱਜ ਚੁੱਕੇ, ਪੰਜਾਬ, ਹਿੰਦ ਅਰ ਸੰਸਾਰ ਦੇ ਇਕ ਮਹਾਂ ਪੁਰਖ (Great Man) ਦੇ ਨਾਮ ਨਾਲ ਉਹ ਅਯੋਗ ਤੁਹਮਤਾਂ ਅਤੇ ਉਲਾਂਭੇ ਲੱਗੇ ਰਹਿਣ ਜੋ ਅਸਲ ਵਿਚ ਨਿਰੋਲ ਝੂਠੇ, ਨਿਰਮੂਲ ਤੇ ਮਨੋ ਕਲਪਤ ਹਨ ਅਤੇ ਬਿਰਥਾ ਉਨ੍ਹਾਂ ਨਾਲ ਜੋੜੇ ਜਾਂਦੇ ਹਨ । ਇਹ ਮੈਨੂੰ ਇਤਿਹਾਸਾਂ ਦੇ ਮੁਕਾਬਲੇ ਤੇ ਆਪਣੀ ਖੋਜ ਯਕੀਨੀ ਦਰਜੇ ਤੇ ਜਾ ਕੇ ਬਿਲਕੁਲ ਗਲਤ ਸਾਬਤ ਹੋਏ ਹਨ, ਯਾ ਉਨ੍ਹਾਂ ਭੁੱਲਾਂ ਕਰਕੇ ਜੋ ਆਦਮੀ ਹੋਣ ਕਰਕੇ ਹੁੰਦੀਆਂ ਹਨ, ਇਕ ਮਹਾਂ ਪੁਰਸ਼ ਦਾ ਅਸਲੀ ਆਚਰਨ (ਕਰੈਕਟਰ) ਤੇ ਉਸ ਦੇ ਵੱਡੇ ਹੋਣ ਦਾ ਗੁਣ ਛਿਪ ਜਾਏ ਤੇ ਨਿਰੀਆਂ ਨਿੱਕੀਆਂ ਨਿੱਕੀਆਂ ਉਕਾਈਆਂ ਤੇ ਭੁੱਲਾਂ, ਜੋ ਜੀਵ ਦਾ ਖਾਸਾ ਹੈ, ਵੱਡੇ ਅਵਗੁਣ ਹੋ ਕੇ ਦਿਸ ਪੈਣ । ਮੁੱਕਦੀ ਗੱਲ ਇਹ ਹੈ ਕਿ ਮੈਂ ਮਹਾਰਾਜਾ ਨੂੰ, ਜੋ ਜਗਤ ਦਾ ਇਕ ਮਹਾਂ ਪੁਰਖ ਸੀ, ਉਸ ਦੇ ਹਾਲਾਤ ਤੇ ਕਾਰਨਾਮੇ ਸੱਚ ਦੀ ਰੌਸ਼ਨੀ ਵਿਚ-ਜਿੰਨੀ ਸਾਈਂ ਨੇ ਬਖਸ਼ੀ ਹੈ-ਲੱਭੇ ਹਨ ਤੇ ਇੱਥੇ ਦਰਸਾਨ ਦਾ ਯਤਨ ਕੀਤਾ ਹੈ ।

ਸਿੱਖਾਂ ਵਿਚ ਇਕ ਵੱਡੀ ਕਮੀ ਇਹ ਭੀ ਹੈ ਕਿ ਗੁਰਮੁਖੀ ਮਾਦਰੀ ਬੋਲੀ ਵਿਚ ਲਿਖੇ ਪੁਸਤਕ, ਪੜ੍ਹਿਆਂ ਵਿਚ ਪੜ੍ਹੇ ਤੇ ਵਿਚਾਰੇ ਨਹੀਂ ਜਾਂਦੇ ਤੇ ਜੇ ਅੰਗਰੇਜ਼ੀ ਵਿਚ ਲਿਖੇ ਜਾਣ ਤਾਂ ਪੰਥ ਦਾ ਬਹੁਤਾ ਹਿੱਸਾ ਲਾਭ ਨਹੀਂ ਉਠਾ ਸਕਦਾ, ਇਸ ਕਰਕੇ ਮੈਂ ਗੁਰਮੁਖੀ ਤੇ ਪੰਜਾਬੀ ਵਿਚ ਹੀ ਏਹ ਸੰਚਾ ਤਿਆਰ ਕੀਤਾ ਹੈ ਤਾਂ ਜੋ ਸਭ ਸਿੱਖ ਪੜ੍ਹ ਸਕਣ ਤੇ ਸਾਡੀ ਪਿਆਰੀ ਮਾਤ ਭਾਸ਼ਾ ਵਿਚ ਇਕ ਲੋੜੀਂਦੀ ਪੁਸਤਕ ਵਧੇ, ਅਰ ਸਮੇਂ ਵਿਚ ਮਾਦਰੀ ਭਾਸ਼ਾ ਦੀ ਉਨਤੀ ਦਾ ਵਧ ਰਿਹਾ ਪ੍ਰਚਾਰ ਵਿਦਵਾਨਾਂ ਨੂੰ ਇਸਦੇ ਪੜ੍ਹਨ ਲਈ ਪਰੇਰ ਲਏ ਤਾਂ ਅਸਚਰਜ ਨਹੀਂ । ਸਿੱਖ ਮਹਾਂ ਪੁਰਖਾਂ ਵਿਚੋਂ ਅਕਾਲੀ ਫੂਲਾ ਸਿੰਘ ਦੇ ਜੀਵਨ ਬ੍ਰਿਤਾਂਤ ਪਿੱਛੋਂ ਇਹ ਦੂਸਰਾ ਪ੍ਰਯਤਨ ਦਾਸ ਨੇ ਕੀਤਾ ਹੈ । ਜੇ ਜ਼ਿੰਦਗੀ ਰਹੀ ਤੇ ਅਕਾਲ ਪੁਰਖ ਨੇ ਮਿਹਰ ਕੀਤੀ ਤਾਂ ਸੰਕਲਪ ਹੈ ਕਿ ਬਾਕੀ ਸਿੱਖ ਮੰਹਾਂ ਸੂਰਬੀਰਾਂ ਦੀ ਲੜੀ ਭੀ ਪੂਰਨ ਹੋ ਜਾਏ ।[1] ਮੈਂ ਉਨ੍ਹਾਂ ਸਾਰੇ ਕਿਰਪਾਲੂਆਂ ਦਾ ਜਿਨ੍ਹਾਂ ਨੇ ਇਸ ਮਹਾਨ ਕਾਰਜ ਵਿਚ ਮੇਰੀ ਸਹਾਇਤਾ ਕੀਤੀ ਹੈ, ਦਿਲੋਂ ਧੰਨਵਾਦੀ ਹਾਂ ।

ਹੋਤੀ
ਮਾਰਚ 1918

ਦਾਸ-
ਬਾਬਾ ਪ੍ਰੇਮ ਸਿੰਘ

------

*1. ਹੁਣ ਜੀਵਨ ਬ੍ਰਿਤਾਂਤ ਕੰਵਰ ਨੌਨਿਹਾਲ ਸਿੰਘ, ਹਰੀ ਸਿੰਘ ਨਲੂਆ, ਖਾਲਸਾ ਰਾਜ ਦੇ ਉਸਰਈਏ ਅਤੇ ਖਾਲਸਾ ਰਾਜ ਦੇ ਬਦੇਸ਼ੀ ਕਰਿੰਦੇ ਛਪ ਕੇ ਤਿਆਰ ਹੋ ਚੁੱਕੇ ਹਨ ।*

ੴ ਸਤਿਗੁਰ ਪ੍ਰਸਾਦਿ ॥

ਜੀਵਨ ਬ੍ਰਿਤਾਂਤ

# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

## ਮਹਾਰਾਜੇ ਦਾ ਘ੍ਰਾਣਾ

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਘ੍ਰਾਣੇ ਵਿਚੋਂ ਸਰਦਾਰ ਬੁੱਧ ਸਿੰਘ ਉਸ ਮਾਨਯੋਗ ਹਸਤੀ ਦਾ ਨਾਂ ਹੈ ਜਿਸ ਨੂੰ ਇਸ ਗੱਲ ਦੀ ਵਡਿਆਈ ਪ੍ਰਾਪਤ ਸੀ ਕਿ ਇਸਨੇ ਕਲਗੀਧਰ ਜੀ ਦੇ ਕਰ-ਕਮਲਾਂ ਤੋਂ ਅੰਮ੍ਰਿਤ ਪਾਨ ਕੀਤਾ ਤੇ ਸਿੰਘ ਸਜਿਆ ।[1]

ਇਹ ਧਰਮੀ ਜੋਧਾ ਜਿਥੇ ਆਪਣੇ ਉਚ ਆਚਰਨ ਲਈ ਜਗਤ ਪ੍ਰਸਿੱਧ ਸੀ ਉਥੇ ਇਹ ਨਿਰਭੈ ਸੂਰਮਾ ਆਪਣੇ ਬਾਹੂਬਲ ਲਈ ਵੀ ਅਤੁਲ ਸੀ । ਇਹ ਮਸਤ ਹਾਥੀ ਦੀ ਤਰ੍ਹਾਂ ਮੈਦਾਨਿ-ਜੰਗ ਵਿਚ ਵੈਰੀਆਂ ਸਾਹਮਣੇ ਝੂਮਦਾ ਹੁੰਦਾ ਸੀ, ਇਸ ਦੇ ਸਰੀਰ ਤੇ ਚਾਲੀ ਫੱਟ ਤਲਵਾਰਾਂ, ਨੇਜ਼ਿਆਂ ਅਤੇ ਗੋਲੀਆਂ ਦੇ ਸਨ ।[2] ਇਸ ਦੀ 'ਦੇਸਾਂ' ਨਾਮੀ ਅਬਲਕ ਘੋੜੀ ਇਤਿਹਾਸ ਵਿਚ ਇੰਨੀ ਹੀ ਪ੍ਰਸਿੱਧਤਾ ਰੱਖਦੀ ਹੈ ਜਿੰਨੀ ਕਿ ਉਸਦਾ ਨਿਡਰ ਸਵਾਰ । ਇਸ ਦਾ ਨਾਂ ਆਪਣੇ ਮਾਲਕ ਦੇ ਨਾਂ ਨਾਲ ਐਸਾ ਇਕਮਿਕ ਹੋ ਗਿਆ ਸੀ ਕਿ ਇਨ੍ਹਾਂ ਦੋਵਾਂ ਨਾਵਾਂ ਤੋਂ ਇਕ ਨਾਂ ਬਣ ਕੇ ਸਰਦਾਰ ਬੁਧ ਸਿੰਘ ਦਾ ਨਾਂ 'ਦੇਸਾ ਬੁਧ ਸਿੰਘ' ਪ੍ਰਸਿੱਧ ਹੋਇਆ। ਇਸ ਬਾਂਕੀ ਘੋੜੀ ਦੀ ਪਿੱਠ ਤੇ ਸਰਦਾਰ ਬੁਧ ਸਿੰਘ ਪੰਜਾਹ ਵਾਰੀ ਦਰਿਆ ਰਾਵੀ, ਝਨਾ ਅਤੇ

------

1. *ਇਸ ਦਾ ਅੰਮ੍ਰਿਤ ਛਕਣ ਤੋਂ ਪਹਿਲਾ ਨਾਮ ਬੁੱਢਾ ਮਲ ਸੀ । ਮੁਨਸ਼ੀ ਸੋਹਨ ਲਾਲ ਦਾ 'ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ' ਵਿਚ ਇਹ ਲਿਖਣਾ ਕਿ ਬੁਧ ਸਿੰਘ ਗੁਰੂ ਹਰਿਰਾਇ ਦੇ ਸਮੇਂ ਸਿੰਘ ਸਜਿਆ, ਠੀਕ ਨਹੀਂ । ਸਿੰਘ ਨਾਂ ਤੇ ਅੰਮ੍ਰਿਤ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਮੇਂ ਪ੍ਰਚਲਤ ਹੋਇਆ ।*
2. *ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਜਿ: 1 ਸਫ਼ਾ 220 ।*

ਜੇਹਲਮ ਤੋਂ ਪਾਰ ਉਤਾਰ ਗਿਆ ਆਇਆ ਸੀ ।[1] ਛੇਕੜ ਸੰਮਤ 1775 (ਸੰਨ 1718) ਵਿਚ 'ਦੇਸਾ ਬੁਧ ਸਿੰਘ' ਆਪਣੇ ਪਿੱਛੇ ਦੋ ਪੁੱਤਰ, ਚੰਦਾ ਸਿੰਘ[2] ਤੇ ਨੌਧ ਸਿੰਘ ਛੱਡ ਕੇ ਪਰਲੋਕ ਸਿਧਾਰ ਗਿਆ ।

ਨੌਧ ਸਿੰਘ ਦਾ ਵਿਆਹ, ਮਜੀਠੇ ਦੇ ਇਕ ਧਨਾਢ ਜ਼ਿਮੀਂਦਾਰ ਗੁਲਾਬ ਸਿੰਘ ਦੀ ਕੰਨਿਆ ਨਾਲ ਹੋਇਆ ।

ਸੰਮਤ 1787 (ਸੰਨ 1730) ਵਿਚ ਇਸ ਨੇ ਗੁਜਰਾਂਵਾਲਾ ਦੇ ਲਾਗੇ ਸੁਕ੍ਰਚਕ ਦੀ ਉਜੜੀ ਪਈ ਥੇਹ ਨੂੰ ਮੁੜ ਵਸਾ ਕੇ ਆਪਣੇ ਵਸੇਬੇ ਲਈ ਇਕ ਗੜ੍ਹੀ ਵਰਗਾ ਵੱਡਾ ਘਰ ਬਣਵਾਇਆ ਜੋ ਛੋਟੇ ਮੋਟੇ ਟਾਕਰਿਆਂ ਦੇ ਸਮੇਂ ਕਿਲ੍ਹੇ ਦਾ ਕੰਮ ਦਿੰਦਾ ਸੀ । ਇਸ ਗੜ੍ਹੀ ਦੀ ਉਸਾਰੀ ਤੋਂ ਵਿਹਲੇ ਹੁੰਦੇ ਹੀ ਸਰਦਾਰ ਨੌਧ ਸਿੰਘ ਦੇ ਮਨ ਵਿਚ ਇਕ ਫੁਰਨਾ ਫੁਰਿਆ ਕਿ ਹੁਣ ਜਦ ਐਡਾ ਵੱਡਾ ਘਰ ਵਸਾਇਆ ਹੈ ਤਾਂ ਇਸ ਦੀ ਰਾਖੀ ਲਈ ਕੁਝ ਸਾਥੀ ਆਪਣੇ ਨਾਲ ਰਲਾਣੇ ਚਾਹੀਦੇ ਹਨ ਤਾਂ ਜੋ ਜਦ ਲੋੜ ਆ ਪਏ ਤਾਂ ਆਪਣੇ ਆਪ ਨੂੰ ਬਚਾਇਆ ਜਾ ਸਕੇ । ਇਸ ਸੋਚ ਨੂੰ ਵਰਤੋਂ ਵਿਚ ਲਿਆਣ ਲਈ ਪਹਿਲੇ ਪਹਿਲ ਇਸ ਨੇ 30 ਸਿੰਘ ਸਵਾਰ ਆਪਣੇ ਨਾਲ ਮਿਲਾ ਲਏ ਜਿਨ੍ਹਾਂ ਨੂੰ 'ਸੁਕ੍ਰਚਕੀਆ ਮਿਸਲ' ਦਾ 'ਮੂਲ' ਅਤੇ ਖਾਲਸਾ ਸਲਤਨਤ ਦੀ 'ਨੀਂਹ' ਕਹਿਣਾ ਯੋਗ ਹੈ ।

ਸਰਦਾਰ ਨੌਧ ਸਿੰਘ ਨੇ ਆਪਣੇ ਇਸ ਨਿੱਕੇ ਜਿਹੇ ਜੱਥੇ ਨਾਲ ਸਮੇਂ ਦੀ ਲੋੜ ਅਨੁਸਾਰ ਉਹ ਨਿਰਭੈਤਾ ਦੇ ਕਾਰਨਾਮੇ ਕੀਤੇ ਜਿਨ੍ਹਾਂ ਦੇ ਕਾਰਨ ਇਸ ਦਾ ਦਬਦਬਾ ਰਾਵਲਪਿੰਡੀ ਤੋਂ ਸਤਲੁਜ ਦੇ ਕੰਢਿਆਂ ਤਕ ਮੰਨਿਆਂ ਜਾਂਦਾ ਸੀ । ਇਸ ਨੇ ਅਹਿਮਦ ਸ਼ਾਹ ਅਬਦਾਲੀ ਦੇ ਹਿੰਦੁਸਤਾਨ ਪੁਰ ਪਹਿਲੇ ਹੱਲੇ ਸਮੇਂ ਨਵਾਬ ਕਪੂਰ ਸਿੰਘ ਨਾਲ ਰਲ ਕੇ ਉਸ ਨੂੰ ਕਰਾਰੇ ਹੱਥ ਦੱਸੇ ਤੇ ਉਸਦੀ ਵਾਪਸੀ ਸਮੇਂ ਉਸਦਾ ਬਹੁਤ ਸਾਰਾ ਸਾਮਾਨ ਖੋਹ ਲਿਆ, ਇਸ ਕਾਰਨ ਇਸ ਦੀ ਪਤ ਤੇ ਮਾਨ ਪੰਜਾਬ ਦੇ ਸਾਰੇ ਸਰਦਾਰਾਂ ਵਿਚ ਬਹੁਤ ਵਧ ਗਿਆ । ਛੇਕੜ ਸੰਮਤ 1809 ਬਿ: ਵਿਚ ਮਜੀਠੇ ਦੇ ਲਾਗੇ ਅਫਗਾਨਾਂ ਨਾਲ ਲੜਦਾ ਹੋਇਆ ਇਕ ਗੋਲੀ ਨਾਲ ਪ੍ਰਾਣ ਤਿਆਗ ਗਿਆ । ਇਸ ਦੇ ਘਰ ਚਾਰ ਪੁਤ੍ਰ ਹੋਏ–ਚੜ੍ਹਤ ਸਿੰਘ, ਦਲ ਸਿੰਘ, ਚੇਤ ਸਿੰਘ ਅਤੇ ਮਾਘੀ ਸਿੰਘ । ਇਨ੍ਹਾਂ ਵਿਚੋਂ ਸਾਰਿਆਂ ਤੋਂ ਨਿੱਕੇ ਮਾਘੀ ਸਿੰਘ ਨੇ ਤਾਂ ਆਪਣੇ ਜੀਵਨ ਨੂੰ ਗੁਰਸਿੱਖੀ ਦੇ ਪ੍ਰਚਾਰ ਲਈ ਸਮਰਪਨ ਕਰ ਦਿੱਤਾ, ਇਹ ਆਪਣੇ ਸਮੇਂ ਦਾ ਬੜਾ ਭਜਨੀਕ ਤੇ ਪਰਉਪਕਾਰੀ ਮਹਾਤਮਾ ਹੋ ਬੀਤਿਆ ਹੈ, ਇਹ ਬੇਸੰਤਾਨ ਸੀ । ਵੱਡਾ ਭਰਾ ਚੜ੍ਹਤ ਸਿੰਘ ਆਪਣੇ ਦੋ ਨਿੱਕੇ ਭਾਈਆਂ ਨਾਲ ਮਿਲ ਆਪਣੀ ਜ਼ਮੀਨ ਆਦਿ ਦਾ ਪ੍ਰਬੰਧ ਕਰਦਾ ਰਿਹਾ ।

## ਸਰਦਾਰ ਚੜ੍ਹਤ ਸਿੰਘ

ਸਰਦਾਰ ਚੜ੍ਹਤ ਸਿੰਘ ਨੇ ਆਪਣੇ ਪਿਤਾ ਦੇ ਚਲਾਣੇ ਦੇ ਉਪਰੰਤ ਆਪਣੇ ਜੱਥੇ ਵਿਚ ਬਹੁਤ ਸਾਰੇ ਹੋਰ ਸਵਾਰ ਵਧਾ ਲਏ, ਜਿਸ ਕਰਕੇ ਇਸ ਦੀ ਸ਼ਕਤੀ ਹੁਣ ਬਹੁਤ ਵਧ ਗਈ। ਠੀਕ ਇਨ੍ਹਾਂ ਦਿਨਾਂ ਵਿਚ ਹੀ ਇਸ ਦੇ ਜੱਥੇ ਵਿਚ ਇਕ ਬ੍ਰਿਧ, ਪਰ ਜਵਾਨਾਂ ਤੋਂ ਵੱਧ ਬਹਾਦਰ ਜੋਧਾ ਆ ਰਲਿਆ, ਜਿਸ ਦੇ ਨਾਂ ਦੀ ਧਾਂਕ ਸਾਰੇ ਪੰਜਾਬ ਵਿਚ ਪਈ ਹੋਈ ਸੀ, ਇਸ ਸੂਰਮੇ ਦਾ

------

*1. ਸਯਦ ਮੁਹੰਮਦ ਲਤੀਫ਼, ਹਿਸਟਰੀ ਔਫ ਦੀ ਪੰਜਾਬ ਸਫ਼ਾ 337 ।*

*2. ਇਹ ਸੰਧਾਵਾਲੀਆ ਘਰਾਣੇ ਦਾ ਮੋਢੀ ਹੋਇਆ ਹੈ ।*

ਨਾਂ ਅਮੀਰ ਸਿੰਘ ਸੀ ਤੇ ਗੁਜਰਾਂਵਾਲੇ ਦਾ ਵਸਨੀਕ ਸੀ । ਇਸ ਤਰ੍ਹਾਂ ਇਹ ਜੱਥਾ ਥੋੜ੍ਹੇ ਦਿਨਾਂ ਵਿਚ ਹੀ ਪ੍ਰਸਿੱਧ 'ਸੁਕ੍ਰਚਕੀਆ' ਮਿਸਲ ਦੇ ਰੂਪ ਵਿਚ ਦੇਸ਼ ਵਿਚ ਪ੍ਰਗਟ ਹੋਇਆ ।

ਸਰਦਾਰ ਚੜ੍ਹਤ ਸਿੰਘ ਨੇ ਆਪਣੀ ਮਿਸਲ ਵਿਚ ਮਿਲਣ ਵਾਲਿਆਂ ਲਈ ਇਹ ਨਿਯਮ ਠਹਿਰਾ ਦਿੱਤਾ ਸੀ ਕਿ ਜੋ ਕੋਈ ਇਸ ਮਿਸਲ ਵਿਚ ਮਿਲੇ, ਉਹ ਅੰਮ੍ਰਿਤਧਾਰੀ ਹੋਵੇ । ਇਸ ਤਰ੍ਹਾਂ ਇਹ ਪਹਿਲਾ ਮ੍ਰਿਯਾਦਾ ਅਨੁਸਾਰ ਹਰ ਇਕ ਜਵਾਨ ਨੂੰ ਆਪਣੇ ਹੱਥ ਨਾਲ ਅੰਮ੍ਰਿਤ ਛਕਾਂਦਾ ਤੇ ਫੇਰ ਮਿਸਲ ਵਿਚ ਮਿਲਣ ਦੀ ਆਗਿਆ ਦਿੰਦਾ ।[1]

ਇਉਂ ਸਰਦਾਰ ਚੜ੍ਹਤ ਸਿੰਘ ਤੇ ਅਮੀਰ ਸਿੰਘ ਦਾ ਆਪਸ ਵਿਚ ਇੰਨਾ ਪਿਆਰ ਵਧਿਆ ਕਿ ਅਮੀਰ ਸਿੰਘ ਨੇ ਸੰਮਤ 1913 ਵਿਚ ਆਪਣੀ ਕੰਨਿਆ ਦਾ ਆਨੰਦ ਚੜ੍ਹਤ ਸਿੰਘ ਨਾਲ ਕਰਵਾ ਦਿੱਤਾ, ਇਸ ਤਰ੍ਹਾਂ ਹੁਣ ਇਨ੍ਹਾਂ ਦੋਹਾਂ ਸਰਦਾਰਾਂ ਦੀ ਮਿਤ੍ਰਤਾ ਦੀ ਗੰਢ ਹੋਰ ਵੀ ਵਧੇਰੀ ਪੀਡੀ ਹੋ ਗਈ ।

ਇਸ ਸਮੇਂ ਐਮਨਾਬਾਦ ਵਿਚ ਸ਼ਾਹੀ ਫੌਜਦਾਰ ਰਹਿੰਦਾ ਹੁੰਦਾ ਸੀ, ਜੋ ਬੜਾ ਹੀ ਸੜੀਅਲ ਸੁਭਾਵ ਵਾਲਾ ਸੀ । ਉਸਦੀ ਤੱਦੀ ਦੇ ਜ਼ੁਲਮ ਤੋਂ ਇਲਾਕੇ ਦੀ ਹਿੰਦੂ ਪਰਜਾ ਅਤਿਅੰਤ ਦੁਖੀ ਸੀ ਤੇ ਸਿੱਖਾਂ ਲਈ ਇਹ ਜਮ ਦਾ ਰੂਪ ਸੀ । ਸਰਦਾਰ ਚੜ੍ਹਤ ਸਿੰਘ ਨੂੰ ਜਦ ਉਸ ਦੀਆਂ ਅਨੀਤੀਆਂ ਦੀਆਂ ਖ਼ਬਰਾਂ ਪਹੁੰਚਦੀਆਂ ਤਾਂ ਇਸ ਦੇ ਦਿਲ ਵਿਚ ਉਬਾਲ ਉਠਦਾ ਕਿ ਜਿਵੇਂ ਹੋ ਸਕੇ ਉਸ ਨੂੰ ਆਪਣੇ ਕੀਤੇ ਦਾ ਫਲ ਚਖਾਇਆ ਜਾਏ, ਪਰ ਕਈ ਗੱਲਾਂ ਆਪਣੇ ਹੱਕ ਵਿਚ ਨਾ ਵੇਖ ਕੇ ਕਿਸੇ ਯੋਗ ਸਮੇਂ ਦੀ ਉਡੀਕ ਵਿਚ ਕੁਝ ਦਿਨ ਸੋਚਦਾ ਰਿਹਾ । ਛੇਕੜ ਸੰਮਤ 1818 ਮੁਤਾਬਿਕ ਸੰਨ 1761 ਦੀਆਂ ਗਰਮੀਆਂ ਵਿਚ ਇਸ ਨੇ ਵਧੇਰੀ ਅੱਤ ਕੀਤੀ, ਤਾਂ ਹੁਣ ਸਰਦਾਰ ਤੋਂ ਰਿਹਾ ਨਾ ਗਿਆ ਅਤੇ ਆਪਣੀ ਮਿਸਲ ਦੇ ਇਕ ਸੌ ਪੰਜਾਹ ਸਿਰ ਕੱਢਵੇਂ ਸਵਾਰ ਨਾਲ ਲੈ ਕੇ ਐਮਨਾਬਾਦ ਤੇ ਜਾ ਛਾਪਾ ਮਾਰਿਆ । ਜਾਂਦੇ ਹੀ ਫੌਜਦਾਰ ਦੇ ਮਹਿਲ ਨੂੰ ਜਾ ਘੇਰਿਆ, ਅੱਗੇ ਦੂਜੇ ਬੰਨਿਓਂ ਭੀ ਤਕੜਾ ਟਾਕਰਾ ਹੋਇਆ ਪਰ ਲੜਾਈ ਦੇ ਵਧੇਰੇ ਲਮਕਣ ਤੋਂ ਪਹਿਲਾਂ ਹੀ ਚੜ੍ਹਤ ਸਿੰਘ ਆਪ ਦਸ ਸਵਾਰਾਂ ਨਾਲ ਫੌਜਦਾਰ ਤੇ ਟੁੱਟ ਪਿਆ ਤੇ ਇਕ ਤਲਵਾਰ ਦੀ ਸੱਟ ਨਾਲ ਉਸ ਨੂੰ ਧਰਤੀ ਤੇ ਢੇਰੀ ਕਰ ਸੁੱਟਿਆ ।

ਹੁਣ ਲਗਦੇ ਹੱਥ ਸਾਰਾ ਸ਼ਾਹੀ ਹਥਿਆਰ-ਘਰ ਲੁੱਟ ਲਿਆ, ਇਸ ਤੋਂ ਛੁਟ ਹਜ਼ਾਰਾਂ ਰੁਪਏ ਤੇ ਸੈਂਕੜੇ ਘੋੜੇ ਇਸ ਧਾਵੇ ਵਿਚ ਸਰਦਾਰ ਦੇ ਹੱਥ ਆਏ । ਇਸ ਮੱਲ ਦੇ ਮਾਰਨ ਨਾਲ ਚੜ੍ਹਤ ਸਿੰਘ ਸਾਰੇ ਦੇਸ਼ ਵਿਚ ਡਾਢਾ ਉਘਾ ਹੋ ਗਿਆ ਤੇ ਸਾਰੇ ਇਲਾਕੇ ਵਿਚ ਇਸ ਨਾਲ ਪਿਆਰ ਹੋਣ ਲੱਗਾ । ਇਸੇ ਸਾਲ ਦੇ ਛੇਕੜਲੇ ਦਿਨਾਂ ਵਿਚ ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿਚ ਇਕ ਗੜ੍ਹੀ ਬਣਵਾਈ[2], ਜੋ ਵੈਰੀਆਂ ਦੇ ਟਾਕਰੇ ਤੇ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਡਾਢੀ ਲਾਭਦਾਇਕ ਸਿੱਧ ਹੋਈ । ਕੁਝ ਦਿਨਾਂ ਦੇ ਬਾਅਦ ਇਸੇ ਗੜ੍ਹੀ ਨੂੰ ਕਿਲ੍ਹੇ ਦੀ ਸ਼ਕਲ ਵਿਚ ਵਧਾਇਆ ਗਿਆ । ਇਸ ਕਿਲ੍ਹੇ ਦੇ ਬਨਾਣ ਦੀ ਤੇ ਚੜ੍ਹਤ ਸਿੰਘ ਦੀ ਦਿਨੋ ਦਿਨ ਵਧ ਰਹੀ ਸ਼ਕਤੀ ਦੀਆਂ ਖਬਰਾਂ ਲਾਹੌਰ ਦੇ ਗਵਰਨਰ ਖੁਆਜਾ ਹਾਬਿਦ ਖਾਨ ਦੇ ਮਨ ਵਿਚ ਕੰਡੇ ਵਾਂਗ ਚੁਭ ਰਹੀਆਂ ਸਨ । ਇਕ ਤਾਂ ਐਮਨਾਬਾਦ ਦੇ ਫੌਜਦਾਰ ਦੀ ਹੱਤਿਆ ਦੇ ਕਾਰਨ ਤੇ ਉਪਰੋਂ

------

1. *ਘਨੱਯਾ ਲਾਲ, ਤਵਾਰੀਖ ਪੰਜਾਬ , ਸਫਾ 119 ।*
2. *ਸੱਯਦ ਮੁਹੰਮਦ ਲਤੀਫ ਆਪਣੀ ਤਾਰੀਖ ਪੰਜਾਬ ਦੇ ਸਫਾ 338 ਤੇ ਇਸ ਕਿਲ੍ਹੇ ਦੀ ਉਸਾਰੀ ਦਾ ਸਾਲ 1777 ਲਿਖਦਾ ਹੈ ਜੋ ਠੀਕ ਨਹੀਂ, ਕਿਉਂਕਿ ਸੰਨ 1762 ਵਿਚ ਤਾਂ ਇਸ ਗੜ੍ਹੀ ਨੂੰ ਢਾਹੁਣ ਲਈ ਲਾਹੌਰ ਦੇ ਗਵਰਨਰ ਖੁਆਜਾ ਹਾਬਿਦ ਖਾਨ ਨੇ ਚੜ੍ਹਾਈ ਕੀਤੀ ਸੀ ਅਤੇ ਸੰਨ 1774 ਵਿਚ ਚੜ੍ਹਤ ਸਿੰਘ ਚਲਾਣਾ ਭੀ ਕਰ ਗਿਆ ਸੀ । ਵੇਖੋ-ਕਨਿੰਘਮ ਹਿਸਟਰੀ ਆਫ ਦੀ ਸਿਖਸ ਸਫਾ 10੮, ਮੁਨਸ਼ੀ ਸ਼ਾਹਮਤ ਅਲੀ ਸਫਾ 51 ।*

ਕਿਲ੍ਹੇ ਦੀ ਉਸਾਰੀ ਦੀ ਖਬਰ ਨੇ ਤਾਂ ਇਸ ਨੂੰ ਲੋਹਾ ਲਾਖਾ ਕਰ ਦਿੱਤਾ । ਹੁਣ ਬਿਨਾਂ ਦੇਰੀ ਦੇ ਉਹ ਬਹੁਤ ਸਾਰੀ ਫੌਜ ਨਾਲ ਲੈ ਕੇ ਸਰਦਾਰ ਦੇ ਕਿਲ੍ਹੇ ਪਰ ਚੜ੍ਹ ਆਇਆ । ਇਧਰ ਸਰਦਾਰ ਚੜ੍ਹਤ ਸਿੰਘ ਵੀ ਨਚਿੰਤ ਨਹੀਂ ਸੀ ਬੈਠਾ, ਉਹ ਜਾਣਦਾ ਸੀ ਕਿ ਉਹ ਦਿਨ ਦੂਰ ਨਹੀਂ ਜਦ ਲਾਹੌਰ ਦੇ ਹਾਕਮ ਨਾਲ ਬਲ-ਪ੍ਰੀਖਿਆ ਕਰਨੀ ਪਏਗੀ, ਇਸ ਲਈ ਉਸ ਨੇ ਅੰਦਰੋ ਅੰਦਰ ਦਾਣੇ ਪਾਣੀ ਦਾ ਪੱਕਾ ਪ੍ਰਬੰਧ ਕਰਕੇ ਆਪਣੇ ਕਿਲ੍ਹੇ ਦੀ ਰੱਖਿਆ ਲਈ ਚੰਗੀ ਤਿਆਰੀ ਕਰ ਰੱਖੀ ਸੀ । ਲਾਹੌਰ ਫੌਜ ਜਦ ਸ਼ਹਿਰ ਦੇ ਲਾਗੇ ਪਹੁੰਚੀ ਤਾਂ ਅੱਗੋਂ ਚੜ੍ਹਤ ਸਿੰਘ ਨੇ ਸੰਮਿਲਤ ਖਾਲਸੇ ਦੀ ਸਹਾਇਤਾ ਨਾਲ ਉਸਦਾ ਇੰਨਾ ਕਰੜਾ ਟਾਕਰਾ ਕੀਤਾ ਕਿ ਖੁਆਜਾ ਸਾਹਿਬ ਨੂੰ ਲੈਣੇ ਦੇ ਦੇਣੇ ਪੈ ਗਏ, ਇਸ ਨੂੰ ਐਸਾ ਘੇਰਿਆ ਕਿ ਉਹ ਬੜੀ ਔਖ ਨਾਲ ਆਪਣੀ ਜਾਨ ਬਚਾ ਕੇ ਨੱਸ ਸਕਿਆ[1] । ਇਸ ਲੜਾਈ ਵਿਚ ਚੋਖਾ ਰੁਪਿਆ, ਅਨਾਜ ਤੇ ਹਥਿਆਰ ਖਾਲਸੇ ਦੇ ਹੱਥ ਆਏ ।[2] ਇਸ ਦੇ ਬਾਅਦ ਸ: ਚੜ੍ਹਤ ਸਿੰਘ ਨੇ ਵਜ਼ੀਰਾਬਾਦ ਤੇ ਧਾਵਾ ਕੀਤਾ ਤੇ ਇਥੋਂ ਦੇ ਹਾਕਮ ਨੂੰ ਕੱਢ ਕੇ ਉਥੇ ਆਪਣਾ ਕਬਜਾ ਕਰ ਲਿਆ ਤੇ ਇਹ ਇਲਾਕਾ ਆਪਣੇ ਸਾਲੇ ਸਰਦਾਰ ਬਖਸ਼ੀਸ਼ ਸਿੰਘ ਨੂੰ ਦੇ ਦਿੱਤਾ । ਇਸ ਦੇ ਪਿੱਛੋਂ ਇਸ ਨੇ ਅਹਿਮਦਾਬਾਦ (ਪੰਜਾਬ) ਨੂੰ ਸਰ ਕਰਕੇ ਦਲ ਸਿੰਘ ਨੂੰ ਬਖਸ਼ ਦਿੱਤਾ ।

ਚੜ੍ਹਤ ਸਿੰਘ ਅਜੇ ਐਮਨਾਬਾਦ ਵਿਚ ਹੀ ਸੀ ਕਿ ਇਥੇ ਖਬਰਾਂ ਪਹੁੰਚਦੀਆਂ ਕਿ ਰੋਹਤਾਸ ਦਾ ਹਾਕਮ ਨੂਰੋਦੀਨ ਖਾਮ ਬਾਮੀ ਜ਼ਈ ਜੋ ਅਹਿਮਦਸ਼ਾਹ ਅਬਦਾਲੀ ਵਲੋਂ ਇਸ ਇਲਾਕੇ ਦਾ ਫੌਜਦਾਰ ਥਾਪਿਆ ਗਿਆ ਸੀ, ਹਿੰਦੂ ਪਰਜਾ ਨੂੰ ਅੱਤ ਦੁੱਖ ਦੇ ਰਿਹਾ ਹੈ ।[3] ਚੜ੍ਹਤ ਸਿੰਘ ਨੇ ਇਸ ਖ਼ਬਰ ਨੂੰ ਸੁਣਦੇ ਸਾਰ ਹੀ ਇਥੋਂ ਰੋਹਤਾਸ ਤੇ ਹੱਲਾ ਬੋਲ ਦਿੱਤਾ । ਅੱਗੋਂ ਨੂਰੋਦੀਨ ਖਾਨ ਨੇ ਖੂਬ ਤਕੜਾ ਟਾਕਰਾ ਕੀਤਾ, ਪਰ ਛੇਕੜ ਇਸ ਹੱਲੇ ਨੂੰ ਠੱਲ ਪਾਣ ਵਿਚ ਅਸਮਰੱਥ ਸਿੱਧ ਹੋਇਆ ਤੇ ਮੈਦਾਨ ਛੱਡ ਕੇ ਨੱਸ ਗਿਆ । ਹੁਣ ਸਰਦਾਰ ਚੜ੍ਹਤ ਸਿੰਘ ਧੰਨੀ ਵੱਲ ਵਧਿਆ ਤੇ ਭਾਰੀ ਨਜ਼ਰਾਨੇ ਪ੍ਰਾਪਤ ਕਰਦਾ ਹੋਇਆ ਗੁਜਰਾਂਵਾਲੇ ਨੂੰ ਪਰਤ ਆਇਆ ।

ਇਨ੍ਹੀਂ ਦਿਨੀਂ ਜੰਮੂ ਦੀ ਹਕੂਮਤ ਰਾਜਾ ਰੰਜੀਤ ਦੇਵ ਦੇ ਹੱਥ ਸੀ । ਇਸ ਨੇ ਆਪਣੇ ਵੱਡੇ ਪੁੱਤ੍ਰ ਬ੍ਰਿਜ ਰਾਜ ਨੂੰ ਛੱਡ ਕੇ ਨਿੱਕੇ ਦਲੇਲ ਸਿਹੁੰ ਨੂੰ ਗੱਦੀ ਦੇ ਦਿੱਤੀ, ਜਿਸ ਦੇ ਕਾਰਨ ਪਿਉ ਪੁੱਤਰਾਂ ਵਿਚਾਲੇ ਲੜਾਈ ਛਿੜ ਪਈ । ਬ੍ਰਿਜ ਰਾਜ ਨੇ ਆਪਣੇ ਆਪ ਨੂੰ ਉਹਨਾਂ ਦੇ ਟਾਕਰੇ ਲਈ ਅਸਮਰੱਥ ਡਿੱਠਾ ਤਾਂ ਉਸ ਨੇ ਸਰਦਾਰ ਚੜ੍ਹਤ ਸਿੰਘ ਮੂਹਰੇ ਆਪਣੀ ਫਰਿਆਦ ਆ ਕੀਤੀ ਤੇ ਆਪਣੇ ਹੱਕ ਦੀ ਪ੍ਰਾਪਤੀ ਲਈ ਉਸ ਤੋਂ ਸਹਾਇਤਾ ਮੰਗੀ ਨਾਲ ਹੀ ਭਾਰੀ ਨਜ਼ਰਾਨਾ ਭੇਟਾ ਕਰਨ ਦਾ ਭੀ ਵਾਇਦਾ ਕੀਤਾ । ਸਰਦਾਰ ਨੇ ਉਸ ਦਾ ਹੱਕ ਮਾਰੀ ਦਾ ਸੁਣ ਕੇ ਉਸ ਦੀ ਸਹਾਇਤਾ ਕਰਨੀ ਪ੍ਰਵਾਨ ਕਰ ਲਈ ਤੇ ਸਣੇ ਆਪਣੀ ਮਿਸਲ ਦੇ ਜੰਮੂ ਵੱਲ ਕੂਚ ਕਰ ਦਿੱਤਾ।

ਮੀਆਂ ਰੰਜੀਤ ਦੇਵ ਨੇ ਆਪਣੀ ਸਹਾਇਤਾ ਲਈ ਭੰਗੀ ਸਰਦਾਰਾਂ ਦੀ ਮੱਦਦ

------

1. *ਪੰਡਤ ਦੇਵੀ ਪ੍ਰਸਾਦ ਦਾ ਇਥੇ ਇਹ ਲਿਖਣਾ ਕਿ ਇਸ ਲੜਾਈ ਵਿਚ ਸਿੱਖਾਂ ਨੂੰ ਭਾਂਜ ਹੋਈ ਅਤੇ ਇਹ ਕਿਲ੍ਹਾ ਢਾਹਿਆ ਗਿਆ, ਭੁੱਲ ਹੈ । ਵੇਖੋ ਸਯਦ ਮੁਹੰਮਦ ਲਤੀਫ ਹਿਸਟਰੀ ਔਫ ਦੀ ਪੰਜਾਬ ਸਫਾ 339; ਕਪਤਾਨ ਕਨਿੰਘਮ, ਹਿਸਟਰੀ ਔਫ ਦੀ ਸਿਖਸ ਸਫਾ 108 ।*
2. *ਘਨੱਈਆ ਲਾਲ ਨੇ ਆਪਣੀ ਤਾਰੀਖ ਪੰਜਾਬ ਦੇ ਸਫਾ 118 ਉਪਰ ਇਸ ਲੜਾਈ ਦਾ ਲਾਹੌਰ ਵਿਚ ਹੋਣਾ ਲਿਖਿਆ ਹੈ ਜੋ ਠੀਕ ਨਹੀਂ, ਵੇਖੋ ਕਨਿੰਘਮ ਦੀ ਹਿਸਟਰੀ ਔਫ ਦੀ ਸਿਖਸ ਸਫਾ 108, ਮ: ਲਤੀਫ ਸ: 339।*
3. *ਸੱਯਦ ਮੁੰਹਮਦ ਲਤੀਫ, ਹਿਸਟਰੀ ਔਫ ਦੀ ਪੰਜਾਬ ਸ: 338 ।*

ਲੀਤੀ, ਇਸ ਤਰ੍ਹਾਂ ਇਹ ਦੋਵੇਂ ਦਲ ਜਦ ਜ਼ਫਰਵਾਲ ਦੇ ਲਾਗੇ ਵਾਸੂ ਸਹਾਰ ਪਾਸ ਪਹੁੰਚੇ ਤਾਂ ਇਨ੍ਹਾਂ ਦੀ ਆਪਸ ਵਿਚ ਲੜਾਈ ਛਿੜ ਪਈ । ਇਸ ਸਮੇਂ ਸਰਦਾਰ ਚੜ੍ਹਤ ਸਿੰਘ ਦੀ ਆਪਣੀ ਬੰਦੂਕ ਇਸ ਦੇ ਹੱਥ ਵਿਚ ਫਟ ਗਈ, ਜਿਸ ਦੇ ਫਟਣ ਨਾਲ ਸਰਦਾਰ ਦਾ ਭੌਰ ਉਡਾਰੀਆਂ ਲੈ ਗਿਆ । ਇਹ ਗੱਲ ਸੰਮਤ 1831 (ਸੰਨ 1774) ਦੀ ਹੈ ।[1]

## ਸਰਦਾਰ ਮਹਾਂ ਸਿੰਘ

ਸਰਦਾਰ ਚੜ੍ਹਤ ਸਿੰਘ ਆਪਣੇ ਪਿੱਛੇ ਦੋ ਪੁੱਤਰ ਮਹਾਂ ਸਿੰਘ, ਸਹੋਜ ਸਿੰਘ ਅਤੇ ਇਕ ਕੰਨਿਆਂ ਛੱਡ ਗਿਆ ਸੀ ।

ਮਹਾਂ ਸਿੰਘ ਦੀ ਆਯੂ ਇਸ ਮਸੇਂ ਨਵਾਂ ਦਸਾਂ ਬਰਸਾਂ ਦੇ ਵਿਚਾਲੇ ਸੀ ।[2] ਮਿਸਲ ਦਾ ਕੰਮ-ਕਾਰ ਉਸ ਦੀ ਮਾਤਾ ਤੇ ਸ: ਜੈ ਸਿੰਘ ਦੇ ਪ੍ਰਬੰਧ ਨਾਲ ਚਲਦਾ ਰਿਹਾ । ਹੁਣ ਮਹਾਂ ਸਿੰਘ ਦੀ ਮਾਂ ਨੇ ਗੁਜ਼ਰਾਂਵਾਲੇ ਦੇ ਕਿਲ੍ਹੇ ਨੂੰ ਢੁਹਾ ਕੇ ਵਧੇਰੇ ਪੱਕਾ ਤੇ ਖੁਲ੍ਹਾ ਕਰ ਲਿਆ । ਇੰਨੇ ਨੂੰ ਸਰਦਾਰ ਗੰਡਾ ਸਿੰਘ ਭੰਗੀ ਤੇ ਮਹਾਂ ਸਿੰਘ ਦੀ ਆਪਸ ਵਿਚ ਸੁਲ੍ਹਾ ਸਫਾਈ ਵੀ ਹੋ ਗਈ । ਇਸਦੇ ਥੋੜ੍ਹੇ ਚਿਰ ਪਿੱਛੋਂ ਮਹਾਂ ਸਿੰਘ ਦਾ ਵਿਆਹ ਸਰਦਾਰ ਗਜਪਤ ਸਿੰਘ ਜੀਂਦ ਦੀ ਸਪੁੱਤਰੀ ਬੀਬੀ ਰਾਜ ਕੌਰ ਮਲਵਾਇਣ ਨਾਲ ਬੜੀ ਧੂਮ ਧਾਮ ਨਾਲ ਹੋਇਆ ।

ਰਸੂਲ ਨਗਰ ਦਾ ਹਾਕਮ ਪੀਰ ਮੁਹੰਮਦ ਖ਼ਾਨ ਚੱਠਾ, ਬੜਾ ਪੱਖ-ਪਾਤੀ ਤੇ ਹਿੰਦੂਆਂ ਦਾ ਜਾਨੀ ਵੈਰੀ ਸੀ । ਇਸਦੇ ਜ਼ਾਲਮ ਹੱਥਾਂ ਤੋਂ ਕਦੇ ਕੋਈ ਰਾਹਗੁਜ਼ਰੂ ਸੁਰੱਖਿਅਤ ਨਹੀਂ ਸੀ ਲੰਘ ਸਕਦਾ ਜਦ ਤੱਕ ਇਸ ਦੀ ਮੂੰਹ ਮੰਗੀ ਨਜ਼ਰ ਇਸ ਦੀ ਭੇਂਟ ਨਾ ਚੜ੍ਹਾ ਦਿੰਦਾ । ਇਸ ਜ਼ੁਲਮ ਦੇ ਕਾਰਨ ਇਥੋਂ ਦੇ ਰਾਹ ਬੰਦ ਹੋ ਗਏ ਸਨ ।

ਨੌਜੁਆਨ ਮਹਾਂ ਸਿੰਘ ਨੇ ਜਦ ਇਸ ਖ਼ਾਨ ਦਾ ਇਹ ਅੱਤ ਦਾ ਜ਼ੁਲਮ ਸੁਣਿਆਂ ਤਾਂ ਇਹ ਸਾਰੀਆਂ ਗੱਲਾਂ ਉਸ ਨੂੰ ਡਾਢੀਆਂ ਅਯੋਗ ਦਿਸੀਆਂ ਅਤੇ ਉਸ ਤੋਂ ਗਰੀਬ ਪਰਜਾ ਨੂੰ ਬਚਾਉਣ ਲਈ ਸੰ: 1778 ਦੇ ਅਰੰਭ ਵਿਚ ਆਪਣੀ ਬਲਵਾਨ ਮਿਸਲ ਦੇ 600 ਸਵਾਰਾਂ ਨੂੰ ਲੈ ਕੇ ਰਸੂਲ ਨਗਰ ਨੂੰ ਜਾ ਘੇਰਿਆ । ਪੀਰ ਮੁੰਹਮਦ ਖ਼ਾਨ ਨੂੰ ਜਦ ਪਤਾ ਲੱਗਾ ਤਾਂ ਉਹ ਸਾਹਮਣੇ ਹੋ ਕੇ ਟਾਕਰਾ ਨਾ ਕਰ ਸਕਿਆ, ਅਤੇ ਨੱਠ ਕੇ ਕਿਲ੍ਹੇ ਵਿਚ ਜਾ ਬੈਠਾ । ਮਹਾਂ ਸਿੰਘ ਨੇ ਲਗਦੇ ਹੱਥ ਕਿਲ੍ਹੇ ਨੂੰ ਘੇਰੇ ਵਿਚ ਰੱਖ ਲਿਆ ਅਤੇ ਕਈ ਧਾਵੇ ਕਰਕੇ ਛੇਕੜ ਸ਼ਹਿਰ ਅਰ ਕਿਲ੍ਹੇ ਨੂੰ ਫਤਹਿ ਕਰ ਲਿਆ[3] ਅਤੇ ਇਸ ਦਾ ਨਾਂ 'ਰਸੂਲ ਨਗਰ' ਦੀ ਥਾਂ 'ਰਾਮ ਨਗਰ' ਰੱਖ

- - - - - -

1. *ਕਪਤਾਨ ਵੈਡ ਨੇ ਇਸ ਘਟਨਾ ਦੀ ਤਾਰੀਖ਼ ਸੰਨ 1771 ਦਿੱਤੀ ਹੈ ਜੋ ਠੀਕ ਨਹੀਂ, ਵੇਖੋ ਕਨਿੰਘਮ ਦੀ ਹਿਸਟਰੀ ਔਫ ਦੀ ਸਿਖਸ ਸਫਾ 123, ਮਿਸਟਰ ਪ੍ਰਿੰਸਪ ਦੀ ਲਿਖਤ ਓਰਿਜਨ ਔਫ ਦੀ ਸਿੱਖ ਪਾਵਰ ਸਫਾ 31, ਲੈਪਨ ਗ੍ਰਿਫਨ ਰਈਸਾਨੇ ਪੰਜਾਬ ਸਫਾ 395 ।*
2. *ਮੈਕਗਰੇਗਰ ਨੇ ਹਿਸਟਰੀ ਔਫ ਦੀ ਸਿਖਸ ਦੀ ਜਿ: 1 ਸਫਾ 140 ਤੇ 152 ਪਰ ਮਹਾਂ ਸਿੰਘ ਦੇ ਜਨਮ ਦਾ ਸੰਨ 1760 ਅਤੇ ਮੌਤ ਸਨ 1788 ਵਿਚ ਲਿਖੀ ਹੈ, ਇਹ ਦੋਵੇਂ ਸੰਨ ਠੀਕ ਨਹੀਂ । ਸਰਦਾਰ ਮਹਾਂ ਸਿੰਘ ਦਾ ਜਨਮ 1765 ਅਤੇ ਚਲਾਣਾ ਸੰਨ 1792 ਵਿਚ ਹੋਇਆ । ਵੇਖੋ ਫਾਰਿਸਟਰ, ਟਰੇਵਲਰਜ਼ ਜਿ: 1 ਸਫਾ 288; ਕਨਿੰਘਮ, ਹਿਸਟਰੀ ਔਫ ਦੀ ਸਿਖਸ, ਸਫਾ 69; ਮੂਰ ਕਰਾਫਿਟ ਟਰੈਵਲਰਜ਼ ਸ:127 ; ਸੱਯਦ ਮੁਹੰਮਦ ਲਤੀਫ ਹਿਸਟਰੀ ਆਫ ਦੀ ਪੰਜਾਬ ਸਫਾ 344 ।*
3. *ਇਥੇ ਸ: ਮੁਹੰਮਦ ਲਤੀਫ ਦਾ ਇਹ ਲਿਖਣਾ ਕਿ ਮਹਾਂ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੁਗੰਧ ਖਾ ਕੇ ਪੀਰ ਮੁਹੰਮਦ ਨੂੰ ਬਾਹਰ ਬੁਲਾਇਆ ਤੇ ਉਸ ਨੂੰ ਕੈਦ ਕਰ ਲਿਆ, ਉਕਾ ਨਿਰਮੂਲ ਹੈ । ਵੇਖੋਂ ਪ੍ਰਿੰਸਪ, ਓਰਿਜਨ ਆਫ ਦੀ ਸਿਖਸ ਪਾਵਰ ਸਫਾ 33, ਕਨਿੰਘਮ, ਹਿਸਟਰੀ ਆਫ ਦੀ ਸਿਖਸ ਸਫਾ 126 ।*

ਦਿੱਤਾ ਤੇ ਨਾਲ ਹੀ ਅਲ੍ਹੀ ਪੁਰ ਨੂੰ ਫਤਹਿ ਕਰਕੇ ਉਹਦਾ ਨਾਮ 'ਅਕਾਲ ਗੜ੍ਹ' ਰੱਖਿਆ, ਜੋ ਅੱਜ ਤੱਕ ਦੋਵੇਂ ਨਗਰ ਇਨ੍ਹਾਂ ਨਾਵਾਂ ਨਾਲ ਹੀ ਪ੍ਰਸਿੱਧ ਹਨ । ਇਨ੍ਹਾਂ ਸਫਲਤਾਵਾਂ ਦੇ ਬਾਅਦ ਮਹਾਂ ਸਿੰਘ ਦੀ ਇੱਜ਼ਤ ਸਾਰੇ ਪੰਜਾਬ ਵਿਚ ਪਸਰ ਗਈ ਤੇ ਕਈ ਨਾਮੀ ਸਰਦਾਰ ਇਸ ਦੀ ਮਿਸਲ ਵਿਚ ਆ ਮਿਲੇ ।

\- - - - - -

# ਸ਼ੇਰਿ ਪੰਜਾਬ

# ਮਹਾਰਾਜਾ ਰਣਜੀਤ ਸਿੰਘ ਦਾ ਜਨਮ

2 ਨਵੰਬਰ, ਸੰਨ 1780 ਈ: (ਸੰਮਤ 1837) ਦਾ ਸੁਭਾਗਾ ਦਿਨ ਆਪਣੇ ਆਪ ਵਿਚ ਇਕ ਐਸੀ ਵਡਿਆਈ ਰੱਖਦਾ ਹੈ ਜਿਸ ਕਰਕੇ ਇਹ ਸੰਸਾਰ ਦੇ ਇਤਿਹਾਸ ਵਿਚ ਕਦੇ ਨਾ ਭੁੱਲਣ ਵਾਲਾ ਦਿਨ ਬਣ ਗਿਆ ਹੈ । ਇਹ ਉਹੀ ਦਿਨ ਹੈ ਜਿਸ ਦਿਨ ਖ਼ਾਲਸਾ ਪੰਥ ਦੀ ਮਾਨਯੋਗ ਹਸਤੀ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਰਦਾਰ ਮਹਾਂ ਸਿੰਘ ਦੇ ਘਰ ਸਰਦਾਰਨੀ ਰਾਜ ਕੌਰ ਦੀ ਕੁਖੋਂ ਗੁਜਰਾਂਵਾਲੇ ਹੋਇਆ ।[1]

\- - - - - -

1. *ਮਹਾਰਾਜ ਰਣਜੀਤ ਸਿੰਘ ਦੇ ਜਨਮ ਬਾਰੇ ਹੁਣ ਇਹ ਗੱਲ ਨਿਰਸੰਦੇਹ ਹੋ ਚੁੱਕੀ ਹੈ ਕਿ ਸਰਕਾਰ ਦਾ ਜਨਮ ਗੁਜਰਾਂਵਾਲੇ ਵਿਚ 2 ਨਵੰਬਰ ਸੰਨ 1780 ਨੂੰ ਹੋਇਆ ਸੀ ,ਇਸ ਦੀ ਪ੍ਰੋੜਤਾ ਵਿਚ ਹੇਠ ਲਿਖੇ ਇਤਿਹਾਸਿਕ ਸਬੂਤ ਮੌਜੂਦ ਹਨ :-*
   1) *ਵੋਨ ਅਰਲਜ਼ ਟਰੈਵਲਜ਼ ਇਨ ਇੰਡੀਆ – ਸਿੰਧ ਐਂਡ ਦੀ ਪੰਜਾਬ, ਜਿਲਦ 1 ਸਫ਼ਾ 164 ।*
   2) *ਮੇਕਗਰੇਗਰ ਹਿਸਟਰੀ ਆਫ ਦੀ ਸਿਖਸ, ਜਿਲਦ 1 ਸਫ਼ਾ 152 ।*
   3) *ਬਾਰਜ਼ ਜਰਨਲ ਆਫ ਏ ਮਾਰਚ ਫਰਾਮ ਦਿਹਲੀ ਟੂ ਪਿਸ਼ਾਵਰ, ਸਫ਼ਾ 136 ।*
   4) *ਲੈਪਲ ਗ੍ਰਿਫਨ ਰਣਜੀਤ ਸਿੰਘ, ਸਫ਼ਾ 125 ।*
   5) *ਪੇਨ ਏ ਸ਼ਾਰਟ ਹਿਸਟਰੀ ਆਫ ਦੀ ਸਿਖਸ, ਸਫ਼ਾ 71 ।*
   6) *ਸ. ਮੁ: ਲਤੀਫ ਹਿਸਟਰੀ ਆਫ ਦੀ ਪੰਜਾਬ, ਸਫ਼ਾ 341 ।*
   7) *ਘਨੱਯਾ ਲਾਲ ਤਾਰੀਖੇ ਪੰਜਾਬ, ਸਫ਼ਾ 126 ।*

   *ਇਨ੍ਹਾਂ ਤੋਂ ਛੁੱਟ ਗਿਆਨੀ ਗਿਆਨ ਸਿੰਘ, ਮੁਨਸ਼ੀ ਰਹਿਮਤ ਅਲੀ ਆਦਿ ਸਭ ਨੇ ਮਹਾਰਾਜੇ ਦੇ ਜਨਮ ਗੁਜਰਾਂਵਾਲੇ ਵਿਚ 2 ਨਵੰਵਰ ਸੰਨ 1780 ਦਾ ਮੰਨਿਆ ਹੈ, ਪਰ ਵੱਡਾ ਸਬੂਤ ਸਰਦਾਰ ਮਹਾਂ ਸਿੰਘ ਗੁਜਰਾਂਵਾਲੇ ਦੀ ਹਵੇਲੀ (ਇਹ ਹਵੇਲੀ ਉਸ ਥਾਂ ਸੀ, ਜਿਥੇ ਅੱਜ ਕਲ ਮਿਊਂਸਿਪਲ ਕਮੇਟੀ ਦਾਂ ਦਫਤਰ ਤੇ ਟਾਊਨ ਹਾਲ ਹੈ ) ਦਾ ਉਹ ਕਮਰਾ ਹੈ, ਜਿਥੇ ਸ਼ੇਰਿ ਪੰਜਾਬ ਦਾ ਜਨਮ ਹੋਇਆ, ਉਹ ਅੱਜ ਤੱਕ ਮੌਜੂਦ ਹੈ ਤੇ ਉਸ ਦੇ ਬਾਹਰ ਸ਼ਿਲਾ ਲੇਖ ਲੱਗਾ ਹੋਇਆ ਹੈ :-*

   *ਸ਼ਿਲਾਲੇਖ*
   Maharaja Ranjit Singh
   born 2nd. November, 1780.

   *ਇਸੇ ਥਾਂ ਇਕ ਹੋਰ ਲਿਖਤ*
   Maharaja Ranjit Singh's birth place.
   *ਜਨਮ ਅਸਥਾਨ ਮਹਾਰਾਜਾ ਰਣਜੀਤ ਸਿੰਘ ਸਾਹਿਬ*

ਸਰਦਾਰ ਮਹਾਂ ਸਿੰਘ ਨੇ ਇਸ ਸਮੇਂ ਭਾਰੀਆਂ ਖ਼ੁਸ਼ੀਆਂ ਮਨਾਈਆਂ, ਹਜ਼ਾਰਾਂ ਰੁਪਏ ਧਰਮ ਕਾਰਜਾਂ ਲਈ ਅਧਿਕਾਰੀਆਂ ਨੂੰ ਵੰਡੇ ਗਏ । ਗੁਰੂ ਆਸ਼ੇ ਅਨੁਸਾਰ ਬੱਚੇ ਦਾ ਨਾਂ 'ਰਣਜੀਤ ਸਿੰਘ' ਰੱਖਿਆ ਗਿਆ ।

ਰਣਜੀਤ ਸਿੰਘ ਦੇ ਜਨਮਿਆਂ ਅਜੇ ਵਧੇਰਾ ਸਮਾਂ ਨਹੀਂ ਸੀ ਬੀਤਿਆ ਕਿ ਇਸ ਨੂੰ ਸੀਤਲਾ ਨਿਕਲ ਪਈ ਤੇ ਐਸਾ ਬੀਮਾਰ ਹੋਇਆ ਕਿ ਇਸ ਦੇ ਬਚਣ ਦੀ ਕੁਝ ਭੀ ਆਸ ਨਾ ਰਹੀ, ਛੇਕੜ ਕੁਝ ਦਿਨਾਂ ਉਪਰੰਤ ਬੀਮਾਰੀ ਆਪਣੇ ਆਪ ਹੀ ਮੋੜਾ ਖਾ ਗਈ, ਪਰ ਇਸ ਰੋਗ ਨਾਲ ਉਸ ਦੀ ਖੱਬੀ ਅੱਖ ਦੀ ਨਜ਼ਰ ਜਾਂਦੀ ਰਹੀ । ਇਸ ਸਮੇਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਆਈ ਕਿ ਕਿਸੇ ਦਿਨ ਇਹੀ ਸੀਤਲਾ ਦਾ ਮਾਰਿਆ ਮੁੰਡਾ ਪੰਜ ਦਰਿਆਵਾਂ ਦੀ ਧਰਤੀ ਦਾ ਮਹਾਰਾਜਾ ਹੋਊ ਅਤੇ 'ਸ਼ੇਰਿ ਪੰਜਾਬ' ਦੇ ਨਾਂ ਨਾਲ ਪ੍ਰਸਿੱਧ ਹੋਵੇਗਾ ।

ਹੁਣ ਸਰਦਾਰ ਮਹਾਂ ਸਿੰਘ ਜੀ ਦੀ ਫੌਜੀ ਸ਼ਕਤੀ ਬਹੁਤ ਵੱਧ ਗਈ ਸੀ, ਉਸ ਨੇ ਇਸ ਤੋਂ ਲਾਭ ਉਠਾਉਣ ਲਈ ਪਿੰਡੀ ਭਟੀਆ ਸਾਹੀਵਾਲ, ਈਸਾ ਖੇਲ ਆਦਿ ਇਲਾਕੇ ਪਰ ਧਾਵਾ ਬੋਲ ਦਿੱਤਾ ਤੇ ਬਹੁਤ ਸਾਰਾ ਰੁਪਿਆ ਨਜ਼ਰਾਨਾ ਲੈ ਕੇ ਪਰਤਿਆ । ਇਸਦੇ ਕੁਝ ਦਿਨਾਂ ਬਾਅਦ ਕੋਟਲੀ ਸਿਆਲਕੋਟ ਤੇ ਜਾ ਕੇ ਹੱਲਾ ਕੀਤਾ ਤੇ ਇਥੋਂ ਬਹੁਤ ਸਾਰੇ ਹਥਿਆਰ ਆਪਣੇ ਅਧਿਕਾਰ ਵਿਚ ਕਰ ਲਏ । ਇਹ ਕੋਟਲੀ ਹਥਿਆਰਾਂ ਲਈ ਉਸ ਸਮੇਂ ਸਾਰੇ ਪੰਜਾਬ ਵਿਚ ਪ੍ਰਸਿੱਧ ਸੀ । ਇਥੋਂ ਵਿਹਲੇ ਹੋ ਕੇ ਮਹਾਂ ਸਿੰਘ ਨੇ ਬ੍ਰਿਜ ਰਾਜ ਵਾਲੀਏ ਜੰਮੂ ਨੂੰ ਆਪਣਾ ਪੁਰਾਣਾ ਵਾਇਦਾ ਚੇਤੇ ਕਰਵਾਇਆ, ਜਿਸ ਦਾ ਬਚਨ ਇਸ ਨੇ ਮਹਾਂ ਸਿੰਘ ਦੇ ਪਿਤਾ ਸਰਦਾਰ ਚੜ੍ਹਤ ਸਿੰਘ ਨਾਲ ਕੀਤਾ ਸੀ ਤੇ ਜਿਸ ਵਿਚ ਉਸ ਨੂੰ ਆਪਣੀ ਜਾਨ ਵਾਰਨੀ ਪਈ ਸੀ । ਹੁਣ ਬ੍ਰਿਜ ਲਾਲ ਦਾ ਕਾਰਜ ਸਿੱਧ ਹੋ ਗਿਆ ਸੀ, ਉਹ ਕਦ ਖੰਭਾਂ ਪਰ ਪਾਣੀ ਪੈਣ ਦਿੰਦਾ ਸੀ, ਉਸ ਨਾਂਹ ਨੁੱਕਰ ਕੀਤੀ ਇਧਰੋਂ ਝੱਟ ਸਰਦਾਰ ਮਹਾਂ ਸਿੰਘ ਜੰਮੂ ਤੇ ਜਾ ਪਿਆ ਤੇ ਹਥੋਂ ਹੱਥੀਂ ਸ਼ਹਿਰ ਲੈ ਲਿਆ, ਅਤੇ ਖੁੱਲ੍ਹੇ ਦਿਲ ਨਾਲ ਇਸ ਨੂੰ ਸੋਧਿਆ । ਵਿਚਾਰੇ ਬ੍ਰਿਜ ਰਾਜ ਨੇ ਮਹਾਂ ਸਿੰਘ ਦਾ ਟਾਕਰਾ ਕੀ ਕਰਨਾ ਸੀ ਉਹ ਤਾਂ ਖ਼ਾਲਸਾ ਦਲ ਦੇ ਆਉਣ ਤੋਂ ਪਹਿਲਾਂ ਹੀ ਜਾਨ ਬਚਾ ਕੇ ਤ੍ਰਿਕੋਟਾ ਦੇਵੀ ਦੇ ਪਹਾੜਾਂ ਵਿਚ ਜਾ ਛੁਪਿਆ ਸੀ । ਇਥੋਂ ਪਰਤ ਕੇ ਮਹਾਂ ਸਿੰਘ ਦੀਵਾਲੀ ਦੇ ਮੇਲੇ ਪਰ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਲਈ ਆਇਆ, ਇਸ ਸਮੇਂ ਇਸ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਟਹਿਲੇ ਲਈ ਬਹੁਤ ਗੱਫਾ ਅਰਦਾਸ ਕਰਵਾਇਆ ।

ਇਸ ਸਮੇਂ ਨਿਯਮ ਅਨੁਸਾਰ ਇਥੇ ਸਾਰ ਵੱਡੇ ਵੱਡੇ ਸਰਦਾਰ ਇਕੱਠੇ ਹੋਏ ਸਨ । ਸਰਦਾਰ ਜੱਸਾ ਸਿੰਘ ਰਾਮਗੜ੍ਹੀਏ ਨੇ ਮਹਾਂ ਸਿੰਘ ਨੂੰ ਦੱਸਿਆ ਕਿ ਜੈ ਸਿੰਘ ਘਨੱਯਾ ਨੇ ਮੇਰਾ ਇਲਾਕਾ ਦਬਾ ਲਿਆ ਹੈ, ਆਪ ਮੇਰੇ ਨਾਲ ਮਿਲ ਕੇ ਮੇਰਾ ਹੱਕ ਮੈਨੂੰ ਦਿਵਾ ਦਿਓ । ਮਹਾਂ ਸਿੰਘ ਚਾਹੁੰਦਾ ਸੀ ਕਿ ਜਿਵੇਂ ਹੋ ਸਕੇ ਇਨ੍ਹਾਂ ਦਾ ਘਰ ਵਿਚ ਫੈਸਲਾ ਕਰਵਾ ਦੇਵੇ. ਪਰ ਓਧਰ ਜੈ ਸਿੰਘ ਨੂੰ ਕਿਸੇ ਪਹਿਲੇ ਹੀ ਭੜਕਾ ਦਿੱਤਾ ਸੀ ਕਿ ਮਹਾਂ ਸਿੰਘ ਰਾਮਗੜ੍ਹੀਆ ਨਾਲ ਮਿਲ ਕੇ ਤੇਰੇ ਵਿਰੁੱਧ ਗੋਂਦਾ ਗੁੰਦ ਰਿਹਾ ਹੈ, ਇਸ ਭੁਲੇਖੇ ਵਿਚ ਜਦ ਜੈ ਸਿੰਘ ਨੂੰ ਮਿਲਣ ਗਿਆ ਤੇ ਉਹ ਅੱਗੋਂ ਬੜੀ ਵਿਪ੍ਰੀਤੀ ਨਾਲ ਮਿਲਿਆ ਅਤੇ ਗੱਲ ਇਥੋਂ ਤੱਕ ਵਧੀ ਕਿ ਖੁਲ੍ਹ-ਮ-ਖੁੱਲ੍ਹਾ ਦੋਹਾਂ ਜਥਿਆਂ ਵਿਚ ਵਟਾਲੇ ਦੇ ਲਾਗੇ ਅਚਲ ਦੇ ਮੈਦਾਨ ਵਿਚ ਟਾਕਰਾ ਹੋ ਪਿਆ, ਜਿਸ ਵਿਚ ਸਰਦਾਰ ਜੈ ਸਿੰਘ ਦਾ ਬਹਾਦਰ ਪੁੱਤਰ ਗੁਰਬਖਸ਼ ਸਿੰਘ ਮਾਰਿਆ ਗਿਆ । ਇਸ ਦੇ ਮਰ ਜਾਣ ਨਾਲ ਫੌਜ ਵੀ ਖਿੰਡ ਗਈ ਤੇ ਮੈਦਾਨ ਮਹਾਂ ਸਿੰਘ ਦੇ ਹੱਥ ਰਿਹਾ । ਜੈ ਸਿੰਘ ਨੇ ਨੁਸ਼ਿਹਰੇ ਦੇ ਲਾਗੇ ਫੇਰ ਇਕ ਝਪਟ ਇਨ੍ਹਾਂ ਨਾਲ ਕੀਤੀ, ਪਰ ਉਥੇ ਵੀ ਉਸ ਨੂੰ ਪਿੱਛੇ ਹਟਣਾ ਪਿਆ, ਇਸ ਤਰ੍ਹਾਂ ਮਹਾਂ

ਸਿੰਘ ਨੇ ਰਾਮਗੜ੍ਹੀਆਂ ਦਾ ਇਲਾਕਾ ਉਹਨਾਂ ਨੂੰ ਦਿਵਾ ਦਿੱਤਾ।

ਗੁਰਬਖਸ਼ ਸਿੰਘ ਦੀ ਸੁਪਤਨੀ ਸਰਦਾਰਨੀ ਸਦਾ ਕੌਰ ਜਿਸ ਤਰ੍ਹਾਂ ਇਸਤਰੀ ਜਾਤੀ ਵਿਚ ਬਹਾਦਰ ਤੇ ਉਘੀ ਬਲਵਾਨ ਸੂਰਮਾ ਇਸਤਰੀ ਹੋ ਬੀਤੀ ਹੈ, ਇਸੇ ਤਰ੍ਹਾਂ ਇਹ ਰਾਜ-ਪ੍ਰਬੰਧ ਲਈ ਵੀ ਸਿੱਖ ਇਤਿਹਾਸ ਵਿਚ ਉਚੇਰੀ ਥਾਂ ਰੱਖਦੀ ਹੈ। ਸਰਦਾਰਨੀ ਨੇ ਜਦ ਸਰਦਾਰ ਮਹਾਂ ਸਿੰਘ ਦੀ ਦਿਨੋ ਦਿਨ ਵੱਧ ਰਹੀ ਸ਼ਕਤੀ ਨੂੰ ਗੌਰ ਦੀ ਨਜ਼ਰ ਨਾਲ ਜਾਂਚਿਆ, ਤਾਂ ਇਸ ਨੇ ਮਨ ਵਿਚ ਠਾਣ ਲੀਤਾ ਕਿ ਜਿਵੇਂ ਹੋ ਸਕੇ ਸ਼ੁਕ੍ਰਚਕੀਏ ਸਰਦਾਰ ਨਾਲ ਮੇਲ ਰੱਖਿਆ ਜਾਵੇ, ਨਹੀਂ ਤਾਂ ਇਲਾਕੇ ਦਾ ਸੁਰੱਖਿਅਤ ਰਹਿਣਾ ਕਠਿਨ ਹੋ ਜਾਵੇਗਾ। ਉਸ ਨੇ ਇਸ ਸਮੇਂ ਐਸੀ ਸੁਘੜਤਾ ਨਾਲ ਇਸ ਨੂੰ ਨਜਿੱਠਿਆ ਕਿ ਜਿਸ ਨਾਲ ਸਾਰੇ ਵੈਰ ਵਿਰੋਧਾਂ ਦਾ ਇਕਾਇੱਕ ਅੰਤ ਹੋ ਗਿਆ। ਉਹ ਇਉਂ ਹੈ ਸਦਾ ਕੌਰ ਨੇ ਆਪਣੀ ਇਕਲੌਤੀ ਸਪੁੱਤਰੀ ਮਹਿਤਾਬ ਕੌਰ ਦੀ ਮੰਗਣੀ ਮਹਾਂ ਸਿੰਘ ਦੇ ਸਪੁੱਤਰ ਰਣਜੀਤ ਸਿੰਘ ਨਾਲ ਕਰ ਦਿੱਤੀ, ਜਿਸ ਦੇ ਕਾਰਨ ਹੁਣ ਦੋਵੇਂ ਮਿਸਲਾਂ ਇਕ ਮਿਕ ਹੋ ਗਈਆਂ। ਇਹ ਗੱਲ ਸੰਨ 1785 ਦੀ ਹੈ। ਅੱਗੇ ਜਾ ਕੇ ਸੰਨ 1796 ਈ: ਵਿਚ ਰਣਜੀਤ ਸਿੰਘ ਦਾ ਵਿਆਹ ਬੜੀ ਧੂਮ ਧਾਮ ਨਾਲ ਹੋਇਆ।

ਸੰਨ 1791 ਦੇ ਆਰੰਭ ਵਿਚ ਮਹਾਂ ਸਿੰਘ ਨੇ ਗੁਜਰਾਤ ਦੇ ਇਲਾਕੇ ਤੋਂ ਹੱਕ ਰਾਖੀ ਉਗਰਾਹੁਣ ਲਈ ਚੜ੍ਹਾਈ ਕੀਤੀ, ਅੱਗੋਂ ਸਾਹਿਬ ਸਿੰਘ ਭੰਗੀ ਆਦਿ ਨੇ ਬਿਨ ਲੜਾਈ ਦੇ ਕਿਸੇ ਰਕਮ ਦੇ ਦੇਣ ਤੋਂ ਨਾਂਹ ਕਰ ਦਿੱਤੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਮਾਮਲਾ ਲੜ੍ਹਾਈ ਤੱਕ ਵੱਧ ਗਿਆ, ਛੇਕੜ ਸਾਹਿਬ ਸਿੰਘ ਦੇ ਟਾਕਰੇ ਦੀ ਸ਼ਕਤੀ ਮੈਦਾਨ ਵਿਚ ਨਾ ਦੇਖ ਕੇ ਸੋਦਰਾਂ ਦੇ ਕਿਲ੍ਹੇ ਵਿਚ ਹੋ ਬੈਠਾ। ਇਨ੍ਹਾਂ ਬਾਹਰੋਂ ਘੇਰਾ ਘੱਤ ਲਿਆ। ਕਈ ਨਿੱਕੀਆਂ ਵੱਡੀਆਂ ਲੜਾਈਆਂ ਵੀ ਹੋਈਆਂ, ਪਰ ਸਿੱਟਾ ਕੁਝ ਵੀ ਨਾ ਨਿਕਲਿਆ। ਹੁਣ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਮਹਾਂ ਸਿੰਘ ਕਰੜੀ ਘਾਲ ਘਾਲਣ ਤੇ ਚੰਗੇ ਭੋਜਨ ਦੇ ਨਾ ਮਿਲਣ ਦੇ ਕਾਰਨ ਪੇਚਸ਼ ਨਾਲ ਬੀਮਾਰ ਹੋ ਗਿਆ ਤੇ ਜਦ ਬੀਮਾਰੀ ਦਿਨੋਂ ਦਿਨ ਵਧਦੀ ਡਿੱਠੀ ਤਾਂ ਇਹ ਮੁਹਿਮ ਆਪਣੇ ਹੋਣਹਾਰ ਪੁੱਤਰ ਰਣਜੀਤ ਸਿੰਘ ਦੇ ਹੱਥ ਸੌਂਪ ਕੇ-ਜੋ ਇਸ ਸਮੇਂ ਮੈਦਾਨਿ-ਜੰਗ ਵਿਚ ਉਸ ਦੇ ਨਾਲ ਸੀ-ਆਪ ਗੁਜਰਾਂਵਾਲੇ ਨੂੰ ਪਰਤ ਆਇਆ।

ਮਹਾਂ ਸਿੰਘ ਜਦ ਮੈਦਾਨ ਤੋਂ ਤੁਰਨ ਲੱਗਾ ਤਾਂ ਇਸ ਨੇ ਆਪਣੇ ਆਪ ਨੂੰ ਐਨਾ ਬੇਹਾਲ ਡਿੱਠਾ ਕਿ ਆਪਣੇ ਪੁੱਤਰ ਦੀ ਦਸਤਾਰਬੰਦੀ ਮਰਯਾਦਾ ਆਪਣੇ ਹੱਥ ਨਾਲ ਉਥੇ ਹੀ ਪੂਰੀ ਕਰ ਆਇਆ, ਓਧਰ ਰਣਜੀਤ ਸਿੰਘ ਨੇ ਘੇਰੇ ਨੂੰ ਬਰਾਬਰ ਜਾਰੀ ਰੱਖਿਆ। ਇੰਨੇ ਨੂੰ ਖ਼ਬਰ ਪਹੁੰਚੀ ਕਿ ਭੰਗੀਆਂ ਦਾ ਇਕ ਭਾਰੀ ਦਸਤਾ ਕਿਲ੍ਹੇ ਦੇ ਛੁਡਾਣ ਲਈ ਸਰਦਾਰ ਕਰਮ ਸਿੰਘ ਤੇ ਜੋਧ ਸਿੰਘ ਦੀ ਤੈਹਤ ਵਿਚ ਆ ਰਿਹਾ ਹੈ। ਰਣਜੀਤ ਸਿੰਘ ਨੇ ਝੱਟ ਉਹਨਾਂ ਦਾ ਰਾਹ ਕੋਟ ਮਹਾਰਾਜਾ ਦੇ ਲਾਗੇ ਜੰਗਲ ਵਿਚ ਰੋਕ ਲਿਆ ਅਤੇ ਇਨ੍ਹਾਂ ਦੇ ਪਹੁੰਚਦਿਆਂ ਹੀ ਇਕਾ-ਇਕ ਐਸਾ ਹੱਲਾ ਕੀਤਾ ਕਿ ਉਹਨਾਂ ਨੂੰ ਬਿਨਾ ਮੈਦਾਨ ਨੂੰ ਖਾਲੀ ਛੱਡਣ ਦੇ ਹੋਰ ਕੋਈ ਚਾਰਾ ਨਾ ਦਿਸਿਆ। ਇਸ ਲੜਾਈ ਵਿਚ ਕਈ ਤੋਪਾਂ ਤੇ ਜੰਬੂਰਕ ਰਣਜੀਤ ਸਿੰਘ ਦੇ ਹੱਥ ਆਏ, ਜੋ ਉਸ ਨੇ ਗੁਜ਼ਰਾਂਵਾਲਾ ਭਿਜਵਾ ਦਿੱਤੇ। ਇਨ੍ਹਾਂ ਨੂੰ ਵੇਖ ਕੇ ਮਹਾਂ ਸਿੰਘ ਅਤਿ ਪ੍ਰਸੰਨ ਹੋਇਆ, ਪਰ ਇਹ ਪ੍ਰਸੰਨਤਾ ਉਹਦੀ ਛੇਕੜਲੀ ਪ੍ਰਸੰਨਤਾ ਸੀ, ਕਿਉਂਕਿ ਇਸ ਤੋਂ ਦੂਜੇ ਦਿਨ ਸੰਨ 1792 ਨੂੰ 27 ਸਾਲ ਦੀ ਯੁਵਾ ਅਵਸਥਾ ਵਿਚ ਮਹਾਂ ਸਿੰਘ ਚੜ੍ਹਾਈ ਕਰ ਗਿਆ। ਰਣਜੀਤ ਸਿੰਘ ਅਜੇ ਕੋਟ ਮਹਾਰਾਜ ਵਿਚ ਹੀ ਸੀ ਕਿ ਇਥੇ ਇਸ ਨੂੰ ਆਪਣੇ ਪਿਤਾ ਦੇ ਚਲਾਣੇ ਦੀ ਖ਼ਬਰ ਪੁੱਜੀ। ਇਹ ਇਥੋਂ ਸਿੱਧਾ ਗੁਜਰਾਂਵਾਲੇ ਪੁੱਜੇ ਤੇ ਪਿਤਾ ਦੇ ਮ੍ਰਿਤਕ ਸੰਸਕਾਰ ਦੀ

ਮਰਯਾਦਾ ਪੂਰੀ ਕੀਤੀ ।[1]

## ਇਸ ਸਮੇਂ ਪੰਜਾਬ ਦੀ ਦਸ਼ਾ

ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਲਿਖਣ ਤੋਂ ਪਹਿਲਾਂ ਇਥੇ ਇਹ ਗੱਲ ਲਿਖਣੀ ਜ਼ਰੂਰੀ ਪ੍ਰਤੀਤ ਹੁੰਦੀ ਹੈ ਕਿ ਪੰਜਾਬ ਦੀ ਉਸ ਸਮੇਂ ਦੀ ਦਸ਼ਾ ਪਰ ਇਕ ਨਜ਼ਰ ਫੇਰੀ ਜਾਏ ਤਾਂ ਜੋ ਪੁਸਤਕ ਦਾ ਹਰ ਇਕ ਪੱਖ ਚੰਗੀ ਤਰ੍ਹਾਂ ਪਾਠਕਾਂ ਦੀ ਸਮਝ ਵਿਚ ਆ ਸਕੇ ।

ਪੰਜਾਬ ਦਾ ਬਹੁਤ ਸਾਰਾ ਭਾਗ ਸਿੱਖਾਂ ਦੀਆਂ ਬਾਰਾਂ ਮਿਸਲਾਂ ਦੇ ਅਧੀਨ ਸੀ, ਇਸ ਦੀ ਰਾਜਧਾਨੀ ਲਾਹੌਰ; ਤਿੰਨ ਸਿੱਖ ਸਰਦਾਰਾਂ - ਲੈਹਣਾ ਸਿੰਘ, ਗੁਜਰ ਸਿੰਘ ਤੇ ਸੂਬਾ ਸਿੰਘ ਭੰਗੀਆਂ ਨੇ ਸਾਂਭੀ ਹੋਈ ਸੀ । ਉਪਰੋਂ ਸੰਨ 1795 ਵਿਚ ਸ਼ਾਹ ਜ਼ਮਾਨ ਦੁਰਾਨੀ ਨੇ ਪੰਜਾਬ ਪਰ ਧਾਵਾ ਕੀਤਾ, ਜਿਸ ਦੇ ਕਾਰਣ ਦੇਸ਼ ਵਿਚ ਵਧੇਰੀ ਹਲਚਲ ਮਚ ਗਈ । ਇਸਦੇ ਆਉਣ ਦੇ ਕਾਰਣ ਮਾਰਗ ਦੇ ਲਾਗੇ ਚਾਗੇ ਵਸਦੇ ਸਿੱਖ ਤਾਂ ਮੈਦਾਨ ਤੋਂ ਜੰਗਲ ਦਿਆਂ ਮੋਰਚਿਆਂ ਵਿਚ ਇਸ ਭਾਵਨਾ ਨਾਲ ਜਾ ਡਟੇ ਕਿ ਜਦ ਦੁਰਾਨੀ ਲਸ਼ਕਰ ਇਧਰ ਵਧੇ ਤਾਂ ਇਨ੍ਹਾਂ ਮੋਰਚਿਆਂ ਵਿਚੋਂ ਐਸੀਆਂ ਵਾੜ੍ਹਾਂ ਝਾੜੀਆਂ ਜਾਣ ਕਿ ਕੋਈ ਵੈਰੀ ਵੀ ਨਿਸ਼ਾਨੇ ਤੋਂ ਨਾ ਬਚ ਸਕੇ ।

ਇਸ ਸਮੇਂ ਸਿੱਖਾਂ ਦੀਆਂ ਲੜਾਈਆਂ ਦੀ ਵਿਸ਼ੇਸ਼ ਵਿਧੀ ਇਹੋ ਸੀ ਕਿ ਉਹ ਵੈਰੀ ਦੇ ਪਹੁੰਚਣ ਤੋਂ ਪਹਿਲਾਂ ਹੀ ਪਿੰਡਾਂ ਤੋਂ ਹੱਟ ਕੇ ਕਿਸੇ ਲਾਗੇ ਦੇ ਜੰਗਲ ਵਿਚ ਮੋਰਚੇ ਬਣਾ ਕੇ ਜਾ ਠਾਣੇ ਮਲਦੇ ਸਨ ਤੇ ਹਰ ਘੜੀ ਇਸ ਤਾਕ ਵਿਚ ਹੁੰਦੇ ਸਨ ਕਿ ਵੈਰੀ ਦਾ ਦਲ ਜਿਉਂ ਹੀ ਨਿਸ਼ਾਨੇ ਹੇਠ ਆਵੇ, ਤਾਂ ਉਪਰੋਂ ਗੋਲੀਆਂ ਅਤੇ ਤੀਰਾਂ ਦਾ ਮੀਂਹ ਵਰਸਾਇਆ ਜਾਏ । ਉਧਰ ਗ਼ਨੀਮ ਖ਼ੁਸ਼ੀ ਖ਼ੁਸ਼ੀ ਨਚਿੰਤ ਹੋ ਕੇ ਸਿੱਧਾ ਅੱਗੇ ਵਧਦਾ ਚਲਾ ਆਉਂਦਾ, ਇਧਰ ਇਹ ਬੜੀ ਨੀਝ ਨਾਲ ਉਸ ਦੇ ਹਰ ਇਕ ਕਰਤੱਵ ਨੂੰ ਤਾੜਦੇ ਰਹਿੰਦੇ ਅਤੇ ਜਦ ਉਹਨੂੰ ਜ਼ਰਾ ਗ਼ਾਫਲ ਪਾਉਂਦੇ ਤਦ ਇਕਾ-ਇਕ ਗੜੇ-ਮਾਰ ਗੋਲੀਆਂ ਵਰਸਾ ਦਿੰਦੇ । ਇਉਂ ਵੈਰੀ ਦੀ ਸੁਧ ਸੰਭਲਾਣ ਤੋਂ ਪਹਿਲੇ ਹੀ ਉਸ ਦਾ ਵਧੇਰਾ ਭਾਗ ਮੌਤ ਦੀ ਭੇਟ ਚੜ੍ਹ ਜਾਂਦਾ । ਉਪਰੋਂ ਇਸੇ ਹਫੜਾ ਦਫੜੀ ਵਿਚ ਤਿੱਖੀਆਂ ਤਲਵਾਰਾਂ ਧੂਹ ਕੇ ਵੈਰੀ ਦੇ ਰਹੇ ਖਹੇ ਲਸ਼ਕਰ ਦੇ ਸਿਰ ਬਿਜਲੀ ਵਾਂਗ ਕੜਕ ਕੇ ਜਾ ਪੈਂਦੇ ਅਤੇ ਜਾਨਾਂ ਹੂਲ ਕੇ ਦੋ-ਚਾਰ ਐਸੇ ਹੱਥ-ਪਲੱਥੇ ਦੇ ਦਾਉ ਕਰਦੇ ਕਿ ਬਿਨਾਂ ਕਿਸੇ ਲੰਮੀ ਲੜਾਈ ਦੇ ਵੈਰੀ ਦਾ ਸਫਾਇਆ ਹੋ ਜਾਂਦਾ । ਇਸ ਖਲਬਲੀ ਵਿਚ ਵੈਰੀ ਦੀਆਂ ਐਸੀਆਂ ਸੱਤੇ ਸੁਧਾਂ ਭੁੱਲ ਜਾਂਦੀਆਂ ਕਿ ਜਿਧਰ ਕਿਸੇ ਨੂੰ ਰਾਹ ਲੱਭਦਾ ਓਧਰ ਨੂੰ ਭੱਜ ਨਿਕਲਦਾ। ਇਨ੍ਹਾਂ ਮਾਰਾਂ ਵਿਚ ਸਿੱਖਾਂ ਦੇ ਹੱਥ ਹਜ਼ਾਰਾਂ ਦੇ ਹਥਿਆਰ, ਜੰਗੀ ਸਾਮਾਨ ਤੇ ਬੇਗਣਿਤ ਘੋੜੇ ਆਦਿ ਆਉਂਦੇ, ਜਿਨ੍ਹਾਂ ਨਾਲ ਇਨ੍ਹਾਂ ਦੇ ਮੁੱਦਤਾਂ ਦੇ ਧੋਣੇ ਧੋਤੇ ਜਾਂਦੇ ।

ਹੁਣ ਜਦ ਦੁਰਾਨੀਆਂ ਦੇ ਧਾਵੇ ਦਾ ਖ਼ਾਲਸੇ ਨੂੰ ਪਤਾ ਲੱਗਾ, ਤਾਂ ਉਪਰ ਦੱਸੇ ਨਿਯਮ ਅਨੁਸਾਰ ਉਹ ਮੈਦਾਨੀ ਪਿੰਡਾਂ ਤੋਂ ਹੱਟ ਕੇ ਜੰਗਲ ਵਿਚ ਆ ਡਟਿਆ[2] । ਸ਼ਾਹ ਜ਼ਮਾਨ ਬਿਨਾਂ ਕਿਸੇ ਲੰਮੀ ਲੜਾਈ ਦੇ ਲਾਹੌਰ ਆ ਵੜਿਆ । ਇਥੇ ਪਹੁੰਚਦਿਆਂ ਸਾਰ ਹੀ ਇਸ ਦੇ ਆਪਣੇ ਦਾਦੇ ਅਹਿਮਦ ਸ਼ਾਹ ਦੁਰਾਨੀ ਦੀਆਂ ਔਕੜਾਂ ਇਸਦੀਆਂ ਅੱਖਾਂ ਅੱਗੇ ਆ ਖਲੋਤੀਆਂ, ਜੋ

- - - - - -

*1. ਸਰਦਾਰ ਮਹਾਂ ਸਿੰਘ ਦੀ ਸਮਾਧ ਗੁਜ਼ਰਾਂਵਾਲੇ ਵਿਚ ਇਸ ਸਮੇਂ ਤੱਕ ਮੌਜੂਦ ਹੈ; ਇਹ ਉਹ ਥਾਂ ਹੈ ਜਿੱਥੇ ਸਰਦਾਰ ਜੀ ਦਾ ਅੰਤਮ ਸੰਸਕਾਰ ਕੀਤਾ ਗਿਆ ਸੀ । ਇਹ ਸਮਾਧ ਗੁੰਬਦਕਾਰ ਬਣੀ ਹੋਈ ਹੈ ।*

*2. ਬਿਦੇਸ਼ੀ ਤੇ ਮੁਸਲਮਾਨ ਇਤਿਹਾਸਕਾਰਾਂ ਨੇ ਜੋ ਖ਼ਾਲਸੇ ਦੀਆਂ ਇਨ੍ਹਾਂ ਚਾਲਾਂ ਤੋਂ ਅਣਜਾਣ ਸਨ, ਇਨ੍ਹਾਂ ਨੂੰ ਖ਼ਾਲਸੇ ਦੀਆਂ ਭਾਜੜਾਂ ਦੱਸਿਆ ਹੈ, ਜੋ ਭਾਰੀ ਭੁੱਲ ਹੈ ।*

ਜੰਗਲ ਵੱਲ ਵਧਣੇ ਵਿਚ ਖ਼ਾਲਸੇ ਦੇ ਹੱਥੋਂ ਉਸ ਨੂੰ ਭੁਗਤਣੀਆਂ ਪਈਆਂ ਸਨ। ਛੇਕੜ ਵਿਚ ਇਹ ਫੈਸਲਾ ਕੀਤਾ ਕਿ ਇਥੋਂ ਹੀ ਪਿੱਛੇ ਨੂੰ ਪਰਤ ਚਲੇ, ਅਰਥਾਤ ਉਸ ਦਾ ਅੱਗੇ ਵਧਣ ਦਾ ਹੀਆ ਨਾ ਪਿਆ। ਇਧਰ ਖ਼ਾਲਸੇ ਨੂੰ ਜਦ ਸੂਹੀਆਂ ਨੇ ਸ਼ਾਹ ਜ਼ਮਾਨ ਦੇ ਪਿੱਛੇ ਮੁੜ ਜਾਣ ਦੀ ਖ਼ਬਰ ਦਿੱਤੀ, ਤਾਂ ਇਨ੍ਹਾਂ ਨੂੰ ਡਾਢਾ ਅਰਮਾਨ ਲੱਗਾ ਕਿ ਦੁਰਾਨੀ ਬਿਨਾਂ ਖ਼ਾਲਸੇ ਦੇ ਹੱਥ ਦੇਖਿਆਂ ਸੁੰਦਰ ਕਾਬਲੀ ਘੋੜੇ ਤੇ ਸੋਹਣੇ ਹਥਿਆਰ ਫੇਰ ਪਰਤਾ ਲੈ ਚੱਲਿਆ ਹੈ, ਹੁਣ ਸਿੰਘ ਲੱਗੇ ਇਨ੍ਹਾਂ ਨੂੰ ਦੁਰਾਨੀ ਤੋਂ ਖੋਹਣ ਦੀਆਂ ਸੋਚਾਂ ਸੋਚਣ। ਛੇਕੜ ਲੰਮੀ ਵਿਚਾਰ ਦੇ ਉਪਰੰਤ ਇਹ ਸਲਾਹ ਠਹਿਰਾਈ ਗਈ ਕਿ ਖ਼ਾਲਸੇ ਨੂੰ ਜੰਗਲੀ ਮੋਰਚੇ ਛੱਡ ਕੇ ਲਾਹੌਰ ਦੇ ਲਾਗੇ ਚਾਗੇ ਜਾ ਕੇ ਡੇਰੇ ਜਮਾਉਣੇ ਚਾਹੀਦੇ ਹਨ ਪਰ ਹਰ ਰਾਤ ਛੋਟੇ ਛੋਟੇ ਜੱਥੇ ਬਣਾ ਕੇ ਚਾਰੇ ਪਾਸਿਆਂ ਤੋਂ ਦੁਰਾਨੀਆਂ ਦੇ ਲਸ਼ਕਰ ਤੇ ਛਪੋਲ ਮਾਰ ਕੇ ਉਨ੍ਹਾਂ ਦਾ ਸਾਰਾ ਮਾਲ ਤੇ ਹਥਿਆਰ ਆਦਿ ਖੋਹ ਲੈਣੇ ਚਾਹੀਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਐਸੇ ਦੰਦ ਖੱਟੇ ਕੀਤੇ ਜਾਣ ਕਿ ਮੁੜ ਕਦੀ ਪੰਜਾਬ ਦਾ ਨਾਂ ਵੀ ਨਾ ਲੈਣ। ਦੂਜੀ ਗੱਲ ਇਹ ਕਿ ਜਦ ਉਹ ਪਿੱਛੇ ਨੂੰ ਮੁੜੇ, ਤਦ ਉਸ ਦਾ ਪਿੱਛਾ ਕੀਤਾ ਜਾਏ ਕਿ ਜੋ ਮਾਲ-ਮਤਾ ਉਹ ਲੁੱਟ ਕੇ ਲੈ ਜਾ ਰਿਹਾ ਹੈ ਉਹ ਉਸ ਤੋਂ ਖੋਹ ਲੀਤਾ ਜਾਏ। ਸੋ ਹੁਣ ਇਨ੍ਹਾਂ ਸੋਚੀਆਂ ਵਿਉਂਤਾਂ ਅਨੁਸਾਰ ਵਰਤੋਂ ਹੋਣ ਲੱਗੀ। ਅਰਥਾਤ ਲੱਗੇ ਲਾਹੌਰ ਤੇ ਧਾਵੇ ਹੋਣ। ਅਜੇ ਸੂਰਜ ਅੰਦਰ ਬਾਹਰ ਹੀ ਹੁੰਦਾ ਕਿ ਇਹ ਜੱਥੇ ਇਕੱਠੇ ਹੋ ਕੇ ਸੱਜੇ ਖੱਬੇ ਤੋਂ ਨਿਕਲਦੇ ਤੇ ਜੋ ਕੁਝ ਉਨ੍ਹਾਂ ਦੇ ਸਾਹਮਣੇ ਆਉਂਦਾ ਉਸ ਤੇ ਹੱਥ ਸਾਫ਼ ਕਰਕੇ ਤੁਰਤ ਫੁਰਤ ਕਿਤੇ ਦੀ ਕਿਤੇ ਜਾ ਪਹੁੰਚਦੇ। ਇਸ ਤਰ੍ਹਾਂ ਕਰਨ ਵਿਚ ਨਾ ਕਿਸੇ ਸੋਚ ਦੀ ਲੋੜ ਸੀ ਤੇ ਨਾ ਹੀ ਕਿਸੇ ਲੰਮੇਰੇ ਸਮੇਂ ਦੀ ਜ਼ਰੂਰਤ, ਇਹ ਉਡਦਾ ਉਡਦਾ ਸ਼ੇਰਵਾਈ ਹੱਲਾ ਕਰਦੇ ਤੇ ਉਹਨੀਂ ਪੈਰੀਂ ਪਰਤਦੇ ਹੋਏ ਮੁੜ ਆਪਣੇ ਨੀਯਤ ਕੀਤੇ ਅਸਥਾਨ ਤੇ ਜਾ ਡੇਰਾ ਲਾਉਂਦੇ। ਇਹ ਕੰਮ ਏਡੀ ਫੁਰਤੀ ਨਾਲ ਹੁੰਦਾ ਕਿ ਪਹਿਰੇਦਾਰ ਤੇ ਗਸ਼ਤੀ ਦਸਤਿਆਂ ਤੱਕ ਖ਼ਬਰਾਂ ਪਹੁੰਚਾਣੇ ਪਹੁੰਚਾਉਣ ਤੱਕ ਇਹ ਆਪਣਾ ਕੰਮ ਕਰਕੇ ਮੱਖਣ ਵਿਚੋਂ ਵਾਲ ਦੀ ਤਰ੍ਹਾਂ ਸਾਫ਼ ਪਾਰ ਹੋ ਜਾਂਦੇ। ਇਸ ਸਮੇਂ ਜਿੱਥੇ ਮਿਸਲਦਾਰ ਆਪਣੀ ਸੂਰਮ-ਤਾਈ ਦਾ ਸਿੱਕਾ ਦੁਰਾਨੀਆਂ ਦੇ ਦਿਲਾਂ ਪਰ ਬਿਠਾ ਰਹੇ ਸਨ ਉਥੇ ਮੁਨਸ਼ੀ ਸੋਹਨ ਲਾਲ, ਰਣਜੀਤ ਸਿੰਘ ਦੀ ਨਿਰਭੈਤਾ ਦੀ ਇਕ ਅਚਰਜ ਘਟਨਾ ਦਾ ਹਾਲ ਇਉਂ ਲਿਖਦਾ ਹੈ ਕਿ "ਜਦ ਸ਼ਾਹ ਜ਼ਮਾਨ ਲਾਹੌਰ ਦੇ ਕਿਲ੍ਹੇ ਵਿਚ ਠਹਿਰਿਆ ਹੋਇਆ ਸੀ ਤਾਂ ਰਣਜੀਤ ਸਿੰਘ ਆਪਣੇ ਜਵਾਨਾਂ ਨਾਲ ਤਿੰਨ ਵਾਰੀ ਕਿਲ੍ਹਾ ਲਾਹੌਰ ਸਾਹਮਣੇ ਆਇਆ ਅਤੇ ਠੀਕ ਸੰਮਨ ਬੁਰਜ ਦੇ ਹੇਠਾਂ ਖੜੋ ਕੇ, ਜਿਥੇ ਸ਼ਾਹ ਜ਼ਮਾਨ ਬੈਠਿਆ ਕਰਦਾ ਸੀ, ਗੋਲੀਆਂ ਚਲਾਈਆਂ ਜਿਨ੍ਹਾਂ ਨਾਲ ਕਈ ਦੁਰਾਨੀ ਫੱਟੜ ਹੋਏ" ਅਤੇ ਗੱਜ ਕੇ ਗਰਜਵੀਂ ਆਵਾਜ਼ ਨਾਲ ਆਖਦਾ, "ਐ ਅਹਿਮਦ ਸ਼ਾਹ ਅਬਦਾਲੀ ਦੇ ਪੋਤੇ ! ਵੇਖ ਸਰਦਾਰ ਚੜ੍ਹਤ ਸਿੰਘ ਦਾ ਪੋਤਾ ਆਇਆ ਹੈ; ਜ਼ਰਾ ਸਾਹਮਣੇ ਆ ਤੇ ਇਸ ਦੇ ਦੋ ਹੱਥ ਵੇਖ ਲੈ।" ਜਦੋਂ ਦੁਰਾਨੀ ਕਿਲ੍ਹੇ ਤੋਂ ਬਾਹਰ ਨਿਕਲਣ ਦਾ ਹੀਆ ਨਾ ਕਰਦੇ ਤਾਂ ਇਹ ਪਰਤ ਜਾਂਦਾ[1]।

ਇਨ੍ਹਾਂ ਰੋਜ਼ ਦੀਆਂ ਮਾਰਾਂ ਤੇ ਹੱਲਿਆਂ ਤੋਂ ਸ਼ਾਹ ਜ਼ਮਾਨ ਐਸਾ ਜਿਚ (ਚਿੱਕ) ਹੋਇਆ ਕਿ ਉਸ ਨੇ ਕਿਸੇ ਲੰਮੇਰੇ ਸਮੇਂ ਤੱਕ ਇਥੇ ਠਹਿਰਨਾ ਅਤਿ ਹਾਨੀਕਾਰਕ ਸਮਝਿਆ, ਤੇ ਇਸ ਦਸ਼ਾ ਵਿਚ ਪੰਜਾਬ ਦਾ ਪ੍ਰਬੰਧ ਕਰਨਾ ਇਸ ਨੇ ਆਪਣੀ ਸ਼ਕਤੀ ਤੋਂ ਬਾਹਰ ਡਿੱਠਾ[2] ਅਤੇ ਝਬਦੇ ਹੀ ਪਿੱਛੇ ਮੁੜ ਗਿਆ। ਭਾਵੇਂ ਲੋਕਾਂ ਵਿਚ ਤਾਂ ਇਹ ਮਸ਼ਹੂਰ ਕੀਤਾ ਕਿ ਹਿਰਾਤ ਵਿਚ

------

1. *ਬੂਟੀ ਸ਼ਾਹ ਨੇ ਵੀ ਇਸ ਘਟਨਾ ਦਾ ਜ਼ਿਕਰ ਆਪਣੀ ਪੁਸਤਕ ਵਿਚ ਕੀਤਾ ਹੈ, ਵੇਖੋ ਤਾਰੀਖ਼ ਪੰਜਾਬ ਜਿ: 2 ਬੂਟੀ ਸ਼ਾਹ ਸਫਾ 638। ਸੋਹਨ ਲਾਲ ਦਫ਼ਤਰ 2; ਸ: 39।*
2. *ਪੰਡਤ ਦੇਵੀ ਪ੍ਰਸਾਦ*

ਮਹਿਮੂਦ ਨੇ ਬਗ਼ਾਵਤ ਕਰ ਦਿੱਤੀ ਹੈ, ਉਸ ਦੇ ਪ੍ਰਬੰਧ ਲਈ ਦੁਰਾਨੀ ਛੇਤੀ ਹੀ ਪਰਤ ਚੱਲਿਆ ਹੈ, ਪਰ ਅਸਲੀ ਕਾਰਨ ਉਸ ਦਾ ਇੰਨਾ ਛੇਤੀ ਬਿਨਾਂ ਕਿਸੇ ਪ੍ਰਬੰਧ ਦੇ ਮੁੜਨ ਦਾ ਸਿੰਘਾਂ ਦੇ ਇਹ ਛਾਪੇ ਸਨ । ਹਾਂ ਜਾਂਦੇ ਜਾਂਦੇ ਇਹ ਆਪਣੇ ਪ੍ਰਸਿੱਧ ਤੇ ਬਹਾਦਰ ਜਰਨੈਲ ਸਹਾਨਚੀ ਖ਼ਾਂ ਨੂੰ 12 ਹਜ਼ਾਰ ਫ਼ੌਜ ਤੇ ਇਕ ਭਾਰੀ ਤੋਪਖਾਨਾ ਦੇ ਕੇ ਪਿੱਛੇ ਛੱਡ ਗਿਆ, ਤਾਂ ਜੋ ਉਹ ਸਿੱਖਾਂ ਨੂੰ ਕਿਸੇ ਤਰ੍ਹਾਂ ਸ਼ਾਹੀ ਹਕੂਮਤ ਦੇ ਅਧੀਨ ਕਰ ਲਏ[1] ।

ਇਧਰ ਖ਼ਾਲਸੇ ਨੇ ਜੇਹਲਮ ਤੱਕ ਸ਼ਾਹ ਜ਼ਮਾਨ ਦਾ ਪਿੱਛਾ ਕੀਤਾ ਤੇ ਇਕ ਇਕ ਕਰਕੇ ਲੁੱਟ ਦਾ ਸਾਰਾ ਮਾਲ ਉਸ ਤੋਂ ਖੋਹ ਲਿਆ । ਇਹੋ ਦਲ ਪਰਤ ਕੇ ਰਾਮ ਨਗਰ ਵੱਲ - ਜੋ ਉਦੋਂ ਰਣਜੀਤ ਸਿੰਘ ਦੇ ਕਬਜ਼ੇ ਵਿਚ ਸੀ - ਵਧਿਆ । ਇਧਰ ਖ਼ਾਲਸਾ ਦਲ ਵੀ ਰਣਜੀਤ ਸਿੰਘ ਭੰਗੀ, ਨਿਹਾਲ ਸਿੰਘ ਅਟਾਰੀ ਆਲਾ ਆਦਿ ਦੀ ਸਰਦਾਰੀ ਹੇਠ ਤਿਆਰ ਖੜ੍ਹਾ ਸੀ । ਦੁਰਾਨੀਆਂ ਅਤੇ ਖ਼ਾਲਸੇ ਵਿਚ ਇਕ ਤਕੜਾ ਟਾਕਰਾ ਹੋਇਆ, ਜਿਸ ਵਿਚ ਜਰਨੈਲ ਸਹਾਨਚੀ ਖ਼ਾਨ ਦੇ ਪੈਰ ਮੈਦਾਨ ਵਿਚੋਂ ਉਖੜ ਗਏ ਤੇ ਉਹ ਗੁਜਰਾਤ ਵੱਲ ਨੱਸ ਪਿਆ, ਪਰ ਅਜੇ ਉਹ ਬਹੁਤਾ ਦੂਰ ਨਹੀਂ ਸੀ ਗਿਆ ਕਿ ਖ਼ਾਲਸੇ ਨੇ ਉਸ ਨੂੰ ਘੇਰ ਲਿਆ ਤੇ ਉਸ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ । ਬਸ, ਫੇਰ ਕੀ ਸੀ, ਅਫ਼ਗਾਨਾਂ ਦੀ ਰਹਿੰਦੀ ਖੂੰਹਦੀ ਆਸ ਦਾ ਲੱਕ ਵੀ ਇਸ ਨਾਲ ਟੁੱਟ ਗਿਆ ਤੇ ਜਿਹੜੇ ਜਿਊਂਦੇ ਬਚੇ ਸਨ, ਉਹ ਸਿੱਧੇ ਕਾਬਲ ਜਾ ਵੱਜੇ[2]। ਜਰਨੈਲ ਸਹਾਨਚੀ ਖ਼ਾਨ ਦਾ ਮਕਬਰਾ ਗੁਜਰਾਤ ਤੋਂ ਚੜ੍ਹਦੇ ਵੱਲ ਚਾਰ ਮੀਲ ਦੀ ਵਾਟ ਪਰ ਹੁਣ ਤੀਕ ਮੌਜੂਦ ਹੈ । ਇਹ ਘਟਨਾ ਸੰਨ 1798 ਦੇ ਛੇਕੜ ਦੀ ਹੈ[3] ।

## ਸ਼ੇਰਿ ਪੰਜਾਬ ਦੇ ਪਹਿਲੇ ਸਮਾਚਾਰ
## ਤੇ
## ਉਸ ਦੀ ਜਾਨ ਲੈਣ ਦਾ ਯਤਨ

ਮਹਾਰਾਜ ਰਣਜੀਤ ਸਿੰਘ ਦੇ ਸਿਰ ਤੋਂ ਪਿਤਾ ਦੀ ਛਤਰ-ਛਾਇਆ ਉਠ ਜਾਣ ਸਮੇਂ ਉਸ ਦੀ ਉਮਰ ਬਾਰਾਂ ਬਰਸ ਤੋਂ ਵੀ ਕੁਝ ਘੱਟ ਸੀ, ਭਾਵੇਂ ਉਹ ਆਪਣੇ ਪਿਤਾ ਨਾਲ ਕਈ ਨਿੱਕੇ ਵੱਡੇ ਯੁੱਧ ਜੰਗਾਂ ਵਿਚ ਭਾਗ ਲੈ ਚੁੱਕਾ ਸੀ, ਪਰ ਫੇਰ ਵੀ ਉਹ ਪਹਿਲੇ ਪਹਿਲ ਕੁਝ ਸਮੇਂ ਤੱਕ ਆਪਣੇ ਪੈਰਾਂ ਪਰ ਖੜੋਨ ਲਈ ਡਾਢਾ ਚਿੰਤਾਤੁਰ ਰਹਿੰਦਾ । ਇਸ ਸਮੇਂ ਇਸ ਦੀ ਬਹਾਦਰ ਸੱਸ ਸਰਦਾਰਨੀ ਸਦਾ ਕੌਰ ਤੇ ਇਸ ਦੀ ਸਿਆਣੀ ਮਾਤਾ ਦੀ ਮਿਲਵੀਂ ਸਹਾਇਤਾ ਨੇ ਇਸ ਦੇ ਭਾਰ ਨੂੰ ਬਹੁਤ ਕੁਝ ਹਲਕਾ ਕਰ ਦਿੱਤਾ, ਜਿਸ ਦੀ ਇਸ ਸਮੇਂ ਅਤਿ ਲੋੜ ਸੀ ।

ਇਨ੍ਹਾਂ ਦਿਨਾਂ ਵਿਚ ਰਣਜੀਤ ਸਿੰਘ ਇਕ ਦਿਨ ਰਾਮ ਨਗਰ ਦੇ ਲਾਗੇ ਸ਼ਿਕਾਰ ਖੇਡਦਾ ਹੋਇਆ ਇੰਨਾ ਦੂਰ ਨਿਕਲ ਗਿਆ ਕਿ ਉਸ ਦੇ ਸਾਥੀ ਉਸ ਤੋਂ ਘਣੇ ਜੰਗਲ ਵਿਚ ਵਿਛੜ ਗਏ । ਇਸ ਸਮੇਂ ਦੇਵਨੈਤ ਨਾਲ ਹਸ਼ਮਤ ਖ਼ਾਨ ਚੱਠਾ, ਜਿਸ ਦਾ ਇਲਾਕਾ ਸਰਦਾਰ ਮਹਾਂ ਸਿੰਘ ਨੇ ਫਤਹਿ ਕਰ ਲਿਆ ਸੀ, ਸਣੇ ਆਪਣੇ ਨੌਕਰਾਂ ਦੇ ਸ਼ਿਕਾਰ ਦੀ ਭਾਲ ਵਿਚ ਇਸ ਨੂੰ ਆ ਮਿਲਿਆ । ਹਸ਼ਮਤ ਖ਼ਾਨ ਚਿਰ ਤੋਂ ਇਸ ਭਾਲ ਵਿਚ ਸੀ ਕਿ ਕਿਸੇ ਸਮੇਂ ਇਸ ਦਾ ਹੱਥ

------

1. *ਘਨਯਾ ਲਾਲ, ਤਵਾਰੀਖ਼ ਪੰਜਾਬ ਸਫ਼ਾ 134.।*
2. *ਘਨੱਯਾ ਲਾਲ, ਤਵਾਰੀਖ਼ ਪੰਜਾਬ, ਸਫ਼ਾ 135 ।*
3. *ਘਨਯਾ ਲਾਲ ਦਾ ਸਹਾਨਚੀ ਖ਼ਾਨ ਦੀ ਮੌਤ ਦਾ ਸਾਲ 1793-1796 ਦੇ ਵਿਚਾਲੇ ਲਿਖਣਾ ਭੁੱਲ ਹੈ, ਵੇਖੋ ਲੈਪਲ ਗ੍ਰਿਫਨ ਦੀ ਪੰਜਾਬ ਚੀਫਸ, ਸਫ਼ਾ 239 ।*

ਰਣਜੀਤ ਸਿੰਘ ਤੱਕ ਪਹੁੰਚੇ ਤਾਂ ਉਸ ਦੀ ਜਾਨ ਲੈ ਕੇ ਆਪਣੇ ਮਨ ਦੀ ਜਲਨ ਬੁਝਾਏ। ਹੁਣ ਇਹ ਸਮਾਂ ਇਸ ਨੂੰ ਬੜਾ ਅਮੋਲਕ ਮਿਲ ਗਿਆ, ਇਸ ਨੇ ਏਕਾ-ਏਕ ਆਪਣੀ ਬੰਦੂਕ ਰਣਜੀਤ ਸਿੰਘ ਵੱਲ ਤਾੜ ਕੇ ਐਸੀ ਚਲਾਈ ਕਿ ਲਗਦੇ ਸਾਰ ਉਸ ਦੀ ਜਾਨ ਬਾਹਰ ਆ ਜਾਏ, ਪਰ ਕੁਦਰਤ ਨੂੰ ਕੁਝ ਹੋਰ ਪਰਵਾਨ ਸੀ, ਉਸ ਦੀ ਗੋਲੀ ਸ਼ੇਰਿ ਪੰਜਾਬ ਤੋਂ ਜ਼ਰਾ ਹੇਠਾਂ ਘੋੜੇ ਦੀਆਂ ਵਾਗਾਂ ਵਿਚ ਆ ਲੱਗੀ ਤੇ ਉਹ ਦੋ ਟੁੱਕ ਹੋ ਗਈਆਂ, ਜੇ ਕਦੇ ਇਹ ਗੋਲੀ ਜ਼ਰਾ ਕੁ ਉਚੇਰੀ ਲੱਗਦੀ ਤਾਂ ਖ਼ਾਲਸੇ ਦੀ ਕੌਮੀ ਫੁੱਲਵਾੜੀ ਦਾ ਉਹ ਫੁੱਲ ਖਿੜਨ ਤੋਂ ਪਹਿਲਾਂ ਹੀ ਕਲੀ ਦੇ ਰੂਪ ਵਿਚ ਮੁਰਝਾ ਜਾਂਦਾ, ਜਿਸ ਦੀ ਸੁਗੰਧੀ ਨਾਲ ਸਾਰੀ ਕੌਮ ਨੇ ਮਹਿਕਣਾ ਸੀ। ਇਧਰ ਖ਼ਾਨ ਦੀ ਗੋਲੀ ਦਾ ਖੁੰਝਣਾ ਸੀ ਕਿ ਸ਼ੇਰਿ ਪੰਜਾਬ, ਹੱਥ ਵਿਚ ਸੂਤੀ ਹੋਈ ਸ੍ਰੀ ਸਾਹਿਬ ਲਈ ਭੜਕ ਕੇ ਚੱਠੇ ਸਰਦਾਰ ਦੇ ਗਲ ਜਾ ਪਿਆ ਤੇ ਇਕ ਅੱਖ ਦੇ ਫੁਰਕਾਰ ਵਿਚ ਉਸ ਉਪਰ ਐਸਾ ਵਾਰ ਕੀਤਾ ਕਿ ਉਸ ਦਾ ਸਿਰ ਧੜ ਤੋਂ ਅੱਡ ਜਾ ਪਿਆ[1]। ਜਦ ਉਸ ਦੇ ਸਾਥੀਆਂ ਹਸ਼ਮਤ ਖ਼ਾਨ ਦਾ ਸਿਰ ਵੱਖ ਡਿੱਠਾ ਤਾਂ ਉਹ ਵੀ ਨੱਸ ਪਏ ਤੇ ਹੁਣ ਸ਼ੇਰਿ ਪੰਜਾਬ ਉਸ ਖ਼ਾਨ ਦਾ ਸਿਰ ਆਪਣੀ ਤਲਵਾਰ ਦੀ ਨੋਕ ਤੇ ਟੰਗ ਕੇ ਆਪਣੇ ਸਾਥੀਆਂ ਨੂੰ ਆ ਮਿਲਿਆ। ਜਦ ਉਸ ਨੇ ਉਹਨਾਂ ਨੂੰ ਇਹ ਸਾਰੀ ਵਿੱਥਿਆ ਸੁਣਾਈ ਤਾਂ ਉਹ ਅਤਿ ਪ੍ਰਸੰਨ ਹੋਏ।

## ਸ਼ੇਰਿ ਪੰਜਾਬ ਦਾ ਲਾਹੌਰ ਪਰ ਕਬਜ਼ਾ

ਹੁਣ ਜਦ ਪੰਜਾਬ ਅਫ਼ਗਾਨਾਂ ਤੋਂ ਚੰਗੀ ਤਰ੍ਹਾਂ ਖ਼ਾਲੀ ਹੋ ਗਿਆ, ਤਾਂ ਲਾਹੌਰ ਉਤੇ ਫੇਰ ਤਿੰਨਾਂ ਸਰਦਾਰਾਂ-ਚੇਤ ਸਿੰਘ, ਮੋਹਰ ਸਿੰਘ ਤੇ ਸਾਹਿਬ ਸਿੰਘ - ਨੇ ਆ ਕੇ ਕਬਜ਼ਾ ਜਮਾਇਆ। ਇਧਰ ਰਣਜੀਤ ਸਿੰਘ ਦੀ ਬਹਾਦਰੀ ਤੇ ਨਿਰਭੈਤਾ ਦੀ ਪ੍ਰਸਿੱਧਤਾ ਦਿਨੋ ਦਿਨ ਸਾਰੇ ਦੇਸ਼ ਵਿਚ ਪਸਰ ਰਹੀ ਸੀ ਅਤੇ ਵੇਖਣ ਵਾਲੀਆਂ ਅੱਖਾਂ ਵੇਖ ਰਹੀਆਂ ਸਨ ਕਿ ਉਹ ਦਿਨ ਬਹੁਤ ਦੂਰ ਨਹੀਂ, ਜਦ ਇਹ ਬਹਾਦਰ ਯੋਧਾ ਪੰਜਾਬ ਦੀ ਹਕੂਮਤ ਨੂੰ ਸਾਂਭ ਲਏਗਾ।

ਲਾਹੌਰ ਦੇ ਇਨ੍ਹਾਂ ਤਿੰਨਾਂ ਹਾਕਮਾਂ ਦਾ ਆਪਸ ਵਿਚ ਮੇਲ-ਮਿਲਾਪ ਨਾ ਹੋਣ ਦੇ ਕਾਰਨ ਸਦਾ ਲੜਾਈ ਝਗੜੇ ਰਹਿੰਦੇ ਸਨ, ਜਿਸ ਕਰਕੇ ਸ਼ਹਿਰ ਦੇ ਵਸਨੀਕਾਂ ਨੂੰ ਕਈ ਤਰ੍ਹਾਂ ਦੀਆਂ ਕਠਿਨਾਈਆਂ ਭੁਗਤਣੀਆਂ ਪੈਂਦੀਆਂ। ਇਹ ਵੈਰ ਵਿਰੋਧ ਇਥੋਂ ਤੱਕ ਵਧੇ ਕਿ ਇਕ ਦਿਨ ਵੀ ਇਨ੍ਹਾਂ ਨੂੰ ਟਿਕ ਕੇ ਨਾ ਬੈਠਣਾ ਮਿਲਦਾ। ਇਸ ਤਰ੍ਹਾਂ ਇਨ੍ਹਾਂ ਨੂੰ ਇਨ੍ਹਾਂ ਘਰੋਗੀ ਝਗੜਿਆਂ ਧੰਦਿਆਂ ਵਿਚ ਫਸੇ ਪਏ ਨਿਰਬਲ ਵੇਖ ਕੇ ਨੇੜੇ ਹੀ ਸੀ ਕਿ ਨਜ਼ਾਮੁਦੀਨ ਕਸੂਰੀਆ ਇਨ੍ਹਾਂ ਦੀ ਫੁਟ ਤੋਂ ਲਾਭ ਪ੍ਰਾਪਤ ਕਰਕੇ ਲਾਹੌਰ ਤੇ ਕਬਜ਼ਾ ਕਰ ਲੈਂਦਾ ਪਰ ਇਸ ਗੱਲ ਦਾ ਭੇਦ ਸੰਜੋਗ ਨਾਲ ਪਹਿਲੇ ਹੀ ਖੁੱਲ੍ਹ ਗਿਆ। ਹੁਣ ਲਾਹੌਰ ਦੇ ਮੁਖੀਆ ਭਾਈ ਗੁਰਬਖਸ਼ ਸਿੰਘ, ਹਕੀਮ ਹਾਕਮ ਰਾਏ ਤੇ ਮੀਆਂ ਆਸ਼ਕ ਮੁਹੰਮਦ ਨੇ ਆਪਣੇ ਦਸਤਖੀ ਬੇਨਤੀ ਪੱਤਰ ਸ਼ੇਰਿ-ਪੰਜਾਬ ਵੱਲ ਭੇਜਿਆ ਤੇ ਦੱਸਿਆ ਕਿ ਕਿਵੇਂ ਪਰਜਾ ਦੁਖੀ ਹੈ। ਕਸੂਰ ਦਾ ਨਵਾਬ ਸ਼ਹਿਰ ਤੇ ਕਬਜ਼ਾ ਕਰਨਾ ਚਾਹੁੰਦਾ ਹੈ, ਜਿਵੇਂ ਹੋ ਸਕੇ ਲਾਹੌਰ ਨੂੰ ਇਸ ਬਿਪਤਾ ਤੋਂ ਬਚਾਇਆ ਜਾਵੇ। ਇਹਨਾਂ ਤਿੰਨਾਂ ਹਾਕਮਾਂ ਨੇ ਪਰਜਾ ਨੂੰ ਡਾਢਾ ਦੁਖੀ ਕਰ ਰੱਖਿਆ ਹੈ ਆਦਿ[2]।

ਸ਼ੇਰਿ ਪੰਜਾਬ ਦੀਆਂ ਸਫਲਤਾਵਾਂ ਦਾ ਸਿਤਾਰਾ ਹੁਣ ਚੰਗੀ ਤਰ੍ਹਾਂ ਚਮਕ ਰਿਹਾ ਸੀ,

- - - - - -

1. *ਲੈਪਲ ਗ੍ਰਿਫਨ ਦਾ 'ਦੀ ਪੰਜਾਬ ਚੀਫਸ' ਵਿਚ ਇਹ ਲ਼ਿਖਣਾ ਕਿ ਮਹਾਰਾਜਾ ਰਣਜੀਤ ਸਿੰਘ ਇਸ ਸਮੇਂ ਹਾਥੀ ਪਰ ਸਵਾਰ ਸੀ, ਠੀਕ ਨਹੀਂ। ਸ਼ੇਰਿ-ਪੰਜਾਬ ਘੋੜੇ ਪਰ ਸਵਾਰ ਸੀ, ਵੇਖੋ ਡਾ: ਚੋਪੜਾ ਲਿਖਤ ਪੰਜਾਬ ਐਜ਼ੇ ਸਾਵ੍ਰਨ ਸਟੇਟ' ਸਫ਼ਾ 11, ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ਼ ਦੀ ਪੰਜਾਬ ਸਫ਼ਾ 348।*
2. *ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ ਸਫ਼ਾ 349।*

ਤੁਰੰਤ ਅੱਠ ਹਜ਼ਾਰ ਚੋਣਵੀਂ ਫੌਜ ਅਤੇ ਕੁਝ ਅਕਾਲੀ ਸੂਰਮੇ ਸਣੇ ਬਹੁਤ ਸਾਰੀ ਸਰਦਾਰਨੀ ਸਦਾ ਕੌਰ ਦੀ ਸੈਨਾ ਦੇ ਤਿਆਰ ਕਰਕੇ ਲਾਹੌਰ ਤੇ ਧਾਵਾ ਕਰ ਦਿੱਤਾ। ਹੁਣ ਲਾਹੌਰ ਦੇ ਹਾਕਮਾਂ ਨੂੰ ਤਦ ਪਤਾ ਲੱਗਾ ਜਦ ਰਣਜੀਤ ਸਿੰਘ ਦੀ ਫੌਜ ਲਾਹੌਰ ਦੇ ਵਜ਼ੀਰ ਖ਼ਾਨ ਦੇ ਬਾਗ ਵਿਚ ਜਾ ਉਤਰੀ[1]। ਇਥੋਂ ਰਣਜੀਤ ਸਿੰਘ ਨੇ ਆਪਣੀ ਚਤਰ ਸੱਸ ਦੀ ਸਲਾਹ ਨਾਲ ਫੌਜ ਦੇ ਦੋ ਰਸਤੇ ਕਰ ਲਏ। ਇਕ ਜੱਥੇ ਨਾਲ ਸਰਦਾਰਨੀ ਸਦਾ ਕੌਰ ਨੇ ਦਿੱਲੀ ਦਰਵਾਜ਼ੇ ਤੋਂ ਹੱਲਾ ਕੀਤਾ ਅਤੇ ਦੂਜਾ ਰਸਤਾ ਆਪ ਲੈ ਕੇ ਲੁਹਾਰੀ ਦਰਵਾਜ਼ੇ ਵਲੋਂ ਸ਼ਹਿਰ ਨੂੰ ਜਾ ਘੇਰਿਆ। ਇਸ ਸਮੇਂ ਇਸ ਨੂੰ ਠਲਾ ਪਾਣ ਲਈ ਦਰਵਾਜ਼ੇ ਤੋਂ ਬਾਹਰ ਇਕ ਟਾਕਰਾ ਵੀ ਹੋਇਆ, ਪਰ ਸ਼ੇਰਿ ਪੰਜਾਬ ਦੇ ਧਾਵੇ ਨੂੰ ਕੋਈ ਵੀ ਨਾ ਅਟਕਾ ਸਕਿਆ। ਇਸ ਸਮੇਂ ਉਹ ਕਿਸੇ ਲੰਮੀਆਂ ਸੋਚਾਂ ਵਿਚ ਨਹੀਂ ਪਿਆ, ਝੱਟ ਹੁਕਮ ਦਿੱਤਾ ਕਿ ਦਰਵਾਜ਼ੇ ਦੀ ਨੀਂਹ ਹੇਠਾਂ ਬਾਰੂਦ ਭਰ ਕੇ ਅੱਗ ਲਾ ਦਿਉ। ਇਸ ਹੁਕਮ ਦੀ ਪਾਲਣਾ ਅੱਖ ਦੇ ਫੋਰ ਵਿਚ ਕੀਤੀ ਗਈ। ਹੁਣ ਜਦ ਬਾਰੂਦ ਨੂੰ ਅੱਗ ਲੱਗੀ ਤਾਂ ਇਸ ਦੇ ਧਮਾਕੇ ਨਾਲ ਦਰਵਾਜ਼ੇ ਦੇ ਲਾਗੇ ਦੀ ਫਸੀਲ ਉਡ ਕੇ ਪਰ੍ਹੇ ਜਾ ਪਈ। ਇੰਨੇ ਨੂੰ ਅੰਦਰੋਂ ਦਰਵਾਜ਼ਾ ਵੀ ਖੁੱਲ੍ਹ ਗਿਆ ਤੇ ਹੁਣ ਸ਼ੇਰਿ ਪੰਜਾਬ ਦੋ ਹਜ਼ਾਰ ਸਵਾਰਾਂ ਦਾ ਇਕ ਬਲਵਾਨ ਦਸਤਾ ਤੇ ਚਾਰ ਵੱਡੀਆਂ ਤੋਪਾਂ ਆਪਣੇ ਨਾਲ ਲੈ ਕੇ ਬਿਜਲੀ ਵਾਂਗ ਕੜਕਦਾ ਹੋਇਆ ਸ਼ਹਿਰ ਵਿਚ ਜਾ ਵੜਿਆ। ਸ਼ੇਰਿ ਪੰਜਾਬ ਦੀ ਇਸ ਨਿਰਭੈਤਾ ਦਾ ਸ਼ਹਿਰ ਦੇ ਹਾਕਮ ਉਤੇ ਇੰਨਾ ਦਬਦਬਾ ਛਾਇਆ ਕਿ ਤਿੰਨਾਂ ਸਰਦਾਰਾਂ ਵਿਚੋਂ ਇਕ ਵੀ ਇਸ ਦੇ ਟਾਕਰੇ ਲਈ ਨਾ ਠਹਿਰ ਸਕਿਆ। ਸਰਦਾਰ ਮੋਹਰ ਸਿੰਘ ਤੇ ਸਾਹਿਬ ਸਿੰਘ ਤਾਂ ਸਣੇ ਆਪੋ ਆਪਣੀਆਂ ਫੌਜਾਂ ਦੇ ਸ਼ਹਿਰ ਨੂੰ ਖਾਲੀ ਕਰਕੇ ਬਾਹਰ ਨਿਕਲ ਗਏ, ਪਰ ਤੀਜਾ ਪਤੀਦਾਰ ਸਰਦਾਰ ਚੇਤ ਸਿੰਘ ਜੋ ਕਿਲ੍ਹੇ ਵਿਚ ਸੀ, ਉਸ ਨੇ ਆਪਣੇ ਆਪ ਨੂੰ ਕਿਲ੍ਹੇ ਵਿਚ ਬੰਦ ਕਰ ਲਿਆ। ਇਸ ਤਰ੍ਹਾਂ 15 ਹਾੜ ਸੰਮਤ 1856 ਨੂੰ ਸ਼ੇਰਿ ਪੰਜਾਬ ਦਾ ਸਾਰੇ ਲਾਹੌਰ ਤੇ ਅਧਿਕਾਰ ਹੋ ਗਿਆ[2]। ਇਸ ਸਮੇਂ ਸ਼ੇਰਿ ਪੰਜਾਬ ਨੇ ਆਪਣੀ ਫੌਜ ਨੂੰ ਹੁਕਮ ਦਿੱਤਾ ਕਿ ਸ਼ਹਿਰ ਵਿਚ ਕੋਈ ਲੁੱਟ-ਮਾਰ ਨਾ ਕੀਤੀ ਜਾਵੇ, ਫੌਜਾਂ ਨੂੰ ਅਸੀਂ ਆਪਣੇ ਖਜ਼ਾਨੇ ਵਿਚੋਂ ਬਖ਼ਸ਼ੀਸ਼ ਦੇਵਾਂਗੇ। ਇਸ ਲਈ ਇਸ ਸਮੇਂ ਕੋਈ ਲੁੱਟ ਨਹੀਂ ਸੀ ਹੋਈ[3]। ਸ਼ਹਿਰ ਦਾ ਪੱਕਾ ਪ੍ਰਬੰਧ ਕਰਕੇ ਰਣਜੀਤ ਸਿੰਘ ਸਣੇ ਫੌਜ ਦੇ ਕਿਲ੍ਹੇ ਵੱਲ ਵਧਿਆ ਅਤੇ ਜਾਂਦਿਆਂ ਹੀ ਕਿਲ੍ਹੇ ਦੇ ਸਾਹਮਣੇ ਪਾਸੇ ਖੁਲ੍ਹੇ ਮੈਦਾਨ ਵਿਚ ਡੇਰੇ ਲਾ ਦਿੱਤੇ ਤੇ ਆਪਣੇ ਤੋਪਚੀਆਂ ਨੂੰ ਹੁਕਮ ਦਿੱਤਾ ਕਿ ਕੋਈ ਗੋਲਾ ਕਿਲ੍ਹੇ ਤੇ ਨਾ ਚਲਾਇਆ ਜਾਵੇ। ਸਰਦਾਰ ਚੇਤ ਸਿੰਘ ਜਦ ਤੱਕ ਚਾਹੇ ਕਿਲ੍ਹੇ ਵਿਚ ਪਿਆ ਰਹੇ ਤੇ ਜਦ ਉਸ ਦਾ ਜੀ ਕਰੇ ਕਿਲ੍ਹੇ ਤੋਂ ਬਾਹਰ ਨਿਕਲ ਜਾਏ, ਅਸੀਂ ਉਸ ਨਾਲ ਹੁਣ ਕੋਈ ਛੇੜ-ਛਾੜ ਨਹੀਂ ਕਰਨੀ। ਪਰ ਚੇਤ ਸਿੰਘ ਲਈ ਅੰਦਰ ਰਹਿਣਾ ਕੋਈ ਸੌਖਾ ਨਹੀਂ ਸੀ, ਇਸ ਤੋਂ ਅਗਲੇ ਦਿਨ ਹੀ ਸਰਦਾਰ ਚੇਤ ਸਿੰਘ ਦੇ ਕਰਮਚਾਰੀ ਸ਼ੇਰਿ ਪੰਜਾਬ ਕੋਲ ਪਹੁੰਚੇ ਤੇ ਬੇਨਤੀ ਕੀਤੀ ਕਿ ਆਪ ਸਰਦਾਰ ਦੀ ਜਾਨ ਬਖਸ਼ੀ ਕਰੋ ਤਾਂ ਉਹ ਕਿਲ੍ਹਾ ਖਾਲੀ ਕਰ ਦੇਣ ਨੂੰ ਤਿਆਰ ਹੈ। ਸ਼ੇਰਿ ਪੰਜਾਬ ਉਹਨਾਂ ਨਾਲ ਬੜੀ ਚੰਗੀ ਤਰ੍ਹਾਂ ਵਰਤਿਆ ਅਤੇ ਚੇਤ ਸਿੰਘ ਲਈ ਇਕ ਭਾਰੀ ਜਾਗੀਰ ਨੀਯਤ ਕਰ ਦਿੱਤੀ[4]। ਹੁਣ ਚੇਤ

- - - - - -

1. *ਇਹ ਬਾਗ ਅਜਾਇਬ ਘਰ ਤੇ ਅਨਾਰਕਲੀ ਦੇ ਵਿਚਾਲੇ ਸੀ, ਜਿੱਥੇ ਹੁਣ ਪਬਲਿਕ ਲਾਇਬਰੇਰੀ ਹੈ।*
2. *ਦੀਵਾਨ ਅਮਰਨਾਥ ਜ਼ਫਰਨਾਮਾ ਰਣਜੀਤ ਸਿੰਘ, ਸਫਾ 8 ਮੌਲਵੀ ਅਹਿਮਦ ਬਖਸ਼ ਚਿਸ਼ਤੀ ਦਾ ਲਿਖਤ ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ, ਜਰਨਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ ਜਿ: 6 ਸਫਾ 85।*
3. *ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ, ਸਫਾ 351।*
4. *ਪ੍ਰਿੰਸਪ ਓਰਿਜਨ ਆਫ ਦੀ ਸਿਖ ਪਾਵਰ ਇਨ ਦੀ ਪੰਜਾਬ; ਸਫਾ 42, ਸ: ਮੁ: ਲਤੀਫ ਹਿਸਟਰੀ ਆਫ ਦੀ ਪੰਜਾਬ, ਸਫਾ 351।*

ਸਿੰਘ ਨੇ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਸ਼ੇਰਿ ਪੰਜਾਬ ਦਾ ਕਿਲ੍ਹੇ ਉਤੇ ਪੂਰੀ ਤਰ੍ਹਾਂ ਅਧਿਕਾਰ ਹੋ ਗਿਆ। ਕਿਲ੍ਹੇ ਵਿਚੋਂ ਬਹੁਤ ਸਾਰਾ ਪੁਰਾਣਾ ਦੱਬਿਆ ਹੋਇਆ ਖਜ਼ਾਨਾ ਤੇ ਕਈ ਤੋਪਾਂ ਮਹਾਰਾਜੇ ਦੇ ਹੱਥ ਆਈਆਂ। ਇਹ ਘਟਨਾ ਹਾੜ੍ਹ 16 ਸੰਮਤ 1856, ਸੰਨ 1778 ਦੀ ਹੈ।

## ਸ਼ਾਹ ਜ਼ਮਾਨ ਦੀ ਬਖਸ਼ਸ਼ ਪਰ ਵਿਚਾਰ

ਕਈ ਅੰਗਰੇਜ਼ ਤੇ ਦੇਸੀ ਇਤਿਹਾਸਕਾਰਾਂ ਨੇ ਕਪਤਾਨ ਵੈਂਜ ਦੀ ਰਿਪੋਰਟ ਤੋਂ ਜਿਸ ਵਿਚ ਬੇਓੜਕ ਭੁੱਲਾਂ ਖ਼ਬਰ-ਨਵੀਸਾਂ ਨੇ ਉਸ ਨੂੰ ਲਿਖਵਾਈਆਂ ਤੇ ਉਹ ਭੁੱਲਾਂ ਉਸ ਰਿਪੋਰਟ ਤੋਂ ਪਿੱਛੋਂ ਕਈ ਇਤਿਹਾਸਕਾਰਾਂ ਨੇ ਨਕਲ ਕੀਤੀਆਂ, ਜਿਹਨਾਂ ਵਿਚੋਂ ਇਕ ਇਹ ਹੈ ਕਿ ਸਰਦਾਰ ਰਣਜੀਤ ਸਿੰਘ ਨੂੰ ਲਾਹੌਰ ਤੇ ਕਬਜ਼ਾ ਕਰਨ ਦਾ ਪਤਾ ਸ਼ਾਹ ਜ਼ਮਾਨ ਦੁਰਾਨੀ ਨੇ ਲਿਖ ਦਿੱਤਾ ਸੀ ਤੇ ਇਹ ਉਸ ਸੇਵਾ ਬਦਲੇ ਸੀ ਜੋ ਮਹਾਰਾਜੇ ਨੇ ਉਸ ਦੀਆਂ ਤੋਪਾਂ ਦਰਿਆ ਵਿਚੋਂ ਕੱਢਣ ਸਮੇਂ ਮੱਦਦ ਕੀਤੀ। ਅਸੀਂ ਐਸੀ ਖ਼ਬਰ ਨੂੰ ਪਰਮਾਣਿਕ ਹਵਾਲਾ ਨਹੀਂ ਦਿੱਤਾ, ਹੇਠ ਲਿਖੀਆਂ ਦਲੀਲਾਂ ਦੇ ਹੁੰਦਿਆਂ ਮੰਨਣ ਲਈ ਤਿਆਰ ਨਹੀਂ :-

1. ਸ਼ਾਹ ਜ਼ਮਾਨ ਆਪ ਪੰਜਾਬ ਨੂੰ ਆਪਣੇ ਕਬਜ਼ੇ ਵਿਚ ਨਾ ਰੱਖ ਸਕਣ ਦੇ ਕਾਰਣ ਤੰਗ ਆ ਕੇ ਮੁੜਿਆ ਸੀ[1], ਇਸ ਤਰ੍ਹਾਂ ਉਸ ਦੀ ਹਵਾਈ ਬਖਸ਼ਿਸ਼ ਦਾ ਮਹਾਰਾਜੇ ਨੂੰ ਲਾਹੌਰ ਪਰ ਅਧਿਕਾਰ ਕਰਨ ਲਈ ਪਟਾ ਦੇਣ ਦਾ ਕੀ ਲਾਭ ਹੋ ਸਕਦਾ ਸੀ ? ਜਦ ਸ਼ਾਹ ਜ਼ਮਾਨ ਦੀ ਮੌਜੂਦਗੀ ਵਿਚ ਉਸ ਦਾ ਹੁਕਮ ਪੰਜਾਬ ਵਿਚ ਕੋਈ ਨਹੀਂ ਸੀ ਮੰਨਦਾ, ਤਦ ਦੱਸੋ, ਜਾਨ ਬਚਾ ਕੇ ਭੱਜੇ ਜਾਂਦੇ ਦੁਰਾਨੀ ਦਾ ਲਾਹੌਰ ਬਖਸ਼ ਜਾਣ ਦਾ ਪਟਾ ਮਹਾਰਾਜੇ ਲਈ ਕੀ ਸਵਾਰ ਸਕਦਾ ਸੀ ?

2. ਸ਼ਾਹ ਜ਼ਮਾਨ ਆਪਣੇ ਅਤਿ ਪਿਆਰੇ ਜਰਨੈਲ ਸਹਾਨਚੀ ਖ਼ਾਨ ਦੇ ਇਨ੍ਹਾਂ ਦਿਨਾਂ ਵਿਚ ਹੀ ਸ਼ੇਰਿ ਪੰਜਾਬ ਦੀ ਫੌਜ ਦੇ ਹੱਥੋਂ ਕਤਲ ਹੋਣ ਦੇ ਕਾਰਨ ਉਹ ਉਸ ਦੇ ਲਹੂ ਦਾ ਪਿਆਸਾ ਸੀ ਨਾ ਕਿ ਉਹਨੂੰ ਉਹ ਇਸ ਹੱਤਿਆ ਬਦਲੇ ਪੰਜਾਬ ਦੀ ਹਕੂਮਤ ਇਨਾਮ ਵਜੋਂ ਬਖਸ਼ ਜਾਂਦਾ।

3 ਸ਼ਾਹ ਜ਼ਮਾਨ ਜਦ ਲਾਹੌਰ ਦੇ ਕਿਲ੍ਹੇ ਵਿਚ ਸੀ ਤਾਂ ਸ਼ੇਰਿ ਪੰਜਾਬ ਤਿੰਨ ਵਾਰੀ ਸਣੇ ਜੁਆਨਾਂ ਦੇ ਸੰਮਨ ਬੁਰਜ ਦੇ ਕੋਲ ਪਹੁੰਚ ਕੇ ਸ਼ਾਹ ਜ਼ਮਾਨ ਪਰ ਗੋਲੀਆਂ ਚਲਾਉਂਦਾ ਰਿਹਾ ਤੇ ਉਸ ਦੀਆਂ ਅੱਖਾਂ ਸਾਹਮਣੇ ਕਈ ਦੁਰਾਨੀਆਂ ਨੂੰ ਫੱਟੜ ਕੀਤਾ ਅਤੇ ਵੰਗਾਰ ਵੰਗਾਰ ਕੇ ਆਖਦਾ ਰਿਹਾ "ਰਣਜੀਤ ਸਿੰਘ ਸਰਦਾਰ ਚੜ੍ਹਤ ਸਿੰਘ ਦਾ ਪੋਤਰਾ ਇਹ ਗੋਲੀਆਂ ਚਲਾਉਂਦਾ ਹੈ। ਤੇਰੇ ਵਿਚ ਹੌਂਸਲਾ ਹੈ ਤਾਂ ਹੇਠਾਂ ਮੈਦਾਨ ਵਿਚ ਆ ਕੇ ਜ਼ਰਾ ਬਲ ਪ੍ਰੀਖਿਆ ਕਰਕੇ ਵੇਖ ਲੈ।" ਚਾਹੀਦਾ ਤਾਂ ਇਹ ਸੀ ਕਿ ਇਸ ਬੇਪਤੀ ਅਤੇ ਹਾਨੀ ਦੇ ਬਦਲੇ ਸ਼ਾਹ ਜ਼ਮਾਨ ਉਸ ਦੀ ਜਾਨ ਲੈ ਕੇ ਬਦਲਾ ਲੈਂਦਾ, ਨਾ ਕਿ ਉਸ ਨੂੰ ਲਾਹੌਰ ਦਾ ਪਟਾ ਲਿਖ ਦਿੰਦਾ।

4. ਇਹ ਘਟਨਾ ਕੋਈ ਦਰਿਆ ਜੇਹਲਮ ਦੀ ਲਿਖਦਾ ਹੈ[2], ਕੋਈ ਝਨਾਂ ਦੀ[3] ਅਤੇ ਕੋਈ ਰਾਵੀ ਦੀ ਦੱਸਦਾ ਹੈ[4], ਜੋ ਅਸਲ ਵਿਚ ਕਿਸੇ ਖਬਰ ਨਵੀਸ ਦੀ ਮਨਘੜਤ ਕਹਾਣੀ ਹੈ, ਹਕੀਕਤ ਵਿਚ ਨਾ ਸ਼ਾਹ ਜ਼ਮਾਨ ਦੀਆਂ ਕੋਈ ਤੋਪਾਂ ਜੁੜੀਆਂ ਤੇ ਨਾ ਹੀ ਕਿਸੇ

1. *ਵੇਖੋ ਬੂਟੀ ਸ਼ਾਹ - ਮੁਨਸ਼ੀ ਸੋਹਨ ਲਾਲ, ਕਪਤਾਨ ਮਰੇ, ਸੱਯਦ ਮੁਹੰਮਦ ਲਤੀਫ਼।*
2. *ਪ੍ਰਿੰਸਪ*
3. *ਘਨੱਯਾ ਲਾਲ*
4. *ਲੈਪਲ ਗ੍ਰਿਫਨ*

ਕਢਵਾਈਆਂ ਅਤੇ ਨਾ ਹੀ ਰਣਜੀਤ ਸਿੰਘ ਨੂੰ ਕੋਈ ਪਤਾ ਮਿਲਿਆ। ਇਹ ਸਾਰੀ ਕਹਾਣੀ ਹੀ ਕਲਪਿਤ ਹੈ।

5. ਕੋਈ ਇਤਿਹਾਸਕਾਰ ਬਾਰਾਂ ਤੋਪਾਂ ਲਿਖਦਾ ਹੈ, ਕੋਈ ਦਸ।

6. ਫੇਰ ਲਿਖਿਆ ਹੈ ਕਿ ਮਹਾਰਾਜੇ ਨੇ ਅੱਠ ਤੋਪਾਂ ਕਾਬਲ ਭਿਜਵਾ ਦਿੱਤੀਆਂ ਤੇ ਚਾਰ ਆਪਣੇ ਕੋਲ ਰੱਖ ਲਈਆਂ, ਇਸ ਤਰ੍ਹਾਂ ਤੀਸਰਾ ਹਿੱਸਾ ਸ਼ਾਹ ਜ਼ਮਾਨ ਦੀਆਂ ਤੋਪਾਂ ਦਾ ਮਾਰ ਲੈਣ ਕਰਕੇ ਤਾਂ ਮਹਾਰਾਜਾ ਸ਼ਾਹ ਜ਼ਮਾਨ ਤੋਂ ਸਜ਼ਾ ਪਾਉਣ ਦਾ ਅਧਿਕਾਰੀ ਬਣ ਗਿਆ ਸੀ, ਨਾ ਕਿ ਪੰਜਾਬ ਹਕੂਮਤ ਦੇ ਪਟੇ ਦੇ ਇਨਾਮ ਦਾ।

7. ਉਸ ਸਮੇਂ ਦੇ ਕਿਸੇ ਦੇਸੀ ਇਤਿਹਾਸਕਾਰ ਨੇ ਇਸ ਦਾ ਜ਼ਿਕਰ ਨਹੀਂ ਲਿਖਿਆ।

8. ਜੇ ਕਦੇ ਰਣਜੀਤ ਸਿੰਘ ਕੋਲ ਕੋਈ ਪਟਾ ਹੁੰਦਾ ਤਾਂ ਜਦ ਉਸ ਨੇ ਲਾਹੌਰ ਨੂੰ ਫਤਹਿ ਕਰ ਲਿਆ ਤਦ ਕਿਉਂ ਫੇਰ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ ਉਸ ਤੋਂ ਲਾਹੌਰ ਛੁਡਾਉਣ ਲਈ ਭੰਗੀ ਸਰਦਾਰਾਂ ਤੇ ਨਜ਼ਾਮੁਦੀਨ ਕਸੂਰੀਏ ਆਦਿ ਭਸੀਨ ਦੇ ਮੈਦਾਨ ਵਿਚ ਉਸ ਨਾਲ ਜੰਗ ਕੀਤੀ। ਜੇ ਕਦੀ ਸੱਚ ਮੁੱਚ ਰਣਜੀਤ ਸਿੰਘ ਕੋਲ ਕੋਈ ਐਸਾ ਪਟਾ ਹੁੰਦਾ ਤਾਂ ਨਵਾਬ ਕਿਸ ਤਰ੍ਹਾਂ ਸ਼ਾਹ ਜ਼ਮਾਨ ਦੇ ਹੁਕਮ ਉਲਟ ਉਸ ਤੋਂ ਲਾਹੌਰ ਛੁਡਾਉਣ ਲਈ ਲੜਾਈਆਂ ਲੜਦਾ।

9. ਉਸ ਸਮੇਂ ਸਿੱਖਾਂ ਵਿਚ ਕਿਸੇ ਮੁਸਲਮਾਨ ਦੇ ਹੱਥੋਂ ਕੋਈ ਹਕੂਮਤ ਲੈਣੀ ਘ੍ਰਿਣਾ ਦੀ ਨਜ਼ਰ ਨਾਲ ਵੇਖੀ ਜਾਂਦੀ ਸੀ। ਉਦਾਹਰਣ ਲਈ ਜਦ ਅਹਿਮਦ ਸ਼ਾਹ ਅਬਦਾਲੀ ਨੇ ਸੰਨ 1767 ਵਿਚ ਲਾਹੌਰ ਤੇ ਧਾਵਾ ਕਰਕੇ ਆਪਣਾ ਕਬਜ਼ਾ ਕਰ ਲਿਆ ਤਾਂ ਸ਼ਹਿਰ ਦੇ ਕਾਜ਼ੀਆਂ ਤੇ ਮੁਫਤੀਆਂ ਨੇ ਅਹਿਮਦ ਸ਼ਾਹ ਅਤੇ ਸਰਦਾਰ ਲੈਹਣਾ ਸਿੰਘ ਭੰਗੀ ਮਿਸਲ ਦੇ ਆਗੂ ਦੀ ਨਿਆਂ-ਸ਼ੀਲ ਹਕੂਮਤ ਦੀ ਬੜੀ ਮਹਿਮਾ ਕੀਤੀ, ਜਿਸ ਪਰ ਅਬਦਾਲੀ ਨੇ ਕਈ ਵਾਰ ਕਾਬਲੀ ਮੇਵੇ ਤੇ ਇਕ ਸ਼ਾਹੀ ਫੁਰਮਾਨ ਸਰਦਾਰ ਲੈਹਣਾ ਸਿੰਘ ਪਾਸ ਭੇਜਿਆ, ਜਿਸ ਵਿਚ ਲਿਖਿਆ ਸੀ ਕਿ ਤੁਸੀਂ ਆ ਕੇ ਮੇਰੇ ਵਲੋਂ ਲਾਹੌਰ ਦੀ ਨਜ਼ਾਮਤ ਸਾਂਭ ਲਵੋ। ਉਸ ਸਮੇਂ ਸਰਦਾਰ ਲੈਹਣਾ ਸਿੰਘ ਨੇ ਜੋ ਉਤਰ ਅਹਿਮਦ ਸ਼ਾਹ ਵੱਲ ਭੇਜਿਆ, ਉਹ ਮੌਲਵੀ ਮੁਹੰਮਦ ਕਾਸਮ ਨੇ ਇਬਰਤਨਾਮੇ ਵਿਚ ਇਉਂ ਲਿਖਿਆ :-

"ਲਹਿਣਾ ਸਿੰਘ ਨੇ ਜਵਾਬ ਦਿੱਤਾ ਕਿ ਮੈਂ ਮੁਸਲਮਾਨ ਬਾਦਸ਼ਾਹ ਦੇ ਹੱਥੋਂ ਨਜ਼ਾਮਤ ਨਹੀਂ ਲੈਂਦਾ ਕਿਉਂਕਿ ਇਉਂ ਕਰਨ ਨਾਲ ਮੈਂ ਆਪਣੇ ਸਿੱਖ ਭਰਾਵਾਂ ਦੀਆਂ ਨਜ਼ਰਾਂ ਤੋਂ ਡਿੱਗ ਜਾਵਾਂਗਾ ਅਤੇ ਫਲਾਂ ਦੇ ਭਾਰ ਇਹ ਕਹਿਕੇ ਮੋੜ ਦਿੱਤੇ ਕਿ ਇਹ ਖਾਣੇ ਬਾਦਸ਼ਾਹ ਨੂੰ ਸੋਭਦੇ ਹਨ; ਅਸੀਂ ਸਾਧਾਰਨ ਲੋਕ ਹਾਂ, ਅਸਾਂ ਨੂੰ ਅਨਾਜ ਦੇ ਦਾਣੇ ਫਲਾਂ ਤੋਂ ਵੱਧ ਰਸ ਦਿੰਦੇ ਹਨ।" ਹੁਣ ਸੋਚਣ ਦੀ ਗੱਲ ਇਹ ਹੈ ਕਿ ਜਦ ਲਾਹੌਰ ਦੀ ਨਜ਼ਾਮਤ, ਸ਼ਾਹ ਵਲੋਂ ਲਹਿਣਾ ਸਿੰਘ ਨੂੰ ਐਸੀ ਦਸ਼ਾ ਵਿਚ ਮਿਲਦੀ ਹੈ ਜਦ ਕਿ ਉਹ ਆਪਣੇ ਇਲਾਕੇ ਤੋਂ ਨਿਕਲਿਆ ਜੰਗਲਾਂ ਵਿਚ ਰਹਿੰਦਾ ਹੈ ਪਰ ਅਨਾਚਾਰੀ ਦੇ ਹੱਥੋਂ ਲੈਣ ਤੋਂ ਇਨਕਾਰ ਕਰਦਾ ਹੈ ਤਦ ਸ਼ੇਰਿ ਪੰਜਾਬ ਇੰਨਾ ਸ਼ਕਤੀਮਾਨ ਹੁੰਦਾ ਹੋਇਆ ਕਿਵੇਂ ਨੱਸੇ ਜਾਂਦੇ ਬਾਦਸ਼ਾਹ ਤੋਂ ਪਟੇ ਲੈਣੇ ਪ੍ਰਵਾਨ ਕਰ ਸਕਦਾ ਸੀ? ਅਸਲ ਗੱਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਭੁੱਲਾਂ ਖ਼ਬਰ ਨਵੀਸਾਂ ਤੇ ਸ਼ੇਰਿ ਪੰਜਾਬ ਨੂੰ ਨੀਵਾਂ ਦੱਸਣ ਲਈ ਲਿਖਵਾਈਆਂ ਹਕੀਕਤ ਵਿਚ ਉਸ ਨੇ ਲਾਹੌਰ ਆਪਣੀ ਤਲਵਾਰ ਦੇ ਬਲ ਨਾਲ ਲੀਤਾ ਤੇ ਆਪਣੀ ਹਿੰਮਤ ਨਾਲ ਹੀ ਸਿੱਖ ਰਾਜ ਦੀ ਨੀਂਹ ਰੱਖੀ, ਇਸ ਵਿਚ ਸ਼ਾਹ ਜ਼ਮਾਨ ਦਾ ਕੋਈ ਹੱਥ ਨਹੀਂ ਸੀ।

# ਭਸੀਨ ਦੀ ਲੜਾਈ

ਮਹਾਰਾਜਾ ਰਣਜੀਤ ਸਿੰਘ ਨੂੰ ਅਜੇ ਲਾਹੌਰ ਤੇ ਅਧਿਕਾਰ ਕੀਤਿਆਂ ਬਹੁਤ ਦਿਨ ਨਹੀਂ ਸਨ ਬੀਤੇ ਕਿ ਗੁਲਾਬ ਸਿੰਘ ਭੰਗੀ, ਸਾਹਿਬ ਸਿੰਘ ਗੁਜਰਾਤੀ ਤੇ ਨਜ਼ਾਮੁਦੀਨ ਕਸੂਰੀਏ[1] ਨੇ ਮਿਲ ਕੇ ਭਸੀਨ ਨਾਮੀਂ ਪਿੰਡ ਦੇ ਮੈਦਾਨ ਵਿਚ ਮਹਾਰਾਜੇ ਤੋਂ ਲਾਹੌਰ ਲੈਣ ਲਈ ਇਕ ਭਾਰੀ ਇਕੱਠ ਕੀਤਾ । ਇਧਰ ਮਹਾਰਾਜਾ ਸਾਹਿਬ ਨੂੰ ਜਦ ਇਸ ਗੋਂਦ ਦਾ ਪਤਾ ਲੱਗਾ ਤਾਂ ਇਹ ਵੀ ਆਪਣੀ ਫੌਜ ਲੈ ਕੇ ਇਨ੍ਹਾਂ ਦੇ ਟਾਕਰੇ ਲਈ ਅੱਗੇ ਵਧਿਆ ਅਤੇ ਇਕ ਭਾਰੀ ਲੜਾਈ ਦੇ ਬਾਅਦ ਉਹਨਾਂ ਸਾਰਿਆਂ ਪਰ ਪੂਰੀ ਪੂਰੀ ਫਤਹਿ ਪਾਈ । ਇਸ ਭਾਰੀ ਫਤਹਿ ਦੇ ਬਾਅਦ ਬਹੁਤ ਸਾਰੇ ਨਾਮੀਂ ਸਰਦਾਰ ਮਹਾਰਾਜਾ ਸਾਹਿਬ ਦੀ ਸ਼ਰਨ ਆ ਗਏ, ਜਿਨ੍ਹਾਂ ਨੂੰ ਬੜੇ ਪਿਆਰ ਨਾਲ, ਉਨ੍ਹਾਂ ਦੀ ਯੋਗਤਾ ਅਨੁਸਾਰ ਅਹੁਦੇ ਜਾਗੀਰਾਂ ਦਿੱਤੀਆਂ । ਇਉਂ ਬੜੀ ਧੂਮ-ਧਾਮ ਨਾਲ ਸ਼ੇਰਿ ਪੰਜਾਬ ਨੇ ਲਾਹੌਰ ਵਿਚ ਪ੍ਰਵੇਸ਼ ਕੀਤਾ । ਅੱਗੋਂ ਲਾਹੌਰ ਦੇ ਪਤਵੰਤੇ ਮੁਖੀਆਂ ਦਾ ਇਕ ਜੱਥਾ, ਜਿਸ ਵਿਚ ਹਰ ਮਤ ਦੇ ਲੋਕ ਸਨ. ਲਾਹੌਰ ਤੋਂ ਕਈ ਕੋਹ ਬਾਹਰ ਸ਼ੇਰਿ ਪੰਜਾਬ ਦੇ ਸਵਾਗਤ ਲਈ ਆ ਮਿਲਿਆ, ਜਿਨ੍ਹਾਂ ਨਾਲ ਉਹ ਬੜੀ ਕ੍ਰਿਪਾਲਤਾ ਨਾਲ ਪੇਸ਼ ਆਇਆ ਤੇ ਉਹਨਾਂ ਨੂੰ ਬਹੁਮੁੱਲੀਆਂ ਖਿਲਤਾਂ ਬਖਸ਼ੀਆਂ । ਸ਼ਹਿਰ ਵਿਚ ਵੜਦਿਆਂ ਬੇਗਣਿਤ ਰੁਪਿਆ, ਜੋ ਜੰਗ ਵਿਚੋਂ ਹੱਥ ਲੱਗਾ ਸੀ, ਗਰੀਬਾਂ ਅਤੇ ਅਨਾਥਾਂ ਵਿਚ ਵੰਡਵਾ ਦਿੱਤਾ ਅਤੇ ਕਈ ਰਾਤਾਂ ਤੱਕ ਸ਼ਹਿਰ ਵਿਚ ਦੀਪ ਮਾਲਾ ਹੁੰਦੀ ਰਹੀ ।

# ਰਣਜੀਤ ਸਿੰਘ ਦੀ ਜੰਮੂ ਪਰ ਚੜ੍ਹਾਈ

ਸੰਨ 1800 ਮੁਤਾਬਿਕ ਸੰਮਤ 1857 ਨੂੰ ਰਣਜੀਤ ਸਿੰਘ ਨੇ ਜੰਮੂ ਫਤਹਿ ਕਰਨ ਲਈ ਚੜ੍ਹਾਈ ਕਰ ਦਿੱਤੀ, ਓਧਰ ਜਾਂਦੇ ਹੋਏ ਪਹਿਲਾਂ ਮੀਰੋਵਾਲ ਤੇ ਕਬਜ਼ਾ ਕਰ ਲਿਆ । ਇਥੋਂ ਦੇ ਮੁਖੀਆਂ ਨੇ 9000 ਰੁਪਿਆ ਨਜ਼ਰਾਨਾ ਉਸ ਦੀ ਭੇਂਟ ਕੀਤਾ, ਇਸ ਦੇ ਉਪਰੰਤ ਇਸ ਨੇ ਕਿਲ੍ਹਾ ਜਸਰਵਾਲ ਨੂੰ ਜਾ ਘੇਰਿਆ ਅਤੇ ਇਕੋ ਧਾਵੇ ਨਾਲ ਸਰ ਕਰ ਲਿਆ । ਇਥੋਂ ਕੂਚ ਕਰਕੇ ਖ਼ਾਲਸਾ ਦਲ ਨੇ ਜੰਮੂ ਤੋਂ ਚਾਰ ਮੀਲ ਬਾਹਰ ਡੇਰਾ ਲਾਇਆ । ਰਾਜਾ ਜੰਮੂ ਨੂੰ ਜਦ ਮਹਾਰਾਜੇ ਦੇ ਧਾਵੇ ਦਾ ਪਤਾ ਲੱਗਾ ਤਾਂ ਉਹ ਸਣੇ ਆਪਣੇ ਮੁਖੀ ਕਰਮਚਾਰੀਆਂ ਦੇ ਸ਼ੇਰਿ ਪੰਜਾਬ ਤੋਂ ਜਾਨ ਬਖਸ਼ੀ ਕਰਵ੍ਹਾਉਣ ਲਈ ਆ ਸ਼ਰਨ ਪਿਆ ਅਰ ਫੌਜਾਂ ਦੇ ਰਸਦ ਪਾਣੀ ਲਈ 20000 ਰੁਪਿਆ ਹਾਜ਼ਰ ਕੀਤਾ ਜੋ ਪ੍ਰਵਾਨ ਕੀਤਾ ਗਿਆ । ਉਸ ਨੇ ਹਾਕਮ ਜੰਮੂ ਨੂੰ ਖਿੱਲਤ ਬਖਸ਼ੀ । ਇਥੋਂ ਖ਼ਾਲਸਾ ਫੌਜ ਨੇ ਸਿਆਲਕੋਟ ਨੂੰ ਆ ਘੇਰਿਆ ਤੇ ਇਹ ਬਿਨਾਂ ਕਿਸੇ ਲੰਮੀ ਲੜਾਈ ਦੇ ਸ਼ੇਰਿ ਪੰਜਾਬ ਦੀ ਤੈਹਤ ਵਿਚ ਆ ਗਿਆ । ਇਸ ਦੇ ਬਾਅਦ ਦਿਲਾਵਰ ਗੜ੍ਹ ਨੂੰ ਜਾ ਫਤਹਿ ਕੀਤਾ । ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸੋਧਦਾ ਹੋਇਆ ਉਹ ਲਾਹੌਰ ਆ ਗਿਆ ।

ਇਥੇ ਆਇਆਂ ਅਜੇ ਕੁਝ ਹੀ ਦਿਨ ਬੀਤੇ ਸਨ ਕਿ ਯੂਸਫ ਅਲੀ ਖ਼ਾਨ ਸਰਕਾਰ ਅੰਗਰੇਜ਼ੀ ਦਾ ਏਜੰਟ ਸਰਕਾਰ ਹਿੰਦ ਵਲੋਂ ਮਿੱਤਰਤਾ ਦੀ ਇਕ ਪੱਤ੍ਰਕਾ ਅਤੇ ਬਹੁ-ਮੁੱਲੀਆਂ ਸੁਗਾਤਾਂ ਲੈ ਕੇ ਲਾਹੌਰ ਆਇਆ, ਸਰਦਾਰ ਰਣਜੀਤ ਸਿੰਘ ਵਲੋਂ ਅੰਗਰੇਜ਼ੀ ਏਜੰਟ ਦੀ ਬੜੀ ਆਉ-ਭਗਤ ਕੀਤੀ ਗਈ ਅਤੇ ਫੇਰ ਉਸੇ ਤਰ੍ਹਾਂ ਮਿੱਤਰਤਾ ਦੀ ਪੱਤ੍ਰਕਾ ਤੇ ਵਧੀਆ ਸੁਗਾਤਾਂ ਗਵਰਨਮੈਂਟ ਅੰਗਰੇਜ਼ੀ ਲਈ ਦੇ ਕੇ ਉਸ ਨੂੰ ਤੋਰਿਆ ।

- - - - - -

1. *ਓਰਿਜਨ ਆਫ ਦੀ ਸਿਖ ਪਾਵਰ ਇਨ ਦੀ ਪੰਜਾਬ ਸਫਾ 41 ।*

# ਸ਼ੇਰਿ ਪੰਜਾਬ ਨੂੰ ਮਹਾਰਾਜਗੀ ਮਿਲਣੀ

ਫਰਵਰੀ ਸੰਨ 1801 ਈ: ਮੁਤਾਬਿਕ 1858 ਵਿਚ ਪੰਜਾਬ ਦੇ ਉਘੇ ਉਘੇ ਸ਼ਹਿਰਾਂ ਦੇ ਮੁਖੀਆਂ ਤੇ ਸ਼ੇਰਿ ਪੰਜਾਬ ਦੇ ਪਤਵੰਤੇ ਸਰਦਾਰਾਂ ਅਤੇ ਸਾਰੀ ਫੌਜ ਵਲੋਂ ਸਰਦਾਰ ਰਣਜੀਤ ਸਿੰਘ ਦੀ ਹਜ਼ੂਰੀ ਵਿਚ ਇਕ ਸੰਮਿਲ ਬੇਨਤੀ ਪੱਤਰ ਹਾਜ਼ਰ ਕੀਤਾ ਗਿਆ ਜਿਸ ਵਿਚ ਇੱਛਾ ਪ੍ਰਗਟ ਕੀਤੀ ਗਈ ਸੀ ਕਿ ਲਾਹੌਰ ਵਿਚ ਇਕ ਵੱਡਾ ਦਰਬਾਰ ਕੀਤਾ ਜਾਏ, ਜਿਸ ਵਿਚ ਪਰਜਾ ਵਲੋਂ ਆਪ ਨੂੰ ਮਹਾਰਾਜੇ ਦਾ ਖ਼ਿਤਾਬ ਦਿੱਤਾ ਜਾਏ, ਇਸ ਨੂੰ ਆਪ ਪ੍ਰਵਾਨ ਕਰੋ । ਸ਼ੇਰਿ ਪੰਜਾਬ ਪਹਿਲਾਂ ਪਹਿਲ ਇਸ ਦੀ ਪ੍ਰਵਾਨਗੀ ਲਈ ਉਕਾ ਚਾਹਵਾਨ ਨਹੀਂ ਸੀ ਦਿਸਦਾ, ਪਰ ਜਦ ਸਾਰੇ ਸਰਦਾਰਾਂ ਨੇ ਮੁੜ ਮੁੜ ਬੇਨਤੀ ਕੀਤੀ ਤਾਂ ਛੇਕੜ ਉਸ ਨੇ ਪ੍ਰਵਾਨ ਕਰ ਲਿਆ । ਇਸ ਦੇ ਬਾਅਦ ਵਿਸਾਖੀ ਦਾ ਦਿਨ ਯੋਗ ਸਮਝ ਕੇ ਇਸ ਕਾਰਜ ਲਈ ਨੀਯਤ ਕੀਤਾ ਗਿਆ ਤੇ ਹੁਣ ਲੱਗੀਆਂ ਤਿਆਰੀਆਂ ਹੋਣ । ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਸੱਦੇ ਪੱਤਰ ਘੱਲੇ ਗਏ ਤੇ ਦੂਰੋਂ ਦੂਰੋਂ ਪ੍ਰਤੀਨਿੱਧ ਆਏ । ਵਿਸਾਖੀ ਦੇ ਦਿਨ ਕਿਲ੍ਹੇ ਦੇ ਅੰਦਰ ਦੀਵਾਨ-ਆਮ ਵਿਚ ਇਕ ਵੱਡਾ ਦਰਬਾਰ ਕੀਤਾ ਗਿਆ, ਜਿਸ ਵਿਚ ਦੂਰ ਦੂਰ ਦੇ ਇਲਾਕਿਆਂ ਤੋਂ ਸਰਦਾਰ ਤੇ ਹਾਕਮ ਆਏ ਹੋਏ ਸਨ, ਬੜੀ ਧੂਮ-ਧਾਮ ਨਾਲ ਇਹ ਰਸਮ ਪੂਰੀ ਕੀਤੀ ਗਈ । ਉਸ ਦਿਨ ਸ਼ਹਿਰ ਦੇ ਕੁੱਲ ਗੁਰਦੁਆਰਿਆਂ ਵਿਚ ਅਖੰਡ ਪਾਠਾਂ ਦੇ-ਜੋ ਪਹਿਲਾਂ ਰਖਾਏ ਗਏ ਸਨ-ਭੋਗ ਸਮਾਪਤ ਹੋਏ, ਮੁਸਲਮਾਨਾਂ ਨੇ ਮਸੀਤਾਂ ਵਿਚ ਦੁਆਵਾਂ ਮੰਗੀਆਂ, ਹਿੰਦੂਆਂ ਨੇ ਮੰਦਰਾਂ ਵਿਚ ਪ੍ਰਾਥਨਾਵਾਂ ਕੀਤੀਆਂ ਤੇ ਚੂਰਮੇ ਵੰਡੇ । ਫੇਰ ਗਿਆਨੀ ਗੁਰਮੁਖ ਸਿੰਘ ਜੀ ਨੇ ਸਤਿਗੁਰੂ ਜੀ ਦੇ ਹਜ਼ੂਰ ਅਰਦਾਸਾ ਸੋਧਿਆ ਤੇ ਬਾਬਾ ਸਾਹਿਬ ਸਿੰਘ ਜੀ ਨੇ ਸ਼ੇਰਿ ਪੰਜਾਬ ਨੂੰ ਮਹਾਰਾਜਗੀ ਦਾ ਤਿਲਕ ਦਿੱਤਾ ਤੇ ਦਰਬਾਰੀਆਂ ਨੂੰ ਭੇਟਾ ਪੇਸ਼ ਕੀਤੀਆਂ । ਇਸ ਸਮੇਂ ਚੱਵਿਲਿਓਂ ਮਹਾਰਾਜਾ ਤੇ ਫੁੱਲਾਂ ਦੀ ਵਰਖਾ ਕੀਤੀ ਗਈ । ਕਈ ਸ਼ਾਹੀ ਕਵੀਆਂ ਨੇ ਸਮੇਂ ਅਨੁਸਾਰ ਕਵਿਤਾਵਾਂ ਤੇ ਵਾਰ੍ਹਾਂ ਪੜ੍ਹੀਆਂ, ਮਹਾਰਾਜੇ ਵਲੋਂ ਹਜ਼ਾਰਾਂ ਰੁਪਏ ਦੀਆਂ ਖਿਲਤਾਂ ਸਿਰੋ-ਪਾ ਵੰਡੇ ਗਏ, ਬੜੇ ਦਾਨ ਹੋਏ। ਇਸੇ ਦਿਨ ਮਹਾਰਾਜੇ ਦਾ ਸਿੱਕਾ (ਜ਼ਰਬ) ਚਲਾਉਣ ਲਈ ਵੀ ਪ੍ਰਬੰਧ ਕੀਤਾ ਗਿਆ ਸੀ। ਸਾਰੇ ਦਰਬਾਰੀਆਂ ਅਤੇ ਕਵੀਆਂ ਨੇ ਮੋਹਰਾਂ ਰੁਪਏ ਪੈਸੇ ਤੇ ਮਹਾਰਾਜੇ ਦੇ ਨਾਮ ਪਰ ਸ਼ੇਅਰ ਤੇ ਕਵਿਤਾਵਾਂ ਰਚ ਕੇ ਹਾਜ਼ਰ ਕੀਤੀਆਂ, ਪਰ ਉਸ ਨੇ ਜ਼ਰਬ ਤੇ ਆਪਣਾ ਨਾਮ ਲਿਖਣ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਪਰ ਸਿੱਕਾ ਚਲਾਉਣਾ ਪ੍ਰਵਾਨ ਕੀਤਾ, ਅਰਥਾਤ 'ਨਾਨਕ ਸ਼ਾਹੀ ਰੁਪਿਆ' ਤੇ ਪੈਸੇ ਨੂੰ 'ਨਾਨਕ ਸ਼ਾਹੀ ਪੈਸਾ' ਸੱਚਣ ਦਾ ਹੁਕਮ ਦਿਤਾ, ਜਿਨ੍ਹਾਂ ਉਤੇ ਸ੍ਰੀ ਗੁਰੂ ਨਾਨਕ ਜੀ ਦਾ ਨਾਮ ਗੁਰਮੁਖੀ ਤੇ ਫਾਰਸੀ ਅੱਖਰਾਂ ਵਿਚ ਲਿਖਿਆ ਗਿਆ । ਰੁਪਏ ਦੇ ਇਕ ਪਾਸੇ ਸ੍ਰੀ ਗੁਰੂ ਨਾਨਕ ਦੇਵ ਜੀ ਬੈਠੇ ਹੋਏ ਸਨ ਅਤੇ ਨਾਲ ਭਾਈ ਮਰਦਾਨਾ ਕੀਰਤਨ ਕਰਦਾ ਦਿਸਦਾ ਸੀ, ਦੂਜੇ ਪਾਸੇ ਗੁਰਮੁਖੀ ਤੇ ਫਾਰਸੀਂ ਅੱਖਰਾਂ ਵਿਚ 'ਸ੍ਰੀ ਗੁਰੂ ਨਾਨਕ ਦੇਵ ਜੀ ਸਹਾਏ' ਲਿਖਿਆ ਸੀ । ਕੁਝ ਸਿੱਕਿਆਂ ਦੇ ਇਕ ਪਾਸੇ ਇਹ ਲਿਖਤ ਲਿਖੀ ਗਈ ਸੀ :-

"ਦੇਗ ਤੇਗ ਫਤਹਿ ਓ ਨੁਸਰਤਿ ਬੇਦਰੰਗ ।
ਯਾਫਤ ਅਜ ਨਾਨਕ ਗੁਰੂ ਗੋਬਿੰਦ ਸਿੰਘ ।"

ਅਤੇ ਦੂਜੇ ਪਾਸੇ ਉਕਰਿਆ ਗਿਆ :-

"ਦਾਰਲ ਸਲਤਨਤ ਲਾਹੌਰ
ਸੰਮਤ ੧੮੦੮ ਮੇਮੀਨਤ ਮਾਨੋਸ ।"

ਸੋਨੇ ਦਾ ਸਿੱਕਾ ਨਿਰੋਲ ਸੋਨੇ ਦਾ ਅਤੇ ਰੁਪਿਆ ਖ਼ਾਲਸ ਚਾਂਦੀ ਦਾ ਸੀ, ਜਿਸ ਦਾ ਤੋਲ 11 ਮਾਸੇ ਦੋ ਰੱਤੀ ਸੀ । ਸੋਨੇ ਦੀਆਂ ਮੋਹਰਾਂ ਵਿਚ 10 ਮਾਸੇ ਛੇ ਰੱਤੀ ਖ਼ਾਲਸ ਸੋਨਾ ਸੀ,

ਜਿਨ੍ਹਾਂ ਉਪਰ ਸਾਹਮਣੇ ਪਾਸੇ ਲਿਖਤ ਤਾਂ ਰੁਪਏ ਵਾਲੀ ਸੀ ਤੇ ਅੱਖਰ ਗੁਰਮੁਖੀ ਸਨ, ਪਰ ਦੂਜੇ ਪਾਸੇ ਤਿੰਨ ਵਾਰੀ 'ਵਾਹਿਗੁਰੂ ਜੀ' 'ਵਾਹਿਗੁਰੂ ਜੀ' 'ਵਾਹਿਗੁਰੂ ਜੀ', ਖੁਸ਼ਖਤ ਲਿਖਿਆ ਹੋਇਆ ਸੀ[1]। ਇਸੇ ਤਰ੍ਹਾਂ ਤਾਂਬੇ ਦੇ ਸਿੱਕੇ ਨਾਨਕ ਸ਼ਾਹੀ ਪੈਸਿਆਂ ਦੇ ਨਾਲ ਪਰ ਪ੍ਰਸਿੱਧ ਹੋਏ। ਟਕਸਾਲ ਵਿਚੋਂ ਪਹਿਲੇ ਦਿਨ ਜਿੰਨੇ ਰੁਪਏ ਬਣ ਕੇ ਆਏ ਉਹ ਸਾਰੇ ਦੇ ਸਾਰੇ ਧਾਰਮਿਕ ਕੰਮਾਂ ਲਈ ਦਾਨ ਕੀਤੇ ਗਏ ।

ਮਹਾਰਾਜਾ ਸਾਹਿਬ ਦੀ ਮੋਹਰ ਪਰ ਜੋ ਸ਼ਾਹੀ ਚਿੱਠੀ-ਪੱਤਰ ਯਾ ਫੁਰਮਾਨਾਂ ਉਪਰ ਲਾਈ ਜਾਂਦੀ ਸੀ, ਇਹ ਲਿਖਤ ਲਿਖੀ ਹੋਈ ਸੀ :-

ੴ ਸਤਿਗੁਰ ਪ੍ਰਸਾਦਿ ॥
ਦੇਗ਼ ਤੇਗ਼ ਫਤਹਿ
ਓ ਨੁਸਰਤ ਬੇਦਰੰਗ
ਯਾਫਤ ਅਜ ਨਾਨਕ
ਗੁਰੂ ਗੋਬਿੰਦ ਸਿੰਘ ।
ਸ੍ਰੀ ਅਕਾਲ ਪੁਰਖ ਜੀ ਸਹਾਇ ॥

ਨਿੱਕੀ ਮੋਹਰ ਪਰ ਲਿਖਤ ਸੀ :-
"ਸ੍ਰੀ ਅਕਾਲ ਸਹਾਏ"
ਰਣਜੀਤ ਸਿੰਘ

ਮੁਲਕੀ ਝਗੜਿਆਂ ਦੇ ਮੁਕਾਉਣ ਲਈ ਪੰਚਾਇਤਾਂ ਨੀਯਤ ਹੋਈਆਂ, ਮੁਸਲਮਾਨਾਂ ਦਿਆਂ ਫੈਸਲਿਆਂ ਲਈ ਸ਼ਰੀਅਤ ਦੀ ਮਰਯਾਦਾ-ਜਿਹਾ ਕਿ ਮੁਗਲੀਆ ਬਾਦਸ਼ਾਹਾਂ ਦੇ ਸਮੇਂ ਚਾਲੂ ਸੀ-ਉਹੋ ਰੱਖੀ ਗਈ । ਸਰਕਾਰੀ ਖਜ਼ਾਨੇ ਤੋਂ ਕਾਜ਼ੀਆਂ, ਮੁਫਤੀਆਂ ਤੇ ਉਲਮਾਵਾਂ ਦੀਆਂ ਤਲਬਾਂ ਤੇ ਜਾਗੀਰਾਂ ਲਾਈਆਂ ਗਈਆਂ, ਲਾਹੌਰ ਦਾ ਪਹਿਲਾ ਕਾਜ਼ਾਮੁਦੀਨ ਤੇ ਮੁਫ਼ਤੀ ਮੁਹੰਮਦ ਸ਼ਾਹਪੁਰ ਤੇ ਸਾਦੁਲਾ ਚਿਸ਼ਤੀ ਪ੍ਰਵਾਨ ਹੋਏ । ਇਹਨਾਂ ਨੂੰ ਬਹੁਮੁੱਲੀਆਂ ਖਿਲਤਾਂ ਤੇ ਜਾਗੀਰਾਂ ਦਿੱਤੀਆਂ ਗਈਆਂ।[2] ਸ਼ਹਿਰ ਦੇ ਪ੍ਰਬੰਧ ਲਈ ਮਹੱਲੇਦਾਰੀ ਤੇ ਚੌਧ੍ਰਮੇਂ ਦਾ ਢੰਗ ਚਾਲੂ ਕੀਤਾ, ਸ਼ਹਿਰ ਦੀ ਰਾਖੀ ਲਈ ਪੁਲਸ ਮੁਕਰਰ ਕੀਤੀ ਗਈ । ਸ਼ਹਿਰ ਦਾ ਪਹਿਲਾ ਕੋਤਵਾਲ ਇਮਾਮ ਬਖਸ਼ ਨੀਯਤ ਕੀਤਾ ਗਿਆ[3] । ਸ਼ਹਿਰ ਦੀ ਅਰੋਗਤਾ ਦੀ ਦੇਖ ਭਾਲ ਲਈ ਤੇ ਰੋਗੀਆਂ ਦੇ ਇਲਾਜ ਲਈ ਦਵਾ ਘਰ ਖੋਲ੍ਹੇ ਗਏ, ਜਿਨ੍ਹਾਂ ਵਿਚ ਯੂਨਾਨ ਤੇ ਵੈਦਕ ਇਲਾਜ ਕੀਤਾ ਜਾਂਦਾ ਸੀ, ਜਿਨ੍ਹਾਂ ਦਾ ਚੀਫ ਮੈਡੀਕਲ ਆਫੀਸਰ ਹਕੀਮ ਨੂਰਦੀਨ, ਫਕੀਰ ਅਜ਼ੀਜੁਦੀਨ ਦੇ ਨਿੱਕੇ ਭਾਈ ਨੂੰ ਲਾਇਆ ਗਿਆ । ਬੱਚਿਆਂ ਦੀ ਵਿੱਦਿਆ ਲਈ ਮੀਆਂ ਵਡੇ ਦਾ ਮਦਰਸਾ ਅਤੇ ਹੋਰ ਕਈ ਸਿੱਖਿਆ ਸ਼ਾਲਾਂ ਖੋਲ੍ਹੀਆਂ ਗਈਆਂ ।

ਫੌਜਾਂ ਦੀਆਂ ਛੁੱਟੀਆਂ ਲਈ ਨਿਯਮ ਬਣੇ, ਤਲਬਾ ਮਾਹਾਵਾਰੀ ਦੇਣੀਆਂ ਪ੍ਰਵਾਨ ਕੀਤੀਆਂ । ਫੌਜ ਦੇ ਅਹੁਦੇਦਾਰਾਂ ਲਈ ਸੁੰਦਰ ਨਿਸ਼ਾਨ ਨੀਯਤ ਹੋਏ । ਸ਼ਹਿਰ ਦੀ ਰਾਖੀ ਲਈ ਨਵੀਂ ਫਸੀਲ ਬਣਾਉਣ ਲਈ ਇਕ ਲੱਖ ਰੁਪਿਆ ਖਰਚ ਕਰਨ ਲਈ ਪ੍ਰਵਾਨ ਹੋਇਆ, ਇਹ

------

1. *ਡਾਕਟਰ ਚੋਪੜਾ ਦੀ ਪੰਜਾਬ ਐਜ਼ ਏ ਸਾਵਰਨ ਸਟੇਟ, ਸਫ਼ਾ 224*
2. *ਸੱਯਦ ਮੁਹੰਮਦ ਲਤੀਫ਼ ਸਫ਼ਾ 353 ।*
3. *ਇਹ ਅਹੁਦਾ ਮੌਜੂਦਾ ਸੁਪ੍ਰੰਟੰਡੰਟ ਪੁਲੀਸ ਦੇ ਅਹੁਦੇ ਦੇ ਬਰਾਬਰ ਸੀ ।*

ਪੰਜਾਬ ਦੇ ਹੋਰਨਾਂ ਵੱਡੇ ਵੱਡੇ ਸ਼ਹਿਰਾਂ ਲਈ ਇਕ ਨਮੂਨਾ ਸੀ, ਜੋ ਸਹਿਜੇ ਸਹਿਜੇ ਸਾਰੇ ਪੰਜਾਬ ਵਿਚ ਵਰਤੋਂ ਵਿਚ ਲਿਆਉਣ ਦਾ ਮਹਾਰਾਜੇ ਨੇ ਹੁਕਮ ਦਿੱਤਾ। ਯੋਗ ਯੋਗ ਥਾਵਾਂ ਤੇ ਫੌਜਾਂ ਲਈ ਪੱਕੀਆਂ ਬੈਰਕਾਂ ਬਣਾਉਣੀਆਂ ਆਰੰਭ ਦਿੱਤੀਆਂ। ਇਸ ਤਰ੍ਹਾਂ ਪੰਜਾਬ ਦੀ ਹਕੂਮਤ ਵਿਚ ਨਵਾਂ ਦੌਰ ਚੱਲਿਆ। ਲਾਹੌਰ ਪਰ ਬੀਤੇ ਉਹਨਾਂ ਸਾਰਿਆਂ ਨਾਲੋਂ ਇਹ ਰਾਜ ਪ੍ਰਬੰਧ ਚੰਗਾ ਸੀ।

## ਗੁਜਰਾਤ ਤੇ ਚੜ੍ਹਾਈ

ਭੰਗੀ ਸਰਦਾਰਾਂ ਦੇ ਹੱਥੋਂ ਜਦ ਦਾ ਲਾਹੌਰ ਨਿਕਲ ਗਿਆ ਸੀ, ਤਦ ਤੋਂ ਉਹ ਸਦਾ ਕਿਸੇ ਨਾ ਕਿਸੇ ਢੰਗ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਗੋਂਦਾਂ ਗੁੰਦਦੇ ਰਹਿੰਦੇ ਸਨ, ਜਿਨ੍ਹਾਂ ਵਿਚੋਂ ਇਕ ਇਹ ਸੀ ਕਿ ਸਰਦਾਰ ਸਾਹਿਬ ਸਿੰਘ ਭੰਗੀ ਨੇ ਅੰਦਰੋਂ ਅੰਦਰ ਆਪਣੀ ਫੌਜ ਨੂੰ ਬਹੁਤ ਹੀ ਵਧਾ ਲਿਆ ਅਤੇ ਆਪਣੇ ਨਾਲ ਸਰਦਾਰ ਦਲ ਸਿੰਘ ਅਕਾਲ ਗੜ੍ਹੀਏ ਨੂੰ ਮਿਲਾ ਕੇ ਗੁਜਰਾਂਵਾਲੇ ਤੇ ਧਾਵਾ ਕਰਨ ਦੀਆਂ ਤਿਆਰੀਆਂ ਕਰਨ। ਸ: ਦਲ ਸਿੰਘ ਨੂੰ ਮਹਾਰਾਜੇ ਦੇ ਪਿਤਾ ਸ: ਮਹਾਂ ਸਿੰਘ ਨੇ ਆਪਣੇ ਵਲੋਂ ਜਾਗੀਰ ਵਜੋਂ ਅਕਾਲਗੜ੍ਹ ਦਿੱਤਾ ਸੀ। ਜਦ ਮਹਾਰਾਜਾ ਨੂੰ ਇਨ੍ਹਾਂ ਤਿਆਰੀਆਂ ਦਾ ਪਤਾ ਲੱਗਾ ਤਾਂ ਉਸ ਨੂੰ ਬੜਾ ਹੀ ਰੰਜ ਹੋਇਆ ਤੇ ਉਹਨਾਂ ਦੇ ਹੱਲੇ ਤੋਂ ਪਹਿਲੇ ਹੀ ਤਿਆਰੀ ਕਰਕੇ ਅੱਸੂ ਸੰਮਤ 1801 ਵਿਚ 10 ਹਜ਼ਾਰ ਫੌਜ ਤੇ 20 ਤੋਪਾਂ ਨਾਲ ਲੈ ਕੇ ਗੁਜਰਾਤ ਨੂੰ ਜਾ ਘੇਰਿਆ। ਇਹ ਧਾਵਾ ਐਨਾ ਏਕਾ-ਏਕ ਸੀ ਕਿ ਜਦ ਇਸ ਦਾ ਭੰਗੀ ਸਰਦਾਰਾਂ ਨੂੰ ਪਤਾ ਲੱਗਾ ਤਾਂ ਉਹ ਬੜੀ ਕਠਿਨਾਈ ਨਾਲ ਸ਼ਹਿਰ ਤੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਸਕੇ, ਪਰ ਉਹਨਾਂ ਹਿੰਮਤ ਨੂੰ ਹੱਥੋਂ ਨਹੀਂ ਸੀ ਜਾਣ ਦਿੱਤਾ, ਝੱਟ ਸ਼ਹਿਰ ਦੀ ਫਸੀਲ ਤੇ ਤੋਪਾਂ ਚੜ੍ਹਾ ਦਿੱਤੀਆਂ ਤੇ ਲੱਗੇ ਮਹਾਰਾਜੇ ਦੀ ਫੌਜ ਤੇ ਗੋਲੇ ਵਰਸਾਉਣ। ਇਧਰੋਂ ਮਹਾਰਾਜਾ ਵਲੋਂ ਵੀ ਤੋਪਖਾਨੇ ਬੀੜੇ ਗਏ ਤੇ ਇਕ ਭਾਰੀ ਲੜਾਈ ਦੇ ਬਾਅਦ ਜਦ ਭੰਗੀ ਸਰਦਾਰਾਂ ਨੇ ਆਪਣੇ ਆਪ ਨੂੰ ਹੋਰ ਟਾਕਰੇ ਦੇ ਅਸਮਰਥ ਡਿੱਠਾ ਤਾਂ ਰਾਤੋ-ਰਾਤ ਲਾਹੌਰ ਆਦਮੀ ਭੇਜ ਕੇ ਬਾਬਾ ਸਾਹਿਬ ਸਿੰਘ ਨੂੰ ਬੁਲਵਾ ਲਿਆ ਅਤੇ ਉਸ ਦੇ ਰਾਹੀਂ ਮਹਾਰਾਜੇ ਨਾਲ ਸਮਝੌਤਾ ਕਰਕੇ ਆਪਣੇ ਸ਼ਹਿਰ ਨੂੰ ਬਚਾ ਲਿਆ। ਇਥੋਂ ਹੋ ਕੇ ਮਹਾਰਾਜਾ ਅਕਾਲ ਗੜ੍ਹ ਵੱਲ ਵਧਿਆ ਤੇ ਸਰਦਾਰ ਦਲ ਸਿੰਘ ਨੂੰ ਆਪਣੇ ਨਾਲ ਲੈ ਕੇ ਲਾਹੌਰ ਆ ਗਿਆ ਅਤੇ ਇਥੇ ਕੁਝ ਦਿਨਾਂ ਲਈ ਇਸ ਨੂੰ ਨਜ਼ਰਬੰਦ ਰੱਖਿਆ। ਇਕ ਦਿਨ ਦਲ ਸਿੰਘ ਨੂੰ ਆਪਣੇ ਸਾਹਮਣੇ ਬੁਲਾਇਆ ਤੇ ਕਿਹਾ ਕਿ ਜਿਸ ਤੈਨੂੰ ਇਲਾਕਾ ਬਖਸ਼ ਕੇ ਸਰਦਾਰ ਅਤੇ ਜਾਗੀਰਦਾਰ ਬਣਾਇਆ, ਉਲਟਾ ਉਸ ਦੇ ਵੈਰੀਆਂ ਨਾਲ ਰਲ ਕੇ ਉਸੇ ਤੇ ਚੜ੍ਹਾਈਆਂ ਦੀਆਂ ਤਿਆਰੀਆਂ ਕਰਦਾ ਰਹਿਓਂ। ਸਰਦਾਰ ਦਲ ਸਿੰਘ ਨੇ ਆਪਣੀ ਨਿਰਅਪਰਾਧਤਾ ਦਾ ਬੜੀ ਨਿਮਰਤਾ ਨਾਲ ਭਰੋਸਾ ਦਿੱਤਾ, ਤਦ ਮਹਾਰਾਜੇ ਨੇ ਉਸ ਨੂੰ ਛੱਡ ਦਿੱਤਾ, ਪਰ ਉਸ ਦਾ ਦਿਲ ਆਪਣੀ ਇਸ ਅਯੋਗ ਕਰਨੀ ਨਾਲ ਐਸਾ ਟੁੱਟਿਆ ਕਿ ਉਹ ਅਕਾਲ ਗੜ੍ਹ ਪਹੁੰਚ ਕੇ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ ਸੰਸਾਰ ਤੋਂ ਕੂਚ ਕਰ ਗਿਆ।

ਹੁਣ ਮਾਹਾਰਾਜ ਸਾਹਿਬ ਨੂੰ ਪਤਾ ਲੱਗਾ ਕਿ ਇਹਨਾਂ ਸਾਰੀਆਂ ਗੋਂਦਾਂ ਵਿਚ ਨਜ਼ਾਮੁਦੀਨ ਕਸੂਰੀਏ ਦਾ ਹੱਥ ਵੀ ਕੰਮ ਕਰਦਾ ਸੀ, ਜਿਸ ਨੂੰ ਆਪਣੇ ਕੀਤੇ ਦੀ ਸਜ਼ਾ ਦੇਣ ਲਈ ਇਕ ਤਕੜਾ ਦਸਤਾ ਸਰਦਾਰ ਫਤਹਿ ਸਿੰਘ ਕਲੀਆਂ ਵਾਲੇ ਦੀ ਸਰਦਾਰੀ ਹੇਠ ਤਿਆਰ ਕਰਵਾ ਕੇ ਸੰਨ 1801 ਦੇ ਛੇਕੜ ਪਰ ਕਸੂਰੀ ਪਠਾਣਾਂ ਨੂੰ ਦੰਡ ਦੇਣ ਲਈ ਤੋਰਿਆ। ਨਜ਼ਾਮੁਦੀਨ ਨੂੰ ਜਦ ਪਤਾ ਲੱਗਾ ਕਿ ਖ਼ਾਲਸਾ ਫੌਜ ਕਸੂਰ ਤੇ ਚੜ੍ਹਾਈ ਕਰਨ ਵਾਲੀ ਹੈ, ਤਾਂ ਇਸ ਨੇ ਵੀ ਲੜਾਈ ਦੀਆਂ ਸਾਰੀਆਂ ਤਿਆਰੀਆਂ ਕਰ ਲਈਆਂ ਤੇ ਹੁਣ ਜਦ ਖ਼ਾਲਸਾ ਦਲ ਸ਼ਹਿਰ ਦੇ ਲਾਗੇ

ਪਹੁੰਚਿਆ ਤਾਂ ਅੱਗੋਂ ਪਠਾਣਾਂ ਦੇ ਲਸ਼ਕਰ ਨੇ ਬਾਹਰ ਨਿਕਲ ਕੇ ਤਕੜਾ ਟਾਕਰਾ ਕੀਤਾ, ਪਰ ਉਹ ਜੰਮ ਕੇ ਨਾ ਲੜ ਸਕੇ ਅਤੇ ਲੜਦਿਆਂ ਭਿੜਦਿਆਂ ਕੋਈ ਤਿੰਨ ਕੁ ਪਹਿਰ ਹੀ ਬੀਤੇ ਸਨ ਕਿ ਪਠਾਣਾਂ ਦੇ ਪੈਰ ਮੈਦਾਨਿ-ਜੰਗ ਤੋਂ ਉਖੜ ਗਏ ਤੇ ਉਹ ਉਥੋਂ ਨਸ ਕੇ ਕਿਲ੍ਹੇ ਵਿਚ ਜਾ ਵੜੇ। ਸਿੰਘਾਂ ਨੇ ਉਥੇ ਪਹੁੰਚ ਕੇ ਉਹਨਾਂ ਦਾ ਪਿੱਛਾ ਕੀਤਾ ਤੇ ਸ਼ਹਿਰ ਦੇ ਦਰਵਾਜੇ ਭੰਨ ਕੇ ਅੰਦਰ ਜਾ ਵੜੇ । ਹੁਣ ਨੇੜੇ ਹੀ ਸੀ ਕਿ ਕਿਲ੍ਹੇ ਤੇ ਖ਼ਾਲਸੇ ਦਾ ਅਧਿਕਾਰ ਹੋ ਜਾਂਦਾ ਕਿ ਇਸ ਸਮੇਂ ਨਜ਼ਾਮੁਦੀਨ ਨੇ ਚਿੱਟਾ ਝੰਡਾ ਖੜ੍ਹਾ ਕਰ ਦਿੱਤਾ ਤੇ ਆਪਣੀ ਜਾਨ ਬਖਸ਼ੀ ਲਈ ਮਿੰਨਤ ਨਾਲ ਬੇਨਤੀ ਕੀਤੀ । ਸਰਦਾਰ ਫਤਹਿ ਸਿੰਘ ਨੇ ਫੌਜ ਨੂੰ ਹੁਕਮ ਦੇ ਕੇ ਗੋਲੀਆਂ ਚਲਾਉਣੀਆਂ ਬੰਦ ਕਰਵਾ ਦਿੱਤੀਆਂ । ਹੁਣ ਨਜ਼ਾਮੁਦੀਨ ਸ਼ਰੰਨ ਆ ਗਿਆ ਤੇ ਯੋਗ ਸ਼ਰਤਾਂ ਮੰਨ ਕੇ ਅੱਗੇ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਟਕੇ ਭਰਵਾਂ ਸੂਬੇਦਾਰ ਥਾਪਿਆ ਗਿਆ । ਇਸ ਜੰਗ ਦੇ ਖਰਚੇ ਲਈ ਇਸ ਨੇ ਇਕ ਵੱਡੀ ਰਕਮ ਦਿੱਤੀ ਪਰ ਅੱਗੇ ਨੂੰ ਭਲੇ ਚਲਨ ਦੀ ਜ਼ਾਮਨੀ ਵਿਚ ਆਪਣੇ ਭਾਈ ਕੁਤੁਬਦੀਨ, ਹਾਜੀ ਖ਼ਾਨ ਅਤੇ ਵਾਸਲ ਖ਼ਾਨ ਨੂੰ ਲਾਹੌਰ ਰਹਿਣ ਲਈ ਭੇਜਿਆ ।

ਇਹਨਾਂ ਦਿਨਾਂ ਵਿਚ ਹੀ ਮਹਾਰਾਜੇ ਨੂੰ ਸਰਦਾਰਨੀ ਸਦਾ ਕੌਰ ਜੀ ਵਲੋਂ ਬਟਾਲੇ ਤੋਂ ਖ਼ਬਰ ਆਈ ਕਿ ਉਸ ਦੇ ਇਲਾਕੇ ਤੇ ਰਾਜਾ ਸੰਸਾਰ ਚੰਦ ਕਾਂਗੜੇ ਵਾਲਾ ਚੜ੍ਹਾਈ ਕਰਨਾ ਚਾਹੁੰਦਾ ਹੈ, ਆਪ ਪਹੁੰਚ ਕੇ ਸਹਾਇਤਾ ਕਰੋ । ਮਹਾਰਾਜਾ ਸਾਹਿਬ ਇਕ ਸ਼ਕਤੀਵਰ ਦਸਤਾ 6 ਹਜ਼ਾਰ ਸਵਾਰਾਂ ਦਾ ਆਪਣੇ ਨਾਲ ਲੈ ਕੇ ਸਰਦਾਰਨੀ ਜੀ ਦੀ ਸਹਾਇਤਾ ਲਈ ਬਟਾਲੇ ਪਹੁੰਚ ਗਏ । ਓਧਰ ਸੰਸਾਰ ਚੰਦ ਦੀ ਫੌਜ ਦੇ ਫੌਜਦਾਰ ਨੂੰ ਜਦ ਪਤਾ ਲੱਗਾ ਕਿ ਇਸ ਦੀ ਅਗਵਾਈ ਸ਼ੇਰਿ ਪੰਜਾਬ ਆਪ ਕਰ ਰਿਹਾ ਹੈ, ਤਦ ਉਸ ਉਪਰ ਇੰਨਾ ਭੈ ਛਾਇਆ ਕਿ ਉਹ ਬਿਨਾਂ ਕਿਸੇ ਲੜਾਈ ਦੇ ਰਾਤੋ-ਰਾਤ ਰਣ ਖਾਲੀ ਛੱਡ ਕੇ ਭੱਜ ਗਿਆ ਤੇ ਪਹਾੜਾਂ ਵਿਚ ਜਾ ਵੜਿਆ[1] ।

ਮਹਾਰਾਜੇ ਨੇ ਸਦਾ ਕੌਰ ਦਾ ਉਹ ਇਲਾਕਾ ਜੋ ਪਹਾੜੀਆਂ ਨੇ ਦਬਾ ਲਿਆ ਸੀ, ਉਹ ਵੀ ਉਸ ਨੂੰ ਮੁੜ ਲੈ ਕੇ ਦਿੱਤਾ ਤੇ ਇਸ ਤੋਂ ਛੁੱਟ ਨੂਰਪੁਰ ਤੇ ਨੌਸ਼ਿਹਰਾ ਆਦਿ ਪਿੰਡ ਸੰਸਾਰ ਚੰਦ ਦੇ ਇਲਾਕੇ ਤੋਂ ਵੱਖ ਕਰਕੇ ਸਰਦਾਰਨੀ ਸਦਾ ਕੌਰ ਦੇ ਇਲਾਕੇ ਨਾਲ ਮਿਲਾ ਦਿੱਤੇ । ਇਥੇ ਸਰਦਾਰਨੀ ਸਦਾ ਕੌਰ ਨੇ ਸ: ਬੁੱਧ ਸਿੰਘ ਤੇ ਸੰਗਤ ਸਿੰਘ ਦੀਆਂ ਵਧੀਕੀਆਂ ਵੀ ਮਹਾਰਾਜੇ ਨੂੰ ਦੱਸੀਆਂ ਕਿ ਉਹ ਕਿਵੇਂ ਉਸ ਦੇ ਇਲਾਕੇ ਦੀ ਪਰਜਾ ਪਰ ਡਾਕੇ ਮਾਰ ਕੇ ਉਸ ਦਾ ਇਲਾਕਾ ਉਜਾੜ ਰਹੇ ਹਨ । ਮਹਾਰਾਜੇ ਨੇ ਜਾਂਦਿਆਂ ਹੀ ਸੁਜਾਨਪੁਰ ਦੇ ਕਿਲ੍ਹੇ ਨੂੰ ਘੇਰ ਲਿਆ ਤੇ ਇਕ ਤਕੜੀ ਲੜਾਈ ਦੇ ਬਾਅਦ ਕਿਲ੍ਹੇ ਦੀ ਕੰਧ ਨੂੰ ਤੋਪਾਂ ਮਾਰ ਕੇ ਡੇਗ ਦਿੱਤਾ ਤੇ ਕਿਲ੍ਹੇ ਦੇ ਅੰਦਰ ਵੜ ਕੇ ਉਸ ਤੇ ਅਧਿਕਾਰ ਕਰ ਲਿਆ[2]। ਇਸ ਲੜਾਈ ਵਿਚ ਦੋ ਵੱਡੀਆਂ ਤੋਪਾਂ ਮਹਾਰਾਜੇ ਦੇ ਹੱਥ ਆਈਆਂ । ਸੁਜਾਨਪੁਰ ਵਿਚ ਆਪਣਾ ਠਾਣਾ ਬਿਠਾ ਦਿੱਤਾ, ਧਰਮਕੋਟ ਤੇ ਬੈਹਰਾਮਪੁਰ

- - - - - -

*1: ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ਼ ਦੀ ਪੰਜਾਬ ਸਫ਼ਾ 355 ।*

*2. ਮਿਸਟਰ ਮੈਕਗਰੇਗਰ ਹਿਸਟਰੀ ਆਫ਼ ਦੀ ਸਿਖਸ ਸਫ਼ਾ 165 ਤੇ ਇਸ ਘਟਨਾ ਨੂੰ ਇਉਂ ਲਿਖਦਾ ਹੈ :- 'ਭਾਗ ਸਿੰਘ ਜੋ ਹੁਣ ਘਨੱਯਾ ਮਿਸਲ ਦਾ ਮੁਖੀ ਸੀ, ਮਰ ਗਿਆ ਅਤੇ ਉਸ ਦਾ ਪੁੱਤਰ ਜੋ ਉਸ ਦਾ ਜਾ-ਨਸ਼ੀਂ ਹੋਇਆ, ਉਸ ਨੇ ਸਦਾ ਕੌਰ ਨਾਲ ਲੜਾਈ ਛੇੜ ਦਿੱਤੀ । ਸਦਾ ਕੌਰ ਨੇ ਆਪਣੇ ਜਵਾਈ (ਰਣਜੀਤ ਸਿੰਘ) ਤੋਂ ਸਹਾਇਤਾ ਮੰਗੀ ਅਤੇ ਉਹ ਉਹਦੀ ਸਹਾਇਤਾ ਲਈ ਆਇਆ ਅਰ ਬਟਾਲੇ ਦਾ ਇਲਾਕਾ ਸੋਧਦਾ ਸੁਜਾਨਪੁਰ ਨੂੰ ਜਾ ਘੇਰਿਆ , ਛੇਕੜ ਉਸ ਨੇ ਸਦਾ ਕੌਰ ਤੇ ਉਸ ਦੇ ਵੈਰੀਆਂ ਦੇ ਵਿਚਾਲੇ ਮੇਲ ਕਰਵਾ ਦਿੱਤਾ ਤੇ ਉਹ ਲਾਹੌਰ ਪਰਤ ਆਇਆ ।" ਇਹ ਸਾਰੀ ਦੀ ਸਾਰੀ ਲਿਖਤ ਨਿਰਮੂਲ ਹੈ, ਕਦੇ ਕੋਈ ਭਾਗ ਸਿੰਘ ਨਾਮ ਦਾ ਪੁਰਸ਼ ਭੰਗੀਆਂ ਦੀ ਮਿਸਲ ਦਾ ਮੁਖੀ ਨਹੀਂ ਹੋਇਆ ਅਤੇ ਉਹ ਫਿਰ ਘਨੱਯਾ ਮਿਸਲ ਦਾ ਕਿਸ ਤਰ੍ਹਾਂ ਮੁਖੀ ਬਣ ਗਿਆ, ਜਦ ਸਦਾ ਕੌਰ ਆਪ ਘਨੱਯਾ ਮਿਸਲ ਦੀ ਮਾਲਕ ਤੇ ਮੁਖੀ ਮੌਜੂਦ ਸੀ । ਇਹ ਮੁਹਿੰਮ ਕੇਵਲ ਪਹਾੜੀ ਰਾਜਿਆਂ ਨੂੰ ਸੋਧਣ ਲਈ ਕੀਤੀ ਗਈ ਸੀ, ਨਾ ਕਿ ਭੰਗੀ ਸਰਦਾਰਾਂ ਪਰ । ਬੁਧ ਸਿੰਘ ਅਤੇ ਸੰਗਤ ਸਿੰਘ ਪਰ ਧਾਵਾ ਸਦਾ ਕੌਰ ਦੇ ਕਹਿਣ ਪਰ ਕੀਤਾ ਗਿਆ ਸੀ । ਵੇਖੋ ਘਨੱਯਾ ਲਾਲ ਤਾਰੀਖ਼ ਪੰਜਾਬ ਸਫ਼ਾ 157 ।*

ਸਦਾ ਕੌਰ ਨੂੰ ਦਵਾ ਦਿੱਤੇ । ਸਰਦਾਰ ਬੁਧ ਸਿੰਘ ਤੇ ਸੰਗਤ ਸਿੰਘ ਨੂੰ ਨਿਰਬਾਹ ਲਈ ਲੋੜ ਅਨੁਸਾਰ ਜਾਗੀਰ ਦਿੱਤੀ[1] ।

ਇਥੇ ਹੁੰਦਾ ਹੋਇਆ ਮਹਾਰਾਜਾ ਪਿੰਡ ਭੱਟੀਆਂ ਵੱਲ ਗਿਆ ਤੇ ਇਸ ਇਲਾਕੇ ਨੂੰ ਫਤਹਿ ਕਰਕੇ ਸਰਦਾਰ ਫਤਹਿ ਸਿੰਘ ਆਹਲੂਵਾਲੀਏ ਨੂੰ ਦੇ ਦਿੱਤਾ । ਇਸ ਤੇ ਬਾਅਦ ਧੰਨੀ ਦਾ ਇਲਾਕਾ ਵੀ ਸਰ ਕਰ ਲਿਆ ਤੇ ਇਹ ਵੀ ਫ਼ਤਹਿ ਸਿੰਘ ਨੂੰ ਦੇ ਦਿੱਤਾ । ਇਉਂ ਮਹਾਰਾਜਾ ਸਾਲ ਦੇ ਛੇਕੜ ਪਰ ਲਾਹੌਰ ਪਰਤ ਆਇਆ । ਇਥੇ ਕੁਝ ਦਿਨ ਠਹਿਰ ਕੇ ਮਹਾਰਾਜਾ ਤੇ ਸ: ਫਤਹਿ ਸਿੰਘ ਸ੍ਰੀ ਤਰਨਤਾਰਨ ਸਾਹਿਬ ਜੀ ਦੇ ਇਸ਼ਨਾਨ ਲਈ ਗਏ ਅਤੇ ਉਥੇ ਉਸ ਨਾਲ ਮਿੱਤਰਤਾ ਦੇ ਸਬੰਧ ਨੂੰ ਵਧੇਰੇ ਪੱਕਾ ਕਰਨ ਲਈ ਪੱਗ-ਵਟਾਂਦਰਾ ਕੀਤਾ ।

ਇਸ ਸਮੇਂ ਤਰਨਤਾਰਨ ਸਾਹਿਬ ਦੇ ਤਲਾਅ ਦੇ ਜਿਹੜੇ ਦੋ ਪਾਸੇ ਪੱਕੇ ਬਨਾਉਣੇ ਸ: ਜੱਸਾ ਸਿੰਘ ਰਾਮਗੜ੍ਹੀਏ ਤੋਂ ਬਾਕੀ ਰਹਿ ਗਏ ਸਨ, ਮਹਾਰਾਜਾ ਰਣਜੀਤ ਸਿੰਘ ਨੇ ਪੱਕੇ ਬਣਾਉਣੇ ਆਰੰਭ ਕਰਵਾ ਦਿੱਤੇ । ਸੇਵਾ ਪੂਰੀ ਹੋਣ ਪਰ ਇਸ ਗੁਰੂ ਧਾਮ ਲਈ 4500 ਰੁਪਿਆ ਸਾਲਾਨਾ ਜਾਗੀਰ ਲਾ ਦਿੱਤੀ ।

## ਸ਼ਾਹਜ਼ਾਦਾ ਖੜਗ ਸਿੰਘ ਦਾ ਜਨਮ ਤੇ ਇਲਾਕਾ ਡਸਕਾ ਆਦਿ ਨੂੰ ਫਤਹਿ ਕਰਨਾ

ਸੰਨ 1802[2] ਦੇ ਆਰੰਭ ਵਿਚ ਸ਼ਾਹਜ਼ਾਦਾ ਖੜਗ ਸਿੰਘ ਦਾ ਜਨਮ ਮਹਾਰਾਣੀ ਰਾਜ ਕੌਰ (ਸਪੁੱਤਰੀ ਸ: ਖਜ਼ਾਨ ਸਿੰਘ ਨੱਕਈ) ਦੀ ਕੁੱਖ ਤੋਂ ਹੋਇਆ । ਇਸ ਸਮੇਂ ਸਾਰੇ ਦੇਸ਼ ਵਿਚ ਭਾਰੀਆਂ ਖ਼ੁਸ਼ੀਆਂ ਮਨਾਈਆਂ ਗਈਆਂ ਅਤੇ ਬੇਗਿਣਤ ਮਾਇਆ ਅਨਾਥਾਂ ਅਤੇ ਲੋੜਵੰਦਾਂ ਵਿਚ ਵੰਡੀ ਗਈ । ਲਾਹੌਰ ਦੇ ਹਰ ਸਿਪਾਹੀ ਨੂੰ ਇਕ ਕੰਠਾ ਦਿੱਤਾ ਗਿਆ[3] । ਮਹਾਰਾਜ਼ਾ ਸਾਹਿਬ ਨੇ ਕਰਮ ਸਿੰਘ ਤੋਸ਼ਾਖਾਨੀਏ ਨੂੰ ਆਗਿਆ ਦੇ ਦਿੱਤੀ ਕਿ ਜੋ ਗਰੀਬ ਅਨਾਥ ਆਵੇ, ਉਸ ਨੂੰ ਨਿਹਾਲ ਕਰ ਦਿੱਤਾ ਜਾਏ । ਚਾਲੀ ਦਿਨਾਂ ਤੱਕ ਬਰਾਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡਪਾਠ ਹੁੰਦੇ ਰਹੇ । ਚਾਲੀਵੇਂ ਦਿਨ ਆਖਰੀ ਭੋਗ ਦੀ ਸਮਾਪਤੀ ਪਰ ਭਾਈ ਰਾਮ ਸਿੰਘ ਜੀ ਨੇ ਨਾਂ ਰੱਖਣ ਦੀ ਮਰਯਾਦਾ ਪੂਰੀ ਕੀਤੀ, ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਅੱਖਰ ਪਰ ਸੰਗਤ ਦੀ ਆਗਿਆ ਅਨੁਸਾਰ ਸ਼ਾਹਜ਼ਾਦਾ ਦਾ ਨਾਂ ਖੜਗ ਸਿੰਘ ਰੱਖਿਆ ਅਤੇ ਭਾਈ ਰਾਮ ਸਿੰਘ ਉਸ ਦਾ ਆਧਿਆਪਕ ਨੀਯਤ ਕੀਤਾ ਗਿਆ ।

ਇਨ੍ਹਾਂ ਦਿਨਾਂ ਵਿਚ ਖ਼ਬਰਾਂ ਆਈਆਂ ਕਿ ਇਲਾਕਾ ਡਸਕੇ ਦੇ ਕਿਲ੍ਹਾਦਾਰ ਨੇ ਮਾਮਲਾ ਨਹੀਂ ਤਾਰਿਆ ਤੇ ਉਹ ਅੱਗੇ ਤੋਂ ਵੀ ਤਾਰਨ ਤੋਂ ਨਾਂਹ ਕਰ ਬੈਠਾ ਹੈ । ਮਹਾਰਾਜਾ ਨੇ ਉਸੀ

- - - - - -

1. *ਘਨੱਯਾ ਲਾਲ ਤਵਾਰੀਖ ਪੰਜਾਬ ਸਫਾ 158 ।*
2. *ਮੈਕਗਰੇਗਰ , ਸ਼ਾਹਜ਼ਾਦੇ ਦੇ ਜਨਮ ਦਾ ਸੰਨ 1800 ਲਿਖਦਾ ਹੈ, ਜੋ ਠੀਕ ਨਹੀਂ । ਵੇਖੋਂ ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਜਿ: 1 ਸ: 71. ਸ: ਮੁ: ਲਤੀਫ ਹਿ : ਔ: ਦੀ ਪੰਜਾਬ, ਸਫਾ 456, ਪ੍ਰਿੰਸਪ ਸ: 42।*
3. *ਸੱਯਦ ਮੁਹੰਮਦ ਲਤੀਫ; ਹਿਸਟਰੀ ਆਫ ਦੀ ਪੰਜਾਬ; ਸਫਾ 356 ।*

ਵਕਤ ਸਣੇ ਸ: ਫਤਹਿ ਸਿੰਘ ਆਹਲੂਵਾਲੀਏ ਦੇ ਡਸਕੇ ਵੱਲ ਕੂਚ ਕਰ ਦਿੱਤਾ ਤੇ ਇਕੋ ਹੱਲੇ ਵਿਚ ਕਿਲ੍ਹੇ ਨੂੰ ਫਤਹਿ ਕਰ ਲਿਆ। ਇਸ ਕਿਲ੍ਹੇ ਵਿਚ ਅੱਗੇ ਨੂੰ ਮਹਾਰਾਜਾ ਨੇ ਆਪਣੀ ਫੌਜ ਰੱਖਣੀ ਪ੍ਰਵਾਨ ਕੀਤੀ। ਆਪ ਲਾਹੌਰ ਪਰਤ ਆਇਆ।

ਲਾਹੌਰ ਪਹੁੰਚਦਿਆਂ ਅਜੇ ਬਹੁਤੇ ਦਿਨ ਨਹੀਂ ਸਨ ਬੀਤੇ ਕਿ ਫਰਿਆਦਾਂ ਪਹੁੰਚੀਆਂ ਕਿ ਪਿੰਡ ਭੱਟੀਆਂ ਦੇ ਜ਼ਿਮੀਂਦਾਰ ਤੇ ਕਰਮ ਸਿੰਘ ਦੂੱਲੂ ਦੇ ਪੁੱਤਰ ਜੱਸਾ ਸਿੰਘ ਭੰਗੀ ਨੇ ਇਲਾਕੇ ਦੀ ਪਰਜਾ ਉਤੇ ਅੱਤ ਦੇ ਜ਼ੁਲਮ ਕੀਤੇ ਹਨ। ਇਹ ਸਰਦਾਰ ਇਸ ਸਮੇਂ ਚਿਨੋਟ ਦੇ ਕਿਲ੍ਹੇ ਵਿਚ ਸੀ। ਮਹਾਰਾਜਾ ਆਪ ਇਕ ਦਸਤਾ ਫੌਜ ਨਾਲ ਲੈ ਕੇ ਉਧਰ ਨੂੰ ਵਧਿਆ ਅੱਗੋਂ ਜੱਸਾ ਸਿੰਘ ਨੇ ਕਿਲ੍ਹੇ ਦੇ ਦਰਵਾਜ਼ੇ ਬੰਦ ਕਰ ਲਏ। ਮਹਾਰਾਜੇ ਦੀ ਫੌਜ ਨੇ ਕਿਲ੍ਹੇ ਨੂੰ ਚਾਰੇ ਪਾਸੇ ਘੇਰ ਲਿਆ ਤੇ ਬਿਨਾਂ ਕਿਸੇ ਲੜਾਈ ਦੇ ਕਿਲ੍ਹਾ ਖਾਲੀ ਕਰਵਾ ਲਿਆ ਤੇ ਜੱਸਾ ਸਿੰਘ ਨੂੰ ਕਿਲ੍ਹੇ ਤੋਂ ਕੱਢ ਦਿੱਤਾ ਗਿਆ, ਪਰ ਉਸ ਨੂੰ ਗੁਜਾਰੇ ਲਈ ਹੋਰਥੇ ਜਾਗੀਰ ਬਖਸ਼ੀ[1]।

ਮਹਾਰਾਜਾ ਸਾਹਿਬ ਅਜੇ ਇਥੇ ਹੀ ਸਨ ਕਿ ਖ਼ਬਰਾਂ ਪਹੁੰਚੀਆਂ ਕਿ ਨਜ਼ਾਮੁਦੀਨ ਕਸੂਰੀਏ ਨੇ ਇਲਾਕੇ ਤੋਂ ਬਹੁਤ ਸਾਰੇ ਜਹਾਦੀ ਪਠਾਣ ਇਕੱਠੇ ਕਰ ਲਏ ਹਨ ਅਤੇ ਉਸ ਦਾ ਇਰਾਦਾ ਲਾਹੌਰ ਦੇ ਇਲਾਕੇ ਵਿਚ ਲੁੱਟ-ਮਾਰ ਕਰਨ ਦਾ ਹੈ। ਮਹਾਰਾਜਾ ਅਜੇ ਤਿਆਰੀਆਂ ਵਿਚ ਹੀ ਸੀ ਕਿ ਉਪਰੋਂ ਰਿਪੋਰਟ ਆਈ ਕਿ ਸਰਕਾਰ ਦੇ ਇਲਾਕੇ ਦੇ ਦੋ ਪਿੰਡ ਵੀ ਲੁੱਟ ਲਏ ਗਏ ਹਨ। ਇਸ ਤਰ੍ਹਾਂ ਨਜ਼ਾਮੁਦੀਨ ਨੇ ਆਪਣਾ ਪਿਛਲਾ ਐਹਦਨਾਮਾ ਤੋੜ ਦਿੱਤਾ ਹੈ। ਮਹਾਰਾਜਾ ਨੇ ਸਣੇ ਸ: ਫਤਹਿ ਸਿੰਘ ਆਹਲੂਵਾਲੀਏ ਦੇ ਹੁਣ ਬਿਨਾਂ ਕਿਸੇ ਢਿੱਲ ਦੇ ਕਸੂਰ ਤੇ ਚੜ੍ਹਾਈ ਕਰ ਦਿੱਤੀ ਤੇ ਜਾਂਦੇ ਸਾਰ ਇਕ ਯੋਗ ਮੈਦਾਨ ਜੰਗ ਲਈ ਵੇਖ ਕੇ ਉਥੇ ਡੇਰੇ ਲਾ ਦਿੱਤੇ। ਪਠਾਣ ਮਹਾਰਾਜੇ ਦੇ ਆਉਣ ਤੋਂ ਪਹਿਲੇ ਆਪਣੇ ਵਲੋਂ ਚੰਗੀ ਤਰ੍ਹਾਂ ਦਮਦਮੇ ਅਤੇ ਮੋਰਚੇ ਤਿਅਰਾ ਕਰ ਚੁੱਕੇ ਸਨ। ਅਗਲੇ ਦਿਨ ਲੜਾਈ ਆਰੰਭ ਹੋਈ ਤੇ ਬੜੀ ਲਹੂ-ਡੋਲਵੀਂ ਲੜਾਈ ਹੋਈ। ਸ਼ੇਰਿ ਪੰਜਾਬ ਆਪ ਆਪਣੇ ਹੱਥ ਸੂਤੀ ਹੋਈ ਤਲਵਾਰ ਲਈ ਹੋਈ ਸ਼ੇਰ ਦੀ ਤਰ੍ਹਾਂ ਵੈਰੀ ਤੇ ਜਾ ਪੈਂਦਾ ਤੇ ਜੇ ਕੋਈ ਸਾਹਮਣੇ ਆਉਂਦਾ, ਉਸ ਨੂੰ ਸੰਸਾਰ ਤੋਂ ਪਾਰ ਕਰ ਦੇਂਦਾ।

ਪਠਾਣ ਇਸ ਲੜਾਈ ਵਿਚ ਬੜੀ ਹਿੰਮਤ ਨਾਲ ਖੂਬ ਦਿਲ ਖੋਲ੍ਹ ਕੇ ਲੜੇ, ਪਰ ਛੇਕੜ ਖ਼ਾਲਸੇ ਦੀ ਤਲਵਾਰ ਨੇ ਉਨ੍ਹਾਂ ਦਾ ਮੂੰਹ ਫੇਰ ਦਿੱਤਾ। ਗਾਜ਼ੀ ਮੈਦਾਨ ਤੋਂ ਨੱਸ ਕੇ ਕਿਲ੍ਹੇ ਵਿਚ ਜਾ ਵੜੇ ਅਤੇ ਫੇਰ ਗੋਲੀਆਂ ਮਾਰਨੀਆਂ ਆਰੰਭ ਕਰ ਦਿੱਤੀਆਂ। ਇਧਰੋਂ ਮਹਾਰਾਜਾ ਨੇ ਵੀ ਆਪਣੇ ਤੋਪਖਾਨੇ ਨੂੰ ਕਿਲ੍ਹੇ ਵੱਲ ਤੋਪਾਂ ਦੇ ਮੂੰਹ ਮੋੜਨ ਦਾ ਹੁਕਮ ਦਿੱਤਾ ਤੇ ਹੁਣ ਲੱਗੇ ਕਿਲ੍ਹੇ ਤੇ ਗੋਲੇ ਵਰਸਾਉਣ। ਬੱਸ ਫੇਰ ਕੀ ਸੀ, ਕਿਲ੍ਹੇ ਦੇ ਅੰਦਰ ਪਠਾਣਾਂ ਵਿਚ ਅਜਿਹੀ ਨਿਰਾਸ਼ਤਾ ਛਾਈ ਕਿ ਜਿਸ ਦੀ ਕੋਈ ਹੱਦ ਨਾ ਰਹੀ। ਹੁਣ ਨਜ਼ਾਮੁਦੀਨ ਨੇ ਆਪਣੇ ਆਪ ਨੂੰ ਸਭ ਪਾਸੇ ਤੋਂ ਖ਼ਤਰੇ ਵਿਚ ਡਿੱਠਾ ਤਾਂ ਸਫੈਦ ਝੰਡਾ ਹੱਥ ਵਿਚ ਲੈ ਕੇ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬੜੀ ਨਿਮਰਤਾ ਨਾਲ ਆਪਣੀ ਭੁੱਲ ਬਖਸ਼ਾਈ[2] ਅਤੇ ਅੱਗੇ ਨੂੰ ਸਿੱਖ ਰਾਜ ਦਾ ਸਭ ਤਰ੍ਹਾਂ ਦਾ ਸ਼ੁਭ ਚਿੰਤਕ ਰਹਿਣ ਦਾ ਬਚਨ ਲਿਖ ਦਿੱਤਾ। ਇਸ ਲੜਾਈ ਦੇ ਸਾਰੇ ਖਰਚਾਂ ਤੋਂ ਛੁੱਟ ਇਕ ਭਾਰੀ ਰਕਮ ਦੰਡ ਦੇ ਤੌਰ ਤੇ ਉਸ ਤੋਂ ਲਈ ਗਈ। ਇਸ ਤਰ੍ਹਾਂ ਫਤਹਿ ਦਾ ਝੰਡਾ ਉਡਾਉਂਦਾ ਹੋਇਆ ਖ਼ਾਲਸਾ ਦਲ ਲਾਹੌਰ ਆ ਵੜਿਆ। ਇਸ ਲੜਾਈ ਵਿਚ ਸ: ਫਤਹਿ ਸਿੰਘ ਨੇ ਵੀ ਆਪਣੀ ਵੀਰਤਾ ਤੇ ਨਿਰਭੈਤਾ ਦੇ ਪੂਰੇ ਜੌਹਰ ਦੱਸੇ।

ਇਸ ਦੇ ਕੁਝ ਦਿਨਾਂ ਬਾਅਦ ਮਹਾਰਾਜਾ ਸਾਹਿਬ ਨੇ ਦੁਆਬੇ ਦੇ ਇਲਾਕੇ ਤੋਂ ਆਪਣਾ ਕਬਜ਼ਾ ਜਮਾਉਣ ਲਈ ਜਲੰਧਰ ਵੱਲ ਚੜ੍ਹਾਈ ਕੀਤੀ ਤੇ ਇਥੋਂ ਦੇ ਕਈ ਪਿੰਡਾਂ ਵਿਚ

------

1. *ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ 356।*
2. *ਸ: ਮੁ: ਲਤੀਫ ਹਿਸਟਰੀ ਆਫ਼ ਦੀ ਪੰਜਾਬ, ਸਫ਼ਾ 357।*

ਚੌਂਕੀਆਂ ਬਿਠਾ ਦਿੱਤੀਆਂ । ਫਗਵਾੜੇ ਦਾ ਇਲਾਕਾ ਫਤਹਿ ਕਰਕੇ ਸ: ਫਤਹਿ ਸਿੰਘ ਆਹਲੂਵਾਲੀਏ ਨੂੰ ਦੇ ਦਿੱਤਾ । ਇਥੋਂ ਕੂਚ ਕਰਕੇ ਸ: ਫਤਹਿ ਸਿੰਘ ਮਹਾਰਾਜਾ ਸਾਹਿਬ ਨੂੰ ਆਪਣੇ ਨਾਲ ਕਪੂਰਥਲੇ ਲੈ ਆਇਆ ਤੇ ਸੁਲਤਾਨਪੁਰ ਦੇ ਜੰਗਲ ਵਿਚ ਕਈ ਦਿਨ ਸ਼ਿਕਾਰ ਖੇਡਿਆ । ਇਥੋਂ ਇਲਾਕਾ ਕਾਂਗੜੇ ਤੋਂ ਨਜ਼ਰਾਨੇ ਲੈਂਦੇ ਹੋਏ ਲਾਹੌਰ ਵੱਲ ਕੂਚ ਕਰ ਦਿੱਤਾ । ਇਸ ਸਮੇਂ ਮਹਾਰਾਜਾ ਸਾਹ਼ਿਬ ਕਸੂਰ ਦੇ ਲਾਗੇ ਪਹੁੰਚੇ ਤਾਂ ਨਜ਼ਾਮੁਦੀਨ ਕਸੂਰੀਏ ਦੇ ਪਰਿਵਾਰ ਵਲੋਂ ਇਕ ਬੇਨਤੀ-ਪੱਤਰ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਪੁੱਜਾ । ਜਿਸ ਵਿਚ ਲਿਖਿਆ ਸੀ ਕਿ ਨਜ਼ਾਮੁਦੀਨ ਨੂੰ ਬੜੀ ਨਿਰਦਇਤਾ ਨਾਲ ਵਾਸ਼ਲ ਖ਼ਾਨ ਅਤੇ ਹਾਜੀ ਖ਼ਾਨ ਨੇ ਕਤਲ ਕਰ ਦਿੱਤਾ ਹੈ ਅਤੇ ਸਾਡਾ ਧਨ ਪਦਾਰਥ ਵੀ ਲੁੱਟਿਆ ਗਿਆ ਹੈ, ਜਿਸ ਵਿਚ ਕੁਤਬੁਦੀਨ ਵੀ ਅੰਦਰੋਂ ਸਾਡੇ ਵੈਰੀਆਂ ਨਾਲ ਆ ਮਿਲਿਆ ਹੋਇਆ ਹੈ, ਹੁਣ ਸ੍ਰੀ ਹਜ਼ੂਰ ਜੀ ਤੋਂ ਬਿਨਾਂ ਸਾਡੀ ਰੱਖਿਆ ਦੀ ਹੋਰ ਕੋਈ ਓਟ ਬਾਕੀ ਨਹੀਂ ਰਹੀ, ਸਾਡੇ ਤੇ ਦਇਆ ਕੀਤੀ ਜਾਏ[1] । ਇਸ ਫਰਿਆਦ ਨੂੰ ਸੁਣ ਕੇ ਮਹਾਰਾਜਾ ਸਾਹਿਬ ਨੇ ਉਨ੍ਹਾਂ ਦੀ ਬੜੀ ਦਿਲ ਜਮੀ ਕਰਾਈ ਤੇ ਸਭ ਤਰ੍ਹਾਂ ਦੀ ਸਹਾਇਤਾ ਦਾ ਭਰੋਸਾ ਦਿੱਤਾ । ਉਧਰ ਉਸੇ ਸਮੇਂ ਕੂਚ ਕਰ ਰਹੀਆਂ ਫੌਜਾਂ ਨੂੰ ਹੁਕਮ ਦਿੱਤਾ ਕਿ ਏਥੇ ਹੀ ਡੇਰੇ ਲਾ ਦਿਓ ਤੇ ਕਸੂਰ ਨੂੰ ਚੌਵਲੀਓਂ ਘੇਰ ਲਵੋ । ਹੁਕਮ ਦੀ ਪਾਲਣਾ ਕੀਤੀ ਗਈ ਤੇ ਕਸੂਰ ਨੂੰ ਘੇਰੇ ਵਿਚ ਰੱਖ ਲਿਆ । ਕਸੂਰੀ ਪਠਾਣਾਂ ਨੂੰ ਜਦ ਖ਼ਾਲਸਾ ਫੌਜ ਦੇ ਪਹੁੰਚਣ ਦਾ ਪਤਾ ਲੱਗਾ ਤਾਂ ਪਹਿਲੇ ਉਹਨਾਂ ਨੇ ਲੜਨ ਦਾ ਇਰਾਦਾ ਕਰ ਲਿਆ ਪਰ ਇਕ ਦੋ ਸੰਗ੍ਰਾਮਾਂ ਦੇ ਬਾਅਦ ਜਿਨ੍ਹਾਂ ਵਿਚ ਵੈਰੀਆਂ ਦਾ ਭਾਰੀ ਨੁਕਸਾਨ ਹੋਇਆ ਝਬਦੇ ਹੀ ਉਨ੍ਹਾਂ ਦੀ ਹੋਸ਼ ਟਿਕਾਣੇ ਆ ਗਈ । ਹੁਣ ਕੁਤਬੁਦੀਨ ਖ਼ਾਨ ਸਣੇ ਆਪਣੇ ਸਹਾਇਕਾਂ ਦੇ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਜਾਨ-ਬਖਸ਼ੀ ਲਈ ਅਰਜ਼ੋਈ ਕੀਤੀ । ਸ਼ੇਰਿ ਪੰਜਾਬ ਨੇ ਨਜ਼ਾਮੁਦੀਨ ਦੇ ਹਤਿਆਰਿਆਂ ਨੂੰ ਹਵਾਲੇ ਕਰਨ ਦਾ ਉਸ ਨੂੰ ਹੁਕਮ ਦਿੱਤਾ । ਇਸ ਸਮੇਂ ਕੁਤਬੁਦੀਨ ਨੇ ਮਹਾਰਾਜਾ ਸਾਹਿਬ ਦੀਆਂ ਸਾਰੀਆਂ ਸ਼ਰਤਾਂ ਮੰਨ ਲਈਆਂ ਤੇ ਉਸ ਦੀ ਜਾਨ ਬਖਸ਼ੀ ਕੀਤੀ ਗਈ । ਨਜ਼ਾਮੁਦੀਨ ਦੇ ਪੁੱਤਰਾਂ ਤੇ ਪਰਿਵਾਰ ਨੂੰ ਉਨ੍ਹਾਂ ਦਾ ਸਾਰਾ ਧੰਨ ਤੇ ਸਮਿਆਨ ਮੁੜ ਦਿਵਾ ਦਿੱਤਾ ਅਤੇ ਆਪਣੇ ਵਲੋਂ ਮਹਾਰਾਜਾ ਸਾਹਿਬ ਨੇ ਉਨ੍ਹਾਂ ਨੂੰ ਜਾਗੀਰ ਬਖਸ਼ੀ[2] ਤੇ ਆਪ ਲਾਹੌਰ ਵੱਲ ਪਰਤ ਆਏ ।

## ਇਲਾਕਾ ਮੁਲਤਾਨ ਪੁਰ ਪਹਿਲੀ ਚੜ੍ਹਾਈ

ਮਹਾਰਾਜਾ ਰਣਜੀਤ ਸਿੰਘ ਦੀ ਸਾਜਨਾ ਰੱਬ ਵਲੋਂ ਐਸੀ ਸਾਜੀ ਗਈ ਸੀ ਕਿ ਭਾਵੇਂ ਕੋਈ ਵੀ ਕੰਮ ਕਿੰਨਾ ਕਠਿਨ ਅਤੇ ਅਸੰਭਵ ਕਿਉਂ ਨਾ ਹੋਵੇ, ਉਹ ਉਸ ਤੋਂ ਕਦੇ ਮੂੰਹ ਨਹੀਂ ਸੀ ਫੇਰਦਾ ਹੁੰਦਾ । ਉਹ ਥਕੇਵੇਂ ਤੇ ਭੁੱਖ ਪਿਆਸ ਦੀਆਂ ਔਕੜਾਂ ਨੂੰ ਮੂਲੋਂ ਚੇਤੇ ਹੀ ਨਾ ਸੀ ਲਿਆਉਂਦਾ, ਇਹੀ ਵੱਡਾ ਭੇਤ ਕਠਿਨ ਮੁਹਿੰਮਾਂ ਵਿਚ ਸਫਲਤਾਈਆਂ ਦਾ ਸੀ ।

ਇਲਾਕਾ ਦੁਆਬਾ ਦੇ ਦੌਰੇ ਤੋਂ ਪਰਤ ਕੇ ਆਈਆਂ ਫੌਜਾਂ ਨੂੰ ਅਜੇ ਕੁਝ ਹੀ ਦਿਨ ਬੀਤੇ ਸਨ ਅਤੇ ਉਹਨਾਂ ਦਾ ਅਜੇ ਚੰਗੀ ਤਰ੍ਹਾਂ ਥਕੇਵਾਂ ਵੀ ਨਹੀਂ ਸੀ ਉਤਰਿਆ ਕਿ ਆਪ ਨੇ ਮੁੜ ਇਕ ਮੁਹਿੰਮ ਪਰ ਮੁਲਤਾਨ ਤੇ ਝੰਗ ਵੱਲ ਜਾਣ ਦਾ ਹੁਕਮ ਫੌਜਾਂ ਨੂੰ ਦੇ ਦਿੱਤਾ । ਇਸ ਪਰ ਘਨੱਯਾ ਲਾਲ ਲਿਖਦਾ ਹੈ ਕਿ ਮਹਾਰਾਜੇ ਦੇ ਏਸ ਹੁਕਮ ਮੂਹਰੇ ਸਾਰਿਆਂ ਸਰਦਾਰਾਂ ਨੇ ਸਿਰ ਝੁਕਾਇਆ, ਪਰ ਕੁਝ ਕੁ ਪੈਂਚਾਂ ਨੇ ਬੜੇ ਸਤਿਕਾਰ ਨਾਲ ਮਹਾਰਾਜੇ ਨੂੰ ਆਖਿਆ ਕਿ ਆਪ ਅਜੇ ਹੁਣੇ ਹੀ ਥੱਕੇ ਆਏ ਹੋ, ਜੇ ਕੋਈ ਦਿਨ ਆਰਾਮ ਕਰ ਲਵੋ ਤਾਂ ਚੰਗਾ ਹੋਵੇ ਤੇ ਫਿਰ

- - - - - -

*1. ਰਾਏ ਬਹਾਦਰ ਘਨੱਯਾ ਲਾਲ: ਤਵਾਰੀਖ ਪੰਜਾਬ, ਸਫ਼ਾ 160 ।*

*2. ਕਰਨਲ ਮੇਸੀ ਚੀਫਸ ਆਫ ਫੈਮਲੀਜ਼ ਆਫ ਨੋਟ, ਸਫ਼ਾ 268 ।*

ਲੜਾਈ ਲਈ ਕੂਚ ਕੀਤਾ ਜਾਏ । ਇਸ ਦਾ ਉਤਰ ਦੇਣ ਲਈ ਮਹਾਰਾਜੇ ਨੇ ਅਗਲੀ ਸਵੇਰ ਨੂੰ ਇਕ ਬੜਾ ਦਰਬਾਰ ਕੀਤਾ, ਜਿਸ ਵਿਚ ਉਥੋਂ ਦੀ ਸਾਰੀ ਫੌਜ ਤੇ ਮੁਲਕੀ ਕਰਮਚਾਰੀ ਵੀ ਹਾਜ਼ਰ ਸਨ । ਇਸ ਸਮੇਂ ਮਹਾਰਾਜਾ ਸਾਹਿਬ ਨੇ ਇਕ ਉਚੇ ਚਬੂਤਰੇ (ਥੜ੍ਹੇ) ਤੇ ਖੜੋ ਕੇ ਆਪਣੀ ਗਰਜਵੀਂ ਆਵਾਜ਼ ਨਾਲ ਸਾਰਿਆਂ ਨੂੰ ਦੱਸਿਆ ਕਿ ਮੈਨੂੰ ਆਰਾਮ ਕਰਨ ਲਈ ਕਿਹਾ ਗਿਆ ਹੈ, ਮੈਂ ਆਪ ਨੂੰ ਦੱਸਦਾ ਹਾਂ ਕਿ ਖ਼ਾਲਸੇ ਦਾ ਜਨਮ ਆਰਾਮ ਦੇ ਦਿਨ ਨਹੀਂ ਹੋਇਆ ਅਤੇ ਨਾ ਹੀ ਆਰਾਮ ਤੇ ਮੌਜਾਂ ਲਈ ਅਸੀਂ ਜਨਮੇਂ ਹਾਂ, ਅਸਾਂ ਸੰਸਾਰ ਤੇ ਰਹਿ ਕੇ ਇੰਨਾ ਕੁਝ ਕਰਨਾ ਹੈ ਜੋ ਆਰਾਮ ਕੀਤਿਆਂ ਪੂਰਾ ਨਹੀਂ ਹੋ ਸਕਦਾ, ਆਰਾਮ ਕੀ ਅਰ ਖ਼ਾਲਸਾ ਬਹਾਦਰ ਕੀ ? ਖ਼ਾਲਸਾ ਸਦਾ ਕੰਮ ਕਰਦਿਆਂ ਹੀ ਸ਼ੋਭਦਾ ਹੈ, ਆਦਿ ।

ਕਹਿੰਦੇ ਹਨ ਕਿ ਇਨ੍ਹਾਂ ਥੋੜ੍ਹੇ ਜਿਹੇ ਸ਼ਬਦਾਂ ਦਾ ਫੌਜ ਅਤੇ ਸਰਦਾਰਾਂ ਉਤੇ ਉਹ ਜਾਦੂ ਦਾ ਅਸਰ ਹੋਇਆ ਤੇ ਸਾਰਿਆਂ ਦੇ ਦਿਲਾਂ ਨੇ ਅਜਿਹੇ ਹੁਲਾਰੇ ਖਾਧੇ ਕਿ ਉਸ ਸਮੇਂ ਕੂਚ ਲਈ ਸਾਰਿਆਂ ਜੈਕਾਰੇ ਗਜਾਏ ਤੇ ਮੁਲਤਾਨ ਵੱਲ ਚਾਲੇ ਪਾ ਦਿੱਤੇ । ਕੁਝ ਦਿਨਾਂ ਦੇ ਬਾਅਦ ਇਹ ਫੌਜ ਸਣੇ ਮਹਾਰਾਜਾ ਦੇ ਨਵਾਬ ਮੁਲਤਾਨ ਦੀ ਹੱਦ ਵਿਚ ਜਾ ਵੜੀ । ਅੱਗੋਂ ਨਵਾਬ ਮੁਜ਼ੱਫਰ ਖ਼ਾਨ ਨੇ ਆਪਣਾ ਦੀਵਾਨ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜ ਕੇ ਅੱਗੇ ਲਈ ਖ਼ਾਲਸੇ ਦੀ ਅਨੁਸਾਰਤਾ ਮੰਨ ਲਈ । ਅਗਲੇ ਦਿਨ ਨਵਾਬ ਆਪ ਮਹਾਰਾਜਾ ਨੂੰ ਮੁਲਤਾਨ ਤੋਂ ਕਈ ਕੋਹ ਅੱਗੋਂ ਆ ਮਿਲਿਆ । ਮਹਾਰਾਜਾ ਨਵਾਬ ਨਾਲ ਬੜੀ ਕ੍ਰਿਪਾਲਤਾ ਨਾਲ ਪੇਸ਼ ਆਇਆ ਅਤੇ ਅੱਗੋਂ ਲਈ ਵਫ਼ਾਦਾਰੀ ਦਾ ਅਹਿਦ ਨਾਮਾ ਨਵਾਬ ਤੋਂ ਲਿਖਵਾ ਲਿਆ ਤੇ ਮਹਾਰਾਜਾ ਨਜ਼ਰਾਨਾ ਲੈ ਕੇ ਲਾਹੌਰ ਪਰਤ ਆਇਆ[1] ।

ਲਾਹੌਰ ਵਿਚ ਪਹੁੰਚ ਕੇ ਮਹਾਰਾਜਾ ਸਾਹਿਬ ਨੇ ਕਈ ਨਵੀਆਂ ਤੋਪਾਂ ਢਲਵਾਈਆਂ ਅਤੇ ਹੋਰ ਫੌਜ ਭਰਤੀ ਕੀਤੀ, ਜਿਸ ਨਾਲ ਮਹਾਰਾਜੇ ਦਾ ਬਲ ਹੋਰ ਵੀ ਵਧ ਗਿਆ ।

## ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਣਾ

ਸੰ: 1802 ਦੇ ਛੇਕੜਲੇ ਦਿਨਾਂ ਵਿਚ ਸ੍ਰੀ ਅੰਮ੍ਰਿਤਸਰ ਤੋਂ ਖ਼ਬਰ ਆਈ ਕਿ ਭੰਗੀ ਤੇ ਰਾਮਗੜ੍ਹੀਆ ਮਿਸਲ ਦੇ ਸਰਦਾਰ ਤਿਆਰੀਆਂ ਕਰ ਰਹੇ ਹਨ ਕਿ ਮਹਾਰਾਜਾ ਨਾਲ ਮੁੜ ਇਕ ਵਾਰੀ ਬਲ ਪ੍ਰੀਖਿਆ ਕੀਤੀ ਜਾਏ । ਇਸ ਗੋਂਦ ਦੀ ਬਾਨੀ ਸਰਦਾਰਨੀ ਸੁਖਾਂ ਜੀ, ਸੁਪਤਨੀ ਸ: ਗੁਲਾਬ ਸਿੰਘ ਭੰਗੀ ਸੀ[2] । ਮਹਾਰਾਜਾ ਨੇ ਜਦ ਇਸ ਖ਼ਬਰ ਦੀ ਪੜਤਾਲ ਕੀਤੀ ਤਾਂ ਇਹ ਗੱਲ ਠੀਕ ਸਿੱਧ ਹੋਈ । ਆਪ ਨੇ ਉਸੀ ਦਿਨ ਤੋਂ ਚੜ੍ਹਾਈ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਅਤੇ ਥੋੜ੍ਹੇ ਦਿਨਾਂ ਵਿਚ ਹੀ ਸਣੇ ਸ: ਫਤਹਿ ਸਿੰਘ ਆਹਲੂਵਾਲੀਆ ਅਤੇ ਸਰਦਾਰਨੀ ਸਦਾ ਕੌਰ ਦੇ ਸ੍ਰੀ ਅੰਮ੍ਰਿਤਸਰ ਵੱਲ ਵਧਿਆ, ਅਤੇ ਭੰਗੀਆਂ ਦੀ ਸਹਾਇਤਾ ਲਈ

- - - - - -

1. *ਰਾਇ ਬਹਾਦਰ ਘਨੱਯਾ ਲਾਲ ਤਵਾਰੀਖ ਪੰਜਾਬ ਦੇ ਸਫ਼ਾ 104 ਤੇ ਲਿਖਦਾ ਹੈ ਕਿ ਇਸ ਸਮੇਂ ਮਹਾਰਾਜਾ ਰਣਜੀਤ ਸਿੰਘ ਤੇ ਨਵਾਬ ਮੁਜ਼ੱਫਰ ਖ਼ਾਨ ਦੇ ਵਿਚਾਲੇ ਭਾਰੀ ਲੜਾਈ ਹੋਈ ਅਤੇ ਖ਼ਾਲਸੇ ਦੇ ਮੁਲਤਾਨ ਨੂੰ ਲੁੱਟਣ ਦੀ ਕਹਾਣੀ ਵੀ ਲਿਖੀ ਹੈ । ਇਸ ਕਹਾਣੀ ਦੀ ਪ੍ਰੋੜਤਾ ਲਈ ਅਸੀਂ ਕਈ ਇਤਿਹਾਸਕਾਰਾਂ ਦੀਆਂ ਤਵਾਰੀਖਾਂ ਫੋਲੀਆਂ ਪਰ ਇਸ ਦੀ ਪੁਸ਼ਟੀ ਲਈ ਕਿਤੋਂ ਉਦਾਹਰਣ ਨਹੀਂ ਲੱਭ ਸਕੀ, ਸਗੋਂ ਇਸ ਸਮੇਂ ਬਿਨਾਂ ਲੜਾਈ ਦੇ ਨਵਾਬ ਨੇ ਈਨ ਮੰਨ ਲਈ ਸੀ, ਵੇਖੋ ਡਾਕਟਰ ਚੋਪੜੇ ਦੀ ਲਿਖਤ ਪੰਜਾਬ ਐਜ਼ ਏ ਸਾਵਰਨ ਸਟੇਟ ਸਫ਼ਾ 19;ਜ਼ਫਰਨਾਮਾ ਮਹਾਰਾਜਾ ਰਣਜੀਤ ਸਿੰਘ, ਦੀਵਾਨ ਅਮਰਨਾਥ ਸਫ਼ਾ 23, ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਜਿ: 1 ਸ: 81 । ਇਸ ਲਈ ਅਸੀਂ ਇਥੇ ਇਹ ਘਟਨਾ ਨਹੀਂ ਲਿਖਦੇ ।*
2. *ਘਨੱਯਾ ਲਾਲ ਤਵਾਰੀਖ ਪੰਜਾਬ ਸ: 165, ਸ: ਮੁਹੰਮਦ ਲਤੀਫ ਤਵਾਰੀਖ ਪੰਜਾਬ ਸਫ਼ਾ 105, ਲੈਪਲ ਗ੍ਰਿਫਨ ਲਾਈਫ ਆਫ ਮਹਾਰਾਜਾ ਰਣਜੀਤ ਸਿੰਘ ਸ: 163 ।*

ਰਾਮਗੜ੍ਹੀਏ ਸਰਦਾਰ ਠੀਕ ਸਮੇਂ ਸਿਰ ਨਾ ਪਹੁੰਚ ਸਕੇ, ਜਿਸ ਦੇ ਕਾਰਣ ਖੁਲ੍ਹੇ ਮੈਦਾਨ ਵਿਚ ਤਾਂ ਮਹਾਰਾਜਾ ਦਾ ਟਾਕਰਾ ਕੋਈ ਨਾ ਕਰ ਸਕਿਆ, ਹਾਂ ਸ਼ਹਿਰ ਦੇ ਦਰਵਾਜ਼ੇ ਬੰਦ ਕੀਤੇ ਗਏ ਤੇ ਫਸੀਲਾਂ ਤੇ ਤੋਪਾਂ ਚੜ੍ਹਾ ਕੇ ਭੰਗੀ ਮਿਸਲ ਵਲੋਂ ਸ਼ਹਿਰ ਨੂੰ ਬਚਾਉਣ ਲਈ ਲੱਗੇ ਗੋਲੇ ਚੱਲਣ। ਬਾਹਰੋਂ ਮਹਾਰਾਜੇ ਵਲੋਂ ਵੀ ਕੇਵਲ ਡਰਾਵੇ ਲਈ ਫੋਕੀਆਂ ਤੋਪਾਂ ਬਿਨਾਂ ਗੋਲਿਆਂ ਤੇ ਚਲਾਈਆਂ ਗਈਆਂ ਤਾਂ ਜੋ ਗੁਰੂ ਦੀ ਨਗਰੀ ਦੀ ਕੋਈ ਬੇਅਦਬੀ ਨਾ ਹੋਵੇ। ਅਜੇ ਇਹ ਟਾਲ-ਮਟੋਲਾ ਹੋ ਹੀ ਰਿਹਾ ਸੀ ਕਿ ਗੁਰੂ ਨਗਰੀ ਦੇ ਮੁਖੀਏ ਸਣੇ ਅਕਾਲੀ ਫੂਲਾ ਸਿੰਘ[1] ਜੀ ਦੇ, ਦੋਹਾਂ ਫੌਜਾਂ ਵਿਚਾਲੇ ਹੋ ਖਲੋਤੇ ਅਤੇ ਲੜਾਈ ਨੂੰ ਬੰਦ ਕਰਵਾ ਦਿੱਤਾ। ਹੁਣ ਸਮਝੌਤੇ ਤੋਂ ਭੰਗੀਆਂ ਨੇ ਆਪਣਾ ਕਿਲ੍ਹਾ ਖਾਲੀ ਕਰ ਦਿੱਤਾ ਅਤੇ ਉਹਨਾਂ ਨੂੰ ਨਿਰਬਾਹ ਲਈ ਮਹਾਰਾਜਾ ਸਾਹਿਬ ਨੇ ਭਾਰੀ ਜਾਗੀਰ ਦਿੱਤੀ[2]। ਇਉਂ ਦਸੰਬਰ 1802 ਨੂੰ ਸ਼ੇਰਿ ਪੰਜਾਬ ਨੇ ਗੁਰੂ ਦੀ ਨਗਰੀ ਨੂੰ ਖ਼ਾਲਸਾ ਰਾਜ ਨਾਲ ਸੰਬੰਧਤ ਕਰ ਲਿਆ। ਇਸ ਦੇ ਬਾਅਦ ਮਹਾਰਾਜਾ ਸਣੇ ਆਪਣੇ ਸਰਦਾਰਾਂ ਦੇ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਲਈ ਗਏ, ਪਹਿਲਾਂ ਪਾਵਨ ਸਰੋਵਰ ਵਿਚ ਇਸ਼ਨਾਨ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਟਹਿਲੇ ਲਈ ਭਾਰੀ ਰਕਮ ਅਰਦਾਸ ਕਰਵਾਈ। ਭੰਗੀਆਂ ਦੇ ਕਿਲ੍ਹੇ ਪਰ ਮਹਾਰਾਜੇ ਦਾ ਕਬਜ਼ਾ ਹੋ ਜਾਣ ਨਾਲ ਬਹੁਤ ਸਾਰੇ ਜੰਗੀ ਹਥਿਆਰ ਮਹਾਰਾਜੇ ਦੇ ਹੱਥ ਆਏ, ਜਿਨ੍ਹਾਂ ਵਿਚੋਂ ਪ੍ਰਸਿੱਧ ਭੰਗੀਆਂ ਦੀ ਤੋਪ ਜ਼ਮਜ਼ਮਾ ਵੀ ਸੀ[3]।

## ਖ਼ਾਲਸਾ ਫੌਜ ਨੂੰ ਯੂਰਪ ਦੇ ਢੰਗ ਪਰ ਕਵੈਦ ਸਿਖਲਾਈ

ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਦੇ ਉਪਰੰਤ ਸੰਨ 1803 ਈ: ਦੇ ਆਰੰਭ ਵਿਚ ਸਭ ਤੋਂ ਪਹਿਲਾ ਕੰਮ, ਜੋ ਸ਼ੇਰਿ ਪੰਜਾਬ ਨੂੰ ਅਤਿ ਲੋੜੀਂਦਾ ਪ੍ਰਤੀਤ ਹੋਇਆ, ਉਹ ਇਹ ਸੀ ਕਿ ਖ਼ਾਲਸਾ ਦਲਾਂ ਨੂੰ ਸੰਪੂਰਨ ਮਰਯਾਦਾ ਅਨੁਸਾਰ ਯੂਰਪੀ ਫੌਜ ਦੀ ਤਰ੍ਹਾਂ

- - - - - -

1. *ਇਸ ਯੋਧੇ ਦਾ ਜੀਵਨ ਬ੍ਰਿਤਾਂਤ ਛੱਪ ਚੁੱਕਾ ਹੈ, ਜਿਸ ਦੀ ਸ਼ਲਾਘਾ ਸਾਰੇ ਪੰਥ ਨੇ ਕੀਤੀ ਹੈ।*
2. *ਘਨੱਯਾ ਲਾਲ ਮਹਾਰਾਜੇ ਦਾ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਦਾ ਸਮਾਂ ਹੋਲੀਆਂ ਦੇ ਬਾਅਦ ਲਿਖਦਾ ਹੈ, ਜੋ ਠੀਕ ਨਹੀਂ। ਇਸੇ ਤਰ੍ਹਾਂ ਇਥੇ ਭਾਰੀ ਲੜਾਈ ਹੋਣਾ ਲਿਖਣਾ ਵੀ ਠੀਕ ਨਹੀਂ। ਵੇਖੋ ਸ: ਮ: ਲਤੀਫ ਹਿ: ਆ: ਦੀ ਪੰ: ਸ: 539।*
3. *ਇਸ ਪ੍ਰਸਿੱਧ ਤੋਪ ਦੇ ਸਮਾਚਾਰ ਬੜੇ ਹੀ ਅਦਭੁਤ ਹਨ ਅਤੇ ਇਸ ਦੀ ਉਮਰ ਬੜੀ ਲੰਮੀ ਹੈ। ਇਹ ਸੰਨ 1761 ਵਿਚ ਸ਼ਾਹ ਨਜ਼ੀਰ ਨਾਮੀਂ ਕਾਰੀਗਰ ਨੇ ਅਹਿਮਦ ਸ਼ਾਹ ਅਬਦਾਲੀ ਦੇ ਵਜ਼ੀਰ ਵਲੀ ਖ਼ਾਨ ਦੀ ਦੇਖ ਰੇਖ ਹੇਠ ਲਾਹੌਰ ਵਿਚ ਢਾਲੀ ਸੀ, ਇਸ ਦੇ ਉਪਰ ਜੋ ਨਾਂ ਫਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਹੈ; ਇਹ ਹੈ:-*

   *"ਪੈਕਰੋ ਅਜ਼ਹਦਹਾਈ ਆਤਸ਼ਬਾਰ"*

   *ਉਸ ਤੋਂ ਅਬਜ਼ਦ ਦੇ ਨਿਯਮ ਅਨੁਸਾਰ ਸੰਨ 1874 ਹਿਜਰੀ ਨਿਕਲਦਾ ਹੈ। ਧਾਤ ਜੋ ਇਸ ਤੋਪ ਦੇ ਢਾਲਣ ਲਈ ਵਰਤੀ ਗਈ ਸੀ ਉਹ ਤ੍ਰਾਂਬੇ ਤੇ ਪਿੱਤਲ ਦੀ ਮਿਲਵੀਂ ਸੀ। ਲਿਖਿਆ ਹੈ ਕਿ ਇਸ ਤੋਪ ਦੇ ਢਾਲਣ ਲਈ ਜਦ ਧਾਤ ਇਕੱਠੀ ਕਰਨੀ ਪਈ, ਤਾਂ ਲਾਹੌਰ ਤੇ ਇਸ ਦੇ ਲਾਗੇ ਦਿਆਂ ਪਿੰਡਾਂ ਤੋਂ ਹਿੰਦੂਆਂ ਦਿਆਂ ਘਰਾਂ ਤੋਂ ਧੱਕੇ ਨਾਲ ਭਾਂਡੇ ਖੋਹ ਕੇ ਇਸ ਨੂੰ ਢਾਲਿਆ ਗਿਆ ਸੀ। ਅਹਿਮਦ ਸ਼ਾਹ ਅਬਦਾਲੀ ਜਦ*

*(ਬਾਕੀ ਫੁਟ-ਨੋਟ ਵੇਖੋ ਸਫ਼ਾ 34)*

ਕਵੈਦ ਦੱਸੀ ਜਾਏ, ਇਸ ਮੰਤਵ ਨੂੰ ਪੂਰਾ ਕਰਨ ਲਈ ਖ਼ਾਲਸਾ ਫੌਜਾਂ ਵਿਚੋਂ 25 ਚੋਣਵੇਂ ਜੁਆਨ ਲੁਕਵੇਂ ਢੰਗ ਨਾਲ ਈਸਟ ਇੰਡੀਆ ਕੰਪਨੀ ਦੇ ਇਲਾਕੇ ਵਿਚ ਭੇਜ ਦਿੱਤੇ, ਜਿਹੜੇ ਜਾਂਦੇ ਹੀ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਏ ਤਾਂ ਜੋ ਉਹ ਚੰਗੀ ਤਰ੍ਹਾਂ ਕਵੈਦ ਸਿੱਖ ਕੇ ਮੁੜ ਇਥੇ ਆ ਜਾਣ ਤੇ ਖ਼ਾਲਸਾ ਫੌਜ ਨੂੰ ਉਸੇ ਤਰ੍ਹਾਂ ਸਿਖਾਉਣ। ਇਸ ਤਰ੍ਹਾਂ ਇਨ੍ਹਾਂ ਜੁਆਨਾਂ ਤੇ ਸਰਦਾਰਾਂ ਨੂੰ ਮਹਾਰਾਜੇ ਵਲੋਂ ਤਲਬ ਵੀ ਮਿਲਦੀ ਸੀ ਅਤੇ ਅੰਗਰੇਜ਼ੀ ਫੌਜ ਵਿਚੋਂ ਵੀ ਨੌਕਰੀ ਲੈਂਦੇ ਰਹੇ। ਕੁਝ ਸਮੇਂ ਬਾਅਦ ਇਹ ਜੁਆਨ ਇਸ ਕੰਮ ਵਿਚ ਚੰਗੀ ਤਰ੍ਹਾਂ ਨਿਪੁੰਨ ਹੋ ਕੇ ਹੋਰਨਾਂ ਨੂੰ ਕਵੈਦ ਸਿਖਾਉਣ ਦੇ ਯੋਗ ਹੋ ਗਏ, ਤਾਂ ਕਿਸੇ ਤਰ੍ਹਾਂ ਅੰਗਰੇਜ਼ੀ ਫੌਜ ਵਿਚੋਂ ਨਾਂ ਕਟਵਾ ਕੇ ਸਿੱਖ ਫੌਜਾਂ ਵਿਚ ਆ ਗਏ[1]। ਇਹਨਾਂ ਜੁਆਨਾਂ ਨੇ ਕਈ ਸੌ ਹੋਰ ਪੂਰਬੀਏ ਚੰਗੇ ਕਵੈਦਦਾਨਾਂ ਨੂੰ ਵੀ ਵੱਡੀਆਂ ਤਲਬਾਂ ਦੇਣੀਆਂ ਪ੍ਰਵਾਨ ਕਰਕੇ ਆਪਣੇ ਨਾਲ ਲੈ ਆਂਦਾ। ਇਸ ਤਰ੍ਹਾਂ ਪਹਿਲੇ ਯੂਰਪੀ ਤਰੀਕੇ ਪਰ ਸਿੱਖ ਫੌਜ ਨੂੰ ਕਵੈਦ ਸਿਖਾਉਣ ਦਾ ਕੰਮ ਆਰੰਭ ਹੋਇਆ। ਮਹਾਰਾਜਾ ਸਾਹਿਬ ਆਪ ਹਰ ਸਵੇਰ ਇਹਨਾਂ ਦੀ ਕਵੈਦ ਵੇਖਣ ਜਾਂਦੇ ਅਤੇ ਜਿਹੜੀ ਜਿਹੜੀ ਰਜਮੰਟ ਆਪਣੇ ਕੰਮ ਵਿਚ ਵਧੇਰੇ ਉਨਤੀ ਕਰਦੀ ਦਿਸਦੀ, ਉਸ ਨੂੰ ਵੱਡੀਆਂ ਬਖਸ਼ੀਸ਼ਾਂ ਦਿੰਦੇ। ਇਸ ਉਤਸ਼ਾਹੀ ਵਰਤਾਵ ਦਾ ਸਿੱਟਾ ਇਹ ਨਿਕਲਿਆ ਕਿ ਛੇਤੀ ਹੀ ਬਹੁਤ ਸਾਰੀ ਪੈਦਲ ਫੌਜ, ਰਸਾਲੇ ਅਤੇ ਤੋਪਖਾਨੇ ਜ਼ਰੂਰੀ ਜ਼ਰੂਰੀ ਯੂਰਪੀ ਫੌਜ ਦੇ ਢੰਗ ਦੀ ਕਵਾਇਦ ਤੋਂ ਜਾਣੂੰ ਹੋ ਗਏ ਸਨ।

- - - - - -

*(ਸਫ਼ਾ 33 ਦਾ ਬਾਕੀ ਫੁਟਨੋਟ)*

*ਪਾਣੀਪਤ ਦੀ ਲੜਾਈ ਦੇ ਬਾਅਦ ਕਾਬਲ ਵੱਲ ਪਰਤਿਆ, ਤਾਂ ਉਸ ਸਮੇਂ ਇਸ ਤੋਪ ਦੇ ਪਹੀਏ ਅਤੇ ਤਖਤ ਅਜੇ ਤਿਆਰ ਨਹੀਂ ਸੀ ਹੋਇਆ, ਇਸ ਲਈ ਉਹ ਇਸ ਨੂੰ ਆਪਣੇ ਨਾਲ ਨਾ ਲਿਜਾ ਸਕਿਆ ਅਤੇ ਇਸ ਨੂੰ ਆਪਣੇ ਗਵਰਨਰ ਖ਼ੁਆਜਾ ਅਬੇਦ ਖ਼ਾਨ ਦੀ ਸੌਂਪਣੀ ਵਿਚ ਰੱਖ ਗਿਆ। ਸੰਨ 1762 ਦੇ ਛੇਕੜ ਪਰ ਜਦ ਸ਼ੇਰਦਿਲ ਸਰਦਾਰ ਹਰੀ ਸਿੰਘ ਭੰਗੀ ਨੇ ਖ਼ੁਆਜਾ ਅਬੇਦ ਖ਼ਾਨ ਦੇ ਹਥਿਆਰ ਘਰ ਪਰ 20000 ਸਵਾਰਾਂ ਨਾਲ ਧਾਵਾ ਕੀਤਾ, ਤਾਂ ਬੇਗਿਣਤ ਹਥਿਆਰਾਂ ਨਾਲ ਇਸ ਤੋਪ ਨੂੰ ਵੀ ਜਿਸ ਦਾ ਨਾਮ ਦੁਰਾਨੀਆਂ ਦਿਆਂ ਕਾਗਜ਼ਾਂ ਵਿਚ 'ਜ਼ਮਜ਼ਮਾ' ਲਿਖਿਆ ਹੈ, ਲੁੱਟ ਦੇ ਮਾਲ ਨਾਲ ਖਿਚਵਾ ਕੇ ਲੈ ਗਿਆ, ਇਸ ਦਿਨ ਤੋਂ ਇਸ ਦਾ ਨਾਂ 'ਭੰਗੀਆਂ ਦੀ ਤੋਪ' ਪੈ ਗਿਆ। ਇਸ ਤੋਂ ਪਿਛੋਂ ਕਈ ਵਾਰੀ ਇਹ ਮੁਸਲਮਾਨਾਂ ਦੇ ਹੱਥ ਆਈ ਅਤੇ ਕਈ ਵਾਰ ਮੁੜ ਖ਼ਾਲਸੇ ਨੇ ਇਸ ਨੂੰ ਖੋਹ ਆਂਦਾ। ਛੇਕੜ ਸੰਨ 1773 ਵਿਚ ਸ: ਝੰਡਾ ਸਿੰਘ ਭੰਗੀ ਨੇ ਚਠਿਆਂ ਤੋਂ ਰਸੂਲਪੁਰੋਂ ਖੋਹ ਆਂਦੀ ਅਤੇ ਇਹ ਅੱਗੇ ਨੂੰ ਅੱਜ ਤੱਕ ਸੰਨ 1802 ਤੱਕ ਸ੍ਰੀ ਅੰਮ੍ਰਿਤਸਰ ਵਿਚ ਭੰਗੀਆਂ ਦੇ ਕਿਲ੍ਹੇ ਵਿਚ ਰਹੀ ਤੇ ਹੁਣ ਸ਼ੇਰਿ ਪੰਜਾਬ ਦੇ ਅਧਿਕਾਰ ਵਿਚ ਆਈ। ਮਹਾਰਾਜਾ ਸਾਹਿਬ, ਜਿਸ ਨੂੰ ਚੰਗੇ ਘੋੜਿਆਂ ਤੇ ਵਧੀਆ ਹਥਿਆਰਾਂ ਦਾ ਅਤਿ ਪਿਆਰ ਸੀ, ਇਸ ਤੋਪ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਇਸ ਦੇ ਪਹੀਏ ਕੁਝ ਵਧੇਰੇ ਪੱਕੇ ਤੇ ਸੋਹਣੇ ਨਹੀਂ ਸਨ ਬਣੇ ਹੋਏ, ਉਨ੍ਹਾਂ ਨੂੰ ਮੁੜ ਬਣਵਾਇਆ, ਇਸ ਤੋਂ ਪਿਛੋਂ ਇਹ ਤੋਪ ਪੰਜ ਵਾਰੀ ਵੱਡੀਆਂ ਮੁਹਿੰਮਾਂ ਸਮੇਂ ਚਲਾਈ ਗਈ, ਅਰਥਾਤ ਡਸਕਾ, ਕਸੂਰ, ਸੁਜਾਨਪੁਰ, ਵਜੀਰਾਬਾਦ ਅਤੇ ਮੁਲਤਾਨ ਦੀ ਲੜਾਈ ਦੀ ਫਤਹਿ ਵਿਚ ਇਹ ਬੜੀ ਲਾਭਕਾਰੀ ਸਿੱਧ ਹੋਈ। ਸੰਨ 1818 ਵਾਲੀ ਮੁਲਤਾਨ ਦੀ ਲੜਾਈ ਦੀ ਫਤਹਿ ਵਿਚ ਇਸ ਨੇ ਭਾਰੀ ਕੰਮ ਦਿੱਤਾ ਸੀ। ਸਭ ਤੋਂ ਪਹਿਲਾਂ ਇਸ ਦੇ ਗੋਲੇ ਨੇ ਫਸੀਲ ਵਿਚ ਪਾੜ ਪਾਇਆ, ਜਿਸ ਵਿਚ ਅਕਾਲੀ ਫੂਲਾ ਸਿੰਘ ਜੀ ਜਾ ਵੜਿਆ ਤੇ ਫਤਹਿ ਪਾਈ। ਇਸੇ ਲੜਾਈ ਵਿਚ ਇਸ ਦੀ ਨਾਲੀ ਕੁਝ ਖਰਾਬ ਹੋ ਗਈ ਸੀ, ਜਿਸ ਕਰਕੇ ਅੱਗੇ ਨੂੰ ਇਸ ਨੂੰ ਮਹਾਰਾਜਾ ਸਾਹਿਬ ਨੇ ਲਾਹੌਰ ਦੇ ਦਿੱਲੀ ਦਰਵਾਜ਼ੇ ਦੇ ਬਾਹਰ ਇਕ ਚਬੂਤਰੇ ਉਪਰ ਸਜਵਾ ਦਿੱਤਾ, ਜਿਥੇ ਇਹ ਸੰਨ 1860 ਤੱਕ ਅਡੋਲ ਪਈ ਰਹੀ। ਇਸ ਦੇ ਪਿੱਛੇ ਅੰਗਰੇਜ਼ਾਂ ਨੇ ਇਸ ਨੂੰ ਹਟਵਾ ਕੇ ਲਾਹੌਰ ਦੇ ਨਵੇਂ ਅਜਾਇਬ ਘਰ ਦੇ ਮੂਹਰੇ ਅਨਾਰਕਲੀ ਵਿਚ ਰਖਵਾ ਦਿੱਤਾ, ਜਿੱਥੇ ਇਹ ਅੱਜ ਤੱਕ ਪਈ ਹੈ।*

1. *ਇਹਨਾਂ ਵਿਚੋਂ ਇਕ ਜਸਵੰਤ ਸਿੰਘ ਨਾਮੀਂ ਨਾਇਕ ਅਤੇ ਸ: ਧੌਂਕਲ ਸਿੰਘ ਕਵੈਦ ਦੱਸਣ ਵਿਚ ਬੜੇ ਹੀ ਚਤਰ ਮੰਨੇ ਜਾਂਦੇ ਸਨ, ਜਿਨ੍ਹਾਂ ਦਾ ਸਮਾਚਾਰ ਮਹਾਰਾਜਾ ਸਾਹਿਬ ਨੇ ਮੂਰਕ੍ਰਾਫਟ ਪ੍ਰਸਿੱਧ ਯਾਤਰੂ ਨੂੰ ਦੱਸਿਆ ਸੀ। ਸਫਰਨਾਮਾ ਮੂਰਕਰਾਫਟ ਜਿਲਦ 1, ਸਫ਼ਾ 98।*

# ਝੰਗ ਅਤੇ ਉਚ ਨੂੰ
# ਖ਼ਾਲਸਾ ਰਾਜ ਨਾਲ ਮਿਲਾਉਣਾ

ਝੰਗ ਦਾ ਇਲਾਕਾ ਇਸ ਸਮੇਂ ਅਹਿਮਦ ਖ਼ਾਨ ਸਿਆਲ ਦੀ ਹਕੂਮਤ ਹੇਠ ਇਕ ਵੱਖ ਰਿਆਸਤ ਸਮਝੀ ਜਾਂਦੀ ਸੀ। ਅਹਿਮਦ ਖ਼ਾਨ ਆਪਣੇ ਸਮੇਂ ਦਾ ਬੜਾ ਧਨੀ ਤੇ ਨਾਮੀ ਘੋੜਿਆਂ ਦਾ ਮਾਲਕ ਸੀ। ਇਸ ਸਭ ਕੁਛ ਹੋਣ ਦੇ ਕਾਰਣ ਉਹ ਇੰਨਾ ਹੰਕਾਰੀ ਅਤੇ ਕਰੜੇ ਸੁਭਾਅ ਦਾ ਹੋ ਗਿਆ ਸੀ ਕਿ ਨਿੱਕੀ ਜਿਹੀ ਗੱਲ ਤੋਂ ਵਿਗੜ ਕੇ ਕਿਸੇ ਦਾ ਸਿਰ ਧੜ ਤੋਂ ਉਤਾਰਨਾ ਤਾਂ ਉਸ ਦੀ ਇਕ ਸਾਧਰਾਨ ਖੇਡ ਸੀ। ਸ਼ੇਰਿ ਪੰਜਾਬ ਨੇ-ਜੋ ਸਿੱਖ ਰਾਜ ਨੂੰ ਦਿਨੋਂ-ਦਿਨ ਸਾਰੇ ਪੰਜਾਬ ਵਿਚ ਖਿਲਾਰ ਰਿਹਾ ਸੀ-ਅਤੇ ਇਸਲਾਮੀ ਹਕੂਮਤ ਦੇ ਘੇਰੇ ਨਾਲੋਂ ਤੋੜ ਰਿਹਾ ਸੀ-ਹੁਣ ਪਹਿਲਾਂ ਇਸ ਵੱਲ ਆਪਣਾ ਇਕ ਦਰਬਾਰੀ ਘੱਲਿਆ ਕਿ ਉਹ ਮਹਾਰਾਜੇ ਦੀ ਈਨ ਮੰਨ ਲਏ ਤੇ ਕੁਝ ਘੋੜੇ ਨਜ਼ਰਾਨੇ ਵਲੋਂ ਖ਼ਾਲਸਾ ਫ਼ੌਜ ਨੂੰ ਦਿਆ ਕਰੇ, ਤਾਂ ਆਪਣੀ ਹਕੂਮਤ ਉਤੇ ਕਾਇਮ ਰਹੇ ਨਹੀਂ ਤਾਂ ਜੰਗ ਲਈ ਤਿਆਰ ਹੋ ਜਾਏ। ਮਹਾਰਾਜਾ ਦੇ ਵਕੀਲ ਦੇ ਪਹੁੰਚਦਿਆਂ ਉਹ ਆਪਣੇ ਸੁਭਾਅ ਅਨੁਸਾਰ ਬੜੇ ਹੰਕਾਰ ਨਾਲ ਉਸ ਨੂੰ ਮਿਲਿਆ ਅਤੇ ਬਿਨਾਂ ਲੜਾਈ ਦੇ ਈਨ ਮੰਨਣ ਤੋਂ ਸਿਰ ਫੇਰ ਦਿੱਤਾ।

ਮਹਾਰਾਜਾ ਦਾ ਵਕੀਲ ਅਹਿਮਦ ਖ਼ਾਨ ਦਾ ਉਤਰ ਲੈ ਕੇ ਲਾਹੌਰ ਆ ਗਿਆ ਅਤੇ ਮਹਾਰਾਜੇ ਨੂੰ ਉਸ ਦਾ ਅਹੰਕਾਰ ਦੱਸਿਆ, ਤਾਂ ਮਹਾਰਾਜਾ ਨੇ ਦਰਬਾਰ ਵਿਚ ਆਖਿਆ ਕਿ ਜੇ ਉਹ ਹੰਕਾਰੀ ਹੈ ਤਾਂ ਮੈਨੂੰ ਰੱਬ ਨੇ ਹੰਕਾਰੀਆਂ ਦੇ ਹੰਕਾਰ ਤੋੜਨ ਲਈ ਸੰਸਾਰ ਤੇ ਭੇਜਿਆ ਹੈ। ਥੋੜ੍ਹੇ ਦਿਨਾਂ ਵਿਚ ਹੀ ਉਸ ਦਾ ਹੰਕਾਰ ਮਿੱਟੀ ਵਿਚ ਮਿਲਾਇਆ ਜਾਏਗਾ। ਅਗਲੇ ਦਿਨ ਫ਼ੌਜ ਦੀ ਪਰੇਡ ਦੇਖੀ ਤੇ ਕੁਝ ਕੁ ਸਿਰ ਕੱਢਵੀਂ ਫ਼ੌਜ ਵੱਖ ਕੁ ਚੁੱਕ ਕੇ, ਜਿਸ ਵਿਚ ਨਵੀਂ ਕਵਾਇਦ ਸਿੱਖੀ ਹੋਈ 'ਸ਼ੇਰਿ ਦਿਲ' ਤੇ 'ਨਜੀਬਾ ਵਾਲੀ' ਰਜਮੰਟ ਵੀ ਸੰਮਲਿਤ ਸੀ[1], ਨਵੰਬਰ ਸੰਨ 1803 ਨੂੰ ਸ਼ੇਰਿ ਪੰਜਾਬ ਇਲਾਕਾ ਝੰਗ ਤੇ ਜਾ ਚੜ੍ਹਿਆ। ਰਸਤੇ ਵਿਚ ਜੋ ਸ਼ਹਿਰ ਆਏ ਉਹਨਾਂ ਤੇ ਕਬਜ਼ਾ ਕਰਦਾ ਗਿਆ। ਓਧਰ ਜਦ ਮਹਾਰਾਜੇ ਦਾ ਵਕੀਲ ਲਾਹੌਰ ਵੱਲ ਪਰਤਿਆ ਤਾਂ ਨਵਾਬ ਅਹਿਮਦ ਖ਼ਾਨ ਨੇ ਆਪਣੇ ਇਲਾਕੇ ਦੀਆਂ ਲੜਾਕੀਆਂ ਕੌਮਾਂ ਸਿਆਲ ਤੇ ਖਰਲ ਆਦਿਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਇਕੱਠਾ ਕਰ ਲਿਆ ਅਤੇ ਖ਼ਾਲਸਾ ਫ਼ੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਸਾਰੀਆਂ ਤਿਆਰੀਆਂ ਕਰ ਲਈਆਂ। ਹੁਣ ਉਹ ਪੂਰੀ ਤਿਆਰੀ ਨਾਲ ਟਾਕਰੇ ਲਈ ਅੱਗੇ ਵਧਿਆ। ਫ਼ੌਜਾਂ ਦੇ ਸਾਹਮਣੇ ਹੋਣ ਦੀ ਢਿੱਲ ਸੀ ਕਿ ਲੱਗੀਆਂ ਦੋਹਾਂ ਧਿਰਾਂ ਵਲੋਂ ਗੋਲੀਆਂ ਵਰਸਣ। ਦੋਹਾਂ ਪਾਸਿਆਂ ਤੋਂ ਤੋਪਾਂ ਦਾਗੀਆਂ ਜਾ ਰਹੀਆਂ ਸਨ, ਹਰ ਇਕ ਧਿਰ ਚਾਹੁੰਦੀ ਸੀ ਕਿ ਫਤਹਿ ਉਸ ਦੇ ਹੱਥ ਆਏ। ਛੇਕੜ ਦੋਹਾਂ ਪਾਸਿਆਂ ਤੋਂ ਫ਼ੌਜਾਂ ਇੰਨੀਆਂ ਅੱਗੇ ਵੱਧ ਆਈਆਂ ਕਿ ਹੁਣ ਤੋਪਾਂ ਦਾ ਦਾਗਣਾ ਵਿਅਰਥ ਹੋ ਗਿਆ, ਕਿਉਂਕਿ ਦੋਹਾ ਫ਼ੌਜਾਂ ਦਾ ਹੁਣ ਕੁਝ ਵੀ ਵਖੇਜ ਨਹੀਂ ਸੀ ਰਿਹਾ ਤੇ ਲੱਗੀ ਹੱਥੋ ਹੱਥ ਤਲਵਾਰ ਚੱਲਣ। ਸ੍ਰੀ ਸਾਹਿਬ ਦੀ ਲੜਾਈ ਤਾਂ ਖ਼ਾਲਸੇ ਰਬ ਤੋਂ ਮੰਗਦੇ ਸਨ, ਬਸ ਫੇਰ ਕੀ ਸੀ ? ਉਹ ਕੱਟਾ-ਵੱਢੀ ਹੋਈ ਕਿ ਵੇਖਦੇ ਵੇਖਦੇ ਧਰਤੀ ਤੇ ਲੋਥਾਂ ਦੇ ਢੇਰਾਂ ਦੇ ਢੇਰ ਚੜ੍ਹ ਗਏ। ਇਹ ਸਮਾਂ ਲੌਢੇ ਪਹਿਰ ਤੱਕ ਬਰਾਬਰ ਇਕ ਰਸ ਬੱਝਾ ਰਿਹਾ। ਸਿਆਲਾਂ ਨੇ ਆਪਣੀ ਵੀਰਤਾ ਦਾ ਚੰਗਾ ਸਬੂਤ ਦਿੱਤਾ ਅਤੇ ਪੂਰੀ ਤਰ੍ਹਾਂ ਦਿਲ ਖੋਲ੍ਹ ਕੇ ਲੜੇ ਅਰਥਾਤ ਉਹਨਾਂ ਕੋਈ ਹੀਲਾ ਮੈਦਾਨ ਫਤਹਿ ਕਰਨ ਵਿਚ ਨਾ

------

1. *ਸਯਦ ਮੁਹੰਮਦ ਲਤੀਫ ਹਿਸਟਰੀ ਔਫ ਦੀ ਪੰਜਾਬ ਸਫਾ 359।*

ਛੱਡਿਆ, ਪਰ ਜਿੱਤ ਹਾਰ ਰਬ ਦੇ ਹੱਥ ਹੁੰਦੀ ਹੈ। ਮਹਾਰਾਜਾ ਸਾਹਿਬ ਆਪ ਇਕ ਘੋੜੇ ਤੇ ਸਵਾਰ ਹੋ ਕੇ ਜੰਗ ਦਾ ਰੰਗ ਬੜੀ ਬਾਰੀਕੀ ਨਾਲ ਵੇਖ ਰਹੇ ਸਨ ਤੇ ਜਿਧਰ ਸਹਾਇਤਾ ਦੀ ਲੋੜ ਵੇਖਦੇ ਓਧਰ ਉਡ ਕੇ ਪਹੁੰਚਦੇ ਤੇ ਫੌਜਾਂ ਦਾ ਦਿਲ ਵਧਾਉਂਦੇ, ਇੰਨੇ ਵਿਚ ਅਹਿਮਦ ਖ਼ਾਨ ਦੇ ਪੈਰ ਮੈਦਾਨ ਵਿਚੋਂ ਉਖੜ ਗਏ। ਬੱਸ ਮੈਦਾਨ ਤੋਂ ਉਸ ਦੇ ਹਿੱਲਣ ਦੀ ਦੇਰ ਸੀ ਕਿ ਮੁਸ਼ਲਮਾਨੀ ਸੈਨਾ ਦੇ ਹੌਂਸਲੇ ਟੁੱਟ ਗਏ। ਫੇਰ ਤਾਂ ਖ਼ਾਲਸੇ ਨੇ ਉਹ ਜ਼ੋਰ ਦਿੱਤਾ ਕਿ ਸਾਰੇ ਲਸ਼ਕਰ ਨੂੰ ਅੱਗੇ ਰੱਖ ਲਿਆ। ਹੁਣ ਨਵਾਬ, ਸਣੇ ਬਾਕੀ ਰਹਿੰਦੀ ਫੌਜ ਦੇ, ਸ਼ਹਿਰ ਵਿਚ ਭੱਜ ਵੜਿਆ ਤੇ ਜਾਂਦਿਆਂ ਹੀ ਦਰਵਾਜ਼ੇ ਬੰਦ ਕਰ ਦਿੱਤੇ। ਖ਼ਾਲਸੇ ਨੇ ਇਹ ਸਮਾਂ ਅਜਾਂਈ ਹੱਥੋਂ ਨਹੀਂ ਗਵਾਇਆ, ਜਾਂਦੇ ਸਾਰ ਹੀ ਰਾਤੋ ਰਾਤ ਸ਼ਹਿਰ ਨੂੰ ਜਾ ਘੇਰਿਆ। ਸਵੇਰ ਨੂੰ ਨਵਾਬ ਨੇ ਕਿਲ੍ਹੇ ਤੇ ਤੋਪਾਂ ਬੀੜ ਦਿੱਤੀਆਂ ਤੇ ਫੇਰ ਖ਼ਾਲਸੇ ਤੇ ਗੋਲੇ ਵਰਸਾਣੇ ਆਰੰਭ ਦਿੱਤੇ। ਇਸ ਤਰ੍ਹਾਂ ਦੋਹਾਂ ਪਾਸਿਆਂ ਤੋਂ ਗੋਲੇ ਚੱਲ ਰਹੇ ਸਨ ਕਿ ਦੇਵਨੇਤ ਨਾਲ ਕਿਲ੍ਹੇ ਤੋਂ ਇਕ ਗੋਲਾ ਠੀਕ ਮਹਾਰਾਜਾ ਸਾਹਿਬ ਦੇ ਪੈਰ ਵਿਚ ਆ ਕੇ ਪਿਆ ਅਤੇ ਝਟ ਧਰਤੀ ਵਿਚ ਧਸ ਗਿਆ। ਮਹਾਰਾਜੇ ਨੂੰ ਸਤਿਗੁਰੂ ਨੇ ਹੱਥ ਦੇ ਕੇ ਰੱਖ ਲਿਆ। ਹੁਣ ਤਾਂ ਖ਼ਾਲਸਾ ਫੌਜ ਵਿਚ ਕਹਿਰ ਦਾ ਜੋਸ਼ ਖਿੱਲਰ ਗਿਆ । ਹਰ ਇਕ ਸੂਰਮਾ ਚਾਹੁੰਦਾ ਸੀ ਕਿ ਮੇਰੀ ਤਲਵਾਰ ਹੀ ਨਵਾਬ ਦੇ ਲਹੂ ਵਿਚ ਟੁਭਾ ਲਾਏ। ਇੰਨੇ ਨੂੰ ਸ਼ਹਿਰ ਦੇ ਦਰਵਾਜ਼ਿਆਂ ਪਰ ਮਸਤ ਹਾਥੀ ਦੌੜਾਏ ਗਏ, ਜਿਨ੍ਹਾਂ ਦੀਆਂ ਟੱਕਰਾਂ ਨਾਲ ਇਕ ਦਰਵਾਜ਼ਾ ਡਿੱਗ ਪਿਆ। ਹੁਣ ਅੱਖ ਦੇ ਫੇਰ ਵਿਚ ਖ਼ਾਲਸਾਈ ਫੌਜਾਂ ਦੇ ਦਲ ਹੱਥਾਂ ਵਿਚ ਸੂਤੀਆਂ ਕਿਰਪਾਨਾਂ ਲਈ ਸ਼ਹਿਰ ਦੇ ਅੰਦਰ ਜਾ ਵੜੇ ਤੇ ਜਹਾਦੀਆਂ ਪਰ ਟੁੱਟ ਪਏ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵਾਬ ਦੀ ਫੌਜ ਇਥੋਂ ਵੀ ਉਠ ਨੱਠੀ। ਹੁਣ ਮਹਾਰਾਜੇ ਦਾ ਸ਼ਹਿਰ ਤੇ ਪੂਰਾ ਪੂਰਾ ਅਧਿਕਾਰ ਹੋ ਗਿਆ। ਇਸ ਰੌਲੇ-ਗੌਲੇ ਵਿਚ ਅਹਿਮਦ ਖ਼ਾਨ ਮੌਕਾ ਪਾ ਕੇ ਮੁਲਤਾਨ ਵੱਲ ਨੱਸ ਗਿਆ। ਚੂੰ ਕਿ ਸ਼ਹਿਰ ਵਾਸੀ ਹਿੰਦੂਆਂ ਨੇ ਇਸ ਫੌਜ ਲਈ ਰਸਦ ਆਦਿ ਦੇਣ ਵਿਚ ਸਭ ਤਰ੍ਹਾਂ ਦੀ ਸਹਾਇਤਾ ਕੀਤੀ ਸੀ, ਮਹਾਰਾਜਾ ਸਾਹਿਬ ਨੇ ਉਹਨਾਂ ਦੇ ਸ਼ਹਿਰ ਨੂੰ ਲੁੱਟਣ ਤੋਂ ਬਚਾ ਲਿਆ, ਅਗਲੇ ਦਿਨ ਸਾਰੇ ਇਲਾਕੇ ਵਿਚ ਡੌਂਡੀ ਪਿਟਾ ਦੇਣ ਦਾ ਹੁਕਮ ਦੇ ਦਿੱਤਾ ਕਿ ਜੋ ਜੋ ਸ਼ਹਿਰੀ ਲੜਾਈ ਦੇ ਡਰ ਤੋਂ ਨੱਠ ਗਏ ਹਨ, ਉਹ ਇਕ ਮਹੀਨੇ ਦੇ ਅੰਦਰ ਅੰਦਰ ਸ਼ਹਿਰ ਵਿਚ ਪਰਤ ਆਵਣ ਤਾਂ ਉਹਨਾਂ ਨੂੰ ਮਾਫ਼ ਕੀਤਾ ਜਾਏਗਾ। ਕੁਝ ਦਿਨਾਂ ਬਾਅਦ ਅਹਿਮਦ ਖ਼ਾਨ ਨੇ ਆਪਣੇ ਪਤਵੰਤਿਆਂ ਦਾ ਇਕ ਜਿਰਗਾ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜਿਆ ਤੇ ਉਹਨਾਂ ਆ ਕੇ ਬਿਨੈ ਕੀਤੀ ਕਿ ਨਵਾਬ ਨੇ ਜੋ ਹੁਕਮ-ਅਦੂਲੀ ਦੀ ਭਾਰੀ ਭੁੱਲ ਕੀਤੀ ਸੀ, ਉਹਦੀ ਉਹਨੇ ਪੂਰੀ ਸਜ਼ਾ ਪਾ ਲਈ ਹੈ, ਹੁਣ ਆਪ ਮਿਹਰ ਕਰੋ ਤੇ ਨਵਾਬ ਦੀ ਭੁੱਲ ਬਖਸ਼ ਦੇਵੋ। ਨਵਾਬ ਨੂੰ ਆਪਣੇ ਵਲੋਂ ਇਲਾਕੇ ਦੀ ਸੇਵਾ ਸੌਂਪ ਜਾਓ ਅਤੇ ਜਿੰਨਾ ਸਲਾਨਾ ਕਰ ਆਪ ਉਸ ਦੇ ਜ਼ਿੰਮੇ ਲਾਓਗੇ, ਉਹ ਬਿਨਾਂ ਦੇਰ ਦੇ ਆਪ ਦੇ ਖਜ਼ਾਨੇ ਵਿਚ ਪਹੁੰਚਾ ਦਿਆ ਕਰੇਗਾ। ਇਸ ਤੋਂ ਛੁਟ ਇਸ ਲੜਾਈ ਦਾ ਸਾਰਾ ਜੰਗੀ ਖਰਚ ਨਵਾਬ ਦੇਣ ਨੂੰ ਤਿਆਰ ਹੈ ਕਿਉਂਕਿ ਇਹ ਉਸਦੀ ਆਪਣੀ ਮੂਰਖਤਾ ਦਾ ਫਲ ਸੀ। ਮਹਾਰਾਜਾ ਸਾਹਿਬ, ਜਿਸ ਦੇ ਸੁਭਾਵ ਵਿਚ ਕੁਦਰਤੀ ਬਖਸ਼ਣ ਦਾ ਭਾਵ ਬਹੁਤ ਜਿਆਦਾ ਸੀ, ਚਾਹੇ ਕਿੰਨਾ ਸਖਤ ਤੋਂ ਸਖਤ ਵੈਰੀ ਭੀ ਜਦ ਸ਼ਰਨ ਆ ਜਾਏ ਤੇ ਆਪਣੀ ਭੁੱਲ ਮੰਨ ਲਏ ਤਾਂ ਉਹ ਉਸਨੂੰ ਬਖਸ਼ ਦਿੰਦਾ ਸੀ, ਇਸੇ ਨਿਯਮ ਅਨੁਸਾਰ ਨਵਾਬ ਨੂੰ ਮਾਫ਼ ਕਰ ਦਿੱਤਾ ਤੇ ਉਸਦੀ ਬੇਨਤੀ ਮੰਨ ਲਈ। ਨਵਾਬ ਦੇ ਜਿਰਗੇ ਦੀ ਮਰਜ਼ੀ ਅਨੁਸਾਰ 60000 ਰੁਪਿਆ ਸਾਲਾਨਾ ਮਾਮਲਾ ਲੈਣਾ ਮਹਾਰਾਜੇ ਨੇ ਓਸ ਨਾਲ ਠਹਿਰਾਇਆ। ਇਸ ਲੜਾਈ ਵਿਚ ਬਹੁਤ ਵੱਡਾ ਖਜ਼ਾਨਾ ਤੇ ਕਈ ਕੀਮਤੀ ਘੋੜੇ ਤੇ ਹਥਿਆਰ ਮਹਾਰਾਜਾ ਦੀਆਂ ਫੌਜਾਂ ਦੇ ਹੱਥ ਆਏ। ਨਵਾਬ ਮਹਾਰਾਜਾ ਦੇ ਹੁੰਦਿਆਂ ਹੀ ਝੰਗ ਵਿਚ ਪਹੁੰਚ ਗਿਆ ਤੇ ਲੜਾਈ ਦਾ ਦੰਡ ਦੇ ਕੇ ਅੱਗੇ ਨੂੰ ਇਹ ਮਹਾਰਾਜੇ ਵਲੋਂ ਕੱਰ-ਭਰਣਾ ਹਾਕਮ ਨੀਯਤ ਹੋਇਆ। ਮਹਾਰਾਜਾ ਸਾਹਿਬ ਇਥੋਂ ਤਰਮੌਣ ਦੇ

ਪੱਤਣ ਤੋਂ ਪਾਰ ਹੋ ਕੇ ਉਚ ਵੱਲ ਗਏ ਤੇ ਉਸਨੂੰ ਇਕ ਛੋਟੀ ਲੜਾਈ ਦੇ ਬਾਅਦ ਫਤਹ ਕਰ ਲਿਆ ਤੇ ਨਾਲ ਸੁਲਤਾਨ ਬੁਖਾਰੀ ਤੋਂ ਦਰਸ਼ਨ ਭੇਟ ਲੈ ਕੇ ਬੜੀ ਧੂਮ ਧਾਮ ਨਾਲ ਨਵੰਬਰ ਸੰਨ 1803 ਈ: ਨੂੰ ਲਾਹੌਰ ਪਰਤ ਆਏ ।

## ਸ੍ਰੀ ਅੰਮ੍ਰਿਤਸਰ ਵਿਚ ਸ਼ਾਹੀ ਦਰਬਾਰ ਤੇ ਫੌਜੀ ਸਰਦਾਰਾਂ ਨੂੰ ਪਦ ਬਖਸ਼ਣੇ

ਸੰਮਤ 1861 ਮੁਤਾਬਿਕ ਸੰਨ 1804 ਈ: ਵਿਚ ਮਹਾਰਾਜਾ ਸਾਹਿਬ ਸ੍ਰੀ ਅੰਮ੍ਰਿਤਸਰ ਵਿਚ ਆ ਗਏ ਅਤੇ ਇਕ ਭਾਰੀ ਫੌਜੀ ਦਰਬਾਰ ਕੀਤਾ, ਜਿਸ ਵਿਚ ਵੱਡੇ ਵੱਡੇ ਸਰਦਾਰਾਂ ਨੂੰ ਫੌਜੀ ਪਦ ਬਖਸ਼ੇ ਜੋ ਇਸ ਤਰ੍ਹਾਂ ਹਨ –

ਸ: ਦੇਸਾ ਸਿੰਘ ਮਜੀਠੀਏ ਨੂੰ 4000 ਘੋੜ-ਚੜ੍ਹਾਂ ਦੀ ਸਰਦਾਰੀ ਦਿੱਤੀ, ਸ: ਨਿਹਾਲ ਸਿੰਘ ਅਟਾਰੀਵਾਲੇ ਨੂੰ 5000 ਪੈਦਲ ਸਵਾਰ, ਸ: ਹੁਕਮ ਸਿੰਘ ਚਿਮਨੀ ਨੂੰ ਤੋਪਖਾਨੇ ਦਾ ਪ੍ਰਬੰਧ ਤੇ 2000 ਸਵਾਰਾਂ ਦਾ ਮੁਖੀ ਥਾਪਿਆ, ਗੌਸ ਖਾਨ ਨੂੰ ਤੋਪਖਾਨਾ ਤੇ 2000 ਸਵਾਰ, ਸ਼ੇਖ ਅਬਦੁਲਾ ਤੇ ਰੋਸ਼ਨ ਖਾਨ ਹਿੰਦੁਸਤਾਨੀ ਨੂੰ ਨਜੀਬਾ ਦੀ ਪਲਟਨ ਦਾ ਪ੍ਰਮੁਖ ਚੁਣਿਆ, ਬਾਜ ਸਿੰਘ ਨੂੰ ਜੋ ਬਾਬਾ ਬਾਜ ਸਿੰਘ ਮੁਰਾਲੀ ਦੇ ਨਾਮ ਪਰ ਪ੍ਰਸਿੱਧ ਸੀ-5000 ਘੋੜ-ਚੜ੍ਹਿਆਂ ਦੀ ਸਰਦਾਰੀ ਤੇ ਜਗੀਰ ਮਿਲੀ, ਮਿਲਖਾ ਸਿੰਘ ਨੂੰ 700 ਜਵਾਨਾਂ ਦਾ ਜ਼ਿਮੇਦਾਰ ਬਣਾ ਕੇ ਰਾਵਲਪਿੰਡੀ ਦਾ ਕਿਲ੍ਹੇਦਾਰ ਥਾਪਿਆ, ਸ: ਨੌਧ ਸਿੰਘ ਨੂੰ 4000 ਸਵਾਰਾਂ ਦੀ ਸਰਦਾਰੀ ਤੇ ਪਰਗਨਾ ਘੇਬੀ ਦੀ ਜਾਗੀਰ ਦਿਤੀ, ਸ: ਅਤਰ ਸਿੰਘ, ਫਤਹ ਧਾਰੀ ਦੇ ਪੁੱਤਰ ਨੂੰ 500 ਸਵਾਰਾਂ ਦਾ ਸਰਦਾਰ ਤੇ ਮਿਤ ਸਿੰਘ ਬਰਹਾਨੀਏ ਨੂੰ 500 ਜਵਾਨਾਂ ਦਾ ਸੂਬੇਦਾਰ ਥਾਪਿਆ, ਗੁਰਬਾ ਸਿੰਘ ਨੂੰ 1000 ਸਵਾਰਾਂ ਦਾ ਰਸਾਲਦਾਰ ਥਾਪਿਆ । ਇਨ੍ਹਾਂ ਤੋਂ ਛੁਟ ਹੇਠ ਲਿਖੇ ਜਾਗੀਰਦਾਰ ਨੀਯਤ ਹੋਏ ਜੋ ਲੜਾਈ ਦੇ ਸਮੇਂ ਲੋੜ ਪੈਣ ਤੇ ਇਸ ਕਰਮ ਅਨੁਸਾਰ ਫੌਜ ਨੂੰ ਖਾਲਸਾ ਰਾਜ ਦੀ ਸੇਵਾ ਲਈ ਸਹਾਇਤਾ ਦਿਆ ਕਰਨਗੇ-

ਸ: ਜੱਸਾ ਸਿੰਘ ਕਰਮ ਸਿੰਘ ਦਾ ਪੁੱਤਰ, ਸ: ਸਾਹਿਬ ਸਿੰਘ ਗੁਜਰ ਸਿੰਘ ਦਾ ਪੁੱਤਰ, ਸ: ਚੇਤ ਸਿੰਘ ਲਹਿਣਾ ਸਿੰਘ ਦਾ ਪੁੱਤਰ, ਸ: ਭਾਗ ਸਿੰਘ ਆਹਲੂਵਾਲੀਆ, ਸ: ਨਾਹਰ ਸਿੰਘ ਚਮਿਆਰੀ ਵਾਲਾ ਇਕ ਇਕ ਹਜ਼ਾਰ ਸਵਾਰ ਦੇਣਗੇ । ਘਨੱਯਾ ਮਿਸਲ ਵਲੋਂ 5000, ਨਕੇਈਆਂ ਵਲੋਂ 4000, ਪਹਾੜੀ ਰਾਜਿਆਂ ਵਲੋਂ 5000, ਦੁਆਬੇ ਦੇ ਸਰਦਾਰਾਂ ਵਲੋਂ 7000 ਜਵਾਨ ਹਾਜ਼ਰ ਕੀਤੇ ਜਾਇਆ ਕਰਨਗੇ । ਇਨ੍ਹਾਂ ਸਾਰਿਆਂ ਨੂੰ ਭਾਰੀ ਜਗੀਰਾਂ ਤੋਂ ਛੁਟ ਬਹੁਮੁੱਲੀਆਂ ਖ਼ਿਲਤਾਂ ਬਖਸ਼ੀਆਂ ਤੇ ਇਸ ਤਰ੍ਹਾਂ ਇਤਿਹਾਸਕ ਦਰਬਾਰ ਸੰਪੂਰਨ ਹੋਇਆ।

ਇਸ ਦੇ ਕੁਝ ਦਿਨਾਂ ਬਾਅਦ ਇਲਾਕਾ ਝਨਾਂ ਤੇ ਜਿਹਲਮ ਦੇ ਕੰਢੇ ਦੇ ਮੁਸਲਮਾਨ ਰਈਸ, ਜੋ ਅਜੇ ਤਕ ਦਰਬਾਰ ਕਾਬਲ ਦੇ ਅਧੀਨ ਸਮਝੇ ਜਾਂਦੇ ਸਨ, ਸ਼ੇਰਿ ਪੰਜਾਬ ਦਾ ਵਧਦਾ ਹੋਇਆ ਪ੍ਰਤਾਪ ਵੇਖ ਕੇ ਆਪਣੇ ਆਪ ਹੀ ਮਹਾਰਾਜਾ ਦੀ ਤਹਿਤ ਵਿਚ ਆ ਗਏ ਤੇ ਅੱਗੇ ਨੂੰ ਇਨ੍ਹਾਂ ਦਾ ਕੋਈ ਸਬੰਧ ਕਾਬਲ ਨਾਲ ਨਾ ਰਿਹਾ । ਇਹ ਅਹਿਦਨਾਮਾ ਸੰਨ 1862 ਦੇ ਹਨ ।

## ਜਸਵੰਤ ਰਾਇ ਹੁਲਕਰ ਦਾ ਮਹਾਰਾਜੇ ਦੀ ਸ਼ਰਨ ਆਉਣਾ

ਸੰਨ 1805 ਈ: ਦੇ ਛੇਕੜਲੇ ਦਿਨਾਂ ਵਿਚ ਮਹਾਰਾਜਾ ਸਾਹਿਬ ਇਲਾਕਾ ਮੁਲਤਾਨ

ਦੇ ਦੌਰੇ ਪਰ ਗਿਆ ।[1] ਇਹ ਅਜੇ ਮੁਲਤਾਨ ਤੋਂ 20 ਕੋਹ ਦੀ ਵਿਥ ਤੇ ਡੇਰੇ ਲਾਈ ਠਹਿਰਿਆ ਹੋਇਆ ਸੀ ਕਿ ਨਵਾਬ ਮੁਜ਼ੱਫਰ ਖਾਨ ਹਾਕਮ ਮੁਲਤਾਨ ਇਥੇ ਹੀ ਮਹਾਰਾਜਾ ਸਾਹਿਬ ਨੂੰ ਆ ਮਿਲਿਆ ਅਤੇ 700000 ਰੁਪਿਆ ਭੇਟਾ ਕੀਤਾ ਕਰ ਵਜੋਂ ਜਿਹੜਾ ਇਸਦੇ ਹਿੱਸੇ ਬਾਕੀ ਸੀ। ਸ਼ੇਰਿ ਪੰਜਾਬ ਨੇ ਨਵਾਬ ਨੂੰ ਬਹੁਮੁੱਲੀ ਖਿਲਤ ਬਖਸ਼ੀ ਤੇ ਵਿਦਾ ਕੀਤਾ ।

ਠੀਕ ਇਸੇ ਸਮੇਂ ਲਾਹੌਰ ਤੋਂ ਸਾਂਢਨੀ ਸਵਾਰ ਦੇ ਹੱਥ ਡਾਕ ਪਹੁੰਚੀ ਕਿ ਜਸਵੰਤ ਰਾਇ ਹੁਲਕਰ ਮਰਹੱਟਾ ਰਾਜਾ ਵਾਲੀਏ ਅੰਦੌਰ, ਸਣੇ ਅਮੀਰ ਖਾਨ ਰੁਹੇਲੇ ਦੇ ਤੇ 15500 ਫੌਜ ਦੇ, ਅੰਗਰੇਜ਼ ਜਰਨੈਲ ਲਾਰਡ ਲੇਕ ਤੋਂ ਭਾਂਜ ਖਾ ਕੇ ਸਰਹੰਦ ਵੱਲ ਆ ਰਿਹਾ ਹੈ, ਜਿਸਦਾ ਪਿੱਛਾ ਅੰਗਰੇਜ਼ੀ ਫੌਜ ਕਰ ਰਹੀ ਹੈ, ਇਸ ਬਾਰੇ ਜੋ ਹੁਕਮ ਹੋਵੇ ਕੀਤਾ ਜਾਏ । ਇਹ ਖ਼ਬਰ ਸੁਣ ਕੇ ਮਹਾਰਾਜਾ ਸਾਹਿਬ ਇਸਦੇ ਯੋਗ ਫੈਸਲੇ ਲਈ ਆਪ ਲਾਹੌਰ ਵੱਲ ਪਰਤ ਆਏ । ਲਾਹੌਰ ਪਹੁੰਚਦਿਆਂ ਹੀ ਮਹਾਰਾਜਾ ਸਾਹਿਬ ਨੂੰ ਜਸਵੰਤ ਰਾਇ ਦੇ ਵਕੀਲ ਸਣੇ ਭਾਰੀ ਭੇਂਟਾ ਦੇ ਆ ਮਿਲੇ ਤੇ ਬੇਨਤੀ ਕੀਤੀ ਕਿ ਆਪ ਇਸ ਸਮੇਂ ਹੁਲਕਰ ਦੀ ਸਹਾਇਤਾ ਕਰੋ । ਮਹਾਰਾਜਾ ਸਾਹਿਬ ਨੇ ਵਕੀਲਾਂ ਨੂੰ ਇਹ ਆਖ ਕੇ ਵਿਦਾ ਕੀਤਾ ਕਿ ਇਸ ਗੱਲ ਦਾ ਫੈਸਲਾ ਅਸੀਂ ਆਪਣੇ ਸਰਦਾਰਾਂ ਦੀ ਵੀਚਾਰ ਨਾਲ ਕਰਾਂਗੇ ਤੇ ਜੋ ਫੈਸਲਾ ਹੋਵੇਗਾ ਉਸ ਦੀ ਖ਼ਬਰ ਜਸਵੰਤ ਰਾਇ ਨੂੰ ਦਿੱਤੀ ਜਾਏਗੀ । ਓਧਰ ਮਹਾਰਾਜਾ ਵਲੋਂ ਸ੍ਰੀ ਅੰਮ੍ਰਿਤਸਰ ਵਿਚ ਹੁਲਕਰ ਦੇ ਉਤਾਰੇ ਦਾ ਪ੍ਰਬੰਧ ਕਰਵਾਇਆ ਗਿਆ । ਏਧਰ ਆਪਣੇ ਨਾਮੀ ਸਰਦਾਰਾਂ ਦੀ ਇਕ ਕੌਂਸਲ ਇਕੱਠੀ ਕਰਕੇ ਸਾਰਿਆਂ ਦੀ ਸੰਮਤੀ ਪੁੱਛੀ ਕਿ ਇਸ ਸਮੇਂ ਖ਼ਾਲਸੇ ਨੂੰ ਕੀ ਕਰਨਾ ਚਾਹੀਦਾ ਹੈ ? ਡੂੰਘੀ ਵਿਚਾਰ ਦੇ ਉਪਰੰਤ ਇਹ ਫੈਸਲਾ ਹੋਇਆ ਕਿ ਖ਼ਾਲਸੇ ਲਈ ਪੰਜਾਬ ਨੂੰ ਬਾਹਰਲੇ ਧੰਦਿਆਂ ਦੀ ਰਣਭੂਮੀ ਬਣਾਉਣਾ ਠੀਕ ਨਹੀਂ, ਦੂਜੇ ਅੰਗਰੇਜ਼ੀ ਸਰਕਾਰ ਵਲੋਂ ਅੱਜ ਤੱਕ ਸਾਡੇ ਨਾਲ ਮਿੱਤਰਤਾ ਦਾ ਸਬੰਧ ਚਲਾ ਆਂਵਦਾ ਹੈ, ਉਹਨਾਂ ਨਾਲ ਬਿਨਾਂ ਕਿਸੇ ਕਾਰਨ ਦੇ ਉਹ ਕਿਉਂ ਤੋੜਿਆ ਜਾਵੇ ? ਪਰ ਹੁਲਕਰ ਵੀ ਸ਼ਰਨ ਆਇਆ ਹੈ, ਇਸ ਲਈ ਇਸ ਨੂੰ ਖ਼ਾਲਸੇ ਦੇ ਦਰ ਤੋਂ ਨਿਰਾਸ਼ ਨਹੀਂ ਭੇਜਣਾ ਚਾਹੀਦਾ, ਜੇ ਕਿਸੇ ਤਰ੍ਹਾਂ ਹੋ ਸਕੇ ਤਾਂ ਆਪ ਵਿਚ ਪੈ ਕੇ ਇਸ ਦਾ ਅਤੇ ਅੰਗਰੇਜ਼ਾਂ ਦਾ ਮੇਲ ਕਰਵਾ ਦੇਵੋ, ਜਿਸ ਕਰਕੇ ਹੁਲਕਰ ਨੂੰ ਆਪਣਾ ਇਲਾਕਾ ਮਿਲ ਜਾਏ ਤੇ ਲੜਾਈਆਂ ਝਗੜੇ ਮੁਕ ਜਾਣ । ਇਸ ਫੈਸਲੇ ਤੇ ਸਭ ਨੇ ਪ੍ਰਸੰਨਤਾ ਪ੍ਰਗਟ ਕੀਤੀ । ਮਹਾਰਾਜਾ ਸਾਹਿਬ ਅਗਲੇ ਦਿਨ ਸ੍ਰੀ ਅੰਮ੍ਰਿਤਸਰ[2] ਆ ਗਏ ਤੇ ਹੁਲਕਰ ਨੂੰ ਮਿਲ ਕੇ ਇਹ ਸਭ ਕੁਝ ਸਮਝਾਇਆ । ਇਸ ਫੈਸਲੇ ਦਾ ਸਿੱਟਾ ਇਹ ਨਿਕਲਿਆ ਕਿ 24 ਦਸੰਬਰ ਸੰਨ 1805 ਈ: ਨੂੰ ਹੁਲਕਰ ਦੀ ਤੇ ਅੰਗਰੇਜ਼ਾਂ ਦੀ ਸੁਲ੍ਹਾ ਹੋ ਗਈ ਤੇ ਐਹਦਨਾਮਾ ਲਿਖਿਆ ਗਿਆ, ਜਿਸ ਅਨੁਸਾਰ ਉਹ ਸਾਰਾ ਇਲਾਕਾ, ਜੋ ਅੰਗਰੇਜ਼ ਜਰਨੈਲ ਨੇ ਤਾਪਦੀ ਨਦੀ ਤੋਂ ਗੋਦਾਵਰੀ ਦੇ ਪੂਰਬ ਵੱਲ ਉਸ ਤੋਂ ਖੋਹ ਲਿਆ ਸੀ, ਉਸ ਨੂੰ ਫੇਰ ਮੋੜ ਦਿੱਤਾ[3] । ਇਸ ਫੈਸਲੇ ਨਾਲ ਦੋਵੇਂ ਧਿਰਾਂ ਮਹਾਰਾਜਾ ਸਾਹਿਬ ਤੋਂ ਰਾਜ਼ੀ ਹੋ ਗਈਆਂ । ਹੁਣ ਇਸ ਤੇ ਬਾਅਦ ਸਰਕਾਰ ਅੰਗਰੇਜ਼ੀ ਨੇ ਮਹਾਰਾਜਾ ਸਾਹਿਬ ਤੇ ਆਹਲੂਵਾਲੀਏ ਸਰਦਾਰਾਂ ਨਾਲ ਮਿੱਤਰਤਾ ਦਾ ਸਬੰਧ ਵਧੇਰੇ ਪੱਕਾ ਕਰ

- - - - - -

1. *ਸ: ਮੁ: ਲਤੀਫ ਸਫਾ 362, ਡਾਕਟਰ ਚੋਪੜਾ ਦੀ ਪੰਜਾਬ ਐਜ਼ ਏ ਸਾਵਰਨ ਸਟੇਟ, ਸਫਾ 16 । ਦੇਸੀ ਇਤਿਹਾਸਕਾਰ ਇਸ ਫੌਜ ਦੀ ਗਿਣਤੀ ਬਹੁਤ ਵਧੀਕ ਲਿਖਦੇ ਹਨ, ਘਨੱਯਾ ਲਾਲ 40,000 ਲਿਖਦਾ ਹੈ, ਦੀਵਾਨ ਅਮਰਨਾਥ ਦੇ ਲੇਖ ਅਨੁਸਾਰ ਇਸ ਦੀ ਗਿਣਤੀ 2 ਲੱਖ ਹੁੰਦੀ ਹੈ, ਪਰ ਮੇਜਰ ਬਾਰਕ ਇਹ ਗਿਣਤੀ 25000 ਦੱਸਦਾ ਹੈ ।*
2. *ਮੇਜਰ ਸਮਾਇਬ ਲਿਖਦਾ ਹੈ ਕਿ ਜਸਵੰਤ ਰਾਇ ਹੁਲਕਰ ਨੂੰ ਮਹਾਰਾਜਾ ਲਾਹੌਰ ਵਿਚ ਮਿਲਿਆ ਠੀਕ ਨਹੀਂ । ਹੁਲਕਰ ਲਾਹੌਰ ਕਦੇ ਨਹੀਂ ਆਇਆ, ਸਗੋਂ ਸ੍ਰੀ ਅੰਮ੍ਰਿਤਸਰ ਸਾਹਿਬ ਹੀ ਉਹ ਮਹਾਰਾਜਾ ਨੂੰ ਮਿਲਿਆ । ਵੇਖੋ ਮਰੇਜ਼ ਰਣਜੀਤ ਸਿੰਘ ।*
3. *ਘਨੱਈਆ ਲਾਲ ਤਾਰੀਖ਼ ਪੰਜਾਬ ।*

ਦਿੱਤਾ ।[1]

ਇਸੇ ਸਾਲ ਦੀਆਂ ਗਰਮੀਆਂ ਦੇ ਆਰੰਭ ਵਿਚ ਮਹਾਰਾਜਾ ਸਾਹਿਬ ਬੀਮਾਰ ਹੋ ਗਏ, ਜਿਸ ਕਰਕੇ ਕੁਝ ਚਿਰ ਤੱਕ ਆਪ ਨੂੰ ਲਾਹੌਰ ਵਿਚ ਹੀ ਠਹਿਰਨਾ ਪਿਆ ਤੇ ਜਦ ਆਪ ਅਰੋਗ ਹੋਏ ਤਾਂ ਸ਼ਾਲੀਮਾਰ ਬਾਗ ਵਿਚ ਡੇਰੇ ਲਾਏ ਅਤੇ ਇਸ ਦੀ ਮੁਰੰਮਤ ਤੇ ਬਹੁਤ ਰੁਪਿਆ ਖਰਚ.ਕਰਵਾਇਆ । ਇਸ ਸਮੇਂ ਇਸ ਬਾਗ ਦੀ ਪੁਰਾਣੀ-ਨਹਿਰ ਜੋ ਅਲੀ ਮਰਦਾਨ ਖ਼ਾਨ ਦੀ ਨਹਿਰ ਹੰਸਲੀ ਦੇ ਨਾਮ ਨਾਲ ਪ੍ਰਸਿੱਧ ਸੀ-ਪੁਟਵਾ ਕੇ ਸਾਫ਼ ਕਰਵਾਈ ਤੇ ਬਾਗ ਨੂੰ ਉਹ ਰੌਣਕ ਦਿੱਤੀ ਜੋ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਵੇਖੀ ਗਈ ।

ਸੰਨ 1806 ਈ: ਦੀਆਂ ਘਟਨਾਵਾਂ ਵਿਚੋਂ ਇਹ ਭੀ ਹੈ ਕਿ ਦੀਵਾਨ ਮੁਹਕਮ ਚੰਦ ਖੱਤਰੀ ਬਿਸਾਖੀ ਰਾਮ, ਕੁੰਜਾਹ ਵਾਲੇ ਦੇ ਪੁੱਤਰ ਨੂੰ ਖ਼ਾਲਸਾ ਫੌਜ ਵਿਚ ਭਰਤੀ ਕੀਤਾ । ਇਸ ਨੇ ਖ਼ਾਲਸੇ ਦੀ ਬਹਾਦਰੀ ਤੇ ਨਿਰਭੈਤਾ ਦੇ ਨਮੂਨੇ ਵੇਖ ਵੇਖ ਇੰਨਾ ਲਾਭ ਉਠਾਇਆ ਕਿ ਕੁਝ ਸਮੇਂ ਬਾਅਦ ਇਹ ਖ਼ਾਲਸਾ ਫੌਜ ਦਾ ਬਹਾਦਰ ਜਰਨੈਲ ਬਣਿਆ ਤੇ ਬੜਾ ਨਾਮ ਪਾਇਆ ।

## ਪਟਿਆਲੇ ਜਾਣਾ

ਇਨ੍ਹਾਂ ਦਿਨਾਂ ਵਿਚ ਰਾਜਾ ਸਾਹਿਬ ਸਿੰਘ ਵਾਲੀਏ ਪਟਿਆਲੇ ਤੇ ਰਾਜਾ ਜਸਵੰਤ ਸਿੰਘ ਨਾਭਾ ਵਿਚ ਵੈਰ ਪੈ ਗਿਆ, ਜਿਸ ਦਾ ਕਾਰਨ ਦੁਲਾਦੀ ਨਾਮੀਂ ਇਕ ਪਿੰਡ ਸੀ, ਜਿਸ ਪਰ ਨਾਭੇ ਵਾਲੇ ਆਪਣਾ ਹੱਕ ਸਮਝਦੇ ਸਨ ਤੇ ਪਟਿਆਲੇ ਵਾਲੇ ਇਸ ਤੇ ਆਪਣਾ ਕਬਜ਼ਾ ਦੱਸਦੇ ਸਨ । ਇਨ੍ਹਾਂ ਦਿਨਾਂ ਵਿਚ ਹੀ ਭਾਈ ਤਾਰਾ ਸਿੰਘ ਨਾਮੀ ਇਕ ਸਰਦਾਰ ਜੋ ਰਾਜਾ ਪਟਿਆਲਾ ਵਲੋਂ ਇਸ ਪਿੰਡ ਵਿਚ ਰਹਿੰਦਾ ਸੀ, ਕਿਸੇ ਨੇ ਮਾਰ ਦਿੱਤਾ । ਪਟਿਆਲੇ ਵਲੋਂ ਇਸ ਹੱਤਿਆ ਦਾ ਸ਼ੁਭ੍ਹਾ ਰਾਜਾ ਜਸਵੰਤ ਸਿੰਘ ਨਾਭਾ ਪਰ ਕੀਤਾ ਗਿਆ ਜਿਸ ਦੇ ਕਾਰਨ ਇਹ ਵਿਰੋਧਤਾ ਇਥੋਂ ਤੱਕ ਵਧੀ ਕਿ ਦੋਹਾਂ ਰਾਜਿਆਂ ਨੇ ਆਪੋ ਆਪਣੀਆਂ ਫੌਜਾਂ ਪਿੰਡ ਲਾਗੇ ਇਕੱਠੀਆਂ ਕਰ ਦਿੱਤੀਆਂ ਤੇ ਲੜਾਈ ਲਈ ਤਿਆਰ ਹੋ ਗਏ । ਇਸ ਸਮੇਂ ਰਾਜਾ ਭਾਗ ਸਿੰਘ ਵਾਲੀਏ ਜੀਂਦ ਨੇ ਰਾਜਾ ਨਾਭਾ ਦਾ ਸਾਥ ਦਿੱਤਾ ਤੇ ਸ: ਮਤਾਬ ਸਿੰਘ ਥਾਨੇਸਰ ਅਤੇ ਭਾਈ ਲਾਲ ਸਿੰਘ ਕੈਥਲ ਵਾਲੇ ਰਾਜਾ ਪਟਿਆਲੇ ਨਾਲ ਰਲੇ । ਹੁਣ ਲੱਗੀਆਂ ਨਿੱਕੀਆਂ ਨਿੱਕੀਆਂ ਝੜੱਪਾਂ ਹੋਣ, ਛੇਕੜ ਇਕ ਕਰੜੀ ਲੜਾਈ ਹੋਈ, ਜਿਸ ਵਿਚ ਸ: ਮਤਾਬ ਸਿੰਘ ਥਾਨੇਸਰ ਮਾਰਿਆ ਗਿਆ[2]। ਇਸ ਦੇ ਮਰਨੇ ਪਰ ਰਾਜਾ ਪਟਿਆਲਾ ਨੂੰ ਬੜਾ ਜੋਸ਼ ਆਇਆ ਅਤੇ ਮੈਦਾਨ ਵਿਚ ਆਪਣੀ ਹੋਰ ਫੌਜ ਭੇਜੀ । ਪਿੰਡ ਨਰਵਾਨਾ ਦੇ ਲਾਗੇ ਨਾਭੇ ਤੋਂ ਛੇ ਮੀਲ ਪਰ ਇਕ ਡਾਢੀ ਲਹੂ ਡੋਲ੍ਹਵੀਂ ਲੜਾਈ ਹੋਈ ਤੇ ਦੋਹਾਂ ਧਿਰਾਂ ਨੇ ਭਾਰੀ ਨੁਕਸਾਨ ਉਠਾਇਆ, ਅਰਥਾਤ ਇਕ ਸੌ ਪੰਜ ਜਵਾਨ ਦੋਹਾਂ ਪਾਸਿਆਂ ਦੇ ਇਸ ਸਮੇਂ ਖੇਤ ਰਹੇ । ਛੇਕੜ ਮੈਦਾਨ ਰਾਜਾ ਪਟਿਆਲਾ ਦੇ ਹੱਥ ਰਿਹਾ । ਹੁਣ ਇਹ ਦੁਖਦਾਈ ਬਖੇੜਾ ਵਧਦਾ ਵੇਖ ਕੇ ਦੋਹਾਂ ਧਿਰਾਂ ਦੇ ਮੁਖੀਆਂ ਨੇ ਇਹ ਸਲਾਹ ਠਹਿਰਾਈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਇਹ ਦੁਖਦਾਈ ਮਾਮਲਾ ਦੱਸਿਆ ਜਾਏ ਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਇਥੇ ਲੈ ਆਂਦਾ ਜਾਏ, ਤਾਂ ਜੋ ਉਹ ਦੋਹਾਂ ਰਿਆਸਤਾਂ ਦੇ ਝਗੜੇ ਮੁਕਾ ਜਾਣ ਤੇ ਜਿਸ ਦਾ ਹੱਕ ਸਮਝਣ, ਪਿੰਡ ਉਸ ਦੇ ਹਵਾਲੇ ਕਰ ਦੇਣ । ਇਸ ਸਮਝੌਤੇ ਦੇ ਬਾਅਦ ਦੋਹਾਂ ਰਾਜਿਆਂ ਨੇ ਆਪੋ ਆਪਣੇ ਵਕੀਲ ਮਹਾਰਾਜ ਸਾਹਿਬ ਦੇ ਦਰਬਾਰ ਵਿਚ ਲਾਹੌਰ ਭੇਜੇ,

\- - - - - -

*1. ਮੇਜਰ ਬਾਸੂ ਰਾਈਜ਼ ਆਫ਼ ਦੀ ਕ੍ਰਿਸਚਨ ਪਾਵਰ ਇਨ ਇੰਡੀਆ ਜਿ: 6, ਸਫ਼ਾ 477 ।*

*2. ਘਨੱਯਾ ਲਾਲ ਨੇ ਇਸ ਘਟਨਾ ਨੂੰ ਉਕਾ ਕਿਸੇ ਹੋਰ ਰੰਗ ਵਿਚ ਦੱਸਿਆ ਹੈ, ਜੋ ਨਿਰਮੂਲ ਹੈ ।*

ਇਹਨਾਂ ਨੇ ਆ ਕੇ ਮਹਾਰਾਜਾ ਨੂੰ ਸਾਰਾ ਹਾਲ ਦੱਸਿਆ ਤੇ ਉਥੇ ਜਾਣ ਲਈ ਬੇਨਤੀ ਕੀਤੀ, ਨਾਲ ਹੀ ਇਹ ਪ੍ਰਗਟ ਕੀਤਾ ਕਿ ਜੇ ਆਪ ਥੋੜ੍ਹੇ ਦਿਨਾਂ ਵਿਚ ਉਥੇ ਨਾ ਪਹੁੰਚੇ ਤਾਂ ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਦੋਹਾਂ ਧਿਰਾਂ ਵਲੋਂ ਬੇਅਰਥ ਜਾਣ ਦਾ ਡਰ ਹੈ । ਕਹਿੰਦੇ ਹਨ ਕਿ ਮਹਾਰਾਜਾ ਸਾਹਿਬ ਨੇ ਜਦ ਆਪਣੇ ਭਾਈਆਂ ਦੀ ਇਹ ਭਿਆਨਕ ਦਸ਼ਾ ਸੁਣੀ ਤਾਂ ਉਹ ਆਪਣੇ ਕਈ ਜ਼ਰੂਰੀ ਕੰਮ ਛੱਡ ਕੇ ਅਤਿ ਗਰਮੀਆਂ ਦੀ ਰੁੱਤ ਵਿਚ ਇਸ ਦੁਬਿਧਾ ਨੂੰ ਮਿਟਾਉਣ ਲਈ ਤਿਆਰ ਹੋ ਕੇ ਤੁਰ ਪਏ ਅਤੇ 28 ਜੁਲਾਈ ਸੰਨ 1806 ਈ: ਨੂੰ ਫੂਲਬੰਸੀ ਰਾਜਿਆਂ ਦੇ ਕੋਲ ਪਹੁੰਚ ਗਏ । ਲਿਖਿਆ ਹੈ ਕਿ ਮਹਾਰਾਜਾ ਸਾਹਿਬ ਨਾਲ 20,000 ਜੁਆਨਾਂ ਦੇ ਲਗਭਗ ਭੀੜ ਭਾੜ ਸੀ । ਅੱਗੋਂ ਦੋਵੇਂ ਰਾਜੇ ਪ੍ਰਾਹੁਣਚਾਰੀ ਦੀਆਂ ਭਾਰੀਆਂ ਤਿਆਰੀਆਂ ਕਰਵਾ ਕੇ ਬੜੇ ਪਿਆਰ ਨਾਲ ਮਿਲੇ । ਕੁਝ ਦਿਨ ਉਥੇ ਰਹਿਣ ਮਗਰੋਂ ਮਹਾਰਾਜਾ ਸਾਹਿਬ ਨੇ ਸਾਰਾ ਸਮਾਚਰ ਦੋਹਾਂ ਧਿਰਾਂ ਤੋਂ ਸੁਣਿਆ ਤੇ ਪੂਰੀ ਪੂਰੀ ਪੁੱਛ ਭਾਲ ਦੇ ਬਾਅਦ ਦੁਲਾਦੀ ਪਿੰਡ ਦਾ ਹੱਕਦਾਰ ਰਾਜਾ ਪਟਿਆਲਾ ਨੂੰ ਮੰਨਿਆ ਤੇ ਪਿੰਡ ਉਸ ਨੂੰ ਦੇ ਦਿੱਤਾ । ਲਾਹੌਰ ਵੱਲ ਪਰਤਦੇ ਹੋਏ ਰਾਜਾ ਨਾਭਾ ਨੂੰ ਕੋਟ ਬਸੀਆਂ, ਤਲਵੰਡੀ ਤੇ ਜਗਰਾਉਂ ਸਣੇ 38 ਪਿੰਡਾਂ ਦੇ ਇਲਾਕੇ, ਜਿਨ੍ਹਾਂ ਦੀ ਆਮਦਨੀ 23,530 ਰੁਪਏ ਸੀ, ਫਤਹਿ ਕਰਕੇ ਦੇ ਦਿੱਤੇ । ਇਸ ਤਰ੍ਹਾਂ ਰਾਜਾ ਜੀਂਦ ਨੂੰ ਲੁਧਿਆਣਾ-ਸਣੇ ਤਾਲਕੇ ਦੇ ਪਿੰਡਾਂ ਦੇ ਬਖਸ਼ ਦਿੱਤਾ । ਇਹਨਾਂ ਤੋਂ ਛੁੱਟ ਸ: ਫਤਹਿ ਸਿੰਘ ਆਹਲੂਵਾਲੀਆ ਤੇ ਜਨਰਲ ਮੋਹਕਮ ਚੰਦ ਨੂੰ ਵੀ ਬਹੁਤ ਸਾਰਾ ਇਲਾਕਾ ਦਿੱਤਾ । ਇਸ ਤਰ੍ਹਾਂ ਇਹਨਾਂ ਰਾਜਿਆਂ ਦਾ ਫੈਸਲਾ ਕਰਵਾ ਕੇ ਮਹਰਾਜਾ ਸਾਹਿਬ ਸਤਲੁਜ ਤੋਂ ਇਸ ਪਾਰ[1] ਆਏ ਤੇ ਆਉਂਦੇ ਹੋਏ ਜਲੰਧਰ ਦੇ ਇਲਾਕੇ ਵਿਚ ਕੁਝ ਦਿਨ ਸ਼ਿਕਾਰ ਵਿਚ ਗੁਜ਼ਾਰੇ ।

## ਸ਼ੇਰਿ ਪੰਜਾਬ ਨੇ ਕਾਂਗੜਾ ਦੀ ਸਹਾਇਤਾ ਕਰਨੀ

ਮਹਾਰਾਜਾ ਸਾਹਿਬ ਅਜੇ ਜਲੰਧਰ ਦੇ ਇਲਾਕੇ ਵਿਚ ਹੀ ਸਨ ਕਿ ਇਥੇ ਸੰਸਾਰ ਚੰਦ ਵਾਲੀਏ ਕਾਂਗੜੇ ਦਾ ਨਿੱਕਾ ਭਾਈ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਜਰਨੈਲ ਅਮਰ ਸਿੰਘ ਥਾਪਾ ਸੈਨਾਪਤੀ ਵਾਲੀਏ ਨੇਪਾਲ ਭਾਰੀ ਗੋਰਖਾ ਫੌਜ ਲੈ ਕੇ ਪਹਾੜੀ ਇਲਾਕੇ ਪਰ ਚੜ੍ਹ ਆਇਆ ਹੈ । ਕਈ ਛੋਟੀਆਂ ਰਿਆਸਤਾਂ ਸਰਮੌਰ ਤੇ ਨਾਲਾ ਗੜ੍ਹ ਆਦਿ ਦਾ ਇਲਾਕਾ ਫਤਹਿ ਕਰਕੇ ਦਬਾ ਚੁੱਕਾ ਹੈ ਅਤੇ ਹੁਣ ਕਾਂਗੜੇ ਤੇ ਆ ਪਿਆ ਹੈ । ਰਾਜਾ ਸੰਸਾਰ ਚੰਦ ਆਪਣੇ ਵਿਚ ਉਹਨਾਂ ਦੇ ਟਾਕਰੇ ਦੀ ਸ਼ਕਤੀ ਨਾ ਵੇਖ ਕੇ ਆਪ ਕਿਲ੍ਹਾ ਬੰਦ ਹੋ ਬੈਠਾ ਹੈ, ਪਰ ਉਹਨਾਂ ਦੇ ਨਿੱਤ ਦੇ ਧਾਵਿਆਂ ਤੋਂ ਡਰ ਹੈ ਕਿ ਉਹ ਕਿਲ੍ਹੇ ਨੂੰ ਫਤਹਿ ਕਰ ਲੈਣਗੇ ਤੇ ਸਾਡਾ ਰਾਜ ਭਾਗ ਜਾਂਦਾ ਰਹੇਗਾ । ਰਾਜਾ ਸੰਸਾਰ ਚੰਦ ਨੇ ਮੈਨੂੰ ਸਰਕਾਰ ਦੀ ਸੇਵਾ ਵਿਚ ਭੇਜਿਆ ਹੈ ਕਿ ਆਪ ਇਸ ਸਮੇਂ ਸਾਡੀ ਸਹਾਇਤਾ ਕਰਕੇ ਸਾਨੂੰ ਇਸ ਭਾਰੀ ਔਕੜ ਤੋਂ ਬਚਾ ਲਵੋ ।

- - - - - -

1. *ਇਸ ਮੌਕੇ ਤੇ ਘਨੱਯਾ ਲਾਲ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਰਾਜਾ ਪਟਿਆਲਾ ਦਾ ਤੋਪਖਾਨਾ ਵੇਖ ਕੇ ਉਸ ਤੋਂ ਤਿੰਨ ਤੋਪਾਂ ਲੈ ਲਈਆਂ । ਚਾਹੇ ਰਾਜਾ ਪਟਿਆਲਾ ਇਹਨਾਂ ਤੋਪਾਂ ਦੇ ਦੇਣ ਪਰ ਰਾਜ਼ੀ ਨਹੀਂ ਸੀ, ਪਰ ਕਿਉਂਕਿ ਮਹਾਰਾਜਾ ਨੇ ਆਪਣੀ ਜ਼ੁਬਾਨੀ ਇਹ ਤੋਪਾਂ ਮੰਗੀਆਂ ਸਨ, ਇਸ ਲਈ ਉਸ ਨੇ ਇਹ ਤੋਪਾਂ ਦੇ ਦਿੱਤੀਆਂ । ਇਹ ਕਹਾਣੀ ਘਨੱਯਾ ਲਾਲ ਦੀ ਇਸ ਸਮੇਂ ਮਨੋਕਲਪਿਤ ਹੈ । ਵੇਖੋ ਸਰ ਲੈਪਲ ਗ੍ਰਿਫਨ ਦੀ ਕਿਤਾਬ ਰਾਜਾਜ਼ ਆਫ ਦੀ ਪੰਜਾਬ ਤਾਰੀਖ ਪਟਿਆਲਾ, ਰਚਿਤ ਖ਼ਲੀਫਾ ਮੁਹੰਮਦ ਹਸਨ । ਹਾਂ ਅਗਲੇ ਸਾਲ ਸੰਨ 1807 ਈ: ਵਿਚ ਰਾਣੀ ਆਸ ਕੌਰ ਨੇ ਇਕ ਪਿੱਤਲ ਦੀ ਤੋਪ ਆਪਣੀ ਖ਼ੁਸ਼ੀ ਨਾਲ ਮਹਾਰਾਜਾ ਸਾਹਿਬ ਨੂੰ ਭੇਟਾ ਕੀਤੀ, ਜੋ ਉਸ ਨੇ ਪਰਵਾਨ ਕਰ ਲਈ ।*

ਮਹਾਰਾਜ ਸਾਹਿਬ ਨੇ ਉਸ ਦੀ ਦੀਨਤਾ ਨੂੰ ਵੇਖ ਕੇ ਏਥੋਂ ਹੀ ਸਣੇ ਆਪਣੀ ਬਲਵਾਨ ਫੌਜ ਦੇ, ਸਿੱਧੇ ਉਸ ਦੀ ਰੱਖਿਆ ਲਈ ਕਾਂਗੜੇ ਵੱਲ ਕੂਚ ਕਰ ਦਿੱਤਾ । ਮਹਾਰਾਜਾ ਸਾਹਿਬ ਅਜੇ ਕਾਂਗੜੇ ਤੋਂ ਦੂਰ ਹੀ ਸਨ ਕਿ ਗੋਰਖਾ ਫੌਜ ਦੇ ਸੈਨਾਪਤੀ ਨੇ ਮਹਾਰਾਜੇ ਦੇ ਪਹੁੰਚ ਜਾਣ ਦੀ ਖ਼ਬਰ ਸੁਣੀ ਤਾਂ ਇੰਨਾ ਘਬਰਾਇਆ ਜਿਸ ਦੀ ਕੋਈ ਹੱਦ ਨਹੀ ਸੀ[1] । ਉਸ ਨੇ ਝੱਟ ਆਪਣਾ ਇਕ ਭਰੋਸੇਯੋਗ ਵਕੀਲ ਜਿਸ ਦਾ ਨਾਮ ਜ਼ੋਰਾਵਰ ਸਿੰਘ ਸੀ, ਮਹਾਰਾਜਾ ਦੀ ਸੇਵਾ ਵਿਚ ਭੇਜਿਆ ਤੇ ਉਸ ਨੇ ਆ ਕੇ ਸੰਸਾਰ ਚੰਦ ਦੀ ਸਹਾਇਤਾ ਨਾ ਕਰਨ ਲਈ ਬੜੀਆਂ ਬੇਨਤੀਆਂ ਕੀਤੀਆਂ ਤੇ ਇਹ ਵੀ ਕਿਹਾ ਕਿ ਅਸੀਂ ਸਾਰੀ ਆਯੂ ਧੰਨਵਾਦੀ ਰਹਿਣ ਤੋਂ ਛੁੱਟ ਸੰਸਾਰ ਚੰਦ ਦੇ ਨਜ਼ਰਾਨੇ ਤੋਂ ਦੂਣੀ ਰਕਮ ਹਾਜ਼ਰ ਕਰਨ ਲਈ ਤਿਆਰ ਹਾਂ । ਸਰਕਾਰ ਸਾਥੋਂ ਦੂਣੀ ਭੇਟ ਲੈ ਕੇ ਪਿਛਾਂਹ ਪਰਤ ਜਾਏ । ਸ਼ੇਰ-ਦਿਲ ਮਹਾਰਾਜੇ ਨੇ ਇਸ ਦਾ ਉਤਰ ਜ਼ੋਰਾਵਰ ਸਿੰਘ ਨੂੰ ਡਾਢਾ ਦੋ-ਟੁੱਕ ਦਿੱਤਾ-ਕਿਹਾ ਅਸੀਂ ਜਿਸ ਨਾਲ ਪਹਿਲੇ ਬਚਨ ਕਰ ਚੁੱਕੇ ਹਾਂ ਚਾਹੇ ਹੁਣ ਦੂਣੀ ਨਹੀਂ ਦਸੂਣੀ ਰਕਮ ਵੀ ਦੇਵੋ, ਤਦ ਵੀ ਆਪਣਾ ਵਾਕ ਭੰਗ ਨਹੀਂ ਕਰਾਂਗੇ[2] । ਮਹਾਰਾਜਾ ਦਾ ਇਹ ਉਤਰ ਸੁਣ ਕੇ ਜ਼ੋਰਾਵਰ ਸਿੰਘ ਲਜਿੱਤ ਹੋ ਕੇ ਪਰਤ ਗਿਆ । ਅਗਲੇ ਦਿਨ ਖ਼ਾਲਸਾ ਦਲ ਅੱਗੇ ਵਧਿਆ ਅਤੇ ਹੁਣ ਜਦ ਅਮਰ ਸਿੰਘ ਨੇ ਮਹਾਰਾਜੇ ਦਾ ਉਤਰ ਸੁਣਿਆ ਤਾਂ ਉਸ ਪਰ ਮਹਾਰਾਜੇ ਦਾ ਐਸਾ ਦਬ-ਦਬਾ ਛਾਇਆ ਕਿ ਉਸ ਨੇ ਰਾਤੋ-ਰਾਤ ਕਾਂਗੜੇ ਦੇ ਕਿਲ੍ਹੇ ਤੋਂ ਘੇਰਾ ਚੁੱਕ ਲਿਆ ਤੇ ਜਾਨ ਬਚਾ ਕੇ ਆਪਣੇ ਦੇਸ਼ ਵੱਲ ਪਰਤ ਗਿਆ[3]। ਇਉਂ ਸੰਸਾਰ ਚੰਦ ਨੂੰ ਆਪਣਾ ਇਲਾਕਾ ਮੁੜ ਦੁਆ ਕੇ ਮਹਾਰਾਜਾ ਲਾਹੌਰ ਵੱਲ ਨੂੰ ਪਰਤ ਆਇਆ ।

## ਕਸੂਰ ਨੂੰ ਫ਼ਤਹਿ ਕਰਨਾ

ਸੰਮਤ 1864 ਬਿ: ਸੰਨ 1807 ਈ: ਦੇ ਆਰੰਭ ਵਿਚ ਸ਼ਾਹੀ ਸੂਹੀਏ ਨੇ ਖ਼ਬਰ ਦਿੱਤੀ ਕਿ ਨਵਾਬ ਕੁਤਬੁਦੀਨ ਕਸੂਰੀਏ ਨੇ[4] ਆਪਣੇ ਅਹਿਦਨਾਮੇ ਵਿਰੁੱਧ ਨਵਾਬ ਮੁਜ਼ੱਫਰ ਖ਼ਾਨ ਮੁਲਤਾਨੀ ਨਾਲ ਗੋਂਦ ਗੁੰਦੀ ਹੈ ਕਿ ਇਨ੍ਹਾਂ ਦਿਨਾਂ ਵਿਚ ਇਸਲਾਮੀ ਝੰਡਾ ਖੜ੍ਹਾ ਕਰਕੇ ਦੋਹਾਂ ਨਵਾਬਾਂ ਦੀਆਂ ਸੰਮਲਿਤ ਫੌਜਾਂ ਤੇ ਬਹੁਤ ਸਾਰੇ ਮੁਲਕੀ ਰਾਜਿਆਂ ਨੂੰ ਇਕੱਠਾ ਕਰਕੇ ਮਹਾਰਾਜੇ ਨਾਲ ਲੜਾਈ ਲੜੀ ਜਾਏ[5] । ਦੂਜਾ ਕੁਤਬਦੀਨ ਨੇ ਕਸੂਰ ਦੇ ਇਲਾਕੇ ਦੇ ਸਿੱਖਾਂ ਪਰ ਅੱਤ ਦੀ ਸਖ਼ਤੀ ਕਰਨੀ ਆਰੰਭ ਦਿੱਤੀ ਹੈ । ਇਸ ਗੱਲ ਦਾ ਪਤਾ ਕਰਨ ਲਈ ਤੇ ਨਵਾਬ ਦੀ ਸਿੱਖ ਪਰਜਾ ਨੂੰ ਜ਼ੁਲਮ ਤੋਂ ਬਚਾਉਣ ਲਈ ਮਹਾਰਾਜਾ ਨੇ ਫਕੀਰ ਅਜ਼ੀਜ਼ੁਦੀਨ ਨੂੰ ਵਿਚੋਲਾ ਥਾਪ ਕੇ ਕਸੂਰ ਭੇਜਿਆ, ਪਰ ਅੱਗੋਂ ਇਸ ਗੱਲ ਦੀ ਥਾਂ ਕਿ ਕੁਤਬੁਦੀਨ ਉਸ ਦੇ ਸ਼ੰਕੇ ਨਵਿਰਤ ਕਰਦਾ, ਉਲਟਾ ਉਹ ਉਸ ਨੂੰ ਡਾਢਾ ਲੋਹਾ ਲਾਖਾ ਹੋ ਕੇ ਮਿਲਿਆ ਤੇ ਉਸ ਨੂੰ ਸਿੱਖਾਂ ਦੀ ਨੌਕਰੀ ਕਰਨ ਲਈ ਕੁਝ ਅਯੋਗ ਬਚਨ ਕਹੇ ।

ਫਕੀਰ ਅਜ਼ੀਜ਼ੁਦੀਨ ਨਵਾਬ ਦਾ ਇਹ ਅਯੋਗ ਵਰਤਾਵ ਵੇਖ ਕੇ ਲਾਹੌਰ ਨੂੰ ਪਰਤ ਆਇਆ ਤੇ ਸਾਰੀ ਵਿੱਥਿਆ ਮਹਾਰਾਜਾ ਸਾਹਿਬ ਨੂੰ ਕਹਿ ਸੁਣਾਈ । ਮਹਾਰਾਜਾ ਸਾਹਿਬ

- - - - - -

1. *ਘਨੱਯਾ ਲਾਲ ,ਤਾਰੀਖ ਪੰਜਾਬ , ਸਫ਼ਾ 177 ।*
2. *ਘਨੱਯਾ ਲਾਲ, ਤਾਰੀਖ ਪੰਜਾਬ, ਸਫ਼ਾ 178 ।*
3. *ਘਨੱਯਾ ਲਾਲ, ਤਾਰੀਖ ਪੰਜਾਬ, ਸਫ਼ਾ 177 ।*
4. *ਮੈਕਗਰੇਗਰ ਹਿਸਟਰੀ ਆਫ਼ ਦੀ ਸਿਖਸ ਜਿ: 1, ਸਫ਼ਾ 158 ਪੁਰ ਕੁਤਬੁਦੀਨ ਨੂੰ ਨਜ਼ਾਮੁਦੀਨ ਦਾ ਪੁੱਤਰ ਲਿਖਦਾ ਹੈ, ਜੋ ਭੁੱਲ ਹੈ, ਉਹ ਉਸ ਦਾ ਭਾਈ ਸੀ, ਵੇਖੋ ਕਰਨਲ ਮੇਸੀ ਜੀਫਸ ਐਂਡ ਫੈਮਲੀਜ਼ ਆਫ਼ ਨੋਟ ਸਫ਼ਾ 181 ।*
5. *ਸੋਹਣ ਲਾਲ ਉਮਾਦਤੁਲ ਤਵਾਰੀਖ, ਘਨੱਯਾ ਲਾਲ, ਤਵਾਰੀਖ ਪੰਜਾਬ, ਸਫ਼ਾ 181 ।*

ਨਵਾਬ ਕੁਤਬੁਦੀਨ ਦੇ ਇਸ ਅਯੋਗ ਸਲੂਕ ਦੇ ਅਹਿਦਨਾਮੇ ਦੇ ਉਲਟ ਵਰਤੋਂ ਦਾ ਸਮਾਚਾਰ ਸੁਣ ਕੇ ਬੜੇ ਜੋਸ਼ ਵਿਚ ਆਏ ਤੇ ਝੱਟ ਚੜ੍ਹਾਈ ਦੀਆਂ ਤਿਆਰੀਆਂ ਦਾ ਹੁਕਮ ਦੇ ਦਿੱਤਾ। ਥੋੜ੍ਹੇ ਦਿਨਾਂ ਵਿਚ ਹੀ ਸਭ ਤਿਆਰੀਆਂ ਹੋ ਗਈਆਂ ਤੇ 10 ਫਰਵਰੀ ਸੰਨ 1877 ਈ: ਨੂੰ ਕਸੂਰ ਪਰ ਚੜ੍ਹਾਈ ਕਰ ਦਿੱਤੀ। ਇਹ ਫੌਜਾਂ ਜਦ ਸ਼ਹਿਰ ਦੇ ਲਾਗੇ ਪਹੁੰਚੀਆਂ ਤਾਂ ਅੱਗੋਂ ਨਵਾਬ ਸਣੇ ਗਾਜ਼ੀਆ ਦੇ, ਖ਼ਾਲਸੇ ਦੇ ਟਾਕਰੇ ਲਈ ਆਇਆ, ਇਥੇ ਦੋ ਤਕੜੀਆਂ ਲੜਾਈਆਂ ਹੋਈਆਂ, ਇਨ੍ਹਾਂ ਦੋਹਾਂ ਵਿਚੋਂ ਨਵਾਬ ਦੇ ਪੈਰ ਉਖੜ ਗਏ ਤੇ ਮੈਦਾਨ ਖ਼ਾਲਸੇ ਦੇ ਹੱਥ ਰਿਹਾ। ਨਵਾਬ ਇਥੋਂ ਨੱਸ ਕੇ ਗਾਜ਼ੀਆਂ ਦੇ ਕਿਲ੍ਹੇ ਵਿਚ ਆਕੀ ਹੋ ਬੈਠਾ। ਖ਼ਾਲਸੇ ਨੇ ਕਿਲ੍ਹੇ ਨੂੰ ਜਾ ਘੇਰਾ ਘੱਤਿਆ ਤੇ ਤੋਪਾਂ ਬੀੜ ਕੇ ਲੱਗੇ ਗੋਲੇ ਵਸਾਣ। ਅੰਦਰੋਂ ਕੁਤਬੁਦੀਨ ਵੀ ਬੜੀ ਦਲੇਰੀ ਨਾਲ ਲੜਦਾ ਰਿਹਾ ਤੇ ਕਿਲ੍ਹੇ ਨੂੰ ਕਈ ਦਿਨ ਤੱਕ ਬਚਾਈ ਰੱਖਿਆ। ਹੁਣ ਜਦ ਲੜਾਈ ਜ਼ਰਾ ਲਮਕ ਗਈ ਤਾਂ ਸ਼ੇਰੇ ਪੰਜਾਬ ਨੇ ਇਕ ਰਾਤ ਨੂੰ ਖ਼ਾਲਸੇ ਦਾ ਇਕ ਚੋਣਵਾਂ ਜੁਟ ਕਿਲ੍ਹੇ ਦੀ ਦੀਵਾਰ ਹੇਠ ਸੁਰੰਗਾਂ ਪੁੱਟਣ ਲਾ ਦਿੱਤਾ ਤੇ ਇਨ੍ਹਾਂ ਵਿਚ ਰਾਤੋ ਰਾਤ ਬਾਰੂਦ ਭਰ ਕੇ ਸਵੇਰ ਹੁੰਦਿਆਂ ਪਲੀਤੇ ਦਾਗੇ ਗਏ ਤੇ ਕਿਲ੍ਹੇ ਦੀ ਲਹਿੰਦੀ ਬਾਹੀ ਧਰਤੀ ਤੇ ਆ ਪਈ, ਬਸ ਇਸ ਸਮੇਂ ਨੂੰ ਅਮੋਲਕ ਜਾਣ ਕੇ ਉਪਰੋਂ ਖ਼ਾਲਸੇ ਵਲੋਂ ਹੱਲਾ ਕੀਤਾ ਗਿਆ ਤੇ ਪਲ ਵਿਚ ਖ਼ਾਲਸਾ ਦਲ ਕਿਲ੍ਹੇ ਵਿਚ ਜਾ ਵੜਿਆ। ਕਿਲ੍ਹੇ ਵਿਚ ਗਾਜ਼ੀਆਂ ਨੇ ਖ਼ੂਬ ਤਲਵਾਰ ਚਲਾਈ, ਪਰ ਸਿੰਘਾਂ ਦੇ ਅਮਿੱਟ ਜੋਸ਼ ਅੱਗੇ ਉਨ੍ਹਾਂ ਦੀ ਕੁਝ ਵੀ ਨਾ ਚਲ ਸਕੀ ਤੇ ਹੁਣ ਸਾਰੇ ਕਿਲ੍ਹੇ ਪਰ ਮਹਾਰਾਜਾ ਦਾ ਅਧਿਕਾਰ ਹੋ ਗਿਆ[1]। ਨਵਾਬ ਕੁਤਬੁਦੀਨ ਭੱਜਦਾ ਹੋਇਆ ਫੜਿਆ ਗਿਆ ਅਤੇ ਮਹਾਰਾਜੇ ਦੀ ਹਜ਼ੂਰੀ ਵਿਚ ਹਾਜ਼ਰ ਕੀਤਾ ਗਿਆ ਤਾਂ ਬੜੀ ਅਧੀਨਗੀ ਨਾਲ ਸ਼ੇਰਿ ਪੰਜਾਬ ਤੋਂ ਜਾਨ-ਬਖਸ਼ੀ ਚਾਹੀ। ਮਹਾਰਾਜਾ ਸਾਹਿਬ ਨੇ ਉਸ ਦੀ ਬੇਨਤੀ ਮੰਨ ਲਈ ਅਤੇ ਉਸ ਦੀ ਜਾਨ-ਬਖਸ਼ੀ ਕਰਕੇ ਉਸ ਨੂੰ ਸਤਲੁਜ ਤੋਂ ਪਾਰ ਮਮਦੋਟ ਦਾ ਇਲਾਕਾ ਨਿਰਬਾਹ ਲਈ ਜਾਗੀਰ ਵਜੋਂ ਬਖਸ਼ ਦਿੱਤਾ[2]। ਇਸ ਜੰਗ ਵਿਚ ਅਕਾਲੀ ਫੂਲਾ ਸਿੰਘ ਜੀ, ਸ: ਨਿਹਾਲ ਸਿੰਘ ਅਟਾਰੀ ਵਾਲੇ ਤੇ ਨੌਜਵਾਨ ਸ: ਹਰੀ ਸਿੰਘ ਨਲੂਏ ਨੇ ਬੜੀ ਬੀਰਤਾ ਤੋਂ ਕੰਮ ਲਿਆ। ਇਸ ਸੂਬੇ ਦਾ ਪਹਿਲਾ ਪ੍ਰਬੰਧਕ ਸ: ਨਿਹਾਲ ਸਿੰਘ ਥਾਪਿਆ ਗਿਆ ਤੇ ਇਸ ਦਾ ਬਹੁਤ ਸਾਰਾ ਭਾਗ ਉਸਨੂੰ ਜਾਗੀਰ ਵਿਚ ਦਿੱਤਾ ਗਿਆ। ਹੁਣ ਫਤਹਿ ਦਾ ਫਰੇਰਾ ਝੁਲਾਉਂਦੇ ਹੋਏ ਮਹਾਰਾਜਾ ਸਾਹਿਬ ਲਾਹੌਰ ਆ ਗਏ।

## ਮਹਾਰਾਜ ਦਾ ਮੁਲਤਾਨ ਦਾ ਦੌਰਾ

ਕਸੂਰ ਦੀ ਫਤਹਿ ਤੋਂ ਵਿਹਲੇ ਹੋ ਕੇ ਪਹਿਲਾ ਕੰਮ ਜੋ ਮਾਹਰਾਜੇ ਨੇ ਕੀਤਾ ਉਹ ਨਵਾਬ ਮੁਜ਼ੱਫਰ ਖ਼ਾਨ ਮੁਲ਼ਤਾਨੀ ਨੂੰ ਉਸ ਦੇ ਅਯੋਗ ਵਰਤਾਵ ਬਦਲੇ ਦੰਡ ਦੇਣਾ ਸੀ। ਇਥੇ

- - - - - -

1. *ਗਿਆਨੀ ਗਿਆਨ ਸਿੰਘ ਜੀ ਦਾ ਇਸ ਘਟਨਾ ਬਾਰੇ ਸੱਯਦ ਮੁਹੰਮਦ ਲਤੀਫ ਆਦਿ ਅਨਮਤੀ ਇਤਿਹਾਸਕਾਰਾਂ ਦੀਆਂ ਲਿਖਤਾਂ ਦੀ ਜੋ ਇਸਲਾਮੀ ਰੰਗਤ ਵਿਚ ਲਿਖੀਆਂ ਗਈਆਂ ਹਨ -ਬਿਨਾਂ ਪਰਖੇ ਨਕਲ ਕਰਦੇ ਹੋਏ ਲਿਖਣਾ ਕਿ ਇਸ ਸਮੇਂ ਮਹਾਰਾਜੇ ਦੀਆਂ ਫੌਜਾਂ ਦੇ ਅੱਤ ਦੇ ਕਹਿਰ ਤੋਂ ਬਚਣ ਲਈ ਹਜ਼ਾਰਾਂ ਪਤਵੰਤੀਆਂ ਇਸਤਰੀਆਂ ਨੇ ਖੂਹਾਂ ਵਿਚ ਛਾਲਾਂ ਮਾਰ ਕੇ ਤੇ ਆਪਣੇ ਗਲਾਂ ਵਿਚ ਫਾਹੀਆਂ ਪਾ ਕੇ ਜਾਨਾਂ ਦੇ ਦਿੱਤੀਆਂ, ਤਾਂ ਜੋ ਸਿੱਖਾਂ ਦੇ ਹੱਥੋਂ ਆਪਣੀ ਪੱਤ ਨੂੰ ਬਚਾਉਣ, ਇਹ ਨਰੋਲ ਅਸੱਤ ਹੈ। ਇਸ ਨੂੰ ਸਾਡੇ ਬਜ਼ੁਰਗ ਗਿਆਨੀ ਜੀ ਨੇ ਵਿਚਾਰੇ ਬਿਨਾਂ ਨਕਲ ਕਰਕੇ ਇਸ ਅਸੱਤ ਤੋਂ ਉਪਜੇ ਅਪਰਾਧ ਨੂੰ ਵਧੇਰਾ ਤੂਲ ਦੇ ਦਿੱਤਾ। ਵੇਖੋ ਕਨਿੰਘਮ, ਪ੍ਰਿੰਸਪ ਤੇ ਮੈਕੀਗਰੇਗਰ, ਜਿਨ੍ਹਾਂ ਦੇ ਇਤਿਹਾਸਾਂ ਤੋਂ ਸੱਯਦ ਸਾਹਿਬ ਨੇ ਆਪਣੀ ਕਿਤਾਬ ਲਿਖਣ ਲਈ ਸਹਾਇਤਾ ਲਈ ਹੈ, ਉਹਨਾਂ ਵਿਚ ਇਸ ਦਾ ਕਿਤੇ ਇਸ਼ਾਰਾ ਤਕ ਨਹੀਂ।*
2. *ਇਹ ਜਾਗੀਰ ਅੱਜ ਤੱਕ ਇਸ ਘਰਾਣੇ ਦੇ ਕਬਜ਼ੇ ਵਿਚ ਹੈ।*

ਪੰਦਰਾਂ ਦਿਨ ਠਹਿਰਨ ਦੇ ਬਾਅਦ ਨਵੀਆਂ ਤਿਆਰੀਆਂ ਕਰਕੇ ਤੇ ਸੱਜਰ ਸ਼ਾਹ ਫੌਜ ਨਾਲ ਲੈ ਕੇ 15 ਮਾਰਚ ਸੰਨ 1807 ਈ: ਨੂੰ ਮੁਲਤਾਨ ਵੱਲ ਕੂਚ ਕੀਤਾ ਅਤੇ ਜਾਂਦੇ ਹੀ ਸ਼ਹਿਰ ਦੇ ਲਾਗੇ ਜਾ ਡੇਰੇ ਲਾਏ । ਇਥੋਂ ਫਤਹਿ ਸਿੰਘ ਕਾਲਿਆਂ ਵਾਲੇ ਨੂੰ ਵਿਚੋਲਾ ਥਾਪ ਕੇ ਨਵਾਬ ਵੱਲ ਭੇਜਿਆ ਕਿ ਨਵਾਬ ਨੂੰ ਦੱਸੇ ਕਿ ਉਸ ਨੇ ਅਹਿਦਨਾਮਾ ਲਿਖ ਕੇ ਦਿੱਤਾ ਸੀ ਕਿ ਅੱਗੇ ਨੂੰ ਸਿੱਖ ਰਾਜ ਦਾ ਸ਼ੁਭ ਚਿੰਤਕ ਰਹੇਗਾ, ਪਰ ਉਸ ਨੇ ਉਪਰ-ਥੱਲੇ ਜਾਣ ਬੁੱਝ ਕੇ ਕਈ ਕੁ ਅਯੋਗ ਕੰਮ ਕੀਤੇ ਹਨ, ਅਰਥਾਤ ਇਕ ਤਾਂ ਉਸ ਨੇ ਸਾਡੇ ਵੈਰੀ ਅਹਿਮਦ ਖ਼ਾਨ ਸਿਆਲ ਨੂੰ ਆਪਣੇ ਪਾਸ ਪਨਾਹ ਦਿੱਤੀ ਸੀ, ਦੂਜਾ ਹੁਣ ਕੁਤਬੁਦੀਨ ਕਸੂਰੀਏ ਨਾਲ ਮਿਲ ਕੇ ਖ਼ਾਲਸਾ ਰਾਜ ਦੇ ਵਿਰੁੱਧ ਗੋਂਦਾਂ ਗੁੰਦਦਾ ਰਿਹਾ ਹੈ, ਸੋ ਇਨ੍ਹਾਂ ਵੱਡੇ ਅਪਰਾਧਾਂ ਦੇ ਬਦਲੇ ਭਾਰੀ ਦੰਡ ਦਾਖਲ ਕਰੇ, ਨਹੀਂ ਤਾਂ ਉਸ ਨੂੰ ਮੁਲਤਾਨ ਦੀ ਹਕੂਮਤ ਤੋਂ ਹਟਾ ਦਿੱਤਾ ਜਾਇਗਾ, ਉਸ ਨੇ ਮਿੱਤਰਤਾ ਦਾ ਅਹਿਦਨਾਮਾ ਆਪ ਤੋੜ ਦਿੱਤਾ ਹੈ ।

ਮੁਜ਼ੱਫਰ ਖ਼ਾਨ ਨੇ ਜਦ ਮਹਾਰਾਜੇ ਦਾ ਹੁਕਮ ਸ: ਫਤਹਿ ਸਿੰਘ ਦੇ ਮੂੰਹ ਤੋਂ ਸੁਣਿਆ ਤਾਂ ਉਹ ਆਪਣੀ ਕਰਤੂਤ ਪਰ ਅਤਿਅੰਤ ਲੱਜਿਤ ਹੋਇਆ ਤੇ ਬੜੀ ਨਿਮਰਤਾ ਨਾਲ ਕਹਿਣ ਲੱਗਾ ਕਿ ਮੇਰਾ ਪਿਛਲਾ ਅਪਰਾਧ ਬਖਸ਼ਿਆ ਜਾਏ ਤੇ ਜੋ ਦੰਡ ਮਹਾਰਾਜਾ ਸਾਹਿਬ ਯੋਗ ਸਮਝਣ ਮੈਂ ਭਰਨ ਨੂੰ ਤਿਆਰ ਹਾਂ, ਪਰ ਮੈਨੂੰ ਇਲਾਕੇ ਤੋਂ ਨਾ ਕੱਢਿਆ ਜਾਏ । ਦੋਸ਼ ਉਸ ਦਾ ਬਹੁਤ ਵੱਡਾ ਸੀ, ਪਰ ਉਸ ਦੀਆਂ ਇੰਨੀਆਂ ਵਿਲਕਣੀਆਂ ਸੁਣ ਕੇ ਮਹਾਰਾਜਾ ਨੇ ਆਪਣੇ ਬਖਸ਼ੀਸ਼ ਸੁਭਾਅ ਅਨੁਸਾਰ ਉਸ ਨਾਲ ਖਿਮਾਂ ਪੂਰਤ ਵਰਤਾਉ ਕੀਤਾ ਅਰਥਾਤ ਕੇਵਲ 7700 ਰੁਪਿਆ ਉਸ ਤੋਂ ਚੱਟੀ ਵਜੋਂ ਲਿਆ ਗਿਆ ।

ਇਸ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਇਲਾਕਾ ਬਹਾਵਲਪੁਰ ਵੱਲ ਕੂਚ ਕੀਤਾ, ਨਵਾਬ ਬਹਾਵਲਪੁਰ ਨੇ ਜਦ ਮਹਾਰਾਜਾ ਸਾਹਿਬ ਦੇ ਆਉਣ ਦੀ ਖ਼ਬਰ ਸੁਣੀ ਤਾਂ ਤੁਰੰਤ ਆਪਣਾ ਵਕੀਲ ਮਹਾਰਾਜੇ ਦੀ ਸੇਵਾ ਵਿਚ ਭੇਜਿਆ ਅਤੇ ਕਿਹਾ ਕਿ ਉਹ ਸਭ ਤਰ੍ਹਾਂ ਦੀ ਸੇਵਾ ਲਈ ਹਾਜ਼ਰ ਹੈ, ਜੋ ਨਜ਼ਰਾਨਾ ਉਸ ਉਪਰ ਠਹਿਰਾਇਆ ਜਾਏ, ਉਹ ਖੁਸ਼ੀ ਨਾਲ ਦੇਣ ਲਈ ਤਿਆਰ ਹੈ । ਸ਼ੇਰਿ ਪੰਜਾਬ ਨਿਰਾ ਪੁਰਾ ਲੜਾਈਆਂ ਦਾ ਭੁੱਖਾ ਨਹੀਂ ਸੀ, ਜਦ ਕੋਈ ਹਿਤੋਂ ਚਿੱਤੋਂ ਨਿਮਰਤਾ ਨਾਲ ਉਸ ਅੱਗੇ ਝੁਕਦਾ ਤਦ ਉਹ ਸਦਾ ਉਸ ਨਾਲ ਕ੍ਰਿਪਾਲਤਾ ਦਾ ਵਰਤਾਉ ਕਰਦਾ ਹੁੰਦਾ ਸੀ । ਨਵਾਬ ਬਹਾਵਲਪੁਰ ਦਾ ਚੰਗਾ ਵਰਤਾਵ ਵੇਖ ਕੇ ਮਹਾਰਾਜਾ ਨੇ ਫ਼ਕੀਰ ਅਜ਼ੀਜ਼ੁਦੀਨ ਦੇ ਹੱਥੀਂ ਉਸ ਲਈ ਬਹੁਮੁੱਲੀ ਖਿਲਤ ਭਿਜਵਾਈ । ਨਵਾਬ ਫਕੀਰ ਜੀ ਨੂੰ ਬੜੇ ਪਿਆਰ ਨਾਲ ਮਿਲਿਆ । ਸ਼ਹਿਰ ਤੋਂ ਬਹੁਤ ਬਾਹਰ ਆਪ ਸਣੇ ਦਰਬਾਰੀਆਂ ਦੇ ਫਕੀਰ ਜੀ ਦੇ ਸੁਆਗਤ ਲਈ ਆਇਆ ਅਤੇ ਇਕ ਬੜੇ ਦਰਬਾਰ ਵਿਚ ਮਹਾਰਾਜਾ ਸਾਹਿਬ ਦੀ ਖਿਲਤ ਪਹਿਨ ਕੇ ਬੜਾ ਪ੍ਰਸੰਨ ਹੋਇਆ । ਮਹਾਰਾਜਾ ਸਾਹਿਬ ਬਹਾਵਲਪੁਰ ਦੇ ਇਲਾਕੇ ਵਿਚ ਕੁਝ ਦਿਨ ਸ਼ਿਕਾਰ ਖੇਡ ਕੇ ਲਾਹੌਰ ਪਰਤ ਆਇਆ ।

ਇਸ ਦੌਰੇ ਦੇ ਬਾਅਦ ਲਾਹੌਰ ਵਿਚ ਮਹਾਰਾਜਾ ਸਾਹਿਬ ਨੇ ਤੋਪਾਂ ਅਤੇ ਬੰਦੂਕਾਂ ਢਾਲਣ ਦਾ ਹੋਰ ਨਵਾਂ ਕਾਰਖਾਨਾ ਲਾਇਆ, ਜੋ ਸੂਬਾ ਸਿੰਘ ਦੇ ਕਾਰਖਾਨੇ ਦੇ ਨਾਮ ਪਰ ਪ੍ਰਸਿੱਧ ਸੀ । ਇਸ ਤੋਂ ਛੁੱਟ ਬਾਰੂਦ ਅਤੇ ਗੋਲੀਆਂ ਦਾ ਕਾਰਖਾਨਾ ਚਾਲੂ ਕੀਤਾ, ਜਿਸ ਨਾਲ ਰਾਜ ਦੀਆਂ ਸਾਰੀਆਂ ਲੋੜਾਂ ਪੂਰੀਆਂ ਹੋਣ ਲੱਗੀਆਂ ।

## ਮਹਾਰਾਜੇ ਦਾ ਦੂਜੀ ਵਾਰ ਪਟਿਆਲੇ ਜਾਣਾ

ਸੰਨ 1807 ਈ: ਦੀਆਂ ਗਰਮੀਆਂ ਵਿਚ ਰਾਜਾ ਸਾਹਿਬ ਸਿੰਘ ਵਾਲੀਏ ਪਟਿਆਲਾ

ਅਤੇ ਉਸ ਦੀ ਰਾਣੀ ਆਸ ਕੌਰ ਵਿਚ ਕਈ ਕੁ ਘਰੋਗੀ ਮਾਮਲਿਆਂ ਦੇ ਕਾਰਨ ਐਸਾ ਵਿਰੋਧ ਵਧਿਆ ਕਿ ਜਿਸ ਦਾ ਮਿਟਣਾ ਬੜਾ ਹੀ ਕਠਿਨ ਹੋ ਗਿਆ । ਰਾਣੀ ਚਾਹੁੰਦੀ ਸੀ ਕਿ ਰਾਜਾ ਉਸ ਦੇ ਪੁੱਤਰ ਕਰਮ ਸਿੰਘ ਨੂੰ ਰਾਜ ਤਿਲਕ ਦੇ ਦੇਵੇ ਪਰ ਰਾਜਾ ਆਪਣੇ ਜਿਉਂਦੇ ਜੀਅ ਇੰਝ ਕਰਨ ਨੂੰ ਰਾਜ਼ੀ ਨਹੀਂ ਸੀ । ਇਸ ਕੋਝੇ ਝਗੜੇ ਵਿਚ ਕੁਝ ਫੌਜ ਦੇ ਸਰਦਾਰ ਰਾਜਾ ਵੱਲ ਹੋ ਖੜੋਤੇ ਅਤੇ ਕੁਝ ਫੌਜ ਦੇ ਕ਼ਰਮਚਾਰੀਆਂ ਨੇ ਰਾਣੀ ਦਾ ਪੱਖ ਲਿਆ । ਇਸ ਦਾ ਸਿੱਟਾ ਇਹ ਨਿਕਲਿਆ ਕਿ ਖੁੱਲ੍ਹ-ਮ-ਖੁਲ੍ਹੇ ਇਕ ਵੱਡੇ ਟਾਕਰੇ ਦੇ ਹੋਣ ਦੀਆਂ ਤਿਆਰੀਆਂ ਹੋਣ ਲੱਗੀਆਂ, ਪਰ ਵਿਚ ਵਿਚਾਲੇ ਕੁਝ ਕੁ ਮੁਖੀ ਭਲੇ ਲੋਕ ਵੀ ਸਨ ਜਿਨ੍ਹਾਂ ਇਸ ਘਰੋਗੀ ਝਗੜੇ ਨੂੰ ਅਯੋਗ ਸਮਝ ਕੇ ਮਿਟਾਣਾ ਚਾਹਿਆ ਅਤੇ ਦੋਵੇਂ ਧਿਰਾਂ ਇਸ ਗੱਲ ਤੇ ਰਾਜ਼ੀ ਹੋ ਗਈਆਂ ਕਿ ਮਹਾਰਾਜਾ ਰਣਜੀਤ ਸਿੰਘ ਇਥੇ ਦਰਸ਼ਨ ਦੇਣ ਤੇ ਉਹ ਆ ਕੇ ਜਿਵੇਂ ਯੋਗ ਸਮਝਣ ਫੈਸਲਾ ਦੇਣ[1]। ਇਸ ਗੱਲ ਨੂੰ ਸਾਰੇ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਉਲਝਣ ਬਿਨਾਂ ਸ਼ੇਰਿ ਪੰਜਾਬ ਦੇ ਹੋਰ ਕੋਈ ਨਹੀਂ ਸੀ ਸੁਲਝਾ ਸਕਦਾ, ਸੋ ਇਸ ਸੋਚ ਅਨੁਸਾਰ ਪਟਿਆਲੇ ਦਾ ਵਕੀਲ ਮਹਾਰਾਜਾ ਕੋਲ ਪਹੁੰਚਿਆ ਅਤੇ ਰਾਜਾ ਰਾਣੀ ਦੇ ਝਗੜੇ ਦੀ ਸਾਰੀ ਵਾਰਤਾ ਕਹਿ ਸੁਣਾਈ । ਯੋਗ ਤਿਆਰੀਆਂ ਦੇ ਬਾਅਦ ਮਹਾਰਾਜਾ ਸਾਹਿਬ ਲਾਹੌਰ ਤੋਂ ਕੂਚ ਕਰਕੇ ਸਣੇ ਫੌਜਾਂ ਦੇ 1807 ਈ: ਨੂੰ ਪਟਿਆਲੇ ਪਹੁੰਚ ਗਏ ।

ਜਦ ਰਾਜਾ ਸਾਹਿਬ ਨੂੰ ਮਹਾਰਾਜਾ ਸਾਹਿਬ ਦੇ ਆਉਣ ਦੀ ਖ਼ਬਰ ਪਹੁੰਚੀ, ਤਦ ਉਹ ਸਣੇ ਆਪਣੇ ਵਜ਼ੀਰਾਂ ਦੇ ਮਹਾਰਾਜਾ ਦੇ ਸਵਾਗਤ ਲਈ ਸ਼ਹਿਰ ਤੋਂ ਬਾਹਰ ਆਇਆ ਅਤੇ ਮਹਾਰਾਜੇ ਨੂੰ ਭਾਰੀ ਸਨਮਾਨ ਨਾਲ ਸ਼ਹਿਰ ਵਿਚ ਲੈ ਗਿਆ । ਇਥੇ ਮਹਾਰਾਜੇ ਦੇ ਉਤਾਰੇ ਲਈ ਕਈ ਦਿਨਾਂ ਤੋਂ ਪਟਿਆਲੇ ਦੇ ਪ੍ਰਸਿੱਧ ਬਾਗ ਵਿਚ ਸਜਾਵਟਾਂ ਅਰ ਤਿਆਰੀਆਂ ਹੋ ਰਹੀਆਂ ਸਨ ਅਤੇ ਇਥੇ ਹੀ ਉਸ ਨੂੰ ਉਤਾਰਾ ਦਿੱਤਾ ਗਿਆ ।

ਕੁਝ ਦਿਨ ਠਹਿਰਨ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਝਗੜੇ ਮੁਕਾਉਣ ਵੱਲ ਧਿਆਨ ਦਿੱਤਾ ਅਤੇ ਇਸ ਦੇ ਹਰ ਇਕ ਪੱਖ ਨੂੰ ਵਿਚਾਰ ਕੇ ਇਹ ਫੈਸਲਾ ਕੀਤਾ ਕਿ ਪਟਿਆਲੇ ਦੀ ਰਾਜ-ਗੱਦੀ ਪਰ ਰਾਜਾ ਸਾਹਿਬ ਹੀ ਸੁਸ਼ੋਭਿਤ ਰਹੇ ਅਤੇ ਰਾਣੀ, ਜੋ ਆਪਣੇ ਪੁੱਤਰ ਟਿੱਕਾ ਕਰਮ ਸਿੰਘ ਨਾਲ ਰਹਿਣਾ ਚਾਹੁੰਦੀ ਸੀ, ਉਸ ਨੂੰ 50,000 ਰੁਪਿਆ ਵਾਰਸ਼ਿਕ ਜਾਗੀਰ ਦਿਵਾ ਦਿੱਤੀ[2], ਜਿਸ ਵਿਚ ਬਨੌਰ, ਮਨੀ ਮਾਜਰਾ, ਸਨੌਰ, ਸਗਲੀ, ਬਿਸੌਲੀ ਅਤੇ ਮੀਨਾਰ ਥੱਲ ਦਾ ਤੱਲਕਾ ਸੰਮਲਿਤ[3] ਸੀ ।

ਇਸ ਯੋਗ ਫੈਸਲੇ ਨਾਲ ਦੋਵੇਂ ਧਿਰਾਂ ਰਾਜ਼ੀ ਹੋ ਗਈਆਂ । ਹੁਣ ਮਹਾਰਾਜਾ ਕੁਝ ਦਿਨ ਇਥੇ ਠਹਿਰ ਕੇ ਪਿੱਛੇ ਨੂੰ ਪਰਤ ਆਇਆ । ਇਸ ਸਮੇਂ ਰਾਜਾ ਪਟਿਆਲਾ ਨੇ ਮਹਾਰਾਜਾ ਸਾਹਿਬ ਦੀ ਬੜੇ ਉਤਸ਼ਾਹ ਨਾਲ ਪ੍ਰਾਹੁਣਾਚਾਰੀ ਕੀਤੀ, ਸ਼ੇਰਿ ਪੰਜਾਬ ਦੀ ਸਾਰੀ ਫੌਜ ਦਾ ਰਸਦ ਪਾਣੀ ਦਾ ਖਰਚ ਆਪਣੇ ਪਾਸੋਂ ਦਿੱਤਾ । ਵਦੈਗੀ ਸਮੇਂ ਨਿਯਮ ਅਨੁਸਾਰ ਭੇਟਾਵਾਂ ਸਾਹਮਣੇ ਆਈਆਂ, ਜਿਹਨਾਂ ਵਿਚ ਇਕ ਪਿੱਤਲ ਦੀ ਤੋਪ 'ਕੜਾਖਾਨ' ਤੇ ਇਕ ਮੋਤੀਆਂ ਦੀ ਮਾਲਾ, ਜਿਸ ਵਿਚ ਇਕ ਬਹੁਮੁੱਲਾ ਨਗ ਪਿਆ ਹੋਇਆ ਸੀ । ਇਸ ਸਮੇਂ ਇਕ ਬੜੀ ਅਚਰਜ ਘਟਨਾ ਵੇਖਣ ਵਿਚ ਆਈ । ਇਹ ਮਾਲਾ ਰਾਜਾ ਸਾਹਿਬ ਨੇ ਸ਼ੇਰਿ ਪੰਜਾਬ ਦੇ ਗਲ ਇਕ ਵੱਡੇ ਦਰਬਾਰ ਵਿਚ ਪਹਿਨਾਈ ਤਾਂ ਇਸ ਸਮੇਂ ਟਿੱਕਾ ਕਰਮ ਸਿੰਘ (ਰਾਜਾ ਪਟਿਆਲਾ

- - - - - -

*1. ਲੈਪਲ ਗ੍ਰਿਫਨ ਦੀ ਰਾਜਾਜ਼ ਆਫ ਦੀ ਪੰਜਾਬ, ਸਫਾ 156 ।*

*2. ਇਥੇ ਰਾਇ ਘਨੱਯਾ ਲਾਲ ਦਾ ਇਹ ਲਿਖਣਾ ਕਿ ਮਹਾਰਾਜਾ ਦੇ ਪਟਿਆਲੇ ਪਹੁੰਚਣ ਤੋਂ ਪਹਿਲੇ ਰਾਜਾ ਰਾਣੀ ਦਾ ਝਗੜਾ ਮੁਕ ਚੁੱਕਾ ਸੀ, ਠੀਕ ਨਹੀਂ, ਵੇਖੋ ਸਰ ਲੈਪਲ ਗ੍ਰਿਫਨ ਰਾਜਾਜ਼ ਆਫ ਦੀ ਪੰਜਾਬ ।*

*3. ਸਰ ਲੈਪਲ ਗ੍ਰਿਫਨ ਦੀ ਰਾਜਾਜ਼ ਆਫ ਪੰਜਾਬ, ਸਫਾ 891 ।*

ਦਾ ਪੁੱਤਰ) ਸ਼ੇਰਿ ਪੰਜਾਬ ਦੀ ਗੋਦੀ ਵਿਚ ਆ ਬੈਠਾ । ਇਸ ਨੇ ਜਦ ਇਹ ਮਾਲਾ ਮਹਾਰਾਜਾ ਸਾਹਿਬ ਦੇ ਗਲੇ ਵਿਚ ਸਜੀ ਹੋਈ ਡਿੱਠੀ ਤਾਂ ਇਸ ਨੇ ਭੋਲੇ ਭਾਵ ਕਿਹਾ, ਸਿੰਘ ਸਾਹਿਬ ਜੀ! ਇਹ ਮਾਲਾ ਤਾਂ ਮੇਰੀ ਹੈ । ਕਹਿੰਦੇ ਹਨ, ਬੱਚੇ ਦੇ ਮੂੰਹੋਂ ਇਹ ਬਚਨ ਸੁਣ ਕੇ ਉਦਾਰਚਿਤ ਮਹਾਰਾਜੇ ਤੋਂ ਰਿਹਾ ਨਾ ਗਿਆ, ਤੁਰਤ ਉਹ ਮਾਲਾ ਆਪਣੇ ਗਲੋਂ ਲਾਹ ਕੇ ਸ਼ਾਹਜ਼ਾਦਾ ਕਰਮ ਸਿੰਘ ਦੇ ਗਲ ਪਾ ਦਿੱਤੀ ਤੇ ਆਖਿਆ,"ਲਾਲ ਜੀ ! ਜੇ ਇਹ ਤੇਰੀ ਹੈ ਤਾਂ ਤੇਰੀ ਹੋਈ ।" ਇਸ ਅਦਭੁੱਤ ਘਟਨਾ ਦਾ ਸਾਰੇ ਦਰਬਾਰੀਆਂ ਤੇ ਸ਼ੇਰਿ-ਪੰਜਾਬ ਦੇ ਪਿਆਰ ਦਾ ਇੰਨਾ ਪ੍ਰਭਾਵ ਪਿਆ ਕਿ ਸਾਰੇ ਵਾਹ ! ਵਾਹ !! ਕਰ ਉਠੇ । ਰਾਜਾ ਸਾਹਿਬ ਸਿੰਘ ਨੇ ਕੰਵਰ ਦੇ ਗਲੋਂ ਮਾਲਾ ਲਾਹ ਕੇ ਮੁੜ ਮਹਾਰਾਜੇ ਦੀ ਭੇਟਾ ਕਰਨੀ ਚਾਹੀ, ਪਰ ਸਰਕਾਰ ਨੇ ਲੈਣ ਤੋਂ ਨਾਂਹ ਕਰ ਦਿੱਤੀ। ਇਸ ਮਾਲਾ ਦਾ ਮੁੱਲ 70,000 ਰੁਪਿਆ ਸੀ ।[1]

ਅਗਲੇ ਦਿਨ ਪਟਿਆਲੇ ਤੋਂ ਤੁਰ ਕੇ ਮਹਾਰਜਾ ਅੰਬਾਲੇ ਪਹੁੰਚਿਆ । ਇੱਥੇ ਖ਼ਬਰਾਂ ਆਈਆਂ ਕਿ ਠਾਕਰ ਕਿਸ਼ਨ ਸਿੰਘ ਨਰੈਣ-ਗੜੀਆ ਸਰਕਾਰ ਦੇ ਇਲਾਕੇ ਦੀ ਪਰਜਾ ਨੂੰ ਅੱਤ ਦੁੱਖ ਦੇ ਰਿਹਾ ਹੈ । ਇਸ ਖਬਰ ਨੂੰ ਸੁਣ ਕੇ ਮਹਾਰਾਜਾ ਸਾਹਿਬ ਨੇ ਇਹ ਮਨ ਵਿਚ ਠਾਨ ਲਿਆ ਕਿ ਝਬਦੇ ਹੀ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਦੇਣੀ ਚਾਹੀਦੀ ਹੈ, ਸੋ ਇਥੋਂ ਹੀ ਕੂਚ ਕਰ ਦਿਤਾ ਅਤੇ ਜਾਂਦੇ ਹੀ ਕਿਲ੍ਹਾ ਨਰੈਣਗੜ੍ਹ ਨੂੰ ਜਾ ਘੇਰਿਆ । ਇਹ ਕਿਲ੍ਹਾ ਬੜਾ ਪੱਕਾ ਬਣਿਆ ਹੋਇਆ ਸੀ ਅਤੇ ਇਸਦੇ ਕਈ ਉਚੇ ਦਮਦਮਿਆਂ ਵਿਚ ਭਾਰੀ ਤੋਪਾਂ ਲੱਗੀਆਂ ਹੋਈਆਂ ਸਨ ਜਿਹਨਾਂ ਦੀ ਮਾਰ ਬਹੁਤ ਦੂਰ ਤਕ ਪੈਂਦੀ ਸੀ । ਠਾਕਰ ਕਿਸ਼ਨ ਸਿੰਘ ਨੇ ਜਦ ਧਾਵੇ ਦੀ ਖਬਰ ਸੁਣੀ ਤਾਂ ਉਸ ਨੇ ਭੀ ਆਪਣੀ ਰੱਖਿਆ ਲਈ ਜੋ ਕੁਝ ਉਸ ਤੋਂ ਹੋ ਸਕਿਆ ਕੀਤਾ ਅਤੇ ਆਪਣੀ ਤੋਪਾਂ ਤੋਂ ਚੰਗਾ ਕੰਮ ਲਿਆ । ਇੰਨੇ ਨੂੰ ਸਰਦਾਰ ਫਤਹ ਸਿੰਘ ਕਾਲਿਆਂ ਵਾਲਾ ਇਕ ਦਸਤਾ ਫੌਜ ਲੈ ਕੇ ਅੱਗੇ ਵਧਿਆ ਤਾਂ ਜੋ ਵੈਰੀ ਦੀਆਂ ਤੋਪਾਂ ਤੇ ਕਬਜ਼ਾ ਕਰੇ । ਇਹ ਬਹਾਦਰ ਸਰਦਾਰ ਸਣੇ ਆਪਣੇ ਜੱਥੇ ਦੇ ਬੜੀ ਬੀਰਤਾ ਨਾਲ ਅੱਗੇ ਵਧ ਕੇ ਤੋਪਖਾਨੇ ਤੇ ਟੁੱਟ ਪਿਆ । ਮਹਾਰਾਜਾ ਸਾਹਿਬ ਇਕ ਉਚੀ ਥਾਂ ਤੋਂ ਦੂਰਬੀਨ ਨਾਲ ਲੜਾਈ ਦਾ ਰੰਗ ਵੇਖ ਰਹੇ ਸਨ । ਹੁਣ ਸਰਦਾਰ ਫਤਹ ਸਿੰਘ ਦੇ ਦਸਤੇ ਨੇ ਤੋਪਾਂ ਵੈਰੀ ਤੋਂ ਖੋਹ ਲਈਆਂ । ਅਜੇ ਇਹ ਤੋਪਾਂ ਸਰਦਾਰ ਫਤਹ ਸਿੰਘ ਆਪਣੇ ਵੱਲ ਖਿਚਵਾ ਰਿਹਾ ਸੀ ਕਿ ਇੰਨੇ ਨੂੰ ਸਾਹਮਣੇ ਪਾਸੇ ਤੋਂ ਇਕ ਗੋਲੀ ਆਈ ਜੋ ਸਰਦਾਰ ਫਤਹ ਸਿੰਘ ਨੂੰ ਛਾਤੀ ਵਿਚ ਲੱਗੀ, ਜਿਸ ਦੀ ਕਰੜੀ ਸੱਟ ਨਾਲ ਉਸਨੇ ਉਥੇ ਹੀ ਪ੍ਰਾਣ ਤਿਆਗ ਦਿੱਤੇ । ਮਹਾਰਾਜਾ ਸਾਹਿਬ ਨੂੰ ਇਸ ਬਹਾਦਰ ਸਰਦਾਰ ਦੀ ਮੌਤ ਦਾ ਬਹੁਤ ਸ਼ੋਕ ਹੋਇਆ ਤੇ ਝੱਟ ਇਕ ਹੋਰ ਦਸਤਾ ਅੱਗੇ ਵਧਾ ਕੇ ਕਿਲ੍ਹੇ ਤੇ ਐਸਾ ਗੋਲੀਆਂ ਦਾ ਮੀਂਹ ਵਸਾਇਆ ਕਿ ਕਿਲ੍ਹੇ ਦੀ ਦੱਖਣੀ ਬਾਹੀ ਛੇਕੋ ਛੇਕ ਹੋ ਗਈ । ਹੁਣ ਉਪਰੋਂ ਉਡਵਾਂ ਧਾਵਾ ਕਰਕੇ ਕਿਲ੍ਹੇ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ । ਠਾਕਰ ਕਿਸ਼ਨ ਸਿੰਘ ਆਪਣੀ ਜਾਨ ਬਚਾ ਕੇ ਪਿੱਛੇ ਹਟ ਗਿਆ ਤੇ ਉਸਦਾ ਇਲਾਕਾ ਸਰਦਾਰ ਫਤਹ ਸਿੰਘ ਆਹਲੂਵਾਲੀਏ ਨੂੰ ਜਗੀਰ ਵਿਚ ਦੇ ਦਿਤਾ । ਇੱਥੋਂ ਹੁੰਦੇ ਹੋਏ ਨੁਸ਼ੈਹਰਾ, ਮੋਰਿੰਡਾ, ਬਹਲੋਲਪੁਰ ਆਦਿ ਇਲਾਕਾ ਸੋਧ ਕੇ ਮਹਾਰਾਜਾ ਸਾਹਿਬ ਦੇ ਲਾਹੌਰ ਪਹੁੰਚਣ ਦੀ ਤਰੀਕ 4 ਦਸੰਬਰ 1807 ਈ: ਹੈ ।

ਮਹਾਰਾਜਾ ਸਾਹਿਬ ਜਦ ਲਾਹੌਰ ਪਹੁੰਚੇ ਤਾਂ ਇਹਨਾਂ ਦਿਨਾਂ ਵਿਚ ਹੀ ਰਾਣੀ ਮਹਿਤਾਬ ਕੌਰ ਨੂੰ ਜੌੜੇ ਪੁੱਤ ਜੰਮੇ । ਇਸ ਖੁਸ਼ੀ ਦੇ ਸਮੇਂ ਮਹਾਰਾਜਾ ਨੇ ਹਜ਼ਾਰਾਂ ਰੁਪਏ ਦਾਨ ਕੀਤੇ ਅਤੇ ਸ਼ਾਹਜ਼ਾਦਿਆਂ ਦੇ ਨਾਮ ਗੁਰੂ ਆਸ਼ੇ ਅਨੁਸਾਰ 'ਸ਼ੇਰ ਸਿੰਘ ਤੇ ਤਾਰਾ ਸਿੰਘ' ਰੱਖੇ ਗਏ।

- - - - - -

*1. ਘਨੱਯਾ ਲਾਲ ਤਾਰੀਖ਼ ਪੰਜਾਬ ਸ: 189 ।*

# ਪਹਾੜੀ ਇਲਾਕੇ ਦੀ ਸੁਧਵਾਈ

ਸੰਮਤ 1865 ਬਿ: ਮੁਤਾਬਿਕ ਜਨਵਰੀ ਸੰਨ 1808 ਈ: ਦੇ ਅਰੰਭ ਵਿਚ ਮਹਾਰਜਾ ਸਾਹਿਬ ਸਣੇ ਖਾਲਸਾ ਦਲ ਦੇ ਪਹਾੜੀ ਇਲਾਕੇ ਦੀ ਸੁਧਵਾਈ ਲਈ ਚੜ੍ਹਿਆ। ਪਹਿਲੇ ਜਾਂਦਿਆਂ ਹੀ ਕਿਲ੍ਹਾ ਪਠਾਨਕੋਟ ਨੂੰ ਜਾ ਫਤਹ ਕੀਤਾ ਅਤੇ ਇਸ ਪਰ ਆਪਣਾ ਅਧਿਕਾਰ ਕਰ ਲਿਆ। ਇਸ ਦੇ ਬਾਅਦ ਕਿਲ੍ਹਾ ਜਸਰੋਤਾ ਵੱਲ ਵਧੇ, ਇਥੋਂ ਦੇ ਰਾਜੇ ਨੇ ਜਦ ਮਹਾਰਾਜਾ ਦੇ ਆਉਣ ਦੀ ਖਬਰ ਸੁਣੀ ਤਾਂ ਬੜੀ ਨਿਮਰਤਾ ਨਾਲ ਆਪਣੇ ਇਲਾਕੇ ਦੀ ਸਰਹੱਦ ਪਰ ਮਹਾਰਾਜਾ ਸਾਹਿਬ ਦਾ ਸਵਾਗਤ ਕੀਤਾ ਤੇ ਖੁਸ਼ੀ ਨਾਲ ਈਨ ਮੰਨ ਲਈ। ਮਹਾਰਾਜਾ ਇਸ ਪਰ ਪਰਸੰਨ ਹੋਇਆ। ਉਸ ਨੂੰ ਇਲਾਕੇ ਪਰ ਉਸੇ ਤਰ੍ਹਾਂ ਸਥਿਰ ਰਖਿਆ। ਕੁਝ ਦਿਨ ਇਥੇ ਠਹਿਰ ਕੇ ਰਾਜਾ ਚੰਬਾ ਦੇ ਇਲਾਕੇ ਪਰ ਜਾ ਚੜ੍ਹਾਈ ਕੀਤੀ। ਇਥੋਂ ਦੇ ਰਾਜੇ ਪਰ ਖਾਲਸੇ ਦਾ ਇੰਨਾ ਪ੍ਰਭਾਵ ਛਾਇਆ ਕਿ ਖਲਸਾ ਦਲ ਅਜੇ ਚੰਬੇ ਦੇ ਅਧਰਾਹੇ ਵਿਚ ਹੀ ਸੀ ਕਿ ਰਾਜਾ ਚੰਬਾ ਦੇ ਵਕੀਲ ਮਹਾਰਾਜਾ ਦੀ ਸੇਵਾ ਵਿਚ ਪਹੁੰਚ ਗਏ ਤੇ ਈਨ ਮੰਨ ਕੇ ਇਹਨਾਂ ਨੂੰ ਖਿਲਤਾਂ ਦੇ ਕੇ ਤੋਰਿਆ। ਇਥੋਂ ਵੇਹਲੇ ਹੋ ਕੇ ਫੇਰ ਵਸੋਲੀ ਦੀ ਵਾਰੀ ਆਈ, ਏਥੋਂ ਦੇ ਰਾਜਾ ਨੇ ਵੀ ਈਨ ਮੰਨ ਕੇ ਸਲਾਨਾ ਕਰ ਦੇਣਾ ਪ੍ਰਵਾਨ ਕਰ ਲਿਆ। ਪਹਾੜੀ ਇਲਾਕੇ ਤੋਂ ਉਤਰ ਕੇ ਮਹਾਰਾਜੇ ਨੇ ਭਾਰੀ ਵਾਰਸ਼ਕ ਦਰਬਾਰ ਕੀਤਾ; ਜਿਸ ਵਿਚ ਸਾਰੇ ਪੰਜਾਬ ਅਤੇ ਪਹਾੜੀ ਇਲਾਕੇ ਦੇ ਸਰਦਾਰ, ਨਵਾਬ ਤੇ ਹਾਕਮ ਇਕੱਠੇ ਹੋਏ, ਜਿਹਨਾਂ ਨੂੰ ਮਹਾਰਾਜਾ ਨੇ ਆਪੋ ਆਪਣੇ ਮਰਤਬੇ ਅਨੁਸਾਰ ਸਿਰੋਪਾ ਤੇ ਜਗੀਰਾਂ ਬਖਸ਼ੀਆਂ। ਇਸ ਸਮੇਂ ਸ: ਜੀਵਨ ਸਿੰਘ ਸਿਆਲਕੋਟੀ ਤੇ ਸਾਹਿਬ ਸਿੰਘ ਗੁਜਰਾਤੀ ਨੂੰ ਭੀ ਹੋਰਨਾਂ ਸਰਦਾਰਾਂ ਵਾਂਗ ਸੱਦੇ ਪੱਤਰ ਭੇਜੇ ਗਏ ਸਨ, ਪਰ ਉਹ ਦੋਵੇਂ ਇਸ ਦਰਬਾਰ ਵਿਚ ਨਾ ਆਏ ਅਤੇ ਨਾ ਹੀ ਨਾ ਹਾਜ਼ਰ ਹੋਣ ਦਾ ਕੋਈ ਕਾਰਣ ਲਿਖਿਆ। ਮਹਾਰਾਜਾ ਸਾਹਿਬ ਨੇ ਇਨ੍ਹਾਂ ਦੇ ਇਸ ਵਤੀਰੇ ਨੂੰ ਅਤਿ ਅਯੋਗ ਸਮਝਿਆ ਤੇ ਪਹਾੜੀ ਮੁਹਿੰਮ ਦੀਵਾਨ ਮੋਹਕਮ ਚੰਦ ਦੇ ਹੱਥ ਸੌਂਪ ਕੇ ਆਪ ਸਿਆਲਕੋਟ ਤੇ ਜਾ ਚੜ੍ਹਾਈ ਕੀਤੀ। ਸ਼ਹਿਰ ਦੇ ਲਾਗੇ ਪਹੁੰਚ ਕੇ ਮਹਾਰਾਜੇ ਨੇ ਆਪਣਾ ਵਕੀਲ ਜੀਵਨ ਸਿੰਘ ਕੋਲ ਭੇਜਿਆ ਤੇ ਉਸ ਤੋਂ ਦਰਬਾਰ ਵਿਚ ਹਾਜ਼ਰ ਨਾ ਹੋਣ ਦਾ ਕਾਰਨ ਪੁੱਛਿਆ, ਪਰ ਉਸ ਨੂੰ ਸਿਆਲਕੋਟ ਦੇ ਪੱਕੇ ਕਿਲ੍ਹੇ ਪਰ ਬੜਾ ਮਾਣ ਸੀ। ਇਸ ਭਰੋਸੇ ਉਸ ਨੇ ਕੁਝ ਯੋਗ ਉਤਰ ਨਾ ਦਿੱਤਾ, ਸਗੋਂ ਲੜਾਈ ਦੀਆਂ ਤਿਆਰੀਆਂ ਸ਼ੁਰੂ ਕਰ ਕੇ ਫਸੀਲ ਤੇ ਤੋਪਾਂ ਚੜ੍ਹਾ ਦਿਤੀਆਂ। ਮਹਾਰਾਜੇ ਲਈ ਹੁਣ ਬਿਨਾਂ ਲੜਾਈ ਦੇ ਹੋਰ ਕੋਈ ਚਾਰਾ ਨਹੀਂ ਸੀ ਰਿਹਾ, ਛੇਕੜ ਫੌਜਾਂ ਨੂੰ ਹੱਲੇ ਦਾ ਹੁਕਮ ਦੇ ਦਿਤਾ ਤੇ ਤੋਪਖਾਨੇ ਨੇ ਗੋਲੇ ਵਸਾਣੇ ਅਰੰਭ ਦਿੱਤੇ। ਓਧਰੋਂ ਭੀ ਬਰਾਬਰ ਤੋਪਾਂ ਦਾ ਉਤਰ ਤੋਪਾਂ ਦੁਆਰਾ ਹੀ ਮਿਲਦਾ ਰਿਹਾ। ਸਰਦਾਰ ਜੀਵਨ ਸਿੰਘ ਨੇ ਬੜੀ ਸੂਰਮਤਾ ਨਾਲ ਪੂਰੇ ਤਿੰਨ ਦਿਨ ਆਪਣੇ ਕਿਲ੍ਹੇ ਨੂੰ ਬਚਾਈ ਰੱਖਿਆ। ਚੌਥੇ ਦਿਨ ਮਹਾਰਾਜੇ ਨੇ ਹੁਕਮ ਦਿੱਤਾ ਕਿ ਕਈ ਤੋਪਾਂ ਇਕ ਦਰਵਾਜ਼ੇ ਸਾਹਮਣੇ ਬੀੜ ਕੇ ਇਕੋ ਵਾਰੀ ਉਪਰ ਥੱਲੇ ਤਕ ਇਕ ਰਸ ਚਲਾਈ ਜਾਓ ਜਦ ਤਕ ਕਿਲ੍ਹੇ ਦਾ ਦਰਵਾਜ਼ਾ ਟੁੱਟ ਨਾ ਜਾਏ। ਤੁਰਤ ਹੁਕਮ ਦੀ ਪਾਲਨਾ ਕੀਤੀ ਗਈ ਤੇ ਲੱਗੇ ਗੋਲੇ ਵਸਣ। ਕਿਲ੍ਹੇ ਦੇ ਦਰਵਾਜ਼ੇ ਭਾਵੇਂ ਬਹੁਤ ਪੱਕੇ ਸਨ, ਪਰ ਇਹਨਾਂ ਭਾਰੀਆਂ ਤੋਪਾਂ ਦੇ ਭਿਆਨਕ ਗੋਲਿਆਂ ਦੀ ਮਾਰ ਮੂਹਰੇ ਬਹੁਤ ਸਮਾਂ ਨਾ ਠਹਿਰ ਸਕੇ, ਛੇਕੜ ਟੁੱਟ ਗਏ ਤੇ ਐਸੇ ਟੁੱਟੇ ਕਿ ਛੌਡਾ ਛੌਡਾ ਹੋ ਗਏ। ਬਸ ਹੁਣ ਕਿਲ੍ਹੇ ਨੂੰ ਫਤਹ ਕਰਨਾ ਕੋਈ ਵਧੇਰੇ ਔਖਾ ਨਹੀਂ ਸੀ ਰਿਹਾ। ਫੌਜ ਅੱਗੇ ਵਧੀ ਤੇ ਜਾਂਦੇ ਹੀ ਸਿੱਧੀ ਕਿਲ੍ਹੇ ਵਿਚ ਜਾ ਧਸੀ। ਕਿਲ੍ਹੇ ਦੀ ਲੁਟ ਦੀ ਮਹਾਰਾਜਾ ਨੇ ਆਮ ਖੁਲ੍ਹ ਕਰ ਦਿੱਤੀ ਸੀ, ਜਿਸ ਕਰਕੇ ਬਹੁਤ ਸਾਰਾ ਰੁਪਿਆ ਫੌਜਾਂ ਦੇ ਹੱਥ ਆਇਆ। ਜੀਵਨ ਸਿੰਘ ਨੂੰ ਫੜ ਕੇ ਨਜ਼ਰਬੰਦ ਕੀਤਾ ਗਿਆ, ਮਹਾਰਾਜੇ ਨੇ ਸ਼ਹਿਰ ਵਿਚ ਉਸੇ

ਦਿਨ ਡੌਂਡੀ ਪਿਟਵਾ ਦਿੱਤੀ ਕਿ ਜਿਹੜੇ ਜਿਹੜੇ ਸ਼ਹਿਰੀ ਇਥੋਂ ਨੱਸ ਕੇ ਬਾਹਰ ਚਲੇ ਗਏ ਹਨ, ਉਹ ਆ ਕੇ ਆਪੋ ਆਪਣਾ ਕੰਮ ਕਾਰ ਆਰੰਭ ਦੇਣ। ਇਹ ਹਲਕਾ ਮਹਾਰਾਜਾ ਨੇ ਖਾਲਸਾ ਰਾਜ ਨਾਲ ਮਿਲਾ ਦਿਤਾ।

ਇਥੋਂ ਦਾ ਪ੍ਰਬੰਧ ਪੂਰਾ ਕਰ ਕੇ ਮਹਾਰਾਜਾ ਗੁਜਰਾਤ ਵਲ ਆਇਆ। ਇਥੇ ਹਾਕਮ ਗੁਜਰਾਤ ਨੇ ਸਿਆਲਕੋਟ ਦੀ ਲੜਾਈ ਦਾ ਸਾਰਾ ਸਮਾਚਾਰ ਸੁਣ ਲਿਆ ਸੀ, ਜਿਸ ਦੇ ਕਾਰਨ ਉਹ ਬਹੁਤ ਸਹਿਮ ਗਿਆ ਅਤੇ ਮਹਾਰਾਜਾ ਦੀ ਸੇਵਾ ਵਿਚ ਆਪਣੇ ਕ੍ਰਮਚਾਰੀ ਭੇਜ ਕੇ ਬੜੀ ਨਿਮਰਤਾ ਨਾਲ ਆਪਣੀ ਭੁੱਲ ਬਖਸ਼ਵਾਈ ਅਤੇ ਅੱਗੇ ਨੂੰ ਅਨਸਾਰੀ ਰਹਿਣ ਦਾ ਅਹਿਦਨਾਮਾ ਲਿਖ ਦਿੱਤਾ। ਇਸਨੇ ਬਹੁਤ ਸਾਰੇ ਵਧੀਆ ਘੋੜੇ ਮਹਾਰਾਜਾ ਦੀ ਭੇਟ ਕੀਤੇ। ਸਰਦਾਰ ਸਾਹਿਬ ਨੂੰ ਆਪਣਾ ਇਲਾਕਾ ਮੁੜ ਬਖਸ਼ ਕੇ ਮਹਾਰਾਜਾ ਅਖਨੂਰ ਵੱਲ ਆਇਆ, ਇਥੋਂ ਦੇ ਹਾਕਮ ਆਲਮਖਾਨ ਨੇ ਮਹਾਰਾਜਾ ਦੀ ਈਨ ਮੰਨ ਲਈ।

ਇਸੇ ਸਾਲ ਵੈਸਾਖ ਦੇ ਮਹੀਨੇ ਸਰਕਾਰ ਅੰਗਰੇਜ਼ੀ ਵਲੋਂ ਇਕ ਵਕੀਲ ਬਹੁਤ ਸਾਰੀਆਂ ਬਹੁਮੁੱਲੀਆਂ ਸੁਗਾਤਾਂ ਦੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਲਾਹੌਰ ਪੁੱਜਾ, ਜਿਸ ਦਾ ਭਾਵ ਇਹ ਸੀ ਕਿ ਮਿਤਰਤਾ ਸਬੰਧ ਵਧੇਰਾ ਪੱਕਾ ਕੀਤਾ ਜਾਏ, ਮਹਾਰਾਜਾ ਸਾਹਿਬ ਨੇ ਸਭ ਕੁਝ ਬੜੇ ਮਾਨ ਨਾਲ ਪਰਵਾਨ ਕੀਤਾ ਤੇ ਉਸ ਦੇ ਬਦਲੇ ਕਈ ਹਜ਼ਾਰ ਦੀਆਂ ਸ਼ਾਲਾਂ ਤੇ ਦੇਸੀ ਦਸਤਕਾਰੀ ਦੀਆਂ ਚੀਜ਼ਾਂ ਗਵਰਨਰ ਲਈ ਭੇਜੀਆਂ ਅਤੇ ਵਕੀਲ ਨੂੰ ਬਹੁਮੁੱਲੀ ਖਿਲਤ ਦੇ ਕੇ ਵਿਦਾ ਕੀਤਾ।

## ਸਤਲੁਜ ਪਾਰ ਦੇ ਰਈਸਾਂ ਦਾ ਅੰਗਰੇਜ਼ਾਂ ਦੀ ਰੱਖਿਆ ਵਿਚ ਆਵਣਾ ਤੇ ਮਹਾਰਾਜਾ ਤੇ ਅੰਗਰੇਜ਼ਾਂ ਦਾ ਪਹਿਲਾ ਅਹਿਦਨਾਮਾ

ਸੰਨ 1808 ਈ: ਵਿਚ, ਜਿਹਾ ਕਿ ਅਸੀਂ ਉਪਰ ਦੱਸ ਆਏ ਹਾਂ; ਪਹਾੜੀ ਇਲਾਕੇ ਦੇ ਕੁਝ ਭਾਗ ਦਾ ਦੌਰਾ ਮਹਾਰਾਜਾ ਨੇ ਆਪ ਕੀਤਾ ਅਤੇ ਬਾਕੀ ਦੇ ਇਲਾਕੇ ਲਈ ਦੀਵਾਨ ਮੋਹਕਮ ਚੰਦ ਨੂੰ ਇਹ ਮੁਹਿੰਮ ਸੌਂਪ ਆਏ ਸੀ। ਉਹ ਇਕ ਸ਼ਕਤੀਮਾਨ ਫੌਜ ਨਾਲ ਲੈ ਕੇ ਪਹਾੜੀ ਰਾਜਿਆਂ ਤੇ ਜਾ ਚੜ੍ਹਿਆ। ਇੱਥੇ ਪਹੁੰਚ ਕੇ ਉਸ ਨੇ ਆਪਣਾ ਕੰਮ ਅਰੰਭ ਦਿਤਾ ਅਤੇ ਇਸ ਤਰ੍ਹਾਂ ਉਹ ਪਹਾੜੀ ਤੇ ਦੁਆਬੇ ਦੇ ਇਲਾਕੇ ਨੂੰ ਸੋਧਦਾ ਹੋਇਆ ਸਤਲੁਜ ਤੋਂ ਪਾਰ ਜਾ ਪਹੁੰਚਿਆ। ਇਸ ਸਮੇਂ ਇਲਾਕਾ ਅਨੰਦਪੁਰ, ਮਾਖੋਵਲ, ਆਦਿ ਖਾਲਸਾ ਰਾਜ ਨਾਲ ਮਿਲਾਂਦਾ ਹੋਇਆ ਫੀਰੋਜ਼ਪੁਰ ਦੇ ਪਰਗਣੇ ਵਿਚੋਂ ਬਧਨੀ ਦਾ ਇਲਾਕਾ ਜਿਸ ਵਿਚ ਪੰਦਰਾਂ ਪਿੰਡ ਸਨ, ਮੀਆਂ ਨੋਧੂ ਤੋਂ ਫਤਹ ਕਰ ਲਿਆ,.ਜੋ ਕੁਝ ਚਿਰ ਪਿੱਛੋਂ ਸਰਦਾਰਨੀ ਸਦਾ ਕੌਰ ਜੀ ਨੂੰ ਦੇ ਦਿੱਤਾ ਗਿਆ।[1]

ਇਥੇ ਇਹ ਗੱਲ ਅਵੱਸ਼ ਪ੍ਰਗਟ ਕਰਨੀ ਪੈਂਦੀ ਹੈ ਕਿ ਇਸ ਸਮੇਂ ਦੀਵਾਨ ਮੋਹਕਮ ਚੰਦ ਨੇ ਇਸ ਭੁਲੇਖੇ ਵਿਚ ਪੈ ਕੇ ਕੁਝ ਕੁ ਕਠੋਰਤਾ ਵਰਤੀ, ਜੋ ਅੱਗੇ ਨੂੰ ਹਾਨੀਕਾਰਕ ਸਿੱਧ ਹੋਈ। ਦੀਵਾਨ ਨੇ ਇਸ ਭਾਵਨਾ ਨਾਲ, ਕਿ ਮੈਂ ਜਿੰਨਾ ਵੱਧ ਇਲਾਕਾ ਮਹਾਰਾਜਾ ਲਈ ਫਤਹ ਕਰਾਂਗਾ, ਉਹ ਉਨੀ ਹੀ ਮੇਰੇ ਉਪਰ ਵੱਧ ਕ੍ਰਿਪਾਲਤਾ ਕਰੇਗਾ, ਇਸ ਧੁਨ ਵਿਚ ਇਸਨੇ ਕੁਝ ਕਰੜੇਪਨ ਤੋਂ ਕੰਮ ਲਿਆ, ਭਾਵੇਂ ਮਹਾਰਾਜਾ ਵਲੋਂ ਇਸ ਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੁਕਮ ਨਹੀਂ ਸੀ ਮਿਲਿਆ। ਇਹ ਨਾ ਦੱਸਣਾ ਭੀ ਸਚਾਈ ਦੇ ਉਲਟ ਹੈ ਕਿੰ ਦੀਵਾਨ ਨੇ ਜੋ ਕੀਤਾ ਉਹ ਖ਼ਾਲਸਾ ਰਾਜ ਨੂੰ ਹਾਨੀ ਪਹੁੰਚਾਣ ਦੇ ਇਰਾਦੇ ਨਾਲ ਨਹੀਂ ਸੀ ਕੀਤਾ, ਸਗੋਂ ਉਹ ਤਾਂ

- - - - - -

1. *ਸਰ ਲੈਪਲ ਗ੍ਰਿਫਨ ਦੀ ਰਾਜਾਜ਼ ਆਫ ਦੀ ਪੰਜਾਬ. ਸਫਾ 91।*

ਆਪਣੇ ਮਨ ਵਿਚ ਇਉਂ ਕਰਨ ਵਿਚ ਰਾਜ ਦੀ ਭਲਾਈ ਸਮਝਦਾ ਰਿਹਾ। ਇੱਥੇ ਇਸ ਨੇ ਟਪਲਾ ਇਹ ਖਾਧਾ ਕਿ ਜੋ ਨਿਯਮ ਉਹ ਪਹਾੜੀ ਇਲਾਕੇ ਵਿਚ ਵਰਤਦਾ ਰਿਹਾ ਸੀ, ਸਤਲੁਜ ਪਾਰ ਦੇ ਰਈਸ ਉਸ ਤੋਂ ਬਹੁਤ ਨਰਮ ਵਰਤਾਵ ਦੇ ਅਧਿਕਾਰੀ ਸਨ, ਇਸ ਤੋਂ ਥੋੜ੍ਹਾ ਚਿਰ ਪਹਿਲੇ ਜਦ ਮਹਾਰਾਜਾ ਸਾਹਿਬ ਦੂਜੀ ਵੇਰ ਪਟਿਆਲੇ ਤੋਂ ਮੁੜਿਆ ਸੀ ਤਾਂ ਫੂਲਬੰਸੀ ਰਾਜਿਆਂ ਤੇ ਰਈਸਾਂ ਨਾਲ ਉਸ ਦਾ ਵਿਸ਼ੇਸ਼ ਪਿਆਰ ਸੀ, ਪਰ ਇਸ ਦੇ ਥੋੜ੍ਹੇ ਚਿਰ ਪਿੱਛੋਂ ਹੀ ਇਕਾ-ਇਕ ਦੀਵਾਨ ਮੋਹਕਮ ਚੰਦ ਦਾ ਬਿਨਾਂ ਕਿਸੇ ਖਬਰ ਦੇਣ ਦੇ ਸਤਲੁਜ ਤੋਂ ਪਾਰ ਦੇ ਇਲਾਕੇ ਵਿਚ ਇਉਂ ਜਾ ਪੈਣ ਨਾਲ ਉਨ੍ਹਾਂ ਸਾਰਿਆਂ ਰਈਸਾਂ ਵਿਚ ਇਕ ਭੈ ਦੀ ਲਹਿਰ ਉਪਜ ਪਈ। ਇਸ ਭੁਲੇਖੇ ਵਿਚ ਹੁਣ ਉਨ੍ਹਾਂ ਦਾ ਇਹ ਨਿਸਚਾ ਹੋ ਗਿਆ ਕਿ ਦੀਵਾਨ ਨੇ ਜੋ ਕੁਝ ਕੀਤਾ ਹੈ ਮਹਾਰਾਜਾ ਦੇ ਹੁਕਮ ਨਾਲ ਕੀਤਾ ਹੈ ਅਤੇ ਜਿਸ ਤਰ੍ਹਾਂ ਅੱਜ ਬਧਨੀ ਦਾ ਇਲਾਕਾ ਫਤਹ ਕਰ ਲਿਆ ਗਿਆ ਹੈ, ਇਹੋ ਹੀ ਫੈਸਲਾ ਕੱਲ ਸਾਡੀ ਪ੍ਰਾਲਭਧ ਦਾ ਭੀ ਨਾ ਹੋ ਜਾਏ। ਇਸ ਭੈ ਵਿਚ ਸਾਰੇ ਰਈਸ ਸਮਾਨੇ ਨਾਮੀਂ ਪਿੰਡ[1] ਵਿਚ ਇਕੱਠੇ ਹੋਏ, ਜਿਥੇ ਫੈਸਲਾ ਹੋਇਆ ਕਿ ਸਾਡਾ ਸਬੰਧ ਸਦਾ ਤੋਂ ਦਿੱਲੀ ਦਰਬਾਰ ਨਾਲ ਰਿਹਾ ਹੈ, ਇਸ ਲਈ ਹੁਣ ਭੀ ਸਾਨੂੰ ਅੰਗਰੇਜ਼ਾਂ ਨਾਲ ਮੇਲ ਰੱਖਣਾ ਚਾਹੀਦਾ ਹੈ, ਤਾਂ ਜੋ ਅੱਗੇ ਨੂੰ ਲਾਹੌਰ ਦਰਬਾਰ ਦਾ ਸਾਡੇ ਸਿਰ ਕੋਈ ਖਟਕਾ ਨਾ ਰਹੇ। ਇਸ ਗੱਲ ਲਈ ਮਾਰਚ ਸੰਨ 1808 ਵਿਚ ਰਾਜਾ ਭਾਗ ਸਿੰਘ ਜੀਂਦ, ਭਾਈ ਲਾਲ ਸਿੰਘ ਕੈਂਥਲ ਤੇ ਸਰਦਾਰ ਦੈਨ ਸਿੰਘ ਦੀਵਾਨ ਪਟਿਆਲਾ ਮਿਲ ਕੇ ਸਾਰੇ ਇਲਾਕੇ ਵਲੋਂ ਮਿਸਟਰ ਸੀਟਨ (Mr. Seton) ਰੈਜ਼ੀਡੰਟ ਦਿੱਲੀ ਨੂੰ ਜਾ ਮਿਲੇ ਤੇ ਆਖਿਆ ਕਿ ਸਾਨੂੰ ਅੰਗਰੇਜ਼ੀ ਰੱਖਿਆ ਵਿਚ ਲੈ ਲਿਆ ਜਾਏ, ਪਰ ਰੈਜ਼ੀਡੰਟ ਨੇ ਇਸ ਸਮੇਂ ਇਨ੍ਹਾਂ ਨੂੰ ਕੋਈ ਹੌਸਲਾ ਵਧਾਊ ਉਤਰ ਨਾ ਦਿਤਾ, ਉਸ ਨੇ ਆਖਿਆ ਕਿ ਅੰਗਰੇਜ਼ ਸਰਕਾਰ ਦੂਜਿਆਂ ਦੇ ਕੰਮਾਂ ਵਿਚ ਦਖ਼ਲ ਨਹੀਂ ਦੇਂਦੀ, ਉਹ ਕੇਵਲ ਏਨਾ ਕਰ ਸਕਦਾ ਹੈ ਕਿ ਉਹ ਇਨ੍ਹਾਂ ਦਾ ਬੇਨਤੀ ਪੱਤਰ ਲਾਟ ਸਾਹਿਬ ਦੀ ਸੇਵਾ ਵਿਚ ਭੇਜ ਦੇਵੇਗਾ, ਉਥੇ ਜੋ ਫੈਸਲਾ ਹੋਵੇਗਾ ਉਸ ਦੀ ਉਨ੍ਹਾਂ ਨੂੰ ਖਬਰ ਦਿਤੀ ਜਾਵੇਗੀ।

ਇਹ ਰਈਸ ਦਿੱਲੀ ਤੋਂ ਨਿਰਾਸ ਹੋ ਕੇ ਅਜੇ ਮੁੜੇ ਹੀ ਸਨ ਕਿ ਇੰਨੇ ਨੂੰ ਇਸ ਗੱਲ ਦਾ ਮਹਾਰਾਜਾ ਰਣਜੀਤ ਸਿੰਘ ਨੂੰ ਪਤਾ ਮਿਲ ਗਿਆ। ਉਸ ਨੇ ਤੁਰਤ ਆਪਣੇ ਏਜੰਟ ਇਨ੍ਹਾਂ ਵੱਲ ਭੇਜ ਕੇ ਉਨ੍ਹਾਂ ਨੂੰ ਮਿਲਣ ਲਈ ਬੁਲਾਇਆ। ਇਹ ਜਦੋਂ ਅੰਮ੍ਰਿਤਸਰ ਆ ਕੇ ਮਹਾਰਾਜਾ ਸਾਹਿਬ ਨੂੰ ਮਿਲੇ ਤਾਂ ਉਹ ਰੰਜ ਹੋਣ ਦੀ ਥਾਂ ਬੜੇ ਪਿਆਰ ਨਾਲ ਉਨ੍ਹਾਂ ਨੂੰ ਮਿਲਿਆਂ ਅਤੇ ਉਨ੍ਹਾਂ ਦੇ ਮਨਾਂ ਤੋਂ ਭੈ ਦੇ ਨਵਿਰਤ ਕਰਨ ਲਈ ਕੋਈ ਗੱਲ ਪਿੱਛੇ ਨਾ ਛੱਡੀ, ਕਿਉਂਕਿ ਉਹ ਦਿਲੋਂ ਚਾਹੁੰਦਾ ਸੀ ਕਿ ਇਨ੍ਹਾਂ ਦਾ ਸੰਬੰਧ ਕਿਸੇ ਤਰ੍ਹਾਂ ਵੀ ਇਸ ਨਾਲੋਂ ਨਾ ਟੁੱਟੇ।[2] ਇਸ ਵਿਸ਼ੇ ਪਰ ਵਿਚਾਰ ਰਾਜਾ ਸਾਹਿਬ ਸਿੰਘ ਪਟਿਆਲਾ ਨਾਲ 24 ਨਵੰਬਰ ਸੰਨ 1809 ਨੂੰ ਲਖਨੂਰ ਵਿਚ ਬਾਬਾ ਸਾਹਿਬ ਸਿੰਘ ਬੇਦੀ ਦੀ ਹਾਜ਼ਰੀ ਵਿਚ ਹੋਇਆ ਅਤੇ ਰਾਜਾ ਪਟਿਆਲਾ ਨਾਲ ਉਸ ਨੇ ਐਨਾ ਪਿਆਰ ਕੀਤਾ ਜਿਸ ਦੀ ਕੋਈ ਹੱਦ ਨਾ ਸੀ ਇਥੋਂ ਤਕ ਆਖਿਆ ਕਿ ਆਪ ਦਾ ਮਿੱਤਰ ਮੇਰਾ ਮਿੱਤਰ ਹੈ ਆਪ ਦਾ ਵੈਰੀ ਮੇਰਾ ਵੈਰੀ ਹੋਵੇਗਾ।[3] ਇਸ ਸਮੇਂ ਪਿਆਰ ਨੂੰ ਵਧੇਰਾ ਵਧਾਉਣ ਲਈ ਬਾਬਾ ਸਾਹਿਬ ਸਿੰਘ ਨੇ ਆਪਣੇ ਹੱਥ ਨਾਲ ਇਨ੍ਹਾਂ ਦਾ ਪੱਗ ਵਟਾਂਦਰਾ ਕਰਵਾ ਦਿੱਤਾ, ਤਾਂ ਜੋ ਅੱਗੇ ਨੂੰ ਇਕ ਦੂਜੇ ਦੇ ਦਿਲ ਵਿਚ ਕੋਈ ਤੌਖ਼ਲਾ ਬਾਕੀ ਨਾ ਰਹੇ।

ਲਾਰਡ ਮਿੰਟੋ (Lorf Minto) ਨੂੰ ਹਿੰਦ ਦਾ ਗਵਰਨਰ ਜਨਰਲ ਨੀਯਤ ਹੋਇਆਂ

------

1. *ਇਹ ਪਿੰਡ ਇਲਾਕਾ ਪਟਿਆਲੇ ਵਿਚ ਹੈ।*
2. *ਮੁ: ਲਤੀਫ ਹਿਸਟਰੀ ਔਫ ਦੀ ਪੰਜਾਬ 373।*
3. *ਸਰ ਲੈਪਲ ਗ੍ਰਿਫਨ ਦੀ ਰਾਜਾਜ਼ ਆਫ ਦੀ ਪੰਜਾਬ. ਸਫਾ 92।*

ਅਜੇ ਵਧੇਰੇ ਸਮਾਂ ਨਹੀਂ ਸੀ ਬੀਤਿਆ ਕਿ ਯੂਰਪ ਤੋਂ ਖਬਰ ਆਈ ਕਿ ਨੈਪੋਲੀਅਨ ਬੋਨਾਪਾਰਟ (Napolean Bonapart) ਯੂਰਪ ਦੇ ਪ੍ਰਸਿੱਧ ਜੇਤੂ ਦੀ ਅੱਖ ਇਸੇ ਸਮੇਂ ਹਿੰਦੁਸਤਾਨ ਪਰ ਹੈ, ਜਿਸ ਲਈ ਲਾਰਡ ਮਿੰਟੋ ਨੂੰ ਲਾਰਡ ਕਾਰਨਿਵਾਲਿਸ (Lorf Cornwallis) ਦੀ ਨੀਤੀ ਸਮੇਂ ਦੀ ਲੋੜ ਅਨੁਸਾਰ ਬਦਲਣੀ ਪਈ । ਇਸ ਸਮੇਂ ਨੈਪੋਲੀਅਨ ਸ਼ਹਿਨਸ਼ਾਹ ਫਰਾਂਸ ਦੀ ਸ਼ਕਤੀ ਉਨਤੀ ਦੀ ਚੋਟੀ ਪਰ ਪੁੱਜੀ ਹੋਈ ਸੀ, ਜਿਸ ਨਾਲ ਉਹ ਯੂਰਪ ਦਾ ਬਹੁਤ ਸਾਰਾ ਭਾਗ ਫਤਹ ਕਰ ਚੁਕਾ ਸੀ । ਦੂਜਾ ਹੁਣ ਉਹ ਰੂਸ ਨਾਲ ਨਵਾਂ ਅਹਿਦਨਾਮਾ ਕਰ ਕੇ ਯੂਰਪ ਦੇ ਯੁਧ ਜੰਗਾਂ ਤੋਂ ਸਭ ਤਰ੍ਹਾਂ ਵੇਹਲਾ ਹੋ ਬੈਠਾ ਸੀ । ਹੁਣ ਦਿਨ ਰਾਤ ਇਨ੍ਹਾਂ ਤਿਆਰੀਆਂ ਵਿਚ ਸੀ ਕਿ ਹਿੰਦ ਤੇ ਚੜ੍ਹਾਈ ਕੀਤੀ ਜਾਏ, ਜਿਸ ਸੰਬੰਧੀ ਉਸ ਨੇ ਟਰਕੀ ਅਤੇ ਈਰਾਨ ਨਾਲ ਭੀ ਸਮਝੌਤਾ ਕਰ ਲਿਆ ਸੀ । ਇਸ ਦੀਆਂ ਇਨ੍ਹਾਂ ਚਾਲਾਂ ਨੂੰ ਅਸਫਲ ਕਰਨ ਲਈ ਲਾਰਡ ਮਿੰਟੋ ਨੇ ਨਾ ਕੇਵਲ ਜਮਨਾ ਪਾਰ ਦੇ ਰਈਸਾਂ ਨਾਲ ਮਿਤ੍ਰਤਾ ਗੰਢਣੀ ਚਾਹੀ ਸਗੋਂ ਉਸ ਤੋਂ ਅੱਗੇ ਮਹਾਰਾਜਾ ਰਣਜੀਤ ਸਿੰਘ ਵਾਲੀਏ ਪੰਜਾਬ ਤੇ ਸ਼ਾਹ ਸ਼ੁਜਾ ਹਾਕਮ ਕਾਬਲ ਅਤੇ ਸ਼ਾਹ ਈਰਾਨ ਨਾਲ ਭੀ ਭਾਈਚਾਰਕ ਸਬੰਧ ਦੇ ਅਹਿਦਨਾਮੇ ਕਰਨੇ ਜ਼ਰੂਰੀ ਸਮਝੇ ਤਾਂ ਜੋ ਯੂਰਪ ਦੀ ਖੋਈ ਹੋਈ ਤਾਕਤ ਏਸ਼ੀਆ ਦੇ ਇਹਨਾਂ ਮੁਲਕਾਂ ਪਰ ਧਾਵਾ ਕਰੇ ਤਾਂ ਉਸ ਦਾ ਟਾਕਰਾ ਸੰਮਿਲਤ ਬਲ ਨਾਲ ਕੀਤਾ ਜਾਏ । ਇਨ੍ਹਾਂ ਗੱਲਾਂ ਦੇ ਫੈਸਲੇ ਲਈ ਮਿਸਟਰ ਸੀ. ਟੀ. ਮਿਟਕਾਫ (Mr. C. T. Metcalfe ਜੋ ਅੱਗੇ ਜਾ ਕੇ ਲਾਰਡ ਮਿਟਕਾਫ ਦੇ ਨਾਂ ਨਾਲ ਪ੍ਰਸਿੱਧ ਹੋਇਆ) ਲਾਹੌਰ ਦਰਬਾਰ ਵੱਲ ਤੇ ਸਰ ਜਾਨ ਮੈਲਕਮ (Sir John Melcolm) ਤੈਹਰਾਨ (ਈਰਾਨ) ਅਤੇ ਮਿਸਟਰ ਐਲਫਿਨਸਟਨ (Mr. Elphinstone) ਦਰਬਾਰ ਕਾਬਲ ਅੰਗਰੇਜ਼ੀ ਸਫੀਰ ਨੀਯਤ ਹੋਏ ਜੋ ਭਾਦਰੋਂ ਸੰਮਤ 1865 ਮੁਤਾਬਿਕ ਅਗਸਤ ਸੰਨ 1808 ਈ: ਨੂੰ ਉਪਰ ਦੱਸੇ ਦੇਸ਼ਾਂ ਵੱਲ ਭੇਜੇ ਗਏ ।

ਇਹਨੀਂ ਦਿਨੀਂ ਸ਼ੇਰਿ ਪੰਜਾਬ ਸਤਲੁਜ ਪਾਰ ਦੇ ਉਸ ਇਲਾਕੇ ਦੇ ਦੌਰੇ ਪਰ ਨਿਕਲਿਆ ਹੋਇਆ ਸੀ, ਜੇਹੜਾ ਉਸਨੇ ਸੰਨ 1806-1807 ਤੋਂ 1808 ਵਿਚ ਫਤਹ ਕੀਤਾ ਸੀ । ਮਿਸਟਰ ਮਿਟਕਾਫ 11 ਸਤੰਬਰ ਨੂੰ ਕਸੂਰ ਦੇ ਮੁਕਾਮ ਪਰ ਸ਼ੇਰਿ ਪੰਜਾਬ ਨੂੰ ਸਣੇ ਉਨ੍ਹਾਂ ਬਹੁਮੁੱਲੀਆਂ ਸੁਗਾਤਾਂ ਦੇ ਜੇਹੜੀਆਂ ਉਹ ਗਵਰਨਰ ਜਰਨਲ ਵਲੋਂ ਮਹਾਰਾਜਾ ਲਈ ਲਿਆਇਆ ਸੀ, ਆ ਮਿਲਿਆ । ਅੱਗੋਂ ਸ਼ਾਹੀ ਨਿਯਮਾਂ ਅਨੁਸਾਰ ਮਹਾਰਾਜਾ ਵਲੋਂ ਵੀ ਉਸ ਦੀ ਯੋਗ ਆਓ-ਭਗਤ ਕੀਤੀ ਗਈ । ਫਕੀਰ ਅਜੀਜੁਦੀਨ ਉਸ ਦੀ ਪ੍ਰਾਹੁਣਚਾਰੀ ਲਈ ਨੀਯਤ ਕੀਤਾ ਗਿਆ। ਅਗਲੇ ਦਿਨ ਜਦ ਮਹਾਰਾਜਾ ਤੇ ਅੰਗਰੇਜ਼ੀ ਸਫੀਰ ਦਾ ਮੇਲ ਹੋਇਆ ਤਾਂ ਉਸ ਨੇ ਗਵਰਨਰ ਜਨਰਲ ਦੀ ਵਿਉਂਤ ਮਹਾਰਾਜੇ ਮੂਹਰੇ ਪ੍ਰਗਟ ਕੀਤੀ ਅਤੇ ਇਕ ਅਹਿਦਨਾਮੇ ਦਾ ਖਰੜਾ ਸ਼ੇਰਿ ਪੰਜਾਬ ਦੀ ਸੇਵਾ ਵਿਚ ਰੱਖਿਆ, ਜਿਸ ਵਿਚ ਇਹ ਤਿੰਨ ਸ਼ਰਤਾਂ ਲਿਖੀਆਂ ਸਨ :-

1. ਸ਼ਾਹ ਫਰਾਂਸ ਕਦੀ ਕਿਸੇ ਸਮੇਂ ਇਸ ਦੇਸ਼ ਪਰ ਚੜ੍ਹਾਈ ਕਰੇ ਤਾਂ ਅਸੀਂ ਦੋਵੇਂ ਧਿਰਾਂ (ਅੰਗਰੇਜ਼ ਅਤੇ ਮਹਾਰਾਜ ਰਣਜੀਤ ਸਿੰਘ) ਆਪਣੇ ਸੰਮਲਿਤ ਬਲ ਨਾਲ ਉਸ ਦਾ ਟਾਕਰਾ ਕਰਾਂਗੇ ।

2. ਜੇ ਕਦੀ ਵੈਰੀ ਦੇ ਟਾਕਰੇ ਲਈ ਅੰਗਰੇਜ਼ੀ ਫੌਜਾਂ ਅਟਕ ਤੋਂ ਪਾਰ ਜਾਂ ਅਫਗਾਨਿਸਤਾਨ ਦੇ ਇਲਾਕੇ ਵਿਚ ਲੈ ਜਾਣੀਆਂ ਪੈਣ ਤਾਂ ਉਨ੍ਹਾਂ ਨੂੰ ਆਪ ਪੰਜਾਬ ਵਿਚੋਂ ਰਾਹ ਦੇਵੋਗੇ ਤੇ ਉਨ੍ਹਾਂ ਦੀ ਯੋਗ ਸਹਾਇਤਾ ਕਰੋਗੇ ।

3. ਜੇ ਕਦੀ ਕਾਬਲ ਨਾਲ ਸਰਕਾਰ ਅੰਗਰੇਜ਼ੀ ਨੂੰ ਖਤ-ਪੱਤਰ ਕਰਨ ਦੀ ਲੋੜ ਪਏ ਤਾਂ ਉਨ੍ਹਾਂ ਹਲਕਾਰਿਆਂ ਦੀ ਰਾਖੀ ਆਪ ਕਰੋਗੇ ।

ਇਨ੍ਹਾਂ ਸ਼ਰਤਾਂ ਨੂੰ ਮਹਾਰਾਜਾ ਸਾਹਿਬ ਨੇ ਠੀਕ ਨਾ ਸਮਝਿਆ ਤੇ ਇਨ੍ਹਾਂ ਦੇ ਟਾਕਰੇ

ਪਰ ਹੇਠ ਲਿਖੀਆਂ ਤਿੰਨ ਸ਼ਰਤਾਂ ਆਪਣੇ ਸਫੀਰ ਨੂੰ ਦਿੱਤੀਆਂ :-

1. ਜੇ ਕਦੇ ਲਾਹੌਰ ਦਰਬਾਰ ਦੇ ਹੁਕਮਰਾਨ ਕਾਬਲ ਵਿਚ ਕੋਈ ਲੜਾਈ ਛਿੜ ਜਾਵੇ ਤਾਂ ਉਸ ਵਿਚ ਅੰਗਰੇਜ਼ੀ ਗਵਰਨਮੈਂਟ ਕੋਈ ਦਖਲ ਨਾ ਦੇਵੇਗੀ ।

2. ਸਰਕਾਰ ਅੰਗਰੇਜ਼ੀ ਅਤੇ ਲਾਹੌਰ ਦਰਬਾਰ ਵਿਚ ਸਦਾ ਮਿੱਤਰਤਾ ਰਹੇਗੀ।

3. ਉਸ ਦੀ (ਮਹਾਰਾਜਾ ਰਣਜੀਤ ਸਿੰਘ)ਰਾਜਸੀ ਉਚਤਾ ਸਾਰੀਆਂ ਸਿੱਖ ਰਿਆਸਤਾਂ ਤੋਂ ਉਚੀ ਮੰਨੀ ਜਾਏਗੀ[1] ।

ਇਸ ਪਰ ਅੰਗਰੇਜ਼ੀ ਸਫੀਰ ਨੇ ਆਖਿਆ ਕਿ ਮੈਨੂੰ ਸ਼ਰਤਾਂ ਦੇ ਬਦਲਣ ਦਾ ਅਧਿਕਾਰ ਨਹੀਂ, ਹਾਂ ਮੈਂ ਦੋਵੇਂ ਖ਼ਰੜੇ ਗਵਰਨਰ ਜਨਰਲ ਪਾਸ ਭੇਜ ਦਿੰਦਾ ਹਾਂ, ਜੋ ਕੁਝ ਉਹ ਮਨਜ਼ੂਰ ਕਰਨਗੇ, ਤਿਵੇਂ ਹੀ ਕੀਤਾ ਜਾਵੇਗਾ ।

ਇਸ ਦੇ ਉਪਰੰਤ ਮਹਾਰਾਜਾ ਸਤਲੁਜ ਵੱਲ ਅੱਗੇ ਵਧਿਆ ਅਤੇ ਫਰੀਦਕੋਟ ਦੇ ਨਵਾਬ ਅਤਾਉਲਾ ਖ਼ਾਨ ਮਲੇਰਕੋਟਲੇ ਵਾਲੇ ਤੋਂ ਰਾਜਸੀ ਕਰ ਲੈਂਦਾ ਹੋਇਆ ਅੰਬਾਲੇ ਹੁੰਦਾ ਹੋਇਆ ਸ਼ਾਹ ਅਬਾਦ ਆ ਡੇਰੇ ਲਾਏ । ਛੇਕੜ 4 ਦਸੰਬਰ 1808 ਈ: ਨੂੰ ਅੰਮ੍ਰਿਤਸਰ ਆ ਗਿਆ ।

ਇਥੇ ਗਵਰਨਰ ਜਨਰਲ ਵਲੋਂ ਮਹਾਰਾਜਾ ਸਾਹਿਬ ਦੇ ਨਾਂ ਇਕ ਸੂਚਨਾ-ਪੱਤਰ ਪੁੱਜਾ, ਜਿਸ ਵਿਚ ਲਿਖਿਆ ਸੀ ਕਿ ਸਤਲੁਜ ਪਾਰ ਦੇ ਰਈਸਾਂ ਦੀ ਜੋ ਦਰਖਾਸਤ ਕੁਝ ਸਮੇਂ ਤੋਂ ਗਵਰਨਰ ਜਨਰਲ ਦੀ ਵਿਚਾਰ ਗੋਚਰੀ ਸੀ, ਉਸ ਦਾ ਫੈਸਲਾ ਇਹ ਹੋਇਆ ਹੈ ਕਿ ਉਹਨਾਂ ਸਾਰਿਆਂ ਨੂੰ ਸਰਕਾਰ ਅੰਗਰੇਜ਼ੀ ਨੇ ਆਪਣੀ ਰੱਖਿਆ ਵਿਚ ਲੈ ਲਿਆ ਹੈ । ਇਸ ਦੇ ਸੁਣਨ ਨਾਲ ਮਹਾਰਾਜਾ ਬੜੇ ਜੋਸ਼ ਵਿਚ ਆਇਆ ਤੇ ਇਸ ਦੀ ਪ੍ਰਵਾਨਗੀ ਤੋਂ ਨਾਂਹ ਕਰ ਦਿੱਤੀ । ਹੁਣ ਇਸ ਦੇ ਸਾਹਮਣੇ ਦੋ ਰਾਹ ਸਨ, ਇਕ ਤਾਂ ਇਹ ਕਿ ਉਹ ਅੰਗਰੇਜ਼ਾਂ ਨਾਲ ਲੜਾਈ ਦੇ ਬਲ ਨਾਲ ਪਾਰ ਦੇ ਰਈਸਾਂ ਦਾ ਸਬੰਧ ਆਪਣੇ ਨਾਲ ਜੋੜੀ ਰੱਖੇ ਤੇ ਸਦਾ ਲਈ ਅੰਗਰੇਜ਼ੀ ਸਰਕਾਰ ਨਾਲ ਸਬੰਧ ਤੋੜ ਲਏ, ਦੂਜਾ ਇਹ ਕਿ ਅੰਗਰੇਜ਼ੀ ਸਰਕਾਰ ਨਾਲ ਅਹਿਦਨਾਮਾ ਕਰਕੇ ਸਤਲੁਜ ਨੂੰ ਆਪਣਾ ਹੱਦਬੰਨਾ ਸਥਾਪਤ ਕਰੇ ਅਤੇ ਆਪਣੀ ਸਲਤਨਤ ਨੂੰ ਕਸ਼ਮੀਰ, ਪਿਸ਼ਾਵਰ, ਅਫਗਾਨਿਸਤਾਨ ਤੇ ਮੁਲਤਾਨ ਆਦਿਕ ਇਲਾਕਿਆਂ ਵੱਲ ਵਧਾਏ । ਪਹਿਲੋਂ ਉਸ ਨੇ ਪਹਿਲਾ ਮਾਰਗ ਚੁਣਿਆ, ਅਰਥਾਤ ਉਸ ਨੇ ਤੁਰੰਤ ਆਪਣੇ ਸਰਦਾਰਾਂ ਦੇ ਨਾਂ ਪਰ ਹੁਕਮ ਭੇਜ ਦਿੱਤੇ ਕਿ ਛੇਤੀ ਖ਼ਾਲਸਾ ਫੌਜ ਲਾਹੌਰ ਵਿਚ ਇਕੱਤਰ ਹੋ ਜਾਏ ਤੇ ਬੜੇ ਬੜੇ ਜ਼ਖੀਰੇ ਅਨਾਜ ਦੇ ਤੇ ਬਾਰੂਦ ਆਦਿ ਜੰਗੀ ਸਾਮਾਨ ਅੰਮ੍ਰਿਤਸਰ ਵਿਚ ਗੋਬਿੰਦਗੜ੍ਹ ਦੇ ਲਾਗੇ ਇਕੱਠੇ ਕੀਤੇ ਜਾਣ । ਸਭ ਕਿਲ੍ਹਿਆਂ ਤੇ ਤੋਪਾਂ ਬਿੜਵਾ ਦਿੱਤੀਆਂ । ਜਰਨੈਲ ਮੋਹਕਮ ਚੰਦ ਨੂੰ ਜ਼ਰੂਰੀ ਹੁਕਮ ਕਾਂਗੜੇ ਪਹੁੰਚਿਆ ਤੇ ਤੁਰੰਤ ਸਣੇ ਲਸ਼ਕਰ ਤੇ ਤੋਪਖਾਨਿਆਂ ਦੇ ਫਿਲੌਰ ਪਹੁੰਚ ਜਾਓ[2] ਅਤੇ ਦੂਜੇ ਹੁਕਮ ਦੇ ਪਹੁੰਚਦੇ ਹੀ ਅੰਗਰੇਜ਼ਾਂ ਨਾਲ ਲੜਾਈ ਆਰੰਭ ਕਰ ਦੇਵੋ । ਇਸੇ ਤਰ੍ਹਾਂ ਕੁਝ ਜਾਗੀਰਦਾਰਾਂ ਤੇ ਬਜ਼ੁਰਗਾਂ ਵਲੋਂ ਵੀ ਹੁਕਮਨਾਮੇ ਘੱਲੇ ਗਏ ਕਿ ਉਹ ਝਟ-ਪਟ ਆਪੋ ਆਪਣੀਆਂ ਫੌਜਾਂ ਤੇ ਤੋਪਾਂ ਆਦਿ ਲੈ ਕੇ ਲਾਹੌਰ ਪਹੁੰਚ ਪੈਣ ।

ਓਧਰ ਅੰਗੇਜ਼ੀ ਕਰਮਚਾਰੀਆਂ ਨੂੰ ਜਦ ਇਨ੍ਹਾਂ ਤਿਆਰੀਆਂ ਦਾ ਪਤਾ ਲੱਗਾ ਤਾਂ ਉਹਨਾਂ ਵੀ ਕੁਝ ਫੌਜ ਕਰਨਲ ਸਰ ਡੇਵਡ ਅਕਟਰਲੋਨੀ (Sir David Ochterlony) ਦੀ ਤਹਿਤ ਵਿਚ ਸਤਲੁਜ ਵੱਲ ਭੇਜੀ । ਇਹ ਫੌਜ 16 ਜਨਵਰੀ ਸੰਨ 1809 ਨੂੰ ਦਰਿਆ ਜਮਨਾ

- - - - - -

1. *ਸਰ ਲੈਪਲ ਗ੍ਰਿਫਨ ਦੀ ਰਾਜਾਜ਼ ਆਫ਼ ਦੀ ਪੰਜਾਬ. ਸਫ਼ਾ 102 ।*
2. *ਮਿਸਟਰ ਮਿਟਕਾਫ ਦਾ 12 ਜਨਵਰੀ ਸੰਨ 1808 ਦਾ ਖਤ ਜੋ ਉਸ ਨੇ ਅੰਮ੍ਰਿਤਸਰੋਂ ਗਵਰਨਰ ਜਨਰਲ ਨੂੰ ਲਿਖਿਆ ।*

ਤੋਂ ਪਾਰ ਹੋ ਕੇ ਬੂੜੀਆਂ, ਪਟਿਆਲਾ ਤੇ ਨਾਭੇ ਦੇ ਰਸਤੇ ਇਧਰ ਨੂੰ ਕੂਚ ਕਰਦੀ ਹੋਈ 28 ਫਰਵਰੀ ਨੂੰ ਲੁਧਿਆਣੇ ਪਹੁੰਚ ਗਈ।

ਇਨ੍ਹਾਂ ਤਿਆਰੀਆਂ ਵਿਚ ਦਿਨ ਬੀਤਦੇ ਗਏ। ਇੰਨੇ ਨੂੰ ਫਰਾਂਸ ਤੋਂ ਖ਼ਬਰ ਆਈ ਕਿ ਨੈਪੋਲੀਅਨ ਬੋਨਾਪਾਰਟ ਕਈ ਕੁ ਘਰੋਗੀ ਔਕੜਾਂ ਦੇ ਕਾਰਨ ਕਈ ਸਾਲ ਤੱਕ ਹਿੰਦੁਸਤਾਨ ਵੱਲ ਨਹੀਂ ਆ ਸਕੇਗਾ। ਹੁਣ ਸਰਕਾਰ ਅੰਗਰੇਜ਼ੀ ਨੂੰ ਆਪਣੀ ਨੀਤੀ ਬਦਲਣੀ ਪਈ ਅਤੇ ਬਹੁਤ ਕੁਝ ਖ਼ਤ ਪੱਤਰ ਦੇ ਬਾਅਦ ਉਹਨਾਂ ਦੋਹਾਂ ਖਰੜਿਆਂ ਜੋ ਇਕ ਮਹਾਰਾਜਾ ਵਲੋਂ ਅਤੇ ਦੂਜਾ ਅੰਗਰੇਜ਼ਾਂ ਵਲੋਂ ਸੀ, ਤੁਛ ਮੁਛ ਕੇ ਇਕ ਹੋਰ ਖਰੜਾ ਕਲਕੱਤੇ ਤੋਂ ਤਿਆਰ ਹੋ ਕੇ ਆਇਆ ਜਿਹੜਾ ਦੋਹਾਂ ਹਕੂਮਤਾਂ ਦੀ ਇੱਛਾ ਨਾਲ ਪਰਵਾਨ ਹੋਇਆ। ਅਜੇ ਇਸ ਅਹਿਦਨਾਮੇ ਤੇ ਦਸਤਖਤ ਨਹੀਂ ਸਨ ਹੋਏ ਕਿ ਸੰਜੋਗ ਨਾਲ ਮੁਹੱਰਮ ਦੇ ਦਿਨ ਆ ਗਏ। ਮਿਸਟਰ ਮਿਟਕਾਫ਼ ਨਾਲ ਜੋ ਫੌਜ ਆਈ ਹੋਈ ਸੀ, ਉਹ ਸਾਰੀ ਦੀ ਸਾਰੀ ਸ਼ੀਆ ਮੁਸਲਮਾਨਾਂ ਦੀ ਸੀ। ਇਸ ਨੇ ਆਪਣੇ ਮਤ ਅਨੁਸਾਰ ਬੜੀ ਧੂਮਧਾਮ ਨਾਲ 'ਤਾਜੀਏ ਦਾ ਘੋੜਾ' ਕੱਢਿਆ; ਇਸ ਦੇ ਅੱਗੇ ਪਿਛੇ ਹਜ਼ਾਰਾਂ ਦਾ ਭੀੜ ਭੜੱਕਾ ਇਕੱਠਾ ਹੋ ਗਿਆ। ਇਸ ਤਰ੍ਹਾਂ ਇਹ ਅੰਮ੍ਰਿਤਸਰ ਦੇ ਸਾਰਿਆਂ ਬਾਜ਼ਾਰਾਂ ਵਿਚ ਫੇਰੀ ਲਾਉਂਦੇ ਹੋਏ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਪਹੁੰਚੇ। ਇਸ ਸਮੇਂ ਲੋਢੇ ਪਹਿਰ ਦਾ ਦੀਵਾਨ ਸਜਿਆ ਹੋਇਆ ਸੀ, ਜਿਸ ਵਿਚ ਕੁਝ ਅਕਾਲੀ ਸਿੰਘ ਵੀ ਸੰਗਤ ਵਿਚ ਸੁਸ਼ੋਭਿਤ ਸਨ। ਇਹਨਾਂ ਨੇ ਜਦ 'ਯਾ ਅਲੀ', 'ਯਾ ਹੁਸੈਨ' ਦੇ ਨਾਅਰੇ ਤੇ ਉਤੋਂ ਭਾਰੀ ਰੌਲਾ ਸੁਣਿਆ ਤੇ ਕੀਰਤਨ ਵਿਚ ਵਿਘਨ ਪੈਂਦਾ ਡਿੱਠਾ, ਦੂਜਾ ਖ਼ਾਲਸਾ ਰਾਜ ਵਿਚ ਹੀ ਆਪਣੇ ਮਾਨਯੋਗ ਗੁਰਦੁਆਰੇ ਦਾ ਨਿਰਾਦਰ ਵੇਖ ਕੇ ਅਕਾਲੀ ਫੂਲਾ ਸਿੰਘ ਨੇ ਦੋ ਤਿੰਨ ਸਿੰਘ ਉਹਨਾਂ ਨੂੰ ਰੋਕਣ ਲਈ ਭੇਜੇ ਤਾਂ ਜੋ ਉਹਨਾਂ ਨੂੰ ਸਮਝਾਉਣ ਕਿ ਕਥਾ ਕੀਰਤਨ ਦੇ ਸਮੇਂ ਰੌਲਾ ਪਾਉਣ ਨਾਲ ਬਾਣੀ ਦੀ ਬੇਅਦਬੀ ਹੁੰਦੀ ਹੈ, ਇਸ ਲਈ ਦਰਬਾਰ ਸਾਹਿਬ ਦੇ ਸਾਹਮਣੇ ਰੌਲਾ ਬੰਦ ਕੀਤਾ ਜਾਏ, ਪਰ ਇਸ ਗੱਲ ਦੇ ਮੰਨਣ ਦੀ ਥਾਂ ਉਹਨਾਂ ਜੋਸ਼ੀਲੇ ਸ਼ੀਆਂ ਨੇ ਕੁਝ ਕਰੜੇ ਵਾਕ ਬੋਲੇ, ਜਿਨ੍ਹਾਂ ਦਾ ਸਹਾਰਨਾ ਅਕਾਲੀਆਂ ਦੀ ਅਜਰ ਸ਼ਕਤੀ ਦੇ ਵਿਰੁੱਧ ਹੁੰਦਾ ਹੈ, ਜਿਸ ਦਾ ਨਤੀਜਾ ਇਹ ਹੋਇਆ ਕਿ ਗੱਲ ਹੱਥੋ ਪਾਈ ਤੱਕ ਵੱਧ ਗਈ ਤੇ ਇਸ ਰੌਲੇ ਵਿਚ ਇਕ ਸਿੰਘ ਦਾ ਦੁਮਾਲਾ ਹੇਠਾਂ ਡਿੱਗ ਪਿਆ। ਜਦ ਇਸ ਦੀ ਖ਼ਬਰ ਅਕਾਲੀ ਫੂਲਾ ਸਿੰਘ ਨੂੰ ਪਹੁੰਚੀ ਤਾਂ ਉਸ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਤੇ ਝੱਟ ਕੁਝ ਕੁ ਅਕਾਲੀ ਸਿੰਘਾਂ ਨੂੰ ਨਾਲ ਲੈ ਕੇ ਮੌਕੇ ਤੇ ਪਹੁੰਚ ਗਿਆ। ਬੱਸ ਫੇਰ ਕੀ ਸੀ, ਉਹ ਅੰਧਾ-ਧੁੰਦ ਤਲਵਾਰ ਤੇ ਗੋਲੀ ਚੱਲੀ ਕਿ ਅੱਖ ਦੇ ਫੋਰ ਵਿਚ ਗਲੀ ਕੂਚੇ ਲਹੂ-ਲੁਹਾਨ ਹੋ ਗਏ। ਇਹ ਖ਼ਬਰ ਤੁਰੰਤ ਸ਼ੇਰਿ ਪੰਜਾਬ ਤੱਕ ਪਹੁੰਚਾਈ ਗਈ। ਆਪ ਝੱਟ ਘੋੜੇ ਪਰ ਪਲਾਕੀ ਮਾਰ ਕੇ ਰਣ ਤੱਤੇ ਵਿਚ ਆਣ ਖਲੋਤੇ ਅਤੇ ਬੜੀ ਕਠਿਨਾਈ ਨਾਲ ਇਸ ਧੰਦੇ ਨੂੰ ਮਸੇਂ ਮਸੇਂ ਕਿਤੇ ਜਾ ਕੇ ਨਜਿੱਠਿਆ। ਮਹਾਰਾਜਾ ਸਾਹਿਬ ਨੇ ਮਿਸਟਰ ਮਿਟਕਾਫ਼ ਨੂੰ ਦੱਸਿਆ ਕਿ ਇਹ ਲੋਕ ਇਸ ਨਗਰ ਦੇ ਰਾਖੇ ਹਨ ਤੇ ਕਿਸੇ ਦੀ ਕਾਣ ਵਿਚ ਨਹੀਂ ਰਹਿੰਦੇ। ਕਿਉਂਕਿ ਇਸ ਵਿਚ ਨਾ ਤਾਂ ਮਿਸਟਰ ਮਿਟਕਾਫ਼ ਦਾ ਕੋਈ ਦੋਸ਼ ਸੀ ਤੇ ਨਾ ਹੀ ਮਹਾਰਾਜਾ ਸਾਹਿਬ ਨੂੰ ਇਸ ਦਾ ਕੁਝ ਪਤਾ ਸੀ, ਜਿਸ ਦੇ ਕਾਰਨ ਇਹ ਗੱਲ ਬੜੇ ਪਿਆਰ ਨਾਲ ਉਥੇ ਹੀ ਮੁਕਾ ਦਿੱਤੀ ਗਈ[1]। ਇਸ ਦੇ ਬਾਅਦ 25 ਅਪ੍ਰੈਲ ਸੰਨ 1809 ਈ: ਵਿਚ ਮਹਾਰਾਜਾ ਸਾਹਿਬ ਅਤੇ ਅੰਗਰੇਜ਼ੀ ਵਕੀਲ ਦੋਹਾਂ ਦੀ ਪਰਵਾਨਗੀ ਅਨੁਸਾਰ ਹੇਠ ਲਿਖਿਆ ਮਿੱਤਰਤਾ ਦਾ ਅਹਿਦਨਾਮਾ ਲਿਖਿਆ ਗਿਆ, ਜਿਸ ਦਾ ਭਾਵ ਹੇਠ

- - - - - -

1. *ਤਦ ਤੋਂ ਇਹ ਨਿਯਮ ਹੈ ਕਿ ਤਾਜੀਏ ਦਰਬਾਰ ਸਾਹਿਬ ਤੋਂ ਦੋ ਦੋ ਤਿੰਨ ਤਿੰਨ ਬਜ਼ਾਰਾਂ ਦੀ ਦੂਰੀ ਤੋਂ ਲੰਘਦੇ ਹਨ ਤੇ ਜੋ ਰਸਤਾ ਉਹਨਾਂ ਲਈ ਨੀਯਤ ਹੋ ਚੁਕਾ ਹੈ, ਓਧਨ ਹੀ ਜਾਂਦੇ ਹਨ, ਦਰਬਾਰ ਸਾਹਿਬ ਦੇ ਲਾਗੇ ਦੇ ਬਜ਼ਾਰਾਂ ਵਿਚੋਂ ਨਹੀਂ ਲੰਘਦੇ।*

ਦਿੰਦੇ ਹਾਂ, ਜੋ ਇਤਿਹਾਸ ਵਿਚ ਮਿਟਕਾਫ਼ ਦਾ ਅਹਿਦਨਾਮਾ ਕਰਕੇ ਪ੍ਰਸਿੱਧ ਹੈ :-

## ਅਹਿਦਨਾਮੇ ਦਾ ਭਾਵ[1]

ਸਰਕਾਰ ਅੰਗਰੇਜ਼ੀ ਤੇ ਮਹਾਰਾਜਾ ਰਣਜੀਤ ਸਿੰਘ ਬਹਾਦਰ ਬਾਲੀਏ ਲਾਹੌਰ (ਪੰਜਾਬ) ਵਿਚਾਲੇ ਕੁਝ ਮਤਭੇਦ ਸਨ, ਉਹ ਸਭ ਹੁਣ ਸਮਝੌਤੇ ਦੁਆਰਾ ਦੂਰ ਹੋ ਗਏ ਹਨ ਤੇ ਦੋਹਾਂ ਧਿਰਾਂ ਦੀ ਇੱਛਾ ਹੈ ਕਿ ਉਹਨਾਂ ਦੀ ਮਿੱਤਰਤਾ ਤੇ ਮਿਲਾਪ ਦਾ ਸਬੰਧ ਬਣਿਆ ਰਹੇ, ਇਸ ਲਈ ਹੇਠ ਲਿਖੀਆਂ ਸ਼ਰਤਾਂ ਦਾ ਅਹਿਦਨਾਮਾ ਪ੍ਰਵਾਨ ਕੀਤਾ ਜਾਂਦਾ ਹੈ ਜਿਸ ਦੀ ਪਾਲਣਾ ਦੋਹਾਂ ਪਾਤਸ਼ਾਹੀਆਂ ਦੇ ਵਾਰਸਾਂ ਤੇ ਜਾਨਸ਼ੀਨਾਂ ਲਈ ਜ਼ਰੂਰੀ ਹੋਵੇਗੀ । ਇਹ ਅਹਿਦਨਾਮਾ ਮਹਾਰਾਜਾ ਰਣਜੀਤ ਸਿੰਘ ਬਹਾਦਰ ਧਿਰ ਪਹਿਲੀ ਦੀ ਆਪਣੀ ਹਾਜ਼ਰੀ ਵਿਚ ਤੇ ਅੰਗਰੇਜ਼ੀ ਗਵਰਨਮੈਂਟ ਵਲੋਂ ਏਜੰਟ ਚਾਰਲਸ ਮਿਟਕਾਫ਼ ਰਾਹੀਂ, ਜੋ ਧਿਰ ਦੂਜੀ ਹੈ, ਲਿਖਤ ਹੋਇਆ :-

1. ਸਰਕਾਰ ਅੰਗਰੇਜ਼ੀ ਤੇ ਰਿਆਸਤ ਲਾਹੌਰ (ਪੰਜਾਬ) ਵਿਚ ਸਦਾ ਮਿੱਤਰਤਾ ਰਹੇਗੀ, ਦੂਜੀ ਧਿਰ (ਸਰਕਾਰ ਅੰਗਰੇਜ਼ੀ) ਪਹਿਲੀ ਵਿਚ ਮਹਾਰਾਜਾ ਸਾਹਿਬ ਬਹਾਦਰ ਨੂੰ ਸਨਮਾਨ ਦੀ ਨਜ਼ਰ ਨਾਲ ਵੇਖੇਗੀ ਅਤੇ ਉਹਨੂੰ ਵੱਡੀਆਂ ਪਤਵੰਤੀਆਂ ਤਾਕਤਾਂ ਵਿਚੋਂ ਸਮਝੇਗੀ ਤੇ ਅੰਗਰੇਜ਼ੀ ਗਵਰਨਮੈਂਟ ਨੂੰ ਮਹਾਰਾਜਾ ਸਾਹਿਬ ਬਹਾਦਰ ਦੇ ਇਲਾਕੇ ਤੇ ਪਰਜਾ ਨਾਲ ਜੋ ਦਰਿਆ ਸਤਲੁਜ ਦੇ ਉਤਰ ਵੱਲ ਹੈ ਕੋਈ ਵਾਸਤਾ ਨਹੀਂ ਹੋਵੇਗਾ ।

2. ਮਹਾਰਾਜਾ ਸਾਹਿਬ ਬਹਾਦਰ ਦੇ ਕਬਜ਼ੇ ਵਿਚ ਆਇਆ ਹੋਇਆ ਇਲਾਕਾ ਜਾਂ ਉਸ ਦੇ ਸਮੀਪੀ ਇਲਾਕਿਆਂ ਵਿਚ ਜੋ ਦਰਿਆ ਸਤਲੁਜ ਦੇ ਖੱਬੇ ਪਾਸੇ ਹਨ, ਉਹ ਉਸ ਤੋਂ ਵੱਧ ਫੌਜ ਨਹੀਂ ਰੱਖੇਗਾ, ਜੋ ਉਸ ਦੇ ਅੰਦਰਲੇ ਪ੍ਰਬੰਧਾਂ ਲਈ ਜ਼ਰੂਰੀ ਹੈ ਅਤੇ ਨਾ ਹੀ ਗਵਾਂਢੀ ਰਈਸਾਂ ਤੇ ਉਹਨਾਂ ਦੇ ਇਲਾਕਿਆਂ ਤੇ ਕੋਈ ਸਬੰਧ ਰੱਖੇਗਾ ।

3. ਉਪਰੋਕਤ ਸ਼ਰਤਾਂ ਵਿਚੋਂ ਕਿਸੇ ਇਕ ਦੇ ਟੁੱਟਣ ਜਾਂ ਦੋਹਾਂ ਤਾਕਤਾਂ ਵਿਚੋਂ ਇਕ ਦੂਜੇ ਨਾਲ ਮਿੱਤਰਤਾ ਦੇ ਵਰਤਾਰੇ ਵਿਚ ਪੂਰਾ ਨਾ ਉਤਰਨ ਦੀ ਦਸ਼ਾ ਵਿਚ ਇਹ ਅਹਿਦਨਾਮਾ ਟੁੱਟਾ ਸਮਝਿਆ ਜਾਵੇਗਾ ।

4. ਇਹ ਅਹਿਦਨਾਮਾ, ਜਿਸ ਵਿਚ ਦੋਹਾਂ ਧਿਰਾਂ ਦੀਆਂ ਸ਼ਰਤਾਂ ਲਿਖੀਆਂ ਹੋਈਆਂ ਹਨ, ਅੰਮ੍ਰਿਤਸਰ ਵਿਚ 25 ਅਪ੍ਰੈਲ 1809 ਈ: ਨੂੰ ਸੰਪੂਰਨ ਹੋਇਆ ।

ਮਿਸਟਰ ਚਾਰਲਸ ਮਿਟਕਾਫ਼ ਨੇ ਆਪਣੇ ਦਸਖਤੀਂ ਇਸ ਦਾ ਇਕ ਉਤਾਰਾ ਅੰਗਰੇਜ਼ੀ ਫ਼ਾਰਸੀ ਅੱਖਰਾਂ ਵਿਚ ਰਾਜਾ ਲਾਹੌਰ ਨੂੰ ਦੇ ਦਿਤਾਂ ਹੈ ਅਤੇ ਰਾਜਾ ਨੇ ਉਸਦੇ ਦੂਜੇ ਉਤਾਰੇ ਤੇ ਆਪਣੇ ਦਸਖਤ ਤੇ ਮੋਹਰ ਲਾ ਕੇ ਮਿਸਟਰ ਮਿਟਕਾਫ਼ ਭਰੋਸਾ ਦਿਵਾਉਂਦਾ ਹੈ ਕਿ ਉਹ ਦੋ ਮਹੀਨਿਆਂ ਦੇ ਅੰਦਰ ਉਸ ਦੀ ਪ੍ਰਵਾਨਗੀ ਰਾਈਟ ਔਨਰੇਬਲ ਗਵਰਨਰ ਜਨਰਲ ਇਨ-ਕੌਂਸਲ ਤੋਂ ਮੰਗਾ ਅਤੇ ਉਸਦੇ ਮਹਾਰਾਜਾ ਸਾਹਿਬ ਨੂੰ ਪਹੁੰਚਣ ਦੇ ਬਾਅਦ ਇਹ ਅਹਿਦਨਾਮਾ ਪੱਕਾ ਸਮਝਿਆ ਜਾਵੇਗਾ ਤੇ ਦੋਹਾਂ ਧਿਰਾਂ ਪਰ ਇਸਦੀ ਪਾਲਨਾ ਜ਼ਰੂਰੀ ਹੋਵੇਗੀ। ਅਹਿਦਨਾਮੇ ਦਾ ਇਹ ਉਤਾਰਾ ਜੋ ਇਸ ਸਮੇਂ ਮਹਾਰਾਜਾ ਸਾਹਿਬ ਬਹਾਦਰ ਨੂੰ ਦਿਤਾ ਜਾਂਦਾ

- - - - - - -

1. *ਅਸਲ ਅਹਿਦਨਾਮੇ ਦਾ ਬਲਾਕ ਜਿਸ ਪਰ ਲਾਰਡ ਮਿੰਟੂ ਦੇ ਹੱਥ ਦੇ ਅੱਖਰ ਹਨ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ੇਸ਼ ਨਿੱਕੀ ਮੋਹਰ ਸਪੱਸ਼ਟ ਦਿਸ ਰਹੀ ਹੈ, ਇਤਿਹਾਸਕ ਦ੍ਰਿਸ਼ਟੀਕੋਣ ਤੋਂ ਇਹ ਇਕ ਅਮੋਲਕ ਅਦੁੱਤੀ ਚੀਜ ਹੈ ।*

ਹੈ, ਮੋੜ ਲਿਆ ਜਾਵੇਗਾ ।

ਮੋਹਰ ਤੇ ਦਸਤਖਤ] [ਮੋਹਰ ਤੇ ਦਸਖਤ ਮਹਾਰਾਜਾ
ਸੀ. ਟੀ. ਮਿਟਕਾਫ] [ਰਣਜੀਤ ਸਿੰਘ ਬਹਾਦਰ

ਕੰਪਨੀ

ਇਹ ਅਹਿਦਨਾਮਾ 30 ਮਈ ਸੰਨ 1809 ਈ:
ਨੂੰ ਪ੍ਰਵਾਨ ਹੋ ਕੇ ਆਇਆ,
ਜੋ ਮਹਾਰਾਜੇ ਨੂੰ ਦੇ ਦਿੱਤਾ ਗਿਆ ।

ਇਸ ਅਹਿਦਨਾਮੇ ਦੇ ਮੁਕੰਮਲ ਹੋ ਜਾਣ ਉਪਰੰਤ ਮਿਸਟਰ ਮਿਟਕਾਫ ਬੜੀ ਖੁਸ਼ੀ ਤੇ ਪ੍ਰਸੰਨਤਾ ਨਾਲ 1 ਮਈ ਨੂੰ ਮਹਾਰਾਜਾ ਰਣਜੀਤ ਸਿੰਘ ਤੋਂ ਵਿਦਾ ਹੋਇਆ । ਵਿਦੈਗੀ ਸਮੇਂ ਇਸ ਨੂੰ ਨਿਯਮ ਅਨੁਸਾਰ ਬਹੁਮੁੱਲੀ ਖਿਲਤ ਦਿੱਤੀ ਗਈ ਤੇ ਗਵਰਨਰ ਜਨਰਲ ਲਈ ਭੀ ਸੁਗਾਤਾਂ ਭੇਜੀਆਂ ਗਈਆਂ ।

## ਸਤਲੁਜ ਪਾਰ ਦੇ ਰਈਸਾਂ ਲਈ ਇਤਲਾਹ ਨਾਮਾ

ਮਿਸਟਰ ਮਿਟਕਾਫ ਜਦ ਪਟਿਆਲੇ ਪੁੱਜਾ, ਤਾਂ ਗੌਰਮਿੰਟ ਹਿੰਦ ਦਾ ਉਹ ਹੁਕਮਨਾਮਾ ਸਾਰੇ ਰਈਸਾਂ ਨੂੰ ਪੜ੍ਹ ਕੇ ਸੁਣਾਇਆ, ਜਿਸ ਵਿਚ ਸਤਲੁਜ ਪਾਰ ਦੇ ਰਈਸਾਂ ਲਈ ਸ਼ਰਤਾਂ ਲਿਖੀਆਂ ਸਨ, ਜਿਸਦਾ ਸਾਰ (ਭਾਵ) ਇਹ ਹੈ :-

ਇਹ ਗੱਲ ਸੂਰਜ ਦੀ ਤਰ੍ਹਾਂ ਪ੍ਰਕਾਸ਼ਮਾਨ ਹੈ ਕਿ ਅੰਗਰੇਜ਼ੀ ਫੌਜ ਨੂੰ ਸਰਕਾਰ ਅੰਗਰੇਜ਼ੀ ਦਾ ਸਤਲੁਜ ਵੱਲ ਭੱਜਣਾ ਨਿਰੋਲ ਕਈ ਕੁ ਸਰਦਾਰਾਂ ਦੀ ਦਰਖ਼ਾਸਤ ਪਰ ਤੇ ਉਨ੍ਹਾਂ ਦੀ ਮਿਤ੍ਰਤਾ ਨੂੰ ਮੁਖ ਰੱਖ ਕੇ ਉਨ੍ਹਾਂ ਦੇ ਇਲਾਕਿਆਂ ਅਤੇ ਸੁਤੰਤ੍ਰਤਾ ਨੂੰ ਸਥਿਰ ਰੱਖਣ ਲਈ ਸੀ। ਇਸ ਸਮੇਂ ਇਕ ਅਹਿਦਨਾਮਾ 25 ਅਪ੍ਰੈਲ ਸੰਨ 1809 ਈ: ਨੂੰ ਮਹਾਰਾਜਾ ਰਣਜੀਤ ਸਿੰਘ ਤੇ ਸਰਕਾਰ ਅੰਗਰੇਜ਼ੀ ਵਿਚਾਲੇ ਗਵਰਨਰ ਜਨਰਲ ਦੀ ਪ੍ਰਵਾਨਗੀ ਨਾਲ ਹੋ ਚੁੱਕਾ ਹੈ । ਮੈਨੂੰ ਇਸ ਗੱਲ ਪ੍ਰਗਟ ਕਰਨ ਵਿਚ ਖੁਸ਼ੀ ਹੈ ਕਿ ਮੈਂ ਮਾਲਵਾ ਤੇ ਸਰਹੰਦ ਦੇ ਇਲਾਕੇ ਦੇ ਰਈਸਾਂ ਤੇ ਸਰਦਾਰਾਂ ਦੀ ਤਸੱਲੀ ਲਈ ਗਵਰਨਮਿੰਟ ਦੀ ਪ੍ਰਵਾਨਗੀ ਨਾਲ ਇਹ ਦਸਤਾਵੇਜ਼ ਪ੍ਰਗਟ ਕਰਦਾ ਹਾਂ, ਜਿਸ ਵਿਚ ਹੇਠ ਲਿਖੀਆਂ 7 ਸ਼ਰਤਾਂ ਹਨ :-

1. ਮਾਲਵਾ ਤੇ ਸਰਹੰਦ ਦੇ ਇਲਾਕੇ ਦੇ ਰਈਸ ਸਰਕਾਰ ਅੰਗਰੇਜ਼ੀ ਦੀ ਰੱਖਿਆ ਵਿਚ ਆ ਗਏ ਹਨ ਉਨ੍ਹਾਂ ਨੂੰ ਅੱਗੇ ਲਈ ਮਹਾਰਾਜਾ ਰਣਜੀਤ ਸਿੰਘ ਦੀ ਹਕੂਮਤ ਤੋਂ ਇਸ ਅਹਿਦਨਾਮੇ ਦੀਆਂ ਸ਼ਰਤਾਂ ਅਨੁਸਾਰ ਅੱਡ ਕੀਤਾ ਗਿਆ ਹੈ ।

2. ਉਨ੍ਹਾਂ ਰਈਸਾਂ ਦਾ ਉਹ ਸਾਰਾ ਇਲਾਕਾ ਜੋ ਅੰਗਰੇਜ਼ੀ ਰੱਖਿਆ ਵਿਚ ਆ ਗਿਆ ਹੈ, ਉਸ ਦੀ ਪੈਦਾਵਾਰ ਜਾਂ ਹੱਕ ਬਾਜਗੁਜ਼ਾਰੀ ਤੋਂ ਉਹ ਸੁਤੰਤਰ ਰਹੇਗਾ ।

3. ਇਨ੍ਹਾਂ ਰਈਸਾਂ ਦੇ ਜੋ ਅਧਿਕਾਰ ਅੰਗਰੇਜ਼ਾਂ ਨਾਲ ਸਬੰਧਤ ਹੋਣ ਤੋਂ ਪਹਿਲਾਂ ਸਨ, ਉਹ ਉਨ੍ਹਾਂ ਦੇ ਜਿਉਂ ਤੇ ਤਿਉਂ ਰਹਿਣਗੇ ।

4. ਜੇ ਕਦੀ ਸ਼ਾਂਤੀ ਸਥਿਰ ਰੱਖਣ ਲਈ ਅੰਗਰੇਜ਼ੀ ਫੌਜ ਨੂੰ ਇਨ੍ਹਾਂ ਦਿਆਂ ਇਲਾਕਿਆਂ ਵਿਚੋਂ ਲੰਘਣ ਦੀ ਵੀ ਲੋੜ ਪਏ ਤਾਂ ਇਹ ਜ਼ਰੂਰੀ ਹੋਵੇਗਾ ਕਿ ਜਿਸ ਰਈਸ ਦੇ

ਇਲਾਕ ਵਿਚ ਇਹ ਲੰਘੇ ਉਹ ਆਪਣੀ ਪੂਰੀ ਪੂਰੀ ਸ਼ਕਤੀ ਅਨੁਸਾਰ ਇਸ ਦੀ ਸਹਾਇਤਾ ਕਰੇ, ਉਸ ਨੂੰ ਅਨਾਜ ਅਤੇ ਹੋਰ ਜੋ ਕੁਝ ਲੋੜ ਪਵੇ, ਦੇਵੇ ।

5. ਜੇ ਕਦੇ ਕਿਸੇ ਦੇਸ਼ ਤੋਂ ਕੋਈ ਵੈਰੀ ਆ ਕੇ ਇਸ ਇਲਾਕੇ ਨੂੰ ਫਤਹ ਕਰਨਾ ਚਾਹੇ ਤਾਂ ਮਿਤ੍ਰਤਾ ਦੇ ਨਿਯਮ ਅਨੁਸਾਰ ਹਰ ਇਕ ਧਿਰ ਦੇ ਲਾਭ ਲਈ ਇਹ ਜ਼ਰੂਰੀ ਹੋਵੇਗਾ ਕਿ ਇਹ ਸਾਰੇ ਰਈਸ ਆਪੋ ਆਪਣੀਆਂ ਸਾਰੀਆਂ ਫੌਜਾਂ ਨਾਲ ਸਰਕਾਰ ਅੰਗਰੇਜ਼ੀ ਦੀ ਫੌਜ ਨਾਲ ਮਿਲ ਜਾਣ ਤੇ ਆਪਣੀ ਸਾਰੀ ਕੋਸ਼ਿਸ਼ ਨਾਲ ਵੈਰੀ ਨੂੰ ਇਸ ਮੁਲਕ ਤੋਂ ਕੱਢ ਦੇਣ । ਐਸੇ ਸਮੇਂ ਇਨ੍ਹਾਂ ਰਈਸਾਂ ਦੀ ਫੌਜ ਅੰਗਰੇਜ਼ੀ ਕਵੈਦਦਾਨ ਫੌਜ ਦੀ ਤਹਿਤ ਵਿਚ ਕੰਮ ਕਰੇਗੀ ।

6. ਉਹ ਸਭੈ ਵਲੈਤੀ ਸਮਾਨ ਜੋ ਯੂਰਪੀਨ ਇਲਾਕੇ ਤੋਂ ਅੰਗਰੇਜ਼ੀ ਫੌਜਾਂ ਦੇ ਵਰਤਣ ਲਈ ਇਸ ਇਲਾਕੇ ਵਿਚੋਂ ਲੰਘੇ, ਉਸ ਪਰ ਕੋਈ ਮਸਲੂ ਨਾ ਲਿਆ ਜਾਵੇਗਾ ।

7. ਜਿੰਨੇ ਘੋੜੇ ਸਰਕਾਰ ਅੰਗਰੇਜ਼ੀ ਦੇ ਰਸਾਲਿਆਂ ਲਈ, ਚਾਹੇ ਇਸ ਇਲਾਕੇ ਵਿਚੋਂ ਜਾਂ ਕਿਸੇ ਹੋਰ ਦੇਸ਼ ਤੋਂ ਖਰੀਦੇ ਹੋਏ ਇਸ ਇਲਾਕੇ ਵਿਚੋਂ ਲੰਘ ਕੇ ਜਾਣ, ਤਾਂ ਉਨ੍ਹਾਂ ਨੂੰ ਸਭ ਤਰ੍ਹਾਂ ਖੁਲ੍ਹ ਹੋਵੇਗੀ ਤੇ ਉਨ੍ਹਾਂ ਪਰ ਕੋਈ ਕਰ ਨਾ ਲਿਆ ਜਾਵੇਗਾ । ਘੋੜੇ ਲੰਘਾਣ ਜਾਂ ਖਰੀਦਣ ਵਾਲਿਆਂ ਪਾਸ ਰੈਜ਼ੀਡੈਂਟ ਦਿੱਲੀ ਜਾਂ ਸਰਹੰਦ ਦੇ ਅੰਗਰੇਜ਼ੀ ਕਰਮਚਾਰੀ ਦੀ ਦਸਖਤੀ ਰਾਹਦਾਰੀ ਹੋਇਆ ਕਰੇਗੀ ।

ਇਸ ਤਰ੍ਹਾਂ ਉਪਰੋਕਤ ਅਹਿਦਨਾਮੇ ਦੇ ਬਾਅਦ ਸਤਲੁਜ ਪਾਰ ਦੇ ਇਲਾਕੇ ਦੇ ਰਈਸਾਂ ਦਾ ਸਦਾ ਲਈ ਮਹਾਰਾਜਾ ਰਣਜੀਤ ਸਿੰਘ ਨਾਲੋਂ ਸਬੰਧ ਟੁੱਟ ਗਿਆ ।

ਇਸ ਦਿਨ ਤੋਂ ਅੰਗਰੇਜ਼ੀ ਛਾਵਣੀ ਲੁਧਿਆਣੇ ਵਿਚ ਪਾਈ ਗਈ, ਜਿਥੇ ਕੁਝ ਫੌਜ ਰੱਖਣੀ ਨੀਯਤ ਹੋਈ । ਇਸ ਫੌਜ ਦਾ ਕਮਾਂਡਰ ਸਰ ਡੇਵਡ ਅਕਟਰਲੋਨੀ ਥਾਪਿਆ ਗਿਆ, ਜੋ ਫੌਜੀ ਤੇ ਰਾਜਸੀ ਦੋਹਾਂ ਗੁਣਾਂ ਵਿਚ ਉਸ ਸਮੇਂ ਅਦੁੱਤੀ ਮੰਨਿਆ ਜਾਂਦਾ ਸੀ । ਇਸ ਦੇ ਨਾਲ ਲੁਧਿਆਣੇ ਵਿਚ ਰਹਿਣ ਲਈ ਬਖਸ਼ੀ ਨੰਦ ਭੰਡਾਰੀ ਵਟਾਲੇ ਦਾ ਵਸਨੀਕ ਮਹਾਰਾਜਾ ਰਣਜੀਤ ਸਿੰਘ ਦਾ ਸਫੀਰ ਨੀਯਤ ਹੋਇਆ ਅਤੇ ਇਸੇ ਤਰ੍ਹਾਂ ਖੁਸ਼ਵਕਤ ਰਾਏ ਲਾਹੌਰ ਦਰਬਾਰ ਵਿਚ ਅੰਗਰੇਜ਼ੀ ਸਰਕਾਰ ਵੱਲ ਖ਼ਬਰ ਨਵੀਸ ਥਾਪਿਆ ਗਿਆ ।

## ਗੋਰਖਿਆਂ ਤੋਂ ਦੂਜੀ ਵਾਰ ਸੰਸਾਰ ਚੰਦ ਨੂੰ ਬਚਾਉਣਾ

ਸੰਨ 1809 ਵਿਚ ਫੇਰ ਗੋਰਖਿਆਂ ਨੇ ਰਾਜਾ ਸੰਸਾਰ ਚੰਦ ਕਾਂਗੜੇ ਵਾਲੇ ਪਰ ਬਹੁਤ ਸਾਰੀ ਫੌਜ ਨਾਲ ਚੜ੍ਹਾਈ ਕੀਤੀ ਅਤੇ ਆਉਂਦੇ ਹੀ ਰਾਜਾ ਨੂੰ ਕੋਟ ਕਾਂਗੜੇ ਕਿਲ੍ਹੇ ਵਿਚ ਬੰਦ ਕਰ ਦਿੱਤਾ । ਰਾਜਾ ਸੰਸਾਰ ਚੰਦ ਨੇ ਜਦ ਆਪਣੇ ਆਪ ਨੂੰ ਗੋਰਖਿਆਂ ਹੱਥੋਂ ਬਚਣਾ ਅਸੰਭਵ ਡਿੱਠਾ ਤਾਂ ਉਸ ਨੇ ਭਾਈ ਫਤਹਿ ਚੰਦ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਲਾਹੌਰ ਭੇਜਿਆ ਕਿ ਮਹਾਰਾਜ ਆਪਣੀ ਫੌਜ ਨਾਲ ਉਨ੍ਹਾਂ ਦੀ ਇਸ ਕਠਿਨ ਸਮੇਂ ਵਿਚ ਸਹਾਇਤਾ ਕਰੇ, ਜਿਸ ਦੇ ਬਦਲੇ ਉਨ੍ਹਾਂ ਨੇ ਮਹਾਰਾਜੇ ਨੂੰ ਕਾਂਗੜੇ ਦਾ ਕਿਲ੍ਹਾ ਦੇਣਾ ਪ੍ਰਵਾਨ ਕੀਤਾ[1]। ਸ਼ੇਰਿ ਪੰਜਾਬ ਦਾ ਇਹ ਆਮ ਵਤੀਰਾ ਸੀ ਕਿ ਜਦ ਕੋਈ ਲੋੜਵੰਦ ਆਪ ਦੀ ਸੇਵਾ ਵਿਚ ਸਹਾਇਤਾ ਲਈ ਆਉਂਦਾ ਤਾਂ ਆਪ ਜ਼ਰੂਰ ਹੀ ਉਸ ਦੀ ਬਾਂਹ ਫੜਦੇ ।

- - - - - -

1. *ਘਨੱਯਾ ਲਾਲ ਤਾਰੀਖ ਪੰਜਾਬ, ਸਫਾ 206 ।*

ਇਸ ਸਮੇਂ ਮਹਾਰਾਜਾ ਨੇ ਸੰਸਾਰ ਚੰਦ ਤੇ ਫਤਹਿ ਚੰਦ ਦੀ ਬੇਨਤੀ ਮੰਨ ਲਈ ਤੇ ਉਨ੍ਹਾਂ ਦੀ ਸਹਾਇਤਾ ਲਈ ਤਿਆਰੀ ਦਾ ਹੁਕਮ ਦਿੱਤਾ । ਥੋੜ੍ਹੇ ਸਮੇਂ ਵਿਚ ਹੀ ਜ਼ਦ ਤਿਆਰੀਆਂ ਸੰਪੂਰਨ ਹੋ ਗਈਆਂ ਤਾਂ ਆਪ ਨੇ ਕੂਚ ਦਾ ਹੁਕਮ ਦੇ ਦਿੱਤਾ ਤੇ ਸਮੇਂ ਸਿਰ ਕਾਂਗੜੇ ਪਹੁੰਚ ਗਏ। ਇਥੇ ਪਹੁੰਚ ਕੇ ਵੈਰੀ ਦੇ ਲਸ਼ਕਰ ਦਾ ਰੰਗ ਵੇਖ ਕੇ ਇਕ ਦਿਨ ਸਵੇਰੇ ਹੀ ਵੈਰੀ ਦੀ ਫੌਜ ਪਰ ਜਾ ਧਾਵਾ ਕੀਤਾ । ਅੱਗੋਂ ਗੋਰਖੇ ਵੀ ਜੋ ਆਪਣੀ ਵੀਰਤਾ ਲਈ ਪ੍ਰਸਿੱਧ ਸਨ, ਚੰਗੀ ਤਰ੍ਹਾਂ ਜੰਮ ਕੇ ਲੜੇ ਤੇ ਪੂਰੀ ਵਰਯਾਮਤਾ ਦੱਸੀ, ਸਵੇਰ ਤੋਂ ਲੌਢੇ ਪਹਿਰ ਤੱਕ ਤੁਲਵੀਂ ਬਲ-ਪ੍ਰੀਖਿਆ ਹੁੰਦੀ ਰਹੀ । ਛੇਕੜ ਗੋਰਖਿਆਂ ਵਿਚ ਖਲਬਲੀ ਪੈ ਗਈ ਤੇ ਉਹ ਆਪਣੇ ਮੋਰਚੇ ਛੱਡ ਕੇ ਪਿੱਛੇ ਹੱਟ ਗਏ । ਬਸ ਉਨ੍ਹਾਂ ਦੇ ਪੈਰ ਹਿੱਲਣੇ ਹੀ ਸਨ ਕਿ ਉਪਰੋਂ ਸੱਜਰ ਸ਼ਾਹ ਖ਼ਾਲਸਾ ਫੌਜ ਨਾਲ ਹੋਰ ਹੱਲਾ ਕੀਤਾ ਗਿਆ, ਜਿਸ ਦਾ ਸਿੱਟਾ ਖ਼ਾਲਸੇ ਦੀ ਨਿਰੋਲ ਫਤਹਿ ਸੀ । ਸੂਰਜ ਦੇ ਲੋਪ ਹੁੰਦਿਆਂ ਗੋਰਖੇ ਵੀ ਇਨ੍ਹਾਂ ਪਹਾੜਾਂ ਵਿਚ ਅਲੋਪ ਹੋ ਗਏ । ਇਸ ਲੜਾਈ ਵਿਚ ਗੋਰਖਿਆਂ ਦਾ ਨੁਕਸਾਨ ਭਾਰੀ ਸੀ । ਦੂਜੇ ਦਿਨ ਪਤਾ ਲੱਗਾ ਕਿ ਇਹ ਭੌਣ ਦੇ ਲਾਗੇ ਫੇਰ ਇਕੱਠੇ ਹੋ ਕੇ ਮੋਰਚੇ ਤਿਆਰ ਕਰ ਰਹੇ ਹਨ । ਮਹਾਰਾਜਾ ਸਾਹਿਬ ਨੇ ਅਗਲੇ ਦਿਨ ਕੁਝ ਫੌਜ ਉਥੇ ਭੇਜ ਕੇ ਉਨ੍ਹਾਂ ਨੂੰ ਉਥੋਂ ਵੀ ਕੱਢਣ ਦਾ ਹੁਕਮ ਦਿੱਤਾ, ਇਥੇ ਗੋਰਖਿਆਂ ਨੇ ਪਿਛਲੀ ਭਾਂਜ ਦੇ ਕਲੰਕ ਨੂੰ ਧੋਣ ਲਈ ਤੇ ਆਪਣੀ ਕੌਮੀ ਅਣਖ ਨੂੰ ਬਚਾਉਣ ਲਈ ਭਾਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ । ਖ਼ਾਲਸਾ ਫੌਜ ਦੇ ਉਥੇ ਪਹੁੰਚਦੇ ਹੀ ਬੜੀ ਲਹੂ-ਡੋਲਵੀਂ ਲੜਾਈ ਆਰੰਭ ਹੋਈ । ਪਹਿਲੇ ਦੋਹਾਂ ਧਿਰਾਂ ਵਲੋਂ ਗੋਲੀਆਂ ਤੇ ਤੀਰ ਵਰ੍ਹਦੇ ਰਹੇ, ਛੇਕੜ ਹੁਣ ਦੋਵੇਂ ਫੌਜਾਂ ਇੰਨੀਆਂ ਲਾਗੇ ਪਹੁੰਚ ਗਈਆਂ ਕਿ ਗੋਲੀ ਬੰਦ ਹੋ ਗਈ । ਇਧਰੋਂ ਖ਼ਾਲਸੇ ਨੇ ਸ੍ਰੀ ਸਾਹਿਬ ਧੂਹ ਲਈਆਂ ਤੇ ਉਧਰ ਗੋਰਖਿਆਂ ਖੋਖਰੀਆਂ ਛਿਕ ਕੱਢੀਆਂ ਤੇ ਹੁਣ ਹੱਥੋ-ਹੱਥ ਘਸਮਾਨ ਮਚਿਆ ਕਿ ਮਾਨੋਂ ਕਹਿਰ ਵਰਤ ਗਿਆ । ਦੋਵੇਂ ਕੌਮਾਂ ਅੱਜ ਇਸ ਗੱਲ ਦਾ ਨਿਰਣਾ ਕਰਨਾ ਚਾਹੁੰਦੀਆਂ ਸਨ ਕਿ ਸੰਸਾਰ ਪਰ ਕਿਹੜੀ ਕੌਮ ਅਦੁੱਤੀ ਜੰਗੀ ਅਖਵਾਉਣ ਦੀ ਹੱਕਦਾਰ ਹੈ । ਅੱਜ ਸੁਆਦਲੀ ਲੜਾਈ ਹੋਈ, ਦੋਹਾਂ ਧਿਰਾਂ ਨੇ ਕੋਈ ਕਸਰ ਆਪੋ ਆਪਣੇ ਜੰਗੀ ਹੁਨਰ ਤੇ ਆਪਾ ਵਾਰਣ ਵਿਚ ਪਿੱਛੇ ਨਾ ਛੱਡੀ, ਗੁਰੂ ਨੂੰ ਇਹ ਮਨਜ਼ੂਰ ਸੀ ਕਿ ਖ਼ਾਲਸਾ ਸਭ ਤੋਂ ਉਚਾ ਰਹੇ ਜਿਸ ਲਈ ਗੋਰਖੇ ਲੰਮੀਆਂ ਤਲਵਾਰਾਂ ਦੀ ਮਾਰ ਤੋਂ ਅਧੀਰ ਹੋ ਕੇ ਇਕਾ-ਇਕ ਪਿੱਛੇ ਹਟਦੇ, ਉਧਰੋਂ ਖ਼ਾਲਸਾ ਹੋਰ ਅੱਗੇ ਵਧਿਆ ਤੇ ਹੁਣ ਵੈਰੀਆਂ ਵਿਚ ਇਕ ਆਮ ਭਾਜੜ ਪੈ ਗਈ ਅਰ ਮੈਦਾਨ ਖ਼ਾਲਸੇ ਦੇ ਹੱਥ ਰਿਹਾ । ਗੋਰਖੇ ਸੈਂਕੜੇ ਮੁਰਦੇ ਮੈਦਾਨ ਵਿਚ ਛੱਡ ਕੇ ਨੱਸ ਗਏ । ਖ਼ਾਲਸੇ ਦਾ ਨੁਕਸਾਨ ਵੀ ਖਾਸਾ ਸੀ, ਪਰ ਇਸ ਫਤਹਿ ਦਾ ਫਲ ਇਹ ਹੋਇਆ ਕਿ ਸਾਰਾ ਪਹਾੜੀ ਇਲਾਕਾ ਮਹਾਰਾਜਾ ਸਾਹਿਬ ਦੀ ਤਹਿਤ ਵਿਚ ਆਂ ਗਿਆ[1] । ਹੁਣ 24 ਦਸੰਬਰ ਸੰਨ 1808 ਈ: ਨੂੰ ਮਹਾਰਾਜਾ ਸਾਹਿਬ ਨੇ ਕਾਂਗੜੇ ਦੇ ਕਿਲ੍ਹੇ ਵਿਚ ਪ੍ਰਵੇਸ਼ ਕਰਕੇ ਇਕ ਦਰਬਾਰ ਕੀਤਾ, ਜਿਸ ਵਿਚ ਕਾਂਗੜਾ, ਚੰਬਾ, ਨੂਰ ਪੁਰ, ਕੋਟਲਾ ਸ਼ਾਹ ਪੁਰ, ਜਸਰੋਤਾ, ਬਸੋਲੀ, ਮਾਨਕੋਟ, ਜਸਵਾਨ, ਖਿਬਾਗਲੋਰ, ਕਹਿਲੂਰ, ਮੰਡੀ ਸੁਕੇਤ, ਕੁਲੂ ਅਤੇ ਦਾਤਾਰਪੁਰ ਆਦਿ ਦੇ ਰਾਜੇ ਹਾਜ਼ਰ ਸਨ । ਸਾਰੇ ਪਹਾੜੀ ਰਾਜਿਆਂ ਨੇ ਸ਼ੇਰਿ ਪੰਜਾਬ ਅੱਗੇ ਨਜ਼ਰਾਂ ਪੇਸ਼ ਕੀਤੀਆਂ ਅਤੇ ਮਹਾਰਾਜਾ ਸਾਹਿਬ ਵਲੋਂ ਸਭ ਨੂੰ ਬਹੁਮੁੱਲੀਆਂ ਖਿਲਤਾਂ ਮਿਲੀਆਂ । ਇਸ ਸਮੇਂ ਇਨ੍ਹਾਂ ਸਾਰੀਆਂ ਰਿਆਸਤਾਂ ਦਾ ਗਵਰਨਰ ਕਿਲ੍ਹਾਦਾਰ ਸਰਦਾਰ ਦੇਸਾ ਸਿੰਘ ਮਜੀਠਿਆ ਥਾਪਿਆ ਗਿਆ ਤੇ ਇਸ ਦੀ ਤਹਿਤ ਵਿਚ

- - - - - -

*1. ਘਨੱਯਾ ਲਾਲ ਤਾਰੀਖ ਪੰਜਾਬ, ਸਫਾ 208*

ਪਹਾੜ ਸਿੰਘ ਨਾਇਬ ਨਾਜ਼ਮ ਨਿਯੁਕਤ ਹੋਇਆ। ਜਿੰਨੀ ਫੌਜ ਦੀ ਲੋੜ ਸਮਝੀ ਗਈ ਉਹ ਕਿਲ੍ਹਾ ਕਾਂਗੜਾ ਵਿਚ ਹੀ ਰੱਖੀ ਗਈ। ਏਥੇ ਹੁੰਦੇ ਹੁੰਦੇ ਮਹਾਰਾਜਾ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆ ਗਏ। ਇਸੇ ਇਸ ਫਤਹਿ ਪਰ ਬੜੀਆਂ ਖੁਸ਼ੀਆਂ ਸਰਬੱਤ ਪਰਜਾ ਵਲੋਂ ਮਨਾਈਆਂ ਗਈਆਂ। ਮਹਾਰਾਜੇ ਨੇ ਸ੍ਰੀ ਦਰਬਾਰ ਸਾਹਿਬ ਦੇ ਟਹਿਲੇ ਲਈ ਭਾਰੀ ਗੱਫਾ ਅਰਦਾਸ ਕਰਵਾਇਆ।

ਫਰਵਰੀ ਸੰਨ 1810 ਈ: ਵਿਚ ਸ਼ੇਰਿ ਪੰਜਾਬ ਖੁਸ਼ਾਬ ਦੀ ਮੁਹਿੰਮ ਪਰ ਆਏ ਹੋਏ ਸਨ ਕਿ ਇਥੇ ਸ਼ਾਹਸੁਜ਼ਾ ਦੇ ਆਦਮੀ ਆਏ ਤੇ ਕਹਿਣ ਲੱਗੇ ਕਿ ਸ਼ਾਹ ਸੁਜ਼ਾ-ਉਲ ਸ਼ਾਹ ਕਾਬਲ, ਮਹਿਮੂਦ ਤੋਂ ਨੱਸ ਕੇ ਪੰਜਾਬ ਵੱਲ ਆਪ ਨੂੰ ਮਿਲਣ ਆ ਰਿਹਾ ਹੈ, ਜਿਹੜੀ ਥਾਂ ਆਪ ਦੱਸੋ ਉਥੇ ਪਹੁੰਚ ਜਾਏ। ਮਹਾਰਾਜੇ ਨੇ ਸ਼ਾਹ ਸੁਜ਼ਾ ਨੂੰ ਖੁਸ਼ਾਬ ਵਿਚ ਹੀ ਬੁਲਾ ਲਿਆ। ਕੁਝ ਦਿਨਾਂ ਬਾਅਦ ਸ਼ਾਹ ਇਥੇ ਆ ਗਿਆ। ਮਹਾਰਾਜਾ ਸਾਹਿਬ ਨੇ ਸਹੀ ਤਰੀਕੇ ਨਾਲ 1250 ਰੁਪਿਆ ਉਸ ਦੀ ਪ੍ਰਾਹੁਣਚਾਰੀ ਲਈ ਪਹਿਲੇ ਦਿਨ ਭੇਜਿਆ ਤੇ ਉਸ ਦਾ ਮਾਣ ਸਭ ਤਰ੍ਹਾਂ ਮੁੱਖ ਰੱਖਿਆ। ਸ਼ਾਹ ਮਹਾਰਾਜੇ ਦਾ ਅਤਿ ਧੰਨਵਾਦੀ ਸੀ, ਫੇਰ ਇਸ ਅਪਦਾ ਦੇ ਸਮੇਂ ਉਸ ਨੇ ਮਹਾਰਾਜੇ ਤੋਂ ਗੁਜ਼ਾਰਾ ਮੰਗਿਆ, ਜੋ ਖੁੱਲ੍ਹੇ ਦਿਲ ਮਹਾਰਾਜੇ ਨੇ ਖੁਸ਼ੀ ਨਾਲ ਸ਼ਾਹ ਦੀ ਮੰਗ ਅਨੁਸਾਰ ਦੇਣਾ ਪ੍ਰਵਾਨ ਕੀਤਾ। ਸ਼ਾਹ ਨੇ ਇਸ ਸਮੇਂ ਇਹ ਵੀ ਸ਼ਕਾਇਤ ਕੀਤੀ ਕਿ ਨਵਾਬ ਮੁਲਤਾਨ ਨੇ ਇਸ ਕਸ਼ਟ ਸਮੇਂ ਉਸ ਨਾਲ ਚੰਗਾ ਵਰਤਾਵ ਨਹੀਂ ਕੀਤਾ ਆਪ ਇਸ ਨੂੰ ਇਸ ਬੁਰੇ ਸਲੂਕ ਦੀ ਸਜ਼ਾ ਦੇਵੋ। ਸ਼ਾਹ ਸੁਜ਼ਾ ਨੇ ਆਪਣੇ ਵਸੇਵੇਂ ਲਈ ਪਹਿਲੇ-ਪਹਿਲ ਰਾਵਲਪਿੰਡੀ ਪਸੰਦ ਕੀਤੀ ਸ਼ੇਰਿ ਪੰਜਾਬ ਨੇ ਇਲਾਕੇ ਦੇ ਕਾਰਦਾਰ ਦੇ ਨਾਮ ਫੁਰਮਾਨ ਲਿਖ ਦਿੱਤਾ ਕਿ ਸ਼ਾਹ ਦੇ ਰਹਿਣ ਲਈ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਜਾਣ, ਇਸ ਦੇ ਬਾਅਦ ਸ਼ਾਹ ਸੁਜ਼ਾ ਮਹਾਰਾਜੇ ਤੋਂ ਆਗਿਆ ਲੈ ਕੇ ਰਾਵਲਪਿੰਡੀ ਵੱਲ ਪਰਤ ਆਇਆ, ਤੇ ਇਸ ਤਰ੍ਹਾਂ ਇਹ ਦੁਰਾਨੀ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ ਦਾ ਪੋਤਰਾ, ਮਹਾਰਾਜਾ ਸਾਹਿਬ ਦੇ ਦਾਨ ਪਰ ਰਹਿਣ ਲੱਗਾ।

## ਸ਼ਹਿਜ਼ਾਦਾ ਖੜਗ ਸਿੰਘ ਦਾ ਵਿਆਹ

ਸੰਨ 1812 ਈ: ਦੇ ਆਰੰਭ ਹੁੰਦਿਆਂ ਹੀ ਸ਼ਹਿਜ਼ਾਦਾ ਖੜਗ ਸਿੰਘ ਦੇ ਵਿਆਹ ਦੀਆਂ ਤਿਆਰੀਆਂ ਹੋਣ ਲੱਗੀਆਂ। ਇਸ ਸਮੇਂ ਰਾਜਾ ਪਟਿਆਲਾ, ਨਾਭਾ, ਜੀਂਦ ਅਤੇ ਸਰਦਾਰ ਕੈਂਥਲ ਆਦਿ ਆਏ ਤੇ ਸਰ ਡੇਵਡ.ਅਕਟਰਲੋਨੀ ਸਰਕਾਰ ਅੰਗਰੇਜ਼ੀ ਦਾ ਪ੍ਰਤੀਨਿੱਧ ਹੋ ਕੇ ਆਇਆ। ਵਾਲੀਏ ਕਾਬਲ ਤੇ ਮੁਲਤਾਨ ਅਤੇ ਗਵਰਨਰ ਕਸ਼ਮੀਰ ਆਦਿ ਵੱਡੇ ਪਤਵੰਤੇ ਜਾਂਵੀਆਂ ਦਾ ਇਕੱਠ ਹੋਇਆ। ਲਗਭਗ ਸਾਰਾ ਪੰਜਾਬ ਅਤੇ ਖ਼ਾਲਸਾ ਫੌਜਾਂ ਇਸ ਖੁਸ਼ੀ ਨੂੰ ਮਾਣ ਰਹੀਆਂ ਸਨ।

ਜਨੇਤ ਲਾਹੌਰ ਤੋਂ ਤੁਰ ਕੇ ਫਤਹਗੜ੍ਹ (ਗੁਰਦਾਸਪੁਰ) ਸਰਦਾਰ ਜੈਮਲ ਸਿੰਘ ਘਨੱਯੇ ਦੇ ਘਰ ਬੜੀ ਧੂਮ ਧਾਮ ਨਾਲ ਹਾਥੀਆਂ ਦੇ ਜਲੂਸ ਪਰ ਪਹੁੰਚੀ। ਸਾਰੇ ਪ੍ਰਾਹੁਣਿਆਂ ਦੇ ਰੰਗੀਲੇ ਸਜੀਲੇ ਪੁਸ਼ਾਕੇ ਝਿਲਮਿਲ ਝਿਲਮਿਲ ਕਰ ਰਹੇ ਸਨ। ਅੱਗੋਂ ਘਨੱਯਾ ਸਰਦਾਰਾਂ ਨੇ ਇਹਨਾਂ ਪਤਵੰਤੇ ਪ੍ਰਾਹੁਣਿਆਂ ਦੀ ਆਗਤ ਵਿਚ ਕੋਈ ਊਣਤਾਈ ਨਾ ਰਹਿਣ ਦਿੱਤੀ, ਰੁਪਏ ਨੂੰ ਪਾਣੀ ਵਤ ਵਾਰਿਆ। ਹਰ ਇਕ ਜਾਂਵੀ ਨੂੰ ਉਸ ਦੇ ਰੁਤਬੇ ਅਨੁਸਾਰ ਸਿਰੋਪਾ ਤੇ ਖਿਲਤਾਂ

ਦਿੱਤੀਆਂ । ਇਸ ਸਮੇਂ ਸ਼ਾਹਜ਼ਾਦੇ ਨੂੰ ਜੋ ਨਿਉਂਦਾ ਪਿਆ ਉਹ ਇਸ ਤਰ੍ਹਾਂ ਹੈ :-

ਯਾਰਾਂ ਯਾਰਾਂ ਹਜ਼ਾਰ ਰੁਪਿਆ ਤੇ ਇਕ ਇਕ ਹਾਥੀ ਫੂਲਬੰਸੀ ਰਾਜਿਆਂ ਤੇ ਭਾਈ ਲਾਲ ਸਿੰਘ ਕੈਂਥਲ ਵਾਲਿਆਂ ਨੇ ਦਿੱਤਾ, 40000) ਫਕੀਰ ਅਜ਼ੀਜ਼ੁਦੀਨ, 17000) ਦੀਵਾਨ ਦੇਵੀ ਦਾਸ, 1000)ਦੀਵਾਨ ਭਵਾਨੀ ਦਾਸ, ਇਕ ਇਕ ਹਜ਼ਾਰ ਦੀਵਾਨ ਹੁਕਮ ਸਿੰਘ ਤੇ ਸਰਦਾਰ ਨਿਹਾਲ ਸਿੰਘ ਅਟਾਰੀ ਵਾਲੇ ਨੇ ਦਿੱਤਾ, ਪੰਜ ਪੰਜ ਹਜ਼ਾਰ ਸਰਦਾਰ ਦਲ ਸਿੰਘ ਤੇ ਸ: ਮਿਤ ਸਿੰਘ ਭੜਾਨੀਆਂ ਨੇ ਦਿੱਤਾ, ਇਸੇ ਤਰ੍ਹਾਂ 16000) ਲਾਲਾ ਰਾਮਾ ਨੰਦ ਸਰਾਫ਼, 4000) ਰਾਜਾ ਨੂਰਪੁਰ, 9000) ਰਾਜਾ ਚੰਬੇ ਵਾਲਾ, 4000) ਰਾਜਾ ਜਸਰੋਤਾ, 11000) ਸਰਦਾਰ ਫਤਹਿ ਸਿੰਘ ਆਹਲੂਵਾਲੀਆ, 21000) ਸਰਦਾਰ ਜੋਧ ਸਿੰਘ ਰਾਮਗੜੀਆ, 7000) ਰਾਜਾ ਸੰਸਾਰ ਚੰਦ, 2000) ਅਹਿਮਦ ਖ਼ਾਨ ਸਿਆਲ ਸਣੇ ਦੋ ਘੋੜਿਆਂ ਦੇ, 5000) ਰਾਜਾ ਬਸੋਲੀ, 4000) ਰਾਜਾ ਹਰੀਪੁਰੀਆ, 4000) ਰਾਜਾ ਮਨਕੋਟੀਆ, 2000) ਨਵਾਬ ਕੁਤਬਦੀਨ ਸਣੇ ਸੱਤ ਘੋੜਿਆਂ ਦੇ,20000) ਨਵਾਬ ਰੁਕਨਲ ਦੌਲਾ ਮੁਹੰਮ ਸਾਦਿਕ ਖਾਨ, 10500) ਨਵਾਬ ਸਰ ਬੁਲੰਦ ਖਾਨ, 5000) ਨਵਾਬ ਮੁਲਤਾਨ, 5000) ਅੰਗਰੇਜ਼ੀ ਏਜੰਟ ਵਲੋਂ ਦਿੱਤਾ ਗਿਆ । ਇਹ ਕਿਹਾ ਜਾਂਦਾ ਹੈ ਕਿ ਇਸ ਸਮੇਂ ਮਹਾਰਾਜੇ ਨੇ ਬਹੁਤ ਘੱਟ ਤੰਬੋਲ ਪ੍ਰਵਾਨ ਕੀਤਾ । ਫੌਜਾਂ ਵਿਚ ਕੰਠੇ, ਪੱਗਾਂ ਤੇ ਮਠਿਆਈਆਂ ਆਦਿ ਬਹੁਤ ਕੁਝ ਬਖਸ਼ੀਸ਼ਾਂ ਦਿੱਤੀਆਂ ।

ਰਾਣੀ ਚੰਦ ਕੌਰ ਨੂੰ ਦਾਜ ਵੀ ਉਸਦੀ ਸ਼ਾਨ ਅਨੁਸਾਰ ਮਿਲਿਆ, ਨਿਯਤ ਦਿਨਾਂ ਦੇ ਬਾਅਦ ਬੜੀ ਸ਼ਾਨ ਨਾਲ ਡੋਲਾ ਲਾਹੌਰ ਲਿਆਂਦਾ ਗਿਆ ।

ਇਸ ਸਮੇਂ ਮਹਾਰਾਜਾ ਸਾਹਿਬ ਨੇ ਅੰਗਰੇਜ਼ੀ ਏਜੰਟ ਨਾਲ ਐਸੀ ਖੁੱਲ੍ਹ-ਦਿਲੀ ਨਾਲ ਮਿਲਾਪ ਕੀਤਾ ਕਿ ਉਹ ਸਾਰੇ ਸ਼ੰਕੇ-ਜੋ ਦੋਵਾਂ ਧਿਰਾਂ ਦੇ ਮਨਾਂ ਵਿਚ ਪਏ ਹੋਏ ਸਨ-ਹੁਣ ਚੰਗੀ ਤਰ੍ਹਾਂ ਨਵਿਰਤ ਹੋ ਗਏ । ਲਾਹੌਰ ਪਹੁੰਚ ਕੇ ਮਹਾਰਾਜਾ ਸਾਹਿਬ ਨੇ ਸਰ ਡੇਵਡ ਨੂੰ ਕੁਝ ਦਿਨ ਹੋਰ ਪ੍ਰਾਹੁਣਾ ਰੱਖਿਆ ਅਤੇ ਆਪਣੀਆਂ ਫੌਜਾਂ ਦੀ ਪਰੇਡ ਦੱਸੀ । ਹੁਣ ਬੜੇ ਪਿਆਰ ਨਾਲ ਡੇਵਡ ਲਾਹੌਰ ਤੋਂ ਵਿਦਾ ਹੋਇਆ ।

## ਕੋਹਿਨੂਰ ਹੀਰੇ ਦਾ ਇਤਿਹਾਸ

ਇਹ ਹੀਰਾ ਸੰਸਾਰ ਦੇ ਸਰਬੱਤ ਹੀਰਿਆਂ ਵਿਚੋਂ ਵੱਧ ਪ੍ਰਸਿੱਧਤਾ ਰੱਖਦਾ ਸੀ । ਇਸ ਦਾ ਇਤਿਹਾਸ ਬੜਾ ਵਚਿੱਤਰ ਹੈ । ਕਈ ਲੇਖਕ ਇਸ ਦੀ ਜੀਵਨ-ਕਥਾ ਬੜੇ ਪੁਰਾਤਨ ਸਮੇਂ ਤੱਕ ਪਹੁੰਚਾਉਂਦੇ ਹਨ । ਪਰ ਇਸ ਦੀ ਪੁਸ਼ਟੀ ਲਈ ਕੋਈ ਠੋਸ ਵਿਗਿਆਨਿਕ ਸਬੂਤ ਅੱਜ ਤੀਕ ਜਨਤਾ ਦੇ ਮੂਹਰੇ ਕਿਸੇ ਨਹੀਂ ਧਰਿਆ । ਇਸ ਲਈ ਅਸੀਂ ਇਸ ਦੀ ਆਯੂ ਦਾ ਉਹ ਹੀ ਸਮਾਂ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰਦੇ ਹਾਂ ਜਦ ਤੋਂ ਇਹ ਬਹੁਮੁੱਲਾ ਹੀਰਾ ਇਤਿਹਾਸਿਕ ਚਾਨਣੇ ਵਿਚ ਆਇਆ ।

15 ਦਸੰਬਰ 1525 ਈ: ਨੂੰ ਬਾਬਰ ਨੇ ਹਿੰਦ ਪਰ ਧਾਵਾ ਕੀਤਾ । ਪਾਨੀਪਤ ਦੀ ਲਹੂ ਡੋਲ੍ਹਵੀਂ ਲੜਾਈ ਵਿਚ ਇਬਰਾਹੀਮ ਲੋਧੀ ਪਰ ਫਤਹਿ ਪਾ ਕੇ 22 ਅਪ੍ਰੈਲ ਨੂੰ ਇਸ ਦਿੱਲੀ ਪਰ ਕਬਜ਼ਾ ਕਰ ਲਿਆ ।

ਪਾਨੀਪਤ ਦੀ ਵਿਜਯ ਦੇ ਦਿਨ ਹੀ ਬਾਬਰ ਨੇ ਆਪਣੇ ਪੁੱਤਰ ਸ਼ਾਹਜ਼ਾਦਾ ਹੇਮਾਯੂਨ ਨੂੰ ਆਗਰੇ ਪਰ ਅਧਿਕਾਰ ਦੀ ਪ੍ਰਾਪਤੀ ਲਈ ਜੋ ਉਸ ਸਮੇਂ ਲੋਧੀਆਂ ਦੀ ਰਾਜਧਾਨੀ ਸੀ-ਉਧਰ ਨੂੰ ਸਣੇ ਫੌਜ ਤੋਰ ਦਿੱਤਾ ।

ਹੇਮਾਯੂਨ ਨੇ ਆਗਰੇ ਪਹੁੰਚਦਿਆਂ ਹੀ ਸ਼ਹਿਰ ਨੂੰ ਘੇਰੇ ਵਿਚ ਰੱਖ ਲਿਆ। ਇਬਰਾਹੀਮ ਤਾਂ ਪਾਨੀਪਤ ਦੇ ਸੰਗਰਾਮ ਵਿਚ ਹੀ ਮਾਰਿਆ ਗਿਆ ਸੀ ਹੁਣ ਮੁੜ ਕਿਸ ਲੜਨਾ ਸੀ। ਹੇਮਾਯੂਨ ਬਿਨਾਂ ਲੜਾਈ ਦੇ ਰਾਜਧਾਨੀ ਵਿਚ ਜਾ ਵੜਿਆ।

ਇਸ ਸਮੇਂ ਇਕ ਵਿਲੱਖਣ ਘਟਨਾ ਸਾਹਮਣੇ ਆਈ। ਹੇਮਾਯੂਨ ਜਦ ਸਣੇ ਵਿਜਯੀ ਸੈਨਾ ਦੇ ਆਗਰੇ ਦੇ ਕਿਲ੍ਹੇ ਵਿਚ ਦਾਖਲ ਹੋ ਰਿਹਾ ਸੀ ਤਾਂ ਕਿਲ੍ਹੇ ਦੇ ਦਰਵਾਜੇ ਪਰ ਇਕ ਬਿਰਧ ਇਸਤਰੀ ਮਿਲੀ ਜਿਸ ਨੇ ਸ਼ਾਹਜ਼ਾਦੇ ਦੇ ਹੱਥ ਇਕ ਡੱਬੀ ਫੜਾ ਕੇ ਆਪਣੀ ਜਾਨ ਦੀ ਰੱਖਿਆ ਲਈ ਬਿਨੈ ਕੀਤੀ[1]। ਸ਼ਾਹਜ਼ਾਦੇ ਜਦ ਡੱਬੀ ਖੋਲ੍ਹੀ ਤਾਂ ਉਸ ਵਿਚ ਜਗਤ ਦਾ ਇਹ ਵੱਡਮੁੱਲਾ ਹੀਰਾ ਜਗਮਗਾਉਂਦਾ ਹੋਇਆ ਉਸ ਨੂੰ ਦਿਸਿਆ।

ਬਾਬਰ ਦਿੱਲੀ ਵਿਚ ਫੌਜੀ ਪ੍ਰਬੰਧ ਸਥਾਪਤ ਕਰਕੇ ਮਈ ਸੰਨ 1526 ਨੂੰ ਆਗਰੇ ਪੁੱਜ ਗਿਆ। ਇਸ ਸਮੇਂ ਹੇਮਾਯੂਨ ਜਦ ਆਪਣੇ ਪਿਤਾ ਦੀ ਹਜ਼ੂਰੀ ਵਿਚ ਹਾਜ਼ਰ ਹੋਇਆ ਤਾਂ ਇਹ ਹੀਰਾ ਉਸ ਦੇ ਮੂਹਰੇ ਰੱਖਿਆ। ਬਾਬਰ ਨੇ ਸ਼ਾਹਜ਼ਾਦੇ ਪਰ ਪ੍ਰਸੰਨ ਹੋ ਕੇ ਇਹ ਹੀਰਾ ਉਸੇ ਨੂੰ ਸੁਗਾਤ ਵਜੋਂ ਬਖਸ਼ ਦਿੱਤਾ।

ਇਸ ਘਟਨਾ ਬਾਰੇ ਬਾਬਰ ਆਪਣੀ ਲਿਖਤ 'ਤੁਜ਼ਕੇ ਬਾਬਰੀ' ਵਿਚ ਲਿਖਦਾ ਹੈ:- ਜਿਹੜੇ ਜਵਾਹਰ ਸ਼ਾਹਜ਼ਾਦਾ ਹੇਮਾਯੂਨ ਨੂੰ ਆਗਰੇ ਦੇ ਕਿਲ੍ਹੇ ਵਿਚ ਦਾਖਲੇ ਸਮੇਂ ਮਿਲੇ ਸਨ, ਉਨ੍ਹਾਂ ਵਿਚ ਇਹ ਅਦੁੱਤੀ ਹੀਰਾ ਵੀ ਮੌਜੂਦ ਸੀ, ਜਿਸ ਦਾ ਤੋਲ 320 ਰੱਤੀ ਸੀ। ਇਸ ਦਾ ਮੁੱਲ ਸੰਸਾਰ ਦੇ ਸਾਰਿਆਂ ਹੀਰਿਆਂ ਤੋਂ ਵੱਧ ਹੈ। ਸ਼ਾਹਜ਼ਾਦਾ ਜਦ ਮੇਰੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਉਸ ਨੇ ਇਹ ਹੀਰਾ ਮੇਰੇ ਸਾਹਮਣੇ ਰੱਖਿਆ। ਮੈਂ ਉਸ ਸਮੇਂ ਸ਼ਾਹਜ਼ਾਦੇ ਪਰ ਐਨਾ ਪ੍ਰਸੰਨ ਹੋਇਆ ਕਿ ਇਹ ਬਹੁਮੁੱਲਾ ਹੀਰਾ ਉਸ ਨੂੰ ਹੀ ਬਖਸ਼ ਦਿੱਤਾ।

ਇਉਂ ਸੰਨ 1526 ਦੇ ਬਾਅਦ ਹੀਰੇ ਦੀ ਅਦਲਾ ਬਦਲੀ ਦੇ ਪੂਰੇ ਸਮਾਚਾਰ ਲਿਖਤ ਵਿਚ ਆਵਣ ਲੱਗੇ। ਇਹ ਰਤਨ ਸੰਨ 1540 ਤੱਕ ਹਿੰਦ ਦੇ ਖਜ਼ਾਨੇ ਵਿਚ ਰਿਹਾ ਇਸੇ ਦਿਨ ਜਦ ਕਨੌਜ ਦੀ ਰਣਭੂਮੀ ਵਿਚ ਸ਼ਾਹ ਹੇਮਾਯੂਨ ਨੂੰ ਸ਼ੇਰ ਸ਼ਾਹ ਸੂਰੀ ਦੇ ਹੱਥੋਂ ਭਾਂਜ ਹੋਈ ਤਾਂ ਉਸ ਜਾਨ ਬਚਾ ਕੇ ਈਰਾਨ ਵਿਚ ਜਾ ਪਨਾਹ ਲਈ। ਇਸ ਸਮੇਂ ਉਹ ਇਹ ਹੀਰਾ ਗੁਪਤ ਢੰਗ ਨਾਲ ਹਿੰਦ ਤੋਂ ਬਾਹਰ ਆਪਣੇ ਨਾਲ ਲੈ ਗਿਆ।

ਸੰਨ 1555 ਨੂੰ ਹੇਮਾਯੂਨ ਨੇ ਜਦ ਮੁੜ ਹਿੰਦ ਪਰ ਆਪਣਾ ਅਧਿਕਾਰ ਜਮਾ ਲਿਆ ਤਾਂ ਇਹ ਹੀਰਾ ਮੁੜ ਹਿੰਦ ਵਿਚ ਪਹੁੰਚ ਗਿਆ। ਇਹ ਗੱਲ ਬੜੇ ਅਚੰਭੇ ਵਾਲੀ ਹੈ ਕਿ ਐਨਾ ਲੰਮਾ ਸਮਾਂ ਇਹ ਨਿਰਮੋਲਕ ਹੀਰਾ ਬਿਨਾਂ ਨਾਂ ਦੇ ਹੀ ਪਿਆਰਿਆ ਜਾਂਦਾ ਰਿਹਾ।

ਇਹ ਸਵਾ ਦੋ ਸਾਲ ਮੁਗ਼ਲਾਂ ਦੇ ਕਬਜ਼ੇਂ ਵਿਚ ਰਿਹਾ। ਸੰਨ 1739 ਵਿਚ ਨਾਦਰ ਸ਼ਾਹ ਨੇ ਅਹਿਮਦ ਸ਼ਾਹ ਰੰਗੀਲੇ ਨੂੰ ਹਾਰ ਦੇ ਕੇ ਦਿੱਲੀ ਖਜ਼ਾਨੇ ਪਰ ਕਬਜ਼ਾ ਕਰ ਲਿਆ। ਉਸ ਸਮੇਂ ਇਹ ਹੀਰੇ ਦੀ ਚਮਕ ਤੇ ਪ੍ਰਕਾਸ਼ ਨੂੰ ਵੇਖ ਕੇ ਨਾਦਰ ਸ਼ਾਹ ਦੇ ਮੂੰਹ ਸੁੱਤੇ ਹੀ ਨਿਕਲ ਗਿਆ- 'ਵਲਾਹ ਈਂ ਕੋਹਨੂਰ ਅਸਤ' ਕਿ ਇਹ ਤਾਂ 'ਕੋਹਨੂਰ' ਹੈ। ਕੋਹ ਦੇ ਅਰਥ ਪਹਾੜ ਦੇ ਹਨ ਅਤੇ ਨੂਰ ਦੇ ਮਹਿਨੇ ਰੋਸ਼ਨੀ ਅਰਥਾਤ ਇਹ ਤਾਂ ਰੋਸ਼ਨੀ ਦਾ ਪਹਾੜ ਹੈ। ਇਸ ਦਿਨ ਤੋਂ ਇਸ ਦਾ ਨਾਂ ਕੋਹਨੂਰ ਪ੍ਰਸਿੱਧ ਹੋਇਆ।

ਇਸ ਅਭਾਗੇ ਸਾਲ ਕੋਹਨੂਰ ਨੂੰ ਆਪਣੇ ਪਿਆਰੇ ਦੇਸ਼ ਹਿੰਦ ਤੋਂ ਜਲਾਵਤਨ ਕਰਕੇ

------

1. *ਇਹ ਬਿਰਧਾ ਇਬਰਾਹੀਮ ਦੀ ਮਾਤਾ ਸੀ।*

ਨਾਦਰ ਸ਼ਾਹ ਦਿੱਲੀ ਦੀ ਲੁੱਟ ਦੇ ਪਦਾਰਥਾਂ ਨਾਲ ਇਸ ਨੂੰ ਖੁਰਾਸਾਨ ਲੈ ਗਿਆ ।

ਸੰਨ 1747 ਨੂੰ ਜਦ ਨਾਦਰ ਸ਼ਾਹ, ਕਿਲਾਤ ਦੇ ਮੁਕਾਮ ਪਰ ਆਪਣੇ ਕਰਮਚਾਰੀਆਂ ਦੇ ਹੱਥੋਂ ਕਤਲ ਹੋਇਆ ਤਾਂ ਉਸ ਤੰਬੂ ਵਿਚੋਂ ਇਹ ਹੀਰਾ ਅਹਿਮਦਸ਼ਾਹ ਅਬਦਾਲੀ ਦੇ ਹੱਥ ਚੜ੍ਹ ਗਿਆ[1] । ਇਥੇ ਲਗਭਗ 64 ਸਾਲ ਦੇ ਬਾਅਦ ਇਸ ਦੇ ਭਾਗ ਜਾਗੇ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਰਾਹੀਂ ਇਸ ਨੂੰ ਮੁੜ ਆਪਣੇ ਪਿਆਰੇ ਦੇਸ਼ ਵਿਚ ਨਿਵਾਸ ਦਾ ਮਾਣ ਮਿਲਿਆ । ਇਹ ਕੋਹਨੂਰ 1850 ਤੱਕ ਰਿਹਾ ।

6 ਅਪ੍ਰੈਲ ਸੰਨ 1850 ਨੂੰ ਕਪਤਾਨ ਰਮਜ਼ੇ ਦੇ ਹੱਥੀਂ ਮਾਰਕੁਵੀਸ ਡਲਹੌਜ਼ੀ ਗਵਰਨਰ ਜਨਰਲ ਨੇ ਇਹ ਹੀਰਾ ਬਰਤਾਨੀਆਂ ਦੀ ਮਹਾਰਾਣੀ ਲਈ ਲੰਡਨ ਭਿਜਵਾ ਦਿੱਤਾ[2]। ਜਿਥੇ ਇਸ ਨੂੰ ਤੁਛ ਮੁਛ ਕੇ ਇਸ ਦੀ ਸ਼ਕਲ ਤੇ ਰੂਪ ਰੇਖਾ ਹੀ ਬਦਲ ਸੁੱਟੀ । ਇਹ ਅੱਜ ਕੱਲ੍ਹ ਬਰਤਾਨੀਆਂ ਦੀ ਮਲਕਾ ਦੇ ਤਾਜ ਵਿਚ ਜੜਿਆ ਹੋਇਆ ਹੈ ।

# ਕੋਹਨੂਰ ਬਾਰੇ ਇਕ ਇਤਿਹਾਸਕ ਭੁਲੇਖਾ

ਕੋਹਨੂਰ ਦੇ ਮੁਗਲਾਂ ਦੇ ਕਬਜ਼ੇ ਵਿਚ ਆਵਣ ਬਾਰੇ ਇਕ ਦੋ ਇਤਿਹਾਸਾਂ ਵਿਚ ਲਿਖਿਆ ਮਿਲਦਾ ਹੈ ਕਿ ਇਹ ਹੀਰਾ ਸੰਨ 1628 ਈ: ਨੂੰ ਮੀਰ ਜੁਮਲਾ ਵਜ਼ੀਰ ਅਬਦੁਲ ਕੁਤਬ ਸ਼ਾਹ ਬਾਦਸ਼ਾਹ ਗੋਲ ਕੰਡਾ ਨੇ ਸ਼ਾਹਜ਼ਾਦਾ ਔਰੰਗਜ਼ੇਬ ਦੀ ਭੇਟਾ ਕੀਤਾ ਜਦ ਸ਼ਾਹਜ਼ਾਦਾ ਦਕਨ ਦਾ ਗਵਰਨਰ ਸੀ । ਖੋਜ ਕੀਤਿਆਂ ਇਸ ਲਿਖਤ ਦੀ ਪੁਸ਼ਟੀ ਲਈ ਕੋਈ ਪਰਮਾਣਿਕ ਸਬੂਤ ਨਹੀਂ ਮਿਲਦਾ ਸਗੋਂ ਇਸ ਦੇ ਖੰਡਨ ਲਈ ਚੋਖਾ ਮਸਾਲਾ ਮਿਲਦਾ ਹੈ । ਉਹ ਹੀਰਾ ਜਿਹੜਾ ਮੀਰ ਜੁਮਲਾ ਨੇ ਔਰੰਗਜ਼ੇਬ ਨੂੰ ਦਿੱਤਾ ਸੀ ਉਹ ਕੋਹਨੂਰ ਨਹੀਂ ਸੀ ਉਹ ਇਕ ਹੋਰ ਹੀਰਾ ਸੀ ਜਿਹੜਾ ਗੋਲ ਕੰਡੇ ਦੀ ਹੀਰਿਆਂ ਦੀ ਖ਼ਾਨ ਵਿਚੋਂ ਮਿਲਿਆ ਸੀ ਜਿਸ ਦਾ ਨਾਂ 'ਮੁਗ਼ਲ' ਸੀ ।

ਮੁਗ਼ਲ ਹੀਰੇ ਨੂੰ ਸੰਨ 1665 ਵਿਚ ਫਰਾਂਸ ਦੇ ਪ੍ਰਸਿੱਧ ਜਵਾਹਰੀ ਤੇ ਸੈਲਾਨੀ ਟਰੈਵੇਨੀਅਰ ਨੇ ਔਰੰਗਜ਼ੇਬ ਬਾਦਸ਼ਾਹ ਦੀ ਆਗਿਆ ਨਾਲ ਡਿੱਠਾ ਸੀ । ਇਸ ਬਾਰੇ ਉਹ ਲਿਖਦਾ ਹੈ-ਇਹ ਗੋਲ ਕੰਡੀ ਖ਼ਾਨ ਵਿਚੋਂ ਮਿਲਿਆ ਸੀ, ਉਸ ਸਮੇਂ ਇਸ ਦਾ ਵਜ਼ਨ ਬਿਨਾਂ ਸਫਾਈ 783 ਕਰਾਤ ,ਜਾਂ 900 ਰੱਤੀ ਸੀ, ਇਸ ਦੀ ਆਬ ਵਧੇਰੀ ਸਾਫ ਅਤੇ ਚਮਕੀਲੀ ਨਹੀਂ ਸੀ, ਇਹ ਕੁਝ ਮਿੱਟੀ ਰੰਗੀ ਭਾ ਮਾਰਦਾ ਸੀ । ਕੋਹਨੂਰ ਅਤੇ ਇਸ ਮੁਗ਼ਲ ਹੀਰੇ ਦੀ ਚਮਕ ਵਿਚ ਦਿਨ ਰਾਤ ਦਾ ਅੰਤਰ ਸੀ । ਕਟਾਈ ਅਤੇ ਸਫਾਈ ਦੇ ਬਾਅਦ ਇਸ ਦਾ ਤੋਲ ਘੱਟ ਕੇ 319 ਰੱਤੀ ਜਾਂ 279 ਕਰਾਤ ਦੇ ਲਗਭਗ ਰਹਿ ਗਿਆ । ਇਸ ਹੀਰੇ ਦਾ ਚਿੱਤਰ ਵੀ ਟਰੈਵਨੀਅਰ ਨੇ ਆਪਣੇ ਸਫ਼ਰਨਾਮੇ ਵਿਚ ਦਿੱਤਾ ਹੈ[3] । ਇਸ ਤਰ੍ਹਾਂ ਆਨਰੇਬਲ ਮਿਸ ਇਮਲੀ ਈਡਨ ਦੀ ਆਪਣੀ ਚਿੱਤਰਾਵਲੀ ਦੇ ਸਫ਼ਾ 16 ਪਰ ਦੋਹਾਂ ਹੀਰਿਆਂ, 'ਕੋਹਨੂਰ' ਤੇ 'ਮੁਗ਼ਲ' ਦੇ ਚਿੱਤਰ ਵੱਖੋ-ਵੱਖ ਹਨ ।

\- - - - - -

1. *ਮਿਸਟਰ ਈਡਨ, ਪੋਟਰੇਟਸ ਆਫ਼ ਦੀ ਪਿੰਸਸ ਐਂਡ ਪੀਪਲਸ ਆਫ਼ ਦੀ ਇੰਡੀਆ, ਸਫ਼ਾ 14 ।*
2. *ਪ੍ਰਾਈਵੇਟ ਲੈਟਰਸ ਆਫ਼ ਦੀ ਮਾਰਕਵਿਸ ਆਫ਼ ਡਲਹੌਜ਼ੀ, ਸ: 124 ।*
3. *ਟਰੇਵੇਨੀਅਰਜ਼, ਟਰੈਵਲਜ਼ ਇੰਡੀਆ, ਸਫ਼ਾ 355 ।*

ਉਪਰੋਕਤ ਸਬੂਤਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਮੀਰ ਜ਼ੁਮਲਾ ਵਾਲਾ ਹੀਰਾ ਕੋਹਨੂਰ ਨਹੀਂ ਸੀ ਇਹ 'ਮੁਗ਼ਲ' ਨਾਂ ਦਾ ਇਕ ਹੋਰ ਹੀਰਾ ਸੀ ।

## ਕੋਹਨੂਰ ਮ: ਰਣਜੀਤ ਸਿੰਘ ਨੂੰ ਕਿਵੇਂ ਮਿਲਿਆ

ਕੋਹਨੂਰ ਬਾਰੇ ਅਜੇ ਇਹ ਗੱਲ ਲਿਖਣੀ ਬਾਕੀ ਹੈ ਕਿ ਇਹ ਅਮੋਲਕ ਹੀਰਾ ਪੰਜਾਬ ਦੇ ਅਧਿਕਾਰ ਵਿਚ ਕਿਵੇਂ ਆਇਆ । ਇਸ ਦਾ ਵੇਰਵਾ ਇਉਂ ਹੈ :-

ਸੰਨ 1812 ਨੂੰ ਕਾਬਲ ਦੇ ਦੋ ਬਾਦਸ਼ਾਹ ਜ਼ਮਾਨ ਤੇ ਸ਼ਾਹ ਸੁਜ਼ਾ ਦੇ ਪਰਿਵਾਰ (ਬੇਗਮਾਂ ਤੇ ਬੱਚੇ ਆਦਿ) ਲਾਹੌਰ ਪਹੁੰਚੇ, ਰਸਤੇ ਵਿਚ ਅਭਾਗੇ ਸ਼ਾਹ ਸੁਜ਼ਾ ਨੂੰ ਜਹਾਨਦਾਦ ਖ਼ਾਨ ਗਵਰਨਰ ਅਟਕ ਨੇ ਕੈਦ ਕਰਕੇ ਪਹਿਲੇ ਅਟਕ ਦੇ ਕਿਲ੍ਹੇ ਵਿਚ ਰੱਖਿਆ ਅਤੇ ਫਿਰ ਆਪਣੇ ਭਾਈ ਅਤਾ ਮੁਹੰਮਦ ਖ਼ਾਨ ਗਵਰਨਰ ਕਸ਼ਮੀਰ ਕੋਲ ਭਿਜਵਾ ਦਿੱਤਾ[1] ।

ਇਸ ਦੇ ਦੂਜੇ ਭਾਈ ਸ਼ਾਹ ਜ਼ਮਾਨ ਦੀਆਂ ਅੱਖਾਂ ਨਿਰਦਈ ਸ਼ਾਹ ਮਹਮੂਤ ਹਾਕਮ ਕਾਬਲ ਨੇ ਅੰਨ੍ਹੀਆਂ ਕਰ ਛੱਡੀਆਂ ਸਨ । ਇਹ ਇਸੇ ਦੁਖਦਾਈ ਦਸ਼ਾ ਵਿਚ ਸਣੇ ਬੇਗਮਾਂ ਦੇ ਲਾਹੌਰ ਆਇਆ, ਜਿਹਨਾਂ ਦੀ ਮਹਾਰਾਜਾ ਸਾਹਿਬ ਨੇ ਬੜੇ ਖੁੱਲ੍ਹੇ ਦਿਲ ਨਾਲ ਆਓ ਭਗਤ ਕੀਤੀ । ਇਨ੍ਹਾਂ ਦੇ ਵਸੇਵੇਂ ਲਈ ਦੀਵਾਨ ਲਖਪਤ ਰਾਇ ਦੀ ਹਵੇਲੀ, ਜਿਹੜੀ ਸ਼ਾਹ ਆਲਮੀ ਦਰਵਾਜ਼ੇ ਅੰਦਰ ਸੀ ਅਤੇ 'ਮੁਬਾਰਕ ਹਵੇਲੀ' ਦੇ ਨਾਮ ਨਾਲ ਪ੍ਰਸਿੱਧ ਸੀ, ਦਿੱਤੀ ਗਈ । ਇਨ੍ਹਾਂ ਦੇ ਨਿਰਬਾਹ ਲਈ ਬੜੇ ਭਾਰੀ ਰੋਜ਼ੀਨੇ ਨੀਯਤ ਕੀਤੇ ਗਏ ਤੇ ਪ੍ਰਾਹੁਣਚਾਰੀ ਦੀ ਸੇਵਾ ਫ਼ਕੀਰ ਅਜ਼ੀਜੁਦੀਨ ਦੇ ਹੱਥ ਸੌਂਪ ਦਿੱਤੀ । ਫਕੀਰ ਇਨ੍ਹਾਂ ਦਾ ਸਭ ਤਰ੍ਹਾਂ ਦਾ ਖਿਆਲ ਰੱਖਦਾ ਸੀ ਪਰ ਉਨ੍ਹਾਂ ਨੂੰ ਉਸ ਸਮੇਂ ਤੱਕ ਕਦ ਸੁਖ ਹੋ ਸਕਦਾ ਸੀ ਜਦ ਤੀਕ ਸ਼ਾਹ ਸੁਜ਼ਾ ਦੀ ਬੰਦ-ਖ਼ਲਾਸੀ ਵੈਰੀਆਂ ਦੇ ਹੱਥਾਂ ਤੋਂ ਨਾ ਹੋ ਜਾਂਦੀ । ਕੁਝ ਦਿਨਾਂ ਦੇ ਬਾਅਦ ਸ਼ਾਹ ਸੁਜ਼ਾ ਦੀ ਪ੍ਰਸਿੱਧ ਬੇਗ਼ਮ 'ਵਫ਼ਾ ਬੇਗ਼ਮ' ਨੇ ਆਪਣੇ ਭਰੋਸੇ ਯੋਗ ਕਰਮਚਾਰੀਆਂ ਮੀਰ ਅਬਦੁਲ ਹੁਸੈਨ ਮੁੱਲਾਂ ਜ਼ਾਫ਼ਰ ਅਤੇ ਸ਼ੇਰ ਮੁਹੰਮਦ ਦੀ ਹਾਜ਼ਰੀ ਵਿਚ ਫਕੀਰ ਅਜ਼ੀਜੁਦੀਨ ਦੇ ਰਾਹੀਂ ਦੀਵਾਨ ਭਵਾਨੀ ਦਾਸ ਤੇ ਮੋਹਕਮ ਚੰਦ ਨਾਲ ਇਹ ਫੈਸਲਾ ਕੀਤਾ ਕਿ ਜੇ ਮਹਾਰਾਜਾ ਆਪਣੀ ਫੌਜ ਭੇਜ ਕੇ ਸ਼ਾਹ ਸ਼ੁਜ਼ਾ ਨੂੰ ਕਸ਼ਮੀਰੋਂ ਕੈਦ ਤੋਂ ਛੁਡਾ ਲਿਆਵੇ, ਤਾਂ ਮੈਂ ਇਸ ਦੇ ਬਦਲੇ ਉਹ ਇਤਿਹਾਸਕ ਤੇ ਬਹੁਮੁੱਲਾ ਹੀਰਾ 'ਕੋਹਨੂਰ' ਮਹਾਰਾਜ ਦੀ ਭੇਟ ਕਰਾਂਗੀ[2] ।

ਫਕੀਰ ਅਜ਼ੀਜੁਦੀਨ, ਦੀਵਾਨ ਭਵਾਨੀ ਦਾਸ ਤੇ ਮੋਹਕਮ ਚੰਦ ਨੇ ਬੇਗ਼ਮ ਦਾ ਕੋਹਨੂਰ ਬਾਰੇ ਇਕਰਾਰ ਮਹਾਰਾਜਾ ਸਾਹਿਬ ਨੂੰ ਦੱਸਿਆ ਅਤੇ ਬੇਗਮ ਦੀ ਵਿਆਕੁਲਤਾ ਦਾ ਹਾਲ ਸੁਣਾਇਆ ਤਦ ਮਹਾਰਾਜਾ ਨੇ ਪ੍ਰਵਾਨ ਕਰ ਲਿਆ । ਹੁਣ ਹੋਰ ਕੰਮ ਪਿੱਛੇ ਸੁੱਟ ਕੇ

- - - - - -

1. *ਇਹ ਸਮਾਚਾਰ ਸ਼ਾਹ ਸੁਜ਼ਾ ਨੇ ਆਪਣੇ ਜੀਵਨ ਇਤਿਹਾਸ ਵਿਚ ਲਿਖੇ ਹਨ । 'ਜੋ ਕਲਕੱਤਾ ਮਨਥਲੀ' ਵਿਚ ਛਪਦੇ ਰਹੇ ।*
2. *ਕਪਤਾਨ ਵੈਡ ਦਾ ਖ਼ਤ ਜਿਹੜਾ ਉਸ ਨੇ ਅਦੀਨਾ ਨਗਰ ਤੋਂ 31ਮਈ 1831 ਨੂੰ ਗਵਰਨਰ ਜਨਰਲ ਦੇ ਸਕੱਤਰ ਨੂੰ ਲਿਖਿਆ, ਚਿੱਠੀ ਨੰ: 40 Vol 30 ਰੇਂਜ 126, ਮੈਕਗਰੇਗਰ ਹਿਸਟਰੀ ਆਫ਼ ਦੀ ਸਿਖਸ ਜਿ: 169, ਪ੍ਰੋ : ਐਨ. ਕੇ. ਸਿਨਹਾ, ਰਣਜੀਤ ਸਿੰਘ ਸ: 67 । ਸੋਹਣ ਲਾਲ ਉਮਾਦਤੁਲ ਤਵਾਰੀਖ ਅਮਰ ਨਾਥ ਜ਼ਫਰਨਾਮਾ ਰਣਜੀਤ ਸਿੰਘ ਦਾ ਦਯਾ ਰਾਮ ਸ਼ੀਰੋਸਕਰ ।*

   *ਇਨ੍ਹਾਂ ਸਾਰੇ ਇਤਿਹਾਸਕਾਰਾਂ ਨੇ ਵਫ਼ਾ ਬੇਗਮ ਦੇ ਇਕਰਾਰ ਨੂੰ ਮੰਨਿਆ ਹੈ ਕਿ ਉਸਨੇ ਆਪਣੀ ਖੁਸ਼ੀ ਨਾਲ ਸ਼ਾਹ ਸੁਜ਼ਾ ਨੂੰ ਹਾਕਮ ਕਸ਼ਮੀਰ ਦੀ ਕੈਦ ਤੋਂ ਛੁਡਾ ਲਿਆਉਣ ਦੇ ਬਦਲੇ, ਕੋਹਨੂਰ ਸ਼ੇਰਿ ਪੰਜਾਬ ਨੂੰ ਦੇਣ ਦਾ ਵਾਇਦਾ ਕੀਤਾ ਸੀ ।*

ਲੱਗੀਆਂ ਕਸ਼ਮੀਰ ਤੇ ਚੜ੍ਹਾਈ ਦੀਆਂ ਤਿਆਰੀਆਂ ਹੋਣ । ਅਜੇ ਫੌਜਾਂ ਇਕੱਠੀਆਂ ਹੋ ਰਹੀਆਂ ਸਨ ਕਿ ਇੰਨੇ ਨੂੰ ਸ਼ਾਹ ਮਹਮੂਤ ਵਾਲੀਏ ਕਾਬਲ ਦਾ ਪ੍ਰਸਿੱਧ ਵਜ਼ੀਰ ਫਤਹਿ ਖ਼ਾਨ ਦਾ ਏਲਚੀ, ਦੀਵਾਨ ਗੋਦੜ ਮੱਲ, ਬਹੁਮੁੱਲੀਆਂ ਸੁਗਾਤਾਂ ਲੈ ਕੇ ਲਾਹੌਰ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਹੋਇਆ[1] ਤੇ ਕਹਿਣ ਲੱਗਾ ਕਿ ਕਸ਼ਮੀਰ ਦਾ ਗਵਰਨਰ ਕਾਬਲ ਦਰਬਾਰ ਤੋਂ ਆਕੀ ਹੋਇਆ ਦਿਸਦਾ ਹੈ ਅਤੇ ਹੁਣ ਫਤਹਿ ਖ਼ਾਨ ਕੁਝ ਫੌਜ ਲੈ ਕੇ ਇਧਰ ਨੂੰ ਆਇਆ ਹੈ । ਜੇ ਕਦੀ ਆਪ ਕੁਝ ਆਪਣੀ ਫੌਜ ਦੀ ਇਸ ਸਮੇਂ ਸਹਾਇਤਾ ਦੇਣੀ ਪ੍ਰਵਾਨ ਕਰੋ ਤਾਂ ਕਸ਼ਮੀਰ ਪਰ ਸੰਮਲਿਤ ਸੈਨਾ ਨਾਲ ਚੜ੍ਹਾਈ ਕੀਤੀ ਜਾਵੇ ਅਤੇ ਆਪ ਨੂੰ ਇਸ ਸਹਾਇਤਾ ਬਦਲੇ ਜੰਗੀ ਖਰਚ ਦਾ ਅੱਧਾ ਭਾਗ ਦਿੱਤਾ ਜਾਏਗਾ[2] ।

ਮਹਾਰਾਜਾ ਨੇ ਇਸ ਵਿਉਂਤ ਪਰ ਜਦ ਆਪਣੇ ਦਰਬਾਰੀਆਂ ਨਾਲ ਮਿਲ ਕੇ ਵਿਚਾਰ ਕੀਤੀ ਤਾਂ ਸਾਰਿਆਂ ਨੇ ਇਸ ਮੌਕੇ ਤੋਂ ਲਾਭ ਪ੍ਰਾਪਤ ਕਰਨ ਦੇ ਹੱਕ ਵਿਚ ਸੰਮਤੀ ਦਿੱਤੀ, ਜਿਸ ਦੇ ਕਈ ਲਾਭ ਸਨ । ਇਕ ਤਾਂ ਸ਼ਾਹ ਸੁਜ਼ਾ ਨੂੰ ਗਵਰਨਰ ਕਸ਼ਮੀਰ ਦੀ ਕੈਦ ਤੋਂ ਛੁਡਾਉਣ ਲਈ ਮਹਾਰਾਜਾ ਇਕੱਲਾ ਹੀ ਫੌਜ ਭੇਜਣ ਵਾਲਾ ਸੀ, ਜੋ ਹੁਣ ਸੰਮਲਿਤ ਫੌਜਾਂ ਨਾਲ ਸੌਖਾ ਹੀ ਕਾਰਜ ਸਿੱਧ ਹੋ ਜਾਏਗਾ । ਦੂਜਾ ਸ਼ੇਰਿ ਪੰਜਾਬ ਦਾ ਇਹ ਅਟੱਲ ਇਰਾਦਾ ਸੀ ਕਿ ਜਦ ਕੋਈ ਯੋਗ ਸਮਾਂ ਅਤੇ ਤਾਂ ਕਸ਼ਮੀਰ ਨੂੰ ਫਤਹਿ ਕਰਕੇ ਖ਼ਾਲਸਾ ਰਾਜ ਨਾਲ ਮਿਲਾ ਲੀਤਾ ਜਾਏ । ਇਉਂ ਖ਼ਾਲਸਾ ਫੌਜ ਦੇ ਸਰਦਾਰ, ਸਾਰੇ ਰਸਤਿਆਂ ਤੇ ਘਾਟੀਆਂ ਤੋਂ ਚੰਗੀ ਤਰ੍ਹਾਂ ਜਾਣੂੰ ਹੋ ਜਾਣਗੇ, ਜੋ ਅੱਗੇ ਲਈ ਬਹੁਤ ਲਾਭਦਾਇਕ ਸਿੱਧ ਹੋਵੇਗਾ । ਤੀਜਾ ਜੰਗੀ ਖਰਚ ਦਾ ਭਾਗ ਵੀ ਅਫਗਾਨਾਂ ਤੋਂ ਮਿਲ ਜਾਵੇਗਾ । ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖ ਕੇ ਮਹਾਰਾਜਾ ਨੇ ਫਤਹਿ ਖ਼ਾਨ ਨੂੰ ਸਹਾਇਤਾ ਦੇਣੀ ਪਰਵਾਨ ਕਰ ਲਈ । ਹੁਣ ਬਾਰਾਂ ਹਜ਼ਾਰ ਖ਼ਾਲਸਾ ਫੌਜ ਦੀਵਾਨ ਮੋਹਕਮ ਚੰਦ, ਸ: ਨਿਹਾਲ ਸਿੰਘ ਅਟਾਰੀ ਵਾਲਾ ਤੇ ਜੋਧ ਸਿੰਘ ਕਲਸੀਆਂ ਦੀ ਸਰਦਾਰੀ ਵਿਚ ਤਿਆਰ ਕਰਕੇ ਲਾਹੌਰ ਤੋਂ ਤੋਰੀ ਗਈ ।

ਇਉਂ ਦੋਹਾਂ ਫੌਜਾਂ ਨੇ ਪਹਿਲੀ ਦਸੰਬਰ 1812 ਨੂੰ ਜੇਹਲਮ ਤੋਂ ਕੂਚ ਕਰਕੇ ਪੀਰ ਪੰਜਾਲ ਦੇ ਕਸ਼ਮੀਰ ਵੱਲ ਚੜ੍ਹਾਈ ਕੀਤੀ, ਦੋਵੇਂ ਫੌਜਾਂ ਆਪਣੀ ਵੀਰਤਾ ਦਾ ਸਿੱਕਾ ਇਕ ਦੂਸਰੇ ਦੇ ਦਿਲਾਂ ਤੇ ਜਮਾਉਣ ਲਈ ਵੱਧ ਵੱਧ ਕੇ ਆਪਣੀ ਵੀਰਤਾ ਦਾ ਸਬੂਤ ਦਿੰਦੀਆਂ ਰਹੀਆਂ ।

ਉਧਰ ਅਤਾ ਮੁਹੰਮਦ ਖ਼ਾਨ ਹਾਕਮ ਕਸ਼ਮੀਰ ਨੂੰ ਜਦ ਇਨ੍ਹਾਂ ਫੌਜਾਂ ਦੇ ਕਸ਼ਮੀਰ ਵੱਲ ਵਧਦੇ ਆਉਣ ਦੀ ਖ਼ਬਰ ਪਹੁੰਚੀ ਤਾਂ ਉਸ ਵੀ ਤੁਰੰਤ ਫੁਰਤੀ ਨਾਲ ਤਿਆਰੀਆਂ ਕਰਕੇ ਵੈਰੀਆਂ ਦੀਂ ਫੌਜ ਨੂੰ ਅੱਗੇ ਵਧਣ ਤੋਂ ਰੋਕਣ ਦਾ ਪੱਕਾ ਪ੍ਰਬੰਧ ਕਰ ਲਿਆ । ਤੰਗ ਘਾਟੀਆਂ ਤੇ ਕਠਿਨ ਰਸਤਿਆਂ ਨੂੰ ਪੱਥਰਾਂ ਤੇ ਦਰੱਖਤਾਂ ਨਾਲ ਭਰਵਾ ਕੇ ਇਨ੍ਹਾਂ ਨੂੰ ਵਧੇਰਾ ਕਠਿਨ ਕਰਵਾ ਦਿੱਤਾ । ਉਪਰੋਂ ਕਰਨਾ ਕਰਤਾਰ ਦਾ ਇਹ ਹੋਇਆ ਕਿ ਬੜੇ ਜ਼ੋਰ ਦੀ ਬਰਫ ਪੈਣ ਲੱਗੀ, ਜਿਸ ਦੇ ਕਾਰਨ ਕਠਿਨਾਈ ਹੋਰ ਵੀ ਵੱਧ ਗਈ, ਪਰ ਖ਼ਾਲਸੇ ਦੇ ਅਮਿੱਟ ਜੋਸ਼ ਮੂਹਰੇ ਸਭ ਕਠਿਨਾਈਆਂ ਦੂਰ ਹੁੰਦੀਆਂ ਗਈਆਂ । ਸ਼ੇਰਪੁਰ ਤੇ ਹਰੀ ਪਰਬਤ ਤੇ ਲਹੂ ਡੋਲ੍ਹਵੀਆਂ

------

1. *ਸ: ਮੁ: ਲਤੀਫ ਹਿਸਟਰੀ ਆਫ ਦੀ ਪੰਜਾਬ ਸਫਾ 395 ।*
2. *ਸੱਯਦ ਮੁਹੰਮਦ ਲਤੀਫ ਲਿਖਦਾ ਹੈ ਕਿ ਫਤਹਿ ਖ਼ਾਨ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦਾ ਸੀ ਕਿ ਜੇ ਕਦੇ ਇਸ ਮੁਹਿੰਮ ਵਿਚ ਮਹਾਰਾਜਾ ਦੀ ਫੌਜ ਨੂੰ ਆਪਣੇ ਨਾਲ ਨਾ ਮਿਲਾਇਆ ਤਾਂ ਕਸ਼ਮੀਰ ਨੂੰ ਫਤਹਿ ਕਰਨਾ ਅਸੰਭਵ ਹੋ ਜਾਵੇਗਾ । ਤਵਾਰੀਖ ਪੰਜਾਬ ਸਫਾ 395 ।*

ਲੜਾਈਆਂ ਹੋਈਆਂ ਜਿਹਨਾਂ ਦੋਵਾਂ ਵਿਚ ਸੰਮਲਿਤ ਫੌਜ ਦੀ ਫਤਹਿ ਰਹੀ ਤੇ ਹੋਰ ਨਿੱਕੇ ਵੱਡੇ ਕਿਲ੍ਹੇ ਵੀ ਇਕ ਦੂਜੇ ਦੇ ਬਾਅਦ ਇਨ੍ਹਾਂ ਦੇ ਅਧਿਕਾਰ ਵਿਚ ਆ ਗਏ । ਅਤਾ ਮੁਹੰਮਦ ਖ਼ਾਨ ਨੇ ਜਦ ਹੋਰ ਟਾਕਰੇ ਦੀ ਸ਼ਕਤੀ ਆਪਣੇ ਵਿਚ ਨਾ ਵੇਖੀ ਤਾਂ ਉਹ ਕਿਲ੍ਹਾ ਸ਼ੇਰ ਗੜ੍ਹੀ ਵਿਚ ਆਕੀ ਹੋ ਬੈਠਾ । ਖ਼ਾਲਸਾ ਫੌਜਾਂ ਨੇ ਇਸ ਨੂੰ ਕਰੜੇ ਘੇਰੇ ਵਿਚ ਰੱਖ ਲਿਆ ਅਤੇ ਬਾਹਰੋਂ ਐਸਾ ਜ਼ੋਰ ਪਾਇਆ ਕਿ ਥੋੜੇ ਦਿਨਾਂ ਵਿਚ ਹੀ ਅਤਾ ਮੁਹੰਮਦ ਨੇ ਅਤਾਇਤ ਮੰਨ ਲੀਤੀ । ਹੁਣ ਕਿਲ੍ਹੇ ਤੇ ਖ਼ਾਲਸੇ ਦਾ ਪੂਰਾ ਪੂਰਾ ਅਧਿਕਾਰ ਹੋ ਗਿਆ ਤੇ ਬਹੁਤ ਸਾਰਾ ਵੱਡਮੁੱਲਾ ਸਾਮਾਨ ਖ਼ਾਲਸੇ ਦੇ ਹੱਥ ਆਇਆ । ਕਿਲ੍ਹੇ ਵਿਚ ਵੜਦਿਆਂ ਹੀ ਇਕ ਕਾਬਲੀ ਨੌਕਰ ਨੇ ਸ: ਨਿਹਾਲ ਸਿੰਘ ਨੂੰ ਪਤਾ ਦਿੱਤਾ ਕਿ ਅਭਾਗਾ ਸ਼ਾਹ ਸੁਜ਼ਾ ਜੰਜੀਰਾਂ ਵਿਚ ਜਕੜਿਆ ਹੋਇਆ ਇਸੇ ਹੀ ਕਿਲ੍ਹੇ ਵਿਚ ਡੱਕਿਆ ਹੋਇਆ ਹੈ । ਉਹਦੀ ਤੁਰੰਤ ਭਾਲ ਕੀਤੀ ਗਈ ਤੇ ਛੇਕੜ ਉਹ ਕਾਲ ਕੋਠੜੀ ਵਿਚੋਂ ਲੱਭਾ । ਅਪਦਾ ਦੇ ਮਾਰੇ ਹੋਏ ਸ਼ਾਹ ਸੁਜ਼ਾ ਦੀ ਦਸ਼ਾ ਇਸ ਸਮੇਂ ਬੜੀ ਹੀ ਤਰਸਯੋਗ ਸੀ, ਉਸ ਦੀਆਂ ਲੱਤਾਂ ਭਾਰੀ ਜੰਜੀਰਾਂ ਦੇ ਕਾਰਨ ਲਹੂ-ਲੁਹਾਨ ਸਨ, ਉਸ ਦੇ ਮੈਲੇ ਤੇ ਖਥੇ ਹੋਏ ਕੱਪੜੇ ਉਸ ਦਾ ਪਾਟਿਆ ਪੋਸਤੀਨ ਸਮੇਂ ਦੇ ਚੱਕਰ ਦਾ ਨਕਸ਼ਾ ਅੱਖਾਂ ਮੂਹਰੇ ਲਿਆ ਖੜ੍ਹਾ ਕਰਦਾ ਸੀ। ਸ਼ਾਹ ਨੂੰ ਤੁਰੰਤ ਖ਼ਾਲਸਾ ਕੈਂਪ ਵਿਚ ਲਿਆਂਦਾ ਗਿਆ ਤੇ ਜ਼ੰਜੀਰਾਂ ਕਟਵਾ ਕੇ ਉਸ ਦੀ ਬੰਦ-ਖ਼ਲਾਸੀ ਕੀਤੀ ਗਈ, ਫੇਰ ਬਹੁਮੁੱਲੀ ਖ਼ਿੱਲਤ ਉਸ ਨੂੰ ਪਹਿਨਾਈ ਗਈ । ਇਥੇ ਇਸ ਨੂੰ ਦੱਸਿਆ ਗਿਆ ਕਿ ਉਸ ਦਾ ਭਾਈ ਸਣੇ ਪਰਿਵਾਰ ਲਾਹੌਰ ਵਿਚ ਪਹੁੰਚ ਗਿਆ ਹੈ । ਪਰ ਇਸ ਅਭਾਗੇ ਦੇ ਸਿਰ ਤੋਂ ਅਜੇ ਵੀ ਆਪਦਾ ਨਹੀਂ ਸੀ ਟਲੀ, ਕਿਉਂਕਿ ਜਦ ਵਜ਼ੀਰ ਫਤਹਿ ਖ਼ਾਨ ਨੂੰ ਪਤਾ ਲੱਗਾ ਕਿ ਸੁਜ਼ਾ ਖ਼ਾਲਸੇ ਦੇ ਹੱਥ ਆ ਗਿਆ ਹੈ, ਤਾਂ ਉਹ ਤਰਲੋ-ਮੱਛੀ ਹੋਇਆ ਕਿਉਂਕਿ ਉਹ ਚਾਹੁੰਦਾ ਸੀ ਕਿ ਉਸ ਨੂੰ ਇਵੇਂ ਹੀ ਜ਼ੰਜੀਰਾਂ ਵਿਚ ਜਕੜਿਆ ਹੋਇਆ ਕਾਬਲ ਭੇਜ ਦੇਵੇ । ਸ਼ਾਹ ਸੁਜ਼ਾ ਨੂੰ ਆਪਣੇ ਅਧਿਕਾਰ ਵਿਚ ਲੈਣ ਲਈ ਫਤਹਿ ਖ਼ਾਨ ਨੇ ਸਿੱਖ ਜਰਨੈਲਾਂ ਤੋਂ ਬੜੀ ਜ਼ੋਰਦਾਰ ਮੰਗ ਕੀਤੀ । ਅਗੋਂ ਸ: ਨਿਹਾਲ ਸਿੰਘ ਤੇ ਮੋਹਕਮ ਚੰਦ ਨੇ ਸ਼ਾਹ ਨੂੰ ਵਜ਼ੀਰ ਦੇ ਹੱਥ ਸੌਂਪਣ ਤੋਂ ਸਾਫ ਨਾਂਹ ਕਰ ਦਿੱਤੀ । ਵਜ਼ੀਰ ਨੇ ਮੁੜ ਮੰਗ ਕੀਤੀ, ਇਨ੍ਹਾਂ ਨੇ ਦੂਜੀ ਵਾਰ ਵੀ ਦੋ-ਟੁੱਕ ਉਤਰ ਦਿੱਤਾ । ਇਸ ਗੱਲ ਤੋਂ ਵਜ਼ੀਰ ਫਤਹਿ ਖ਼ਾਨ ਅਤੇ ਦੀਵਾਨ ਮੋਹਕਮ ਚੰਦ ਵਿਚਾਲੇ ਕੁਝ ਬੇਰਸੀ ਹੋ ਗਈ । ਇਥੋਂ ਇਸੇ ਹਾਲਤ ਵਿਚ ਦੀਵਾਨ ਮੋਹਕਮ ਚੰਦ ਸਣੇ ਖ਼ਾਲਸਾ ਦਲ ਦੇ ਸ਼ਾਹ ਸੁਜ਼ਾ ਨੂੰ ਨਾਲ ਲੈ ਕੇ ਲਾਹੌਰ ਪਰਤ ਆਇਆ[1] । ਇਹ ਫੌਜ ਜਦ ਲਾਹੌਰ ਪਹੁੰਚੀ ਤਾਂ ਇਹਨਾਂ ਦੀ ਬੜੀ ਸ਼ਲਾਘਾ ਕੀਤੀ ਗਈ ਅਤੇ ਇਨ੍ਹਾਂ ਨੂੰ ਬਹੁਮੁੱਲੀਆਂ ਖ਼ਿਲਤਾਂ ਬਖਸ਼ੀਆਂ । ਸ਼ਾਹ ਸੁਜ਼ਾ ਨੂੰ ਇਕ ਸ਼ਾਹੀ ਜਲੂਸ ਦੀ ਸ਼ਾਨ ਨਾਲ ਉਸ ਦੇ ਸਬੰਧੀਆਂ ਪਾਸ ਭਿਜਵਾ ਦਿੱਤਾ ।

ਇਸ ਲੜਾਈ ਤੋਂ ਵਿਹਲੇ ਹੋ ਕੇ ਜਦ ਦੀਵਾਨ ਭਵਾਨੀ ਦਾਸ ਅਤੇ ਫਕੀਰ ਅਜ਼ੀਜ਼ੁਦੀਨ ਨੇ ਸ਼ਾਹ ਸੁਜ਼ਾ ਤੋਂ ਕੋਹਨੂਰ ਹੀਰਾ ਮੰਗਿਆ, ਜਿਸ ਦਾ ਵੱਡੀ ਬੇਗਮ ਨੇ ਉਸ ਨੂੰ ਕੈਦ ਤੋਂ ਛੁਡਾਉਣ ਦੇ ਬਦਲੇ ਦੇਣ ਦਾ ਵਾਇਦਾ ਕੀਤਾ ਸੀ, ਤਦ ਇਹ ਕੁਝ ਆਲੇ ਟਾਲੇ ਕਰਨ ਲੱਗਾ । ਇਸ ਸਮੇਂ ਇਸ ਨੇ ਕਈ ਗੱਲਾਂ ਅਸੱਤ ਵੀ ਕਹੀਆਂ । ਪਹਿਲਾਂ ਇਸ ਦੱਸਿਆ ਕਿ ਕੋਹਨੂਰ ਉਸ ਦੇ ਪਾਸ ਨਹੀਂ ਉਹ ਕੰਧਾਰ ਵਿਚ ਇਕ ਧਨੀ ਪਾਸ ਛੇ ਕਰੋੜ ਰੁਪਏ ਵਿਚ

- - - - - -

*1. ਸ਼ਾਹ ਸੁਜ਼ਾ ਦੇ ਛੁਡਾਉਣ ਲਈ ਜੋ ਫੌਜਾਂ ਕਸ਼ਮੀਰ ਗਈਆਂ ਸਨ, ਇਸ ਮੁਹਿੰਮ ਪਰ ਸ਼ੇਰਿ ਪੰਜਾਬ ਦਾ ਕਈ ਲੱਖ ਰੁਪਿਆ ਖਰਚ ਆਇਆ ਤੇ ਕਈ ਜਾਨਾਂ ਦੀ ਕੁਰਬਾਨੀ ਇਸ ਤੋਂ ਵੱਖ ਸੀ ।*

ਗਹਿਣੇ ਧਰਿਆ ਹੋਇਆ ਹੈ । 2. ਮੁੜ ਇਸ ਕਿਹਾ ਕਿ ਇਹ ਜਦ ਅਫ਼ਗਾਨਿਸਤਾਨ ਤੋਂ ਭੱਜਿਆ ਤਾਂ ਇਸ ਹਫੜਾਦਫੜੀ ਵਿਚ ਕੋਹਨੂਰ ਕਿਤੇ ਡਿੱਗ ਪਿਆ ਸੀ । 3. ਤੀਜੀ ਵੇਰ ਇਸ ਨੇ ਇਕ ਮੋਟਾ ਸਾਰਾ ਪੁਖਰਾਜ ਜੋ ਪੀਲੇ ਰੰਗ ਦਾ ਸੀ, ਫ਼ਕੀਰ ਦੇ ਹੱਥ ਦਿੱਤਾ ਤੇ ਦੱਸਿਆ ਕਿ ਉਹੋ ਕੋਹਨੂਰ ਹੈ । ਮਹਾਰਾਜਾ, ਸ਼ਾਹ ਦੀਆਂ ਇਨ੍ਹਾਂ ਬੇਥਵ੍ਹੀਆਂ ਗੱਲਾਂ ਸੁਣ ਸੁਣ ਕੇ ਹੱਸ ਛੱਡਦਾ ਸੀ । ਵਿਸ਼ੇਸ਼ ਕਰਕੇ ਇਸ ਪੁਖਰਾਜ ਨੂੰ ਸ਼ਾਹ ਦਾ ਕੋਹਨੂਰ ਦੱਸਣੇ ਪਰ ਤਾਂ ਬੜਾ ਖਿੜਖਿੜਾ ਕੇ ਹੱਸਿਆ ਤੇ ਸਰਕਾਰ ਨੇ ਸ਼ਾਹ ਦੀਆਂ ਉਪਰੋਕਤ ਬੱਚਿਆਂ ਵਾਲੀਆਂ ਹਰਕਤਾਂ ਵੇਖ ਸੁਣ ਕੇ ਕ੍ਰੋਧ ਵਿਚ ਅਧੀਰ ਹੋਣ ਦੀ ਥਾਂ ਆਪਣੇ ਖੁੱਲ੍ਹੇ ਸੁਭਾਅ ਅਨੁਸਾਰ ਇਕ ਦਿਨ ਆਪ ਸਣੇ ਭਾਈ ਰਾਮ ਸਿੰਘ, ਫ਼ਕੀਰ ਅਜ਼ੀਜ਼ੁਦੀਨ, ਦੀਵਾਨ ਭਵਾਨੀ ਦਾਸ, ਮੋਹਕਮ ਚੰਦ ਅਤੇ ਭਾਈ ਗੁਰਮੁਖ ਸਿੰਘ ਦੇ ਮੁਬਾਰਕ ਹਵੇਲੀ ਵਿਚ ਪੁੱਜੇ ਅਤੇ ਸ਼ਾਹ ਸੁਜ਼ਾ ਨਾਲ ਅਤਿ ਪਿਆਰ ਨਾਲ ਮਿਲੇ ਅਤੇ ਉਸ ਨੂੰ ਭਰੋਸਾ ਦਿਵਾਇਆ ਕਿ ਭਾਵੇਂ ਸ਼ਾਹ ਨੂੰ ਕੈਦ ਤੋਂ ਛੁਡਾਉਣ ਵਿਚ ਉਸਦਾ ਕਈ ਲੱਖ ਰੁਪਿਆ ਖ਼ਰਚ ਹੋਇਆ ਹੈ ਅਤੇ ਸੈਂਕੜੇ ਜਾਨਾਂ ਵਾਰਨੇ ਹੋਈਆਂ ਹਨ, ਨਾਲ ਹੀ ਵੱਡੀ ਬੇਗਮ ਸਾਹਿਬਾਨ ਨੇ ਕੋਹਨੂਰ ਦੇ ਦੇਣ ਦਾ ਆਪਣੀ ਖੁਸ਼ੀ ਨਾਲ ਬਚਨ ਕੀਤਾ ਹੈ । ਪਰ ਇਸ ਸਭ ਕੁਝ ਦੇ ਹੁੰਦਿਆਂ ਮਹਾਰਾਜਾ ਨੇ ਸਾਫ਼ ਦੱਸ ਦਿੱਤਾ ਕਿ ਤਿੰਨ ਲੱਖ ਰੁਪਿਆ ਆਪ ਨੂੰ ਰੋਕ ਦਿੱਤਾ ਜਾਏਗਾ ਅਤੇ 50,000 ਰੁਪਏ ਸਾਲਾਨਾ ਦੀ ਪੱਕੀ ਜਾਗੀਰ ਦਿੱਤੀ ਜਾਏਗੀ । ਆਪਣੀ ਸਾਫ਼-ਦਿਲੀ ਦਾ ਪਰਤੱਖ ਸਬੂਤ ਦੇਣ ਲਈ 50,000 ਰੁਪਏ ਦੀਆਂ ਥੈਲੀਆਂ ਉਸੇ ਥਾਂ ਉਸ ਦੇ ਮੂਹਰੇ ਰੱਖ ਦਿੱਤੀਆਂ ਤੇ ਬਾਕੀ ਲਈ ਕਿਹਾ ਗਿਆ ਕਿ ਜਦ ਚਾਹੇ ਲੈ ਸਕੇਗਾ । ਸ਼ਾਹ ਨੇ ਮਹਾਰਾਜਾ ਦੇ ਇਸ ਚੰਗੇ ਵਰਤਾਵ ਨੂੰ ਵੇਖ ਕੇ ਸ਼ਰਤਾਂ ਨੂੰ ਪ੍ਰਵਾਨ ਕਰ ਲਿਆ[1]। ਮਹਾਰਾਜੇ ਦੇ ਫ਼ੁਰਮਾਨ ਅਨੁਸਾਰ ਕੇਸਰੀ ਰੰਗ ਨਾਲ 1 ਜੂਨ 1813 ਮੁਤਾਬਿਕ 29 ਸਮਾਦੀ-ਉਲ-ਅਵਲ ਹਿਜਰੀ ਨੂੰ ਜਾਗੀਰ ਦਾ ਪਟਾ ਲਿਖਿਆ ਗਿਆ ਜਿਸ ਵਿਚ ਇਹ ਇਲਾਕਾ ਸੀ:-

1. ਕੋਟ ਕਮਾਲੀਆ 2 ਝੰਗ ਤੇ ਸਿਆਲ 3. ਕਲਾਨੂਰ ਦਾ ਪਰਗਨਾ ਸ਼ਾਮਿਲ ਸੀ । ਇਸ ਤੋਂ ਛੁੱਟ ਜਦ ਸ਼ਾਹ ਸੁਜ਼ਾ ਕਾਬਲ ਪਰ ਚੜ੍ਹਾਈ ਕਰਨਾ ਚਾਹੇ ਤਾਂ ਸੈਨਾ ਅਤੇ ਮਾਇਆ ਨਾਲ ਵੀ ਉਸ ਦੀ ਯੋਗ ਸਹਾਇਤਾ ਕੀਤੀ ਜਾਏਗੀ[2] ।

ਇਸ ਦੇ ਉਪਰੰਤ ਸ਼ਾਹ ਸੁਜ਼ਾ ਨੇ ਕੋਹਨੂਰ ਮੰਗਵਾ ਕੇ ਮਹਾਰਾਜਾ ਰਣਜੀਤ ਸਿੰਘ ਦੇ ਹੱਥ ਪਰ ਰੱਖ ਦਿੱਤਾ ।

ਇਹ ਹੈ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਵਿਚ ਕੋਹਨੂਰ ਦੇ ਆਵਣ ਦੀ ਕਹਾਣੀ ।[3]

## ਪਠਾਣਾਂ ਪਰ ਖ਼ਾਲਸੇ ਦੀ ਪਹਿਲੀ ਫ਼ਤਹਿ

(ਜੋ ਹਜ਼ਰੋ ਦੇ ਮੈਦਾਨ ਵਿਚ ਖ਼ਾਲਸੇ ਨੇ ਅਫਗਾਨਾਂ ਤੇ ਪਾਈ)

ਕਸ਼ਮੀਰ ਦੀ ਮੁਹਿੰਮ ਵਿਚ ਖ਼ਾਲਸੇ ਨੇ ਅਫਗਾਨਾਂ ਦੀ ਬਹਾਦਰੀ ਦੀ ਪੂਰੀ ਪੂਰੀ

- - - - - -

*1. ਐਨ. ਬੀ. ਸੇਨ, ਹਿਸਟਰੀ ਆਫ਼ ਕੋਹਨੂਰ , ਸਫ਼ਾ 87 ।*

*2. ਸੱਯਦ ਮੁਹੰਮਦ ਲਤੀਫ਼. ਹਿਸਟਰੀ ਆਫ਼ ਦੀ ਕੋਹਨੂਰ, ਸਫ਼ਾ 400 ।*

*3. ਇਸ ਘਟਨਾ ਨੂੰ ਕਈ ਲੇਖਕਾਂ ਨੇ ਵਧਾ ਚੜ੍ਹਾ ਕੇ ਲਿਖਿਆ ਹੈ ਤੇ ਇਸ ਸਮੇਂ ਮਹਾਰਾਜਾ ਦੇ ਹੱਥੋਂ ਸ਼ਾਹ ਪਰ ਕਰੜਾਈ ਹੋਣੀ ਵੀ ਲਿਖੀ ਹੈ । ਹੋ ਸਕਦਾ ਹੈ ਕਿ ਜਦ ਸ਼ਾਹ ਸੁਜ਼ਾ ਕਈ ਤਰ੍ਹਾਂ ਦੇ ਅਸੱਤ ਬਿਆਨ ਦਿੰਦਾ ਸੀ ਤਾਂ ਕੋਈ ਸਖ਼ਤੀ ਉਸ ਪਰ ਹੋਈ ਹੋਵੇ, ਪਰ ਝਬਦੇ ਹੀ ਇਹ ਸਾਰਾ ਮਾਮਾਲਾ ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਨਜਿੱਠਿਆ ਗਿਆ ।*

ਜਾਂਚ ਕਰ ਲਈ ਸੀ, ਇਸ ਵਿਚ ਇਹ ਗੱਲ ਚੰਗੀ ਤਰ੍ਹਾਂ ਸਿੱਧ ਹੋ ਗਈ ਸੀ ਕਿ ਅਫਗਾਨ ਕਿਸੇ ਤਰ੍ਹਾਂ ਵੀ ਖ਼ਾਲਸੇ ਦੀ ਵੀਰਤਾ ਮੂਹਰੇ ਨਹੀਂ ਠਹਿਰ ਸਕਦੇ। ਮਹਾਰਾਜਾ ਸਾਹਿਬ ਚਾਹੁੰਦੇ ਸਨ ਕਿ ਕਿਲ੍ਹਾ ਅਟਕ ਜੋ ਪੰਜਾਬ ਦਾ ਬੂਹਾ ਗਿਣਿਆ ਜਾਂਦਾ ਸੀ-ਉਸ ਪਰ ਆਪਣਾ ਅਧਿਕਾਰ ਕੀਤਾ ਜਾਏ। ਇਸ ਕਾਰਜ ਨੂੰ ਪੂਰਾ ਕਰਨ ਲਈ ਇਕ ਭਾਰੀ ਫੌਜ ਸਰਦਾਰ ਹਰੀ ਸਿੰਘ ਨਲੂਆ, ਸਰਦਾਰ ਦੇਸਾ ਸਿੰਘ ਮਜੀਠੀਆ, ਦੀਵਾਨ ਮੋਹਕਮ ਚੰਦ ਅਤੇ ਸਰਦਾਰ ਆਇਆ ਸਿੰਘ ਆਦਿ ਨਾਮੀ ਸਰਦਾਰਾਂ ਦੀ ਤਹਿਤ ਵਿਚ ਅਟਕ ਵੱਲ ਤੋਰ ਦਿੱਤੀ। ਇਸ ਫੌਜ ਨੇ ਆਉਂਦੇ ਹੀ ਬਰਹਾਨ ਤੱਕ ਇਲਾਕਾ ਆਪਣੇ ਕਬਜ਼ੇ ਵਿਚ ਕਰ ਲਿਆ ਅਤੇ ਹੁਣ ਇਥੋਂ ਕਿਲ੍ਹੇ ਵੱਲ ਵਧਣ ਦੀਆਂ ਤਿਆਰੀਆਂ ਹੋਣ ਲੱਗੀਆਂ।

ਉਧਰ ਜਦ ਵਜ਼ੀਰ ਫਤਹਿ ਖ਼ਾਨ ਨੂੰ ਖ਼ਾਲਸਾ ਫੌਜ ਦੇ ਅਟਕ ਵੱਲ ਵਧਣ ਦੀ ਖ਼ਬਰ ਪੁੱਜੀ ਤਦ ਉਸ ਨੇ ਭਾਰੀ ਅਫਗਾਨੀ ਲਸ਼ਕਰ ਆਪਣੇ ਬਹਾਦਰ ਭਾਈ ਦੋਸਤ ਮੁਹੰਮਦ ਖ਼ਾਨ ਦੀ ਸੌਂਪਣੀ ਵਿਚ ਇਧਰ ਨੂੰ ਤੋਰ ਦਿੱਤਾ ਅਤੇ ਬਾਕੀ ਫੌਜ ਨੂੰ ਆਪਣੇ ਨਾਲ ਲੈ ਕੇ ਥੋੜੇ ਦਿਨਾਂ ਵਿਚ ਹੀ ਅਟਕ ਦੇ ਲਾਗੇ ਸ਼ਮਸਾਬਾਦ ਪਹੁੰਚ ਗਿਆ। ਇਥੋਂ ਸਾਰੇ ਇਸਲਾਮੀ ਇਲਾਕਿਆਂ ਵਿਚ ਆਪਣੇ ਆਦਮੀ ਭਿਜਵਾ ਕੇ ਜਹਾਦੀ ਲੜਾਈ (ਧਰਮ ਯੁੱਧ) ਲਈ ਹਜ਼ਾਰਾਂ ਗਾਜ਼ੀਆਂ ਨੂੰ ਇਕੱਠਾ ਕਰਕੇ ਆਪਣੇ ਨਾਲ ਮਿਲਾ ਲਿਆ।

ਇਧਰ ਖ਼ਾਲਸਾ ਵੀ ਹਰ ਤਰ੍ਹਾਂ ਨਾਲ ਸਾਵਧਾਨ ਬੈਠਾ ਸੀ, ਅਗਲੇ ਦਿਨ ਇਕ ਚੋਣਵਾਂ ਦਸਤਾ ਘੋੜ-ਚੜ੍ਹਿਆਂ ਦਾ ਅੱਗੇ ਵੱਧ ਕੇ ਵੈਰੀ ਦੀ ਦੇਖ-ਭਾਲ ਕਰ ਰਿਹਾ ਸੀ ਕਿ ਉਹਨਾਂ ਨੂੰ ਨੇੜੇ ਹੀ ਅਫਗਾਨਾਂ ਦਾ ਡੇਰਾ ਦਿਸਿਆ । ਹੁਣ ਉਹਨਾਂ ਤੋਂ ਰਿਹਾ ਨਾ ਗਿਆ ਅਤੇ ਇਕਾ-ਇਕ ਅਫਗਾਨੀ ਲਸ਼ਕਰ ਪਰ ਅਚਾਨਕ ਜਾ ਪਏ। ਅਗੋਂ ਅਫਗਾਨਾਂ ਨੇ ਵੀ ਭੱਜ ਕੇ ਸ਼ਸਤਰ ਧੂਹ ਲਏ ਤੇ ਬੜੇ ਜ਼ੋਰ ਦਾ ਟਾਕਰਾ ਆਰੰਭ ਹੋ ਗਿਆ। ਹੁਣ ਬਾਕੀ ਦੀ ਖ਼ਾਲਸਾ ਫੌਜ ਵੀ ਆ ਪਹੁੰਚੀ ਸੀ ਅਤੇ ਲੱਗੀ ਹੱਥੋਂ ਹੱਥ ਤਲਵਾਰ ਚੱਲਣ। ਦੋਹਾਂ ਪਾਸਿਆਂ ਦੇ ਕਈ ਸੂਰਬੀਰ ਮੈਦਾਨ ਵਿਚ ਰਹੇ। ਹੁਣ ਰਾਤ ਪੈ ਗਈ ਤੇ ਕੁਦਰਤ ਨੇ ਦੋਹਾਂ ਧਿਰਾਂ ਦੀਆਂ ਤਲਵਾਰਾਂ ਨੂੰ ਮਿਆਨ ਵਿਚ ਪੁਆ ਦਿੱਤਾ। ਇਸ ਦੇ ਦੋ ਦਿਨ ਬਾਅਦ, ਅਰਥਾਤ 13 ਜੁਲਾਈ, ਸੰਨ 1813 ਨੂੰ ਹਜ਼ਰੋ ਦੇ ਲਾਗੇ ਸ਼ਮਸਾਬਾਦ ਵਿਚ ਫੇਰ ਭਾਰੀ ਅਫਗਾਨੀ ਲਸ਼ਕਰ ਇਕੱਠਾ ਹੋ ਗਿਆ, ਜਿਸ ਵਿਚ ਸਵਾਰਾਂ ਦੇ ਦਸਤੇ ਦੋਸਤ ਮੁਹੰਮਦ ਖ਼ਾਨ ਦੀ ਆਪਣੀ ਤਹਿਤ ਵਿਚ ਸਨ ਅਤੇ ਪੈਦਲ ਲਸ਼ਕਰ ਤੇ ਤੋਪਖਾਨਿਆਂ ਦਾ ਪ੍ਰਬੰਧ ਫਤਹਿ ਖ਼ਾਨ ਆਪ ਕਰ ਰਿਹਾ ਸੀ। ਇਹ ਲਸ਼ਕਰ ਬੜੇ ਜੋਸ਼ ਨਾਲ ਖ਼ਾਲਸੇ ਦੀ ਫੌਜ ਪਰ ਆ ਪਿਆ, ਅਗੋਂ ਖ਼ਾਲਸੇ ਨੇ ਆਪਣੇ ਮੋਰਚਿਆਂ ਤੇ ਦਮਦਮਿਆਂ ਤੋਂ ਨਿਕਲ ਕੇ ਉਹ ਮੂੰਹ-ਤੋੜਵਾਂ ਉਤਰ ਦਿੱਤਾ ਕਿ ਥੋੜੇ ਵਿਚ ਹੀ ਦੋਸਤ ਮੁਹੰਮਦ ਖ਼ਾਨ ਨੂੰ ਪਤਾ ਲੱਗ ਗਿਆ ਕਿ ਇਹ ਟਾਕਰਾ ਕਿਸੇ ਢਾਡੀ ਕਰੜੀ ਸ਼ਕਤੀ ਤੋਂ ਬਾਹਰ ਹੈ। ਤਦ ਵੀ ਮੁਲਕਈ ਲੋਕ ਜਹਾਦ ਦੇ ਜੋਸ਼ ਵਿਚ ਮੱਤੇ ਹੋਏ ਮੌਤ ਖ਼ੁਸ਼ੀ ਨਾਲ ਖਰੀਦਣ ਵਾਲੇ ਬਰਾਬਰ ਲੋਹਢੇ ਪਹਿਰ ਤੱਕ ਮੈਦਾਨ ਵਿਚ ਡਟੇ ਰਹੇ। ਛੇਕੜ ਕੁਝ ਪਿੱਛੇ ਹਟੇ, ਤੇ ਹੁਣ ਜਦ ਖ਼ਾਲਸੇ ਨੇ ਇਨ੍ਹਾਂ ਦੇ ਪੈਰ ਮੈਦਾਨ ਵਿਚੋਂ ਡਗਮਗਾਉਂਦੇ ਡਿਠੇ ਤਾਂ ਤੁਰੰਤ ਅੱਗੇ ਵੱਧ ਕੇ ਉਨ੍ਹਾਂ ਤੇ ਜੋਸ਼ ਨਾਲ ਹੱਲਾ ਕੀਤਾ ਤੇ ਉਹ ਤਲਵਾਰਾਂ ਵਾਹੀਆਂ ਕਿ ਤੁਰੰਤ ਹੀ ਮੈਦਾਨ ਵਿਚ ਲੋਥਾਂ ਹੀ ਲੋਥਾਂ ਵਿਛ ਗਈਆਂ। ਅਫਗਾਨਾਂ ਨੇ ਇਸ ਸੰਗਰਾਮ ਨੂੰ ਇਸਲਾਮ ਤੇ ਕੁਫਰ ਦੀ ਲੜਾਈ ਸਮਝ ਕੇ ਆਪਣੇ ਵਲੋਂ ਅੱਡੀ ਚੋਟੀ ਦਾ ਤਾਣ ਲਾਇਆ ਤੇ ਬੜੀ ਬਹਾਦਰੀ ਨਾਲ ਛੇਕੜਲੇ ਦਮ ਤੱਕ ਮੈਦਾਨ ਵਿਚ ਡਟੇ ਰਹੇ। ਛੇਕੜ ਉਨ੍ਹਾਂ ਦੀ ਸਦਾ ਹੀ ਫਤਹਮੰਦ ਤਲਵਾਰ ਖ਼ੁਜ

ਖ਼ਾਲਸੇ ਦੀ ਅਰੁਕ ਸ੍ਰੀ ਸਾਹਿਬ ਅੱਗੇ ਖੁੰਡੀ ਪੈ ਗਈ ਤੇ ਜਦ ਧਾਵੇ ਵਿਚ ਇਕ-ਰਸ ਖ਼ਾਲਸੇ ਦਾ ਜੋਸ਼ ਇੰਨਾ ਪਲੋ-ਪਲ ਵਧਦਾ ਡਿੱਠਾ ਤੇ ਦੋਸਤ ਮੁਹੰਮਦ ਖ਼ਾਨ ਦੇ ਸਖਤ ਫੱਟੜ ਹੋ ਜਾਣ ਦੀ ਖ਼ਬਰ ਜਹਾਦੀਆਂ ਸੁਣੀ ਤਾਂ ਉਨ੍ਹਾਂ ਦੇ ਪੈਰ ਰਣ ਵਿਚੋਂ ਉਖੜ ਗਏ। ਇਸ ਸਮੇਂ ਇਹ ਹੁਗ ਗਿਆ ਕਿ ਦੋਸਤ ਮੁਹੰਮਦ ਖ਼ਾਨ ਮਾਰਿਆ ਗਿਆ ਹੈ । ਬਸ ਹੁਣ ਮੈਦਾਨ ਵਿਚੋਂ ਅਫਗਾਨੀ ਫੌਜ ਦੇ ਹੌਂਸਲੇ ਟੁੱਟ ਗਏ ਤੇ ਇਕ ਦਮ ਸਾਰੀ· ਫੌਜ ਭੱਜ ਨੱਠੀ । ਸਿੱਖਾਂ ਨੇ ਇਹਨਾਂ ਦਾ ਦੂਰ ਤੱਕ ਪਿੱਛਾ ਕੀਤਾ, ਚੋਖੀ ਗਿਣਤੀ ਵਿਚ ਭੱਜਦਾ ਹੋਇਆ ਮੁਲਕਈਆ ਤਲਵਾਰ ਦੀ ਧਾਰ ਤੋਂ ਪਾਰ ਹੋਇਆ । ਸੈਂਕੜੇ, ਠਾਠਾਂ ਮਾਰਦੇ ਦਰਿਆ ਅਟਕ ਵਿਚ ਛਾਲਾਂ ਮਾਰ ਕੇ ਦਰਿਆ ਦੀ ਭੇਟ ਹੋਏ, ਬਹੁਤ ਸਾਰੇ ਕੈਦੀ ਬਣਾਏ ਗਏ । ਹੁਣ ਅਟਕ ਦੇ ਦਰਿਆ ਤੱਕ ਸਾਰੇ ਦੇ ਸਾਰੇ ਛਛ ਦੇ ਇਲਾਕੇ ਪਰ ਖ਼ਾਲਸੇ ਦਾ ਪੂਰਾ ਪੂਰਾ ਅਧਿਕਾਰ ਹੋ ਗਿਆ । ਇਹ ਫਤਹਿ ਇਤਿਹਾਸ ਵਿਚ ਅਫਗਾਨਾਂ ਪਰ ਖ਼ਾਲਸੇ ਦੀ ਪਹਿਲੀ ਫਤਹਿ ਮੰਨੀ ਜਾਂਦੀ ਹੈ, ਜੋ ਸਿੰਘਾਂ ਨੇ ਪਠਾਣਾਂ ਪਰ ਖੁਲ੍ਹੇ ਮੈਦਾਨ ਵਿਚ ਪਾਈ[1] ।

ਇਸ ਦਿਨ ਤੋਂ ਖ਼ਾਲਸੇ ਦਾ ਸਿੱਕਾ ਅਫਗਾਨਾਂ ਵਰਗੀ ਬਹਾਦਰ ਕੌਮ ਦੇ ਮਨਾਂ ਪੁਰ ਐਸਾ ਬੈਠਾ ਜੋ ਅਗੇ ਨੂੰ ਸਦਾ ਲਈ ਅਮਿੱਟ ਹੋ ਗਿਆ । ਇਸ ਲੜਾਈ ਵਿਚ ਬਹੁਤ ਸਾਰਾ ਜੰਗੀ ਸਾਮਾਨ ਅਣਗਿਣਤ ਤੰਬੂ ਆਦਿ ਖ਼ਾਲਸੇ ਦੇ ਕਬਜ਼ੇ ਵਿਚ ਆਏ[2]। ਅਟਕ ਦਾ ਪ੍ਰਸਿੱਧ ਕਿਲ੍ਹਾ ਤੇ ਛਛ ਜਿਹਾ ਉਪਜਾਊ ਇਲਾਕਾ ਅੱਜ ਦੀ ਲੜਾਈ ਦਾ ਫਲ ਸੀ, ਜੋ ਅੱਜ ਤੋਂ ਸੰਨ 1849 ਤੱਕ ਖ਼ਾਲਸੇ ਦੇ ਹੱਥ ਰਿਹਾ ।

## ਮੁਲਤਾਨ ਪਰ ਫ਼ਤਹਿ

ਨਵਾਬ ਮੁਜ਼ੱਫਰ ਖ਼ਾਨ ਹਾਕਮ ਮੁਲਤਾਨ ਦੇ ਜ਼ਿੰਮੇ ਜੋ ਸੰਮਤ 1873 ਬਿ: ਦਾ ਮਾਮਲਾ ਲਾਹੌਰ ਦਰਬਾਰ ਦਾ ਬਾਕੀ ਰਹਿੰਦਾ ਸੀ, ਉਸ ਦੇ ਤਾਰਨ ਵਿਚ ਉਹ ਟਾਲ ਮਟੋਲਾ ਕਰਨ ਲੱਗਾ ਤੇ ਉਸ ਦੀ ਰੁਚੀ ਦਾ ਝੁਕਾਓ ਕੁਝ ਗਾਜ਼ੀ-ਪੁਣੇ ਵੱਲ ਦਿਸਿਆ, ਤਾਂ ਸ਼ੇਰਿ ਪੰਜਾਬ ਨੇ ਸੰਮਤ 1874 ਬਿ: ਦੇ ਆਰੰਭ ਵਿਚ ਇਕ ਤਕੜਾ ਦਸਤਾ ਫੌਜ ਦਾ ਉਸ ਨੂੰ ਤਾੜਨਾ ਦੇਣ ਲਈ ਦੀਵਾਨ ਭਵਾਨੀ ਦਾਸ ਪਸ਼ਾਵਰੀਏ ਅਤੇ ਮਿਸਰ ਦੀਵਾਨ ਚੰਦ ਦੀ ਸਰਦਾਰੀ ਵਿਚ ਮੁਲਤਾਨ ਭੇਜਿਆ । ਇਸ ਫੌਜ ਨੇ ਮੁਲਤਾਨ ਪਹੁੰਚਦਿਆਂ ਹੀ ਸ਼ਹਿਰ ਨੂੰ ਘੇਰ ਲਿਆ । ਹੁਣ ਕੁਝ ਨਿੱਕੀਆਂ ਵੱਡੀਆਂ ਲੜਾਈਆਂ ਵੀ ਹੋਈਆਂ ਪਰ ਇਸ ਫੌਜ ਦੇ ਮੁਖੀਆਂ ਦੀ ਬੇ-ਪਰਵਾਹੀ ਦੇ ਕਾਰਨ ਸਫਲਤਾ ਨਾ ਹੋਈ[3]।

ਮਹਾਰਾਜਾ ਨੂੰ ਜਦ ਇਨ੍ਹਾਂ ਦੀਆਂ ਅਯੋਗ ਕਾਰਵਾਈਆਂ ਦਾ ਪਤਾ ਲੱਗਾ ਤਾਂ ਦੀਵਾਨ ਭਵਾਨੀ ਦਾਸ ਪਰ 10000) ਰੁਪਿਆ ਜ਼ੁਰਮਾਨਾ ਕੀਤਾ ਤੇ ਉਸ ਨੂੰ ਕੁਝ ਸਮੇਂ ਲਈ ਆਪਣੇ ਅਹੁਦੇ ਤੋਂ ਹਟਾ ਦਿੱਤਾ[4] ।

\- - - - - -

*1. ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ ਸ: 397 ।*

*2. ਸੱਯਦ ਮੁਹੰਮਦ ਲਈਫ, ਹਿਸਟਰੀ ਆਫ ਦੀ ਪੰਜਾਬ, ਸਫ਼ਾ 397 ।*

*3. ਦੀਵਾਨ ਅਮਰਨਾਥ ਜ਼ਫਰਨਾਮਾ ਰਣਜੀਤ ਸਿੰਘ ਵਿਚ ਲਿਖਦਾ ਹੈ ਕਿ ਦੀਵਾਨ ਭਵਾਨੀ ਦਾਸ ਜੋ ਫੌਜ ਦਾ ਅਫਸਰ ਸੀ ਇਸ ਨੇ ਨਵਾਬ ਮੁਜ਼ੱਫਰ ਖ਼ਾਨ ਤੋਂ 10,000 ਰੁਪਿਆ ਵੱਢੀ ਲਿਆ ਸੀ ਤੇ ਇਸ ਮੁਹਿੰਮ ਨੂੰ ਹਾਨੀ ਪਹੁੰਚਾਈ ਸੀ ਜ਼ਫਰਨਾਮਾ ਰਣਜੀਤ ਸਿੰਘ ਸ: 102 ।*

*4. ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ, ਸਫ਼ਾ 410*

ਸ਼ੇਰਿ ਪੰਜਾਬ ਜਿਸ ਨੂੰ ਕੁਦਰਤ ਨੇ ਐਨਾ ਬਲਵਾਨ ਮਨ ਅਤੇ ਦ੍ਰਿੜ ਵਿਸ਼ਵਾਸ ਬਖਸ਼ਿਆ ਸੀ, ਉਹ ਕਦ ਇਨ੍ਹਾਂ ਮੁਖੀਆਂ ਦੀ ਗਫਲਤ ਦੇ ਕਾਰਨ ਸਫਲਤਾ ਨਾ ਹੋਣ ਕਰਕੇ ਆਪਣੇ ਇਰਾਦੇ ਬਦਲ ਸਕਦਾ ਸੀ ? ਉਸ ਨੇ ਬਹੁਤ ਛੇਤੀ ਅੰਦਰੋਂ ਅੰਦਰ ਸਾਰਾ ਪ੍ਰਬੰਧ ਠੀਕ ਕਰਕੇ 25000 ਬਲਵਾਨ ਫੌਜ ਸ਼ਾਹਜ਼ਾਦਾ ਖੜਗ ਸਿੰਘ, ਸਰਦਾਰ ਹਰੀ ਸਿੰਘ, ਸ: ਸ਼ਾਮ ਸਿੰਘ ਬਹਾਦਰ, ਸਰਦਾਰ ਧੰਨਾ ਸਿੰਘ ਮਲਵਈ ਆਦਿ ਦੀ ਸਰਦਾਰੀ ਵਿਚ 18 ਮਾਘ ਸੰਮਤ 1874 ਬਿ: (ਜਨਵਰੀ 1818ਈ:) ਨੂੰ ਮੁਲਤਾਨ ਤੇ ਪੂਰੀ ਫਤਹਿ ਪਾਉਣ ਲਈ ਤੋਰ ਦਿੱਤੀ।

ਉਧਰ ਨਵਾਬ ਮੁਜ਼ਫਰ ਖ਼ਾਨ ਨੇ ਵੀ ਆਪਣੇ ਵਲੋਂ ਸਭ ਤਰ੍ਹਾਂ ਦੀਆਂ ਤਿਆਰੀਆਂ ਕਰਕੇ ਸ਼ਹਿਰ ਦੇ ਕਿਲ੍ਹੇ ਨੂੰ ਚੰਗੀ ਤਰ੍ਹਾਂ ਪੱਕਾ ਕਰ ਲਿਆ ਤੇ ਇਲਾਕੇ ਵਿਚ ਦੂਰ ਦੂਰ ਤੱਕ ਆਪਣੇ ਆਦਮੀ ਭੇਜ ਕੇ ਐਸਾ ਮਜ਼ਹਬੀ ਜੋਸ਼ ਖਿਲਾਰਿਆ ਕਿ ਥੋੜ੍ਹੇ ਦਿਨਾਂ ਦੇ ਅੰਦਰ ਅੰਦਰ ਹੀ 20000 ਤੋਂ ਵੱਧ ਗਾਜ਼ੀ ਨਵਾਬ ਦੇ ਇਸਲਾਮੀ ਝੰਡੇ ਹੇਠ ਇਕੱਠੇ ਹੋ ਗਏ। ਏਧਰ ਖ਼ਾਲਸੇ ਦੇ ਦਲਾਂ ਨੇ ਪਹਿਲੇ ਰਾਹ ਵਿਚ ਦੋ ਸਾਧਾਰਨ ਲੜਾਈਆਂ ਦੇ ਬਾਅਦ ਖਾਨਗੜ੍ਹ ਤੇ ਮੁਜ਼ਫਰਗੜ੍ਹ ਪਰ ਅਧਿਕਾਰ ਕਰ ਲਿਆ। ਹੁਣ ਜਦ ਖ਼ਾਲਸਾਈ ਦਲ ਮੁਲਤਾਨ ਪਹੁੰਚਿਆ ਤਾਂ ਅਗੋਂ ਨਵਾਬ ਨੇ ਸ਼ਹਿਰ ਦੇ ਕਿਲ੍ਹੇ ਨੂੰ ਪੂਰੀ ਤਰ੍ਹਾਂ ਧਾਵੇ ਤੋਂ ਬਚਾਉਣ ਲਈ ਸੁਰੱਖਿਅਤ ਕਰ ਲਿਆ ਸੀ। ਇਥੇ ਸ਼ਹਿਰ ਤੋਂ ਥੋੜਾ ਬਾਹਰ ਇਕ ਤਕੜਾ ਟਾਕਰਾ ਹੋਇਆ ਅਤੇ ਸਾਰੇ ਦਿਨ ਦੀ ਲੜਾਈ ਲੜਨ ਦੇ ਉਪਰੰਤ ਮੈਦਾਨ ਖ਼ਾਲਸੇ ਦੇ ਹੱਥ ਰਿਹਾ।

ਅਗਲੇ ਦਿਨ ਸ਼ਹਿਰ ਨੂੰ ਘੇਰੇ ਵਿਚ ਰੱਖਿਆ ਗਿਆ, ਹੁਣ ਨਵਾਬ ਬੜੀ ਬਹਾਦਰੀ ਨਾਲ ਸਣੇ ਆਪਣੇ ਸੂਰਮੇ ਪੁੱਤਰਾਂ ਤੇ 20000 ਹਜ਼ਾਰ ਫੌਜ ਅਤੇ ਬੇਗਿਣਤ ਗਾਜ਼ੀਆਂ ਦੇ ਸ਼ਹਿਰ ਨੂੰ ਹਰ ਪਾਸੇ ਤੋਂ ਬਚਾਉਣ ਲਈ ਤਿਆਰ ਖਲੋਤਾ ਸੀ। ਖ਼ਾਲਸੇ ਨੇ ਜਾਂਦੇ ਹੀ ਸ਼ਹਿਰ ਦੀ ਫਸੀਲ ਮੂਹਰੇ ਤੋਪਾਂ ਬੀੜ ਦਿੱਤੀਆਂ, ਸ਼ਹਿਰ ਉਪਰ ਗੋਲਿਆਂ ਦਾ ਮੀਂਹ ਵਰ੍ਹਦਾ ਰਿਹਾ। ਸਾਰੇ ਦਿਨ ਦੀ ਲੜਾਈ ਦਾ ਸਿੱਟਾ ਇਹ ਨਿਕਲਿਆ ਕਿ ਫਸੀਲ ਪਰ ਦੋ ਥਾਵਾਂ ਪਰ ਪਾੜ ਪੈ ਗਏ। ਉਧਰੋਂ ਖ਼ਾਲਸੇ ਹੱਲਾ ਬੋਲ ਦਿੱਤਾ, ਪਰ ਨਵਾਬ ਨੇ ਤੁਰੰਤ ਫੁਰਤ ਪਾੜਾਂ ਵਿਚ ਰੇਤ ਭਰੀਆਂ ਬੋਰੀਆਂ ਭਰਵਾ ਦਿੱਤੀਆਂ, ਜਿਸ ਦੇ ਕਾਰਨ ਸਫਲਤਾ ਨਾ ਹੋ ਸਕੀ। ਇਸ ਦੇ ਉਪਰੰਤ ਫਸੀਲ ਥੱਲੇ ਟੋਏ ਪੁਟਵਾਏ ਗਏ, ਉਹਨਾਂ ਵਿਚ ਬਾਰੂਦ ਭਰਿਆ ਗਿਆ, ਪਰ ਉਪਰੋਂ ਮੀਂਹ ਪੈ ਜਾਣ ਦੇ ਕਾਰਨ ਇਹ ਯਤਨ ਵੀ ਕਾਮਯਾਬ ਨਾ ਹੋਇਆ, ਛੇਕੜ ਕਈ ਦਿਨਾਂ ਦੇ ਉਪਰੰਤ ਇਕ ਦਿਨ ਮੁੜ ਸ਼ਹਿਰ ਪਰ ਹੱਲਾ ਕੀਤਾ ਗਿਆ ਅਤੇ ਬੜੀ ਲਹੂ-ਡੋਲ੍ਹਵੀਂ ਲੜਾਈ ਹੋਈ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਨਵਾਬ ਸ਼ਹਿਰ ਦਿਆਂ ਮੋਰਚਿਆਂ ਵਿਚੋਂ ਨਿਕਲ ਕੇ ਆਪਣੇ ਪ੍ਰਸਿੱਧ ਇਤਿਹਾਸਕ ਕਿਲ੍ਹੇ ਵਿਚ ਜਾ ਵੜਿਆ। ਇਉਂ ਖ਼ਾਲਸੇ ਦਾ ਸ਼ਹਿਰ ਪਰ ਅਧਿਕਾਰ ਹੋ ਗਿਆ।

ਨਵਾਬ ਨੇ ਕਿਲ੍ਹੇ ਵਿਚ ਪਹੁੰਚ ਕੇ ਮੁੜ ਪਹਿਲੇ ਵਾਂਗ ਲੜਾਈ ਦੀਆਂ ਤਿਆਰੀਆਂ ਕਰ ਲਈਆਂ। ਕਿਲ੍ਹੇ ਪਰ-ਕਈ ਤਾਬੜ ਤੋੜ ਧਾਵੇ ਕੀਤੇ ਗਏ, ਇਸ ਦੇ ਦਰਵਾਜ਼ਿਆਂ ਪਰ ਹਾਥੀ ਦੌੜਾਏ ਗਏ ਪਰ ਸਿੱਟਾ ਕੁਝ ਵੀ ਨਾ ਨਿਕਲਿਆ। ਇਉਂ ਕਿਲ੍ਹੇ ਨੂੰ ਘੇਰਾ ਪਿਆ ਰਿਹਾ।

ਲਗਭਗ ਤਿੰਨ ਮਹੀਨੇ ਬੀਤ ਗਏ, ਪਰ ਇਸ ਦੇ ਛੇਤੀ ਫਤਹਿ ਹੋਣ ਦੀ ਕੋਈ ਆਸ ਨਹੀਂ ਸੀ ਕੀਤੀ ਜਾ ਸਕਦੀ, ਉਪਰੋਂ ਗਰਮੀ ਦੀ ਰੁੱਤ ਤੇ ਮੁਲਤਾਨ ਦੀ ਤਪਸ਼ ਨੇ ਫਤਹਿ ਨੂੰ ਹੋਰ ਵੀ ਦੁਰੇਡੇ ਕਰ ਦਿੱਤਾ। ਇਸ ਸਮੇਂ ਇਕ ਹੋਰ ਕਠਿਨਾਈ ਦਾ ਟਾਕਰਾ ਕਰਨਾ ਪਿਆ, ਅਰਥਾਤ ਖ਼ਾਲਸੇ ਦੇ ਡੇਰੇ ਵਿਚ ਡਾਕੀ ਰੋਗ ਖਿੱਲਰ ਗਿਆ ਜਿਸ ਨਾਲ ਅਨੇਕ ਜਵਾਨ

ਨਿੱਤ ਬੀਮਾਰ ਹੋਣ ਲੱਗੇ। ਇਸ ਕਾਰਨ ਸੈਨਾ ਨੂੰ ਬੜੀ ਔਕੜ ਦਾ ਸਾਹਮਣਾ ਕਰਨਾ ਪਿਆ।

ਏਧਰ ਸ਼ੇਰਿ ਪੰਜਾਬ ਨੂੰ ਰਣ ਵਿਚੋਂ ਰੋਜ਼ਾਨਾ ਡਾਕ ਪਹੁੰਚਦੀ ਰਹਿੰਦੀ ਸੀ। ਜਦ ਆਪ ਨੇ ਫੌਜ ਦੀਆਂ ਏਹਨਾਂ ਔਕੜਾਂ ਦਾ ਸਮਾਚਾਰ ਸੁਣਿਆ ਤਾਂ ਆਪ ਆਪਣੇ ਪੁਰਾਤਨ ਨਿਯਮ ਅਨੁਸਾਰ ਸ੍ਰੀ ਅੰਮ੍ਰਿਤਸਰ ਜੀ ਪਹੁੰਚੇ ਤੇ ਸ੍ਰੀ ਦਰਬਾਰ ਸਾਹਿਬ ਜੀ ਜਾ ਕੇ ਇਸ ਮੁਹਿੰਮ ਦੀ ਫਤਹਿ ਲਈ ਅਰਦਾਸਾ ਸੁਧਵਾਇਆ। ਇਸ ਸਮੇਂ ਆਪ ਨੂੰ ਅਕਾਲੀ ਫੂਲਾ ਸਿੰਘ ਮਿਲਿਆ ਤੇ ਜਦ ਉਸ ਨੇ ਖ਼ਾਲਸਾ ਫੌਜ ਨੂੰ ਔਖ ਵਿਚ ਫਾਬਾ ਸੁਣਿਆ ਤਾਂ ਆਪ ਅਕਾਲੀ ਦਲ ਨਾਲ ਲੈ ਕੇ 11 ਜੇਠ ਸੰਮਤ 1874 ਬਿ: ਨੂੰ ਮੁਲਤਾਨ ਵੱਲ ਤੁਰ ਪਿਆ।

ਇਉਂ ਇਹ ਦਸਤਾ ਦਰਿਆ ਰਾਵੀ ਦੇ ਰਸਤੇ ਵਿਚ 18 ਜੇਠ ਨੂੰ ਮੁਲਤਾਨ ਪਹੁੰਚ ਗਿਆ। ਇਨ੍ਹਾਂ ਜਾਂਦਿਆਂ ਹੀ ਭੰਗੀਆਂ ਦੀ ਪ੍ਰਸਿੱਧ ਤੋਪ ਨੂੰ ਕਿਲ੍ਹੇ ਦੇ ਖਿਜ਼ਰੀ ਦਰਵਾਜੇ ਅੱਗੇ ਬੀੜ ਦਿੱਤਾ ਤੇ ਅਜੇ ਕੁੱਲ ਤਿੰਨ ਚਾਰ ਗੋਲੇ ਹੀ ਦਾਗੇ ਸਨ ਕਿ ਦਰਵਾਜ਼ੇ ਦੇ ਲਾਗੇ ਫਸੀਲ ਵਿਚ ਦੋ ਪਾੜ ਪੈ ਗਏ, ਪਰ ਬਹਾਦਰ ਨਵਾਬ ਸਮੇਂ ਸਿਰ ਇਸ ਥਾਂ ਤੇ ਪਹੁੰਚ ਗਿਆ ਤੇ ਉਨ੍ਹਾਂ ਵਿਚ ਰੇਤ ਭਰੀਆਂ ਬੋਰੀਆਂ ਜੁੜਵਾ ਕੇ ਪਾੜਾਂ ਨੂੰ ਪੂਰ ਦਿੱਤਾ ਤੇ ਅੰਦਰੋਂ ਇਕ ਸਰ ਤੋਪਾਂ ਦੀ ਅੱਗ ਵਰਸਾਈ। ਇੰਨੇ ਨੂੰ ਅਕਾਲੀਆਂ ਮੁੜ ਤੋਪਾਂ ਦਾਗੀਆਂ ਤੇ ਗੋਲੇ ਠੀਕ ਬੋਰੀ ਤੇ ਬੈਠੇ ਜਿਸ ਦਾ ਸਿੱਟਾ ਇਹ ਨਿਕਲਿਆ ਕਿ ਪਾੜ ਵਿਚੋਂ ਬੋਰੀਆਂ ਡਿੱਗ ਪਈਆਂ। ਹੁਣ ਅਕਾਲੀ ਫੂਲਾ ਸਿੰਘ ਜੀ ਨੇ ਇਸ ਸਮੇਂ ਨੂੰ ਅੰਜਾਈਂ ਨਹੀਂ ਗਵਾਇਆ ਤੇ ਇਕ ਚੁਣਵਾਂ ਦਸਤਾ ਆਪਣੇ ਜੱਥੇ ਨਾਲ ਲੈ ਕੇ ਉਸ ਪਾੜੇ ਤੇ ਧਾਵਾ ਕਰ ਦਿੱਤਾ ਤੇ ਔਖ ਦੇ ਫੇਰ ਵਿਚ ਇਹ ਅਕਾਲੀ ਦਲ ਕਿਲ੍ਹੇ ਦੇ ਅੰਦਰ ਜਾ ਪੁੱਜਾ ਪਰ ਕੀ ਇਨ੍ਹਾਂ ਦੇ ਅੰਦਰ ਜਾਂਦਿਆਂ ਕਿਲ੍ਹਾ ਫਤਹਿ ਹੋ ਗਿਆ ? ਨਹੀਂ, ਸਗੋਂ ਨਵਾਬ ਨੇ ਜਦ ਇਨ੍ਹਾਂ ਨੂੰ ਅੰਦਰ ਵੜਦਿਆਂ ਡਿੱਠਾ ਤਾਂ ਉਸ ਨੂੰ ਗਜ਼ਬ ਦਾ ਜੋਸ਼ ਆਇਆ ਤੇ ਸਣੇ ਆਪਣੇ ਵੀਰ ਪੁੱਤਰਾਂ ਤੇ ਬਹਾਦਰ ਸਿਪਾਹੀਆਂ ਦੇ ਇਨ੍ਹਾਂ ਤੇ ਟੁੱਟ ਪਿਆ। ਹੁਣ ਹਨੇਰ ਦਾ ਘਮਸਾਨ ਮਚਿਆ। ਨਾਲ ਹੀ ਹੋਰ ਖ਼ਾਲਸਾ ਫੌਜ ਵੀ ਅਕਾਲੀਆਂ ਦੇ ਪਿੱਛੇ ਪਹੁੰਚ ਗਈ ਤੇ ਕਿਲ੍ਹੇ ਦਾ ਮੈਦਾਨ ਹੁਣ ਰਣਭੂਮੀ ਬਣ ਗਿਆ। ਇੰਨੇ ਨੂੰ ਅਕਾਲੀ ਫੂਲਾ ਸਿੰਘ ਦੀ ਤਲਵਾਰ ਨਾਲ ਨਵਾਬ ਮੁਜ਼ਫਰ ਖ਼ਾਨ ਕਤਲ ਹੋਇਆ[1]।

ਇਥੇ ਹੀ ਨਵਾਬ ਦੇ ਪੰਜ ਪੁੱਤਰ ਸ਼ਾਹ ਨਿਵਾਜ਼ ਖ਼ਾਨ, ਮੁਮਤਾਜ਼ ਖ਼ਾਨ, ਆਇਆਜ਼ ਖ਼ਾਨ, ਹਕ ਨਿਵਾਜ਼ ਖ਼ਾਨ ਅਤੇ ਸ਼ਬਾਬ ਖ਼ਾਨ ਵੀ ਮਾਰੇ ਗਏ[2]। ਗਾਜ਼ੀਆਂ ਨੇ ਜਦ ਆਪਣੇ ਮੁਖੀਆਂ ਨੂੰ ਇਸ ਤਰ੍ਹਾਂ ਜ਼ਮੀਨ ਤੇ ਢੇਰ ਹੁੰਦਾ ਡਿੱਠਾ ਤਾਂ ਉਹਨਾਂ ਦੇ ਪੈਰ ਵੀ ਮੈਦਾਨ ਤੋਂ ਉਖੜ ਗਏ ਤੇ ਕਿਲ੍ਹਾ ਹੁਣ ਪੂਰੀ ਤਰ੍ਹਾਂ ਖ਼ਾਲਸੇ ਦੇ ਹੱਥ ਆ ਗਿਆ। ਅਜ ਦੀ ਲੜਾਈ ਵਿਚ ਕਈ ਨਾਮੀਂ ਸਰਦਾਰ ਖ਼ਾਲਸੇ ਵਲੋਂ ਫੱਟੜ ਹੋਏ, ਜਿਨ੍ਹਾਂ ਵਿਚ ਸਰਦਾਰ ਹਰੀ ਸਿੰਘ ਨਲੂਆ ਤੇ ਅਕਾਲੀ ਫੂਲਾ ਸਿੰਘ ਦਾ ਨਾਮ ਖਾਸ ਪ੍ਰਸਿੱਧ ਹੈ[3]। ਇਸ ਤੇ ਬਾਅਦ ਇਹ ਸਾਰਾ ਸੂਬਾ ਖ਼ਾਲਸਾ

- - - - - -

1. *ਸੱਯਦ ਮੁਹੰਮਦ ਲਤੀਫ਼ ਨੇ ਇਥੇ ਭੁਲੇਖੇ ਨਾਲ ਲਿਖਿਆ ਹੈ ਕਿ ਨਵਾਬ ਮੁਜ਼ਫ਼ਰ ਖ਼ਾਨ ਨੂੰ ਸਣੇ ਪੁੱਤਰਾਂ ਦੇ ਬਾਵਲ ਹਕ ਦੀ ਖ਼ਾਨਗਾਹ ਵਿਚ ਕਤਲ ਕੀਤਾ ਗਿਆ। ਅਸਲ ਗੱਲ ਇਹ ਹੈ ਕਿ ਨਵਾਬ ਸਣੇ ਪੁੱਤਰਾਂ ਦੇ ਅਕਾਲੀਆਂ ਦੇ ਹੱਲੇ ਨੂੰ ਠਲ੍ਹਦਾ ਹੋਇਆ ਖਿਜ਼ਰੀ ਦਰਵਾਜੇ ਵਿਚ ਹੀ ਮਾਰਿਆ ਗਿਆ ਸੀ। ਉਨ੍ਹਾਂ ਦੀਆਂ ਲੋਥਾਂ ਉਸ ਦੇ ਭਤੀਜੇ ਦੇ ਮੰਗਣ ਪਰ ਸ਼ਾਹਜ਼ਾਦਾ ਖੜਗ ਸਿੰਘ ਦੀ ਆਗਿਆ ਨਾਲ ਉਸ ਨੂੰ ਦਿੱਤੀਆਂ ਜੋ ਉਸਨੇ ਬਾਵਲ ਹਕ ਦੇ ਮਕਬਰੇ ਵਿਚ ਦਫ਼ਨ ਕੀਤੀਆਂ। ਵੇਖੋ ਸਰ ਲੈਪਲ ਗ੍ਰਿਫਨ ਦੀ ਪੰਜਾਬ ਚੀਫਸ ਸਫ਼ਾ 89।*
2. *ਇਸ ਲੜਾਈ ਵਿਚ ਨਵਾਬ ਮੁਜ਼ੱਫਰ ਖ਼ਾਨ ਦੇ ਪੰਜ ਪੁੱਤਰ ਮਾਰੇ ਗਏ। ਸ: ਮੁ: ਲਤੀਫ਼ ਸਫ਼ਾ 26। ਖਾ: ਦ: ਰੀਕਾਰਡ, ਜਿ: 1, ਸਫ਼ਾ 8*
3. *ਬਾਜੇ ਇਤਿਹਾਸਕਾਰਾਂ ਨੇ ਇਸ ਅਕਾਲੀ ਦਾ ਨਾਮ ਸਾਧੂ ਸਿੰਘ ਲਿਖਿਆ ਹੈ, ਜੋ ਠੀਕ ਨਹੀਂ ਇਸ ਗੱਲ ਦਾ ਸਵਿਸਤਾਰ ਨਿਰਨਾ ਅਕਾਲੀ ਫੂਲਾ ਸਿੰਘ ਜੀ ਦੇ ਜੀਵਨ ਬਿਰਤਾਂਤ ਵਿਚ ਕੀਤਾ ਗਿਆ ਹੈ।*

ਰਾਜ ਵਿਚ ਮਿਲਾ ਦਿੱਤਾ। ਮੁਲਤਾਨ ਦੀ ਫਤਹਿ ਵਿਚ ਖ਼ਾਲਸਾ ਫੌਜਾਂ ਦੇ ਹੱਥ ਬਹੁਤ ਮਾਇਆ ਆਈ। ਨਵਾਬ ਦੇ ਖਜ਼ਾਨੇ ਵਿਚੋਂ ਵੀ ਬੇਸ਼ੁਮਾਰ ਮੋਹਰਾਂ ਤੇ ਜਵਾਹਰਾਤ ਮਿਲੇ। ਇਸ ਲੜਾਈ ਵਿਚ 12000 ਤੋਂ ਵੀ ਵੱਧ ਮੁਸਲਮਾਨ ਸਣੇ ਨਵਾਬ ਮੁਜ਼ਫਰ ਖ਼ਾਨ ਅਤੇ ਉਸ ਦੇ ਪੰਜ ਪੁੱਤਰਾਂ ਦੇ ਕਤਲ ਹੋਏ ਅਤੇ ਖ਼ਾਲਸਾ ਜੀ ਵਲੋਂ ਕੁਰਬਾਨ ਹੋਣ ਵਾਲਿਆਂ ਦੀ ਗਿਣਤੀ ਚਾਰ ਹਜ਼ਾਰ ਦੇ ਲਗਭਗ ਸੀ।

ਨਵਾਬ ਮੁਜ਼ਫਰ ਖ਼ਾਨ ਦੀ ਕਬਰ ਬਾਵਲ ਹਕ ਦੀ ਖ਼ਾਨਗਾਹ ਦੀ ਡਿਉਢੀ ਵਿਚ ਦਰਵਾਜ਼ੇ ਦੇ ਸਾਹਮਣੇ ਹੈ, ਜਿਸ ਉਤੇ ਹੇਠ ਲਿਖਿਆ ਸ਼ੇਰ ਫਾਰਸੀ ਵਿਚ ਲਿਖੇ ਹੋਏ ਹਨ, ਜਿਹਨਾਂ ਤੋਂ ਨਵਾਬ ਦੀ ਮੌਤ ਦੀ ਤਾਰੀਖ ਨਿਕਲਦੀ ਹੈ :-

ਸੁਜ਼ਾ ਵ ਇਬਨਲ ਸੁਜ਼ਾ ਬ ਹਾਜੀ,
ਅਮੀਰ ਮੁਲਤਾਨ ਜਹੈ ਮੁਜ਼ੱਫਰ।
ਬਰੋਜ਼ੇ ਮੈਦਾਨ ਬ ਤੇਗੇ ਬਾਜ਼ੂ,
ਕਿ ਹਮਲਾ ਆਵਰਦ ਚੂੰ ਗਜ਼ਨਫਰ।
ਚੂੰ ਸੁਰਖਰੂ ਸ਼ੁਦ ਬਸ਼ੂਏ ਬੈਜਨਤ,
ਬਗੁਫਤ ਰਦਵਾ ਬੀਆ ਮੁਜ਼ੱਫਰ।
(1823 ਹਿਜ਼ਰੀ)

ਭਾਵ :- (ਨਵਾਬ) ਹਾਜੀ ਮੁਜ਼ੱਫਰ(ਖ਼ਾਨ) ਅਮਨ ਮੁਲਤਾਨ ਬੜਾ ਹੀ ਬਹਾਦਰ ਅਤੇ ਬਹਾਦਰ ਦਾ ਪੁੱਤਰ ਸੀ। ਮੈਦਾਨਿ ਜੰਗ ਵਿਚ ਤਲਵਾਰ ਹੱਥ ਵਿਚ ਲੈ ਕੇ ਸ਼ੇਰਿ ਬੱਬਰ ਵਾਂਗ ਵੈਰੀਆਂ ਤੇ ਟੁੱਟ ਪਿਆ। (ਸ਼ਹੀਦ ਹੋ ਕੇ) ਜਦ ਜਨਤ ਵੱਲ ਵਧ ਗਿਆ, ਤਾਂ (ਅਗੋਂ) ਜਨਤ ਦੀਆਂ (ਹੂਰਾਂ) ਨੇ 'ਜੀ ਆਇਆਂ ਨੂੰ' ਕਿਹਾ।

ਇਸੇ ਤਰ੍ਹਾਂ ਨਵਾਬ ਦਾ ਵੱਡਾ ਪੁੱਤਰ ਸ਼ਾਹ ਨਿਵਾਜ਼ ਖ਼ਾਨ, ਜੋ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨਾਲੋਂ ਹੱਥੋ ਹੱਥ ਟਾਕਰਾ ਕਰਦਾ ਹੋਇਆ ਸਰਦਾਰ ਦੀ ਤਲਵਾਰ ਨਾਲ ਮੋਇਆ ਸੀ, ਇਸੇ ਡਿਉਢੀ ਦੇ ਬਾਹਰ ਪੂਰਬ ਵਾਲੇ ਸੱਜੇ ਹੱਥ ਇਕ ਸੋਹਣੀ ਕਬਰ ਵਿਚ ਦੱਬਿਆ ਹੋਇਆ ਹੈ, ਅਤੇ ਇਸ ਦੇ ਉਤੇ ਇਹ ਕੁਤਬਾ ਹੈ :-

ਚੂੰ ਸ਼ਾਹ ਨਿਵਾਜ਼ ਖ਼ਾਨ ਬ ਮੁਲਤਾਨ ਸ਼ਹੀਦ ਸ਼ੁਦ।
ਖ਼ਮਦਾਰ ਤੇਗ ਕਤਲ ਬਰੋ ਮਾਏ ਈਦ ਸ਼ੁਦ।
ਜੁਸਤਮ ਚੂੰ ਸਾਲ ਮਸ਼ਹੀਦਾਨੈ ਗਾਜ਼ੀ ਸ਼ਹੀਦ।
ਗੁਫਤਾ ਖਿਰਦ ਕੇ ਹਾਕਮੇ ਮੁਲਤਾਨ ਸ਼ਹੀਦੰ ਸ਼ੁਦ।
(1238 ਹਿਜ਼ਰੀ)

ਭਾਵ - ਜਦੋਂ ਸ਼ਾਹ ਨਿਵਾਜ਼ ਖ਼ਾਨ ਮੁਲਤਾਨ ਵਿਚ ਸ਼ਹੀਦ ਹੋਇਆ ਤਾਂ ਕਤਲ ਦੀ ਖਮਦਾਰ ਸ਼ਮਸ਼ੇਰ (ਉਸ ਨੂੰ) ਈਦ ਦੇ ਚੰਦ ਵਤ (ਪਿਆਰੀ) ਭਾਸੀ। ਜਦ (ਮੈਂ) ਗਾਜ਼ੀ ਸ਼ਹੀਦ ਦੇ ਕਤਲ (ਹੋਣ) ਦਾ ਸਾਲ ਢੂੰਡਿਆ, ਤਾਂ ਉਹਨੇ (ਮੈਨੂੰ) ਦੱਸਿਆ ਕਿ ਮੁਲਤਾਨ ਦਾ ਹਾਕਮ ਸ਼ਹੀਦ ਹੋਇਆ[1]।

- - - - - -

*1. ਮੁਲਤਾਨ ਦੀ ਫਤਹਿ ਦੇ ਬਾਦ ਮਹਾਰਾਜ ਰਣਜੀਤ ਸਿੰਘ ਨੇ ਪੀਰ ਬਾਵਲ ਹਕ ਦੀ ਇਤਿਹਾਸਿਕ ਜ਼ਿਆਰਤ ਤੇ ਮਖਦੂਮਾਂ ਨੂੰ 35000 ਰੁਪਏ ਵਾਰਸ਼ਕ ਦੀ ਜਾਗੀਰ ਬਖਸ਼ੀ। (ਦੀ ਪੰਜਾਬ ਚੀਫਸ ਲੈਪਲ ਗ੍ਰਿਫਨ, ਜਿਲਦ 2, ਸਫਾ 86।*

ਨਵਾਬ ਦੇ ਛੋਟੇ ਪੁੱਤਰ ਸਰਫਰਾਜ਼ ਖ਼ਾਨ ਅਤੇ ਜ਼ੁਲਫਕਾਰ ਅਲੀ ਖ਼ਾਨ ਤੇ ਅਮੀਰ ਬੇਗ ਖ਼ਾਨ ਜਿਊਂਦੇ ਫੜੇ ਗਏ। ਇਨ੍ਹਾਂ ਨੂੰ ਜਦ ਲਾਹੌਰ ਮਹਾਰਾਜਾ ਦੀ ਸੇਵਾ ਵਿਚ ਹਾਜ਼ਰ ਕੀਤਾ ਗਿਆ ਤਾਂ ਉਦਾਰ ਚਿੱਤ ਮਹਾਰਾਜਾ ਸਾਹਿਬ ਨੇ ਇਹਨਾਂ ਦੀ ਬੜੀ ਇੱਜ਼ਤ ਕੀਤੀ ਅਤੇ ਪ੍ਰਾਹੁਣਚਾਰੀ ਵਜੋਂ 2500) ਰੁਪਏ ਨਕਦ ਭੇਜੇ, ਅਤੇ ਇਹਨਾਂ ਦੇ ਨਿਰਬਾਹ ਲਈ ਸ਼ਰਕਪੁਰ ਦੇ ਇਲਾਕੇ ਵਿਚ ਇਹਨਾਂ ਨੂੰ ਭਾਰੀ ਜਾਗੀਰ ਦਿੱਤੀ, ਜੋ ਅਜੇ ਤਕ ਇਹਨਾਂ ਦੇ ਵਾਰਸਾਂ ਦੇ ਕਬਜ਼ੇ ਵਿਚ ਹੈ।

## ਪਿਸ਼ਾਵਰ ਦੀ ਫਤਹਿ

ਸ਼ੇਰਿ ਪੰਜਾਬ ਦੀ ਚੋਖੇ ਸਮੇਂ ਤੋਂ ਅਭਿਲਾਖਾ ਸੀ ਕਿ ਪਿਸ਼ਾਵਰ ਨੂੰ ਹਿੰਦ ਦਾ ਬੂਹਾ ਕਿਹਾ ਜਾਂਦਾ ਹੈ-ਫਤਹਿ ਕੀਤਾ ਜਾਏ, ਪਰ ਕਿਸੇ ਯੋਗ ਸਮੇਂ ਦੇ ਆਉਣ ਲਈ ਕੁਝ ਚਿਰ ਉਡੀਕਣਾ ਪਿਆ। ਮੁਲਤਾਨ ਦੀ ਫਤਹਿ ਤੋਂ ਆਪ ਨੂੰ ਵਿਹਲ ਮਿਲੀ ਤਾਂ ਆਪ ਨੇ ਪਿਸ਼ਾਵਰ ਪਰ ਚੜ੍ਹਾਈ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਹੁਣ ਇਕ ਭਾਰੀ ਫੌਜ ਨਾਲ ਲੈ ਕੇ ਸੰਮਤ 1875 ਬਿ: ਨੂੰ ਅਟਕ ਵੱਲ ਕੂਚ ਕਰ ਦਿੱਤਾ। ਇਥੇ ਪਹੁੰਚ ਕੇ ਬੇੜੀਆਂ ਦਾ ਪੁਲ ਤਿਆਰ ਕਰਾਇਆ ਤੇ ਇਥੋਂ ਇਕ ਛੋਟਾ ਜਿਹਾ ਦਸਤਾ ਦੇਖ ਭਾਲ ਲਈ ਅਟਕ ਤੋਂ ਪਾਰ ਭੇਜਿਆ। ਉਧਰੋਂ ਅਟਕੋਂ ਪਾਰ ਦੇ ਇਲਾਕੇ ਦੇ ਖਟਕਾਂ ਅਤੇ ਪਠਾਣਾਂ ਨੂੰ ਜਦ ਮਹਾਰਾਜਾ ਦੀ ਚੜ੍ਹਾਈ ਬਾਰੇ ਪਤਾ ਲੱਗਾ, ਤਾਂ ਉਹਨਾਂ ਨੇ ਇਕ ਭਾਰੀ ਇਕੱਠ ਕਰ ਲਿਆ ਤੇ ਫਿਰੋਜ਼ ਖ਼ਾਨ ਖਟਕ ਤੇ ਨਜੀਬਉਲਾ ਖ਼ਾਨ ਦੀ ਤਹਿਤ ਵਿਚ ਖ਼ੈਰਾਬਾਦ ਦੀਆਂ ਪਹਾੜੀਆਂ ਵਿਚ ਮੋਰਚੇ ਮਲ ਬੈਠੇ ਤੇ ਲੱਗੇ ਖ਼ਾਲਸੇ ਦੀ ਉਡੀਕ ਕਰਨ। ਹੁਣ ਜਦ ਇਹ ਛੋਟਾ ਜਿਹਾ ਦਸਤਾ ਦੇਖ ਭਾਲ ਲਈ ਪਾਰ ਪੁੱਜਾ ਤਾਂ ਉਹਨਾਂ ਨੇ ਇਹਨਾਂ ਤੇ ਐਸਾ ਕਰੜਾ ਹੱਲਾ ਕੀਤਾ ਕਿ ਇਹਨਾਂ ਨੂੰ ਹਰ ਪਾਸੇ ਤੋਂ ਘੇਰ ਲਿਆ। ਇਹਨਾਂ ਆਪਣੇ ਵਲੋਂ ਵੈਰੀ ਦਾ ਚੰਗਾ ਡੱਟ ਕੇ ਟਾਕਰਾ ਕੀਤਾ ਪਰ ਬਹੁਤਿਆਂ ਅਤੇ ਥੋੜਿਆਂ ਦੀ ਕਦ ਤਨਕ ਨਿਭ ਸਕਦੀ ਸੀ ? ਇਹ ਸਾਰਾ ਦਸਤਾ ਲਗਭਗ ਫੱਟੜ ਜਾਂ ਕਤਲ ਹੋ ਗਿਆ।

ਸ਼ੇਰਿ ਪੰਜਾਬ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਆਪ ਦੀਆਂ ਅੱਖਾਂ ਵਿਚ ਲਹੂ ਉਤਰ ਆਇਆ ਤੇ ਉਸੇ ਵੇਲੇ ਇਕ ਬਲਵਾਨ ਜੱਥਾ ਫੌਜ ਦਾ ਅਕਾਲੀ ਫੂਲਾ ਸਿੰਘ ਅਤੇ ਸਰਦਾਰ ਮਹਿਤਾਬ ਸਿੰਘ ਨਾਖੇਰੀਏ ਦੀ ਜੱਥੇਦਾਰੀ ਵਿਚ ਪਾਰ ਭੇਜਿਆ। ਇਹਨਾਂ ਦੇ ਪਹੁੰਚਦਿਆਂ ਹੀ ਅਫ਼ਗਾਨਾਂ ਨੇ ਇਹਨਾਂ ਤੇ ਹੱਲਾ ਕੀਤਾ, ਪਰ ਉਹਨਾਂ ਨੇ ਪਠਾਣਾਂ ਨੂੰ ਉਹ ਹੱਥ ਦੱਸੇ ਜੋ ਅੱਗੇ ਕਦੇ ਉਹਨਾਂ ਨਹੀਂ ਸਨ ਡਿੱਠੇ। ਸੈਂਕੜਿਆਂ ਨੂੰ ਤਲਵਾਰ ਦੀ ਧਾਰ ਤੋਂ ਪਾਰ ਕੀਤਾ। ਗਾਜ਼ੀਆਂ ਨੇ ਆਪਣੇ ਆਪ ਨੂੰ ਖ਼ਾਲਸੇ ਦੇ ਹੱਥ ਵਿਚ ਹਰ ਪਾਸੇ ਤੋਂ ਫਾਥਾ ਡਿੱਠਾ ਤਾਂ ਸਫੈਦ ਝੰਡਾ ਖੜ੍ਹਾ ਕੀਤਾ ਤਾਂ ਅਮਨ ਮੰਗਿਆ। ਖ਼ਾਲਸੇ ਦੇ ਸਵਾਰਾਂ ਨੇ ਖਟਕਾਂ ਦੇ ਦੋਹਾਂ ਮੁਖੀਆਂ ਨੂੰ ਫੜ ਕੇ ਅਕਾਲੀ ਫੂਲਾ ਸਿੰਘ ਦੇ ਮੂਹਰੇ ਹਾਜ਼ਰ ਕੀਤਾ, ਅਤੇ ਉਸ ਨੇ ਮਹਾਰਾਜੇ ਦੀ ਸੇਵਾ ਵਿਚ ਇਹਨਾਂ ਨੂੰ ਭਿਜਵਾ ਦਿੱਤਾ। ਉਥੇ ਜਦ ਇਹਨਾਂ ਨੇ ਬਹੁਤ ਕੁਝ ਅਧੀਨਗੀ ਦੱਸੀ ਤਾਂ ਮਹਾਰਾਜਾ ਸਾਹਿਬ ਨੇ ਇਹਨਾਂ ਦੀ ਜਾਨ-ਬਖਸ਼ੀ ਕਰ ਦਿੱਤੀ। ਅਗਲੇ ਦਿਨ ਕਿਲ੍ਹਾ ਖ਼ੈਰਾਬਾਦ ਤੇ ਜਹਾਂਗੀਰੇ ਵਿਚ ਆਪਣੇ ਠਾਣੇ ਸਥਾਪਤ ਕਰਕੇ ਖ਼ਾਲਸਾ ਫੌਜ ਨੇ ਅੱਗੇ ਕੂਚ ਕੀਤਾ। ਇਹ ਦਲ ਨੁਸ਼ੈਹਰੇ ਤੋਂ ਕੁਝ ਥੋੜ੍ਹਾ ਹੀ ਅੱਗੇ ਪਹੁੰਚਿਆ ਹੋਣਾ ਹੈ ਕਿ ਏਥੇ ਖ਼ਬਰ ਮਿਲੀ

ਕਿ ਬਹੁਤ ਸਾਰੇ ਗਾਜ਼ੀ ਚਮਕਨੀ ਵਿਚ ਆਖੁਨਜ਼ਾਦਿਆਂ ਦੇ ਝੰਡੇ ਹੇਠ ਇਕੱਠੇ ਹੋ ਗਏ ਹਨ ਤੇ ਖ਼ਾਲਸੇ ਦਾ ਰਸਤਾ ਰੋਕਣਾ ਚਾਹੁੰਦੇ ਹਨ। ਇਥੇ ਰਾਤੋ ਰਾਤ ਅਕਾਲੀ ਫੂਲਾ ਸਿੰਘ ਨੇ ਕੂਚ ਕਰਕੇ ਸਵੇਰ ਤੋਂ ਪਹਿਲੇ ਹੀ ਚਮਕਨੀ ਨੂੰ ਘੇਰ ਲਿਆ। ਇਥੋਂ ਗਾਜ਼ੀ ਅਜੇ ਸੁੱਤੇ ਹੀ ਪਏ ਸਨ ਜਦ ਉਹਨਾਂ ਨੂੰ ਪਤਾ ਲੱਗਾ ਕਿ ਖ਼ਾਲਸੇ ਦੇ ਸਵਾਰਾਂ ਨੇ ਸ਼ਹਿਰ ਘੇਰ ਲਿਆ ਹੈ। ਹੁਣ ਉਹਨਾਂ ਲਈ ਬਿਨ੍ਹਾਂ ਭੱਜ ਜਾਣ ਦੇ ਕੋਈ ਚਾਰਾ ਨਹੀਂ ਸੀ ਤੇ ਜਿੱਧਰ ਕਿਸੇ ਨੂੰ ਰਾਹ ਲੱਭਾ ਉਧਰ ਨੂੰ ਭੱਜ ਨੱਠਾ। ਸੈਂਕੜੇ ਭੱਜਦੇ ਹੋਏ ਗਾਜ਼ੀ ਖ਼ਾਲਸੇ ਦੀ ਤਲਵਾਰ ਤੋਂ ਪਾਰ ਹੋਏ। ਖ਼ਾਲਸੇ ਦੀ ਇਸ ਨਿਡਰਤਾ ਦਾ ਵੈਰੀਆਂ ਪਰ ਅਜਿਹਾ ਦਬਦਬਾ ਛਾਇਆ ਕਿ ਅਗਲੇ ਦਿਨ 4 ਮਘਰ ਸੰਮਤ 1874 ਬਿ: ਨੂੰ ਬਿਨਾਂ ਕਿਸੇ ਲੜਾਈ ਦੇ ਖ਼ਾਲਸੇ ਦਾ ਪਿਸ਼ਾਵਰ ਪਰ ਕਬਜ਼ਾ ਹੋ ਗਿਆ।

ਯਾਰ ਮੁਹੰਮਦ ਖਾਨ ਜੋ ਪਿਸ਼ਾਵਰ ਦਾ ਹਾਕਮ ਸੀ, ਖ਼ਾਲਸੇ ਦੀ ਫੌਜ ਦੇ ਪਹੁੰਚਣ ਤੋਂ ਪਹਿਲਾਂ ਹੀ ਪਿਸ਼ਾਵਰ ਤੋਂ ਹਸਤ-ਨਗਰ ਵੱਲ ਨੱਸ ਗਿਆ ਸੀ। ਹੁਣ ਸ਼ਹਿਰ ਦੀ ਰਾਖੀ ਆਦਿ ਦਾ ਪੱਕਾ ਪ੍ਰਬੰਧ ਕਰਕੇ ਸ਼ੇਰਿ ਪੰਜਾਬ ਨੇ ਇਲਾਕੇ ਦੇ ਅਰਬਾਬਾਂ ਤੇ ਰਈਸਾਂ ਦੇ ਯੋਗ ਨਜ਼ਰਾਨੇ ਪ੍ਰਵਾਨ ਕੀਤੇ। ਤੀਸਰੇ ਦਿਨ ਮਹਾਰਾਜਾ ਸਾਹਿਬ ਨੇ ਇਕ ਭਾਰੀ ਦਰਬਾਰ ਕੀਤਾ, ਜਿਸ ਵਿਚ ਸਾਰੇ ਇਲਾਕੇ ਦੇ ਰਈਸ ਆਏ ਹੋਏ ਸਨ, ਜਿਹਨਾਂ ਨੂੰ ਹਜ਼ਾਰਾਂ ਰੁਪਏ ਦੇ ਸਿਰੋਪਾ ਤੇ ਖ਼ਿਲਤਾਂ ਬਖ਼ਸ਼ੀਆਂ। ਇੰਨੇ ਨੂੰ ਦੋਸਤ ਮੁਹੰਮਦ ਖ਼ਾਨ ਬਾਰਕਜ਼ਈ ਨੇ ਆਪਣੇ ਦੀਵਾਨ ਦਮੋਦਰ ਮਲ ਤੇ ਹਾਫਜ਼ ਰੁਹੇਲੇ ਦੀ ਰਾਹੀਂ 50000 ਰੁਪਿਆ, 50 ਭਾਰ ਕਾਬਲੀ ਮੇਵੇ ਦੇ, ਇਕ ਸੌ ਘੋੜੇ ਆਦਿ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਟ ਵਜੋਂ ਨਜਰਾਨੇ ਦੇ ਤੌਰ ਪਰ ਭੇਜੇ ਤੇ ਨਾਲ ਹੀ ਇਕ ਬਿਨੈ-ਪੱਤਰ ਘੱਲਿਆ, ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਜੇ ਪਿਸ਼ਾਵਰ ਦੀ ਹਕੂਮਤ ਸਰਕਾਰ ਵਲੋਂ ਮੈਨੂੰ ਬਖਸ਼ੀ ਜਾਏ ਤਾਂ ਜਿੰਨੀ ਰਕਮ ਆਪ ਜ਼ਿੰਮੇ ਕਰ ਦੀ ਰੱਖਣਾ ਚਾਹੋ, ਉਹ ਮੈਂ ਬਿਨਾਂ ਟਾਲ-ਮਟੋਲੇ ਦੇ ਸਰਕਾਰ ਦੀ ਸੇਵਾ ਵਿਚ ਭੇਜ ਦਿਆ ਕਰਾਂਗਾ ਅਤੇ ਹੋਰ ਜੋ ਜੋ ਫਰਮਾਨ ਲਾਹੌਰ ਦਰਬਾਰ ਵਲੋਂ ਆਵਣਗੇ ਉਹਨਾਂ ਦੀ ਪਾਲਨਾ ਖੁਸ਼ੀ ਨਾਲ ਕਰਾਂਗਾ। ਮਹਾਰਾਜਾ ਸਾਹਿਬ ਨੇ ਇਸ ਸਮੇਂ ਯੋਗ ਸਮਝ ਕੇ ਦੋਸਤ ਮੁਹੰਮਦ ਦੀ ਇਹ ਬੇਨਤੀ ਪ੍ਰਵਾਨ ਕਰ ਲਈ ਅਤੇ ਆਪ ਕੁਝ ਦਿਨਾਂ ਦੇ ਉਪਰੰਤ ਖ਼ਾਲਸਾ ਫੌਜ ਦੇ ਲਾਹੌਰ ਵੱਲ ਪਰਤ ਆਏ।[1] ਇਹ ਫਤਹ ਵਿਚ ਦੀਵਾਨ ਸ਼ਾਮ ਸਿੰਘ ਪਿਸ਼ਾਵਰੀ ਨੇ ਖ਼ਾਲਸੇ ਦੀ ਬਹੁਮੁੱਲੀ ਸੇਵਾ ਕੀਤੀ, ਜਿਸ ਨੂੰ ਇਸ ਦੇ ਬਦਲੇ ਮਹਾਰਾਜਾ ਵਲੋਂ ਭਾਰੀ ਜਗੀਰ ਅਤੇ ਸਨਦ ਬਖਸ਼ੀ ਗਈ।

ਖ਼ਾਲਸੇ ਦੀ ਇਹ ਫਤਹ ਰਾਜਸੀ ਦ੍ਰਿਸ਼ਟੀ-ਕੋਣ ਤੋਂ ਸਾਧਾਰਨ ਜਿੱਤਾਂ ਤੋਂ ਵਧੇਰੀ ਤੁਲਨਾ ਰੱਖਦੀ ਹੈ, ਜਿਸ ਨੂੰ ਕਈ ਇਤਿਹਾਸਕਾਰ ਖ਼ਾਲਸੇ ਦੀ ਕਰਾਮਾਤੀ ਸਫਲਤਾ ਲਿਖਦੇ ਹਨ। ਧਾਵਿਆਂ ਦਾ ਉਹ ਭਾਰੀ ਦਰਿਆ ਜੋ ਅੱਠ ਸਾਲਾਂ ਤੋਂ ਉਤਰ ਪੱਛਮ ਤੋਂ ਹਿੰਦੁਸਤਾਨ ਪਰ ਆਉਂਦਾ ਰਿਹਾ ਅੱਜ ਖ਼ਾਲਸਾ ਤਲਵਾਰ ਦੇ ਸਾਹਮਣੇ ਨਾ ਕੇਵਲ ਉਹ ਰੁਕ ਹੀ ਗਿਆ, ਸਗੋਂ ਉਲਟਾ ਪਿਛਾਂਹ ਨੂੰ ਵਗਣ ਲੱਗਾ। ਰਾਜਾ ਜੈ ਪਾਲ ਦੇ ਅਸਫਲ ਧਾਵੇ ਪਿੱਛੋਂ ਇਹ ਪਹਿਲੀ ਵਾਰ ਖ਼ਾਲਸੇ ਦੇ ਬਹਾਦਰ ਦਲਾਂ ਨੇ ਨਾ ਕੇਵਲ ਪਿਸ਼ਾਵਰ ਅਤੇ ਸਰਹਦ ਨੂੰ ਫਤਹ ਕਰਕੇ ਪੰਜਾਬ ਨਾਲ ਸੰਮਿਲਤ ਹੀ ਕਰ ਦਿੱਤਾ, ਸਗੋਂ ਖ਼ਾਲਸਾ ਰਾਜ ਨੂੰ ਕਾਬਲ ਅਤੇ ਗਜ਼ਨੀ ਤਕ ਪਹੁੰਚਾਣ ਦੀਆਂ ਤਿਆਰੀਆਂ ਹੋਣ ਲੱਗੀਆਂ। ਜਿਸ ਤਰ੍ਹਾਂ ਤੈਮੂਰਲੰਗ ਤੇ ਮਹਿਮੂਦ ਗਜ਼ਨੀ ਦਾ ਨਾਮ ਹਿੰਦੀਆਂ ਲਈ ਡਰਾਵਣਾ ਭਾਸਦਾ ਸੀ, ਅੱਜ ਉਸੇ ਤਰ੍ਹਾਂ ਸਰਦਾਰ ਹਰੀ ਸਿੰਘ ਨਲੂਏ ਅਤੇ ਅਕਾਲੀ ਫੂਲਾ ਸਿੰਘ ਦਾ ਨਾਂ ਕਾਬਲ ਅਤੇ ਗਜ਼ਨੀ ਦੀਆਂ ਗਲੀਆਂ ਵਿਚ ਪਠਾਣ ਬੱਚਿਆਂ ਨੂੰ

1. *ਇਸ ਸਮੇਂ 14 ਤੋਪਾਂ ਤੇ ਬਹੁਤ ਸਾਰੇ ਘੋੜੇ ਨਕਦੀ ਆਦਿ ਮਹਾਰਾਜਾ ਆਪਣੇ ਨਾਲ ਲਾਹੌਰ ਲੈ ਆਇਆ।*

ਡਰਾਉਣ ਲਈ ਯਾਦ ਹੋਣ ਲੱਗਾ ।

## ਕਸ਼ਮੀਰ ਦੀ ਫਤਹ

ਪਿਸ਼ਾਵਰ ਦੀ ਫਤਹ ਤੋਂ ਵੇਹਲ ਪਾਂਦਿਆਂ ਹੀ ਸਭ ਤੋਂ ਪਹਿਲਾਂ ਬੜਾ ਕੰਮ ਜੋ ਸ਼ੇਰਿ ਪੰਜਾਬ ਨੇ ਕੀਤਾ ਉਹ ਇਹ ਸੀ ਕਿ ਇਕ ਬਲਵਾਨ ਫੌਜੀ ਦਸਤਾ ਤੇ ਬਹੁਤ ਸਾਰਾ ਜੰਗੀ ਸਾਮਾਨ ਰਸਦ ਆਦਿ ਇਕੱਠਾ ਕਰਕੇ 8 ਵੈਸਾਖ 1876 ਬਿ: ਨੂੰ ਆਪਣੀ ਦੇਖ-ਰੇਖ ਹੇਠ ਕਸ਼ਮੀਰ ਪਰ ਚੜ੍ਹਾਈ ਲਈ ਲਾਹੌਰ ਤੋਰ ਦਿੱਤਾ । ਇਹ ਸਭ ਕੁਝ ਜਦੋਂ ਵਜ਼ੀਰਾਬਾਦ ਪਹੁੰਚ ਗਿਆ ਤਾਂ ਇਥੇ ਮਤਾ ਸੋਧਿਆ ਗਿਆ ਕਿ ਫੌਜ ਨੂੰ ਤਿੰਨਾਂ ਭਾਗਾਂ ਵਿਚ ਵੰਡਿਆ ਜਾਵੇ । ਇਕ ਦਸਤਾ ਜਫਰ ਜੰਗ, ਦੀਵਾਨ ਚੰਦ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਦੀ ਸਰਦਾਰੀ ਹੇਠ, ਦੂਜਾ ਜੱਥਾ ਸ਼ਾਹਜ਼ਾਦਾ ਖੜਗ ਸਿੰਘ ਤੇ ਅਕਾਲੀ ਫੂਲਾ ਸਿੰਘ ਦੀ ਜਥੇਦਾਰੀ ਵਿਚ ਅੱਗੇ ਵਧ ਕੇ ਧਾਵਾ ਕਰਨ ਲਈ ਨੀਯਤ ਹੋਇਆ, ਤੀਜਾ ਦਸਤਾ ਖਾਸ ਸ਼ੇਰਿ ਪੰਜਾਬ ਦੀ ਨਿਗਰਾਨੀ ਵਿਚ ਰਿਹਾ, ਤਾਂ ਜੋ ਜੇਹੜੇ ਜਥੇ ਨੂੰ ਸਹਾਇਤਾ ਦੀ ਲੋੜ ਪਵੇ ਉਸੇ ਵੇਲੇ ਸਜਰ-ਸਾਹ ਫੌਜ ਉਸ ਨੂੰ ਪਹੁੰਚਾਈ ਜਾਵੇ । ਇਸ ਸਮੇਂ ਰਸਦ ਆਦਿ ਦੇ ਜ਼ਖੀਰੇ ਵਜ਼ੀਰਾਬਾਦ ਇਕੱਠੇ ਕੀਤੇ ਗਏ ਤੇ ਐਸਾ ਚੰਗਾ ਪ੍ਰਬੰਧ ਕੀਤਾ ਕਿ ਇਥੋਂ ਸਾਰਾ ਲੋੜੀਂਦਾ ਸਮਿਆਨ ਮੈਦਾਨ ਜੰਗ ਵਿਚ ਪਹੁੰਚਣਾ ਅਰੰਭ ਹੋ ਗਿਆ ।

19 ਵੈਸਾਖ ਨੂੰ ਇਹ ਦੋਵੇ ਦਲ ਇਲਾਕਾ ਭਿੰਬਰ ਤੋਂ ਲੰਘ ਕੇ ਰਾਜੌੜੀ ਜਾ ਪਹੁੰਚੇ, ਇਥੋਂ ਦਾ ਹਾਕਮ ਅਗਰਖਾਨ ਕੁਝ ਸਮੇਂ ਤੋਂ ਆਪਣੇ ਪਹਿਲੇ ਐਹਦਨਾਮੇ ਦੇ ਵਿਰੁਧ ਕਈ ਕੁ ਅਯੋਗ ਕੰਮ ਕਰ ਬੈਠਾ ਸੀ, ਜਿਸ ਲਈ ਆਉਂਦੇ ਹੀ ਇਸ ਦਾ ਇਲਾਕਾ ਘੇਰ ਲਿਆ । ਹੁਣ ਅਗਰ ਖਾਨ[1] ਨੇ ਜਦ ਖ਼ਾਲਸਾ ਦਲ ਨੂੰ ਇੰਨਾ ਸ਼ਕਤੀਵਰ ਡਿੱਠਾ, ਤਾਂ ਉਹ ਭੇਸ ਵਟਾ ਕੇ ਰਾਤੋ ਰਾਤ ਨੱਸ ਗਿਆ । ਅਗਲੇ ਦਿਨ ਉਸ ਦਾ ਛੋਟਾ ਭਾਈ ਰਹੀਮਉਲਾ ਖਾਨ ਸਣੇ ਆਪਣੇ ਕਰਮਚਾਰੀਆਂ ਦੇ ਖ਼ਾਲਸਾ ਫੌਜ ਵਿਚ ਆ ਮਿਲਿਆ ਅਤੇ ਆਪਣੇ ਆਪ ਨੂੰ ਸਭ ਤਰ੍ਹਾਂ ਰਾਹ ਆਦਿ ਦੱਸਣ ਦੀ ਸੇਵਾ ਲਈ ਪੇਸ਼ ਕੀਤਾ । ਸ਼ਾਹਜ਼ਾਦਾ ਖੜਗ ਸਿੰਘ ਨੇ ਰਹੀਮਉਲਾ ਖਾਨ ਨੂੰ ਮਹਾਰਾਜਾ ਦੀ ਸੇਵਾ ਵਿਚ ਭਿਜਵਾ ਦਿੱਤਾ । ਮਹਾਰਾਜਾ ਸਾਹਿਬ ਉਸ ਪਰ ਪ੍ਰਸੰਨ ਹੋਏ ਤੇ ਉਸ ਨੂੰ ਰਾਜੌੜੀ ਦਾ ਹਾਕਮ ਨੀਯਤ ਕਰ ਦਿੱਤਾ ।

ਇਥੋਂ ਦੋਵੇਂ ਦਸਤੇ ਮਿਲ ਕੇ ਅੱਗੇ ਨੂੰ ਵਧੇ, ਪਰ ਰਸਤਿਆਂ ਦੇ ਬਿਖੜੇ ਹੋਣ ਦੇ ਕਾਰਣ ਬਹੁਤ ਸਾਰਾ ਵਾਧੂ ਭਾਰ ਇਥੇ ਛੱਡ ਦਿੱਤਾ ਤੇ ਇਥੋਂ ਪਹਾੜੀ ਫੇਰਵਿਆਂ ਰਸਤਿਆਂ ਤੇ ਪੈ ਗਏ । ਇਉਂ ਸ਼ਾਹਜ਼ਾਦਾ ਖੜਗ ਸਿੰਘ ਵਾਲਾ ਭਾਗ 21 ਜੇਠ ਨੂੰ ਬਹਿਰਾਮਗਲੇ ਪਹੁੰਚ ਗਿਆ। ਇਥੇ ਮੀਰ ਮੁਹੰਮਦ ਖਾਨ ਤੇ ਮੁਹੰਮਦ ਅਲੀ ਖਾਨ ਹਾਕਮ ਸੁਪਨ ਨੇ ਖ਼ਾਲਸੇ ਦੀ ਤਹਿਤ ਮੰਨ ਲਈ, ਜਿਨ੍ਹਾਂ ਨੂੰ ਸ਼ਾਹਜ਼ਾਦਾ ਸਾਹਿਬ ਨੇ ਖ਼ਿਲਤਾਂ ਬਖਸ਼ੀਆਂ । ਇਥੋਂ ਪਤਾ ਲੱਗਾ ਕਿ ਜ਼ਬਰਦਸਤ ਖਾਨ ਹਾਕਮ ਪੁਣਛ ਆਪਣੇ ਕਿਲ੍ਹੇ ਤਰੀ ਵਿਚ ਬਹੁਤ ਸਾਰਾ ਲਸ਼ਕਰ ਇਕੱਠਾ ਕਰਕੇ ਜੰਗ ਲਈ ਭਾਰੀ ਤਿਆਰੀਆਂ ਕਰ ਰਿਹਾ ਹੈ ਤੇ ਏਸ ਨੇ ਲਾਗੇ ਚਾਗੇ ਦੇ ਸਾਰੇ ਨਾਕੇ ਤੇ ਰਸਤਿਆਂ ਵਿਚ ਦਰਖਤ, ਪੱਥਰ ਸੁਟਵਾ ਕੇ ਬੰਦ ਕਰਵਾ ਦਿਤੇ ਹਨ ਅਤੇ ਹੁਣ ਚੰਗੀ

------

1. *ਸੱਯਦ ਮੁਹੰਦ ਲਤੀਫ ਨੇ ਭੁਲੇਖੇ ਨਾਲ ਇਸ ਦਾ ਨਾਂ ਅਜ਼ੀਜ਼ ਖਾਨ ਲਿਖਿਆ ਹੈ ।*

ਤਰ੍ਹਾਂ ਆਪਣੇ ਕਿਲ੍ਹੇ ਨੂੰ ਸੁਰੱਖਿਅਤ ਕਰ ਚੁੱਕਾ ਹੈ । ਅਗਲੇ ਦਿਨ ਸ਼ਾਹਜ਼ਾਦਾ ਸਾਹਿਬ ਤੇ ਅਕਾਲੀ ਫੂਲਾ ਸਿੰਘ ਦੇ ਜੱਥੇ ਨੇ ਉਸਦੇ ਇਲਾਕੇ ਵੱਲ ਚੜ੍ਹਾਈ ਕਰ ਦਿਤੀ ਤੇ ਇਕ ਛੋਟੀ ਜਿਹੀ ਲੜਾਈ ਦੇ ਤੁਪਰੰਤ ਸਾਰੇ ਨਾਕੇ ਵੈਰੀ ਤੋਂ ਛੁਡਾ ਕੇ ਖ਼ਾਲਸੇ ਨੇ ਆਪਣੇ ਅਧੀਨ ਕਰ ਲਏ। ਅਗਲੇ ਦਿਨ ਕਿਲ੍ਹੇ ਤੇ ਹੱਲਾ ਬੋਲਿਆ ਗਿਆ ਤੇ ਬਾਹਰੋਂ ਐਸਾ ਗੋਲੇ ਗੋਲੀਆਂ ਦਾ ਮੀਂਹ ਵਰ੍ਹਾਇਆ ਕਿ ਖਾਨ ਡਾਵਾ ਅਧੀਰ ਹੋ ਗਿਆ । ਇੰਨੇ ਨੂੰ ਕਿਲ੍ਹੇ ਦੀ ਇਕ ਬਾਹੀ ਹੇਠ ਬਰੂਦ ਭਰਕੇ ਜਦ ਪਲੀਤੇ ਦਾਗੇ ਗਏ, ਤੇ ਬਾਹੀ ਡਿੱਗ ਪਈ ਤੇ ਅੰਦਰ ਜਾਣ ਲਈ ਰਸਤਾ ਮਿਲ ਗਿਆ । ਉਸੇ ਵੇਲੇ ਧਾਵਾ ਬੋਲ ਦਿੱਤਾ ਗਿਆ । ਕਿਲ੍ਹੇ ਦੇ ਅੰਦਰ ਜਾ ਕੇ ਅਕਾਲੀਆਂ ਨੇ ਉਹ ਤਲਵਾਰ ਚਲਾਈ ਕਿ ਪਲ ਦੋ ਪਲ ਵਿਚ ਚਾਰੇ ਪਾਸੇ ਲੋਥਾਂ ਹੀ ਲੋਥਾਂ ਦਿਸ ਰਹੀਆਂ ਸਨ । ਹੁਣ ਜ਼ਬਰਦਸਤ ਖਾਨ ਨੱਸਣਾ ਚਾਹੁੰਦਾ ਸੀ ਕਿ ਕੁਝ ਸਿੰਘਾਂ ਨੇ ਉਸ ਨੂੰ ਘੇਰ ਲਿਆ ਤੇ ਸਣੇ ਉਸ ਦੇ ਸਾਥੀਆਂ ਦੇ ਫੜ ਕੇ ਸ਼ਾਹਜ਼ਾਦੇ ਮੂਹਰੇ ਹਾਜ਼ਰ ਕੀਤਾ । ਖ਼ਾਲਸੇ ਨੇ ਕਿਲ੍ਹੇ ਪਰ ਪੂਰਾ ਅਧਿਕਾਰ ਜਮਾ ਲਿਆ । ਕੁਝ ਫੌਜ ਨੂੰ ਕਿਲ੍ਹੇ ਵਿਚ ਰਹਿਣ ਦਾ ਹੁਕਮ ਦਿੱਤਾ । ਇਥੋਂ ਮੁੜ ਦੋਵੇਂ ਦਲ ਲਾਗੇ ਦੀਆਂ ਪਹਾੜੀਆਂ ਨੂੰ ਆਪਣੇ ਅਧੀਨ ਰੱਖਣ ਲਈ ਵੱਖੋ ਵੱਖ ਰਸਤਿਆਂ ਤੋਂ ਅੱਗੇ ਵਧੇ । ਇਨ੍ਹਾਂ ਦਰਿਆਂ ਵਿਚ ਪਠਾਣਾਂ ਨਾਲ ਸਿੰਘਾਂ ਦੀਆਂ ਇਕ ਦੋ ਤਕੜੀਆਂ ਲੜਾਈਆਂ ਹੋਈਆਂ, ਪਰ ਮੈਦਾਨ ਖ਼ਾਲਸੇ ਦੇ ਹੱਥ ਰਿਹਾ । ਇਉਂ ਇਹ ਦੋਵੇਂ ਜੱਥੇ ਇਨ੍ਹਾਂ ਦਰਿਆਂ ਦੇ ਬਿਖੜੇ ਰਸਤਿਆਂ ਤੋਂ ਹੁੰਦੇ ਹੋਏ 13 ਹਾੜ ਨੂੰ ਸਰਾਏ ਇਲਾਹੀ ਆ ਇਕੱਠੇ ਹੋਏ । ਇੱਥੇ ਪਹੁੰਚਦਿਆਂ ਹੀ ਸੂਹੀਆਂ ਨੇ ਖ਼ਬਰਾਂ ਆ ਦੱਸੀਆਂ ਕਿ ਜਬਾਰ ਖਾਨ ਪੰਜ ਹਜ਼ਾਰ ਅਫਗਾਨੀ ਫੌਜ ਨਾਲ ਰਸਤੇ ਰੋਕੀ ਮੈਦਾਨ ਵਿਚ ਮੋਰਚੇ ਜਮਾ ਰਿਹਾ ਹੈ । ਇਥੇ ਹੁਣ ਸਾਰੀ ਖ਼ਾਲਸਾ ਫੌਜ ਨੂੰ ਇਕੱਠਾ ਕੀਤਾ ਗਿਆ ਤੇ ਇਕ ਦਿਨ ਆਰਾਮ ਦੇ ਕੇ ਦੂਜੇ ਦਿਨ ਜਰਨੈਲ ਦੀਵਾਨ ਚੰਦ ਤੇ ਸ਼ਾਹਜ਼ਾਦਾ ਖੜਗ ਸਿੰਘ ਆਦਿ ਦੀ ਸਲਾਹ ਠਹਿਰੀ ਕਿ 21 ਹਾੜ ਦੀ ਸਵੇਰ ਨੂੰ ਦੋਹਾਂ ਪਾਸਿਆਂ ਤੋਂ ਵੈਰੀ ਤੇ ਕਰੜਾ ਧਾਵਾ ਕੀਤਾ ਜਾਏ । ਇਹ ਸਾਰਾ ਦਿਨ ਜੰਗ ਦੀਆਂ ਤਿਆਰੀਆਂ ਤੇ ਵੈਰੀ ਪਰ ਚੰਗੀ ਥਾਂ ਤੋਂ ਹੱਲਾ ਕਰਨ ਲਈ ਭਾਲ ਵਿਚ ਬੀਤਿਆ । ਦੂਜੇ ਦਿਨ ਸਵੇਰ ਸਾਰ ਹੀ ਆਪਣੇ ਨੀਯਤ ਕੀਤੇ ਪਾਸਿਆਂ ਤੋਂ ਖ਼ਾਲਸਾ ਫੌਜਾਂ ਧਾਵੇ ਲਈ ਅੱਗੇ ਵਧੀਆਂ । ਜਦ ਅਫਗਾਨੀ ਫੌਜ ਖ਼ਾਲਸੇ ਦੀਆਂ ਤੋਪਾਂ ਦੀ ਮਾਰ ਹੇਠ ਆ ਗਈ, ਤਾਂ ਦੋਹਾਂ ਬੰਨ੍ਹਿਆਂ ਤੋਂ ਅਜਿਹੀ ਕਹਿਰ ਦੀ ਅੱਗ ਵਸਾਈ ਗਈ ਕਿ ਜਾਣੋ ਹਨੇਰ ਵਰਤ ਗਿਆ । ਜਰਨੈਲ ਦੀਵਾਨ ਚੰਦ ਨੇ ਇਸ ਸਮੇਂ ਆਪਣੇ ਤੋਪਖਾਨੇ ਨੂੰ ਹੋਰ ਅੱਗੇ ਵਧਾਇਆ ਤੇ ਇਕ ਉਚੇਰੀ ਥਾਂ ਪੁਰ ਤੋਪਾਂ ਬੀੜ ਦਿੱਤੀਆਂ ਅਤੇ ਏਥੋਂ ਬਹੁਤ ਕਰੜੀ ਗੋਲਾਬਾਰੀ ਵੈਰੀ ਤੇ ਕਰਨੀ ਆਰੰਭ ਕਰ ਦਿਤੀ । ਅੱਗੋਂ ਸਰਦਾਰ ਜਬਾਰ ਖਾਨ ਭੀ ਕੋਈ ਸਾਧਾਰਨ ਵੈਰੀ ਨਹੀਂ ਸੀ ਜੇਹੜਾ ਸੌਖਾ ਹੀ ਕਾਬੂ ਆ ਜਾਂਦਾ, ਉਸ ਨੇ ਆਪਣੀ ਫੌਜ ਨੂੰ ਪਥਰੀਲੇ ਮੋਰਚਿਆਂ ਤੇ ਖੰਦਕਾਂ ਵਿਚ ਐਸਾ ਬਚਾ ਰੱਖਿਆ ਸੀ ਕਿ ਉਸਨੂੰ ਖ਼ਾਲਸੇ ਦੀ ਮਾਰ ਬਹੁਤ ਘੱਟ ਹਾਨੀ ਪਹੁੰਚਾ ਰਹੀ ਸੀ । ਇਉਂ ਸਾਰਾ ਦਿਨ ਦੋਹਾਂ ਪਾਸਿਆਂ ਤੋਂ ਤੋਪਾਂ ਦਿਆਂ ਗੋਲਿਆਂ ਦਾ ਮੀਂਹ ਵਰ੍ਹਦਾ ਰਿਹਾ, ਪਰ ਅਫਗਾਨੀ ਫੌਜਾਂ ਜ਼ਰਾ ਜਿੰਨੀ ਭੀ ਆਪਣਿਆਂ ਮੋਰਚਿਆਂ ਤੋਂ ਨਾ ਹਟੀ । ਦੀਵਾਨ ਚੰਦ ਕੁਝ ਹੋਰ ਅੱਗੇ ਵਧਿਆ । ਇਹ ਅਜੇ ਏਸੇ ਹਲਚਲੀ ਵਿਚ ਹੀ ਸੀ ਕਿ ਬਹਾਦਰ ਜ਼ਬਾਰ ਖਾਨ ਨੇ ਇਸ ਮੌਕੇ ਨੂੰ ਅਮੋਲਕ ਸਮਝਿਆ ਤੇ ਝੱਟ ਬਲਵਾਨ ਅਫਗਾਨੀ ਦਸਤੇ ਨੂੰ ਮੋਰਚਿਆਂ ਤੋਂ ਕੱਢ ਕੇ ਉਡਦਾ ਹੋਇਆ ਹੱਲਾ ਦੀਵਾਨ ਚੰਦ ਦੇ ਤੋਪਖਾਨੇ ਪਰ ਕਰ ਦਿੱਤਾ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਅਫਗਾਨਾਂ ਨੇ ਜਾਂਦਿਆਂ ਹੀ ਉਸ ਦੀਆਂ ਦੋ ਤੋਪਾਂ ਪਰ ਕਬਜ਼ਾ ਕਰ ਲਿਆ । ਇਸ ਸਮੇਂ ਦੀਵਾਨ ਚੰਦ ਸਣੇ

ਦਸਤੇ ਦੇ ਕੁਝ ਪਿੱਛੇ ਹਟਿਆ । ਦੂਜੇ ਬੰਨੇ ਜਦ ਖ਼ਾਲਸੇ ਦੇ ਦੂਜੇ ਜੱਥੇ ਨੇ ਅਫਗਾਨਾਂ ਨੂੰ ਅੱਗੇ ਵਧਦਾ ਡਿੱਠਾ ਤਾਂ ਬਾਬਾ ਫੂਲਾ ਸਿੰਘ ਤੇ ਸ਼ਾਹਜ਼ਾਦੇ ਨੇ ਆਪਣੇ ਜਵਾਨਾਂ ਨੂੰ ਅੱਗੇ ਵਧਕੇ ਵੈਰੀ ਦੇ ਗਲ ਜਾਂ ਪੈਣ ਦਾ ਹੁਕਮ ਦਿੱਤਾ । ਬੱਸ ਫੇਰ ਕੀ ਸੀ, ਹੁਣ ਦੋਵੇਂ ਫੌਜਾਂ ਐਸੀਆਂ ਆਪਸ ਵਿਚ ਗੁਥਮਗੁੱਥਾ ਹੋਈਆਂ ਤੇ ਉਹ ਕ੍ਰਿਪਾਨ ਖੜਕੀ ਕਿ ਮੈਦਾਨ ਲਹੂ-ਲੁਹਾਨ ਹੋ ਗਿਆ । ਇੱਥੇ ਜ਼ਬਾਰ ਖਾਨ ਬੜੀ ਬੀਰਤਾ ਨਾਲ ਕਸ਼ਮੀਰ ਨੂੰ ਬਚਾਉਣ ਲਈ ਲੜਿਆ, ਪਰ ਖ਼ਾਲਸੇ ਦੇ ਸਾਹਮਣੇ ਠਹਿਰ ਨਾ ਸਕਿਆ । ਹੁਣ ਇਨ੍ਹਾਂ ਦੇ ਪੈਰ ਮੈਦਾਨ ਵਿਚੋਂ ਹਿੱਲ ਗਏ ਤੇ ਨੱਕ ਦੇ ਸੇਧੇ ਜਿੱਧਰ ਕਿਸੇ ਨੂੰ ਰਾਹ ਲੱਭਾ ਪਹਾੜਾਂ ਵਿਚ ਭੱਜ ਨੱਠਿਆ । ਮੈਦਾਨ ਪਰ ਖ਼ਾਲਸੇ ਦਾ ਕਬਜ਼ਾ ਹੋ ਗਿਆ । ਇਸ ਸਮੇਂ ਅਫਗਾਨ ਬੜੀ ਅਧੀਰਤਾ ਵਿਚ ਆਪਣਾ ਸਾਰਾ ਜੰਗੀ ਸਾਮਾਨ, ਰਸਦ ਤੇ ਗੋਲਾ ਬਰੂਦ ਤੋਂ ਛੁਟ ਬੇਸ਼ੁਮਾਰ ਘੋੜੇ ਆਦਿ ਮੈਦਾਨ ਵਿਚ ਛੱਡ ਗਏ, ਜੋ ਸਾਰੇ ਖ਼ਾਲਸੇ ਦੇ ਹੱਥ ਆਏ । ਇਸ ਲੜਾਈ ਵਿਚ ਅਫਗਾਨਾਂ ਦੀ ਭਾਰੀ ਤਬਾਹੀ ਹੋਈ ਜਿਨ੍ਹਾਂ ਵਿਚ ਸਰਦਾਰ ਮੇਹਰਦਿਲ ਖਾਨ ਤੇ ਮੀਰ ਅਖੋਰ ਸਮਦ ਖਾਨ ਮੈਦਾਨ ਵਿਚ ਕਤਲ ਹੋਏ ।[1] ਸਰਦਾਰ ਜ਼ਬਾਰ ਖਾਨ ਆਪ ਭੀ ਸਖਤ ਫੱਟੜ ਹੋਇਆ ਤੇ ਬੜੀ ਔਖ ਨਾਲ ਜਾਨ ਬਚਾ ਕੇ ਨੱਸਿਆ ਅਤੇ ਸਰਹੱਦੀ ਪਹਾੜੀਆਂ ਵਿਚੋਂ ਹੁੰਦਾ ਹੋਇਆ ਅਫਗਾਨਿਸਤਾਨ ਵੱਲ ਨਿਕਲ ਗਿਆ । ਖ਼ਾਲਸੇ ਨੇ ਨਾਲ ਹੀ ਕਿਲ੍ਹਾ ਸ਼ੇਰ ਗੜ੍ਹ ਤੇ ਹੋਰ ਚੌਕੀਆਂ ਭੀ ਫਤਹ ਕਰ ਲਈਆਂ । ਹੁਣ ਸਾਰੇ ਕਸ਼ਮੀਰ ਪਰ ਖ਼ਾਲਸੇ ਦਾ ਪੂਰਾ ਪੂਰਾ ਕਬਜ਼ਾ ਹੋ ਗਿਆ । 22 ਹਾੜ ਸੰਮਤ 1876 ਬਿ: ਸੰਨ 1819 ਈ: ਨੂੰ ਖ਼ਾਲਸਾ ਦਲਾਂ ਨੇ ਬੜੀ ਧੂਮ ਧਾਮ ਨਾਲ ਬਿਨਾਂ ਲੁੱਟ ਮਾਰ ਦੇ ਸ੍ਰੀਨਗਰ ਵਿਚ ਪ੍ਰਵੇਸ਼ ਕੀਤਾ ।

ਇਸ ਭਾਰੀ ਫਤਹ ਦੀ ਖ਼ਬਰ ਉਸੇ ਵੇਲੇ ਸ਼ੇਰੇ ਪੰਜਾਬ ਨੂੰ ਪਹੁੰਚਾਈ ਗਈ ਜਿਸਦੇ ਸੁਣਨ ਨਾਲ ਉਹ ਅਤਿਅੰਤ ਪ੍ਰਸੰਨ ਹੋਇਆ ਤੇ ਇਕ ਬਹੁਮੁੱਲਾ ਕੰਠਾ ਖ਼ਬਰ ਸੁਣਾਨ ਵਾਲੇ ਦੇ ਗਲ ਪਾਇਆ । ਸ਼ੇਰਿ ਪੰਜਾਬ ਇਥੋਂ ਸਿੱਧੇ ਸ੍ਰੀ ਅੰਮ੍ਰਿਤਸਰ ਜੀ ਪਹੁੰਚੇ ਤੇ ਸ੍ਰੀ ਦਰਬਾਰ ਸਾਹਿਬ ਦੇ ਟਹਲ ਲਈ ਅਣਗਿਣਤ ਮਾਇਆ ਅਰਦਾਸ ਕਰਵਾਈ ।[2] ਤਿੰਨ ਦਿਨ ਸ਼ਹਿਰ ਵਿਚ ਸਾਰੀ ਪਰਜਾ ਵਲੋਂ ਦੀਪਮਾਲਾ ਹੁੰਦੀ ਰਹੀ, ਬਜ਼ਾਰ ਸਜਾਏ ਗਏ ਸਰਬੱਤ ਜਨਤਾ ਨੇ ਮਹਾਰਾਜਾ ਦੀ ਇਸ ਭਾਰੀ ਖੁਸ਼ੀ ਵਿਚ ਭਾਗ ਲਿਆ । ਮਹਾਰਾਜਾ ਸਾਹਿਬ ਜਦ ਲਾਹੌਰ ਆਏ ਤਾਂ ਇਥੇ ਭੀ ਰੌਣਕਾਂ ਦੀ ਕੋਈ ਹੱਦ ਨਾ ਰਹੀ ਤੇ ਹਜ਼ਾਰਾਂ ਰੁਪਏ ਖੁਲ੍ਹੇ ਦਿਲ ਨਾਲ ਕਈ ਦਿਨਾਂ ਤਕ ਗਰੀਬਾਂ ਅਨਾਥਾਂ ਵਿਚ ਵੰਡਦੇ ਰਹੇ ।

ਕੁਝ ਦਿਨਾਂ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਦੀਵਾਨ ਮੋਤੀ ਰਾਮ, ਦੀਵਾਨ ਮੁਹਕਮ ਚੰਦ ਦੇ ਪੁੱਤਰ ਨੂੰ ਆਪਣਾ ਪਹਿਲਾ ਗਵਰਨਰ ਕਸ਼ਮੀਰ ਲਈ ਨੀਯਤ ਕੀਤਾ ।

ਖ਼ਾਲਸਾ ਦਲ ਜਦ ਕਸ਼ਮੀਰ ਦੀ ਫਤਹ ਦੇ ਬਾਅਦ ਲਾਹੌਰ ਪਹੁੰਚਿਆ ਤਾਂ ਹਾਥੀਆਂ ਦਾ ਬੜਾ ਲੰਮਾ ਜਲੂਸ ਸਾਰੇ ਸ਼ਹਿਰ ਵਿਚ ਫੇਰਿਆ ਗਿਆ, ਹਜ਼ਾਰਾਂ ਰੁਪਏ ਇਹਨਾਂ ਦੇ ਸਿਰਾਂ ਤੋਂ ਵਾਰੇ ਗਏ ।

ਇਸ ਖੁਸ਼ੀ ਵਿਚ ਹਾਫਜ਼ ਅਬਦੁਲਾ ਖਾਨ ਨੇ 'ਸਫੈਦ ਪਰੀ' ਨਾਮੀ ਪ੍ਰਸਿੱਧ ਇਤਿਹਾਸਕ ਘੋੜਾ-ਜੋ ਸੁਹੱਪਣ ਤੇ ਚਪਲਤਾ ਲਈ ਅਦੁੱਤੀ ਸੀ-ਮਹਾਰਾਜਾ ਸਾਹਿਬ ਦੀ ਭੇਟ

- - - - - -

1. *ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ ਦੀ ਪੰਜਾਬ ਸਫ਼ਾ 418*
2. *ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ ਦੀ ਪੰਜਾਬ ਸਫ਼ਾ 418*

ਕੀਤਾ, ਜਿਸ ਨੂੰ ਮਹਾਰਾਜਾ ਸਾਹਿਬ ਨੇ ਪ੍ਰਵਾਨ ਕਰ ਲਿਆ ।

## ਸਰਦਾਰ ਹਰੀ ਸਿੰਘ ਨਲੂਏ ਦਾ ਗਵਰਨਰ ਕਸ਼ਮੀਰ ਨੀਯਤ ਹੋਣਾ

ਅਗਸਤ ਸੰਨ 1820 ਈ: ਨੂੰ ਦੀਵਾਨ ਮੋਤੀ ਰਾਮ ਦੀ ਥਾਂ ਪਰ ਸਰਦਾਰ ਹਰੀ ਸਿੰਘ ਨਲੂਆ, ਜੋ ਆਪਣੀ ਵੀਰਤਾ ਤੇ ਯੋਗ ਪ੍ਰਬੰਧ ਦੇ ਕਾਰਨ ਸਫਲ ਹਾਕਮ ਸਾਬਤ ਹੋ ਚੁੱਕਾ ਸੀ, ਗਵਰਨਰ ਕਸ਼ਮੀਰ ਨੀਯਤ ਹੋਇਆ । ਇਸ ਸਰਦਾਰ ਦੇ ਕਾਰਨਾਮੇ ਐਡੇ ਲੰਮੇ ਤੇ ਮਨ-ਭਾਵਣੇ ਸਨ ਕਿ ਜਿਨ੍ਹਾਂ ਬਾਰੇ ਇਕ ਵੱਖ ਪੁਸਤਕ ਲਿਖੀ ਗਈ ਹੈ[1] । ਇਹਨਾਂ ਦਾ ਇਕੱਲੇ ਹੱਥ ਸ਼ਮਸ਼ੀਰ ਨਾਲ ਚੀਤੇ ਤੇ ਸ਼ੇਰ ਦਾ ਮਾਰਨਾ ਆਪ ਦਾ ਮਨ ਭਾਂਵਦਾ ਸ਼ਿਕਾਰ ਸੀ । ਸਰਦਾਰ ਹਰੀ ਸਿੰਘ ਦੋ ਸਾਲ ਤੀਕ ਬੜੀ ਸਫ਼ਲਤਾ ਨਾਲ[2] ਇਸ ਅਹੁਦੇ ਪਰ ਰਿਹਾ ।

ਇਸੇ ਸਾਲ 1820 ਈ: ਵਿਚ ਪ੍ਰਸਿੱਧ ਸੈਲਾਨੀ (ਯਾਤਰੂ) ਮਿਸਟਰ ਮੂਰ ਕਰਾਫਟ (Mr. Moorcraft) ਲਾਹੌਰ ਆਇਆ । ਇਹ ਈਸਟ ਇੰਡੀਆ ਕੰਪਨੀ ਦੇ ਘੋੜਿਆਂ ਦਾ ਦਰੋਗਾ (ਸੁਪ੍ਰਟੰਡੰਟ) ਸੀ ਅਤੇ ਕੰਪਨੀ ਲਈ ਤੁਰਕਿਸਤਾਨ ਤੋਂ ਘੋੜੇ ਖਰੀਦਣ ਲਈ ਜਾ ਰਿਹਾ ਸੀ । ਹੁਣ ਜਦ ਉਹ ਲਾਹੌਰ ਪਹੁੰਚਿਆ ਤਾਂ ਮਹਾਰਾਜਾ ਸਾਹਿਬ ਦਾ ਖਾਸ ਪ੍ਰਾਹੁਣਾ ਰਿਹਾ । ਇਸ ਨੂੰ ਸ਼ਾਲੀਮਾਰ ਬਾਗ ਦੀ ਬਾਰਾਂਦਰੀ ਵਿਚ ਜਿਹੜੀ ਮਹਾਰਾਜੇ ਨੇ ਵਸਾਈ ਸੀ- ਠਹਿਰਾਇਆ। ਇਸ ਬਾਰਾਂਦਰੀ ਪਰ ਅੱਜ ਤੱਕ ਸ਼ਿਲਾਲੇਖ ਲਿਖਿਆ ਹੋਇਆ ਹੈ, ਜਿਸ ਵਿਚ ਅੰਗਰੇਜ਼ੀ ਵਿਚ ਲਿਖਤ ਲਿਖੀ ਹੋਈ ਹੈ :-

In this pavilion built by Ranjit Singh this famous traveller William Moorcraft stayed during his visit to the court of Maharaja in May 1820 on his way to Turkistan where he died in 1825.

ਅਨੁਵਾਦ :-"ਇਸ ਬਾਰਾਂਦਰੀ ਵਿਚ ਜੋ (ਮਹਾਰਾਜਾ) ਰਣਜੀਤ ਸਿੰਘ ਨੇ ਉਸਾਰੀ ਸੀ, ਪ੍ਰਸਿੱਧ ਯਾਤਰੀ ਵਿਲੀਅਮ ਮੂਰ ਕਰਾਫਟ ਸੰਨ 1820 ਈ: ਵਿਚ ਠਹਿਰਿਆ, ਜਦੋਂ ਉਹ ਤੁਰਕਿਸਤਾਨ ਜਾਂਦਾ ਹੋਇਆ ਰਾਹ ਵਿਚ ਮਹਾਰਾਜੇ ਦਾ ਪ੍ਰਾਹੁਣਾ ਰਿਹਾ । ਇਹ ਤੁਰਕਿਸਤਾਨ ਵਿਚ 1825 ਈ: ਨੂੰ ਮਰ ਗਿਆ ।

ਲਾਹੌਰ ਵਿਚ ਰਹਿਣ ਸਮੇਂ ਇਹ ਕਈ ਵਾਰੀ ਖ਼ਾਲਸਾ ਦਰਬਾਰ ਵਿਚ ਵੀ ਆਉਂਦਾ ਸੀ ਅਤੇ ਮਹਾਰਾਜਾ ਸਾਹਿਬ ਨੂੰ ਮਿਲਣ ਦਾ ਮਾਣ ਪ੍ਰਾਪਤ ਕਰਦਾ ਰਿਹਾ । ਇਥੇ ਇਸ ਨੇ ਮੰਹਾਰਾਜਾ ਸਾਹਿਬ ਦੇ ਤਬੇਲਿਆਂ ਦੇ ਘੋੜੇ ਵੀ ਤੱਕੇ, ਜਿਨ੍ਹਾਂ ਨੂੰ ਉਸ ਨੇ ਆਪਣੇ ਸਫ਼ਰਨਾਮੇ ਵਿਚ ਬਹੁਮੁੱਲੇ ਲਿਖੇ ਹਨ । ਵਿਸ਼ੇਸ਼ ਕਰਕੇ ਸਿੱਖ ਫੌਜਾਂ ਦੀ ਕਵੈਦ ਦਾਨੀ ਦਾ ਉਸ ਦੇ ਮਨ ਪਰ ਬਹੁਤ ਉਚਾ ਪ੍ਰਭਾਵ ਪਿਆ । ਇਹ ਮਹਾਰਾਜਾ ਸਾਹਿਬ ਦੀ ਆਗਿਆ ਨਾਲ ਕਸ਼ਮੀਰ ਅਤੇ ਲੱਦਾਖ ਪੁੱਜਾ, ਉਥੋਂ ਤੁਰਕਿਸਤਾਨ ਵੱਲ ਗਿਆ, ਜਿਥੇ ਉਹ ਮੌਸਮੀ ਤਾਪ (ਮਲੇਰੀਏ) ਨਾਲ ਮਰ ਗਿਆ ।

- - - - - -

*1. ਇਸ ਬਹਾਦਰ ਜਰਨੈਲ ਦਾ ਜੀਵਨ ਇਤਿਹਾਸ ਹੁਣੇ ਹੀ ਛਪਿਆ ਹੈ, ਜਿਸ ਵਿਚ 24 ਇਤਿਹਾਸਿਕ ਮੂਰਤਾਂ ਹਨ ।*

*2. ਇਸ ਕਾਮਯਾਬੀ ਦਾ ਹਾਲ ਸਵਿਸਥਾਰ ਪੜ੍ਹਨਾ ਚਾਹੋ ਤਾਂ ਜੀਵਨ ਇਤਿਹਾਸ ਸਰਦਾਰ ਹਰੀ ਸਿੰਘ ਨਲੂਆ ਵਿਚ ਪੜ੍ਹੋ ।* *(ਲੇਖਕ)*

ਮੂਰ ਕਰਾਫਟ ਨੂੰ ਇਕ ਖ਼ਤ ਮਹਾਰਾਜਾ ਰਣਜੀਤ ਸਿੰਘ ਲਈ ਰੂਸ ਦੇ ਵਜ਼ੀਰ ਸ਼ਾਹਜ਼ਾਦਾ ਨੈਸਲਰੋਡ (Prince Nesselrode) ਨੇ ਦਿੱਤਾ, ਜਿਸ ਵਿਚ ਸ਼ਹਿਨਸ਼ਾਹ ਰੂਸ ਨੂੰ ਬੜਾ ਹੀ ਰਹਿਮਦਿਲ ਹੁਕਮਰਾਨ ਦੱਸਿਆ ਸੀ, ਤੇ ਲਿਖਿਆ ਸੀ ਕਿ ਉਹ ਸਿੱਖਾਂ ਦੇ ਮਹਾਰਾਜੇ ਦੀ ਉਨਤੀ ਸੁਣ ਕੇ ਸੱਚੇ ਦਿਲ ਨਾਲ ਬਹੁਤ ਪ੍ਰਸੰਨ ਹੈ। ਅੱਗੇ ਚੱਲ ਕੇ ਇਹ ਗੱਲ ਲਿਖੀ ਸੀ ਕਿ ਜੇ ਰੂਸ ਤੇ ਪੰਜਾਬ ਦੇ ਵਿਚਾਲੇ ਵਪਾਰ ਦਾ ਸਿਲਸਿਲਾ ਚਾਲੂ ਕੀਤਾ ਜਾਏ, ਤਾਂ ਦੋਹਾਂ ਧਿਰਾਂ ਦਾ ਬਹੁਤ ਲਾਭ ਹੋਵੇਗਾ ਅਤੇ ਉਹ ਪੰਜਾਬੀ ਵਪਾਰੀਆਂ ਨੂੰ ਬੜੀ ਇੱਜ਼ਤ ਨਾਲ ਆਪਣੇ ਇਲਾਕੇ ਵਿਚ ਰੱਖਣਗੇ ਆਦਿ[1]।

## ਕੌਰ ਨੌਨਿਹਾਲ ਸਿੰਘ ਦਾ ਜਨਮ

11 ਫਰਵਰੀ ਸੰਨ 1820 ਈ: ਮੁਤਾਬਿਕ 30 ਮਾਘ ਸੰਮਤ 1877 ਬਿ: ਵਿਚ ਸ਼ਾਹਜ਼ਾਦਾ ਖੜਗ ਸਿੰਘ ਦੇ ਘਰ ਮਹਾਰਾਣੀ ਚੰਦ ਕੌਰ ਜੀ ਦੀ ਕੁੱਖ ਤੋਂ ਕੌਰ ਨੌਨਿਹਾਲ ਸਿੰਘ ਜਨਮਿਆ, ਇਸ ਸਮੇਂ ਮਹਾਰਾਣੀ ਸਾਹਿਬ ਵਲੋਂ ਬਹੁਤ ਖ਼ੁਸ਼ੀਆਂ ਮਨਾਈਆਂ ਗਈਆਂ ਤੇ ਅਣਗਿਣਤ ਰੁਪਿਆ ਦਾਨ ਕੀਤਾ ਗਿਆ[1]।

## ਜਰਨੈਲ ਵਨਤੂਰਾ ਤੇ ਐਲਾਰਡ ਦਾ ਲਾਹੌਰ ਆਉਣਾ

ਜਰਨੈਲ ਵਨਤੂਰਾ ਤੇ ਐਲਾਰਡ ਮਾਰਚ ਸੰਨ 1822 ਈ: ਸੰਮਤ 1879 ਬਿ: ਵਿਚ ਲਾਹੌਰ ਆਏ। ਇਹਨਾਂ ਵਿਚੋਂ ਪਹਿਲਾਂ ਇਟਲੀ ਤੇ ਦੂਜਾ ਫਰਾਂਸ ਦਾ ਵਸਨੀਕ ਸੀ। ਇਹ ਦੋਵੇਂ ਨੈਪੋਲੀਅਨ ਬੋਨਾਪਾਰਟ ਦੀ ਫੌਜ ਵਿਚ ਕਰਨੈਲੀ ਦੇ ਅਹੁਦਿਆਂ ਪਰ ਰਹਿ ਚੁੱਕੇ ਸਨ। ਵਾਟਰਲੂ ਦੀ ਲੜਾਈ ਵਿਚ ਨੈਪੋਲੀਅਨ ਦਾ ਯੂਰਪ ਦੀਆਂ ਸੰਮਲਿਤ ਤਾਕਤਾਂ ਤੋਂ ਹਾਰ ਖਾ ਕੇ ਕੈਦ ਵਿਚ ਪੈ ਜਾਣ ਦੇ ਕਾਰਨ ਫਰਾਂਸ ਦੇ ਸੈਂਕੜੇ ਨੌਜੁਆਨਾਂ ਨੂੰ ਉਪਜੀਵਕਾ ਦੀ ਭਾਲ ਲਈ ਦੇਸ ਪ੍ਰਦੇਸ ਰਟਨ ਕਰਨਾ ਪਿਆ। ਇਸੇ ਤਰ੍ਹਾਂ ਇਹ ਅਫਸਰ ਵੀ ਮਹਾਰਾਜਾ ਸਾਹਿਬ ਦਾ ਨਾਂ ਸੁਣ ਕੇ ਈਰਾਨ ਤੋਂ ਹੁੰਦੇ ਹੋਏ ਅਫਗਾਨਿਸਤਾਨ ਦੇ ਰਾਹ ਪਠਾਣੀ ਵੇਸ ਵਿਚ, ਲੰਮੇ ਲੰਮੇ ਪੋਸਤੀਨ ਪਹਿਨੇ ਹੋਏ ਲਾਹੌਰ ਪਹੁੰਚੇ। ਇਹ ਕੁਝ ਟੁੱਟੀ ਫੁੱਟੀ ਫਾਰਸੀ ਬੋਲ ਸਕਦੇ ਸਨ, ਸੋ ਫਕੀਰ ਅਜ਼ੀਜ਼ੁਦੀਨ ਦੇ ਰਾਹੀਂ ਇਸ ਦਰਬਾਰ ਵਿਚ ਹਾਜ਼ਰ ਹੋਏ। ਮਹਾਰਾਜਾ ਨੇ ਆਪਣੇ ਸੁਭਾਵ ਅਨੁਸਾਰ ਇਹਨਾਂ ਦੀ ਬੜੀ ਆਉ ਭਗਤ ਕੀਤੀ ਅਤੇ ਇਨ੍ਹਾਂ ਨੂੰ ਅਨਾਰਕਲੀ ਦੇ ਪ੍ਰਸਿੱਧ ਬੁਰਜ ਵਿਚ ਰਹਿਣ ਲਈ ਉਤਾਰਾ ਦਿੱਤਾ।

ਕੁਝ ਦਿਨਾਂ ਉਪਰੰਤ ਇਹਨਾਂ ਦੋਹਾਂ ਨੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਨੌਕਰੀ ਲਈ ਬਿਨੈ ਪੱਤਰ ਹਾਜ਼ਰ ਕੀਤਾ, ਜੋ ਫਰੰਚ ਭਾਸ਼ਾ ਵਿਚ ਲਿਖਿਆ ਹੋਇਆ ਸੀ, ਜਿਸ ਦਾ ਉਲਥਾ ਇਹ ਹੈ :-

- - - - - -

1. *ਮੂਰ ਕਰਾਫਟ ਦਾ ਸਫਰਨਾਮਾ, ਮੁਹੰਮਦ ਲਤੀਫ ਹਿਸਟਰੀ ਆਫ ਦੀ ਪੰਜਾਬ, ਸਫਾ 422।*
2. *ਇਸ ਬਹਾਦਰ ਸ਼ਾਹਜ਼ਾਦੇ ਦਾ ਸਵਿਸਥਾਰ ਜੀਵਨ ਬਿਰਤਾਂਤ ਛਪ ਚੁੱਕਾ ਹੈ।*

ਸ੍ਰੀ ਹਜ਼ੂਰ ਜੀ !

ਜੋ ਜੋ ਬਖਸ਼ਿਸ਼ਾਂ ਸ੍ਰੀ ਹਜ਼ੂਰ ਸਾਹਿਬ ਦੇ ਦਰਬਾਰ ਵਲੋਂ ਸ੍ਰੀ ਹਜ਼ੂਰ ਜੀ ਦੀ ਰਾਜਧਾਨੀ ਵਿਚ ਪਹੁੰਚਣ ਦੇ ਸਮੇਂ ਤੋਂ ਲੈ ਕੇ ਹੁਣ ਤਕ ਇਨ੍ਹਾਂ ਦਾਸਾਂ ਨਾਲ ਹੋ ਰਹੀਆਂ ਹਨ ਉਹ ਅਣਗਿਣਤ ਹਨ ਅਤੇ ਇਹ ਸ੍ਰੀ ਹਜ਼ੂਰ ਜੀ ਦੀ ਦਰਿਯਾ-ਦਿਲੀ ਤੇ ਉਦਾਰਤਾ ਦਾ ਪ੍ਰਤੱਖ ਸਬੂਤ ਹੈ । ਸ੍ਰੀ ਹਜ਼ੂਰ ਜੀ ਦੀ ਰਾਜਧਾਨੀ ਵਿਚ ਪਹੁੰਚ ਕੇ ਜੋ ਕੁਝ ਇਹਨਾਂ ਦਾਸਾਂ ਨੇ ਡਿੱਠਾ ਹੈ, ਇਹ ਉਸ ਤੋਂ ਬਹੁਤ ਵਧ ਹੈ, ਜਿਸ ਦੀ ਧੁਮ ਸਾਡੇ ਯੂਰਪ ਵਿਚ ਪਸਰੀ ਹੋਈ ਹੈ । ਸ੍ਰੀ ਜਜ਼ੂਰ ਜੀ ਦਾ ਤੇਜ਼ ਪ੍ਰਤਾਪ ਤੇ ਸ਼ਾਨ ਸ਼ੌਕਤ ਸ੍ਰੀ ਜੀ ਦੇ ਸ਼ਾਹੀ ਰੁਤਬੇ ਅਨੁਸਾਰ ਹੈ ।

ਸ੍ਰੀ ਹਜ਼ੂਰ ਜੀ ! ਜਦ ਇਹ ਟਹਿਲੀਏ ਪਹਿਲੀ ਵਾਰ ਸ੍ਰੀ ਜੀ ਦੇ ਸ਼ਾਹੀ ਦਰਬਾਰ ਵਿਚ ਹਾਜ਼ਰ ਹੋਏ ਸੀ, ਤਦ ਇਨ੍ਹਾਂ ਦਾਸਾਂ ਨੇ ਸ੍ਰੀ ਜੀ ਦੀ ਹਜ਼ੂਰੀ ਵਿਚ ਆਉਣ ਦਾ ਮਨੋਰਥ ਪ੍ਰਗਟ ਕੀਤਾ ਸੀ ਅਤੇ ਸ੍ਰੀ ਜੀ ਤੋਂ ਜੋ ਭਰੋਸਾ ਮਿਲਿਆ ਸੀ, ਉਹ ਦਾਸਾਂ ਲਈ ਸੰਤੁਸ਼ਟਤਾ ਦਾ ਕਾਰਨ ਸੀ, ਪਰੰਤੂ ਇਹਨਾਂ ਦੇ ਭਵਿੱਖਤ ਬਾਰੇ ਫੈਸਲਾ ਕਰਨਾ ਅਜੇ ਬਾਕੀ ਹੈ, ਇਸ ਲਈ ਕੁਝ ਦਿਨ ਹੋਏ ਸ੍ਰੀ ਹਜ਼ੂਰ ਦੀ ਸੇਵਾ ਵਿਚ ਬੇਨਤੀ ਪੱਤਰ ਦੁਆਰਾ ਬਿਨੈ ਕੀਤੀ ਸੀ ਕਿ ਇਨ੍ਹਾਂ ਸਰਨਾਗਤਾਂ ਨੂੰ ਪਤਾ ਲੱਗ ਜਾਏ ਕਿ ਇਨ੍ਹਾਂ ਦਾਸਾਂ ਦਾ ਇਥੇ ਆਉਣਾ ਸ੍ਰੀ ਜੀ ਦੇ ਰਾਜ ਲਈ ਗੁਣਕਾਰੀ ਸਮਝਿਆ ਜਾਂਦਾ ਹੈ ? ਅਤੇ ਇਹ ਦਾਸ ਆਪਣੇ ਉਸ ਫੌਜੀ (ਜੰਗੀ) ਹੁਨਰ ਨਾਲ, ਜੋ ਇਨ੍ਹਾਂ ਨੇ ਨੈਪੋਲੀਅਨ ਬੋਨਾਪਾਰਟ ਸ਼ਹਿਨਸ਼ਾਹ ਫਰਾਂਸ ਦੀ ਤਹਿਤ ਵਿਚ ਅਫਸਰ ਰਹਿ ਕੇ ਪ੍ਰਾਪਤ ਕੀਤਾ ਹੈ, ਕੀ ਸਿੱਖ ਰਾਜ ਦੀ ਕਿਸੇ ਸੇਵਾ ਦੇ ਕਰਨੇ ਯੋਗ ਸਮਝੇ ਜਾਂਦੇ ਨੇ ? ਪਰ ਅਜੇ ਤਕ ਸਰਕਾਰ ਵਲੋਂ ਇਨ੍ਹਾਂ ਨੂੰ ਕੋਈ ਫੁਰਮਾਨ ਨਹੀਂ ਮਿਲਿਆ । ਹੁਣ ਫਕੀਰ ਅਜ਼ੀਜ਼ੁਦੀਨ ਸਾਹਿਬ ਦੀ ਸਲਾਹ ਨਾਲ ਆਪਣੀ ਦੇਸ-ਭਾਸ਼ਾ ਫਰੰਚ ਵਿਚ ਲਿਖ ਕੇ ਮੁੜ ਬੇਨਤੀ ਪੱਤਰ ਦਰਗਾਹ ਹਜ਼ੂਰੀ ਵਿਚ ਹਾਜ਼ਰ ਕਰਨ ਦੀ ਹਿੰਮਤ ਕਰਦੇ ਹਾਂ, ਕਿਉਂਕਿ, ਇਨ੍ਹਾਂ ਦਾਸਾਂ ਨੂੰ ਫਕੀਰ ਜੀ ਤੋਂ ਪਤਾ ਲੱਗਾ ਹੈ ਕਿ ਸ੍ਰੀ ਹਜ਼ੂਰ ਜੀ ਦੇ ਦਰਬਾਰੀਆਂ ਵਿਚ ਇਕ ਫਰੈਂਚ ਭਾਸ਼ਾ ਦਾ ਚੰਗਾ ਵਿਦਵਾਨ ਹੈ । ਸ੍ਰੀ ਹਜ਼ੂਰ ਮਿਹਰ ਕਰਕੇ ਇਹਨਾਂ ਸੇਵਕਾਂ ਲਈ ਸ਼ਾਹੀ ਫੁਰਮਾਨ ਬਖਸ਼ਣ ਤਾਂ ਜੋ ਇਹਨਾਂ ਦੀ ਚਿੰਤਾ ਨਵਿਰਤ ਹੋ ਜਾਏ । ਇਹ ਦਾਸ ਹੁਕਮ ਦੀ ਪਾਲਣਾ ਮਾਣ ਤਾਣ ਕੇ ਸਿਰ ਮੱਥੇ ਪਰ ਪੂਰੀ ਕਰਨਗੇ ਅਤੇ ਸ੍ਰੀ ਹਜ਼ੂਰ ਜੀ ਦੇ ਰਾਜ ਭਾਗ ਦੀ ਅਟਲਤਾ ਲਈ ਸ੍ਰੀ ਵਾਹਿਗੁਰੂ ਜੀ ਦੇ ਦਰ ਵਿਚ ਅਰਦਾਸੇ ਸੋਧਣਗੇ ।

ਅਤਿ ਨਿਮਾਣੇ ਤੇ ਨਿਤਾਣੇ ਸ੍ਰੀ ਹਜ਼ੂਰ ਜੀ ਦੇ ਦਰ ਦੇ ਜਾਚਕ :-

ਲਾਹੌਰ — ਸੀ. ਵੈਨਤੂਰਾ

1 ਅਪ੍ਰੈਲ ਸੰਨ੍ਹ 1822 — ਸੀ. ਐਲਾਰਡ

ਮਹਾਰਾਜਾ ਸਾਹਿਬ ਨੇ ਇਸ ਬਿਨੈ-ਪੱਤਰ ਪਰ ਵਿਚਾਰ ਕਰਨ ਦੇ ਉਪਰੰਤ ਵੀ ਕੁਝ ਦਿਨਾਂ ਤੱਕ ਇਸ ਮਾਮਲੇ ਨੂੰ ਵਧੇਰੇ ਸੋਚ ਲਈ ਰੱਖਿਆ ਕਿਉਂਕਿ ਉਸ ਦਾ ਇਹ ਕੁਦਰਤੀ ਸੁਭਾਵ ਸੀ ਕਿ ਉਹ ਕਿਸੇ ਗੱਲ ਨੂੰ ਬਹੁਤ ਛੇਤੀ ਮੰਨਣ ਲਈ ਤਿਆਰ ਨਹੀਂ ਸੀ ਹੋ ਪੈਂਦਾ । ਪਹਿਲਾਂ ਪਹਿਲ ਇਹਨਾਂ ਦੇ ਇਸ ਕਹਿਣੇ ਨੂੰ ਉਸ ਨੇ ਕੁਝ ਸ਼ੰਕੇ ਦੀ ਨਜ਼ਰ ਨਾਲ ਡਿੱਠਾ ਕਿ ਇਹ ਕਿਵੇਂ ਐਨਾ ਲੰਮਾ ਸਫ਼ਰ ਕੇਵਲ ਨੌਕਰੀ ਦੀ ਖ਼ਾਤਰ ਝਾਗ ਕੇ ਇਥੇ ਆਏ ਹਨ, ਛੇਕੜ ਬਹੁਤ ਕੁਝ ਪੁੱਛ ਗਿਛ ਦੇ ਉਪਰੰਤ ਜਦ ਇਹ ਠੀਕ ਸਿੱਧ ਹੋ ਗਿਆ ਕਿ ਉਹਨਾਂ ਦਾ ਆਵਣਾ ਨੌਕਰੀ ਲਈ ਹੀ ਹੈ ਤਾਂ ਮਹਾਰਾਜਾ ਸਾਹਿਬ ਨੇ ਪਹਿਲੇ ਇਹਨਾਂ ਨੂੰ ਪੰਝੀ ਪੰਝੀ ਸੌ ਰੁਪੀਆ ਮਹੀਨਾ ਤਲਬ ਦੇਣੀ ਪ੍ਰਵਾਨ ਕੀਤੀ । ਵੈਨਤੂਰਾ ਨੂੰ ਪੈਦਲ ਫੌਜ ਤੇ ਐਲਾਰਡ ਨੂੰ ਘੋੜ-ਚੜ੍ਹਾਂ

(ਰਸਾਲਿਆਂ) ਦੇ ਜਰਨੈਲੀ ਅਹੁਦਿਆਂ ਪਰ ਨੀਯਤ ਕੀਤਾ । ਇਹਨਾਂ ਦਾ ਮੁਖ ਕੰਮ ਖ਼ਾਲਸਾ ਫੌਜਾਂ ਨੂੰ ਵਧੇਰਾ ਯੂਰਪੀ ਤਰੀਕੇ ਪਰ ਕਵੈਦ (ਪਰੇਡ) ਵਿਚ ਨਿਪੁੰਨ ਕਰਨਾ ਸੀ ।

ਨੌਕਰੀ ਤੋਂ ਪਹਿਲੇ ਉਹਨਾਂ ਤੋਂ ਹੇਠ ਲਿਖੀਆਂ ਸ਼ਰਤਾਂ ਲਿਖਵਾਈਆਂ ਗਈਆਂ :-

(1) ਜੇ ਕਦੇ ਯੂਰਪ ਦੀ ਕਿਸੇ ਹਕੂਮਤ ਨਾਲ ਸਿੱਖ ਫੌਜ ਨੂੰ ਲੜਨ ਦਾ ਸਮਾਂ ਆ ਬਣੇ ਤਾਂ ਆਪ ਨੂੰ ਸਿੱਖ ਰਾਜ ਦਾ ਸ਼ੁਭ-ਚਿੰਤਕ ਹੋ ਕੇ ਉਸ ਨਾਲ ਲੜਨਾ ਪਏਗਾ ।

(2) ਲਾਹੌਰ ਦਰਬਾਰ ਦੀ ਆਗਿਆ ਬਿਨਾਂ ਆਪ ਨੂੰ ਕਿਸੇ ਯੂਰਪੀਨ ਹਕੂਮਤ ਨਾਲ ਸਿੱਧਾ ਖ਼ਤ-ਪੱਤਰ ਕਰਨ ਦਾ ਕੋਈ ਹੱਕ ਨਹੀਂ ਹੋਵੇਗਾ ।

(3) ਆਪ ਨੂੰ ਦਾਹੜੀ ਸੁੱਚੀ ਰੱਖਣੀ ਪਵੇਗੀ, ਅਰਥਾਤ ਮੁਨਾਣ ਦੀ ਮਨਾਹੀ ਹੋਵੇਗੀ ।

(4) ਗਊ ਮਾਸ ਖਾਣ ਦੀ ਆਗਿਆ ਨਹੀਂ ਹੈ ।

(5) ਤਮਾਕੂ ਪੀਣਾ ਛੱਡਣਾ ਪਏਗਾ ।

ਇਨ੍ਹਾਂ ਸ਼ਰਤਾਂ ਨੂੰ ਉਹਨਾਂ ਨੇ ਖ਼ੁਸ਼ੀ ਨਾਲ ਲਿਖ ਦਿੱਤਾ[1] । ਕਹਿੰਦੇ ਹਨ ਕਿ ਐਲਾਰਡ ਨੇ-ਜਿਸ ਨੂੰ ਤਮਾਕੂ ਪੀਣ ਦੀ ਵਾਦੀ ਸੀ-ਛੇਕੜਲੀ ਸ਼ਰਤ ਲਈ ਕੁਝ ਨਰਮੀ ਚਾਹੀ ਕਿ ਅਸੀਂ ਅੱਜ ਤੋਂ ਤਮਾਕੂ ਪੀਣਾ ਘਟਾ ਦੇਵਾਂਗੇ, ਪਰ ਜਦ ਤੱਕ ਇਹ ਛੁੱਟ ਨਾ ਜਾਏ ਆਪਣੇ ਡੇਰੇ ਅੰਦਰ ਪੀਣ ਦੀ ਆਗਿਆ ਦਿੱਤੀ ਜਾਏ, ਪਰੰਤੂ ਮਹਾਰਾਜਾ ਸਾਹਿਬ ਨੇ ਇਸ ਗੱਲ ਦੇ ਮੰਨਣ ਤੋਂ ਸਾਫ਼ ਇਨਕਾਰ ਕੀਤਾ ਤੇ ਛੇਕੜ ਉਹਨਾਂ ਨੂੰ ਤਮਾਕੂ ਪੀਣਾ ਛੱਡਣਾ ਹੀ ਪਿਆ[2]।

## ਨੁਸ਼ਿਹਰੇ ਦੀ ਵੱਡੀ ਲੜਾਈ

ਮੁਹੰਮਦ ਅਜ਼ੀਜ਼ ਖ਼ਾਨ, ਬਾਰਕਜ਼ਈ ਘਰਾਣੇ ਵਿਚ ਜਿੰਨਾ ਸਿਆਣਾ ਪ੍ਰਸਿੱਧ ਸੀ, ਇੰਨਾ ਹੀ ਇਹ ਅਫ਼ਗਾਨਿਸਤਾਨ ਵਿਚ ਵੀਰਤਾ ਲਈ ਪਿਆਰਿਆ ਜਾਂਦਾ ਸੀ, ਇਸ ਤੋਂ ਵੱਧ ਗਾਜ਼ੀਪੁਣੇ ਦੇ ਜੋਸ਼ ਲਈ ਪਠਾਣ ਇਸ ਦੀ ਬਹੁਤ ਕਦਰ ਕਰਦੇ ਸਨ । ਇਹ ਚੋਖੇ ਸਮੇਂ ਤੋਂ ਇਹਨਾਂ ਤਿਆਰੀਆਂ ਵਿਚ ਜੁਟਿਆ ਹੋਇਆ ਸੀ ਕਿ ਇਕ ਖੁੱਲ੍ਹੇ ਮੈਦਾਨ ਵਿਚ ਸਿੱਖਾਂ ਨਾਲ ਬਲ-ਪ੍ਰੀਖਿਆ ਕਰਨੀ ਚਾਹੀਦੀ ਹੈ । ਇਸ ਮੈਦਾਨ ਵਿਚ ਅਰਸ਼ੀ ਤਾਕਤ ਵਲੋਂ ਜਿਸ ਕੌਮ ਦੇ

- - - - - -

1. *ਕਈ ਵਿਦੇਸ਼ੀ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਦ ਤੋਂ ਇਟਾਲੀਅਨ ਤੇ ਫਰੰਚ ਅਫ਼ਸਰ ਮਹਾਰਾਜੇ ਪਾਸ ਨੌਕਰ ਹੋਏ, ਤਦ ਤੋਂ ਸਿੱਖਾਂ ਨੂੰ ਸਫਲਤਾ ਪ੍ਰਾਪਤ ਹੋਈ । ਅਸਾਂ ਜਦ ਇਸ ਨੁਕਤੇ ਤੋਂ ਖੋਜ ਕੀਤੀ ਤਾਂ ਸਾਨੂੰ ਕੋਈ ਵੀ ਘਟਨਾ ਇਹਨਾਂ ਲੇਖਕਾਂ ਦੀ ਪ੍ਰੋੜਤਾ ਵਿਚ ਨਹੀਂ ਮਿਲੀ ਸਗੋਂ ਵਾਕਿਆਤ ਦੱਸਦੇ ਹਨ ਕਿ ਇਨ੍ਹਾਂ ਵਿਦੇਸ਼ੀਆਂ ਨੇ ਖ਼ਾਲਸਾ ਫੌਜ ਵਿਚ ਨੌਕਰ ਹੋਣ ਤੋਂ ਪਹਿਲਾਂ ਹੀ ਮਹਾਰਾਜਾ ਸਾਹਿਬ ਖ਼ਾਲਸਾ ਫੌਜ ਦੀ ਸਹਾਇਤਾ ਨਾਲ ਪੰਜਾਬ ਤੇ ਸਰਹੱਦ, ਅਫ਼ਗਾਨਿਸਤਾਨ ਤੇ ਹੋਰ ਬਹੁਤ ਸਾਰੇ ਕਠਿਨ ਇਲਾਕੇ ਫ਼ਤਹਿ ਕਰ ਚੁੱਕਾ ਸੀ, ਅਰਥਾਤ ਲਾਹੌਰ ਸੰ: 1799 ਈ: ਵਿਚ ਮਹਾਰਾਜੇ ਨੇ ਫ਼ਤਹ ਕੀਤਾ, ਅੰਮ੍ਰਿਤਸਰ ਸੰ: 1802 ਈ: ਵਿਚ ਖ਼ਾਲਸਾ ਰਾਜ ਨਾਲ ਮਿਲਾਇਆ, ਜੇਹਲਮ ਤੇ ਝਨਾ ਦਾ ਵਿਚਲਾ ਇਲਾਕਾ ਸੰਨ 1805 ਵਿਚ, ਕਸੂਰ ਸੰਨ 1807 ਵਿਚ, ਅਟਕ ਤੇ ਹਜ਼ਾਰਾ ਸੰਨ 1813 ਵਿਚ, ਮੁਲਤਾਨ 1818 ਵਿਚ, ਪਿਸ਼ਾਵਰ ਤੇ ਸਰਹੱਦੀ ਇਲਾਕਾ ਇਸੇ ਸਾਲ, ਕਸ਼ਮੀਰ ਸੰਨ 1819 ਵਿਚ, ਡੇਰਾ ਇਸਮਾਈਲ ਖ਼ਾਨ ਤੇ ਗਾਜ਼ੀ ਖ਼ਾਨ ਸੰਨ 1821 ਵਿਚ ਫ਼ਤਹ ਕਰਕੇ ਖ਼ਾਲਸਾ ਰਾਜ ਨਾਲ ਮਿਲਾ ਚੁੱਕਾ ਸੀ, ਅਤੇ ਇਨ੍ਹਾਂ ਅਫ਼ਸਰਾਂ ਦੇ ਪੰਜਾਬ ਆਉਣ ਦਾ ਸੰਨ 1822 ਈ: ਹੈ ।*
2. *ਮਹਾਰਾਜਾ ਸਾਹਿਬ ਦੇ ਸਾਰੇ ਵਿਦੇਸ਼ੀ ਕਰਮਚਾਰੀਆਂ ਦੇ ਸਵਿਸਥਾਰ ਸਮਾਚਾਰ ਪੜ੍ਹਨਾ ਚਾਹੋ ਤਾਂ ਮੇਰੀ ਨਵੀਂ ਪੁਸਤਕ 'ਖ਼ਾਲਸਾ ਰਾਜ ਦੇ ਵਿਦੇਸ਼ੀ ਕਰਿੰਦੇ' ਪੜ੍ਹੋ ।*

ਹੱਕ ਵਿਚ ਦੋ-ਟੁਕ ਫੈਸਲਾ ਹੋ ਜਾਏ ਉਸ ਅੱਗੇ ਦੂਜੀ ਕੌਮ ਨੂੰ ਸਦਾ ਲਈ ਸਿਰ ਝੁਕਾ ਦੇਣਾ ਚਾਹੀਦਾ ਹੈ, ਅਰਥਾਤ ਸਿੱਖਾਂ ਅਤੇ ਅਫ਼ਗਾਨਾਂ ਦੀ ਸ਼ਕਤੀ ਤੇ ਵੀਰਤਾ ਦੀ ਇਕ ਵਾਰੀ ਚੰਗੀ ਪ੍ਰੀਖਿਆ ਕੀਤੀ ਜਾਏ। ਦੂਜਾ ਪਿਸ਼ਾਵਰ- ਜੋ ਮੁੱਦਤਾਂ ਤੋਂ ਇਸ ਘਰਾਣੇ ਦੇ ਕਬਜ਼ੇ ਵਿਚ ਚਲਾ ਆਂਵਦਾ ਸੀ ਤੇ ਅੱਠ ਸੌ ਸਾਲ ਇਹ ਇਸਲਾਮੀ ਸੂਬਾ ਮੰਨਿਆ ਹੋਇਆ ਚਲਾ ਆਂਵਦਾ ਸੀ ਪਿਛੇ ਜਿਹੇ ਮਹਾਰਾਜੇ ਦੇ ਫ਼ਤਹ ਕਰ ਲੈਣ ਨਾਲ ਇਸ ਦੀਆਂ ਅੱਖਾਂ ਵਿਚ ਸੂਲ ਵਾਂਗ ਰੜਕਦਾ ਸੀ। ਉਹ ਚਾਹੁੰਦਾ ਸੀ ਕਿ ਜਿਵੇਂ ਹੋ ਸਕੇ ਇਸ ਨੂੰ ਆਪਣੇ ਅਧਿਕਾਰ ਵਿਚ ਲਿਆਂਦਾ ਜਾਏ। ਇਹਨਾਂ ਵਿਚਾਰਾਂ ਨੂੰ ਦ੍ਰਿਸ਼ਟੀ ਗੋਚਰ ਰੱਖ ਕੇ ਬਹੁਤ ਸਾਰੀ ਅਫ਼ਗਾਨੀ ਫੌਜ ਅਤੇ ਭਾਰੀਆਂ ਤਿਆਰੀਆਂ ਨਾਲ ਜਨਵਰੀ ਸੰਨ 1823 ਈ: ਨੂੰ ਉਹ ਪਿਸ਼ਾਵਰ ਪਰ ਚੜ੍ਹ ਆਇਆ।

ਪਿਸ਼ਾਵਰ ਵਿਚ ਯਾਰ ਮੁਹੰਮਦ ਖ਼ਾਨ, ਮੁਹੰਮਦ ਅਜ਼ੀਜ਼ ਖ਼ਾਨ ਦਾ ਭਾਈ ਮਹਾਰਾਜਾ ਰਣਜੀਤ ਸਿੰਘ ਵਲੋਂ ਗਵਰਨਰ ਪਿਸ਼ਾਵਰ ਦੇ ਅਹੁਦੇ ਪਰ ਸੀ, ਅੰਦਰੋਂ ਆਪਣੇ ਭਾਈ ਦੀ ਸਲਾਹ ਨਾਲ ਪਰ ਬਾਹਰੋਂ ਇਹ ਦੱਸ ਕੇ ਕਿ ਉਹ ਅਫ਼ਗਾਨੀ ਫੌਜਾਂ ਨੂੰ ਰੋਕਣ ਤੋਂ ਅਸਮਰਥ ਹੈ; ਪਿਸ਼ਾਵਰ ਵਿਹਲਾ ਛੱਡ ਕੇ ਯੂਸਫ਼ਜ਼ਈ ਦੇ ਪਹਾੜਾਂ ਵਿਚ ਜਾ ਛਿਪਿਆ।

ਅਫ਼ਗਾਨ ਹਾਕਮ ਨੇ ਪਿਸ਼ਾਵਰ ਨੂੰ ਖਾਲੀ ਦੇਖ ਕੇ 12 ਫ਼ਰਵਰੀ ਨੂੰ ਬਿਨਾਂ ਕਿਸੇ ਅਟਕਾ ਦੇ ਪਿਸ਼ਾਵਰ ਨੂੰ ਆਪਣੇ ਕਬਜ਼ੇ ਵਿਚ ਕਰ ਲਿਆ। ਇਥੇ ਪਹੁੰਚਦੇ ਹੀ ਇਸ ਨੇ ਜਹਾਦ (ਧਰਮ ਯੁੱਧ) ਦਾ ਝੰਡਾ ਖੜ੍ਹਾ ਕਰ ਦਿੱਤਾ ਤੇ ਕਈ ਸੌ ਜੋਸ਼ੀਲੇ ਮੌਲਵੀ; ਸੱਯਦ ਤੇ ਪੀਰਜ਼ਾਦਿਆਂ ਨੂੰ ਸਾਰੇ ਸਰਹੱਦੀ ਇਲਾਕੇ ਵਿਚ ਇਸ ਭਾਵ ਲਈ ਭਿਜਵਾ ਦਿੱਤਾ ਕਿ ਉਹ ਸਿੱਖਾਂ ਦੇ ਵਿਰੁੱਧ ਜਹਾਦੀ ਲੜਾਈ ਲੜਨ ਲਈ ਗਾਜ਼ੀਆਂ ਨੂੰ ਤਿਆਰ ਕਰਨ। ਉਹਨਾਂ ਮਲਵਾਣਿਆਂ ਨੇ ਜਾ ਕੇ ਉਹ ਧੂੰਆਂਧਾਰ ਜੋਸ਼ੀਲੇ ਵਾਅਜ਼ ਕੀਤੇ ਕਿ ਪਠਾਣਾਂ ਦੇ ਕੀ ਬਿਰਧ ਤੇ ਕੀ ਨੌਜੁਆਨ ਸਭ ਗਾਜ਼ੀਪੁਣੇ ਦੇ ਜੋਸ਼ ਵਿਚ ਐਸੇ ਮੱਤੇ ਗਏ ਕਿ ਕੋਈ ਹੱਦ ਨਾ ਰਹੀ। ਕਈ ਹਜ਼ਾਰਾਂ ਦੀ ਗਿਣਤੀ ਵਿਚ ਘਰਾਂ ਤੋਂ ਬਖ਼ਸ਼-ਬਖ਼ਸ਼ਾਵਣੀਆਂ ਲੈ ਕੇ ਢੋਲ ਵਜਾਉਂਦੇ ਨੱਚਦੇ ਹੱਸਦੇ ਪਿਸ਼ਾਵਰ ਵੱਲ ਵਹੀਰਾਂ ਘੱਤ ਕੇ ਆਉਣ ਲੱਗ ਪਏ। ਮੁਹੰਮਦ ਅਜ਼ੀਮ ਖ਼ਾਨ ਨੇ ਇਹਨਾਂ ਗਾਜ਼ੀਆਂ ਦੇ ਇਕੱਠ ਲਈ ਨੁਸ਼ਿਹਰਾ ਤੇ ਹਸ਼ਤਨਗਰ ਦੇ ਖੁੱਲ੍ਹੇ ਮੈਦਾਨ ਚੁਣੇ, ਜਿਥੇ ਇਹਨਾਂ ਗਾਜ਼ੀਆਂ ਦੇ ਖਾਣੇ ਆਦਿ ਦਾ ਪ੍ਰਬੰਧ ਬੜੀਆਂ ਤਿਆਰੀਆਂ ਨਾਲ ਕੀਤਾ ਗਿਆ ਸੀ। ਹੁਣ ਕੁਝ ਹੀ ਦਿਨ ਬੀਤੇ ਸਨ ਕਿ ਇਹਨਾਂ ਗਾਜ਼ੀਆਂ ਦੀ ਗਿਣਤੀ ਪੰਝੀ ਹਜ਼ਾਰ ਤੋਂ ਵਧ ਗਈ, ਇਹ ਇਕੱਠ ਕਿਸੇ ਇਕ ਤਬਕੇ ਜਾਂ ਫ਼ਿਰਕੇ ਵਲੋਂ ਨਹੀਂ ਸੀ, ਸਗੋਂ ਸਾਰੀਆਂ ਸਰਹੱਦੀ ਤੇ ਅਫ਼ਗਾਨੀ ਕੌਮਾਂ ਵਲੋਂ ਸੀ[1]। ਅਰਥਾਤ ਕਾਬਲ ਤੋਂ ਲੈ ਕੇ ਦੀਰ, ਬਿਜੌੜ, ਸੁਆਤ, ਬੁਨੇਰ, ਬੈਜ਼ਈ. ਯੂਸਫ਼ਜ਼ਈ, ਕਮਾਲਜ਼ਈ, ਮੁਹੰਮਦ, ਅਫ਼ਰੀਦੀ, ਖਟਕ ਆਦਿ। ਗੱਲ ਕੀ ਸੀ ਐਸੀ ਕੋਈ ਵੀ ਪਠਾਣਾਂ ਦੀ ਕੌਮ ਜਾਂ ਇਲਾਕਾ ਨਹੀਂ ਸੀ ਜਿਸ ਨੇ ਇਸ ਲੜਾਈ ਵਿਚ ਭਾਗ ਨਾ ਲਿਆ ਹੋਵੇ, ਤਦ ਤੋਂ ਹੀ ਇਸ ਇਲਾਕੇ ਵਿਚ ਇਹ ਲੜਾਈ 'ਲੋਇਆ ਗਜ਼ਾ' ਵੱਡੇ ਧਰਮ ਯੁੱਧ ਦੇ ਨਾਮ ਪਰ ਅਜੇ ਤਕ ਪ੍ਰਸਿੱਧ ਹੈ। ਹੁਣ ਮੁਹੰਮਦ ਅਜ਼ੀਮ ਖ਼ਾਨ ਨੇ ਜਦ ਆਪਣਾ ਜਾਦੂ ਫੁਰਦਾ ਡਿੱਠਾ ਤਾਂ ਕਈ ਹਜ਼ਾਰ ਲਸ਼ਕਰ ਸੌਖਾ ਹੀ ਇਕੱਠਾ ਕਰ ਲਿਆ, ਤਾਂ ਆਪਣੇ ਭਤੀਜੇ ਮੁਹੰਮਦ ਜ਼ਮਾਨ ਖ਼ਾਨ ਨੂੰ ਖ਼ਵਾਸ ਖ਼ਾਨ ਖਟਕ ਦੀ ਤਹਿਤ ਵਿਚ ਇਕ ਭਾਰੀ ਲਸ਼ਕਰ ਖਟਕਾਂ ਅਤੇ ਅਫ਼ਰੀਦੀਆਂ ਦਾ ਤਿਆਰ ਕਰਕੇ ਜਹਾਂਗੀਰੇ ਦੇ ਕਿਲ੍ਹੇ ਤੇ ਜਾ ਧਾਵਾ ਕਰਵਾਇਆ। ਇਹਨਾਂ ਵਿਚੋਂ ਅੱਧੇ

- - - - - - -

1. *ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫਾ 429।*

ਲਸ਼ਕਰ ਨੇ ਤਾਂ ਜਾਂਦੇ ਸਾਰ ਹੀ ਕਿਲ੍ਹਾ ਘੇਰ ਲਿਆ ਤੇ ਬਾਕੀ ਦਿਆਂ ਨੇ ਨਾਲ ਦੀਆਂ ਪਹਾੜੀਆਂ ਤੇ ਪੱਕੇ ਮੋਰਚੇ ਬਣਾ ਕੇ ਰਸਤਿਆਂ ਨੂੰ ਐਸਾ ਆਪਣੇ ਕਾਬੂ ਵਿਚ ਕਰ ਲਿਆ ਕਿ ਜਦ ਖ਼ਾਲਸਾ ਫੌਜ ਅਟਕ ਤੋਂ ਪਾਰ ਆਵਣ ਤਾਂ ਉਹਨਾਂ ਨੂੰ ਐਸਾ ਘੇਰਿਆ ਜਾਏ ਕਿ ਸਾਰੇ ਹੀ ਇਥੇ ਮੁਕਾ ਦਿੱਤੇ ਜਾਣ।

ਏਧਰ ਮਹਾਰਾਜਾ ਰਣਜੀਤ ਸਿੰਘ ਨੂੰ ਜਦ ਇਸ ਰੌਲੇ ਗੌਲੇ ਦੀਆਂ ਰਿਪੋਰਟਾਂ ਪਹੁੰਚੀਆਂ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਤੁਰਦੇ ਦੋ ਹਜ਼ਾਰ ਸਵਾਰ ਸ਼ਾਹਜ਼ਾਦਾ ਸ਼ੇਰ ਸਿੰਘ, ਹਰੀ ਸਿੰਘ ਨਲੂਏ ਤੇ ਦੀਵਾਨ ਕ੍ਰਿਪਾ ਰਾਮ ਦੀ ਸਰਦਾਰੀ ਵਿਚ ਅਫਗਾਨਾਂ ਦੇ ਲਸ਼ਕਰ ਨੂੰ ਅਟਕਾ ਪਾਉਣ ਲਈ ਤੋਰ ਦਿੱਤੇ, ਦੂਜੇ ਦਿਨ 23 ਫਰਵਰੀ ਨੂੰ ਸਰਕਾਰ ਆਪ ਸਣੇ ਅਕਾਲੀ ਫੂਲਾ ਸਿੰਘ, ਸਰਦਾਰ ਦੇਸਾ ਸਿੰਘ ਮਜੀਠੀਆ, ਸ: ਫਤਹਿ ਸਿੰਘ ਆਹਲੂਵਾਲੀਆ, ਸ: ਅਮੀਰ ਸਿੰਘ ਸੂਰੀਆਂ ਵਾਲਾ ਅਤੇ ਰਤਨ ਸਿੰਘ ਘਰਜਾਖੀਆ ਆਦਿ ਨਾਮੀ ਸਰਦਾਰ ਤੇ ਇਕ ਬਲਵਾਨ ਦਸਤਾ ਖ਼ਾਲਸਾ ਫੌਜਾਂ ਦਾ ਨਾਲ ਲੈ ਕੇ ਰਾਤ ਦਿਨ ਕੂਚ ਕਰਦੇ ਹੋਏ ਅਟਕ ਪਹੁੰਚ ਗਏ। 1 ਮਾਰਚ ਦੀ ਸਵੇਰ ਨੂੰ ਸ਼ੇਰਿ ਪੰਜਾਬ ਦੇ ਪਹੁੰਚਣ ਤੋਂ ਪਹਿਲੇ ਹੀ ਸ਼ਾਹਜ਼ਾਦਾ ਸ਼ੇਰ ਸਿੰਘ ਤੇ ਨਲੂਏ ਨੇ ਬੇੜੀਆਂ ਦੇ ਪੁਲ ਤੋਂ ਪਾਰ ਹੋ ਕੇ ਦੋਵਾਂ ਪਾਸਿਆਂ ਤੋਂ ਗਾਜ਼ੀਆਂ ਤੇ ਧਾਵਾ ਬੋਲ ਦਿੱਤਾ ਤੇ ਹੁਣ ਡਾਢੀ ਕਰੜੀ ਲੜਾਈ ਹੋਣ ਲੱਗੀ। ਉਧਰ ਮੌਕਾ ਪਾਕੇ ਮੁਹੰਮਦ ਜ਼ਮਾਨ ਖ਼ਾਨ ਨੇ ਕੁਝ ਗਾਜ਼ੀ ਭੇਜ ਕੇ ਅਟਕ ਦਾ ਪੁੱਲ ਰੁੜ੍ਹਾ ਦਿੱਤਾ ਤਾਂ ਜੋ ਪਾਰੋਂ ਖ਼ਾਲਸੇ ਨੂੰ ਸਹਾਇਤਾ ਨਾ ਮਿਲ ਸਕੇ।

ਸ਼ੇਰਿ ਪੰਜਾਬ ਅਟਕ ਪਹੁੰਚੇ ਤਾਂ ਅਗੇ ਪੁੱਲ ਰੁੜ੍ਹ ਚੁੱਕਾ ਸੀ। ਸ੍ਰੀ ਹਜ਼ੂਰ ਜੀ ਨੇ ਉਥੇ ਹੀ ਡੇਰੇ ਲਾ ਦਿੱਤੇ ਤੇ ਲੱਗੇ ਬੇੜੀਆਂ ਇਕੱਠੀਆਂ ਕਰਕੇ ਮੁੜ ਪੁਲ ਨੂੰ ਤਿਆਰ ਕਰਵਾਉਣ, ਪਰ ਪੁਲ ਦੇ ਛੇਤੀ ਬਣਨ ਦੀ ਆਸ ਘੱਟ ਸੀ। ਉਧਰੋਂ ਠੀਕ ਇਕ ਸੂਹੀਆ ਸ਼ਨਾਈ ਉਪਰ ਤਰ ਕੇ ਖ਼ਬਰ ਲਿਆਇਆ ਕਿ ਖ਼ਾਲਸਾ ਦਲ ਗਾਜ਼ੀਆਂ ਦੀ ਬਹੁਤਾਤ ਦੇ ਕਾਰਨ ਉਨ੍ਹਾਂ ਦੇ ਘੇਰੇ ਵਿਚ ਫਸ ਗਿਆ ਹੈ ਤੇ ਜੇ ਸਮੇਂ ਸਿਰ ਨਾ ਸਹਾਇਤਾ ਪਹੁੰਚੀ ਤਾਂ ਵਧੇਰੇ ਨੁਕਸਾਨ ਦਾ ਡਰ ਹੈ। ਇਸ ਖ਼ਬਰ ਦੇ ਸੁਣਨ ਨਾਲ ਖ਼ਾਲਸਾ ਦਲ ਵਿਚ ਜੋਸ਼ ਦੀ ਲਹਿਰ ਚਲ ਗਈ ਤੇ ਮਹਾਰਾਜੇ ਦੇ ਜੋਸ਼ ਦਾ ਤਾਂ ਕੋਈ ਹੱਦ-ਬੰਨਾ ਹੀ ਨਹੀਂ ਸੀ ਰਿਹਾ। ਕਹਿੰਦੇ ਹਨ ਕਿ ਇਸ ਸਮੇਂ ਕਿਸੇ ਜ਼ਿੰਮੇਦਾਰ ਕਰਮਚਾਰੀ ਨੇ ਆਖਿਆ ਕਿ ਇਥੇ ਜ਼ਰੂਰ ਅਟਕਣਾ ਪੈਂਦਾ ਹੈ। ਇਹ ਸੁਣ ਕੇ ਸ਼ੇਰ ਦਿਲ ਮਹਾਰਾਜੇ ਦਾ ਜੋਸ਼ ਹੋਰ ਵੀ ਵੱਧ ਕੇ ਉਛਾਲੇ ਖਾਣ ਲੱਗਾ ਅਤੇ ਇਹ ਕਿਹਾ :- ਅਟਕ (ਦਰਿਆ) ਉਸ ਦੇ ਵਾਸਤੇ ਅਟਕ (ਰੋਕ) ਹੈ, ਜਿਸ ਦੇ ਚਿਤ ਵਿਚ ਅਟਕ (ਝਿਝਕ) ਹੈ, ਜਿਸ ਦੇ ਮਨ ਵਿਚ ਅਟਕ (ਠਾਠ) ਨਹੀਂ, ਉਸ ਲਈ ਅਟਕ (ਦਰਿਆ) ਕਦੇ ਵੀ ਅਟਕ (ਰੁਕਾਵਟ) ਨਹੀਂ ਹੋ ਸਕਦਾ।" ਹੁਣ ਮਹਾਰਾਜੇ ਨੇ ਝਟ ਆਪਣੇ ਘੋੜੇ ਨੂੰ ਠਾਠਾਂ ਮਾਰਦੇ ਦਰਿਆ ਅਟਕ ਵਿਚ ਠੇਲ੍ਹ ਦਿੱਤਾ ਅਤੇ ਰਸਾਲਿਆਂ ਨੂੰ ਹੁਕਮ ਦਿੱਤਾ ਕਿ ਮੇਰੇ ਪਿਛੇ ਆਓ। ਇਉਂ ਸਣੇ ਅਕਾਲੀ ਫੂਲਾ ਸਿੰਘ ਦੇ ਅਤੇ ਬਹੁਤ ਸਾਰੇ ਘੋੜ-ਚੜਾਂ ਦੇ ਮਹਾਰਾਜਾ ਪਾਰ ਜਾ ਪਹੁੰਚੇ[1]।

ਸ਼ੇਰਿ ਪੰਜਾਬ ਦੇ ਪਾਰਲੇ ਕੰਢੇ ਪਹੁੰਚਣ ਦੀ ਖ਼ਬਰ ਸੁਣ ਕੇ ਗਾਜ਼ੀ ਡਾਢੇ ਅਧੀਰ ਹੋ ਗਏ ਤੇ ਮੈਦਾਨ ਛੱਡ ਕੇ ਭੱਜ ਉਠੇ। ਲੜਾਈ ਵਿਚ ਦੋਹਾਂ ਧਿਰਾਂ ਦੀਆਂ ਜਾਨਾਂ ਦਾ ਨੁਕਸਾਨ

---

1. *ਇਸ ਇਲਾਕੇ ਦੇ ਲੋਕਾਂ ਵਿਚ ਇਹ ਗੱਲ ਆਮ ਪ੍ਰਸਿੱਧ ਹੈ ਕਿ ਅਟਕ ਨੇ ਮਹਾਰਾਜਾ ਨੂੰ ਰਾਹ ਦਿੱਤਾ ਆਦਿ।*

ਲਗਭਗ ਇਕੋ ਜਿਹਾ ਸੀ ।

ਇਥੋਂ ਰਣ ਛੱਡ ਕੇ ਗਾਜ਼ੀ ਨੁਸ਼ਿਹਰੇ ਦੇ ਵੱਡੇ ਲਸ਼ਕਰ ਨਾਲ ਜਾ ਮਿਲੇ ਅਤੇ ਹੁਣ ਲੱਗੀਆਂ ਉਥੇ ਇਕ ਭਾਰੀ ਜੰਗ ਦੀਆਂ ਤਿਆਰੀਆਂ ਹੋਣ ।

ਸ਼ੇਰਿ ਪੰਜਾਬ ਨੇ ਖ਼ੈਰਾਬਾਦ ਤੇ ਜਹਾਂਗੀਰੇ ਦੇ ਕਿਲ੍ਹੇ ਨੂੰ ਪੱਕਿਆਂ ਕਰਵਾ ਕੇ ਅਕੋੜੇ ਦੇ ਮੈਦਾਨ ਵਿਚ ਜਾ ਫ਼ੌਜ ਉਤਾਰੀ ਤੇ ਇਥੋਂ ਕਈ ਸੂਹੀਏ ਗਾਜ਼ੀਆਂ ਦੀ ਖ਼ਬਰ ਲਿਆਉਣ ਲਈ ਨੁਸ਼ਿਹਰੇ ਤੇ ਪਿਸ਼ਾਵਰ ਵੱਲ ਭੇਜੇ । ਸ਼ੇਖ਼ ਗੁਲਾਮ ਮਹੱਯੁਦੀਨ ਮਹਾਰਾਜਾ ਵਲੋਂ ਮੁਹੰਮਦ ਅਜ਼ੀਮ ਖ਼ਾਨ ਦੇ ਕੈਂਪ ਵਿਚ ਬਖਰਾਂ-ਪੁਚਾਈ ਦੇ ਕੰਮ ਪੁਰ ਨੀਯਤ ਹੋਇਆ, ਜਿਸ ਨੇ ਇਸ ਸਮੇਂ ਬਹੁਮੁੱਲੀ ਸੇਵਾ ਭੁਗਤਾਈ ।

ਇਸੇ ਰਾਤ ਨੂੰ ਸ: ਜੈ ਸਿੰਘ ਅਟਾਰੀ ਵਾਲਾ ਜੋ ਸੰਨ 1821 ਈ: ਨੂੰ ਇਕ ਗੋਂਦ ਦੇ ਸ਼ਕ ਦੇ ਕਾਰਨ ਪੰਜਾਬ ਤੋਂ ਭੱਜ ਕੇ ਕਾਬਲ, ਬਾਰਕ-ਜ਼ਈਆ ਕੋਲ ਜਾ ਰਿਹਾ ਸੀ ਤੇ ਹੁਣ ਮੁਹੰਮਦ ਅਜ਼ੀਮ ਖ਼ਾਨ ਨਾਲ ਸਣੇ ਆਪਣੇ ਸਵਾਰਾਂ ਦੇ ਪਿਸ਼ਾਵਰ ਆਇਆ ਸੀ, ਪਰ ਇਥੋਂ ਇਸ ਨੇ ਜਦ ਪਿਸ਼ਾਵਰ ਵਿਚ ਕੁਝ ਸਿੱਖਾਂ ਦੇ ਕੱਟੇ ਹੋਏ ਸਿਰ ਡਿੱਠੇ, ਜੋ ਜਹਾਂਗੀਰੇ ਦੇ ਮੈਦਾਨ ਤੋਂ ਜ਼ਮਾਨ ਖ਼ਾਨ ਨੇ ਪਿਸ਼ਾਵਰ ਮੁਹੰਮਦ ਅਜ਼ੀਮ ਖ਼ਾਨ ਦੀ ਪ੍ਰਸੰਨਤਾ ਪ੍ਰਾਪਤ ਕਰਨ ਲਈ ਭੇਜੇ ਸਨ, ਇਹਨਾਂ ਸਿਰਾਂ ਨੂੰ ਵੇਖ ਕੇ ਇਸ ਸਮੇਂ ਇਸ ਨੂੰ ਡਾਢਾ ਜੋਸ਼ ਆਇਆ ਅਤੇ ਆਪਣੇ ਪੁਰ ਧਿਕਾਰ ਕੀਤੀ ਤੇ ਉਥੋਂ ਨਿਕਲ ਕੇ ਸਿੱਧਾ ਖ਼ਾਲਸੇ ਦੇ ਕੈਂਪ ਵਿਚ ਨੁਸ਼ਿਹਰੇ ਪਹੁੰਚ ਗਿਆ । ਇਸ ਨੇ ਅਕਾਲੀ ਫੂਲਾ ਸਿੰਘ ਦੀ ਰਾਹੀਂ ਮਹਾਰਾਜਾ ਤੋਂ ਖ਼ਿਮਾ ਪ੍ਰਾਪਤ ਕੀਤੀ ਤੇ ਯੋਗ ਅਹੁਦੇ ਪਰ ਸਥਾਪਤ ਕੀਤਾ ਗਿਆ ।

ਅੱਧੀ ਰਾਤ ਨੂੰ ਗਾਜ਼ੀਆਂ ਦੇ ਕੈਂਪ ਤੋਂ ਖ਼ਬਰ ਆਈ ਕਿ ਵੈਰੀ ਦਾ ਲਸ਼ਕਰ ਅਣਗਿਣਤ ਵਧ ਰਿਹਾ ਹੈ ਅਤੇ ਉਹਨਾਂ ਨੇ ਨੁਸ਼ਹਿਰੇ ਦੇ ਪਾਰ ਤਰਕੀ ਪਹਾੜੀਆਂ ਪੁਰ ਆਪਣੇ ਮੋਰਚੇ ਤਿਆਰ ਕਰ ਲਏ ਹਨ । ਸ਼ੇਰਿ ਪੰਜਾਬ ਨੇ ਉਸ ਵੇਲੇ ਆਪਣੇ ਸਾਰੇ ਸਰਦਾਰਾਂ ਨੂੰ ਇਕੱਠਾ ਕੀਤਾ ਅਤੇ ਸਵੇਰ ਨੂੰ ਹੋਣ ਵਾਲੀ ਲੜਾਈ ਲਈ ਤਿਆਰੀਆਂ ਸੋਚਦਾ ਰਿਹਾ ।

ਅਗਲੀ ਸਵੇਰ ਦੇ ਅੰਮ੍ਰਿਤ ਵੇਲੇ ਅਰਥਾਤ 14 ਮਾਰਚ ਸੰਨ 1823 ਈ:[1] ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ, ਸਾਰੇ ਜੱਥਿਆਂ ਦੇ ਜੱਥੇਦਾਰ ਦੀਵਾਨ ਵਿਚ ਹਾਜ਼ਰ ਹੋਏ, ਸਾਹਮਣੇ ਆਉਣ ਵਾਲੇ ਜੰਗ ਲਈ ਵਿਚਾਰ ਹੋਣ ਲੱਗੀ । ਛੇਕੜ ਇਹ ਗੁਰਮਤ ਸੋਧਿਆ ਗਿਆ ਕਿ ਵੈਰੀ ਤੇ ਧਾਵਾ ਕਰਨ ਵਿਚ ਢਿਲ ਨਹੀਂ ਹੋਣੀ ਚਾਹੀਦੀ ਕਿਉਂ ਜੋ ਗਾਜ਼ੀਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ । ਦੂਜਾ ਜੇ ਮੁਹੰਮਦ ਅਜ਼ੀਮ ਖ਼ਾਨ ਗਾਜ਼ੀਆਂ ਨਾਲ ਕਲ੍ਹ ਨੂੰ ਆ ਮਿਲਿਆ ਤੋਂ ਉਸ ਨੇ ਪਹਾੜੀ ਤੇ ਮੋਰਚੇ ਮੱਲ ਲਏ ਤਾਂ ਲੜਾਈ ਜਿੱਤਣੀ ਕਠਿਨ ਹੋ ਜਾਏਗੀ । ਇਸ ਗੁਰਮਤੇ ਅਨੁਸਾਰ ਅਰਦਾਸਾ ਸੋਧਿਆ ਗਿਆ ਤੇ ਕੂਚ ਦੀਆਂ ਤਿਆਰੀਆਂ ਹੋਣ ਲੱਗੀਆਂ । ਇਸ ਸਮੇਂ ਖ਼ਾਲਸਾ ਸੈਨਾ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ-ਪਹਿਲਾ ਜੱਥਾ ਜਿਸ ਵਿਚ ਅੱਠ ਸੌ ਘੋੜ-ਚੜੇ ਅਤੇ ਸੱਤ ਸੌ ਪੈਦਲ ਅਕਾਲੀ ਸਿੰਘ ਸਨ ਅਕਾਲੀ ਫੂਲਾ ਸਿੰਘ ਜੀ ਦੀ ਜੱਥੇਦਾਰੀ ਵਿਚ ਪੂਰਬ ਵਲੋਂ ਵੈਰੀ ਤੇ ਹੱਲਾ ਕਰਨ ਲਈ ਨੀਯਤ ਕੀਤਾ ਗਿਆ । ਦੂਜਾ ਦਸਤਾ ਜਿਸ ਵਿਚ ਇਕ ਹਜ਼ਾਰ ਸਵਾਰ ਅਤੇ ਪੰਦਰਾਂ ਸੌ ਪੈਦਲ ਸਨ, ਸਰਦਾਰ ਦੇਸਾ ਸਿੰਘ

- - - - - -

*1. ਰਾਇ ਸਾਹਿਬ ਗੋਪਾਲ ਦਾਸ ਪਿਸਾਵਰ ਦੀ ਤਵਾਰੀਖ ਵਿਚ ਇਸ ਲੜਾਈ ਦਾ ਸੰਨ 1821 ਈ: ਲਿਖਦਾ ਹੈ, ਜੋ ਠੀਕ ਨਹੀਂ । ਵੇਖੋ ਪ੍ਰਿੰਸਪ ਸਫ਼ਾ 105 ਮੈਕਗਰੇਗਰ ਹਿਸਟਰੀ ਆਫ਼ ਦੀ ਸਿਖਸ ਜਿ: 1, ਸਫ਼ਾ 194 ਤੇ ਸਰ ਲੈਪਲ ਗ੍ਰਿਫਨ ਦੀ ਪੰਜਾਬ ਰਾਜਾਜ਼, ਸਫ਼ਾ 319 ।*

ਮਜੀਠੀਆ ਅਤੇ ਸਰਦਾਰ ਫਤਹਿ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਪੱਛਮ ਵਲੋਂ ਧਾਵਾ ਕਰਨ ਲਈ ਨੀਯਤ ਕੀਤਾ ਗਿਆ । ਤੀਜੇ ਜੱਥੇ ਵਿਚ ਦੋ ਹਜ਼ਾਰ ਸਵਾਰ ਤੇ ਤਿੰਨ ਹਜ਼ਾਰ ਪੈਦਲ ਸਨ, ਜਿਨ੍ਹਾਂ ਨਾਲ ਛੇ ਸੌ ਗੋਰਖੇ ਵੀ ਸ਼ਾਮਲ ਸਨ, ਇਹ ਸਣੇ ਛੇ ਛੋਟੀਆਂ ਤੋਪਾਂ ਦੇ ਕੌਰ ਖੜਗ ਸਿੰਘ, ਹਰੀ ਸਿੰਘ ਨਲੂਆ, ਜਨਰਲ ਇਲਾਰਡ ਅਤੇ ਸ: ਰਤਨ ਸਿੰਘ ਆਦਿ ਦੀ ਸੌਂਪਣੀ ਵਿਚ ਸਾਹਮਣੇ ਪਾਸੇ ਤੋਂ ਵੈਰੀਆਂ ਦਾ ਹੱਲਾ ਰੋਕਣ ਤੇ ਉਹਨਾਂ ਨੂੰ ਪਿਛੇ ਹਟਾਉਣ ਲਈ ਤਿਆਰ ਕੀਤੇ ਗਏ । ਬਾਕੀ ਕੁਝ ਸਵਾਰ ਤੇ ਪੈਦਲ ਮਹਾਰਾਜਾ ਸਾਹਿਬ ਨਾਲ ਰਹੇ ਤਾਂ ਜੋ ਜਿਥੇ ਸਹਾਇਤਾ ਦੀ ਲੋੜ ਪਏ ਉਧਰ ਬਹੁਤ ਛੇਤੀ ਸਜਰਸਾਹ ਸਹਾਇਤਾ ਪਹੁੰਚਾਈ ਜਾਏ।

ਇੰਨੇ ਨੂੰ ਬਿਗਲਚੀ ਨੂੰ ਕੂਚ ਵਜਾਉਣ ਲਈ ਆਗਿਆ ਹੋਈ ਤੇ ਬਿਗਲ ਦੇ ਵਜਦੇ ਹੀ ਹਰ ਇਕ ਜੱਥਾ ਮਹਾਰਾਜਾ ਦੀ ਹਜ਼ੂਰੀ ਵਿਚ ਆਉਂਦਾ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਲਾਉਂਦਾ ਹੋਇਆ ਅੱਗੋਂ ਲੰਘ ਜਾਂਦਾ । ਸ਼ੇਰਿ ਪੰਜਾਬ ਇਸ ਸਮੇਂ ਆਪਣੇ ਘੋੜੇ ਪੁਰ ਸਵਾਰ ਕੁਝ ਕੁ ਉਚੀ ਥਾਂ ਪੁਰ ਖੜੇ ਸਨ ਤੇ ਹੱਥ ਵਿਚ ਸੂਤੀ ਹੋਈ ਸ੍ਰੀ ਸਾਹਿਬ ਲਿਸ਼ਕਾਰ ਲੈ ਰਹੀ ਸੀ । ਜਦ ਕੋਈ ਜੱਥਾ ਸਰਕਾਰ ਦੇ ਸਾਹਮਣੇ ਜੈਕਾਰਾ ਗਾਉਂਦਾ ਹੋਇਆ ਆਉਂਦਾ ਤਾਂ ਆਪ ਅੱਗੋਂ ਗੱਜ ਕੇ ਜੈਕਾਰਾ ਬੁਲਾਉਂਦੇ ਅਤੇ ਸ੍ਰੀ ਸਾਹਿਬ ਦੇ ਇਸ਼ਾਰੇ ਨਾਲ ਰਣਤੱਤੇ ਵਿਚ ਜਾਣ ਲਈ ਵਿਦਾਇਗੀ ਦਿੰਦੇ । ਅਕਾਲੀਆਂ ਦਾ ਜੱਥਾ ਜੈਕਾਰਾ ਗਜਾ ਕੇ ਅੱਗੋਂ ਹਟਿਆ ਹੀ ਸੀ ਕਿ ਹੁਣ ਸ: ਦੇਸਾ ਸਿੰਘ ਦਾ ਜੱਥਾ ਅੱਗੋਂ ਲੰਘਣ ਲੱਗਾ, ਇੰਨੇ ਨੂੰ ਇਕ ਹੋਰ ਸੂਹੀਆ ਬੜੀ ਤੇਜ਼ੀ ਨਾਲ ਆਇਆ ਤੇ ਆ ਕੇ ਖ਼ਬਰ ਦਿੱਤੀ ਕਿ ਮੁਹੰਮਦ ਅਜ਼ੀਮ ਖ਼ਾਨ ਬਹੁਤ ਸਾਰੀ ਅਫਗਾਨੀ ਫੌਜ ਅਤੇ ਚਾਲੀ ਵੱਡੀਆਂ ਨਿੱਕੀਆਂ ਤੋਪਾਂ ਲੈ ਕੇ ਖੇਸ਼ਗੀ ਦੇ ਪੱਤਣ ਪਰ ਨੁਸ਼ਹਿਰੇ ਤੋਂ ਚਾਰ ਕੋਹ ਪੱਛਮ ਵੱਲ ਆ ਪਹੁੰਚਿਆ ਹੈ ਤੇ ਬੇੜੀਆਂ ਇਕੱਠੀਆਂ ਕਰਕੇ ਆਪਣੀ ਫੌਜ ਨੂੰ ਦਰਿਆ ਲੁੰਡੇ ਤੋਂ ਪਾਰ ਕਰਵਾ ਰਿਹਾ ਹੈ, ਤਾਂ ਜੋ ਉਹ ਗਾਜ਼ੀਆਂ ਨਾਲ ਮਿਲ ਜਾਏ । ਦੋਸਤ ਮੁਹੰਮਦ ਖ਼ਾਨ ਮੁਹੰਦ ਅਸੀਮ ਖ਼ਾਨ ਦਾ ਭਾਈ ਕੁਝ ਅਫਗਾਨੀ ਫੌਜੀ ਨਾਲ ਲੈ ਕੇ ਗਾਜ਼ੀਆਂ ਨਾਲ ਜਾ ਮਿਲਿਆ ਹੈ । ਮਹਾਰਾਜਾ ਸਾਹਿਬ ਨੂੰ ਜਦ ਇਹ ਖ਼ਬਰ ਪਹੁੰਚੀ ਤਾਂ ਮੈਦਾਨ ਜੰਗ ਦੇ ਹਰ ਇਕ ਪੱਖ ਤੇ ਵਿਚਾਰ ਕਰਨ ਲੱਗੇ ਤੇ ਇਹ ਸਲਾਹ ਪ੍ਰਗਟ ਕੀਤੀ ਕਿ ਵੈਰੀ ਦਾ ਤੋਪਖਾਨਾ ਪਹਾੜੀ ਤੇ ਪਹੁੰਚਣ ਵਾਲਾ ਹੈ, ਚੰਗਾ ਹੋਵੇ ਜੇ ਤੋਪਖਾਨੇ ਦੇ ਟਾਕਰੇ ਪਰ ਸਾਡਾ ਵੱਡਾ ਤੋਪਖਾਨਾ, ਜੋ ਜਨਰਲ ਕੋਰਟ ਤੇ ਵਨਤੂਰਾ ਨਾਲ ਅੱਜ ਹੀ ਪਹੁੰਚ ਜਾਣ ਵਾਲਾ ਹੈ ਜਦ ਤਕ ਉਹ ਨਾ ਆ ਜਾਏ, ਧਾਵਾ ਨਾ ਕੀਤਾ ਜਾਏ । ਇਸ ਪੁਰ ਅਕਾਲੀ ਫੂਲਾ ਸਿੰਘ ਨੇ ਸ਼ੇਰਿ ਪੰਜਾਬ ਨਾਲ ਸਹਿਮਤੀ ਮਿਲਾਣ ਤੋਂ ਸਾਫ ਨਾਂਹ ਕਰ ਦਿੱਤੀ ਤੇ ਸਵੇਰ ਦੇ ਅਰਦਾਸੇ ਨੂੰ ਅਟੱਲ ਰੱਖਣ ਲਈ ਆਪਣੇ ਦਸਤੇ ਨੂੰ ਨਾਲ ਲੈ ਕੇ ਵੈਰੀ ਪਰ ਧਾਵਾ ਬੋਲ ਦਿੱਤਾ । ਵੈਰੀ ਨੂੰ ਇਹਨਾਂ ਨੂੰ ਥੋੜ੍ਹੇ ਜਿਹੇ ਵੇਖ ਕੇ ਇਹਨਾਂ ਤੇ ਅੰਧਾਧੁੰਦ ਗੋਲਿਆਂ ਦਾ ਮੀਂਹ ਵਰਸਾਇਆ । ਉਧਰ ਮਹਾਰਾਜਾ ਨੇ ਜਦ ਅਕਾਲੀ ਜੱਥੇ ਪੁਰ ਗਾਜ਼ੀਆਂ ਦਾ ਜ਼ੋਰ ਪੈਂਦਾ ਡਿੱਠਾ ਤਾਂ ਆਪ ਤੋਂ ਰਿਹਾ ਨਾ ਗਿਆ, ਆਪ ਦੇ ਜੋਸ਼ ਨੇ ਹੁਲਾਰਾ ਖਾਧਾ ਤੇ ਝੱਟ ਬਾਕੀ ਦੇ ਦੋਹਾਂ ਜੱਥਿਆਂ ਨੂੰ ਮੈਦਾਨਿ-ਜੰਗ ਵੱਲ ਜਾਣ ਦਾ ਹੁਕਮ ਦਿੱਤਾ । ਹੁਣ ਮਹਾਰਾਜਾ ਸਾਹਿਬ ਆਪ ਭੀ ਉਹਨਾਂ ਦੇ ਨਾਲ ਰਣਤਤੇ ਵੱਲ ਅੱਗੇ ਵਧੇ । ਇਹ ਦੋਵੇਂ ਜੱਥੇ ਦਰਿਆ ਲੁੰਡੇ ਤੋਂ ਪਾਰ ਹੁੰਦੇ ਇਕ ਪੱਛੋਂ ਵਲੋਂ ਤੇ ਦੂਜਾ ਸਾਹਮਣੇ ਪਾਸੇ ਤੋਂ ਗਾਜ਼ੀਆਂ ਪੁਰ ਟੁੱਟ ਪਏ । ਹੁਣ ਡਾਢਾ ਡੱਟ ਕੇ ਜੰਗ ਮਚਿਆ ਤੇ ਦੁਸ਼ਮਨ ਪਿੱਛੇ ਹਟਾਉਣ ਲਈ ਸਿਰੋਂ ਪਰੇ ਜ਼ੋਰ ਲਾਇਆ ਗਿਆ, ਪਰ ਪਠਾਣਾਂ ਦਾ ਪਹਾੜੀ ਮੋਰਚਿਆਂ ਵਿਚ ਹੋਣ ਦੇ ਕਾਰਨ ਉਹਨਾਂ ਤੇ ਕੁਝ ਵਧੇਰਾ ਦਬਾ ਨਾ ਪੈ ਸਕਿਆ । ਮਹਾਰਾਜਾ ਸਾਹਿਬ ਨੇ ਝੱਟ ਜਨਰਲ

ਏਲਾਰਡ ਨੂੰ ਆਪਣੇ ਰਸਾਲੇ ਨਾਲ ਜਹਾਦੀਆਂ ਤੇ ਲਹਿੰਦੇ ਵਲੋਂ ਅੱਗੇ ਵੱਲ ਵਧ ਕੇ ਧਾਵਾ ਕਰਵਾਇਆ, ਪਰ ਫੇਰ ਭੀ ਪਠਾਣ ਆਪਣਿਆਂ ਮੋਰਚਿਆਂ ਵਿਚ ਡੱਟੇ ਰਹੇ। ਹੱਲਾ ਭਾਵੇਂ ਬੜੀ ਨਿਰਭੈਤਾ ਨਾਲ ਕੀਤਾ ਗਿਆ ਸੀ ਪਰ ਸਫਲਤਾ ਕੁਝ ਨਾ ਹੋ ਸਕੀ।

ਹੁਣ ਦੁਪਹਿਰ ਹੋ ਗਈ ਅਤੇ ਇਸ ਵੇਲੇ ਮਹਾਰਾਜਾ ਸਾਹਿਬ ਲੜਾਈ ਦੇ ਰੰਗ ਢੰਗ ਨੂੰ ਬਰੀਕੀ ਦੀ ਨਿਗਾਹ ਨਾਲ ਵੇਖ ਰਹੇ ਸਨ ਕਿ ਇਧਰੋਂ ਅਕਾਲੀ ਫੂਲਾ ਸਿੰਘ ਨੂੰ ਸਣੇ ਆਪਣੇ ਦਸਤੇ ਦੇ ਗਾਜ਼ੀਆਂ ਦੇ ਬਹੁਤ ਹੀ ਲਾਗੇ ਡਿੱਠਾ, ਉਹਨਾਂ ਪਰ ਪਹਾੜੀ ਤੋਂ ਗਾਜ਼ੀ ਬੜੇ ਜ਼ੋਰ ਦੀਆਂ ਗੋਲੀਆਂ ਗੋਲਿਆਂ ਦੀ ਵਰਖਾ ਕਰ ਰਹੇ ਸਨ, ਪਰ ਇਹ ਬਹਾਦਰ ਇਕ ਰਸ ਅੱਗੇ ਵਧਦੇ ਜਾ ਰਹੇ ਸਨ। ਹੁਣ ਬਹੁਤ ਨੇੜੇ ਸੀ ਕਿ ਅਕਾਲੀ ਦਲ ਵੈਰੀ ਦੇ ਗਲ ਜਾ ਪੈਂਦਾ ਕਿ ਇੰਨੇ ਨੂੰ ਇਕਾ ਇਕ ਗੋਲੀ ਆਈ ਤੇ ਅਕਾਲੀ ਫੂਲਾ ਸਿੰਘ ਦੇ ਘੋੜੇ ਵਿਚ ਲੱਗੀ ਤੇ ਆਪ ਦਾ ਘੋੜਾ ਉਸ ਗੋਲੀ ਨਾਲ ਮਰ ਗਿਆ। ਅਕਾਲੀ ਜੀ ਝੱਟ ਹਾਥੀ ਤੇ ਚੜ੍ਹ ਕੇ ਫੇਰ ਅੱਗੇ ਵਧੇ। ਅਕਾਲੀਆਂ[1] ਨੇ ਆਪਣੇ ਜਥੇਦਾਰ ਨੂੰ ਡਟੜ ਵੇਖ ਕੇ ਤੇ ਉਸ ਦੇ ਮੂੰਹ ਤੋਂ ਡਾਢੇ ਜੋਸ਼ੀਲੇ ਬਚਨ ਸੁਣ ਕੇ ਵੈਰੀ ਦੇ ਗਲ ਜਾ ਪਏ। ਇੰਨੇ ਨੂੰ ਸ਼ਾਹਜ਼ਾਦਾ ਖੜਗ ਸਿੰਘ ਨੇ ਮੁੜ ਆਪਣਾ ਦਸਤਾ ਅੱਗੇ ਵਧਾਇਆ ਤੇ ਗਾਜ਼ੀਆਂ ਤੇ ਧਾਵਾ ਕਰ ਦਿੱਤਾ। ਦੂਜੇ ਪਾਸੇ ਤੋਂ ਜਨਰਲ ਇਲਾਰਡ ਦਾ ਰਸਾਲਾ ਭੀ ਹੁਣ ਬਹੁਤ ਨੇੜੇ ਆ ਗਿਆ ਸੀ। ਇਸ ਸਮੇਂ ਜਨਰਲ ਵਨਤੂਰੇ ਸਣੇ ਆਪਣੀ ਫੌਜ ਦੇ ਪਹੁੰਚ ਗਿਆ, ਜਿਸ ਨੂੰ ਮਹਾਰਾਜਾ ਨੇ ਹੁਕਮ ਦਿੱਤਾ ਕਿ ਉਹ ਸਰਦਾਰ ਹਰੀ ਸਿੰਘ ਨਲੂਏ ਦੀ ਤਹਿਤ ਵਿਚ ਸਿੱਧਾ ਪੇਸ਼ਗੀ ਪਹੁੰਚ ਕੇ ਮੁਹੰਮਦ ਅਜ਼ੀਮ ਖ਼ਾਨ ਦੀ ਅਫਗਾਨੀ ਫੌਜ ਨੂੰ, ਜੋ ਗਾਜ਼ੀਆਂ ਨਾਲ ਹੁਣ ਮਿਲਣ ਵਾਲੀ ਹੀ ਸੀ, ਉਥੇ ਹੀ ਅਟਕਾ ਦੇਵੇ।[2]

ਇਧਰ ਮਹਾਰਾਜਾ ਨੇ ਆਪਣੇ ਗੋਰਖਿਆਂ ਦੀ ਪਲਟਨ ਨੂੰ ਜੋ ਬਲ-ਬਹਾਦਰ ਸਿੰਘ ਗੋਰਖੇ ਦੀ ਸਰਦਾਰੀ ਵਿਚ ਸੀ, ਗਾਜ਼ੀਆਂ ਤੇ ਪਹਾੜੀ ਦੇ ਪਿਛਲੇ ਪਾਸੇ ਤੋਂ ਹੱਲਾ ਕਰਕੇ ਉਨ੍ਹਾਂ ਨੂੰ ਖਿੰਡਾ ਦੇਣ ਦਾ ਹੁਕਮ ਦਿੱਤਾ ਤੇ ਹੁਣ ਜਿਥੇ ਜਿਥੇ ਲੋੜ ਵੇਖਦਾ, ਆਪ ਬਿਜਲੀ ਵਾਂਗ ਆਪਣਾ ਘੋੜਾ ਉੜ੍ਹਾਉਂਦਾ ਹੋਇਆ ਉਧਰ ਪਹੁੰਚਦਾ ਤੇ ਆਪਣੀ ਫੌਜ ਦਾ ਦਿਲ ਵਧਾਉਂਦਾ। ਇਸ ਸਮੇਂ ਐਸਾ ਘਮਸਾਨ ਮਚਿਆ ਕਿ ਆਪਣੇ ਬਿਗਾਨੇ ਦਾ ਕੁਝ ਪਤਾ ਨਹੀਂ ਸੀ ਲਗਦਾ। ਡਾਢੀ ਹੱਥੋ ਹੱਥ ਲੜਾਈ ਹੋ ਰਹੀ ਸੀ ਕਿ ਇੰਨੇ ਨੂੰ ਵੈਰੀ ਦੇ ਪੈਰ ਮੈਦਾਨ ਤੋਂ ਉਖੜ ਗਏ। ਖ਼ਾਲਸੇ ਨੇ ਗਾਜ਼ੀਆਂ ਨੂੰ ਅੱਗੇ ਰੱਖ ਲਿਆ ਤੇ ਦੂਰ ਤਕ ਇਨ੍ਹਾਂ ਦਾ ਪਿੱਛਾ ਕੀਤਾ। ਠੀਕ ਇਸ ਸਮੇਂ ਜਦ ਗਾਜ਼ੀਆਂ ਵਿਚ ਭਾਜੜ ਪੈ ਗਈ ਸੀ, ਇਕ ਕਰਾਬੀਨ ਦੀਆਂ ਚਾਰ ਗੋਲੀਆਂ ਅਕਾਲੀ ਫੂਲਾ ਸਿੰਘ ਨੂੰ ਲੱਗੀਆਂ, ਜਿਸ ਨਾਲ ਉਹ ਸ਼ਹੀਦ ਹੋ ਗਏ। ਉਧਰ ਸਰਦਾਰ ਹਰੀ ਸਿੰਘ ਨਲੂਏ ਤੇ ਜਨਰਲ ਵਨਤੂਰਾ ਨੇ ਪੇਸ਼ਗੀ ਦੇ ਮੈਦਾਨ ਵਿਚ ਮੁਹੰਮਦ ਅਜ਼ੀਮ ਖ਼ਾਨ ਦੀ ਫੌਜ

--- ---

1. *ਜੇ ਇਸ ਜੰਗ ਦਾ ਵਿਸਥਾਰ ਨਾਲ ਹਾਲ ਪੜ੍ਹਨਾ ਹੋਵੇ ਤਾਂ ਅਕਾਲੀ ਫੂਲਾ ਸਿੰਘ ਦਾ ਜੀਵਨ ਬਿਰਤਾਂਤ ਪੜ੍ਹੋ, ਜੋ ਬੜੀ ਖੋਜ ਨਾਲ ਲਿਖਿਆ ਗਿਆ ਹੈ।*
2. *ਸਰ ਅਲੈਗਜ਼ੈਂਡਰ ਬਾਰਨਸ ਟਰੈਵਲਜ਼ ਇਨ ਬੁਖਾਰਾ ਜਿ: 2, ਸਫਾ 73-74 ਤੇ ਲਿਖਦਾ ਹੈ ਕਿ ਇਸ ਮੌਕੇ ਪਰ ਜਿਸ ਵੇਲੇ ਖ਼ਾਲਸਾ-ਫੌਜ ਨੇ ਮੁਹੰਮਦ ਅਜ਼ੀਮ ਖ਼ਾਨ ਦੀ ਫੌਜ ਤੇ ਧਾਵਾ ਕੀਤਾ, ਉਦੋਂ ਅਫਗਾਨਾਂ ਦੀ ਗਿਣਤੀ ਖ਼ਾਲਸੇ ਨਾਲੋਂ ਕਈ ਗੁਣਾ ਵੱਧ ਸੀ। ਖ਼ਾਲਸਿਆਂ ਇਸ ਸਮੇਂ ਇਕ ਅਸਚਰਜ ਫੌਜੀ ਕਮਾਲ ਵਰਤਿਆ ਜਿਸ ਦਾ ਸਿੱਟਾ ਬੜਾ ਸਫਲ ਨਿਕਲਿਆ ਜੋ ਇਸ ਤਰ੍ਹਾਂ ਹੈ ਕਿ ਖ਼ਾਲਸਾ ਨੇ ਮਿਲਕੇ ਬੜੇ ਜ਼ੋਰ ਸ਼ੋਰ ਨਾਲ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡੇ, ਅਫਗਾਨਾਂ ਨੇ ਸਮਝਿਆ ਕਿ ਸਿੱਖਾਂ ਦੀ ਹੋਰ ਸੱਜਰ-ਸਾਹ ਫੌਜਾਂ ਆ ਪਹੁੰਚੀਆਂ ਹਨ, ਜਿਸ ਦੇ ਕਾਰਨ ਉਹ ਐਨੇ ਭੈਭੀਤ ਹੋਏ ਕਿ ਮੈਦਾਨ ਜੰਗ ਤੋਂ ਭੱਜ ਗਏ।*

ਤੇ ਐਸਾ ਜ਼ੋਰਦਾਰ ਧਾਵਾ ਕੀਤਾ ਕਿ ਉਹ ਇਕ ਕਦਮ ਭੀ ਗਾਜ਼ੀਆਂ ਵੱਲ ਅੱਗੇ ਨਾ ਵਧ ਸਕਿਆ ਤੇ ਭਾਰੀ ਨੁਕਸਾਨ ਉਠੌਣ ਦੇ ਕਾਰਣ ਦਰਿਆ ਦੇ ਪਾਰ ਹੀ ਰੁਕਿਆ ਰਿਹਾ[1] । ਹੁਣ ਜਦ ਮੁਹੰਮਦ ਅਜ਼ੀਮ ਖ਼ਾਨ ਨੇ ਗਾਜ਼ੀਆਂ ਦੀ ਭਾਂਜ ਦੀ ਖ਼ਬਰ ਸੁਣੀ ਤਾਂ ਇਸ ਦੀ ਰਹਿੰਦੀ ਖੂੰਹਦੀ ਆਸ ਦਾ ਭੀ ਲੱਕ ਟੁੱਟ ਗਿਆ ਤੇ ਬੜੀ ਔਖ ਨਾਲ ਆਪਣੀ ਜਾਨ ਬਚਾ ਕੇ ਮਿਚਨੀ ਜਾ ਸਾਹ ਲਿਆ ਅਤੇ ਅੱਗੇ ਲਈ ਪਿਸ਼ਾਵਰ ਦੀ ਹਕੂਮਤ ਤੋਂ ਐਸਾ ਨਿਰਾਸ ਹੋਇਆ ਕਿ ਜੀਉਂਦੇ-ਜੀ ਫੇਰ ਇਸ ਦਾ ਨਾਂ ਭੀ ਨਾ ਲੀਤਾ । ਕਹਿੰਦੇ ਹਨ ਕਿ ਇਸ ਲੜਾਈ ਵਿਚ ਮੁਹੰਮਦ ਅਜ਼ੀਮ ਖ਼ਾਨ ਦੇ ਮਨ ਪਰ ਖ਼ਾਲਸੇ ਦਾ ਐਸਾ ਭੈ ਛਾ ਗਿਆ ਤੇ ਐਸਾ ਨਿਰਾਸ ਹੋਇਆ ਕਿ ਉਹ ਕਾਬਲ ਪਹੁੰਚਣ ਤੋਂ ਪਹਿਲੇ ਹੀ ਰਾਹ ਵਿਚ ਮਰ ਗਿਆ ।

ਉਧਰ ਗਾਜ਼ੀਆਂ ਦੀ ਦਸ਼ਾ ਦਾ ਤਾਂ ਪੁੱਛੋ ਹੀ ਨਾ, ਜਦ ਇਨ੍ਹਾਂ ਦੇ ਪੈਰ ਮੈਦਾਨ ਵਿਚੋਂ ਉਖੜੇ ਤਾਂ ਸਾਰੇ ਖ਼ਾਲਸਾ ਦਲ ਨੇ ਇਨ੍ਹਾਂ ਨੂੰ ਅੱਗੇ ਧਰ ਲਿਆ ਤੇ ਕਈ ਕੋਹਾਂ ਤਕ ਇਨ੍ਹਾਂ ਨੂੰ ਮਾਰਦੇ ਹੋਏ ਇਨ੍ਹਾਂ ਦਾ ਪਿੱਛਾ ਕਰਦੇ ਗਏ ।[2]

ਇਹ ਫ਼ੌਜਾਂ ਜਦ ਲੌਢੇ ਪਹਿਰ ਫ਼ਤਿਹ ਦੇ ਉਪਰੰਤ ਪਰਤ ਕੇ ਆਈਆਂ ਤਾਂ ਇਨ੍ਹਾਂ ਨੂੰ ਪਤਾ ਲੱਗਾ ਕਿ ਇਨ੍ਹਾਂ ਦਾ ਬਾਹਦਰ ਜਥੇਦਾਰ ਅਕਾਲੀ ਫੂਲਾ ਸਿੰਘ ਫੱਟੜ ਹੋ ਕੇ ਸ਼ਹੀਦ ਹੋ ਚੁੱਕਾ ਹੈ । ਇਸ ਗੱਲ ਦੇ ਸੁਨਣ ਨਾਲ ਸ਼ੇਰਿ ਪੰਜਾਬ ਨੂੰ ਬੜਾ ਖੇਦ ਹੋਇਆ । ਅਗਲੇ ਦਿਨ ਸਵੇਰ ਨੂੰ ਅਕਾਲੀ ਜੀ ਦਾ ਸੰਸਕਾਰ ਦਰਿਆ ਲੁੰਡੇ ਦੇ ਕਿਨਾਰੇ ਪਰ ਬੜੀ ਫ਼ੌਜੀ ਸ਼ਾਨ ਨਾਲ ਕੀਤਾ ਗਿਆ, ਜਿਸ ਵਿਚ ਮਹਾਰਾਜਾ ਸਾਹਿਬ ਕੁਲ ਫ਼ੌਜ ਤੇ ਸਰਦਾਰਾਂ ਦੇ ਸ਼ਾਮਲ ਸਨ । ਮਹਾਰਾਜਾ ਨੇ ਇਸ ਸਮੇਂ ਅਕਾਲੀਆਂ ਦੀ ਖ਼ਾਲਸਾ ਰਾਜ ਲਈ ਬਹੁਮੁੱਲੀ ਸੇਵਾ ਦੀ ਬੜੇ ਜ਼ੋਰਦਾਰ ਸ਼ਬਦਾਂ ਵਿਚ ਸ਼ਲਾਘਾ ਕੀਤੀ । ਅਕਾਲੀ ਜੀ ਦੀ ਸਮਾਧ ਦਰਿਆ ਦੇ ਕੰਢੇ ਉਸੇ ਥਾਂ ਪੁਰ ਬਨਾਣ ਦਾ ਹੁਕਮ ਦਿੱਤਾ[3] ਅਤੇ ਇਕ ਬੜੀ ਜਗੀਰ ਇਸ ਕੌਮੀ ਸ਼ਹੀਦ ਦੀ ਸਦਾ ਯਾਦਗਾਰ ਸਥਿਰ ਰੱਖਣ ਹਿਤ ਸਮਾਧ ਦੇ ਨਾਲ ਲੰਗਰ ਆਦਿ ਲਈ ਲਾ ਦਿੱਤੀ ।

ਇਸ ਭਾਰੀ ਫਤਹ ਦਾ ਅਸਰ ਸਰਹੱਦ ਪੁਰ ਇਹ ਹੋਇਆ ਕਿ ਜਮਰੌਦ ਤੋਂ ਮਾਲਾਕੰਡ (ਸੁਵਾਤ) ਤੇ ਰੁਸਤਮ (ਬੁਨੇਰ) ਤੋਂ ਲੈ ਕੇ ਖਟਕਾਂ ਦੇ ਪੰਰਗਨੇ ਤਕ ਸਾਰਾ ਇਲਾਕਾ ਖ਼ਾਲਸੇ ਦੇ ਕਬਜ਼ੇ ਵਿਚ ਆ ਗਿਆ । ਇਸ ਫਤਹ ਨਾਲ ਖ਼ਾਲਸੇ ਦਾ ਜੋ ਦਬਦਬਾ ਪਠਾਣਾਂ ਦੇ ਮਨਾਂ ਪਰ ਬੈਠਾ, ਇਸ ਦੇ ਸੰਬੰਧ ਵਿਚ ਕਈ ਪਸ਼ਤੋ ਗੀਤ ਤੇ ਕਹਾਵਤਾਂ ਇਸ ਇਲਾਕੇ ਵਿਚ ਪ੍ਰਚਲਤ ਹਨ[4] ਜਿਨ੍ਹਾਂ ਤੋਂ ਖ਼ਾਲਸੇ ਦੀ ਸ਼ਾਨ ਚੋ ਚੋ ਪੈਂਦੀ ਹੈ । ਇਸ ਲੜਾਈ ਵਿਚ ਪਠਾਣਾਂ ਦਾ ਜਾਨੀ ਨੁਕਸਾਨ 10,000 ਤੋਂ ਵੱਧ ਸੀ ।[5] ਖ਼ਾਲਸੇ ਦਾ ਨੁਕਸਾਨ ਵੀ ਫੱਟੜ ਤੇ ਸ਼ਹੀਦ ਮਿਲਾ ਕੇ 1240 ਸੀ । ਸ਼ੇਰਿ ਪੰਜਾਬ ਨੇ ਇਥੋਂ ਦੇ ਪ੍ਰਬੰਧ ਠੀਕ ਕਰਕੇ ਅਗਲੇ ਦਿਨ ਚਾਰ ਸੱਦੇ

- - - - - -

1. *ਮੈਕਗਰੈਗਰ ਹਿਸਟਰੀ ਆਫ ਦੀ ਸਿਖਜ਼ ਜਿ: 194, ਸੱਯਦ ਲਤੀਫ ਹਿਸਟਰੀ ਆਫ ਦੀ ਪੰਜਾਬ, ਸਫਾ 431 ।*
2. *ਇਸ ਲੜਾਈ ਦੇ ਮੁਰਦਿਆਂ ਦੀਆਂ ਕਬਰਾਂ ਨੁਸ਼ਿਹਰੇ ਤੋਂ ਲੈ ਕੇ ਲਗਭਗ ਚਾਰਸੱਦੇ ਤਕ ਕਈ ਕੋਹਾਂ ਵਿਚ ਖਿੱਲਰੀਆਂ ਹੋਈਆਂ ਸਨ, ਜੋ ਹੁਣ ਤੱਕ ਮੌਜੂਦ ਹਨ । (ਲੇਖਕ)*
3. *ਇਸ ਬਹਾਦਰ ਅਕਾਲੀ ਫੂਲਾ ਸਿੰਘ ਜੀ ਸ਼ਹੀਦ ਦੀ ਦਮਾਧ ਦਰਿਆ ਲੁੰਡੇ ਦੇ ਕਿਨਾਰੇ ਪੀਰ ਸ਼ਬਾਕ ਨਾਮੀਂ ਪਿੰਡ ਦੇ ਲਾਗੇ ਇਸ ਸਮੇਂ ਤੱਕ ਮੌਜੂਦ ਹੈ । (ਲੇਖਕ)*
4. *ਇਹਨਾਂ ਗੀਤਾਂ ਤੇ ਕਹਾਵਤਾਂ ਵਿਚੋਂ ਕੁਝ ਕੁ ਅਸਾਂ ਅਕਾਲੀ ਫੂਲਾ ਸਿੰਘ ਜੀ ਦੇ ਜੀਵਨ ਬਿਰਤਾਂਤ ਵਿਚ ਦਿੱਤੀਆਂ ਹਨ ।*
5. *ਮੈਕਗਰੇਗਰ ਹਿਸਟਰੀ ਆਫ ਦੀ ਸਿਖਜ਼ ਜਿ: 1, ਸਫਾ 193 ।*

(ਹਿਸਤ-ਨਗਰ) ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਤੇ ਹੁਣ ਬਿਨਾਂ ਕਿਸੇ ਲੜਾਈ ਦੇ 17 ਮਾਰਚ ਨੂੰ ਸ਼ੇਰਿ ਪੰਜਾਬ ਬੜੀ ਧੂਮ-ਧਾਮ ਨਾਲ ਪਿਸ਼ਾਵਰ ਵਿਚ ਦਾਖਲ ਹੋਇਆ। ਇਸ ਸਮੇਂ ਪਿਸ਼ਾਵਰ ਵਿਚ ਕਿਸੇ ਤਰ੍ਹਾਂ ਦੀ ਕੋਈ ਲੁੱਟ ਮਾਰ ਨਹੀਂ ਹੋਈ[1]।

ਇਸ ਤੋਂ ਥੋੜ੍ਹੇ ਦਿਨਾਂ ਬਾਅਦ ਯਾਰ ਮੁਹੰਮਦ ਖ਼ਾਨ ਤੇ ਸੁਲਤਾਨ ਮੁਹੰਮਦ ਖ਼ਾਨ ਸ਼ੇਰਿ ਪੰਜਾਬ ਪਾਸ ਪਿਸ਼ਾਵਰ ਹਾਜ਼ਰ ਹੋਏ ਤੇ ਖੁਲਮ-ਖੁਲਾ ਈਨ ਮੰਨ ਕੇ ਪੰਜਾਹ ਘੋੜੇ ਤੇ ਹੋਰ ਕਈ ਕੀਮਤੀ ਸੁਗਾਤਾਂ ਹਾਜ਼ਰ ਕੀਤੀਆਂ ਗਈਆਂ ਤੇ ਬੇਨਤੀ ਕੀਤੀ ਕਿ ਅਸੀਂ ਆਪਣੀ ਭੁੱਲ ਦੀ ਪੂਰੀ ਸਜ਼ਾ ਪਾ ਲਈ ਹੈ ਤੇ ਹੁਣ ਸਰਕਾਰ ਆਪਣੀ ਦਰਿਆ-ਦਿਲੀ ਅਨੁਸਾਰ ਸਾਡੀਆ ਅਵੱਗਿਆ ਬਖਸ਼ ਕੇ ਸਾਨੂੰ ਪਿਸ਼ਾਵਰ ਦੀ ਹਕੂਮਤ ਬਖ਼ਸ਼ੇ, ਜਿਸ ਦੀ ਬਾਜ਼ਗੁਜ਼ਾਰੀ ਅਸੀਂ ਜੋ ਆਪ ਹੁਕਮ ਕਰੋਗੇ ਦੇਵਾਂਗੇ। ਸ਼ੇਰਿ ਪੰਜਾਬ ਨੇ ਇਸ ਬੇਨਤੀ ਨੂੰ ਮੰਨ ਲਿਆ ਤੇ ਸਾਰਾ ਜ਼ਰੂਰੀ ਪ੍ਰਬੰਧ ਕਰਕੇ 27 ਅਪ੍ਰੈਲ ਸੰਨ 1823 ਨੂੰ ਲਾਹੌਰ ਪਹੁੰਚ ਗਏ। ਇਥੇ ਬੜੀਆਂ ਦੀਪਮਾਲਾ ਤੇ ਖ਼ੁਸ਼ੀਆਂ ਦੇ ਦਰਬਾਰ ਹੋਏ।

## ਦੀਵਾਨ ਮੋਤੀ ਰਾਮ ਤੇ ਫ਼ਕੀਰ ਅਜ਼ੀਜ਼ੁਦੀਨ ਦਾ ਸ਼ਿਮਲੇ ਜਾਣਾ

ਸੰਮਤ 1884 ਬਿ: (ਸੰਨ 1827) ਦੀਆਂ ਗਰਮੀਆਂ ਵਿਚ ਮਹਾਰਾਜਾ ਵਲੋਂ ਦੀਵਾਨ ਮੋਤੀ ਰਾਮ ਤੇ ਫਕੀਰ ਅਜ਼ੀਜ਼ੁਦੀਨ ਗਵਰਨਰ ਜਨਰਲ ਲਾਰਡ ਐਮਹਰਸਟ (Lord Amherst)[2] ਦੀ ਮਿਲਣੀ ਲਈ ਸ਼ਿਮਲੇ ਗਏ, ਜਿਨ੍ਹਾਂ ਵਿਚ ਇਕ ਕਸ਼ਮੀਰੀ ਪਸ਼ਮੀਨੇ ਦਾ ਵੱਡਾ ਸ਼ਮਿਆਨਾ ਸੀ, ਕੁਝ ਵਧੀਆ ਘੋੜੇ, ਇਸੇ ਤਰ੍ਹਾਂ ਕਈ ਹੋਰ ਚੀਜ਼ਾਂ ਮਹਾਰਾਜ ਦੇ ਹੋਰਨਾਂ ਮਿੱਤਰਾਂ ਲਈ ਸਨ, ਇਨ੍ਹਾਂ ਤੋਂ ਛੁੱਟ ਇਕ ਸੁੰਦਰ ਸ਼ਾਲਾਂ ਦਾ ਬਣਿਆ ਹੋਇਆ ਤੰਬੂ ਸ਼ਹਿਨਸ਼ਾਹ ਇੰਗਲਸਤਾਨ ਲਈ ਸੀ। ਇਸ ਦੇ ਸ਼ਿਮਲੇ ਪਹੁੰਚਣ ਪੁਰ ਇਨ੍ਹਾਂ ਦੀ ਬੜੇ ਸਤਿਕਾਰ ਨਾਲ ਆਉ ਭਗਤ ਕੀਤੀ। ਕਪਤਾਨ ਵੈਡ[3] ਗਵਰਨਰ ਜਨਰਲ ਦਾ ਏਜੰਟ ਜੋ ਲੁਧਿਆਣੇ ਰਹਿੰਦਾ ਸੀ, ਉਹ ਇਨ੍ਹਾਂ ਦੀ ਪ੍ਰਾਹੁਣਾਚਾਰੀ ਦੀ ਸੇਵਾ ਲਈ ਨੀਯਤ ਹੋਇਆ। ਗਵਰਨਰ ਜਨਰਲ ਤੇ ਇਨ੍ਹਾਂ ਵਿਚਾਲੇ ਕਈ ਮਿਲਣੀਆਂ ਹੋਈਆਂ, ਜਿਨ੍ਹਾਂ ਵਿਚ ਦੋਹਾਂ ਹਕੂਮਤਾਂ ਦੇ ਪਿਆਰ ਨੂੰ ਵਧੇਰਾ ਪੱਕਿਆ ਕਰਨ ਲਈ ਗੱਲਬਾਤ ਹੁੰਦੀ ਰਹੀ।

ਕੁਝ ਦਿਨਾਂ ਦੇ ਉਪਰੰਤ ਮਹਾਰਾਜਾ ਸਾਹਿਬ ਦੇ ਏਲਚੀਆਂ ਦੀ ਵਿਦਾਇਗੀ ਦੀ ਇੱਜ਼ਤ ਵਿਚ ਗਵਰਨਮੈਂਟ ਹਾਊਸ ਵਿਚ ਭਾਰੀ ਦਰਬਾਰ ਹੋਇਆ, ਜਿਸ ਵਿਚ ਗਵਰਨਰ ਜਨਰਲ ਦੇ ਸਟਾਫ ਦੇ ਕਈ ਅਫਸਰ ਤੇ ਕਪਤਾਨ ਵੈਡ ਆਦਿ ਦਾ ਇਕ ਮਿਸ਼ਨ ਨੀਯਤ ਹੋਇਆ, ਜੋ ਗਵਰਨਰ ਜਨਰਲ ਵਲੋਂ ਮਹਾਰਾਜਾ ਦੀ ਪਰਤਵੀਂ ਮਿਲਣੀ ਲਈ ਅੰਮ੍ਰਿਤਸਰ ਜਾਏ। ਲਾਟ ਸਾਹਿਬ ਨੇ ਮਹਾਰਾਜਾ ਸਾਹਿਬ ਲਈ ਅੱਗੇ ਲਿਖੀਆਂ ਸੁਗਾਤਾਂ ਭਿਜਵਾਈਆਂ :- ਦੋ ਬਹੁਮੁੱਲੇ ਵਲੈਤੀ ਘੋੜੇ, ਇਕ ਚਾਂਦੀ ਦੇ ਹੌਦੇ ਨਾਲ ਸਜਿਆ ਹੋਇਆ ਹਾਥੀ, ਇਕ ਕੀਮਤੀ ਜਵਾਹਾਰਾਤ ਨਾਲ ਜੜਾਊ ਤਲਵਾਰ, ਇਕ ਦੋਨਾਲੀ ਬੰਦੂਕ, ਇਕ ਨਵੇਂ ਢੰਗ ਦਾ ਤਮੰਚਾ, ਦੋ

------

1. *ਸੱਯਦ ਮੁਹੰਦ ਲਤੀਫ ਸਫਾ 331।*
2. *ਇਹ ਸਭ ਤੋਂ ਪਹਿਲਾ ਗਵਰਨਰ ਜਨਰਲ ਸੀ ਜੋ ਸੰਨ 1827 ਦੀਆਂ ਗਰਮੀਆਂ ਸ਼ਿਮਲੇ ਵਿਚ ਗੁਜ਼ਾਰਨ ਆਇਆ। ਸ਼ਿਮਲੇ ਵਿਚ ਸਭ ਤੋਂ ਪਹਿਲਾ ਘਰ ਮਿਸਟਰ ਕਨੇਡੀ ਨੇ ਸੰਨ 1818 ਈ: ਵਿਚ ਬਣਵਾਇਆ ਸੀ।*
3. *ਕੈਪਟਨ ਵੈਡ ਸੰਨ 1823 ਤੋਂ 1838 ਤਕ ਲੁਧਿਆਣੇ ਦਾ ਪੁਲੀਟੀਕਲ ਏਜੰਟ ਰਿਹਾ।*

ਮਾਲਾ, ਕੁਝ ਥਾਨ ਕੀਨਖਾਬ ਦੇ। ਇਨ੍ਹਾਂ ਤੋਂ ਛੁੱਟ ਦੀਵਾਨ ਅਤੇ ਫਕੀਰ ਜੀ ਆਦਿ ਨੂੰ ਭਾਰੀਆਂ ਖ਼ਿੱਲਤਾਂ ਮਿਲੀਆਂ। ਇਉਂ ਹੁਣ ਇਹ ਜੱਥਾ ਸ਼ਿਮਲੇ ਤੋਂ ਵਿਦਾ ਹੋ ਕੇ 31 ਮਈ ਨੂੰ ਅੰਮ੍ਰਿਤਸਰ ਜੀ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਮਹਾਰਾਜਾ ਸਾਹਿਬ ਨੇ ਵੀ ਇਨ੍ਹਾਂ ਅੰਗਰੇਜ਼ ਕਰਮਚਾਰੀਆਂ ਦੀ ਬੜੇ ਪਿਆਰ ਭਰੇ ਢੰਗ ਨਾਲ ਆਗਤ ਭਾਗਤ ਕੀਤੀ। ਪਹਿਲੇ ਦਿਨ ਇਨ੍ਹਾਂ ਦੇ ਲੰਗਰ ਲਈ 5000) ਰੁਪਿਆ ਰੋਕ, 5000) ਦੀਆਂ ਸੋਨੇ ਦੀਆਂ ਮੋਹਰਾਂ, 2000 ਥਾਲ ਫਲਾਂ ਤੇ ਮਿਠਆਈ ਦੇ ਭੇਜੇ।

ਦੂਜੇ ਦਿਨ ਰਾਮ ਬਾਗ ਵਿਚ ਮਹਾਰਾਜਾ ਸਾਹਿਬ ਤੇ ਅੰਗਰੇਜ਼ੀ ਵਕੀਲਾਂ ਦੀ ਮਿਲਣੀ ਹੋਈ, ਇਸ ਸਮੇਂ ਦੇ ਮਿਲਾਪ ਤੋਂ ਦੋਵੇਂ ਧਿਰਾਂ ਇੰਨੀਆਂ ਪ੍ਰਸੰਨ ਹੋਈਆਂ ਕਿ ਜਿਸ ਦੀ ਕੋਈ ਹੱਦ ਨਹੀਂ ਸੀ। ਅਗਲੇ ਦਿਨ ਰਾਜਾ ਧਿਆਨ ਸਿੰਘ ਦੀ ਸੌਂਪਣੀ ਵਿਚ ਇਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਵਾਏ ਗਏ, ਇਹ ਪਰਾਹੁਣੇ ਕੁਝ ਦਿਨ ਇਥੇ ਰਹਿ ਕੇ ਵਿਦਾ ਹੋਏ।

## ਖ਼ਾਲਸਾ ਰਾਜ ਦੀ ਸ਼ਾਨ–ਸ਼ਹਿਨਸ਼ਾਹ ਅੰਗਰੇਜ਼ੀ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸੁਗਾਤਾਂ ਭੇਜਣੀਆਂ

ਹੁਣ ਖ਼ਾਲਸਾ ਰਾਜ ਐਸ਼ਵਰਜ ਦੀ ਚੋਟੀ ਪਰ ਪਹੁੰਚਿਆ ਹੋਇਆ ਸੀ। ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸ਼ਕਤੀ ਤੇ ਪ੍ਰਸਿੱਧਤਾ ਦਾ ਸੂਰਜ ਦੁਪਿਹਰ ਵਤ ਆਪਣਾ ਪੂਰਾ ਪ੍ਰਕਾਸ਼ ਦਿਖਾ ਰਿਹਾ ਸੀ। ਉਹ ਦੇਸ਼ ਦੇ ਇਸਲਾਮੀ ਸੂਬੇ ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਨੂੰ ਫਤਹ ਕਰਕੇ ਰਾਜ ਨਾਲ ਮਿਲਾ ਚੁੱਕਾ ਸੀ। ਉਹ ਪੰਜਾਬ ਦੇ ਪਹਾੜੀ ਇਲਾਕਿਆਂ ਤੇ ਪੱਧਰ ਰਿਆਸਤਾਂ ਦਾ ਪੂਰੀ ਤਰ੍ਹਾਂ ਮਾਲਕ ਮੰਨਿਆ ਜਾਂਦਾ ਸੀ। ਉਹ ਲੱਦਾਖ ਅਤੇ ਸਿੰਧ ਨੂੰ ਝਬਦੇ ਹੀ ਆਪਣੇ ਤਾਬੇ ਕਰਨ ਲਈ ਸੋਚਾਂ ਸੋਚ ਰਿਹਾ ਸੀ, ਦੂਰ ਦੂਰ ਦੇਸ਼ਾਂ ਦੇ ਹੁਕਮਰਾਨ ਤੇ ਰਾਜੇ ਉਸ ਦੀ ਮਿੱਤਰਤਾ ਦੇ ਚਾਹਵਾਨ ਸਨ। 1826 ਈ: ਵਿਚ ਦਰਵੇਸ਼ ਮੁਹੰਮਦ ਨਜ਼ਾਮ ਹੈਦਰਾਬਾਦ ਦਾ ਵਕੀਲ ਲਾਹੌਰ ਦਰਬਾਰ ਵਿਚ ਹਾਜ਼ਰ ਹੋਇਆ ਤੇ ਨਜ਼ਾਮ ਵਲੋਂ ਮਹਾਰਾਜਾ ਲਈ ਚਾਰ ਬਹੁਮੁੱਲੇ ਘੋੜੇ, ਇਕ ਅਦੁੱਤੀ ਚਾਂਦਨੀ[1], ਇਕ ਜਵਾਹਰਾਤ ਜੜੀ ਸ਼ਮਸ਼ੀਰ, ਇਕ ਤੋਪ ਤੇ ਕਈ ਬੰਦੂਕਾਂ ਮਹਾਰਾਜੇ ਲਈ ਆਂਦੀਆਂ ਇਨ੍ਹਾਂ ਤੋਂ ਛੁੱਟ ਕਈ ਬਹੁਮੁੱਲੀਆਂ ਵਸਤਾਂ ਖੜਗ ਸਿੰਘ ਲਈ ਵੱਖ ਸਨ।

ਇਸੇ ਸਾਲ ਸੈਫ ਖ਼ਾਨ ਸ਼ਾਹਜ਼ਾਦਾ ਕਾਮਰਾਨ ਵਾਲੀਏ ਹਿਰਾਤ ਦਾ ਐਲਚੀ ਸੁਗਾਤਾਂ ਤੇ ਨਜ਼ਰਾਨੇ ਲੈ ਕੇ ਹਾਜ਼ਰ ਹੋਇਆ। ਸੰਨ 1829 ਈ: ਵਿਚ ਬਿਲੋਚਿਸਤਾਨ ਤੋਂ ਵਕੀਲ ਆਏ ਤੇ ਬਹੁਤ ਸਾਰੇ ਬਹੁਮੁੱਲੇ ਘੋੜੇ ਤੇ ਜੰਗੀ ਸਾਮਾਨ ਭੇਟਾ ਵਜੋਂ ਲਿਆਏ ਅਤੇ ਮਹਾਰਾਜੇ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਇਸੇ ਤਰ੍ਹਾਂ ਹੋਰਨਾਂ ਦੂਰ ਦੂਰ ਦੇ ਇਲਾਕਿਆਂ ਦੇ ਹੁਕਮਰਾਨ ਮਹਾਰਾਜਾ ਸਾਹਿਬ ਦੀ ਦੋਸਤੀ ਨੂੰ ਮਾਣ ਸਮਝ ਕੇ ਇਸ ਨਾਲ ਮਿੱਤਰਤਾ ਦੇ ਸਬੰਧ ਨੂੰ ਪੱਕਾ ਗੰਢਣ ਦਾ ਯਤਨ ਕਰ ਰਹੇ ਸਨ।

------

1. *ਇਹ ਉਹੋ ਹੀ ਚਾਂਦਨੀ ਸੀ ਜਿਹੜੀ ਸ਼ੇਰਿ ਪੰਜਾਬ ਨੂੰ ਅਤਿ ਪਿਆਰੀ ਲੱਗੀ ਤੇ ਉਸ ਨੇ ਉਸੀ ਦਿਨ ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਲਈ ਭਿਜਵਾ ਦਿੱਤੀ। ਇਹ ਅਜੇ ਤਕ ਸ੍ਰੀ ਦਰਬਾਰ ਸਾਹਿਬ ਦੇ ਤੋਸ਼ਖਾਨੇ ਵਿਚ ਮੌਜੂਦ ਹੈ।*

# ਸ਼ਹਿਨਸ਼ਾਹ ਅੰਗਰੇਜ਼ੀ ਨੇ ਮਹਾਰਾਜ ਸਾਹਿਬ ਨੂੰ ਸੁਗਾਤਾਂ ਭੇਟਾ ਕਰਨੀਆਂ

ਸੰਨ 1830 ਈ: ਸੰਮਤ 1887 ਬਿ: ਵਿਚ ਸ਼ਹਿਨਸ਼ਾਹ ਇੰਗਲਿਸਤਾਨ ਵਿਲੀਅਮ ਚੌਥੇ ਨੇ ਮਹਾਰਾਜਾ ਲਈ ਵਿਲੈਤ ਤੋਂ ਬਹੁਮੁੱਲੇ ਤੋਹਫੇ ਤੇ ਇਕ ਮਿੱਤਰਤਾ ਦਾ ਪ੍ਰੇਮ-ਪੱਤਰ ਆਪਣੇ ਏਲਚੀ ਦੇ ਹੱਥੀਂ ਭੇਜਿਆ। ਸੁਗਾਤਾਂ ਵਿਚ ਚਾਰ ਅਦੁੱਤੀ ਵਲੈਤੀ ਨਸਲ ਦੀਆਂ ਘੋੜੀਆਂ, ਇਕ ਘੋੜਾ, ਇਕ ਸੁੰਦਰ ਚੌਪਾਈ ਗੱਡੀ ਸੀ[1] ਜੋ ਉਸ ਸਮੇਂ ਅਲੌਕਿਕ ਸਮਝੀ ਜਾਂਦੀ ਸੀ। ਜਦ ਸੰਨ 1830 ਈ: ਵਿਚ ਇਨ੍ਹਾਂ ਸੁਗਾਤਾਂ ਦਾ ਜਹਾਜ਼ ਬੰਬਈ ਪਹੁੰਚਿਆ ਤਾਂ ਲੈਫਟੀਨੈਂਟ ਅਲੈਗਜ਼ੈਂਡਰ ਬਰਨਸ ਜਿਹੜਾ ਉਸ ਸਮੇਂ ਇਲਾਕਾ ਕੱਛ ਦੇ ਪੁਲੀਟੀਕਲ ਵਿਭਾਗ ਵਿਚ ਸੀ-ਮੇਜਰ ਜਨਰਲ ਸਰਜਾਨ ਮੈਲਕਮ ਗਵਰਨਰ ਬੰਬਈ ਦੇ ਹੁਕਮ ਨਾਲ ਇਹ ਸੁਗਾਤਾਂ ਦਰਿਆ ਸਿੰਧ ਦੇ ਰਾਹ ਬੇੜਿਆਂ ਵਿਚ ਲਾਹੌਰ ਪਹੁੰਚਾਉਣ ਲਈ ਚੁਣਿਆ ਗਿਆ। ਬਰਨਸ 21 ਜਨਵਰੀ 1831 ਦੀ ਸਵੇਰ ਨੂੰ ਪੰਜ ਦੇਸੀ ਬੇੜਿਆਂ ਵਿਚ ਮਾਂਡਵੀ ਇਲਾਕਾ ਕੱਛ ਤੋਂ ਲਾਹੌਰ ਵੱਲ ਤੁਰ ਪਿਆ।

ਸਿੰਧ ਦੇ ਮੀਰਾਂ ਨੂੰ ਜਦ ਇਨ੍ਹਾਂ ਦੇ ਇਲਾਕੇ ਵਿਚੋਂ ਇਨ੍ਹਾਂ ਬੇੜਿਆਂ ਦੇ ਲੰਘਣ ਦੀ ਖ਼ਬਰ ਪਹੁੰਚੀ ਤਾਂ ਪਹਿਲਾਂ ਉਨ੍ਹਾਂ ਇਨ੍ਹਾਂ ਨੂੰ ਆਪਣੇ ਇਲਾਕੇ ਵਿਚੋਂ ਲੰਘਣ ਤੋਂ ਹਟਕਿਆ ਪਰ ਮਹਾਰਾਜਾ ਨੇ ਤੁਰੰਤ ਮੁਲਤਾਨ ਦੀਆਂ ਫੌਜਾਂ ਨੂੰ ਸਿੰਧ ਵੱਲ ਭੇਜਣ ਦਾ ਹੁਕਮ ਦਿੱਤਾ ਕਿ ਕੋਈ ਅੰਗਰੇਜ਼ੀ ਸਫ਼ੀਰ ਦੇ ਰਾਹ ਵਿਚ ਅਟਕਾ ਪਾਏ ਉਸ ਦੀ ਚੰਗੀ ਤਰ੍ਹਾਂ ਹੋਸ਼ ਟਿਕਾਣੇ ਕੀਤੀ ਜਾਏ। ਛੇਕੜ ਮੀਰਾਂ ਨੇ ਰਾਹ ਦੇਣਾ ਮੰਨ ਲਿਆ, ਇਸ ਤਰ੍ਹਾਂ ਰਸਤੇ ਵਿਚ ਦਰਿਆ ਦੀਆਂ ਕਈ ਖੇਚਲਾਂ ਝਾਗਦਾ ਹੋਇਆ ਇਹ ਟੋਲਾ 27 ਮਈ ਦੀ ਰਾਤ ਨੂੰ ਇਲਾਕਾ ਬਹਾਵਲਪੁਰ ਵਿਚ ਪਹੁੰਚ ਗਿਆ। ਇਥੋਂ ਦੇ ਨਵਾਬ ਨੇ ਇਨ੍ਹਾਂ ਦਾ ਬੜੇ ਮਾਣ ਨਾਲ ਸੁਆਗਤ ਕੀਤਾ ਤੇ ਕਈ ਦਿਨ ਤਕ ਮਿਸਟਰ ਬਰਨਸ ਨੂੰ ਇਥੇ ਠਹਿਰਾਇਆ।

ਇਥੋਂ ਤੁਰਦਿਆਂ ਖ਼ਾਲਸਾ ਰਾਜ ਦਾ ਬੰਨਾ ਆਰੰਭ ਹੁੰਦਾ ਸੀ ਅਤੇ ਇਸ ਵਿਚ ਪੈਰ ਰੱਖਦਿਆਂ ਹੀ ਅਗੋਂ ਮਹਾਰਾਜਾ ਸਾਹਿਬ ਵਲੋਂ ਸਰਦਾਰ ਲਹਿਣਾ ਸਿੰਘ ਮਜੀਠੀਆ ਜੋ ਇਨ੍ਹਾਂ ਦੇ ਸੁਆਗਤ ਲਈ ਖ਼ਾਲਸਾ ਰਾਜ ਦੇ ਬੰਨੇ ਪਰ ਇਨ੍ਹਾਂ ਨੂੰ ਮਿਲਣ ਆਇਆ ਸੀ-ਸਫ਼ੀਰ ਨੂੰ ਬੜੇ ਪਿਆਰ ਨਾਲ ਮਿਲਿਆ ਅਤੇ ਉਸ ਨੂੰ ਸੁੱਖ ਨਾਲ ਪਹੁੰਚਣ ਦੀ ਵਧਾਈ ਦਿੱਤੀ। ਰਾਜ ਦਰਬਾਰ ਦੀ ਮਰਿਯਾਦਾ ਅਨੁਸਾਰ 1400 ਰੁਪਿਆ ਸਫ਼ੀਰ ਦੀ ਪ੍ਰਾਹੁਣਚਾਰੀ ਲਈ ਉਸਦੇ ਅੱਗੇ ਧਰਿਆ।

ਇਥੋਂ ਤੁਰ ਕੇ ਸਫ਼ੀਰ ਦਾ ਡੇਰਾ 15 ਦੀ ਰਾਤ ਨੂੰ ਛਾਂਗੇ ਮਾਂਗੇ ਪਹੁੰਚਿਆ ਜੋ ਲਾਹੌਰ ਤੋਂ 20 ਮੀਲ ਹੈ। ਇਥੇ ਉਨ੍ਹਾਂ ਨੂੰ ਮਹਾਰਾਜਾ ਸਾਹਿਬ ਵਲੋਂ ਕਈ ਪਤਵੰਤੇ ਸਰਦਾਰ ਆ ਮਿਲੇ, ਜਿਨ੍ਹਾਂ ਦਾ ਸ਼ੋਮਣੀ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਸੀ। ਸਰਦਾਰ ਸਾਹਿਬ ਨੇ ਮਹਾਰਾਜਾ ਸਾਹਿਬ ਵਲੋਂ ਸ਼ਹਿਨਸ਼ਾਹ ਇੰਗਲਿਸਤਾਨ ਦੇ ਸੁੱਖ ਆਨੰਦ ਬਾਰੇ ਪੁੱਛਿਆ। ਹੋਰ ਕਈ ਗੱਲਾਂ ਅਤੇ ਰਸਤੇ ਦੇ ਸਫਰ ਬਾਰੇ ਵਿਚਾਰ ਹੁੰਦੀ ਰਹੀ, ਜਿਨ੍ਹਾਂ ਦਾ ਯੋਗ ਉਤਰ ਮਿਸਟਰ ਬਰਨਸ ਦੇਂਦਾ ਰਿਹਾ। ਇਸ ਦਿਨ ਤੋਂ ਇਹ ਸਾਰਾ ਟੋਲਾ ਪੰਜਾਬ ਤੋਂ ਵਿਦਾ ਹੋਣ ਤਕ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਸੌਂਪਣੀ ਵਿਚ ਹੀ ਰਿਹਾ। ਭਾਵੇਂ ਇਨ੍ਹਾਂ ਦੀ ਸਹਾਇਤਾ ਲਈ ਸ: ਲਹਿਣਾ

------

1. *ਪ੍ਰਿੰਸੇਪ ਦਾ ਖ਼ਤ ਜਨਵਰੀ ਸੰਨ 1831 ਰੈਜੀਡੈਂਟ ਦਿੱਲੀ ਦੇ ਨਾਂ ਲਾ: ਬੁਕ, 115 ਲ: 111 ਪੰਜਾਬ ਰਿਕਾਰਡ।*

ਸਿੰਘ ਜੀ ਨਾਲ ਸਨ, ਪਰ ਮੁਖੀ ਪ੍ਰਬੰਧਕ ਸ: ਸ਼ਾਮ ਸਿੰਘ ਹੀ ਸੀ। ਮਿਸਟਰ ਬਰਨਸ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ ਸ: ਸ਼ਾਮ ਸਿੰਘ ਜਦ ਛਾਂਗੇ ਮਾਂਗੇ ਮਿਲਿਆ ਉਸ ਦੇ ਨਾਲ ਇਕ ਬਲਵਾਨ ਦਲ ਸਰਦਾਰਾਂ ਦਾ ਸੀ, ਜਿਨ੍ਹਾਂ ਨੇ ਬਸੰਤੀ ਰੰਗ ਦੀ ਵਰਦੀ ਪਹਿਨੀ ਹੋਈ ਸੀ ਅਤੇ ਇਹ ਦਸਤਾ ਸਣੇ ਸ: ਸ਼ਾਮ ਸਿੰਘ ਦੇ ਇਲਾਕਾ ਯੂਸਫਜ਼ਈ ਵਿਚੋਂ ਸੱਯਦ ਅਹਿਮਦ ਸ਼ਾਹ ਬਰੇਲਵੀ ਨੂੰ ਮੁਕਾ ਕੇ ਆਇਆ ਸੀ।

ਇਸ ਸਮੇਂ ਸਰਦਾਰ ਜੀ ਨੇ ਇਕ ਖ਼ਤ ਮਹਾਰਾਜਾ ਸਾਹਿਬ ਵਲੋਂ ਸਫ਼ੀਰ ਨੂੰ ਦਿੱਤਾ, ਜਿਸ ਤੋਂ ਪਿਆਰ ਤੇ ਭਰੋਸਾ ਪ੍ਰਗਟ ਹੁੰਦਾ ਹੈ। ਅਗਲੇ ਦਿਨ 16 ਤਰੀਕ ਨੂੰ ਸਰਦਾਰ ਜੀ ਨੇ 7000) ਰੁਪਿਆ ਬਰਨਸ ਦੇ ਪੇਸ਼ ਕੀਤਾ ਤੇ ਆਖਿਆ ਕਿ ਇਹ ਆਪ ਦਾ ਰੋਜ਼ਾਨਾ ਸਫ਼ਰ ਦਾ ਖ਼ਰਚ ਹੈ ਤੇ ਜਿਸ ਦਿਨ ਤੋਂ ਆਪ ਨੇ ਪੰਜਾਬ ਦੀ ਹੱਦ ਵਿਚ ਪੈਰ ਰੱਖਿਆ ਹੈ ਤੇ ਅਗੋਂ ਨੂੰ ਇਥੇ ਰਹੋਗੇ, ਆਪ ਨੂੰ ਰੋਜ਼ਾਨਾ ਇਹ ਰਕਮ ਮਿਲਦੀ ਰਹੇਗੀ। ਇਥੋਂ ਤੁਰਕੇ 18 ਤਰੀਕ ਨੂੰ ਇਹ ਜੱਥਾ ਸਰਦਾਰ ਜੀ ਦੀ ਸੌਂਪਣੀ ਵਿਚ ਲਾਹੌਰ ਪਹੁੰਚਾ, ਇਕ ਬੜੇ ਬਾਗ ਵਿਚ – ਜਿਥੇ ਜਰਨਲ ਇਲਾਰਡ ਰਹਿੰਦਾ ਸੀ–ਇਨ੍ਹਾਂ ਨੂੰ ਨਿਵਾਸ ਦਿੱਤਾ ਗਿਆ।

ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਲਈ 20 ਤਰੀਕ ਦੀ ਸਵੇਰ ਨੀਯਤ ਹੋਈ ਉਸ ਦਿਨ ਤੋਂ ਨੌਂ ਵਜੇ ਸਵੇਰ ਸਰਦਾਰ ਸ਼ਾਮ ਸਿੰਘ, ਸਫ਼ੀਰ ਨੂੰ ਹਾਥੀ ਦੀ ਸਵਾਰੀ ਪਰ ਸ਼ਹਿਰ ਦੇ ਵਿਚੋਂ ਜੋ ਬੜੀ ਸਜ-ਧਜ ਨਾਲ ਸਜਾਇਆ ਗਿਆ ਸੀ – ਕਿਲ੍ਹੇ ਵਿਚ ਲੈ ਗਏ। ਸ਼ੀਸ਼ ਮਹਿਲ ਵਿਚ ਪਹੁੰਚ ਕੇ ਅੰਗਰੇਜ਼ੀ ਪ੍ਰਾਹੁਣਾ ਬੜੇ ਅਦਬ ਨਾਲ ਮਹਾਰਾਜਾ ਦੇ ਮੂਹਰੇ ਹਾਜ਼ਰ ਹੋਇਆ ਅੱਗੋਂ ਮਹਾਰਾਜਾ ਵੀ ਸਣੇ ਸ਼ਾਹਜ਼ਾਦਾ ਖੜਗ ਸਿੰਘ ਤੇ ਸ਼ੇਰ ਸਿੰਘ ਦੇ ਬੜੇ ਪਿਆਰ ਤੇ ਕ੍ਰਿਪਾਲਤਾ ਨਾਲ ਮਿਲੇ। ਫੇਰ ਸਰਦਾਰ ਸ਼ਾਮ ਸਿੰਘ ਤੇ ਹੋਰ ਸਾਰੇ ਦਰਬਾਰੀਆਂ ਨੂੰ ਇਸ ਨਾਲ ਮਿਲਾਇਆ। ਇਸ ਦੇ ਉਪਰੰਤ ਬਰਨਸ ਨੇ ਸ਼ਹਿਨਸ਼ਾਹ ਦੀਆਂ ਭੇਜੀਆਂ ਹੋਈਆਂ ਸੁਗਾਤਾਂ ਮਹਾਰਾਜਾ ਸਾਹਿਬ ਦੇ ਮੂਹਰੇ ਹਾਜ਼ਰ ਕੀਤੀਆਂ। ਮਹਾਰਾਜਾ ਸਾਹਿਬ ਇਨ੍ਹਾਂ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ, ਵਿਸ਼ੇਸ਼ ਕਰਕੇ ਸ਼ਹਿਨਸ਼ਾਹ ਦਾ ਮਿੱਤਰਤਾ ਦਾ ਪੱਤਰ, ਜੋ ਮਹਾਰਾਜਾ ਸਾਹਿਬ ਲਈ ਸੀ, ਉਸ ਤੋਂ ਪਿਆਰ ਭਰੋਸਾ ਸਪੱਸ਼ਟ ਚੋ ਚੋ ਪੈਂਦਾ ਸੀ। ਖ਼ਤ ਕੀਨਖਾਬ ਦੀ ਇਕ ਸੁੰਦਰ ਥੈਲੀ ਵਿਚ ਬੰਦ ਸੀ, ਜਿਸ ਪਰ ਸ਼ਾਹੀ ਮੋਹਰ ਲੱਗੀ ਹੋਈ ਸੀ। ਖ਼ਤ ਦੇ ਖੋਹਲਦਿਆਂ ਹੀ ਕਿਲ੍ਹੇ ਦੀਆਂ ਫਸੀਲਾਂ ਤੋਂ ਤੋਪਾਂ ਦੀਆਂ ਸ਼ਲਕਾਂ ਚਲਾਈਆਂ ਗਈਆਂ। ਇਸ ਦੇ ਦੋ ਭਾਵ ਸਨ–ਇਕ ਤਾਂ ਇਹ ਕਿ ਮਹਾਰਾਜਾ ਸਾਹਿਬ ਦੀ ਪਰਜਾ ਜੋ ਸਦਾ ਆਪ ਦੇ ਸੁਖ ਦੁਖ ਵਿਚ ਸਰਕਾਰ ਨਾਲ ਸਮਿਲਤ ਰਹਿੰਦੀ ਸੀ, ਸਲਾਮੀ ਤੋਂ ਸਮਝ ਜਾਏ ਕਿ ਮਹਾਰਾਜਾ ਸਾਹਿਬ ਦੇ ਪ੍ਰਾਹੁਣੇ ਸੁਖ ਨਾਲ ਲਾਹੌਰ ਪਹੁੰਚ ਗਏ ਹਨ। ਦੂਜਾ ਸ਼ਹਿਨਸ਼ਾਹ ਇੰਗਲਿਸਤਾਨ ਦਾ ਸਨਮਾਨ ਕਰਨ ਵਿਚ ਮਹਾਰਾਜਾ ਸਾਹਿਬ ਦੀ ਖ਼ੁਸ਼ੀ ਸੀ। ਇਸ ਦੇ ਪਿਛੋਂ ਖ਼ਤ ਦਾ ਫ਼ਾਰਸੀ ਉਲਥਾ ਫਕੀਰ ਅਜ਼ੀਜ਼ੁਦੀਨ ਨੇ ਬੜੀ ਉਚੀ ਆਵਾਜ਼ ਨਾਲ ਪੜ੍ਹ ਕੇ ਸੁਣਾਇਆ। ਇਉਂ ਅੱਜ ਦਾ ਦਰਬਾਰ ਪੂਰਾ ਹੋਇਆ। ਅਗਲੇ ਦਿਨ ਖ਼ਾਲਸਾ ਫ਼ੌਜਾਂ ਦੀ ਵੱਡੀ ਪਰੇਡ ਹੋਈ ਜਿਸ ਨੂੰ ਵੇਖ ਕੇ ਸਫ਼ੀਰ ਬਹੁਤ ਖ਼ੁਸ਼ ਹੋਇਆ। ਇਹਨਾਂ ਫ਼ੌਜਾਂ ਨੂੰ ਨਵੇਂ ਢੰਗ ਦੀ ਕਵੈਦਦਾਨੀ ਵਿਚ ਸਭ ਤਰ੍ਹਾਂ ਨਿਪੁੰਨ ਦੇਖ ਕੇ ਸਫ਼ੀਰ ਨੇ ਬੜੀ ਸ਼ਲਾਘਾ ਕੀਤੀ। ਮਿਸਟਰ ਬਰਨਸ 16 ਅਗਸਤ ਤਕ ਲਾਹੌਰ ਰਿਹਾ। ਬਰਨਸ ਦੀ ਵਿਦਾਇਗੀ ਤੋਂ ਪਹਿਲੇ ਲਾਹੌਰ ਵਿਚ ਦੂਜੀ ਵਾਰ ਫਿਰ ਇਕ ਦਰਬਾਰ ਹੋਇਆ, ਜਿਸ ਵਿਚ ਮਹਾਰਾਜਾ ਸਾਹਿਬ ਨੇ ਆਪਣੇ ਵਲੋਂ ਇਕ ਜੜਾਊ ਕਮਾਨ ਸਣੇ ਬਹੁਤ ਸਾਰੇ ਤੀਰਾਂ ਦੇ ਇਕ ਬਹੁਮੁੱਲਾ ਘੋੜਾ ਬੜੇ ਕੀਮਤੀ ਸਮਾਨ

ਨਾਲ ਸਜਿਆ ਹੋਇਆ-ਜਿਸ ਪਰ ਇਕ ਵਧੀਆ ਸ਼ਾਲ ਪਈ ਹੋਈ ਸੀ-ਮਿਸਟਰ ਬਰਨਸ ਨੂੰ ਆਪਣੇ ਵਲੋਂ ਦਿੱਤਾ। ਇਸ ਤਰ੍ਹਾਂ ਦਾ ਤੋਹਫਾ ਮਿਸਟਰ ਲੀ-ਜੋ ਬਰਨਸ ਦਾ ਸਾਥੀ ਸੀ, ਉਸ ਨੂੰ ਵੀ ਦਿਤਾ ਗਿਆ। ਇਹਨਾਂ ਤੋਂ ਛੁਟ ਭਾਰੀ ਖਿਲਤਾਂ ਭੀ ਬਖਸ਼ੀਆਂ।[1] ਸਫੀਰ ਦੇ ਕਹਿਣ ਪਰ ਮਹਾਰਾਜਾ ਸਾਹਿਬ ਨੇ ਆਪਣੇ ਜਵਾਹਰਾਤ ਉਸ ਨੂੰ ਦੱਸੇ, ਜਿਨ੍ਹਾਂ ਨੂੰ ਵੇਖ ਕੇ ਉਹ ਹੈਰਾਨ ਰਹਿ ਗਿਆ। ਖਾਸ ਕਰ ਜਗਤ ਪ੍ਰਸਿੱਧ ਹੀਰੇ 'ਕੋਹੇਨੂਰ' ਨੂੰ ਵੇਖ ਕੇ ਉਹ ਬਹੁਤ ਪ੍ਰਸੰਨ ਹੋਇਆ, ਇਹ ਸਾਰੇ ਸੰਸਾਰ ਵਿਚ ਅਦੁੱਤੀ ਮੰਨਿਆ ਜਾਂਦਾ ਸੀ। ਇਸ ਬਾਰੇ ਮਿ. ਬਰਨਸ ਲਿਖਦਾ ਹੈ ਕਿ ਇਸ ਦਾ ਅਕਾਰ ਮੁਰਗੀ ਦੇ ਅੰਡੇ ਦੇ ਬਰਾਬਰ ਸੀ। ਚਮਕ ਐਸੀ ਕਿ ਇਸ ਤੇ ਅੱਖ ਨਹੀਂ ਸੀ ਠਹਿਰਦੀ। ਇਸ ਦਾ ਵਜ਼ਨ ਸਾਢੇ ਤਿੰਨ ਰੁਪਏ ਤੋਲ ਸੀ ਇਹ ਮਹਾਰਾਜਾ ਸਾਹਿਬ ਨੇ ਬਾਜੂ-ਬੰਦ ਨਾਲ ਸਜਾਇਆ ਹੋਇਆ ਸੀ। ਇਸ ਦੇ ਨਾਲ ਨਾਲ ਹੋਰ ਅਮੋਲਕ ਹੀਰੇ ਸਨ ਜੋ ਚਿੜੀ ਦੇ ਆਂਡੇ ਦੇ ਬਰਾਬਰ ਸਨ। ਇਹਨਾਂ ਨਗਾਂ ਵਿਚ ਇਕ ਲਾਲ ਵੀ ਸੀ ਜਿਸ ਦਾ ਵਜ਼ਨ ਚੌਦਾਂ ਤੋਲੇ ਸੀ। ਇਸ ਉਤੇ ਕਈ ਹੋਰ ਬੀਤੇ ਬਾਦਸ਼ਾਹਾਂ ਦੇ ਨਾਂ ਉਕਰੇ ਹੋਏ ਸਨ, ਜਿਹਨਾਂ ਵਿਚੋਂ ਔਰੰਗਜ਼ੇਬ ਤੇ ਅਹਿਮਦ ਸ਼ਾਹ ਅਬਦਾਲੀ ਦੇ ਨਾਂ ਸਾਫ ਪੜ੍ਹੇ ਜਾਂਦੇ ਸਨ। ਇਕ ਹੋਰ ਪੁਖਰਾਜ ਸੀ, ਜਿਸਦਾ ਤੋਲ ਸਤਾਰਾਂ ਤੋਲੇ ਸੀ। ਇਹਨਾਂ ਤੋਂ ਛੁਟ ਹੋਰ ਸੈਂਕੜੇ ਵਡਮੁੱਲੇ ਪੰਨੇ ਮਹਾਰਾਜਾ ਦੇ ਖਜ਼ਾਨੇ ਵਿਚ ਸਨ। ਅਗਲੇ ਦਿਨ ਸ਼ੇਰਿ ਪੰਜਾਬ ਨੇ ਦੋ ਹਜ਼ਾਰ ਰੁਪਿਆ ਮਿਸਟਰ ਬਰਨਸ ਦੇ ਛੋਟੇ ਦਰਜੇ ਦੇ ਨੌਕਰਾਂ ਚਾਕਰਾਂ ਵਿਚ ਵੰਡਣ ਲਈ ਭੇਜਿਆ। ਇਸ ਤੋਂ ਛੁਟ ਇਕ ਖ਼ਤ ਸ਼ਹਿਨਸ਼ਾਹ ਇੰਗਲਿਸਤਾਨ ਲਈ ਮਿਸਟਰ ਬਰਨਸ ਨੂੰ ਦਿੱਤਾ।

16 ਅਗਸਤ ਦੀ ਸਵੇਰ ਨੂੰ ਇਹ ਸਫੀਰ ਸਣੇ ਆਪਣੇ ਜੱਥੇ ਦੇ ਲਾਹੌਰ ਤੋਂ ਸ਼ਿਮਲੇ ਵੱਲ ਤੁਰਿਆ ਤਾਂ ਜੋ ਗਵਰਨਰ ਜਨਰਲ ਨੂੰ ਮਹਾਰਾਜਾ ਦੀ ਮਿਲਣੀ ਦੇ ਸਮਾਚਾਰ ਜਾ ਕੇ ਸੁਣਾਏ। ਰਸਤੇ ਵਿਚ ਜਾਂਦੇ ਸਫੀਰ ਨੇ ਸ੍ਰੀ ਅੰਮ੍ਰਿਤਸਰ ਜੀ ਦੇ ਭੀ ਦਰਸ਼ਨ ਕੀਤੇ। 250 ਰੁਪਏ ਦਰਬਾਰ ਸਾਹਿਬ ਜਾ ਕੇ ਭੇਟਾ ਚੜ੍ਹਾਏ, ਜਿਸ ਬਾਰੇ ਮਿਸਟਰ ਬਰਨਸ ਲਿਖਦਾ ਹੈ ਕਿ ਮੈਂ ਇਥੇ ਅਰਦਾਸਾ ਸੁਧਵਾਇਆ ਕਿ ਅੰਗਰੇਜ਼ੀ ਰਾਜ ਤੇ ਖ਼ਾਲਸਾ ਕੌਮ ਦੀ ਮਿਤ੍ਰਤਾ ਅਟੱਲ ਰਹੇ। ਇਹ ਅਰਦਾਸਾ "ਵਾਹਿਗੁਰੂ ਜੀ ਕਾ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ" ਦੇ ਜੈਕਾਰਿਆਂ ਨਾਲ ਸੋਧਿਆ ਗਿਆ। ਫੇਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦਰਸ਼ਨ ਨੂੰ ਗਿਆ, ਪਰ ਬਰਨਸ ਲਿਖਦਾ ਹੈ ਕਿ ਮੈਨੂੰ ਅੰਦਰ ਜਾਣ ਦੀ ਆਗਿਆ ਨਾ ਦਿੱਤੀ ਗਈ।

ਇਸ ਤਰ੍ਹਾਂ ਮੰਜ਼ਲੋ ਮੰਜ਼ਲ ਇਹ ਸਫੀਰ ਫਲੌਰ ਪਹੁੰਚ ਗਿਆ ਤੇ ਇਥੋਂ ਛੇਕੜਲੀ ਵਿਦੈਗੀ ਲੈ ਕੇ ਅੱਗੇ ਨੂੰ ਕੂਚ ਕੀਤਾ।

## ਲਾਰਡ ਬਿਨਟਿੰਕ ਤੇ ਮਹਾਰਾਜਾ ਦੀ ਮਿਲਣੀ

ਅਪ੍ਰੈਲ ਸੰਨ 1831 ਈ: ਵੈਸਾਖ ਸੰਮਤ 1888 ਬਿ: ਨੂੰ ਮਹਾਰਾਜਾ ਰਣਜੀਤ ਸਿੰਘ ਤੇ ਲਾਰਡ ਬਿਨਟਿੰਕ (Lord Bentinck) ਗਵਰਨਰ ਜਨਰਲ ਹਿੰਦ ਦੇ ਵਿਚਾਲੇ ਰੂਸ ਦੇ ਉਸ ਇਲਾਕੇ ਬਾਰੇ ਜੋ ਉਸ ਨੇ ਈਰਾਨ ਦੇ ਪੂਰਬ ਵੱਲ ਵਧਾਇਆ ਸੀ-ਚਿੱਠੀ ਪੱਤਰ ਹੋ ਰਿਹਾ ਸੀ। ਦੂਜਾ ਦਰਿਆ ਸਿੰਧ ਦੇ ਰਾਹ ਨੂੰ ਚਾਲੂ ਕਰਨ ਅਤੇ ਹੋਰ ਕਈ ਰਾਜਸੀ ਗੱਲਾਂ

- - - - - -

*1. ਸਫਰਨਾਮਾ ਬਰਨਸ ਜਿਲਦ 1 ਸ: 141।*

ਐਸੀਆਂ ਸਨ, ਜਿਨ੍ਹਾਂ ਬਾਰੇ ਜਬਾਨੀ ਗੱਲ ਬਾਤ ਕਰਨੀ ਜ਼ਰੂਰੀ ਸੀ। ਇਸ ਮਿਲਣੀ ਬਾਰੇ ਜ਼ਰੂਰੀ ਪ੍ਰਬੰਧ ਲਈ ਸਰਦਾਰ ਹਰੀ ਸਿੰਘ ਨਲੂਆ, ਫਕੀਰ ਅਜ਼ੀਜ਼ੁਦੀਨ ਤੇ ਦੀਵਾਨ ਮੋਤੀ ਰਾਮ, ਸਰਦਾਰ ਧਨਾ ਸਿੰਘ ਮਲਵਈ, ਸਰਦਾਰ ਅਜੀਤ ਸਿੰਘ ਸੰਧਾਵਾਲੀਆ ਤੇ ਸ: ਲਹਿਣਾ ਸਿੰਘ ਮਜੀਠੀਆ ਨੀਯਤ ਹੋਏ, ਇਹ ਇਸੇ ਮਹੀਨੇ ਸ਼ਿਮਲੇ ਪਹੁੰਚ ਗਏ, ਅੱਗੋਂ ਗਵਰਨਰ ਜਨਰਲ ਵਲੋਂ ਇਨ੍ਹਾਂ ਦਾ ਬੜਾ ਸਤਿਕਾਰ ਹੋਇਆ।

ਕਹਿੰਦੇ ਹਨ ਕਿ ਇਸੇ ਸਮੇਂ ਗਵਰਨਰ ਜਨਰਲ ਨੇ ਫਕੀਰ ਅਜ਼ੀਜ਼ੁਦੀਨ ਤੋਂ ਪੁੱਛਿਆ ਸੀ ਕਿ ਮਹਾਰਾਜਾ ਸਾਹਿਬ ਦੀ ਕਿਹੜੀ ਅੱਖ ਬਿਮਾਰੀ ਦੇ ਕਾਰਨ ਕਮਜ਼ੋਰ ਹੋ ਗਈ ਹੈ। ਇਸ ਸਮੇਂ ਚਾਤਰ ਅਜ਼ੀਜ਼ੁਦੀਨ ਨੇ ਜੋ ਉਤਰ ਦਿੱਤਾ, ਉਹ ਆਪਣੇ ਅੰਦਰ ਬੜੀ ਸੁੰਦਰਤਾ ਰੱਖਦਾ ਸੀ, ਅਰਥਾਤ ਫਕੀਰ ਨੇ ਆਖਿਆ ਕਿ "ਸ਼ੇਰਿ ਪੰਜਾਬ ਦੇ ਤੇਜਸੀ ਚਿਹਰੇ ਦਾ ਜਲਾਲ ਇੰਨਾ ਪ੍ਰਭਾਵਸ਼ਾਲੀ ਹੈ ਕਿ ਮੈਂ ਕਦੇ ਅੱਖ ਉਠਾ ਕੇ ਸਰਕਾਰ ਦੇ ਚਿਹਰੇ ਵੱਲ ਤੱਕਣ ਦਾ ਹੌਸਲਾ ਨਹੀਂ ਕਰ ਸਕਿਆ, ਜਿਸ ਕਾਰਨ ਮੈਂ ਇਸ ਗੱਲ ਦੇ ਦੱਸਣ ਤੋਂ ਅਸਮਰੱਥ ਹਾਂ।" ਫਕੀਰ ਤੋਂ ਗਵਰਨਰ ਜਨਰਲ ਇਹ ਉਤਰ ਸੁਣ ਕੇ ਅਤਿ ਪ੍ਰਸੰਨ ਹੋਇਆ।

ਕੁਝ ਦਿਨਾਂ ਬਾਅਦ ਕਪਤਾਨ ਵੈਡੱ ਪੁਲੀਟੀਕਲ ਏਜੰਟ ਸਰਕਾਰ ਅੰਗਰੇਜ਼ੀ ਵਲੋਂ ਇਨ੍ਹਾਂ ਨਾਲ ਮਿਲ ਕੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਆਇਆ, ਤਾਂ ਜੋ ਮਿਲਣੀ ਦੀ ਤਰੀਕ ਤੇ ਥਾਂ ਮਹਾਰਾਜਾ ਸਾਹਿਬ ਦੀ ਇੱਛਾ ਅਨੁਸਾਰ ਨੀਯਤ ਕੀਤੀ ਜਾਏ। ਮਹਾਰਾਜਾ ਸਾਹਿਬ ਨੇ ਆਪਣੇ ਦਰਬਾਰੀਆਂ ਦੀ ਸਲਾਹ ਨਾਲ ਰੋਪੜ ਦਾ ਸਥਾਨ ਮੁਕਰਰ ਕੀਤਾ। ਹੁਣ ਅੰਗਰੇਜ਼ੀ ਏਲਚੀ ਦੇ ਤੁਰ ਜਾਣ ਪਿੱਛੋਂ ਇਧਰ ਮਹਾਰਾਜਾ ਸਾਹਿਬ ਨੇ ਆਪਣੀ ਸੈਨਾ ਵਿਚੋਂ ਦਸ ਹਜ਼ਾਰ ਸਵਾਰ ਤੇ ਛੇ ਹਜ਼ਾਰ ਜਵਾਨ ਆਪਣੇ ਨਾਲ ਲੈ ਜਾਣ ਲਈ ਤਿਆਰ ਕਰਵਾਏ। ਉਧਰ ਗਵਰਨਰ ਜਨਰਲ ਨੇ ਹੁਕਮ ਜਾਰੀ ਕੀਤਾ ਕਿ ਦੋ ਦਸਤੇ ਅੰਗਰੇਜ਼ੀ ਨੇਜ਼ਾ-ਬਰਦਾਰ ਤੇ ਸੋਲ੍ਹਵਾਂ ਸ਼ਾਹੀ ਰਸਾਲ ਅਤੇ ਇਕ ਪਲਟਨ ਗੋਰਿਆਂ ਦੀ, ਦੋ ਹਿੰਦੁਸਤਾਨੀ ਪਲਟਨਾਂ, ਅੱਠ ਘੋੜਿਆਂ ਦੀਆਂ ਤੋਪਾਂ ਆਪੋ ਆਪਣੀਆਂ ਛਾਵਣੀਆਂ ਤੋਂ ਕੂਚ ਕਰਕੇ ਨੀਯਤ ਤਾਰੀਖ ਤਕ ਰੋਪੜ ਪਹੁੰਚ ਜਾਣ। ਇਉਂ ਦੋਹਾਂ ਧਿਰਾਂ ਦੀਆ ਫੌਜਾਂ ਕੂਚ ਕਰ ਦਿੱਤਾ, ਤੰਬੂ, ਡੇਰੇ ਤੇ ਸ਼ਾਮਿਆਨੇ ਵੱਡੀ ਗਿਣਤੀ ਵਿਚ ਸਜੀਣ ਲੱਗੇ। ਜਦ ਦੋਵੇਂ ਕੈਂਪ ਤਿਆਰ ਹੋ ਗਏ ਤਦ 1 ਅਕਤੂਬਰ ਨੂੰ ਗਵਰਨਰ ਜਨਰਲ ਨੇ ਸ਼ਿਮਲੇ ਤੋਂ ਕੂਚ ਕੀਤਾ ਅਤੇ 22 ਤਰੀਕ ਨੂੰ ਅੰਬਾਲੇ ਪਹੁੰਚ ਗਏ। ਉਧਰੋਂ ਮਹਾਰਾਜਾ ਸਾਹਿਬ ਲਾਹੌਰ ਤੋਂ 15 ਅਕਤੂਬਰ ਨੂੰ ਚਾਲੇ ਪਾ ਕੇ ਸ੍ਰੀ ਅੰਮ੍ਰਿਤਸਰ ਜੀ ਆਏ, ਇਥੇ ਸਰ ਕਲਾਡ ਵੈਡੱ ਏਜੰਟ ਗਵਰਨਰ ਜਨਰਲ ਮਹਾਰਾਜਾ ਸਾਹਿਬ ਦੀ ਅਗਵਾਈ ਲਈ ਲਾਟ ਸਾਹਿਬ ਵਲੋਂ ਆਇਆ। ਇਥੋਂ ਫਿਰ ਮਹਾਰਾਜਾ ਨੇ ਸਣੇ ਆਪਣੇ ਪਤਵੰਤੇ ਦਰਬਾਰੀਆਂ ਦੇ ਕੂਚ ਕਰਕੇ ਕਾਠਗੜ੍ਹ ਨਾਮੀ ਪਿੰਡ ਵਿਚ-ਜੋ ਸਤਲੁਜ ਤੋਂ ਉਤਰ ਵੱਲ ਹੈ- ਜਾ ਡੇਰੇ ਲਾਏ।

ਸ਼ੇਰਿ ਪੰਜਾਬ ਦੀ ਸਵਾਰੀ ਜਿਸ ਸਮੇਂ ਆਪਣੇ ਨਿਵਾਸ ਸਥਾਨ ਵਿਚ ਪਹੁੰਚੀ ਤੇ ਤੋਪਖਾਨਿਆਂ ਨੇ ਸਲਾਮੀ ਉਤਾਰੀ ਤਾਂ ਉਸੇ ਸਮੇਂ ਗਵਰਨਰ ਜਨਰਲ ਵਲੋਂ ਮੇਜਰ ਜਨਰਲ ਰਮਜੀ ਅਤੇ ਚੀਫ ਸਕੱਤਤ ਮਹਾਰਾਜਾ ਸਾਹਿਬ ਦੇ ਸੁਖ ਅਨੰਦ ਦੀ ਪੁੱਛ ਲਈ ਮਹਾਰਾਜਾ ਸਾਹਿਬ ਦੇ ਡੇਰੇ ਆਏ ਅਤੇ ਮਹਾਰਾਜਾ ਦੇ ਅਰਾਮ ਨਾਲ ਇਥੇ ਪਹੁੰਚ ਜਾਣ ਪਰ ਖੁਸ਼ੀ ਪ੍ਰਗਟ ਕੀਤੀ। ਕੁਝ ਛਕਣ ਛਕਾਉਣ ਦੇ ਪਿਛੋਂ ਇਹ ਪ੍ਰਾਹੁਣੇ ਪਿੱਛੇ ਨੂੰ ਆਪਣੇ ਕੈਂਪ ਵੱਲ ਪਰਤ ਗਏ।

ਇਸ ਦੇ ਉਪਰੰਤ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਵਲੋਂ ਕੰਵਰ ਖੜਗ ਸਿੰਘ,

ਸਰਦਾਰ ਹਰੀ ਸਿੰਘ ਨਲੂਆ, ਰਾਜਾ ਸੰਗਤ ਸਿੰਘ, ਸਰਦਾਰ ਅਤਰ ਸਿੰਘ ਸੰਧਾਵਾਲੀਆ, ਸ: ਸ਼ਾਮ ਸਿੰਘ ਅਟਾਰੀ ਵਾਲਾ ਤੇ ਰਾਜਾ ਗੁਲਾਬ ਸਿੰਘ ਨੂੰ ਗਵਰਨਰ ਜਨਰਲ ਦੀ ਪੁੱਛ ਗਿੱਛ ਲਈ ਭੇਜਿਆ। ਜਦ ਸ਼ਾਹਜ਼ਾਦਾ ਸਣੇ ਇਨ੍ਹਾਂ ਪਤਵੰਤੇ ਸਰਦਾਰਾਂ ਦੇ ਗਵਰਨਰ ਜਨਰਲ ਦੇ ਡੇਰੇ ਪੁੱਜਿਆ ਤਾਂ ਅੱਗੋਂ ਗਵਰਨਰ ਜਨਰਲ ਨੇ ਤੰਬੂ ਦੇ ਦਰਵਾਜ਼ੇ ਪੁਰ ਆ ਕੇ ਉਨ੍ਹਾਂ ਦਾ ਸਵਾਗਤ ਕੀਤਾ ਤੇ ਬੜੇ ਸਤਿਕਾਰ ਨਾਲ ਸ਼ਾਹਜ਼ਾਦੇ ਨੂੰ ਆਪਣੇ ਸੱਜੇ ਪਾਸੇ ਬੈਠਾਇਆ। ਸ਼ਾਹਜ਼ਾਦੇ ਨੇ ਜਦ ਪੰਜਾਬੀ ਵਿਚ ਲਾਟ ਸਾਹਿਬ ਤੋਂ ਸੁਖ ਅਨੰਦ ਦੀ ਖ਼ਬਰ ਪੁੱਛੀ, ਤਦ ਗਵਰਨਰ ਜਨਰਲ ਸ਼ਾਹਜ਼ਾਦੇ ਦਾ ਬੋਲ ਚਾਲ ਦਾ ਮਨ-ਭਾਂਵਦਾ ਚਜ ਵੇਖ ਕੇ ਬਹੁਤ ਹੀ ਪ੍ਰਸੰਨ ਹੋਇਆ ਅਤੇ ਉਨ੍ਹਾਂ ਨੂੰ ਆਦਰ ਸਨਮਾਨ ਨਾਲ ਵਿਦਾ ਕੀਤਾ। ਇਉਂ ਇਸ ਜ਼ਰੂਰੀ ਰਸਮ ਦੇ ਪੂਰੇ ਹੋ ਜਾਣ ਉਪਰੰਤ 26 ਅਕਤੂਬਰ ਦਾ ਦਿਨ ਦੋਵਾਂ ਹੁਕਮਰਾਨਾਂ ਦੀ ਮਿਲਣੀ ਲਈ ਨੀਯਤ ਹੋਇਆ।

26 ਅਕਤੂਬਰ ਦੀ ਸਵੇਰ ਨੂੰ ਅੱਠ ਸੌ ਖ਼ਾਲਸਾ ਸਵਾਰ ਸਤਲੁਜ ਤੋਂ ਪਾਰ ਸੜਕ ਦੇ ਦੋਵੀਂ ਪਾਸੀਂ ਖਲੋ ਗਏ। ਇਸ ਸਮੇਂ ਇਨ੍ਹਾਂ ਸਵਾਰਾਂ ਦੀਆਂ ਵਰਦੀਆਂ ਬੜੀਆਂ ਸ਼ਾਨਦਾਰ ਸਨ। ਇਸ ਦੇ ਪਿੱਛੋਂ ਮਹਾਰਾਜਾ ਦੇ ਸਾਰੇ ਦਰਬਾਰੀ ਆਪਣੇ ਬਹੁਮੁੱਲੇ ਪੁਸ਼ਾਕੇ ਸਜਾਏ ਮਹਾਰਾਜੇ ਦੇ ਡੇਰੇ ਆ ਗਏ, ਮਹਾਰਾਜਾ ਨੇ ਭੀ ਇਸ ਸਮੇਂ ਸ਼ਾਹੀ ਪੁਸ਼ਾਕਾ ਪਹਿਨਿਆ ਅਤੇ ਕਈ ਸੌ ਹਾਥੀਆਂ ਦੇ ਸਵਾਰਾਂ ਨਾਲ-ਜਿਨ੍ਹਾਂ ਦੀ ਉਚਾਈ ਦੇ ਦਬਦਬੇ ਨੂੰ ਵੇਖ ਕੇ ਦਿਲ ਛਾਤੀਆਂ ਭੈ ਭੀਤ ਹੁੰਦੇ ਸਨ-ਅੰਗਰੇਜ਼ੀ ਕੈਂਪ ਵੱਲ ਚਾਲੇ ਪਾਏ। ਸਾਰੇ ਰਸਤੇ ਵਿਚ ਹੀ ਦੋਹੀਂ ਪਾਸੀਂ ਕਤਾਰਾਂ ਵਿਚ ਸਵਾਰਾਂ ਦੀਆਂ ਸਫ਼ਾਂ ਵਿਚੋਂ 'ਵਾਹਿਗੁਰੂ ਜੀ ਕੀ ਖ਼ਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫ਼ਤਹ' ਬੁਲਾਂਦੇ ਹੋਏ ਸਹਿਜੇ ਸਹਿਜੇ ਗਵਰਨਰ ਜਨਰਲ ਦੇ ਡੇਰੇ ਵੱਲ ਇਹ ਜਲੂਸ ਵਧਿਆ[1]; ਅੱਗੋਂ ਗਵਰਨਰ ਜਨਰਲ ਸਣੇ ਕਮਾਂਡਰ ਇਨ-ਚੀਫ਼ ਤੇ ਸਕੱਤਰਾਂ ਦੇ ਹਾਥੀਆਂ ਪਰ ਸਵਾਰ ਹੋ ਕੇ ਮਹਾਰਾਜਾ ਦੇ ਸਵਾਗਤ ਲਈ ਆਏ। ਇਉਂ ਜਦ ਗਵਰਨਰ ਜਨਰਲ ਦਾ ਹਾਥੀ ਮਹਾਰਾਜਾ ਦੇ ਹਾਥੀ ਲਾਗੇ ਪਹੁੰਚਿਆ, ਤਦ ਦੋਹਾਂ ਨੇ ਬੜੇ ਪਿਆਰ ਨਾਲ ਆਪਸ ਵਿਚ ਹੱਥ-ਪੰਜਾ ਲਿਆ ਤੇ ਇਕ ਦੂਜੇ ਦਾ ਪਰਸਪਰ ਸੁਖ ਅਨੰਦ ਪੁੱਛਿਆ। ਇਸ ਸਮੇਂ ਸ਼ੇਰਿ-ਪੰਜਾਬ ਆਪਣੇ ਪ੍ਰਸਿੱਧ ਹਾਥੀ 'ਗਣੇਸ਼ ਮੁਖੀ' ਦੇ ਹੌਦੇ ਵਿਚੋਂ, ਜੋ ਬੜੇ ਉਚੇ ਕੱਦ ਦਾ ਸੀ ਤੇ ਮਸਤਾਨਾ ਹਾਥੀ ਸੀ, ਉਠ ਕੇ ਗਵਰਨਰ ਦੇ ਹਾਥੀ ਪਰ ਗਿਆ। ਇਸ ਸਮੇਂ ਦੀ ਛਬ ਅਤਿ ਮਨਮੋਹਣੀ ਸੀ। ਹੁਣ ਇਹ ਜਲੂਸ ਦਰਬਾਰ ਦੀ ਚਾਂਦਨੀ ਦੇ ਲਾਗੇ ਪਹੁੰਚਿਆ ਤਾਂ ਦੋਵੇਂ ਹੁਕਮਰਾਨ ਹਾਥੀਆਂ ਤੋਂ ਉਤਰੇ। ਇਸ ਸਮੇਂ ਸਾਰੇ ਦਰਬਾਰ ਵਿਚ ਸਜ ਗਏ, ਸੱਭ ਤੋਂ ਪਿਛੇ ਗਵਰਨਰ ਜਨਰਲ ਤੇ ਮਹਾਰਾਜਾ ਸਾਹਿਬ ਇਕ ਦੂਜੇ ਦੇ ਹੱਥ ਵਿਚ ਹੱਥ ਦਿੱਤੇ ਹੋਏ ਅੰਦਰ ਆਏ, ਅੱਗੋਂ ਦਰਬਾਰੀਆਂ ਨੇ, 'ਸਤਿ ਸ੍ਰੀ ਅੰਕਾਲ' ਦੇ ਜੈਕਾਰਿਆਂ ਨਾਲ ਫਤਹ ਗਜਾਈ ਤੇ ਫਿਰ ਇਹ ਦੋਵੇਂ ਸੁਨਹਿਰੀ ਜੜਾਊ ਕੁਰਸੀਆਂ ਉਪਰ ਸਜ ਗਏ। ਇਨ੍ਹਾਂ ਦੇ ਇਕ ਪਾਸੇ ਵੱਡੇ ਅੰਗਰੇਜ਼ ਕਰਮਚਾਰੀ ਕਤਾਰ ਵਿਚ ਕੁਰਸੀਆਂ ਵਿਚ ਬੈਠੇ ਸਨ। ਦੂਜੇ ਪਾਸੇ ਮਹਾਰਾਜਾ ਸਾਹਿਬ ਦੇ ਸਰਦਾਰ ਤੇ ਵਜ਼ੀਰ ਸਸ਼ੋਭਤ ਸਨ। ਗਵਰਨਰ ਜਨਰਲ ਨੇ ਇਸ ਸਮੇਂ ਬਹੁਤ ਹੀ ਮਿੱਠੇ ਤੇ ਪਿਆਰ ਭਰੇ ਸ਼ਬਦਾਂ ਵਿਚ ਮਹਾਰਾਜਾ ਸਾਹਿਬ ਦੀ ਮਿਲਣੀ ਦਾ ਧੰਨਵਾਦ ਕੀਤਾ। ਇਸ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਭੀ ਸਮੇਂ ਅਨੁਕੂਲ ਯੋਗ ਢੰਗ ਨਾਲ ਇਸ ਦਾ ਉਤਰ ਦਿੱਤਾ। ਇਸ ਸਮੇਂ ਲਾਟ ਸਾਹਿਬ ਨੇ ਦੋ ਬਹੁਤ ਸੁਹਣੇ ਘੋੜੇ ਬਾਬੂਗੜ੍ਹ ਦੇ ਗਲੇ ਵਿਚੋਂ, ਇਕ ਬਰਮੀ ਹਾਥੀ, ਦੋ ਤੋਪਾਂ ਅਤੇ ਬਹੁਤ

- - - - - -

*1. ਮਿਲਟਰੀ ਮੇਮਾਇਰਜ਼ ਆਫ ਕਰਨਲ ਜੇਮਜ਼ ਸਕਿਨਰ।*

ਸਾਰੇ ਜਵਾਹਰਾਤ ਮਹਾਰਾਜਾ ਸਾਹਿਬ ਦੀ ਭੇਂਟ ਕੀਤੇ, ਜਿਨ੍ਹਾਂ ਨੂੰ ਮਹਾਰਾਜਾ ਸਾਹਿਬ ਨੇ ਪ੍ਰਵਾਨ ਕੀਤਾ। ਇਸ ਦੇ ਪਿਛੋਂ ਵਿਦੈਗੀ ਹੋਈ ਤੇ ਗਵਰਨਰ ਜਨਰਲ ਮਹਾਰਾਜਾ ਸਾਹਿਬ ਨੂੰ ਵਿਦਾ ਕਰਨ ਲਈ ਸ਼ਾਮਿਆਨੇ ਤੋਂ ਬਾਹਰ ਆਏ। ਮਹਾਰਾਜਾ ਦੇ ਕੋਤਲ ਘੋੜਿਆਂ ਨੂੰ ਵੇਖ ਕੇ-ਜੋ ਉਸ ਸਮੇਂ ਨਾਲ ਆਏ ਸਨ-ਗਵਰਨਰ ਜਨਰਲ ਬਹੁਤ ਹੀ ਪ੍ਰਸੰਨ ਹੋਇਆ, ਹੁਣ ਇਸ ਤਰ੍ਹਾਂ ਦੋਵੇਂ ਹੁਕਮਰਾਨ ਆਪੋ ਆਪਣੇ ਡੇਰਿਆਂ ਵੱਲ ਗਏ।

ਅਗਲੇ ਦਿਨ ਮਹਾਰਾਜਾ ਸਾਹਿਬ ਦਾ ਡੇਰਾ ਬਹੁਤ ਸਜਾਇਆ ਗਿਆ, ਇਸ ਸਮੇਂ ਲਈ ਇਕ ਵਿਸ਼ੇਸ਼ ਪਸ਼ਮੀਨੇ ਦਾ ਸ਼ਾਮਿਆਨਾ ਕਸ਼ਮੀਰ ਤੋਂ ਤਿਆਰ ਹੋ ਕੇ ਆਇਆ ਸੀ, ਜਿਸ ਦੀ ਛੱਬ ਵੇਖਿਆਂ ਮਹਾਰਾਜ ਸਾਹਿਬ ਦੀ ਉਚੀ ਸ਼ਾਨ ਦਾ ਸਿੱਕਾ ਮਨਾਂ ਪਰ ਬੈਠ ਜਾਂਦਾ ਸੀ। ਸੋਨੇ ਚਾਂਦੀ ਦੀਆਂ ਚੋਬਾਂ ਅਤੇ ਵਡਮੁੱਲੇ ਕਲੀਨ (ਗਲੀਚੇ) ਇਸ ਸਜਾਵਟ ਨੂੰ ਹੋਰ ਦੂਣਾਂ ਵਧਾ ਰਹੇ ਸਨ। ਦਰਿਆ ਸਤਲੁਜ ਤੋਂ ਲੈ ਕੇ ਮਹਾਰਾਜਾ ਸਾਹਿਬ ਦੇ ਡੇਰੇ ਤਕ ਦੋਵੀਂ ਪਾਸੀਂ ਫੌਜ ਖੜੋਤੀ ਸੀ, ਹੁਣ ਨੀਯਤ ਸਮੇਂ ਪਰ ਸ਼ਾਹਜ਼ਾਦਾ ਖੜਗ ਸਿੰਘ ਅਤੇ ਕੰਵਰ ਸ਼ੇਰ ਸਿੰਘ ਸਤਲੁਜ ਦੇ ਪਾਰ ਗਵਰਨਰ ਜਨਰਲ ਦੀ ਅਗਵਾਈ ਲਈ ਗਏ ਇੰਨੇ ਨੂੰ ਲਾਟ ਸਾਹਿਬ ਦੀ ਸਵਾਰੀ ਆ ਪਹੁੰਚੀ, ਜਿਸ ਨਾਲ ਸ਼ਾਹੀ ਰਜਮੰਟ ਸਫ ਬੰਨ੍ਹੀ ਆ ਰਹੀ ਸੀ ਤੇ ਅੰਗਰੇਜ਼ੀ ਵਾਜਾ ਵਜ ਰਿਹਾ ਸੀ। ਜਦ ਸਵਾਰੀ ਦਰਿਆ ਤੋਂ ਪਾਰ ਆ ਗਈ, ਤਦ ਮਹਾਰਾਜਾ ਸਾਹਿਬ ਭੀ ਅਗਵਾਈ ਲਈ ਆਏ , ਅਤੇ ਹੁਣ ਗਵਰਨਰ ਜਨਲਰ ਆਪਣੇ ਹਾਥੀ ਤੋਂ ਉਤਰ ਕੇ ਮਹਾਰਾਜਾ ਸਾਹਿਬ ਦੇ ਹਾਥੀ ਪਰ ਆ ਬੈਠਾ। ਇਸ ਸਮੇਂ ਸਾਰੀ ਖ਼ਾਲਸਾ ਫੌਜ ਨੇ ਜੋ ਦੋ ਪਾਸੀਂ ਖਲੋਤੀ ਹੋਈ ਸੀ ਉਚੀ ਆਵਾਜ਼ ਨਾਲ ਫਤਹਿ ਬੁਲਾਈ। ਉਧਰੋਂ ਤੋਪਖਾਨੇ ਨੇ ਸਲਾਮੀ ਉਤਾਰੀ, ਹੁਣ ਹੌਲੀ ਹੌਲੀ ਇਹ ਜਲੂਸ ਮਹਾਰਾਜੇ ਦੇ ਸ਼ਾਹੀ ਸ਼ਾਮਿਆਨੇ ਵੱਲ ਵਧਿਆ। ਇਸ ਸਮੇਂ ਗਵਰਨਰ ਜਨਰਲ ਬੜੇ ਗਹੁ ਨਾਲ ਖ਼ਾਲਸਾ ਫੌਜ ਨੂੰ ਵੇਖ ਰਿਹਾ ਸੀ, ਹੁਣ ਇਹ ਸ਼ਮਿਆਨੇ ਤਕ ਜਾ ਪਹੁੰਚੇ , ਇਸ ਪਰ ਡਾਢੇ ਬਰੀਕ ਫੁੱਲ ਪੱਤਰ ਦਾ ਕੰਮ ਸਿਲਮੇ ਸਿਤਾਰੇ ਵਿਚ ਕੀਤਾ ਗਿਆ ਸੀ, ਇਸ ਦੇ ਚੌਵੱਲੀਂ ਜ਼ਰਬਫਤ ਦੀਆਂ ਕਨਾਤਾਂ ਲੱਗੀਆਂ ਹੋਈਆਂ ਸਨ, ਵਡਮੁੱਲੇ ਪਸ਼ਮੀਨੇ ਦੇ ਫਰਸ਼ ਸਾਹਮਣੇ ਇਕ ਜੜਾਊ ਤਖਤ ਜਗਮਗ ਜਗਮਗ ਕਰ ਰਿਹਾ ਸੀ, ਜਿਸ ਪਰ ਇਕ ਹੋਰ ਛੋਟੀ ਪਰ ਸੁਹਣੀ ਚਾਨਣੀ ਤਣੀ ਹੋਈ ਸੀ, ਤਖਤ ਪਰ ਦੋ ਕੁਰਸੀਆਂ ਸਜੀਆਂ ਹੋਈਆਂ ਸਨ। ਉਹਨਾਂ ਦੇ ਸੱਜੇ ਖੱਬੇ ਲੰਮੀ ਪਾਲ ਵਿਚ ਹੋਰ ਸੁਨਹਿਰੀ ਕੁਰਸੀਆਂ ਧਰੀਆਂ ਹੋਈਆਂ ਸਨ। ਮਹਾਰਾਜਾ ਅਤੇ ਗਵਰਨਰ ਜਨਰਲ ਦੋਵੇਂ ਸਾਹਮਣੇ ਕੁਰਸੀਆਂ ਪਰ ਜਾ ਬੈਠੇ।

ਇਹ ਦਰਬਾਰ ਅੰਗਰੇਜ਼ੀ ਅਫਸਰਾਂ ਅਤੇ ਸਿੱਖ ਸਰਦਾਰਾਂ ਨਾਲ ਖਚਾਖਚ ਭਰਿਆ ਹੋਇਆ ਸੀ। ਇਸ ਦੇ ਉਪਰੰਤ ਮਹਾਰਾਜਾ ਸਾਹਿਬ ਦੇ ਦਰਬਾਰੀਆਂ ਗਵਰਨਰ ਜਨਰਲ ਸਾਹਮਣੇ ਮਰਯਾਦਾ ਅਨੁਸਾਰ ਆਪੋ ਆਪਣੇ ਨਜ਼ਰਾਨੇ ਪੇਸ਼ ਕੀਤੇ, ਜਿਸ ਨੂੰ ਲਾਟ ਸਾਹਿਬ ਕੇਵਲ ਹੱਥ ਲਾ ਕੇ ਮੋੜ ਦਿੰਦੇ ਸਨ। ਇੰਨੇ ਨੂੰ ਮਹਾਰਾਜਾ ਤੇ ਗਵਰਨਰ ਜਨਰਲ ਵਿਚ ਬੜੇ ਪਿਆਰ ਨਾਲ ਗੱਲ ਬਾਤ ਹੋਣ ਲੱਗੀ। ਇਸਦੇ ਉਪਰੰਤ 101 ਥਾਨ ਬਹੁਮੁੱਲੇ ਪਸ਼ਮੀਨੇ ਤੇ ਸ਼ਾਲਾਂ ਦੇ, ਚਾਰ ਬਹੁਮੁੱਲੇ ਘੋੜੇ ਸਾਜ਼ੋ-ਸਾਮਾਨ ਨਾਲ ਸਜੇ ਹੋਏ, ਦੋ ਹਾਥੀ ਜਿਨ੍ਹਾਂ ਪਰ ਚਾਂਦੀ ਦੇ ਹੌਦੇ ਕਈ ਤਰ੍ਹਾਂ ਨਾਲ ਜੜਤ ਸਨ, ਮਹਾਰਾਜਾ ਸਾਹਿਬ ਵਲੋਂ ਗਵਰਨਲ ਜਨਰਲ ਦੀ ਸੇਵਾ ਵਿਚ ਪੇਸ਼ ਹੋਏ ਜੋ ਉਨ੍ਹਾਂ ਨੇ ਬੜੀ ਖ਼ੁਸ਼ੀ ਨਾਲ ਪ੍ਰਵਾਨ ਕਰ ਲਏ।

ਇਸ ਸਮੇਂ ਮਹਾਰਾਜਾ ਸਾਹਿਬ ਨੇ ਗਵਰਨਲ ਜਨਰਲ ਦੀਆਂ ਸੁਗਾਤਾਂ ਤੋਂ ਦੂਣੀਆਂ ਗਵਰਨਲ ਜਨਰਲ ਨੂੰ ਦੇ ਕੇ ਆਪਣੀ ਉਦਾਰਚਿਤੀ ਦਾ ਸਬੂਤ ਦਿੱਤਾ[1] । ਤੀਜੇ ਦਿਨ ਮਹਾਰਾਜਾ ਸਾਹਿਬ ਨੇ ਗਵਰਨਰ ਜਨਰਲ ਦੇ ਭੋਜਨ ਦੀ ਤਿਆਰੀ ਕੀਤੀ ਤੇ ਭਾਂਤ ਭਾਂਤ ਦੇ ਸੁਆਦਲੇ ਖਾਣੇ ਤਿਆਰ ਕਰਵਾਏ । ਅਰਥਾਤ ਇਸ ਸਮੇਂ ਦਾ ਪ੍ਰਬੰਧ ਉਸ ਦੇ ਪਤਵੰਤੇ ਪ੍ਰਾਹੁਣੇ ਦੇ ਰੁਤਬੇ ਅਨੁਸਾਰ ਸੀ । ਸਾਰਾ ਦਿਨ ਤਿਆਰੀਆਂ ਹੁੰਦੀਆਂ ਰਹੀਆਂ, ਸੂਰਜ ਅਲੋਪ ਹੁੰਦਿਆਂ ਸਾਰ ਹੀ ਸਰਦਾਰ ਹਰੀ ਸਿੰਘ ਨਲੂਆ, ਜਮਾਂਦਾਰ ਖੁਸ਼ਹਾਲ ਸਿੰਘ ਆਦਿ ਗਵਰਨਰ ਜਨਰਲ ਦੇ ਡੇਰੇ ਜਾ ਕੇ ਉਸ ਨੂੰ ਆਪਣੇ ਨਾਲ ਲੈ ਆਏ । ਜਦ ਉਹ ਤੰਬੂ ਦੇ ਦਰਵਾਜ਼ੇ ਪਰ ਪਹੁੰਚੇ ਤਾਂ ਅਗੋਂ ਮਹਾਰਾਜਾ ਸਾਹਿਬ ਗਵਰਨਰ ਜਨਰਲ ਨੂੰ ਅੰਦਰ ਲੈ ਗਏ ਅਤੇ ਨੀਯਤ ਥਾਂ ਪੁਰ ਜਾ ਬਿਰਾਜੇ । ਗਵਰਨਰ ਜਨਰਲ ਨਾਲ ਜਿੰਨੀਆਂ ਲੇਡੀਆਂ ਇਸ ਸਮੇਂ ਆਈਆਂ ਸਨ, ਸਭ ਨੂੰ ਆਪਣੀ ਆਪਣੀ ਥਾਂ ਪੁਰ ਬਿਠਾ ਦਿੱਤਾ ਗਿਆ, ਇਸ ਦੇ ਮਗਰੋਂ ਖਾਣਾ ਛਕਣਾ ਆਰੰਭ ਹੋਇਆ, ਜਿਸ ਨੂੰ ਬੜੇ ਪਿਆਰ ਨਾਲ ਅੰਗਰੇਜ਼ੀ ਪ੍ਰਾਹੁਣਿਆਂ ਨੇ ਖਾਧਾ । ਇਸ ਸਮੇਂ ਮਹਾਰਾਜ ਸਾਹਿਬ ਦਾ ਫਰਾਂਸੀਸੀ ਅਤੇ ਦੇਸੀ ਵਾਜਾ ਸਮੇਂ ਦੀ ਰੌਣਕ ਨੂੰ ਦੂੱਗਣਾ ਕਰ ਰਿਹਾ ਸੀ । ਇਉਂ ਅੱਧੀ ਰਾਤ ਤਕ ਇਹ ਖ਼ੁਸ਼ੀ ਦਾ ਸਮਾਗਮ ਚਾਲੂ ਰਿਹਾ, ਇਸ ਦੇ ਪਿਛੋਂ ਬੜੇ ਮਾਨ ਨਾਲ ਆਪਣੇ ਪ੍ਰਾਹੁਣਿਆਂ ਨੂੰ ਵਿਦਾ ਕੀਤਾ । ਚੌਥੇ ਦਿਨ ਗਵਰਨਰ ਜਨਰਲ ਨੇ ਮਹਾਰਾਜ ਸਾਹਿਬ ਨੂੰ ਭੋਜਨ ਛਕਣ ਲਈ ਡੇਰੇ ਬੁਲਾਇਆ । ਮਹਾਰਾਜਾ ਸਾਹਿਬ ਆਪਣੇ ਦਰਬਾਰੀਆਂ ਨਾਲ ਹਾਥੀਆਂ ਤੇ ਸਵਾਰ ਹੋ ਕੇ ਤੁਰੇ, ਅਗੋਂ ਰਸਤੇ ਵਿਚ ਗਵਰਨਰ ਜਨਰਲ ਨੇ ਮਹਾਰਾਜਾ ਸਾਹਿਬ ਦੀ ਅਗਵਾਈ ਕੀਤੀ । ਇਉਂ ਦੋਵੇਂ ਹੁਕਮਰਾਨ ਬੜੀ ਸ਼ਾਨ ਨਾਲ ਖੇਮੇ ਵਿਚ ਪਹੁੰਚੇ । ਇਸ ਸਮੇਂ ਅੰਗਰੇਜ਼ੀ ਕੈਂਪ ਵੀ ਬਹੁਤ ਸਜਾਇਆ ਗਿਆ ਸੀ, ਸੈਂਕੜੇ ਮੇਮਾਂ ਕੁਰਸੀਆਂ ਪੁਰ ਸਜੀਆਂ ਬੈਠੀਆਂ ਸਨ, ਮਹਾਰਾਜਾ ਸਾਹਿਬ ਨੂੰ ਜੜਾਊ ਕੁਰਸੀ ਪੁਰ ਬਿਠਾਇਆ ਗਿਆ । ਗਵਰਨਰ ਜਨਰਲ ਨੇ ਮਹਾਰਾਜ ਸਾਹਿਬ ਦਾ ਸੁੱਖ ਆਨੰਦ ਪੁੱਛਣ ਦੇ ਉਪਰੰਤ ਵਾਜੇ ਵਾਲਿਆਂ ਨੂੰ ਆਪਣੇ ਕਰਤਬ ਦੱਸਣ ਦਾ ਹੁਕਮ ਦਿੱਤਾ । ਇਸ ਸਮੇਂ ਬਹੁਤ ਹੀ ਦਿਲਖਿੱਚਵਾਂ ਵਾਜਾ ਗੋਰਿਆਂ ਵਜਾਇਆ । ਪੰਜ ਛੇ ਦਿਨ ਮਹਾਰਾਜਾ ਸਾਹਿਬ ਨੇ ਅੰਗਰੇਜ਼ੀ ਫੌਜ ਦੀ ਕਵੈਦ ਦੇਖੀ, ਪਹਿਲੇ ਤੋਪਖਾਨੇ ਦੀ ਨਿਸ਼ਾਨੇਬਾਜ਼ੀ ਅਤੇ ਫਿਰ ਪਲਟਨਾਂ ਦੀ ਕਵੈਦ ਹੋਈ, ਛੇਕੜ ਰਸਾਲੇ ਨੇ ਆਪਣੇ ਕਰਤਬ ਦੱਸੇ, ਫੇਰ ਫੌਜਾਂ ਦੇ ਅੰਗਰੇਜ਼ ਅਫਸਰ ਮੈਦਾਨ ਵਿਚ ਆਏ ਤੇ ਆਪਣੇ ਕਮਾਲ ਦਾ ਦਿਖਲਾਵਾ ਕੀਤਾ ਜਿਸ ਨੂੰ ਵੇਖ ਕੇ ਮਹਾਰਾਜਾ ਸਾਹਿਬ ਬਹੁਤ ਖੁਸ਼ ਹੋਏ । ਇਸ ਦੇ ਪਿਛੋਂ ਮਹਾਰਾਜਾ ਸਾਹਿਬ ਦੇ ਸਰਦਾਰ ਮੈਦਾਨ ਵਿਚ ਆਏ । ਸ: ਹਰੀ ਸਿੰਘ ਨਲੂਆ ਤੇ ਜਰਨੈਲ ਵਨਤੂਰਾ, ਰਾਜਾ ਸੁਚੇਤ ਸਿੰਘ ਅਤੇ ਜਰਨੈਲ ਇਲਾਹੀ ਬਖ਼ਸ਼ ਆਦਿ ਨੇ ਐਸੇ ਐਸੇ ਵੀਰਤਾ ਦੇ ਜੰਗੀ ਕਰਤੱਬ ਦੱਸੇ ਕਿ ਸਾਰੇ ਅੰਗਰੇਜ਼ ਅਸਚਰਜ ਰਹਿ ਗਏ, ਕਿਉਂਕਿ ਇਨ੍ਹਾਂ ਦਾ ਖ਼ਿਆਲ ਸੀ ਕਿ ਮਹਾਰਾਜਾ ਸਾਹਿਬ ਦੇ ਜਰਨੈਲ ਜੰਗੀ ਹੁਨਰ ਵਿਚ ਐਨੇ ਨਿਪੁੰਨ ਨਹੀਂ ਹੋਣਗੇ[2] । ਹੁਣ ਮਹਾਰਾਜਾ ਸਾਹਿਬ ਦੀ ਸੂਰਮ ਗਤੀ ਦੇ ਜੱਸ ਨੇ ਵੀ ਹੁਲਾਰਾ ਖਾਧਾ ਤੇ ਆਪ ਹਾਥੀ ਤੋਂ ਉਤਰ ਕੇ ਆਪਣੇ ਪ੍ਰਸਿੱਧ ਘੋੜੇ 'ਲੈਲੈ' ਪਰ ਸਵਾਰ ਹੋਏ ਅਤੇ ਇਕ ਗੜਵਾ ਇਨ੍ਹਾਂ ਦੇ ਮੂਹਰੇ ਮੈਦਾਨ ਵਿਚ ਰੱਖਿਆ ਗਿਆ । ਉਪਰੋਂ ਮਹਾਰਾਜਾ ਸਾਹਿਬ ਘੋੜਾ ਉਡਾ ਕੇ ਲਿਆਏ ਅਤੇ ਤਿੰਨ ਵਾਰੀ

- - - - - -

1. *ਘਨੱਯਾ ਲਾਲ, ਤਵਾਰੀਖ ਪੰਜਾਬ, ਸਫਾ 341 ।*
2. *ਘਨੱਯਾ ਲਾਲ, ਤਵਾਰੀਖ ਪੰਜਾਬ, ਸਫਾ 341 ।*

ਤਲਵਾਰ ਦੀ ਨੋਕ ਨਾਲ ਐਸੇ ਨਿਸ਼ਾਨ ਪਾਏ ਜਿਸ ਨੂੰ ਵੇਖਿਆਂ ਉਹ ਨਿਸ਼ਾਨ ਇਕ ਫੁੱਲ ਦਾ ਚਿੱਤਰ ਦਿਸਦਾ ਸੀ। ਗਵਰਨਰ ਜਨਰਲ ਅਤੇ ਹੋਰ ਅੰਗਰੇਜ਼ੀ ਅਫਸਰ ਮਹਾਰਾਜਾ ਸਾਹਿਬ ਦੀ ਵੀਰਤਾ ਤੇ ਫੌਜੀ ਕਮਾਲ ਨੂੰ ਵੇਖ ਕੇ ਵਿਡਾਣ ਰਹਿ ਗਏ। ਇਸਦੇ ਬਾਅਦ ਮਹਾਰਾਜਾ ਸਾਹਿਬ ਖ਼ੁਸ਼ੀ ਖ਼ੁਸ਼ੀ ਆਪਣੇ ਨਿਵਾਸ ਅਸਥਾਨ ਵੱਲ ਵਿਦਾ ਹੋ ਆਏ। ਛੇਵੇਂ ਦਿਨ ਗਵਰਨਰ ਜਨਰਲ ਨੇ ਮਹਾਰਾਜਾ ਸਾਹਿਬ ਦੀਆਂ ਫੌਜਾਂ ਦੀਆਂ ਕਵੈਦ ਡਿੱਠੀ। ਇਸ ਮੌਕੇ ਪਰ ਖ਼ਾਲਸਾ ਤੋਪਖਾਨੇ ਦੀ ਗੋਲਦਾਜ਼ੀ ਤੇ ਪੈਦਲ ਫੌਜ ਦਾ ਕੂਚ ਦਾ ਢੰਗ ਵੇਖ ਕੇ ਗਵਰਨਰ ਜਨਰਲ ਬਹੁਤ ਖ਼ੁਸ਼ ਹੋਏ, ਸਾਰੀ ਫੌਜ ਦੀ ਬੜੀ ਸ਼ਲਾਘਾ ਕੀਤੀ। ਇਸ ਦਿਨ ਵਿਦਾਇਗੀ ਦਾ ਦਰਬਾਰ ਹੋਇਆ, ਇਸ ਸਮੇਂ ਮਹਾਰਾਜਾ ਸਾਹਿਬ ਦੀ ਸ਼ਾਹਜ਼ਾਦਾ ਖੜਗ ਸਿੰਘ ਨੂੰ ਵਲੀਅਹਿਦੀ ਦੇ ਅਧਿਕਾਰ ਸੌਂਪਣ ਬਾਰੇ ਮੁਖੀ ਦਰਬਾਰੀਆਂ ਨਾਲ ਵਿਚਾਰ ਹੋਈ ਤਾਂ ਜੋ ਇਹ ਫੈਸਲਾ ਲਾਰਡ ਬਿਨਟਿੰਕ ਨੂੰ ਦੱਸ ਕੇ ਪੱਕਾ ਕੀਤਾ ਜਾਏ। ਬਹੁਤੇ ਦਰਬਾਰੀਆਂ ਨੇ ਮਹਾਰਾਜੇ ਦੇ ਝੁਕਾ ਨੂੰ ਵੇਖ ਕੇ ਹਾਂ ਵਿਚ ਹਾਂ ਮਿਲਾਈ ਪਰ ਇਨ੍ਹਾਂ ਵਿਚੋਂ ਇਕ ਸ਼ੇਰ ਦਿਲ ਤੇ ਦੂਰ-ਦ੍ਰਿਸ਼ਟਾ ਸ: ਹਰੀ ਸਿੰਘ ਨਲੂਆ ਹੀ ਨਿਕਲਿਆ ਜਿਸ ਨੇ ਉਪੋਕਤ ਫੈਸਲੇ ਨਾਲ ਇਹ ਆਖ ਕੇ ਅਸਹਿਮਤੀ ਪ੍ਰਗਟ ਕੀਤੀ ਕਿ ਮੈਂ ਖ਼ਾਲਸਾ ਰਾਜ ਨੂੰ ਪੰਥ ਖ਼ਾਲਸੇ ਦੀ ਇਕ ਪਾਵਨ ਅਮਾਨਤ ਸਮਝਦਾ ਹਾਂ, ਇਸ ਦੀ ਵਾਗਡੋਰ ਕਿਸੇ ਦੇ ਹੱਥ ਸੌਂਪਣ ਤੋਂ ਪਹਿਲਾਂ ਕੁਝ ਹੋਰ ਵਧੇਰੀ ਸੋਚ ਦੀ ਲੋੜ ਹੈ। ਮਲੂਮ ਹੁੰਦਾ ਹੈ ਕਿ ਨਲੂਏ ਸਰਦਾਰ ਦਾ ਵਿਚਾਰ ਸਿੱਖੀ ਦੇ ਪਵਿੱਤਰ ਧਰਮ ਦੇ ਉਨ੍ਹਾਂ ਅਸੂਲਾਂ ਅਨੁਸਾਰ ਸੀ ਜਿਹਾ ਕਿ ਗੁਰਿਆਈ ਦੀ ਗੱਦੀ-ਨਸ਼ੀਨੀ ਸਮੇਂ ਵਿਚ ਵਰਤੋਂ ਆਉਂਦੀ ਰਹੀ, ਅਰਥਾਤ ਅਧਿਕਾਰ ਦੀ ਪ੍ਰੀਖਿਆ ਨੂੰ ਰਿਸ਼ਤੇਦਾਰੀ ਦੇ ਦਾਅਵੇ ਕੋਲੋਂ ਸਦਾ ਸੁਤੰਤਰ ਰੱਖਣਾ, ਇਸ ਤਰ੍ਹਾਂ ਰਾਜ ਪ੍ਰਬੰਧ ਵੀ ਪੰਚਾਇਤੀ ਤੌਰ ਤੇ ਪਰਜਾਤੰਤਰ ਰਿਆਸਤ (Republic) ਬਣਾਉਣ ਦਾ ਸੀ ਪਰ ਸ਼ੋਕ ਹੈ ਕਿ ਮਹਾਰਾਜਾ ਉਸ ਸਮੇਂ ਬਹੁਸੰਮਤੀ ਅੱਗੇ ਝੁਕ ਗਿਆ, ਜਿਸ ਦਾ ਨਤੀਜਾ ਬਹੁਤ ਛੇਤੀ ਬੜੀ ਭਿਆਨਕ ਸ਼ਕਲ ਵਿਚ ਸੰਸਾਰ ਦੇ ਸਾਹਮਣੇ ਆਇਆ। 1 ਨਵੰਬਰ, 1831 ਈ: ਨੂੰ ਦੋਵੇਂ ਹੁਕਮਰਾਨ ਆਪੋ ਆਪਣੇ ਇਲਾਕੇ ਵਲ ਵਿਦਾ ਹੋਏ। ਮਹਾਰਾਜਾ ਸਾਹਿਬ 16 ਨਵੰਬਰ ਨੂੰ ਲਾਹੌਰ ਪਹੁੰਚ ਗਏ।

ਇਹਨਾਂ ਦਿਨਾਂ ਵਿਚ ਹੀ ਸ: ਮੇਹਰਦਿਲ ਖ਼ਾਨ ਵਾਲੀਏ ਕੰਧਾਰ ਦਾ ਏਜੰਟ ਮੀਰ ਆਕੋ ਖ਼ਾਨ ਸਣੇ ਬਹੁਮੁੱਲੀਆਂ ਸੁਗਾਤਾਂ ਦੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਮੇਹਰਦਿਲ ਖ਼ਾਨ ਦੀ ਮਿੱਤਰਤਾ ਦੀ ਪੱਤ੍ਰਿਕਾ ਮਹਾਰਾਜਾ ਸਾਹਿਬ ਨੂੰ ਦਿੱਤੀ। ਕੁਝ ਦਿਨ ਇਹ ਏਜੰਟ ਮਹਾਰਾਜਾ ਸਾਹਿਬ ਦੇ ਪਾਸ ਰਿਹਾ, ਫੇਰ ਬਹੁਮੁੱਲੀ ਖ਼ਿਲਤ ਏਜੰਟ ਨੂੰ ਅਤੇ ਕੀਮਤੀ ਸੁਗਾਤਾਂ ਖ਼ਾਨ ਲਈ ਦੇ ਕੇ ਉਸ ਨੂੰ ਵਿਦਾ ਕੀਤਾ।

ਇਹੀ ਸਾਲ ਸ਼ਾਹਜ਼ਾਦਾ ਨੌ ਨਿਹਾਲ ਸਿੰਘ ਦੀ ਮੰਗਣੀ ਲਈ ਪ੍ਰਸਿੱਧ ਹੈ, ਜੋ ਸ: ਸ਼ਾਮ ਸਿੰਘ ਅਟਾਰੀ ਵਾਲੇ ਦੀ ਕੰਨਿਆਂ ਬੀਬੀ ਨਾਨਕੀ ਜੀ ਨਾਲ ਹੋਈ।

## ਕਸ਼ਮੀਰ ਦਾ ਦੁਰਭਿੱਖ

ਸੰਮਤ 1890 ਬਿ: ਸੰਨ 1833 ਵਿਚ ਕਸ਼ਮੀਰ ਦਾ ਬੜਾ ਦੁਰਭਿਖ ਪਿਆ, ਸੈਂਕੜੇ ਘਰਾਣੇ ਇਸ ਅਪਦਾ ਦੇ ਮਾਰੇ ਪੰਜਾਬ ਵੱਲ ਭੱਜ ਨੱਠੇ। ਸ਼ੇਰਿ ਪੰਜਾਬ ਨੂੰ ਜਦ ਇਸ ਦਾ ਪਤਾ ਲੱਗਾ ਤਾਂ ਆਪਣੀ ਦਰਿਆ-ਦਿਲੀ ਅਨੁਸਾਰ ਸਭ ਤਰ੍ਹਾਂ ਨਾਲ ਇਸ ਦੇ ਉਪਾਅ ਦਾ ਯਤਨ

ਕੀਤਾ । ਜਿਹੜੇ ਲੋਕ ਕਸ਼ਮੀਰ ਤੋਂ ਲਾਹੌਰ ਪਹੁੰਚੇ ਸਨ, ਉਹਨਾਂ ਦੀ ਦੇਖਭਾਲ ਲਈ ਖ਼ੁਦਾ ਬਖ਼ਸ਼ ਕੋਤਵਾਲ ਪੁਲੀਸ ਨੂੰ ਨਿਯੁਕਤ ਕੀਤਾ ਜੋ ਉਹਨਾਂ ਦੀ ਰੋਜ਼ਾਨਾ ਰਿਪੋਰਟ ਮਹਾਰਾਜਾ ਸਾਹਿਬ ਤਕ ਪਹੁੰਚਾਇਆ ਕਰਦਾ ਸੀ । ਦੀਵਾਨ ਬੇਲੀ ਰਾਮ ਆਦਿ ਕਈ ਅਹਿਲਕਾਰ ਇਨ੍ਹਾਂ ਨੂੰ ਖ਼ਰਚ ਖ਼ੁਰਾਕ ਦੇਣ ਦੇ ਪ੍ਰਬੰਧ ਪੁਰ ਲਾਏ ਗਏ । ਇਸ ਸਮੇਂ ਜੋ ਲੋਕ ਅੰਮ੍ਰਿਤਸਰ ਆਏ ਸਨ ਇਹਨਾਂ ਦੀ ਗਿਣਤੀ ਕਈ ਹਜ਼ਾਰ ਸੀ, ਉਨ੍ਹਾਂ ਦੇ ਨਿਰਬਾਹ ਲਈ ਅਨਾਜ ਦੇ ਭੰਡਾਰ ਮੁਫਤ ਖੋਲ੍ਹੇ ਗਏ[1] । ਸ: ਲਹਿਣਾ ਸਿੰਘ ਮਜੀਠੀਆ ਤੇ ਮੀਆਂ ਸਮਦੋ ਉਹਨਾਂ ਦੀ ਦੇਖਭਾਲ ਲਈ ਮੁਕੱਰਰ ਹੋਏ ਤੇ ਜਦ ਤਕ ਇਹ ਦੁਰਭਿਖ ਹਟ ਨਾ ਗਿਆ ਇਹ ਸਹਾਇਤਾ ਲੋੜਵੰਦਾਂ ਨੂੰ ਚੋਖੇ ਸਮੇਂ ਤਕ ਮਿਲਦੀ ਰਹੀ ।

## ਪਿਸ਼ਾਵਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣਾ

ਵੈਸਾਖ ਸੰਮਤ 1891 ਬਿ: ਅਪ੍ਰੈਲ ਸੰਨ 1834 ਈ: ਨੂੰ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਮੁਖੀ ਸਰਦਾਰਾਂ ਨਾਲ ਫੈਸਲਾ ਕੀਤਾ ਕਿ ਖ਼ਾਲਸਾ ਰਾਜ ਨੂੰ ਅਫਗਾਨਿਸਤਾਨ, ਕਾਬਲ, ਕੰਧਾਰ ਤਕ ਪਹੁੰਚਾਣ ਲਈ ਇਹ ਅਤਿ ਜ਼ਰੂਰੀ ਹੈ ਕਿ ਪਹਿਲਾਂ ਪਿਸ਼ਾਵਰ ਨੂੰ ਸਣੇ ਸਬੰਧਿਤ ਇਲਾਕੇ ਦੇ ਖ਼ਾਲਸਾ ਰਾਜ ਨਾਲ ਮਿਲਾ ਲਿਆ ਜਾਵੇ । ਖ਼ਾਲਸਾ ਦਰਬਾਰ ਦੇ ਇਸ ਫੈਸਲੇ ਦਾ ਜਦ ਅੰਗਰੇਜ਼ ਗਵਰਨਰ ਜਨਰਲ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਪੁਲੀਟੀਕਲ ਏਜੰਟ ਵੈਡ ਅਤੇ ਅਲੈਗਜ਼ੈਂਡਰ ਬਰਨਸ ਦੀ ਰਾਇ ਦੀ ਪੁੱਛ ਕੀਤੀ ਕਿ ਕੀ ਖ਼ਾਲਸਾ ਅਫਗਾਨਿਸਤਾਨ ਨੂੰ ਫਤਹਿ ਕਰ ਸਕੇਗਾ ? ਜੇ ਫਤਹਿ ਕਰ ਲਿਆ ਤਾਂ ਕੀ ਉਹ ਇਸ ਮੁਲਕ ਨੂੰ ਆਪਣੇ ਅਧਿਕਾਰ ਵਿਚ ਰੱਖ ਸਕਣਗੇ ? ਇਹਨਾਂ ਦੋਵਾਂ ਅਫਸਰਾਂ ਨੇ, ਜਿਹੜੇ ਖ਼ਾਲਸੇ ਬਾਰੇ ਡੂੰਘੀ ਵਾਕਫੀ ਰੱਖਦੇ ਸਨ, ਆਪੋ ਆਪਣੀ ਰਾਇ ਇਸ ਤਰ੍ਹਾਂ ਲਿਖੀ ਹੈ :-

ਸਰ ਕਲਾਡ ਵੈਡ ਨੇ ਲਿਖਿਆ ਹੈ ਕਿ ਇਸ ਸਮੇਂ ਸਿੱਖਾਂ ਦੀ 30 ਲੱਖ ਗਿਣਤੀ ਹੈ। ਇਨ੍ਹਾਂ ਨੇ ਜਿਸ ਤਰ੍ਹਾਂ ਪੰਜਾਬ ਦੇ 4 ਕਰੋੜ ਪੰਜਾਬੀਆਂ ਨੂੰ ਬੜੀ ਸਫਲਤਾ ਨਾਲ ਆਪਣੀ ਤਹਿਤ ਵਿਚ ਰੱਖਿਆ ਹੈ ਉਹ ਉਸੇ ਤਰ੍ਹਾਂ ਅਫ਼ਗਾਨਾਂ ਨੂੰ ਵੀ ਆਪਣੇ ਅਧੀਨ ਰੱਖ ਸਕਦੇ ਹਨ। ਇਨ੍ਹਾਂ ਨੇ ਪੰਜਾਬ ਦੇ ਇਸਲਾਮੀ ਸੂਬੇ ਜਿਹਾ ਕਿ ਕਸੂਰ, ਮੁਲਤਾਨ, ਕਸ਼ਮੀਰ, ਝੰਗ ਅਤੇ ਡਿਹਰੇ ਆਦਿ ਇਹ ਸਾਰੇ ਮੁਸਲਮਾਨਾਂ ਤੋਂ ਹੀ ਫਤਹਿ ਕਰਕੇ ਆਪਣੀ ਹਕੂਮਤ ਅਟਕ ਤਕ ਪਹੁੰਚਾ ਦਿੱਤੀ ਹੈ ਉਹ ਉਸੇ ਤਰ੍ਹਾਂ ਅਫਗਾਨਿਸਤਾਨ ਨੂੰ ਵੀ ਫਤਹਿ ਕਰਕੇ ਆਪਣੇ ਅਧਿਕਾਰ ਵਿਚ ਰੱਖਣ ਦੀ ਸਮਰੱਥਾ ਵੀ ਰੱਖਦੇ ਹਨ[2] ।

ਅਲਗਜ਼ੰਡਰ ਬਰਨਸ ਨੇ ਉਤਰ ਲਿਖਿਆ ਕਿ ਇਸ ਵਿਚ ਕੋਈ ਸੰਦੇਹ ਨਹੀਂ ਕਿ ਅਫਗਾਨਿਸਤਾਨ ਬੜਾ ਕਰੜਾ ਦੇਸ਼ ਹੈ ਅਤੇ ਸ਼ਾਇਦ ਮਾਲੀ ਤੌਰ ਪਰ ਘਾਟੇਵੰਦਾ ਵੀ ਹੈ, ਪਰ ਸ਼ੇਰੇ ਪੰਜਾਬ ਨੂੰ ਐਸੇ ਵਸੀਲੇ ਮਿਲੇ ਹੋਏ ਹਨ ਜਿਹਾ ਕਿ ਉਸ ਦੇ ਭਰਪੂਰ ਖਜ਼ਾਨੇ ਤੇ ਅਣਗਿਣਤ ਕਵਾਇਦ-ਸਿੱਖੀ ਬਹਾਦਰ ਫੌਜ, ਜਿਸ ਦੇ ਕਾਰਨ ਉਹ ਉਹ ਸਮਰੱਥਾ ਰੱਖਦੇ ਹਨ ਕਿ ਆਪਣੇ ਰਾਹ ਦੀਆਂ ਸਾਰੀਆਂ ਔਕੜਾਂ ਨੂੰ ਕੁਚਲ ਕੇ ਪੂਰਨ ਸਫਲਤਾ ਪ੍ਰਾਪਤ ਕਰ ਲਏ।

- - - - - -

1. *ਲੈਪਲ ਗ੍ਰਿਫਨ ਲਿਖਦਾ ਹੈ ਕਿ ਇਸ ਕਾਲ ਸਮੇਂ ਮਹਾਰਾਜਾ ਨੇ ਪੰਜਾਹ ਹਜ਼ਾਰ ਮਣ ਅਨਾਜ ਮੁਫਤ ਵੰਡਿਆ, ਦੀ ਪੰਜਾਬ ਚੀਫਸ ।*
2. *ਜਨਰਲ ਮੋਕਮੈਨ, ਅਫਗਾਨਿਸਤਾਨ ਸਫਾ 114, ਪੁਲੀਟੀਕਲ ਪਰੋਸੀਡਰ ।*

ਪਿਸ਼ਾਵਰ ਨੂੰ ਖ਼ਾਲਸਾ ਰਾਜ ਵਿਚ ਮਿਲਾਉਣ ਲਈ ਸ: ਹਰੀ ਸਿੰਘ ਨਲੂਆ ਤੇ ਕੌਰ ਨੌ ਨਿਹਾਲ ਸਿੰਘ ਦੀ ਸਰਦਾਰੀ ਵਿਚ ਇਕ ਮੁਹਿੰਮ ਕਰਕੇ ਤੋਰੀ ਗਈ ।

ਉਧਰ ਜਦ ਬਾਰਕਜ਼ੀਆ ਨੂੰ ਮਹਾਰਾਜੇ ਦੇ ਇਸ ਇਰਾਦੇ ਦਾ ਪਤਾ ਲੱਗਾ ਤਾਂ ਉਹਨਾਂ ਨੇ ਟਾਕਰੇ ਲਈ ਭਾਰੀਆਂ ਤਿਆਰੀਆਂ ਕਰ ਲਈਆਂ, ਅਤੇ ਇਲਾਕੇ ਵਿਚੋਂ ਅਣਗਿਣਤ ਜਹਾਦੀਆਂ ਨੂੰ ਇਕੱਠਾ ਕਰਕੇ ਪਿਸ਼ਾਵਰ ਦੇ ਦਰਵਾਜ਼ੇ ਬੰਦ ਕਰ ਦਿੱਤੇ । ਸ਼ਹਿਰ ਅਤੇ ਚਨਕਨੀ[1] ਦੇ ਵਿਚਾਲੇ ਹਾਜੀ ਖ਼ਾਨ ਨੇ ਉਸ ਦੇ ਭਾਈ ਖ਼ਾਨ ਮੁਹੰਮਦ ਖ਼ਾਨ ਨੇ ਬੜੀ ਵੀਰਤਾ ਨਾਲ ਖ਼ਾਲਸਾ ਫੌਜ ਦਾ ਟਾਕਰਾ ਕੀਤਾ, ਪਰ ਭਾਰੀ ਨੁਕਸਾਨ ਉਠਾ ਕੇ ਜਦ ਭੱਜਣ ਲੱਗੇ ਤਾਂ ਘੇਰ ਕੇ ਫੜ ਲਏ । ਸ਼ਾਹਜ਼ਾਦਾ ਨੌ ਨਿਹਾਲ ਸਿੰਘ ਨੇ ਇਸ ਸਮੇਂ ਵੈਰੀ ਦੇ ਫੱਟੜਾਂ ਦੀ ਸੇਵਾ ਦਾ ਕੰਮ ਬੜੀ ਖੁੱਲ੍ਹਦਿਲੀ ਨਾਲ ਕਰਵਾਇਆ । ਖ਼ਾਲਸਾ ਫੌਜ ਪਿਸ਼ਾਵਰ ਪਹੁੰਚੀ ਤਾਂ ਉਹਨਾਂ ਨੇ ਅਗੋਂ ਸ਼ਹਿਰ ਦੇ ਬੂਹੇ ਬੰਦ ਪਾਏ । ਸ: ਹਰੀ ਸਿੰਘ ਨੇ ਉਸੇ ਵੇਲੇ ਸ਼ਹਿਰ ਨੂੰ ਘੇਰਾ ਪਾ ਲਿਆ ਅਤੇ ਕਚਿਹਰੀ ਦਰਵਾਜ਼ੇ ਵਲੋਂ ਸ਼ਹਿਰ ਦਾ ਦਰਵਾਜ਼ਾ ਉਡਾ ਕੇ ਸ਼ਹਿਰ ਤੇ ਹੱਲਾ ਕਰ ਦਿੱਤਾ । ਇਥੇ ਇਕ ਤਕੜੀ ਲੜਾਈ ਦੇ ਪਿਛੋਂ ਬਾਰਕਜ਼ਈ ਸ਼ਹਿਰ ਨੂੰ ਖਾਲੀ ਛੱਡ ਕੇ ਤਾਕਾਲ ਤੇ ਜ਼ੇਖ਼ਾਨ ਵਿਚ ਜਾ ਵੜੇ[2] । 6 ਮਈ ਸੰਨ 1834 ਈ: ਨੂੰ ਖ਼ਾਲਸੇ ਦਾ ਸ਼ਹਿਰ ਅਤੇ ਬਾਲਾ ਹਿਸਾਰ ਤੇ ਕਬਜ਼ਾ ਹੋ ਗਿਆ ।

ਇਸ ਦੇ ਉਪਰੰਤ ਮਹਾਰਾਜਾ ਸਾਹਿਬ ਆਪ ਪਿਸ਼ਾਵਰ ਆਏ ਅਤੇ ਸਾਰੇ ਸਰਹੱਦੀ ਇਲਾਕੇ ਦਾ ਪ੍ਰਬੰਧ ਕਰਨ ਦੀਆਂ ਸੋਚਾਂ ਸੋਚਦੇ ਰਹੇ । ਇਥੋਂ ਪਤਾ ਲੱਗਾ ਕਿ ਅਮੀਰ ਦੋਸਤ ਮੁਹੰਮਦ ਖ਼ਾਨ ਬਹੁਤ ਸਾਰਾ ਜਹਾਦੀ ਤੇ ਅਫਗਾਨੀ ਲਸ਼ਕਰ ਇਕੱਠਾ ਕਰਕੇ ਪਿਸ਼ਾਵਰ ਨੂੰ ਸਿੱਖਾਂ ਤੋਂ ਛੁਡਾਉਣਾ ਚਾਹੁੰਦਾ ਹੈ । ਇਧਰੋਂ ਮਹਾਰਾਜਾ ਸਾਹਿਬ ਨੇ ਆਪਣੀਆਂ ਫੌਜਾਂ ਨੂੰ ਅਮੀਰ ਦੇ ਟਾਕਰੇ ਲਈ ਸਭ ਤਰ੍ਹਾਂ ਤਿਆਰ ਕਰ ਲਿਆ ਅਤੇ ਜਿਥੇ ਜਿਥੇ ਲੋੜ ਦਿਸੀ ਉਥੇ ਹੋਕਿਆਂ ਸਾਜ ਦਿੱਤੀਆਂ, ਤਾਂ ਜੋ ਦੋਸਤ ਮੁਹੰਮਦ ਖ਼ਾਨ ਦੀ ਫੌਜ ਦੇ ਆਉਂਦਿਆਂ ਹੀ ਉਸ ਨੂੰ ਐਸਾ ਘੇਰਿਆ ਜਾਏ ਕਿ ਉਸ ਦਾ ਇਕ ਸਿਪਾਹੀ ਵੀ ਜਾਨ ਬਚਾ ਕੇ ਨਾ ਜਾ ਸਕੇ । ਅਮੀਰ ਦੋਸਤ ਮੁਹੰਮਦ ਖ਼ਾਨ ਨੇ ਜਦ ਮਹਾਰਾਜਾ ਸਾਹਿਬ ਦਾ ਐਸਾ ਪ੍ਰਬੰਧ ਤੇ ਭਾਰੀਆਂ ਤਿਆਰੀਆਂ ਦਾ ਹਾਲ ਸੁਣਿਆ, ਤਾਂ ਐਸਾ ਅਧੀਰ ਹੋਇਆ ਕਿ ਆਪਣੇ ਇਰਾਦਿਆਂ ਤੋਂ ਹੱਥ ਧੋ ਬੈਠਾ । ਉਸ ਸਮੇਂ ਉਸ ਤੋਂ ਇਕ ਅਯੋਗ ਗੱਲ ਹੋਈ ਕਿ ਜਿਸ ਦਾ ਕਲੰਕ ਸਦਾ ਲਈ ਉਸ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਕਲੰਕਿਤ ਕਰ ਗਿਆ । ਉਹ ਇਸ ਤਰ੍ਹਾਂ ਹੈ ਕਿ ਉਸ ਨੂੰ ਜਦ ਆਪਣੀ ਕਾਮਯਾਬੀ ਦੀ ਕੋਈ ਗੱਲ ਨਾ ਡਿੱਠੀ ਤਾਂ ਉਸ ਨੇ ਆਪਣਾ ਇਕ ਵਕੀਲ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜਿਆ ਤੇ ਉਸ ਦੱਸਿਆ ਕਿ ਅਮੀਰ ਕਹਿੰਦਾ ਹੈ ਕਿ ਮੈਂ ਲੜਾਈ ਤੋਂ ਅਕ ਗਿਆ ਹਾਂ ਆਪ ਆਪਣੇ ਏਲਚੀ ਭੇਜ ਕੇ ਸਾਡੇ ਨਾਲ ਹੱਦਬੰਦੀ ਠਹਿਰਾ ਲਵੋ ਤਾਂ ਜੋ ਅੱਗੇ ਨੂੰ ਸਦਾ ਲਈ ਝਗੜੇ ਮੁੱਕ ਜਾਣ ।

- - - - - -

*1. ਸ਼ੇਰਿ ਪੰਜਾਬ ਨੇ ਇਸ ਸਮੇਂ ਸ: ਹਰੀ ਸਿੰਘ ਨਲੂਆ ਨੂੰ ਲਿਖਿਆ ਕਿ ਸੁਣੀਦਾ ਹੈ ਕਿ ਚਨਕਨੀ ਵਿਚ ਬੜਾ ਪੁਰਾਣਾ ਪੁਸਤਕਾਲਯ (ਲਾਇਬਰੇਰੀ) ਹੈ, ਜੰਗ ਦੇ ਜੋਸ਼ ਵਿਚ ਕਿਸੇ ਗੱਲ ਦਾ ਧੁਰ ਸਿਰ ਨਹੀਂ ਰਹਿੰਦਾ, ਪਰ ਤੁਸਾਂ ਖ਼ਾਸ ਖਿਆਲ ਰੱਖਣਾ ਕਿ ਇਹ ਵਿੱਦਿਅਕ ਖ਼ਜ਼ਾਨਾ ਅੱਗ ਤੇ ਲੁੱਟ ਤੋਂ ਜਿਸ ਤਰ੍ਹਾਂ ਹੋ ਸਕੇ ਬਚਾ ਲਿਆ ਜਾਏ।*

*2. ਇਸ ਲੜਾਈ ਤੇ ਪਿਸ਼ਾਵਰ ਤੇ ਕਬਜ਼ਾ ਕਰਨ ਦੇ ਸਵਿਸਥਾਰ ਸਮਾਚਾਰ ਲਈ ਜੀਵਨ ਬ੍ਰਿਤਾਂਤ-ਮਹਾਰਾਜਾ ਨੌਨਿਹਾਲ ਸਿੰਘ ਪੜ੍ਹੋ । (ਲੇਖਕ)*

ਮਹਾਰਾਜੇ ਨੇ ਬਾਦਸ਼ਾਹੀ ਨਿਯਮਾਂ ਅਨੁਸਾਰ ਫਕੀਰ ਅਜ਼ੀਜ਼ੁਦੀਨ ਤੇ ਆਪਣੇ ਇਕ ਅਮਰੀਕਨ ਕਰਮਚਾਰੀ ਮਿਸਟਰ ਹਾਰਲਣ ਨੂੰ ਆਪਣਾ ਭਾਵ ਸਮਝਾ ਕੇ ਭੇਜ ਦਿੱਤਾ। ਇਹ ਜਦ ਅਮੀਰ ਕੋਲ ਪਹੁੰਚੇ ਤਦ ਉਹ ਸੁਲ੍ਹਾ ਦੇ ਨਿਯਮ ਦੇ ਵਿਰੁੱਧ ਇਹਨਾਂ ਨੂੰ ਨਜ਼ਰਬੰਦੀ ਵਿਚ ਰੱਖ ਕੇ ਆਪਣੇ ਨਾਲ ਜਲਾਲਾਬਾਦ ਲੈ ਗਿਆ, ਇਹ ਆਸ ਧਾਰ ਕੇ ਕਿ ਇਹਨਾਂ ਦੇ ਰੋਕਣੇ ਨਾਲ ਮੈਨੂੰ ਪਿਸ਼ਾਵਰ ਮਿਲ ਜਾਏਗਾ। ਇਸ ਅਯੋਗ ਕਰਨੀ ਦਾ ਜਦ ਮਹਾਰਾਜਾ ਸਾਹਿਬ ਨੂੰ ਪਤਾ ਲੱਗਾ ਤਾਂ ਆਪ ਦੇ ਬੀਰ-ਰਸ ਨੇ ਉਹ ਹੁਲਾਰਾ ਮਾਰਿਆ ਕਿ ਆਪ ਨੇ ਉਸੇ ਦਿਨ ਹੁਕਮ ਦਿੱਤਾ ਕਿ ਜਿੰਨੀ ਛੇਤੀ ਲੜਾਈ ਦੀਆਂ ਤਿਆਰੀਆਂ ਹੋ ਸਕਣ ਕਰਕੇ ਬਹੁਤ ਛੇਤੀ ਜਲਾਲਾਬਾਦ ਤੇ ਧਾਵਾ ਕਰ ਦੇਣਾ ਚਾਹੀਦਾ ਹੈ ਤੇ ਇਕ ਫਕੀਰ ਅਜ਼ੀਜ਼ੁਦੀਨ ਦੇ ਬਦਲੇ ਜਦ ਤਕ ਮੈਂ ਹਜ਼ਾਰਾਂ ਅਫਗਾਨਾਂ ਦੇ ਲਹੂ ਨਾਲ ਆਪਣੀ ਤਲਵਾਰ ਦੀ ਪਿਆਸ ਨਾ ਬੁਝਾ ਲਵਾਂਗਾ, ਪਿਛੇ ਨਹੀਂ ਮੁੜਾਂਗਾ। ਏਧਰ ਇਹ ਤਿਆਰੀਆਂ ਦਿਨ ਰਾਤ ਹੋਣ ਲੱਗੀਆਂ, ਉਧਰ ਫਕੀਰ ਸਾਹਿਬ ਨੇ ਜੋ ਬੜੇ ਸ਼ਾਂਤ ਸੁਭਾਅ ਵਾਲੇ ਅਤੇ ਆਪਣੇ ਸਮੇਂ ਦੇ ਨਾਮੀ ਵਿਦਵਾਨ ਸਨ - ਅਮੀਰ ਦੋਸਤ ਮੁਹੰਦ ਖ਼ਾਨ ਨੂੰ ਸਮਝਾਇਆ ਕਿ ਆਪ ਨੂੰ ਸਾਨੂੰ ਰੋਕਣਾ ਸਾਡੇ ਲਈ ਤਾਂ ਹਾਨੀਕਾਰਕ ਨਹੀਂ, ਪਰ ਆਪ ਲਈ ਅਤਿ ਭਿਆਨਕ ਹੈ। ਸ਼ੇਰਿ ਪੰਜਾਬ ਨੂੰ ਇਸ ਅਯੋਗਤਾ ਦਾ ਪਤਾ ਲੱਗ ਗਿਆ ਹੈ, ਹੁਣ ਅਫਗਾਨਿਸਤਾਨ ਦਾ ਬੱਚਾ ਬੱਚਾ ਖ਼ਾਲਸੇ ਦੀ ਤਲਵਾਰ ਤੋਂ ਬਚ ਨਹੀਂ ਸਕੇਗਾ, ਹਜ਼ਾਰਾਂ ਬੇ-ਗੁਨਾਹਾਂ ਦਾ ਲਹੂ ਆਪ ਦੇ ਇਸ ਅਯੋਗ ਕਾਰੇ ਬਦਲੇ ਡੁੱਲ੍ਹੇਗਾ, ਇਸ ਲਈ ਆਪ ਨੂੰ ਚਾਹੀਦਾ ਹੈ ਕਿ ਆਪ ਆਪਣੇ ਕੀਤੇ ਤੇ ਪਛਤਾਓ ਤੇ ਸਾਨੂੰ ਛੇਤੀ ਹੀ ਜਾਣ ਦੇਵੋ, ਤਾਂ ਜੋ ਅਸੀਂ ਜਾ ਕੇ ਮਹਾਰਾਜਾ ਸਾਹਿਬ ਦੇ ਗੁੱਸੇ ਨੂੰ ਠੰਡਾ ਕਰੀਏ। ਕਹਿੰਦੇ ਹਨ ਕਿ ਦੋਸਤ ਮੁਹੰਮਦ ਖ਼ਾਨ ਨੇ ਫਕੀਰ ਜੀ ਦੀ ਜ਼ੁਬਾਨੀ ਇਹ ਗੱਲ ਸੁਣ ਕੇ ਬੜਾ ਪਸ਼ਚਾਤਾਪ ਕੀਤਾ ਅਤੇ ਬੜੀ ਇੱਜ਼ਤ ਨਾਲ ਇਹਨਾਂ ਦੋਹਾਂ ਨੂੰ ਮਹਾਰਾਜਾ ਸਾਹਿਬ ਦੇ ਡੇਰੇ ਵਿਚ ਭਿਜਵਾ ਦਿੱਤਾ।

ਸ਼ੇਰਿ ਪੰਜਾਬ ਇਸ ਘ੍ਰਿਣਤ ਕੰਮ ਤੋਂ ਇੰਨੇ ਜ਼ਿਆਦਾ ਜੋਸ਼ ਵਿਚ ਆਏ ਸਨ ਕਿ ਇਹਨਾਂ ਦੇ ਮੁੜ ਆਉਣ ਪਰ ਵੀ ਉਹਨਾਂ ਦਾ ਇਰਾਦਾ ਨਾ ਬਦਲਿਆ, ਉਹ ਚਾਹੁੰਦੇ ਸਨ ਕਿ ਅਫਗਾਨਾਂ ਨੂੰ ਇਸ ਦੀ ਕਰੜੀ ਸਿੱਖਿਆ ਦਿੱਤੀ ਜਾਏ, ਪਰ ਫਕੀਰ ਦੇ ਬੇਨਤੀ ਕਰਨ ਪੁਰ ਕਿ ਉਹ ਉਹਨਾਂ ਨਾਲ ਵਾਇਦਾ ਕਰ ਆਇਆ ਹੈ ਕਿ ਉਹ ਇਸ ਸਮੇਂ ਮਹਾਰਾਜਾ ਸਾਹਿਬ ਨੂੰ ਲੜਾਈ ਤੋਂ ਬੇਨਤੀ ਕਰਕੇ ਟਾਲ ਦੇਵੇਗਾ, ਤਾਂ ਮਸਾਂ ਕਿਤੇ ਜਾ ਕੇ ਮਹਾਰਾਜਾ ਦਾ ਗੁੱਸਾ ਠੰਢਾ ਹੋਇਆ।

ਮਹਾਰਾਜਾ ਸਾਹਿਬ ਨੇ ਸਰਹੱਦ ਪਰ ਮਿਚਨੀ ਤੇ ਸਿੱਖ ਢੇਰੀ ਵਿਚ (ਜੋ ਅਜ ਕਲ੍ਹ ਕਿਲ੍ਹਾ ਸ਼ਕਰ ਗੜ੍ਹ ਜਾਂ ਸ਼ਬਕਦਰ ਦੇ ਨਾਮ ਪਰ ਪ੍ਰਸਿੱਧ ਹੈ) ਕਿਲ੍ਹੇ ਬਣਵਾਉਣ ਦਾ ਹੁਕਮ ਦਿੱਤਾ, ਜਿਨ੍ਹਾਂ ਦੀਆਂ ਤਿਆਰੀਆਂ ਲਈ ਸਰਦਾਰ ਹਰੀ ਸਿੰਘ ਨਲੂਆ ਨੀਯਤ ਹੋਇਆ, ਜੋ ਉਸ ਨੇ ਇਹ ਅਤੇ ਹੋਰ ਲੋੜੀਂਦੇ ਕਿਲ੍ਹੇ ਬੜੀ ਯੋਗਤਾ ਨਾਲ ਬਹੁਤ ਛੇਤੀ ਤਿਆਰ ਕਰਵਾ ਲਏ।

ਇਸ ਦੇ ਪਿਛੋਂ ਮੁਲਕੀ ਪ੍ਰਬੰਧ ਵੱਲ ਵੀ ਧਿਆਨ ਦਿੱਤਾ ਤੇ ਪਿਸ਼ਾਵਰ ਦਾ ਪਹਿਲਾ ਗਵ੍ਰਨਰ ਤੇ ਫੌਜੀ ਕਮਾਂਡਰ ਇਨ ਚੀਫ ਸਰਦਾਰ ਹਰੀ ਸਿੰਘ ਸਥਾਪ੍ਤ ਹੋਇਆ ਅਤੇ ਕੰਮ ਸਿੱਖਣ ਲਈ ਸ਼ਾਹਜ਼ਾਦਾ ਨੌਨਿਹਾਲ ਸਿੰਘ ਇਸ ਨਾਲ ਲਾਇਆ ਗਿਆ। ਇਉਂ ਜਦ ਸਾਰਾ ਪ੍ਰਬੰਧ ਠੀਕ ਹੋ ਗਿਆ ਤਾਂ ਇਲਾਕੇ ਦੇ ਰਈਸਾਂ ਨੂੰ ਅੱਗੇ ਲਿਖੀਆਂ ਜਾਗੀਰਾਂ ਬਖਸ਼ੀਆਂ ਗਈਆਂ:-

ਪਹਿਲੀ ਜਾਗੀਰ ਸੁਲਤਾਨ ਮੁਹੰਮਦ ਖ਼ਾਨ ਨੂੰ ਕੋਹਾਤ ਅਤੇ ਹਿਸਤ-ਨਗਰ ਵਿਚ ਦਿੱਤੀ ਜਿਸਦੀ ਵਾਰਸ਼ਕ ਆਮਦਨ ਤਿੰਨ ਲੱਖ ਰੁਪਿਆ ਸੀ, ਇਸ ਤੋਂ ਛੁੱਟ 25000)ਦਾ ਇਲਾਕਾ ਦੁਆਬੇ ਵਿਚ ਬਖਸ਼ਿਆ। ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਰਈਸਾਂ ਅਤੇ ਅਰਬਾਬਾਂ ਨੂੰ ਮੁਆਵਜ਼ਾ ਤੇ ਜਾਗੀਰਾਂ ਮਿਲੀਆਂ। ਹੁਣ ਇਥੋਂ ਦਾ ਸਾਰਾ ਪ੍ਰਬੰਧ ਠੀਕ ਕਰਕੇ[1] ਮਹਾਰਾਜਾ ਸਾਹਿਬ ਲਾਹੌਰ ਪਰਤ ਆਏ।

## ਜਨਰਲ ਐਲਾਰਡ ਦਾ ਛੁੱਟੀ ਤੋਂ ਪਰਤਣਾ

ਸੰਨ 1836 ਈ: ਵਿਚ ਜਨਰਲ ਐਲਾਰਡ ਛੁੱਟੀ ਪੂਰੀ ਕਰਕੇ ਆਪਣੇ ਦੇਸ਼ ਫਰਾਂਸ ਤੋਂ ਲਾਹੌਰ ਪਰਤਿਆ ਤਾਂ ਇਸ ਸਮੇਂ ਇਹ ਇਕ ਖ਼ਤ ਹਕੂਮਤ ਫਰਾਂਸ ਦਾ[2] ਅਤੇ ਹੋਰ ਕਈ ਬਹੁਮੁੱਲੀਆਂ ਸੁਗਾਤਾਂ ਮਹਾਰਾਜਾ ਲਈ ਲਿਆਇਆ। ਇਸ ਸਮੇਂ ਇਸ ਨੇ ਇਕ ਬੜੀ ਮਨੋਰੰਜਕ ਕਵਿਤਾ ਕਿਸੇ ਕਵੀ ਤੋਂ ਫਾਰਸੀ ਲਿੱਪੀ ਵਿਚ ਤਿਆਰ ਕਰਵਾ ਕੇ ਮੁਖ ਆਗਰ ਕੰਠ ਕਰ ਲਈ ਸੀ ਅਤੇ ਜਦ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਬੜੀ ਪ੍ਰਭਾਵਸ਼ਾਲੀ ਅਤੇ ਅਦਬ ਭਰੀ ਆਵਾਜ਼ ਨਾਲ ਇਸ ਤਰ੍ਹਾਂ ਸੁਣਾਈ :-

ਇਲਾਹੀ ਬਾਦਸ਼ਾਹਮ ਜ਼ਿੰਦਾਬਾਦ।
ਫਲਕ ਦਰ ਖਿਦਮਤੇ ਉਹ ਬੰਦਾਬਾਦਾ।
ਬਦਰਗਾਹਸ਼ ਰਸਮ ਅਜ਼ਜ਼ਾ ਯਾਬੰਮ।
ਦਹਮ ਜਾਂ ਗਰਦਨੇ ਅਜ ਹੁਕਮਸ਼ ਬਤਾਦੰਮ।
ਬੁਵਦ ਲਾਹੌਰ ਗੁਰ ਮੀਰਮ ਮੁਜ਼ਾਰਮ।
ਬੁਵਦ ਤਬੂਤ ਦਰ ਗੁੰਚਾ ਅਤਾਦੰਮ[3]।

------

1. *ਸ਼ੇਰਿ ਪੰਜਾਬ ਤੇ ਸ: ਹਰੀ ਸਿੰਘ ਨੇ ਮਿਲ ਕੇ ਇਸ ਸਮੇਂ ਸਰਹੱਦੀ ਇਲਾਕੇ ਦਾ ਦੌਰਾ ਕੀਤਾ ਅਤੇ ਇਸ ਦੀ ਹਰਿਆਵਲੀ ਨੂੰ ਵੇਖ ਕੇ ਇਹ ਫੈਸਲਾ ਕੀਤਾ ਕਿ ਪਰਗਣਾ ਪਿਸ਼ਾਵਰ, ਹਿਸ਼ਤ ਨਗਰ ਤੇ ਯੂਸਫਜ਼ਈ ਦੇ ਰਮਣੀਕ ਇਲਾਕੇ ਵਿਚ ਸਿੱਖਾਂ ਦੀ ਨੌਆਬਾਦੀ ਸਥਾਪਤ ਕੀਤੀ ਜਾਏ, ਅਰਥਾਤ ਖ਼ਾਲਸੇ ਨੂੰ ਪੰਜਾਬ ਤੋਂ ਲਿਆ ਕੇ ਇਥੇ ਵਸਾਇਆ ਜਾਏ। ਇਉਂ ਕਰਨ ਨਾਲ ਇਕ ਤਾਂ ਖ਼ਾਲਸੇ ਨੂੰ ਇਸ ਉਪਜਾਊ ਧਰਤੀ ਤੋਂ ਲਾਭ ਪਹੁੰਚੇਗਾ, ਦੂਜਾ ਖ਼ਾਲਸੇ ਦੇ ਇਥੇ ਅਫਗਾਨਾਂ ਦੇ ਸਿਰ ਉਪਰ ਆ ਵਸਣ ਨਾਲ ਸਰਹੱਦੀ ਲੜਾਈਆਂ ਸਦਾ ਲਈ ਮੁੱਕ ਜਾਣਗੀਆਂ। ਚੁਨਾਚਿ ਇਸ ਪ੍ਰਯੋਜਨ ਨੂੰ ਪੂਰਾ ਕਰਨ ਲਈ ਪੰਜਾਬ ਦੇ ਪ੍ਰਸਿੱਧ ਸ਼ਹਿਰਾਂ ਦੇ ਨਾਂ ਉਪਰ ਇਥੇ ਪਿੰਡ ਵਸਾਏ ਗਏ, ਜਿਹਨਾਂ ਵਿਚੋਂ ਗੁਜਰਾਤ, ਲਾਹੌਰ, ਸ਼ੇਰਗੜ੍ਹ, ਸਿੱਖਾਂ ਦੀ ਢੇਰੀ, ਚੱਕ ਖ਼ਾਲਸਾ ਆਦਿ ਅਜ ਤਕ ਇਸ ਇਲਾਕੇ ਵਿਚ ਸਥਿਰ ਹਨ ਪਰ ਕਿਉਂਕਿ ਉਸ ਨੂੰ ਇਸ ਇਰਾਦੇ ਦੇ ਪੂਰਾ ਕਰਨ ਤੋਂ ਪਹਿਲਾਂ ਹੀ ਸੰਸਾਰ ਤੋਂ ਕੂਚ ਕਰਨਾ ਪਿਆ, ਇਸ ਲਈ ਹੀ ਇਹ ਯੋਜਨਾ ਵਿਚ ਹੀ ਅਧੂਰੀ ਰਹੀ।*
2. *ਅਸਲ ਖਤ, ਜਿਸ ਉਤੇ 27 ਅਕਤੂਬਰ ਸੰਨ 1835 ਤਾਰੀਖ ਲਿਖੀ ਹੋਈ ਹੈ, ਇੰਡੀਆ ਆਫਿਸ ਦੀ ਲਾਇਬਰੇਰੀ ਵਿਚ ਪਿਆ ਹੈ, ਇਹ ਸ਼ਾਹ ਲੋਇਸ ਫਿਲਪ ਵਲੋਂ ਹੈ ਜਿਸ ਵਿਚ ਉਸ ਨੇ ਆਪਣੇ ਆਪ ਨੂੰ ਸ਼ਹਿਨਸ਼ਾਹ ਫਰਾਂਸ ਲਿਖਿਆ ਹੈ ਅਤੇ ਮਹਾਰਾਜਾ ਸਾਹਿਬ ਨੂੰ ਪੰਜਾਬ ਦਾ ਬਾਦਸ਼ਾਹ ਸੰਬੋਧਨ ਕੀਤਾ ਸੀ।*
3. *ਐਲਾਰਡ 23 ਜਨਵਰੀ ਸੰਨ 1839 ਈ: ਦੀ ਰਾਤ ਨੂੰ 52 ਸਾਲ ਦੀ ਉਮਰ ਵਿਚ ਦਿਲ ਦੀ ਧੜਕਨ ਖਲੋ ਜਾਣ ਨਾਲ ਪਿਸ਼ਾਵਰ ਵਿਚ ਗੋਰਖ ਹਟੜੀ ਵਿਚ ਮਰ ਗਿਆ। ਉਸ ਦੀ ਵਸੀਅਤ ਅਨੁਸਾਰ ਉਸ ਦੀ ਮ੍ਰਿਤੂ ਦੇਹ ਲਾਹੌਰ ਲਿਆਂਦੀ ਗਈ ਤੇ ਬੜੀ ਭਾਰੀ ਫੌਜ ਨਾਲ ਜਿਥੇ ਅਜ ਕਲ੍ਹ ਕਪੂਰਥਲਾ ਹਾਊਸ ਹੈ, ਕੁੜੀ ਬਾਗ ਵਿਚ ਆਪਣੀ ਲੜਕੀ ਦੀ ਕਬਰ ਨਾਲ ਦਫਨਾਈ ਗਈ। ਇਹ ਕਬਰ ਅਜੇ ਤੀਕ ਲਾਹੌਰ ਦੇ ਕੁੜੀ ਬਾਗ ਵਿਚ ਮੌਜੂਦ ਹੈ।*

ਇਸ ਛੋਟੀ ਜਿਹੀ ਕਵਿਤਾ ਦਾ ਸਾਰੇ ਦਰਬਾਰੀਆਂ ਉਤੇ ਉਹ ਅਸਰ ਹੋਇਆ ਕਿ ਸਭ ਦੇ ਮੂੰਹ ਤੋਂ ਵਾਹ ! ਵਾਹ !! ਦੀ ਆਵਾਜ਼ ਗੂੰਜ ਨਿਕਲੀ। ਮਹਾਰਾਜਾ ਸਾਹਿਬ ਵੀ ਬਹੁਤ ਖ਼ੁਸ਼ ਹੋਏ ਅਤੇ ਉਸ ਦੀ ਬੜੀ ਇੱਜ਼ਤ ਤੇ ਸ਼ਲਾਘਾ ਕੀਤੀ ਅਤੇ ਉਸ ਨੂੰ ਬਹੁਮੁੱਲੀ ਖ਼ਿਲਤ ਬਖਸ਼ੀ। ਮਹਾਰਾਜਾ ਸਾਹਿਬ ਨੇ ਇਹਨਾਂ ਉਪਰ ਦੱਸੀਆਂ ਸੁਗਾਤਾਂ ਦੇ ਮੁੱਲ ਤੋਂ ਵੱਖ 30000 ਰੁਪਿਆ ਇਨਾਮ ਵਜੋਂ ਦਿੱਤਾ।

## ਕੌਰ ਨੌਨਿਹਾਲ ਸਿੰਘ ਦਾ ਵਿਆਹ

ਇਹ ਵਿਆਹ ਜੋ ਪੰਜਾਬ ਦੇ ਇਤਿਹਾਸ ਵਿਚ ਅਦੁੱਤੀ ਮੰਨਿਆਂ ਜਾਂਦਾ ਹੈ, 23 ਫੱਗਣ 1894 ਬਿ: ਨੂੰ ਹੋਇਆ। ਇਸ ਸਮੇਂ ਸ਼ੇਰਿ ਪੰਜਾਬ ਨੇ ਦੂਰ ਦੂਰ ਦੇ ਰਾਜੇ ਮਹਾਰਾਜਿਆਂ ਤੋਂ ਛੁੱਟ ਗਵਰਨਰ ਜਨਰਲ ਹਿੰਦ ਅਤੇ ਹੋਰ ਕਈ ਮਿੱਤਰਾਂ ਨੂੰ ਸੱਦੇ ਘੱਲੇ। ਗਵਰਨਰ ਜਨਰਲ ਵਲੋਂ ਸਰ ਹੈਨਰੀ ਫੈਨ ਕਮਾਂਡਰ ਇਨ ਚੀਫ ਸਣੇ ਲੇਡੀ ਫੈਨ ਤੇ ਸਟਾਫ਼ ਦੇ ਆਏ। ਪਤਵੰਤੇ ਪ੍ਰਾਹੁਣਿਆਂ ਵਿਚ ਮਹਾਰਾਜਾ ਪਟਿਆਲਾ, ਨਾਭਾ, ਜੀਂਦ, ਫਰੀਦਕੋਟ, ਨਵਾਬ ਮਲੇਰਕੋਟਲਾ, ਰਾਜਾ ਕਪੂਰਥਲਾ, ਕਲਸੀਆਂ, ਨਰੈਣਗੜ੍ਹ, ਸਿੰਘ ਗੜ੍ਹ, ਮੰਡੀ ਤੇ ਸਕੇਤ ਆਦਿ ਆਪਣੀਆਂ ਅੰਗ-ਰੱਖਿਅਕ ਫੌਜਾਂ ਦੇ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਗਏ। ਇਸ ਤਰ੍ਹਾਂ ਵਿਆਹ ਤੋਂ ਕੁਝ ਦਿਨ ਪਹਿਲਾਂ ਹੀ ਪੰਜ ਲੱਖ ਤੋਂ ਵੱਧ ਇਕੱਠ ਹੋ ਗਿਆ। ਇਥੇ ਇਨ੍ਹਾਂ ਦੀ ਬੜੇ ਮਾਨ ਤੇ ਵਡਿਆਈ ਨਾਲ ਆਓ ਭਗਤ ਕੀਤੀ ਗਈ ਅਤੇ ਹਰ ਇਕ ਰਾਜੇ ਅਤੇ ਮਹਾਰਾਜਿਆਂ ਲਈ ਵੱਖੋ-ਵੱਖ ਨਿਵਾਸ ਅਸਥਾਨ ਸਨ ਜੋ ਬੜੀਆਂ ਸਜਾਵਟਾਂ ਨਾਲ ਸਜਾਏ ਗਏ ਸਨ, ਇਥੋਂ ਤਕ ਕਿ ਹਰ ਇਕ ਜਾਂਜੀ ਦੇ ਬਿਸਤਰੇ ਵਿਚ 30 ਤਰ੍ਹਾਂ ਦੇ ਕੱਪੜੇ ਮੌਜੂਦ ਸਨ, ਜਿਨ੍ਹਾਂ ਪਰ ਬੜਾ ਕੋਮਲ ਪਸ਼ਮੀਨੇ ਦਾ ਕੰਮ ਕੀਤਾ ਹੋਇਆ ਸੀ। ਹੁਣ ਜਦ ਦੋਹਾਂ ਧਿਰਾਂ ਵਲੋਂ ਭਾਰੀ ਸ਼ਾਨ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਟਾਰੀ ਜਾਣ ਲਈ ਚੜ੍ਹਾਈ ਕੀਤੀ। ਇਸ ਸਮੇਂ ਸਾਰੇ ਪਤਵੰਤੇ ਪ੍ਰਾਹੁਣੇ ਸਜੀਲੇ ਹਾਥੀਆਂ ਪਰ ਸਵਾਰ ਹੋ ਗਏ। ਪਹਿਲੇ ਇਹ ਸਾਰਾ ਜਲੂਸ ਸ਼ਹਿਰ ਦੇ ਵਿਚੋਂ ਦੀ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਜੀ ਪਹੁੰਚਿਆ, ਜਿਥੇ ਮਹਾਰਾਜਾ ਸਾਹਿਬ ਨੇ ਸਣੇ ਆਪਣੇ ਸਾਹਿਬਜ਼ਾਦਿਆਂ ਦੇ ਇਸ ਕਾਰਜ ਦੀ ਨਿਰਵਿਘਨਤਾ ਲਈ ਅਰਦਾਸਾ ਸੋਧਿਆ ਅਤੇ ਹਜ਼ਾਰਾਂ ਬੁਤਕੀਆਂ ਸ੍ਰੀ ਗ੍ਰੰਥ ਸਾਹਿਬ ਜੀ ਦੀ ਭੇਟਾ ਕੀਤੀਆਂ। ਇਸ ਤੋਂ ਪਿਛੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਅਰਦਾਸਾ ਹੋਇਆ, ਫੇਰ 225 ਰੁਪਏ ਹਰ ਇਕ ਗੁਰਦੁਆਰੇ ਦੀ ਭੇਟਾ ਕੀਤੇ ਅਤੇ 5000 ਰੁਪਿਆ ਅਕਾਲੀ ਜੱਥੇ ਦੇ ਪਰਸ਼ਾਦੇ ਲਈ ਦਿੱਤਾ[1]। ਇਸ ਤੋਂ ਉਪਰੰਤ ਮਹਾਰਾਜਾ ਸਾਹਿਬ ਨੇ ਆਪਣੇ ਸਾਰੇ ਅੰਗਰੇਜ਼ ਅਤੇ ਦੇਸੀ ਪਤਵੰਤੇ ਪ੍ਰਾਹੁਣਿਆਂ ਦਿਆਂ ਹਾਥੀਆਂ ਪਰ ਦੋ ਦੋ ਹਜ਼ਾਰ ਰੁਪਏ ਦੀਆਂ ਮੂੰਹ ਖੋਲੀਆਂ ਥੈਲੀਆਂ ਰਖਵਾ ਦਿੱਤੀਆਂ ਤਾਂ ਜੋ ਇਨ੍ਹਾਂ ਨੂੰ ਰਸਤੇ ਵਿਚ ਜਿਥੇ ਵੀ ਮੰਗਤਾ ਨਜ਼ਰੀਂ ਪਏ, ਖੁੱਲ੍ਹੇ ਦਿਲ ਨਾਲ ਉਹਨਾਂ ਨੂੰ ਇਹ ਰੁਪਿਆ ਵੰਡਿਆ ਜਾਵੇ। ਇਸ ਸਮੇਂ ਦੀ ਛਬ ਤੇ ਸਜ ਧਜ ਦੀ ਕੋਈ ਹੱਦ ਨਹੀਂ ਸੀ, ਕਿਲ੍ਹਾ ਗੋਬਿੰਦਗੜ੍ਹ ਤੋਂ ਲੈ ਕੇ ਦੂਰ ਤਕ ਆਦਮੀ ਹੀ ਆਦਮੀ ਨਜ਼ਰ ਆਉਂਦੇ ਸਨ। ਇਸ ਸਮੇਂ ਖ਼ਾਲਸਾ ਰਾਜ ਦੇ ਇਕ ਘਾਹੀਏ ਤੋਂ ਲੈ ਕੇ ਜਰਨੈਲ ਤਕ ਨੇ ਸਜੀਲੇ ਛਬੀਲੇ

- - - - - -

1. *ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ, ਸਫਾ 477।*

ਬਸਤਰ ਪਹਿਨੇ ਹੋਏ ਸਨ। ਸਾਨੂੰ ਇਕ ਬਿਰਧ ਬਜ਼ੁਰਗ ਦੇ ਦਰਸ਼ਨ ਹੋਏ, ਜਿਸ ਨੇ ਇਹ ਵਿਆਹ ਆਪਣੀ ਅੱਖੀਂ ਡਿੱਠਾ ਸੀ, ਜਦ ਉਹ ਸਾਨੂੰ ਇਸ ਦੀ ਵਿੱਥਿਆ ਸੁਣਾਂਦਾ ਸੀ ਤਾਂ ਉਸ ਅਦੁੱਤੀ ਛਬ ਨੂੰ ਚੇਤੇ ਕਰਕੇ ਝੂਮਦਾ ਸੀ ਤੇ ਅੱਖਾਂ ਤੋਂ ਜੋਸ਼ ਦੇ ਹੰਝੂ ਕੇਰਦਾ ਜਾਂਦਾ ਸੀ ਤੇ ਨਾਲ ਹੀ ਦਸਦਾ ਸੀ ਕਿ ਉਸ ਸਮੇਂ ਇਹ ਜਾਪਦਾ ਸੀ ਕਿ ਪੰਜਾਬ ਦਾ ਕੋਈ ਦੁੱਖ ਭੁੱਖ ਦਾ ਨਾਂ ਵੀ ਨਹੀਂ ਜਾਣਦਾ ਸੀ। ਸ਼ਾਹੀ ਪ੍ਰਾਹੁਣਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ, ਪਰ ਦਰਸ਼ਕ ਦੇਸ਼ ਦੀ ਹਰ ਇਕ ਨੁਕਰ ਤੋਂ ਦਰਸ਼ਨ ਮੇਲੇ ਲਈ ਕਈ ਲੱਖ ਦੀ ਗਿਣਤੀ ਵਿਚ ਆਏ ਹੋਏ ਸਨ। ਮੈਕਗਰੈਗਰ ਲਿਖਦਾ ਹੈ ਕਿ ਜਿਹੜਾ ਰਸਤਾ ਹਾਥੀਆਂ ਦੀ ਸਵਾਰੀ ਲੰਘਣ ਲਈ ਨੀਯਤ ਕੀਤਾ ਗਿਆ ਸੀ ਉਸ ਦੇ ਦੋਹਾਂ ਪਾਸਿਆਂ ਵੱਲ ਕੋਹਾਂ ਤਕ ਦਰਸ਼ਕ ਖਲੋਤੇ ਸਨ। ਹਾਥੀਆਂ ਵਿਚੋਂ ਇਹ ਪਤਵੰਤੇ ਜਾਂਵੀ ਖੁੱਲ੍ਹੇ ਦਿਲ ਨਾਲ ਉਹਨਾਂ ਤੇ ਰੁਪਏ ਤੇ ਬੁਤਕੀਆਂ ਦਾ ਮੀਂਹ ਵਸਾਈ ਜਾਂਦੇ ਸਨ। ਸ਼ੇਰਿ ਪੰਜਾਬ ਤੇ ਸਰ ਹੈਨਰੀ ਫੈਨ ਮਹਾਰਾਜੇ ਦੇ ਪ੍ਰਸਿੱਧ ਹਾਥੀ ਇੰਦਰ ਗਜ ਦੀ ਅਮਾਰੀ ਵਿਚ ਬੈਠੇ ਸਨ, ਉਦਾਰਚਿੱਤ ਮਹਾਰਾਜਾ ਦੋਹਾਂ ਹੱਥਾਂ ਨਾਲ ਥੈਲੀਆਂ ਵਿਚੋਂ ਮੋਹਰਾਂ ਉਡਾਈ ਜਾਂਦਾ ਸੀ। ਅਟਾਰੀ ਪਹੁੰਚਣ ਤਕ ਸਾਰੇ ਰਸਤੇ ਇਹੋ ਹੀ ਹਾਲ ਰਿਹਾ, ਅਰਥਾਤ ਇਥੋਂ ਤਕ ਕਿ ਲੱਖਾਂ ਰੁਪਏ ਵੰਡੇ ਗਏ।

ਹੁਣ ਇਹ ਜਲੂਸ ਇਸ ਤਰ੍ਹਾਂ ਭਾਰੀ ਠਾਠ-ਬਾਠ ਨਾਲ ਅਟਾਰੀ ਪਹੁੰਚਿਆ, ਸਾਰੇ ਪ੍ਰਾਹੁਣੇ ਆਪੋ ਆਪਣੀਆਂ ਸਵਾਰੀਆਂ ਤੋਂ ਉਤਰੇ ਤੇ ਇਥੋਂ ਇਕ ਸੁੰਦਰ ਫਰਸ਼ ਪਰ - ਜੋ ਬਹੁਮੁੱਲੀ ਕੀਮਖਾਬ ਤੇ ਮਖ਼ਮਲ ਨਾਲ ਸਜਾਇਆ ਗਿਆ ਸੀ - ਕੁਝ ਕਦਮ ਅੱਗੇ ਵਧੇ। ਇਥੇ ਬੁੱਢੇ ਪਰ ਨੌਜਵਾਨਾਂ ਤੋਂ ਬਹਾਦਰ, ਸਰਦਾਰ ਸ਼ਾਮ ਸਿੰਘ ਨੇ ਸਣੇ ਆਪਣਿਆਂ ਸਬੰਧੀਆਂ ਦੇ ਇਹਨਾਂ ਦਾ ਬੜੇ ਉਤਸ਼ਾਹ ਨਾਲ ਸੁਆਗਤ ਕੀਤਾ ਤੇ 101 ਮੋਹਰਾਂ ਤੇ ਪੰਜ ਬੜੇ ਕੀਮਤੀ ਸਮਾਨ ਨਾਲ ਸਜੇ ਘੋੜੇ ਇਸ ਸਮੇਂ ਮਹਾਰਾਜਾ ਸਾਹਿਬ ਨੂੰ ਭੇਟ ਕੀਤੇ ਗਏ। ਸ਼ਾਹਜ਼ਾਦਾ ਖੜਗ ਸਿੰਘ ਨੂੰ 51 ਮੁਹਰਾਂ ਤੇ ਇਕ ਘੋੜਾ ਦਿੱਤਾ, ਇਸ ਤਰ੍ਹਾਂ ਸ਼ਾਹਜ਼ਾਦਾ ਸ਼ੇਰ ਸਿੰਘ ਨੂੰ 41 ਮੁਹਰਾਂ ਤੇ ਘੋੜਾ ਦਿੱਤਾ, ਇਸ ਤੋਂ ਛੁਟ ਸਾਰੇ ਵੱਡੇ ਵੱਡੇ ਪ੍ਰਹੁਣਿਆਂ ਨੂੰ ਕੁਝ ਨਾ ਕੁਝ ਭੇਟਾ ਮਿਲਣੀਆਂ ਦੀਆਂ ਦਿੱਤੀਆਂ[1]। ਫੇਰ ਸਭ ਨੂੰ ਆਪੋ ਆਪਣੀ ਯੋਗ ਥਾਂ ਪਰ ਬਿਠਾਇਆ ਗਿਆ।

ਮਿਲਣੀ ਦੀ ਰਸਮ ਪੂਰੀ ਹੋ ਜਾਣ ਪਿਛੋਂ ਮਹਾਰਾਜਾ ਰਣਜੀਤ ਸਿੰਘ ਤੇ ਸਰ ਹੈਨਰੀ ਫੈਨ ਸਣੇ ਸਾਰੇ ਜਾਂਜੀਆਂ ਦੇ ਨਿਵਾਸ-ਅਸਥਾਨ ਵੱਲ ਗਏ, ਜਿਥੇ ਹਰ ਇਕ ਲਈ ਆਪਣੇ ਆਪਣੇ ਰੁਤਬੇ ਅਨੁਸਾਰ ਸਭ ਜ਼ਰੂਰੀ ਲੋੜੀਂਦੀਆਂ ਚੀਜ਼ਾਂ ਤਿਆਰ ਧਰੀਆਂ ਹੋਈਆਂ ਸਨ। ਨਿਵਾਸ-ਅਸਥਾਨ ਦੇ ਸਾਹਮਣੇ ਆਤਸ਼ਬਾਜ਼ੀ ਚਲਾਈ ਗਈ ਤੇ ਬੜੀ ਭਾਰੀ ਦੀਪਮਾਲਾ ਕੀਤੀ ਗਈ। ਸਰ ਹੈਨਰੀ ਸਣੇ ਆਪਣੇ ਸਟਾਫ ਦੇ ਕਪਤਾਨ ਵੈਡ ਮੰਹਾਰਾਜਾ ਸਾਹਿਬ ਨਾਲ ਇਕ ਵੱਡੇ ਸ਼ਮਿਆਨੇ (ਚਾਨਣੀ) ਹੇਠ ਬਿਰਾਜਮਾਨ ਸਨ ਇਸੇ ਤਰ੍ਹਾਂ ਨਾਲੋ ਨਾਲ ਹੋਰ ਸੈਂਕੜੇ ਸ਼ਾਮਿਆਨੇ ਰਾਜਿਆਂ ਅਤੇ ਸਰਦਾਰਾਂ ਨਾਲ ਭਰੇ ਪਏ ਹਨ।

ਅਗਲੇ ਦਿਨ ਫੇਰ ਮਹਾਰਾਜਾ ਸਾਹਿਬ ਤੇ ਕਮਾਂਡਰ ਇਨ ਚੀਫ ਹਾਥੀਆਂ ਪਰ ਸਵਾਰ ਹੋ ਕੇ ਪਿੜ ਵੱਲ ਆਏ। ਹੈਨਰੀ ਫੈਨ ਤੇ ਕੰਵਰ ਨੌਨਿਹਾਲ ਸਿੰਘ ਸੁਨਹਿਰੀ ਕੁਰਸੀਆਂ ਪਰ ਮਹਾਰਾਜਾ ਦੇ ਸੱਜੇ ਖੱਬੇ ਬੈਠੇ ਹੋਏ ਸਨ, ਹੋਰ ਰਾਜੇ ਤੇ ਨਵਾਬ ਸਭ ਦਰਬਾਰ ਨੂੰ ਸੁਸ਼ੋਭਿਤ ਕਰ ਰਹੇ ਸਨ। ਇਸ ਸਮੇਂ ਪੰਜਾਬ ਦੇ ਹੁਨਰਕਾਰਾਂ ਨੇ ਆਪਣੇ ਕਰਤੱਬਾਂ ਦੇ ਕਮਾਲ ਪੂਰੀ-

- - - - - -

*1. ਸੱਯਦ ਮੁਹੰਮਦ ਲਤੀਫ਼, ਹਿਸਟਰੀ ਆਫ਼ ਦੀ ਪੰਜਾਬ, ਸਫ਼ਾ 477।*

ਪੂਰੀ ਤਰ੍ਹਾਂ ਦੱਸੇ । ਕਈ ਥਾਈਂ ਪੰਜਾਬ ਦੇ ਪ੍ਰਸਿੱਧ ਪਹਿਲਵਾਨਾਂ ਦੇ ਘੋਲ ਹੋਏ, ਫੇਰ ਹਾਥੀਆਂ ਦੀ ਲੜਾਈ ਹੋਈ, ਨੇਜ਼ਾਬਾਜ਼ੀ, ਸ਼ਮਸ਼ੇਰਜ਼ਨੀ ਆਦਿ ਦੇ ਕਰਤਬ ਹੋਏ । ਇਸ ਦਿਨ ਮਹਾਰਾਜਾ ਸਾਹਿਬ ਨੇ ਆਪਣੀ ਉਦਾਰਚਿਤੀ ਦਾ ਉਹ ਸਬੂਤ ਦਿੱਤਾ ਕਿ ਜਿਸ ਦਾ ਨਮੂਨਾ ਅਜ ਤਕ ਪੰਜਾਬ ਵਿਚ ਕਿਸੇ ਨਹੀਂ ਡਿੱਠਾ । ਅਸੀਂ ਉਪਰ ਦਸ ਆਏ ਹਾਂ ਕਿ ਕਈ ਲੱਖ ਦਰਸ਼ਕ ਦੇਸ਼ ਦੇ ਹਰ ਇਕ ਭਾਗ ਤੋਂ ਇਸ ਸੁਭਾਗੇ ਸਮੇਂ ਮਨ ਵਿਚ ਕਈ ਤਰ੍ਹਾਂ ਦੀਆਂ ਆਸਾਂ ਧਾਰ ਕੇ ਆਏ ਹੋਏ ਸਨ ਕਿ ਮ੍ਹਾਂਦਾਨੀ ਮਹਾਰਾਜਾ ਆਪਣੇ ਖੁੱਲ੍ਹੇ ਸੁਭਾਅ ਅਨੁਸਾਰ ਇਸ ਸਮੇਂ ਮਾਇਆ ਦਾ ਮੀਂਹ ਵਸਾ ਕੇ ਸਭ ਨੂੰ ਨਿਹਾਲ ਕਰ ਦੇਵੇਗਾ, ਸੋ ਮਹਾਰਾਜਾ ਨੇ ਇਹਨਾਂ ਦੀਆਂ ਆਸਾਂ ਤੋਂ ਵਧ ਕਰਕੇ ਦੱਸਿਆ ।

ਦਾਨ ਦੇ ਵੰਡਣ ਦਾ ਪ੍ਰਬੰਧ ਇਸ ਤਰ੍ਹਾਂ ਕੀਤਾ ਗਿਆ ਸੀ ਕਿ ਬਹੁਤ ਸਾਰੀਆਂ ਫੌਜਾਂ ਇਕ ਖੁੱਲ੍ਹੇ ਮੈਦਾਨ ਵਿਚ (ਜਿਥੇ ਹੁਣ ਅਟਾਰੀ ਦਾ ਰੇਲਵੇ ਸਟੇਸ਼ਨ ਹੈ) ਲੈ ਜਾ ਕੇ ਇਨ੍ਹਾਂ ਨੂੰ ਇਕ ਕਿਲ੍ਹੇ ਦੀ ਸ਼ਕਲ ਵਿਚ ਚਾਰ ਬਾਹੀਆਂ ਕਤਾਰ ਵਿਚ ਖੜ੍ਹੀਆਂ ਕਰ ਦਿੱਤੀਆਂ, ਹਰ ਇਕ ਬਾਹੀ ਵਿਚ ਇਕ ਦਰਵਾਜ਼ਾ ਰੱਖਿਆ ਗਿਆ ਸੀ, ਤੇ ਸਰਬੱਤ ਅਧਿਕਾਰੀਆਂ ਨੂੰ ਇਕ ਵਲਗਣ ਦੇ ਅੰਦਰ ਕਰ ਦਿੱਤਾ ਅਤੇ ਹੁਣ ਚਵਾਂ ਦਰਵਾਜ਼ਿਆਂ ਵਲੋਂ ਜੀਵ ਸਿਰ ਇਕ ਇਕ ਬੁਤਕੀ[1] ਦੇ ਕੇ ਉਹਨਾਂ ਨੂੰ ਬਾਹਰ ਕੱਢਦੇ ਜਾਂਦੇ ਸਨ । ਇਸ ਪ੍ਰਬੰਧ ਦੇ ਕਾਰਨ ਕਈ ਲੱਖ ਆਦਮੀ ਸੌਖੇ ਹੀ ਨਿਭਾਏ ਗਏ ਤੇ ਕਿਸੇ ਨੂੰ ਵੀ ਧੱਕਾ ਧੋੜੀ ਨਹੀਂ ਹੋਈ ਤੇ ਨਾ ਹੀ ਕੋਈ ਦਾਨ ਤੋਂ ਵਾਂਝਿਆ ਰਿਹਾ। ਇਸ ਸਮੇਂ ਇਕ ਬੜਾ ਬਚਿੱਤਰ ਦ੍ਰਿਸ਼ ਵੇਖਣ ਨੂੰ ਸਾਹਮਣੇ ਆਇਆ, ਜਿਸ ਦੇ ਕਾਰਨ ਸ਼ੇਰਿ ਪੰਜਾਬ ਦੀ ਉਦਾਰ ਚਿਤੀ ਦਾ ਸਿੱਕਾ ਅੱਗੇ ਤੋਂ ਹਜ਼ਾਰ ਗੁਣਾਂ ਵੱਧ ਦਰਸ਼ਕਾਂ ਦੇ ਮਨਾਂ ਪਰ ਉਕਰ ਗਿਆ । ਉਹ ਇਹ ਸੀ ਕਿ ਇਕ ਭਿਖਾਰੀ ਇਕ ਵੱਡਾ ਸਾਰਾ ਵਲਟੋਹਾ ਸਿਰ ਤੇ ਚੁੱਕ ਕੇ ਮਹਾਰਾਜ ਸਾਹਿਬ ਦੇ ਸਾਹਮਣੇ ਆਇਆ ਅਤੇ ਕਹਿਣ ਲੱਗਾ ਸਰਕਾਰ ! ਆਪ ਦੇ ਹੁਕਮ ਅਨੁਸਾਰ ਸਭ ਨੂੰ ਜੀਵ ਪ੍ਰਤੀ ਪੂਰਾ ਪੂਰਾ ਭਾਗ ਮਿਲ ਗਿਆ ਹੈ, ਪਰ ਮੇਰਾ ਚੁਕਾਵਾ ਅਜੇ ਤਕ ਨਹੀਂ ਹੋਇਆ । ਮਹਾਰਾਜਾ ਸਾਹਿਬ ਨੇ ਉਸੇ ਵੇਲੇ ਵੰਡ ਵਾਲੇ ਕਰਮਚਾਰੀਆਂ ਨੂੰ ਬੁਲਾਇਆ ਤੇ ਹੁਕਮ ਦਿੱਤਾ ਕਿ ਇਸ ਨੂੰ ਆਪਦੀ ਵੰਡ ਦੇ ਦੇਵੋ । ਜਦ ਕਾਰਦਾਰ ਉਸ ਨੂੰ ਉਸ ਦੀ ਨੀਯਤ ਵੰਡ ਦੇਣ ਲੱਗਾ ਤਾਂ ਉਸ ਨੇ ਆਖਿਆ ਕਿ ਸਰਕਾਰ ਨੇ ਜੀਵ ਪ੍ਰਤੀ ਦਾਨ ਸਭ ਨੂੰ ਬਖਸ਼ਿਆ ਹੈ ਤਾਂ ਮੈਨੂੰ ਵੀ ਮੇਰੇ ਜੀਵ ਗਿਣ ਕੇ ਦਾਨ ਬਖਸ਼ਿਆ ਜਾਵੇ । ਮਹਾਰਾਜਾ ਸਾਹਿਬ ਨੇ ਉਸ ਤੋਂ ਪੁੱਛਿਆ ਤੇਰੇ ਹੋਰ ਜੀਵ ਕਿੱਥੇ ਹਨ ? ਤਦ ਉਸ ਨੇ ਆਪਣੇ ਵਲਟੋਹੇ ਤੋਂ ਢੱਕਣ ਚੁੱਕਿਆ ਜੋ ਮੂੰਹ ਤਕ ਕੀੜੀਆਂ ਨਾਲ ਭਰਿਆ ਪਿਆ ਸੀ, ਇਸ ਨੂੰ ਵੇਖ ਕੇ ਸਾਰਾ ਦਰਬਾਰ ਅਸਚਰਜ ਹੋ ਗਿਆ, ਪਰ ਦਾਨੀ ਮਹਾਂਰਾਜਾ ਘਬਰਾਉਣ ਦੀ ਥਾਂ ਖਿੜਖਿੜਾ ਕੇ ਹੱਸਿਆ ਅਤੇ ਉਸ ਆਦਮੀ ਨੂੰ ਕਿਹਾ ਕਿ ਜੇ ਵੰਡ ਗਿਣ ਕੇ ਲੈਣੀ ਏ ਤਾਂ ਇਹਨਾਂ ਨੂੰ ਤੂੰਹੇਂ ਗਿਣ ਕੇ ਦਸ ਦੇਹ ਕਿ ਤੇਰੇ ਜੀਵ ਕਿੰਨੇ ਹਨ ਅਤੇ ਜੇ ਮਿਣ ਕੇ ਉਕਾ ਚੁਕਾਣਾ ਹੋਈ ਤਾਂ ਆਪਣਾ ਵਲਟੋਹਾ ਮਾਇਆ ਨਾਲ ਭਰ ਲੈ। ਉਸ ਨੇ ਪਿਛਲੀ ਗੱਲ ਮੰਨ ਲਈ ਅਤੇ ਮਹਾਰਾਜਾ ਸਾਹਿਬ ਨੇ ਖਿੜੇ ਮੱਥੇ ਹੱਸ ਕੇ ਇਹ ਭਾਰੀ ਬਖ਼ਸ਼ੀਸ਼ ਬਖਸ਼ ਕੇ ਉਸ ਗਰੀਬ ਦੀਆਂ ਪੀਹੜੀਆਂ ਦੇ ਧੋਣ ਧੋ ਸੁੱਟੇ । ਸਰ ਹੈਨਰੀ ਫੈਨ

---

*1. ਬੁਤਕੀ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਕ ਸੋਨੇ ਦੀ ਜ਼ਰਬ ਦਾ ਨਾਂ ਸੀ, ਜਿਸ ਦਾ ਮੁੱਲ ਪੰਜ ਰੁਪਏ ਹੁੰਦਾ ਸੀ । ਵੇਖੋ ਯੋਰਪੀਅਨ ਐਡਵਾਂਚਰਜ਼ ਇਨ ਨਾਰਦਰਨ ਇੰਡੀਆ ਸੰਕੇਤਕ ਪ੍ਰੋਫੈਸਰ ਗੈਰਟ, ਸਫਾ 98 ।*

ਇਸ ਨਜ਼ਾਰੇ ਨੂੰ ਵੇਖ ਕੇ ਬੜਾ ਹੀ ਖ਼ੁਸ਼ ਹੋਏ । ਮੈਕਗਰੇਗਰ ਲਿਖਦਾ ਹੈ ਕਿ ਬਾਰਾਂ ਲੱਖ ਤੋਂ ਵੱਧ ਰੁਪਿਆ ਉਸ ਦਿਨ ਵੰਡਿਆ ਗਿਆ ਸੀ । ਕਈ ਹੋਰਨਾਂ ਇਤਿਹਾਸਕਾਰਾਂ ਨੇ ਇਸ ਰਕਮ ਦੀ ਗਿਣਤੀ 22 ਲੱਖ ਦਿੱਤੀ ਹੈ, ਹਕੀਕਤ ਵਿਚ ਇਹ ਰਕਮ ਕਿਸੇ ਤਰ੍ਹਾਂ ਵੀ 20 ਲੱਖ ਤੋਂ ਘੱਟ ਨਹੀਂ ਸੀ ।

ਜਦ 20 ਲੱਖ ਰੁਪਿਆ ਕੇਵਲ ਦਾਨ ਵਿਚ ਵੰਡਿਆ ਗਿਆ ਤਾਂ ਇਸ ਤੋਂ ਸੌਖਾ ਹੀ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਵਿਆਹ ਤੇ ਮਹਾਰਾਜਾ ਸਾਹਿਬ ਦਾ ਕਿੰਨਾ ਕੁ ਖ਼ਰਚ ਆਇਆ ਹੋਣਾ ਹੈ । ਸਰਬਤ ਖ਼ਾਲਸਾ ਫ਼ੌਜ ਦੇ ਸਿਪਾਹੀ ਕੀ ਪੈਦਲ ਤੇ ਕੀ ਘੋੜ ਚੜ੍ਹੇ, ਸਭ ਨੂੰ ਇਕ ਇਕ ਪਗ ਅਤੇ ਇਕ ਇਕ ਥਾਲ ਮਠਿਆਈ ਦਾ ਦਿੱਤਾ ਗਿਆ । ਇਹਨਾਂ ਦੇ ਸਰਦਾਰਾਂ ਨੂੰ ਬਹੁਮੁੱਲੇ ਸਿਰੋਪੇ ਦਿੱਤੇ ਗਏ ।

ਸ: ਸ਼ਾਮ ਸਿੰਘ ਨੇ ਆਪਣੀ ਸਪੁੱਤਰੀ ਨੂੰ ਇਸ ਸਮੇਂ ਹੇਠ ਲਿਖਿਆ ਦਾਜ ਦਿੱਤਾ:- 11 ਹਾਥੀ, 100 ਘੋੜੇ, 100 ਊਠ, 101 ਗਊਆਂ, 101 ਲਵੇਰੀਆਂ ਮਹੀਆਂ, 500 ਕਸ਼ਮੀਰੀ ਸ਼ਾਲਾਂ, ਅਤੇ ਬਹੁਤ ਬੜੀ ਰਕਮ ਦੇ ਮੁੱਲ ਦੇ ਜਵਾਹਾਰਾਤ । ਇਹਨਾਂ ਤੋਂ ਛੁੱਟ ਖੀਨਖਾਬ ਦੇ ਥਾਨ, ਸੋਨੇ ਚਾਂਦੀ ਦੇ ਭਾਂਡਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ । ਮਹਾਰਾਜਾ ਰਣਜੀਤ ਸਿੰਘ, ਸਰ ਹੈਨਰੀ ਫੈਨ ਅਤੇ ਸ਼ਾਹਜ਼ਾਦਾ ਖੜਗ ਸਿੰਘ ਅਤੇ ਸ਼ੇਰ ਸਿੰਘ ਆਦਿ ਨੂੰ ਬਹੁਮੁੱਲੀਆਂ ਸੁਗਾਤਾਂ ਮਿਲੀਆਂ । ਇਹ ਵਿਆਹ ਪਰ ਸਰਦਾਰ ਸ਼ਾਮ ਸਿੰਘ ਦਾ 15 ਲੱਖ ਰੁਪਿਆ ਖ਼ਰਚ ਹੋਇਆ ਸੀ[1] ।

ਮੁਕਦੀ ਗੱਲ ਇਹ ਹੈ ਕਿ ਸ਼ਾਹਜ਼ਾਦਾ ਨੌਨਿਹਾਲ ਸਿੰਘ ਦਾ ਵਿਆਹ ਕੀ ਸੀ, ਮਾਨੋ ਸਾਰਾ ਪੰਜਾਬ ਨਿਹਾਲੋ ਨਿਹਾਲ ਹੋ ਗਿਆ ਅਤੇ ਇਹ ਘਟਨਾ ਪੰਜਾਬ ਦੇ ਇਤਿਹਾਸ ਦਾ ਕਦੇ ਨਾ ਭੁੱਲਣ ਵਾਲਾ ਭਾਗ ਬਣ ਗਈ ।

ਇਹ ਵਿਆਹ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਦੋਹਾਂ ਧਿਰਾਂ ਦੀ ਇੱਛਾ ਸੀ ਕਿ ਦਿਖਲਾਵਾ ਉਕਾ ਨਾ ਕੀਤਾ ਜਾਏ, ਪਰ ਸ਼ੇਰਿ ਪੰਜਾਬ ਦੇ ਪੋਤੇ ਦਾ ਵਿਆਹ ਚਾਹੇ ਉਹ ਕਿੰਨੀ ਵੀ ਸਾਦਗੀ ਨਾਲ ਕਿਉਂ ਨਾ ਕੀਤਾ ਜਾਂਦਾ, ਇਸ ਤੋਂ ਘਟ ਨਹੀਂ ਸੀ ਹੋ ਸਕਦਾ ।

## ਜਮਰੌਦ ਨੂੰ ਖ਼ਾਲਸਾ ਰਾਜ ਵਿਚ ਮਿਲਾਉਣਾ

ਅਕਤੂਬਰ ਸੰਨ 1836 ਈ: ਵਿਚ ਬਹਾਦਰ ਜਰਨੈਲ ਹਰੀ ਸਿੰਘ ਨਲੂਏ ਨੇ ਆਪਣੀ ਨਿਡਰ ਖ਼ਾਲਸਾ ਫ਼ੌਜ ਨਾਲ ਅਫਰੀਦੀਆਂ ਦੀ ਪ੍ਰਸਿਧ ਗੜੀ 'ਜਮਰੌਦ ਕਲਾਂ' ਨਾਮੀ ਕਿਲ੍ਹੇ ਨੂੰ ਫਤਹਿ ਕਰਕੇ ਇਸ ਤੇ ਆਪਣਾ ਕਬਜ਼ਾ ਕਰ ਲਿਆ[2]। ਫੌਜੀ ਨਿਗਾਹ ਤੋਂ ਇਹ ਥਾਂ ਬੜੀ ਲੋੜੀਂਦੀ ਅਤੇ ਦੱਰਾ ਖੈਬਰ ਦਾ ਬੂਹਾ ਮੰਨੀ ਜਾਂਦੀ ਸੀ, ਇਸ ਲਈ ਸਰਦਾਰ ਜੀ ਨੇ ਇਸ ਕੱਚੀ ਗੜੀ ਦੀ ਥਾਂ ਪਰ ਇਕ ਵੱਡਾ ਕਿਲ੍ਹਾ ਬਣਵਾਇਆ, ਜਿਸ ਦਾ ਨਾਂ ਫਤਹਿਗੜ੍ਹ ਰੱਖਿਆ ।

ਇਸ ਕਿਲ੍ਹੇ ਦੇ ਤਿਆਰ ਹੋ ਜਾਣ ਨਾਲ ਅਫ਼ਗਾਨਾਂ ਦੀ ਰਹੀ ਖਹੀ ਆਸ ਦਾ ਲੱਕ ਵੀ

- - - - - -

1. *ਸਰ ਲੈਪਲ ਗ੍ਰਿਫਨ, ਦੀ ਪੰਜਾਬ ਚੀਫਸ, ਜਿ: 1, ਸ: 442 ।*
2. *ਪ੍ਰੋਫੈਸਰ ਚੋਪੜਾ ਦੀ ਪੰਜਬ ਐਜ਼ ਏ ਸਾਵਰਨ ਸਟੇਟ, ਸਫਾ 32 ।*

ਟੁੱਟ ਗਿਆ। ਹੁਣ ਤਾਂ ਉਹ ਸਾਫ ਸਮਝ ਗਏ ਕਿ ਖ਼ਾਲਸਾ ਫੌਜ ਦਾ ਦੂਜਾ ਹੱਲਾ ਜਲਾਲਾਬਾਦ ਤੇ ਹੋਵੇਗਾ। ਇਸ ਖ਼ਤਰੇ ਤੋਂ ਬਚਣ ਲਈ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਇਕ ਵਾਰੀ ਮੁੜ ਖ਼ਾਲਸੇ ਨਾਲ ਟੱਕਰ ਲੈ ਕੇ ਭਾਗਾਂ ਦੀ ਪਰਖ ਕਰਨੀ ਚਾਹੀ। ਇਸ ਸਮੇਂ ਉਹ ਆਪ ਤਾਂ ਮੈਦਾਨ ਜੰਗ ਵਿਚ ਖ਼ਾਲਸੇ ਦੇ ਟਾਕਰੇ ਪਰ ਆਉਣ ਦਾ ਹੌਂਸਲਾ ਨਾ ਕਰ ਸਕਿਆ, ਪਰ ਆਪਣੇ ਪੁੱਤਰ ਮੁਹੰਮਦ ਅਫ਼ਜ਼ਲ ਖ਼ਾਂ ਅਤੇ ਮੁਹੰਮਦ ਅਕਬਰ ਖ਼ਾਨ ਆਦਿ ਦੀ ਸੌਂਪਣੀ ਵਿਚ ਵੱਡੀ ਅਫ਼ਗਾਨੀ ਫੌਜ ਅਤੇ ਬੇਗਿਣਤ ਮੁਲਖਈਆ ਲਸ਼ਕਰ ਜਮਰੌਦ ਨੂੰ ਮੁੜ ਫਤਹਿ ਕਰਨ ਲਈ ਅਪ੍ਰੈਲ ਸੰਨ 1837 ਨੂੰ ਇਧਰ ਭੇਜਿਆ। ਅਫ਼ਗਾਨੀ ਫੌਜਾਂ ਬੜੇ ਜੋਸ਼ ਨਾਲ ਇਕ ਰਾਤ ਨੂੰ ਦਰੇ ਤੋਂ ਨਿਕਲੀਆਂ ਅਤੇ ਕਿਲ੍ਹਾ ਫਤਹਿ ਗੜ੍ਹ ਨੂੰ ਘੇਰ ਲਿਆ। ਇਸ ਸਮੇਂ ਸ: ਮਹਾਂ ਸਿੰਘ ਦੀ ਤਹਿਤ ਵਿਚ ਬਹੁਤ ਥੋੜੀ ਖ਼ਾਲਸਾ ਫੌਜ ਸੀ, ਪਰ ਉਸ ਨੇ ਬੜੀ ਵੀਰਤਾ ਨਾਲ ਸਾਰਾ ਦਿਨ ਲੜ ਕੇ ਵੈਰੀ ਨੂੰ ਉਥੇ ਹੀ ਅਟਕਾਈ ਰੱਖਿਆ। ਦੋ ਦਿਨ ਅਫ਼ਗਾਨਾਂ ਦੀਆਂ ਤੋਪਾਂ ਚਲਦੀਆਂ ਰਹੀਆਂ, ਛੇਕੜ ਦੂਜੇ ਦਿਨ ਲੌਡੇ ਪਹਿਰ ਕਿਲ੍ਹੇ ਦੀ ਪੱਛਮੀ ਬਾਹੀ ਡਿੱਗ ਪਈ, ਪਰ ਅਫ਼ਗਾਨਾਂ ਦੇ ਦਿਲਾਂ ਤੇ ਖ਼ਾਲਸੇ ਦਾ ਐਡਾ ਦਬਦਬਾ ਬੈਠਾ ਹੋਇਆ ਸੀ ਕਿ ਉਹ ਉਸ ਸਮੇਂ ਕਿਲ੍ਹੇ ਦੇ ਅੰਦਰ ਵੜਨ ਦਾ ਹੀਆ ਨਾ ਕਰ ਸਕੇ। ਹੁਣ ਰਾਤ ਪੈ ਗਈ ਸੀ ਅਤੇ ਲਗਦੇ ਹੱਥ ਸ: ਮਹਾਂ ਸਿੰਘ ਨੇ ਕਿਲ੍ਹੇ ਦੀ ਡਿਗੀ ਹੋਈ ਥਾਂ ਰੇਤ ਮਿੱਟੀ ਆਦਿ ਨਾਲ ਬੋਰੀਆਂ ਭਰਵਾ ਕੇ ਰਾਤੋ-ਰਾਤ ਮੁੜ ਉਸਾਰ ਲਈ ਤੇ ਨਾਲ ਹੀ ਇਸ ਸਾਰੀ ਵਿਥਿਆ ਸ: ਹਰੀ ਸਿੰਘ ਨੂੰ ਪਿਸ਼ਾਵਰ ਲਿਖ ਭੇਜੀ।

ਸ: ਹਰੀ ਸਿੰਘ ਇਸ ਖ਼ਬਰ ਨੂੰ ਸੁਣਦੇ ਹੀ ਬੜੀ ਤੇਜ਼ੀ ਨਾਲ 30 ਅਪ੍ਰੈਲ ਨੂੰ ਸਵੇਰ ਹੋਣ ਤੋਂ ਪਹਿਲਾਂ ਹੀ ਵੈਰੀ ਤੇ ਆਣ ਪਿਆ। ਭਾਵੇਂ ਖ਼ਾਲਸਾ ਫੌਜ ਅਫ਼ਗਾਨੀ ਲਸ਼ਕਰ ਤੋਂ ਗਿਣਤੀ ਵਿਚ ਬਹੁਤ ਘੱਟ ਸੀ, ਪਰ ਹੱਲਾ ਇੰਨਾ ਅਚਾਨਕ ਅਤੇ ਦਰਿੜਤਾ ਨਾਲ ਕੀਤਾ ਗਿਆ ਸੀ, ਕਿ ਅਫ਼ਗਾਨ ਸਮਝੇ ਕਿ ਸਾਰੀ ਦੀ ਸਾਰੀ ਖ਼ਾਲਸਾ ਫੌਜ ਮੈਦਾਨ ਵਿਚ ਪਹੁੰਚ ਗਈ ਹੈ। ਅਗੋਂ ਅਫ਼ਗਾਨਾਂ ਨੇ ਬੜੀ ਬਹਾਦਰੀ ਦਾ ਸਬੂਤ ਦਿੱਤਾ ਅਤੇ ਮਜ਼ਹਬੀ ਜੋਸ਼ ਵਿਚ ਚੰਗੇ ਡਟ ਕੇ ਲੜੇ, ਪਰ ਅਖੀਰ ਖ਼ਾਲਸੇ ਦੀ ਅਦੁੱਤੀ ਦਰਿੜਤਾ ਤੇ ਸੂਰਮਤਾਈ ਦੇ ਅੱਗੇ ਟਿਕ ਨਾ ਸਕੇ। ਇਹਨਾਂ ਦੇ ਪੈਰ ਰਣਤੱਤੇ ਵਿਚੋਂ ਹਿਲਣੇ ਹੀ ਸਨ ਕਿ ਉਧਰੋਂ ਖ਼ਾਲਸੇ ਨੇ ਉਹ ਤਲਵਾਰ ਚਲਾਈ ਕਿ ਵੈਰੀ ਭੈਭੀਤ ਹੋ ਕੇ ਭੱਜਿਆ ਅਤੇ ਜਾਨਾਂ ਬਚਾਉਣ ਲਈ ਦੱਰੇ ਵਿਚ ਜਾ ਵੜਿਆ। ਹੁਣ ਮੈਦਾਨ ਪਰ ਖ਼ਾਲਸੇ ਦਾ ਅਧਿਕਾਰ ਹੋ ਗਿਆ। ਇਸ ਜੰਗ ਵਿਚ ਵਿਜਈ ਖ਼ਾਲਸੇ ਨੇ ਅਫ਼ਗਾਨਾਂ ਤੋਂ 15 ਭਾਰੀਆਂ ਤੋਪਾਂ ਖੋਹ ਲਈਆਂ[1]। ਅਫ਼ਗਾਨ ਇਸ ਸਮੇਂ ਜਦ ਮੈਦਾਨ ਵਿਚ ਹਾਰ ਖਾ ਕੇ ਨੱਸੇ ਤਾਂ ਖ਼ਾਲਸੇ ਨੇ ਦੱਰੇ ਦੇ ਅੰਦਰ ਜਾ ਕੇ ਵੈਰੀ ਦਾ ਦੂਰ ਤਕ ਪਿੱਛਾ ਕੀਤਾ। ਨੱਸੇ ਜਾਂਦੇ ਅਫ਼ਗਾਨਾਂ ਨੂੰ ਸ਼ਮਸ਼ੇਦੀਨ ਖ਼ਾਨ ਸਜਰਸਾਹ ਰਸਾਲਾ ਫੌਜ ਨਾਲ ਆ ਮਿਲਿਆ ਅਤੇ ਇਨ੍ਹਾਂ ਦਾ ਬੜਾ ਹੌਂਸਲਾ ਦਿਵਾਇਆ। ਇਸ ਸਮੇਂ ਬੜੀ ਖਲਬਲੀ ਮਚੀ ਤੇ ਮੁੜ ਲੜਾਈ ਆਰੰਭ ਹੋ ਗਈ। ਠੀਕ ਇਸ ਸਮੇਂ ਖ਼ਾਲਸੇ ਦਾ ਬਹਦਾਰ ਜਰਨੈਲ ਸ: ਹਰੀ ਸਿੰਘ ਨਲੂਆ ਗੋਲੀ ਨਾਲ ਫੱਟੜ ਹੋ ਗਿਆ ਅਤੇ ਇਸੇ ਰਾਤ ਨੂੰ ਸ਼ਹੀਦੀ ਦਾ ਪਿਆਲਾ ਪੀ ਕੇ ਪ੍ਰਲੋਕ ਵਿਚ ਜਾ ਬਿਰਾਜਿਆ[2]।

- - - - - -

1. *ਦੀ ਪੰਜਾਬ ਐਜ਼ ਏ ਸਾਵਰਨ ਸਟੇਟ, ਸਫਾ 3।*
2. *ਸ: ਹਰੀ ਸਿੰਘ ਨਲੂਏ ਦੀ ਅਦੁੱਤੀ ਵੀਰਤਾ ਤੇ ਇਸ ਜੰਗ ਦਾ ਸਵਿਸਥਾਰ ਹਾਲ ਪੜ੍ਹਨਾ ਚਾਹੋ ਤਾਂ ਜੀਵਨ ਇਤਿਹਾਸ ਸ: ਹਰੀ ਸਿੰਘ ਨਲੂਆ ਪੜ੍ਹੋ, ਜੋ ਇਤਿਹਾਸਕ ਖੋਜ ਦੀ ਬਹੁਮੁੱਲੀ ਕਿਤਾਬ ਹੈ।*

*(ਲੇਖਕ)*

ਇਹ ਦਿਲਾਂ ਨੂੰ ਫੱਟੜ ਕਰ ਦੇਣ ਵਾਲੀ ਖ਼ਬਰ ਸ਼ੇਰਿ ਪੰਜਾਬ ਨੂੰ ਸਾਂਢਨੀ ਸਵਾਰ ਦੀ ਰਾਹੀਂ ਭੇਜੀ ਗਈ। ਜਦ ਆਪ ਨੇ ਇਹ ਖ਼ਬਰ ਸੁਣੀ ਤਾਂ ਆਪ ਦੇ ਪੈਰਾਂ ਹੇਠੋਂ ਧਰਤੀ ਨਿਕਲ ਗਈ ਤੇ ਹਾਅ ! ਦਾ ਨਾਅਰਾ ਮਾਰਿਆ ਅਤੇ ਦੇਰ ਤਕ ਮਾਨੋ ਚਿੰਤਾ ਦੇ ਸਾਗਰਾਂ ਵਿਚ, ਉਹ ਮਨ ਜੋ ਕਦੇ ਢਹਿੰਦੀਆਂ ਕਲਾਂ ਦਾ ਜਾਣੂ ਹੀ ਨਹੀਂ ਸੀ, ਬੇਵਸਾ ਹੋ ਕੇ ਗੋਤੇ ਖਾਣ ਲੱਗਾ। ਜਿੰਨੇ ਦਰਬਾਰੀ ਇਸ ਸਮੇਂ ਦਰਬਾਰ 'ਚ ਹਾਜ਼ਰ ਸਨ ਸਭ ਦੇ ਚਿਹਰਿਆਂ ਤੇ ਹਵਾਈਆਂ ਫਿਰ ਛਾ ਗਈਆਂ, ਛੇਕੜ ਮਹਾਰਾਜਾ ਬੜੇ ਜੋਸ਼ ਵਿਚ ਉਠਿਆ ਤੇ ਹੁਕਮ ਦਿੱਤਾ ਕਿ ਹੁਣ ਹੀ ਫੌਜਾਂ ਪਿਸ਼ਾਵਰ ਵੱਲ ਕੂਚ ਕਰ ਦੇਣ ਤੇ ਇਕ ਮੰਜ਼ਲ ਨੂੰ ਦੋ ਤੇ ਦੋ ਨੂੰ ਚਾਰ ਕਰਦੇ ਹੋਏ ਉਡ ਕੇ ਪਹੁੰਚਣ ਤੇ ਮੇਰੇ ਪਿਆਰੇ ਸਰਦਾਰ ਹਰੀ ਸਿੰਘ ਜੀ ਦਾ ਪੂਰਾ ਪੂਰਾ ਬਦਲਾ ਲਏ ਬਿਨਾਂ ਆਰਾਮ ਨਾਲ ਨਾ ਬੈਠਣ।

ਇਸ ਹੁਕਮ ਦੀ ਪਾਲਣਾ ਬੜੀ ਤੇਜ਼ੀ ਨਾਲ ਕੀਤੀ ਗਈ। ਮਹਾਰਾਜਾ ਸਾਹਿਬ ਆਪ ਲਾਹੌਰ ਤੋਂ ਕੂਚ ਕਰਕੇ ਸਣੇ ਖ਼ਾਲਸਾ ਫੌਜ ਦਾ ਸਭ ਤੋਂ ਪਹਿਲਾ ਡੇਰਾ ਪਿਸ਼ਾਵਰ ਜਿਹੜਾ ਪਹੁੰਚਿਆ ਉਹ ਰਾਮ ਨਗਰ ਦੀ ਛਾਵਣੀ ਦਾ ਸੀ। ਇਹ 100 ਮੀਲ ਦੀ ਵਾਟ 6 ਦਿਨਾਂ ਵਿਚ ਪੂਰੀ ਕਰਕੇ ਪਿਸ਼ਾਵਰ ਪੁਜ ਗਿਆ।

ਇਧਰ ਅਫਗਾਨਾਂ ਨੂੰ ਜਦ ਸ਼ੇਰਿ ਪੰਜਾਬ ਦੇ ਅਥਾਹ ਜੋਸ਼ ਅਤੇ ਅਣਗਿਣਤ ਖ਼ਾਲਸਾ ਫੌਜ ਦੇ ਕੂਚ ਦਾ ਪਤਾ ਲੱਗਾ ਤਾਂ ਉਹ ਨੱਸ ਕੇ ਕਾਬਲ ਜਾ ਵੜੇ। ਖ਼ਾਲਸਾ ਫੌਜਾਂ ਨੇ ਕਈ ਜ਼ਰੂਰੀ ਘਾਟੀਆਂ ਪਰ ਕਬਜ਼ਾ ਕਰ ਲਿਆ ਅਤੇ ਉਥੇ ਆਪਣੀਆਂ ਚੌਕੀਆਂ ਬਿਠਾ ਦਿੱਤੀਆਂ।

## ਮਹਾਰਾਜਾ ਰਣਜੀਤ ਸਿੰਘ ਦਾ ਚਲਾਣਾ

ਹੁਣ ਸ਼ੇਰਿ ਪੰਜਾਬ ਦਾ ਸਾਧਾਰਨ ਰੋਗ ਦਿਨੋ-ਦਿਨ ਵਧਦਾ ਗਿਆ। ਸ਼ਾਹੀ ਹਕੀਮ ਫਕੀਰ ਅਜ਼ੀਜ਼ੁਦੀਨ ਆਦਿ ਨਾਮੀ ਵੈਦ ਰੋਗ ਨੂੰ ਕੱਟਣ ਦੇ ਦਿਨ ਰਾਤ ਯਤਨ ਵਿਚ ਰਹਿੰਦੇ ਸਨ, ਪਰ ਜਦ ਆਯੂ ਪੂਰੀ ਹੋ ਜਾਂਦੀ ਹੈ ਤਾਂ ਕੋਈ ਦਵਾਈ ਕਾਟ ਨਹੀਂ ਕਰ ਸਕਦੀ। ਠੀਕ ਇਹੀ ਹਾਲ ਮਹਾਰਾਜਾ ਸਾਹਿਬ ਦਾ ਹੋਇਆ। ਮਹਾਰਾਜਾ ਸਾਹਿਬ ਨੇ ਜਦ ਆਪਣੇ ਇਸ ਰੋਗ ਨੂੰ ਵਧਦਾ ਡਿੱਠਾ ਤਾਂ 8 ਜੇਠ ਸੰਮਤ 1896 ਬਿ: ਮੁਤਾਬਕ ਸੰਨ 1836 ਈ: ਨੂੰ ਲਾਹੌਰ ਵਿਚ ਇਕ ਭਾਰੀ ਦਰਬਾਰ ਦਾ ਹੁਕਮ ਦਿੱਤਾ ਜਿਸ ਵਿਚ ਸਾਰੇ ਸਰਦਾਰਾਂ ਅਤੇ ਜਾਗੀਰਦਾਰਾਂ ਨੂੰ ਬੁਲਾਇਆ ਗਿਆ ਸੀ। ਨੀਯਤ ਦਿਨ ਜਦ ਸਾਰੇ ਦਰਬਾਰੀ ਆਪੋ-ਆਪਣੀ ਥਾਂ ਪਰ ਸਜ ਗਏ, ਤਦ ਸ਼ੇਰਿ ਪੰਜਾਬ ਇਕ ਸੁਨਹਿਰੀ ਪਾਲਕੀ ਵਿਚ ਤਕੀਏ ਪਰ ਢੋਹ ਲਾਏ ਹੋਏ ਦਰਬਾਰ ਵਿਚ ਆਏ। ਅਗੋਂ ਸਾਰੇ ਦਰਬਾਰੀਆਂ ਨੇ ਉਠ ਕੇ ਫਤਹਿ ਬੁਲਾਈ, ਨਾਲ ਹੀ ਕਿਲ੍ਹੇ ਤੋਂ 101 ਤੋਪਾਂ ਦੀ ਗਰਜ ਨੇ ਸਲਾਮੀ ਦਿੱਤੀ। ਮਹਾਰਾਜਾ ਸਾਹਿਬ ਦਾ ਸਰੀਰ ਇਸ ਸਮੇਂ ਏਨਾ ਨਿਰਬਲ ਹੋ ਗਿਆ ਸੀ ਕਿ ਆਪ ਨੂੰ ਸ਼ਾਹੀ ਵੈਦ ਨੇ ਕੁਰਸੀ ਤੇ ਬੈਠਣ ਦੀ ਆਗਿਆ ਨਾ ਦਿੱਤੀ ਤੇ ਉਸੇ ਤਰ੍ਹਾਂ ਆਪ ਦੀ ਪਾਲਕੀ ਅਡੋਲ ਉਸ ਸੰਗਮਰਮਰ ਦੀ ਬਰਾਂਦਰੀ ਦੇ ਚਬੂਤਰੇ ਪਰ ਰੱਖੀ ਗਈ ਜੋ ਹਜ਼ੂਰੀ ਬਾਗ ਵਿਚ ਬਣੀ ਹੋਈ ਹੈ[1]।

ਇਸ ਸਮੇਂ ਖ਼ਾਲਸੇ ਦਾ ਤੇਜ ਦਾ ਸੂਰਜ ਦੁਪਹਿਰ ਵਤ ਆਪਣੇ ਪੂਰੇ ਸਿਖਰ ਪਰ ਸੀ, ਹਰ ਪਾਸੇ ਤੋਂ ਦਬਦਬਾ ਤੇ ਸ਼ਾਹੀ ਆਨ ਸ਼ਾਨ ਵਧ ਰਹੀ ਸੀ, ਨਿਗਾਹ ਚੱਕ ਕੇ ਵੇਖਿਆਂ

- - - - - -

*1. ਇਹ ਬਾਰਾਂਦਰੀ ਅਜੇ ਤਕ ਹਜ਼ੂਰੀ ਬਾਗ ਕਿਲ੍ਹੇ ਪਾਸ ਲਾਹੌਰ ਵਿਚ ਮੌਜੂਦ ਹੈ, ਇਸ ਸੀ ਉਪਰਲੀ ਛਤ ਪਿੱਛੇ ਜਿਹੇ ਭੂਚਾਲ ਨਾਲ ਡਿੱਗ ਪਈ ਸੀ।*

ਖ਼ੁਸ਼ੀ ਤੇ ਐਸ਼ਵਰ ਹੀ ਨਜ਼ਰੀਂ ਆਂਵਦਾ ਸੀ । ਹਾਂ, ਕਿਸੇ ਵੇਲੇ ਜਦ ਬਿਰਧ ਸ਼ੇਰ ਦੀ ਪਾਲਕੀ ਵੱਲ ਨਜ਼ਰ ਜਾ ਪੈਂਦੀ ਸੀ, ਤਦ ਥੋੜੀ ਦੇਰ ਲਈ ਮਨ ਉਦਾਸ ਜਿਹੇ ਹੋ ਜਾਂਦੇ ਸਨ ਤੇ ਕਰਤਾਰ ਦੀ ਵਚਿਤ੍ਰ ਕੁਦਰਤ ਦਾ ਨਜ਼ਾਰਾ ਅੱਖਾਂ ਮੂਹਰੇ ਆ ਖਲੋਂਦਾ ਸੀ ਕਿ ਇਹ ਉਹੀ ਬਹਾਦਰ ਯੋਧਾ ਹੈ ਜੋ ਵਗਦੀਆਂ ਤਲਵਾਰਾਂ ਤੇ ਵਸਦੀਆਂ ਗੋਲੀਆਂ ਵਿਚ ਆਪਣੇ ਘੋੜੇ ਨੂੰ ਉਡਾਂਦਾ ਹੋਇਆ ਬਿਜਲੀ ਵਾਂਗ ਵੈਰੀ ਦੇ ਸਿਰ ਜਾ ਪੈਂਦਾ ਸੀ ਅਤੇ ਥਕੇਵੇਂ ਦੇ ਭੈਅ ਤੋਂ ਮੂਲੋਂ ਉਕਾ ਅਵਾਣੂ ਸੀ, ਅਜ ਕੁਰਸੀ ਪੰਰ ਆਪਣੇ ਆਪ ਨੂੰ ਥੰਮ੍ਹਣ ਤੋਂ ਵੀ ਅਸਮਰਥ ਹੈ । ਇਹ ਸਾਰੇ ਖਿਆਲ ਸੂਰਜ ਅੱਗੇ ਬੱਦਲ ਆ ਜਾਣ ਦੀ ਤਰ੍ਹਾਂ ਜ਼ਰਾ ਦੀ ਜ਼ਰਾ ਲਈ ਉਦਾਸੀ ਦਾ ਝਲਕਾ ਦੇ ਜਾਂਦੇ ਸਨ, ਪਰ ਇਹ ਸੋਚ ਕੇ ਕਿ ਮਹਾਰਾਜੇ ਦੇ ਪੁੱਤਰ ਤੇ ਪੋਤਰੇ ਸਾਰੇ ਚਤਰ ਸਿਆਣੇ ਹਨ, ਮਨਾਂ ਨੂੰ ਧਰਵਾਸ ਹੋ ਜਾਂਦਾ ਸੀ ।

ਮਹਾਰਾਜਾ ਦੀ ਪਾਲਕੀ ਚਬੂਤਰੇ ਤੇ ਰੱਖਣ ਦੇ ਪਿਛੋਂ ਕੁਝ ਦੇਰ ਲਈ ਸਾਰੇ ਦਰਬਾਰ ਵਿਚ ਚੁੱਪ-ਚਾਂ ਵਰਤ ਗਈ, ਛੇਕੜ ਬਿਰਧ ਸ਼ੇਰ ਨੇ ਆਪਣਾ ਮੂੰਹ ਇਉਂ ਖੋਲ੍ਹਿਆ ਤੇ ਧੀਮੀਂ ਜਿਹੀ ਆਵਾਜ਼ ਵਿਚ ਕਹਿਣ ਲੱਗਾ :- 'ਬਹਾਦਰ ਖ਼ਾਲਸਾ ਜੀ ! ਆਪ ਨੇ ਖ਼ਾਲਸਾ ਰਾਜ ਦੀ ਉਸਾਰੀ ਲਈ ਜੋ ਅਥੱਕ ਘਾਲਾਂ ਘਾਲੀਆਂ ਤੇ ਆਪਣੇ ਲਹੂ ਦੀਆਂ ਧਜੀਆਂ ਵਗਾਈਆਂ ਹਨ, ਉਹ ਅਸਫਲ ਨਹੀਂ ਗਈਆਂ । ਇਸ ਸਮੇਂ ਆਪਣੇ ਆਲੇ ਦੁਆਲੇ ਜੋ ਕੁਝ ਦੇਖ ਰਹੇ ਹੋ, ਇਹ ਸਭ ਕੁਝ ਆਪ ਜੀ ਦੀ ਕੁਰਬਾਨੀ ਤੇ ਘਾਲਾਂ ਦਾ ਫਲ ਹੈ । ਮੈਂ ਗੁਰੂ ਤੇ ਆਪ ਦੇ ਭਰੋਸੇ ਇਕ ਸਧਾਰਨ ਪਿੰਡ ਤੋਂ ਉਠ ਕੇ ਲਗਭਗ ਸਾਰੇ ਪੰਜਾਬ ਤੇ ਇਸ ਤੋਂ ਬਾਹਰ ਅਫ਼ਗਾਨਿਸਤਾਨ, ਕਸ਼ਮੀਰ, ਤਿੱਬਤ, ਸਿੰਧ ਦੀਆਂ ਕੰਧਾਂ ਤਕ ਖ਼ਾਲਸੇ ਦਾ ਰਾਜ ਸਥਾਪਤ ਕਰ ਦਿੱਤਾ ਹੈ । ਸੰਸਾਰ ਪਰ ਸੁਆਸਾਂ ਦਾ ਕੋਈ ਭਰੋਸਾ ਨਹੀਂ, ਪਰ ਜੇ ਕਦੇ ਮੇਰਾ ਅੰਤ ਨੇੜੇ ਹੀ ਹੈ ਤਾਂ ਪਕ ਸਮਝੋ ਕਿ ਆਪ ਸਾਰਿਆਂ ਤੋਂ ਅਤਿ ਖ਼ੁਸ਼ੀ ਵਿਦਾ ਹੋਵਾਂਗਾ । ਮੈਂ ਇਸ ਵੇਲੇ ਆਪ ਸਭ ਨੂੰ ਮਹਾਰਾਜਾ ਖੜਗ ਸਿੰਘ ਦੇ ਹੱਥ ਸੌਂਪਦਾ ਹਾਂ, ਇਸ ਨੂੰ ਆਪ ਨੇ ਮੇਰੇ ਤੁਲ ਸਮਝਣਾ ਅਤੇ ਇਹ ਸਭ ਤਰ੍ਹਾਂ ਆਪ ਦੀ ਭਲਿਆਈ ਦਾ ਚਾਹਵਾਨ ਰਹੇਗਾ ।'

ਇਸ ਸਮੇਂ ਸਾਰੇ ਦਰਬਾਰ ਦੇ ਚਿਹਰੇ ਮਹਾਰਾਜਾ ਦੇ ਪਿਆਰ ਵਿਚ ਲਾਲੋ ਲਾਲ ਹੋ ਰਹੇ ਸਨ, ਕਈਆਂ ਦੀਆਂ ਅੱਖੀਆਂ ਤੋਂ ਹੰਝੂਆਂ ਦੀ ਜਲਧਾਰਾ ਚਲ ਰਹੀ ਸੀ । ਛੇਕੜ ਮਹਾਰਾਜਾ ਸਾਹਿਬ ਨੇ ਸ਼ਾਹਜ਼ਾਦਾ ਖੜਗ ਸਿੰਘ ਦਾ ਹੱਥ ਲੈ ਕੇ ਰਾਜਾ ਧਿਆਨ ਸਿੰਘ ਦੇ ਹੱਥ ਵਿਚ ਫੜਾ ਦਿੱਤਾ ਅਤੇ ਧਿਆਨ ਸਿੰਘ ਵੱਲ ਤਕ ਕੇ ਕਿਹਾ ਕਿ ਆਪ ਨੇ ਖ਼ਾਲਸਾ ਰਾਜ ਵਲੋਂ ਬਹੁਤ ਉਚਾ ਮਰਤਬਾ ਪਾਇਆ ਹੈ, ਹੁਣ ਇਸ ਦੀ ਸੱਚੇ ਮਨ ਨਾਲ ਸੇਵਾ ਕਰਕੇ ਹੋਰ ਵਧਾਣਾ ਆਦਿ । ਇਸ ਤੋਂ ਪਿਛੋਂ ਸਾਰੇ ਦਰਬਾਰੀਆਂ ਨੇ ਮਹਾਰਾਜਾ ਖੜਗ ਸਿੰਘ ਅੱਗੇ ਨਜ਼ਰਾਨੇ ਹਾਜ਼ਰ ਕੀਤੇ, ਜਿਨ੍ਹਾਂ ਨੂੰ ਉਹ ਹੱਥ ਲਾ ਲਾ ਕੇ ਮੋੜਦਾ ਜਾਂਦਾ ਸੀ । ਪਰ ਸਭ ਨੂੰ ਮਹਾਰਾਜਾ ਸਾਹਿਬ ਵਲੋਂ ਆਪਣੇ ਆਪਣੇ ਰੁਤਬੇ ਅਨੁਸਾਰ ਸਿਰੋਪਾ ਦਿੱਤੇ ਗਏ । ਸ਼ੇਰਿ ਪੰਜਾਬ ਦੇ ਜੀਵਨ ਇਤਿਹਾਸ ਵਿਚ ਇਹ ਛੇਕੜਲਾ ਦਰਬਾਰ ਗਿਣਿਆ ਜਾਂਦਾ ਹੈ ।

ਇਸ ਦੇ ਬਾਅਦ ਮਹਾਰਾਜੇ ਦਾ ਰੋਗ ਦਿਨੋ-ਦਿਨ ਵਧਦਾ ਗਿਆ । ਇਸ ਸਮੇਂ ਬੜਾ ਭਾਰੀ ਦਾਨ ਕੀਤਾ ਗਿਆ । ਸਾਰੇ ਗੁਰਦੁਆਰਿਆਂ, ਮੰਦਰਾਂ, ਮਸੀਤਾਂ ਅਤੇ ਅਨੇਕ ਲੋੜਵੰਦਾਂ ਨੂੰ ਲੱਖਾਂ ਰੁਪਏ ਵੰਡੇ ਗਏ । ਛੇਕੜ 15 ਹਾੜ ਵੀਰਵਾਰ ਸੰਮਤ 1896 ਬਿ:[1] ਛੇ ਘੜੀ ਦਿਨ ਰਹੇ ਮੁਤਾਬਿਕ 27 ਜੂਨ 1839 ਨੂੰ ਉਨਾਹਠ ਸਾਲ ਦੀ ਉਮਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਭੌਰ ਉਡਾਰੀ ਲਾ ਗਿਆ । ਇਸ ਤਰ੍ਹਾਂ ਅਜ ਖ਼ਾਲਸਾ ਕੌਮ ਦੇ ਸਿਰ ਤੋਂ ਉਸ ਅਦੁੱਤੀ ਪੁਰਖ ਦਾ ਛਤਰ-ਜਿਸ ਨੇ ਖ਼ਾਲਸਾ ਕੌਮ ਲਈ ਰਾਜ ਭਾਗ ਸਥਾਪਤ ਕਰ ਦਿੱਤਾ ਸੀ - ਸਦਾ ਲਈ

- - - - - -

*1. ਰੋਜ਼ਨਾਮਚਾ ਮੌਲਵੀ ਅਹਿਮਦ ਬਖ਼ਸ਼ ਚਿਸ਼ਤੀ ਦਫ਼ਤਰ 6, 7 ਜਨਰਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ ਜਿ: 6 ਨੰ: 2,ਸ: 84 । ਮਹਾਰਾਜਾ ਸਾਹਿਬ ਦਾ ਚਲਾਣਾ ਕਿਲ੍ਹਾ ਲਾਹੌਰ ਦੇ ਸੰਮਨ ਬੁਰਜ ਦੀ ਇਮਾਰਤ 'ਚ ਹੋਇਆ । (ਹਨਿੰਗਬਰਗਰ ਤਰਨੀ ਫਾਈਵ ਯੀਅਰਜ਼) ।*

ਉਠ ਗਿਆ । ਇਸ ਸਮੇਂ ਸਾਰੇ ਪੰਜਾਬ ਵਿਚ ਕਿਹਾ ਜਾਂਦਾ ਸੀ ਕਿ ਅੱਜ ਮਹਾਰਾਜਾ ਰਣਜੀਤ ਸਿੰਘ ਪੰਜਾਬ ਨੂੰ ਰੰਡਾ ਕਰ ਗਿਆ[1]।

ਅਗਲੇ ਦਿਨ 28 ਜੂਨ ਮਹਾਰਾਜਾ ਸਾਹਿਬ ਦਾ ਮ੍ਰਿਤਕ ਸੰਸਕਾਰ ਬੜੀ ਧੂਮ ਧਾਮ ਨਾਲ ਕੀਤਾ ਗਿਆ । ਖ਼ਾਲਸਾ ਫੌਜਾਂ ਤੋਂ ਛੁੱਟ ਲੱਖਾਂ ਲੋਕ ਜਿਥੋਂ ਤਕ ਚਲਾਣੇ ਦੀ ਖ਼ਬਰ ਪਹੁੰਚ ਸਕੀ ਉਹ ਆਪਣੇ ਪਿਆਰੇ ਮਹਾਰਾਜਾ ਦੇ ਅੰਤਮ ਸੰਸਕਾਰ ਵਿਚ ਮਿਲਣ ਲਈ ਲਾਹੌਰ ਪਹੁੰਚ ਗਏ । ਛੇਕੜ ਮਹਾਰਾਜੇ ਦੀ ਦੇਹ ਅਗਨੀ ਨੂੰ ਸੌਂਪ ਦਿੱਤੀ ਗਈ[2]। ਉਧਰੋਂ ਉਸ ਸਮੇਂ ਕਿਲ੍ਹੇ ਤੋਂ ਤੋਪਖ਼ਾਨੇ ਨੇ ਮਹਾਰਾਜੇ ਦੀ ਅੰਤਲੀ ਸਲਾਮੀ ਉਤਾਰੀ, ਇੰਨੇ ਨੂੰ ਅਗਨੀ ਪ੍ਰਚੰਡ ਹੋ ਗਈ ਅਤੇ ਥੋੜੇ ਸਮੇਂ ਵਿਚ ਹੀ ਉਥੇ ਬਿਨਾਂ ਸੁਆਹ ਦੇ ਢੇਰ ਦੇ ਹੋਰ ਕੁਝ ਨਹੀਂ ਸੀ । ਕਹਿੰਦੇ ਹਨ ਕਿ ਇਸ ਸਮੇਂ ਰਾਜਾ ਧਿਆਨ ਸਿੰਘ ਮਹਾਰਾਜੇ ਦੇ ਵਿਛੋੜੇ ਨੂੰ ਨਾ ਸਹਾਰਦਾ ਹੋਇਆ ਕਈ ਵਾਰ ਮਹਾਰਾਜਾ ਦੇ ਬਲਦੇ ਅੰਗੀਠੇ ਵਿਚ ਛਾਲ ਮਾਰਨ ਲਈ ਅੱਗੇ ਆਂਵਦਾ ਰਿਹਾ ਸੀ ਤੇ ਲੋਕ ਬੜੀ ਮਿੰਨਤ ਨਾਲ ਉਸ ਨੂੰ ਇਸ ਤਰ੍ਹਾਂ ਕਰਨ ਤੋਂ ਹੋੜਦੇ ਸਨ, ਪਰ ਅੰਗਰੇਜ਼ ਤੇ ਦੇਸੀ ਇਤਿਹਾਸਕਾਰਾਂ ਦੀ ਰਾਇ ਹੈ ਕਿ ਇਸ ਦਾ ਇਸ ਤਰ੍ਹਾਂ ਕਰਨਾ ਕੇਵਲ ਵਿਖਾਵਾ ਸੀ[3] । ਇਸ ਤਰ੍ਹਾਂ ਖ਼ਾਲਸਾ ਕੌਮ ਦੇ ਇਤਿਹਾਸ ਦਾ ਅਤਿ ਪ੍ਰਕਾਸ਼ਮਾਨ ਭਾਗ ਇਥੇ ਸੰਪੂਰਨ ਹੋ ਜਾਂਦਾ ਹੈ ।

## ਸ਼ੇਰਿ ਪੰਜਾਬ ਦਾ ਫੌਜੀ ਪ੍ਰਬੰਧ[4]

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਜਦ ਸ੍ਰੀ ਅੰਮ੍ਰਿਤਸਰ ਨੂੰ ਖ਼ਾਲਸਾ ਰਾਜ

- - - - - -

1. *ਮਹਾਰਾਜਾ ਰਣਜੀਤ ਸਿੰਘ ਦੇ ਚਲਾਣੇ ਦੇ ਦਿਨ ਵਲ ਧਿਆਨ ਕੀਤਿਆਂ ਕੁਦਰਤ ਦੀ ਇਕ ਅਸਚਰਜ ਰਚਨਾ ਅੱਖਾਂ ਅੱਗੇ ਆ ਖਲੋਂਦੀ ਹੈ । 15 ਹਾੜ ਸੰਮਤ 1856 ਨੂੰ ਸ਼ੇਰਿ ਪੰਜਾਬ ਲਾਹੌਰ ਤੇ ਕਬਜ਼ਾ ਕਰਦਾ ਹੈ ਅਤੇ 15 ਹਾੜ ਸੰਮਤ 1896 ਨੂੰ ਉਸਦਾ ਚਲਾਣਾ ਹੁੰਦਾ ਹੈ । ਇਸ ਤਰ੍ਹਾਂ ਠੀਕ ਚਾਲੀ ਸਾਲ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਵਿਚ ਪਾਤਸ਼ਾਹੀ ਕੀਤੀ ।*
2. *ਇਹ ਇਤਿਹਾਸਕ ਥਾਂ ਜੋ ਸਮਾਧ ਮਹਾਰਾਜਾ ਰਣਜੀਤ ਸਿੰਘ ਦੇ ਨਾਂ ਪਰ ਪ੍ਰਸਿੱਧ ਹੈ, ਲਾਹੌਰ ਦੇ ਕਿਲੇ ਦੇ ਸਾਹਮਣੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਡੇਹਰਾ ਸਾਹਿਬ ਦੇ ਨਾਲ ਹੈ, ਜਿਸ ਪਰ ਬੜੀ ਸੁੰਦਰ ਅਤੇ ਬਹੁਮੁੱਲੀ ਇਮਾਰਤ ਉਸਰੀ ਹੋਈ ਹੈ ।*
3. *ਮੇਜਰ ਸਮਾਇਥ ਹਿਸਟਰੀ ਆਫ ਦੀ ਰਨਿੰਗ ਫੈਮਲੀ ਆਫ ਲਾਹੌਰ, ਸਫਾ 27, ਪੰਡਤ ਦੇਵੀ ਪ੍ਰਸਾਦ ਤਵਾਰੀਖ ਪੰਜਾਬ ਸਫਾ 38 ।*
4. *ਇਸ ਵਿਭਾਗ ਦੇ ਲਿਖਣ ਵਿਚ ਅਸੀਂ ਮਾਹਰਾਜਾ ਦੇ ਪੁਰਾਣੇ ਖ਼ਾਲਸਾ ਦਰਬਾਰ ਦੇ ਰਿਕਾਰਡਾਂ ਅਤੇ ਕਈ ਅਨ-ਛਪੇ ਖਰੜਿਆਂ ਤੋਂ ਸਹਾਇਤਾ ਪ੍ਰਾਪਤ ਕੀਤੀ ਹੈ । ਵਿਸ਼ੇਸ਼ ਵਾਕਿਆਤ ਮਹਾਰਾਜਾ ਸਾਹਿਬ ਦੇ ਹੁਕਮ ਨਾਲ ਲਿਖੀ ਪੁਸਤਕ-*

   *"ਤਰਜਮਾ - ਏ ਕਵਾਇਦ ਸਪਾਹ"*

   *ਵਿਚੋਂ ਪ੍ਰਾਪਤ ਕੀਤੇ ਗਏ ਹਨ । ਇਹ ਬਹੁਮੁੱਲਾ ਨੁਸਖਾ ਜੋ ਅਜ ਤਕ ਛਪਿਆ ਨਹੀਂ ਮਹਾਰਾਜਾ ਦੀ ਫੌਜ ਬਾਰੇ ਵਾਕਫੀ ਦਾ ਅਮੋਲਕ ਖਜਾਨਾ ਹੈ । ਇਸ ਫ਼ਾਰਸੀ ਅੱਖਰਾਂ ਵਿਚ ਬਾ-ਤਸਵੀਰ ਪੁਸਤਕ ਹੈ । ਇਸ ਦੇ ਚੌੜੇ ਸਾਈਜ਼ ਦੇ 135 ਸੱਫੇ ਹਨ, ਅਤੇ ਇਸ ਵਿਚ 64 ਰੰਗੀਨ ਮੂਰਤਾਂ ਹਨ ਜਿਨ੍ਹਾਂ ਵਿਚੋਂ 52 ਮੂਰਤਾਂ ਵਿਚ ਫੌਜ ਦੀ ਵਰਦੀ, ਸਿਰ ਦੀ ਪੱਗ ਤੋਂ ਲੈ ਕੇ ਜੁੱਤੀ ਤਕ ਬੜੇ ਉਘੜੇ ਹੋਏ ਰੰਗਾਂ ਵਿਚ ਦੱਸੀ ਗਈ ਹੈ । ਕਵਾਇਦ ਸਿੱਖਣ ਵਾਲੇ ਨੌਜਵਾਨਾਂ ਦੇ ਹੱਥ ਵਿਚ ਬੰਦੂਕਾਂ ਹਨ । ਕਿਤੇ ਸੱਜਾ ਪੈਰ ਤੇ ਕਿਤੇ ਖੱਬਾ ਪੈਰ ਉਠਾਇਆ ਹੋਇਆ ਹੈ । ਕਿਤੇ ਲੰਬੇ ਕਦਮਾਂ ਦੀ ਚਾਲ ਚੱਲ ਰਹੇ ਹਨ ਕਿਤੇ ਕਿਤੇ ਪੰਜ ਪੰਜ ਅਤੇ ਕਿਤੇ ਕਿਤੇ ਦਸ ਦਸ ਦੀ ਕਤਾਰ ਵਿਚ ਅੱਗੜ ਪਿੱਛੜ ਕਦਮ ਉਠਾ ਰਹੇ ਹਨ । ਕਿਤੇ ਬੰਦੂਕਾਂ ਦੀ ਵਰਤੋਂ ਦਾ ਵੱਖੋ-ਵੱਖ ਢੰਗ ਪ੍ਰਗਟ ਕੀਤਾ ਗਿਆ ਹੈ । ਖ਼ਾਲਸਾ ਫੌਜ ਦੀ ਕਵਾਇਦ ਤੇ ਫੌਜੀ ਵਿਭਾਗ ਦੇ ਪ੍ਰਬੰਧ ਨੂੰ ਸਮਝਣ ਲਈ ਇਹ ਨੁਸਖਾ ਦਰਪਨ ਤੁਲ ਹੈ ।*

   *ਇਸ ਦੇ ਨਾਲ ਹੀ ਇਕ ਹੋਰ ਅਣਛਪੀ ਪੁਸਤਕ ਖ਼ਾਲਸਾ ਸੈਨਾ ਨੂੰ ਅੰਗਰੇਜ਼ੀ ਫੌਜਾਂ ਦੇ ਨਿਯਮਾਂ ਤੇ ਪ੍ਰਬੰਧਾਂ ਅਨੁਸਾਰ ਚਲਾਉਣ ਲਈ ਮਹਾਰਾਜ ਨੇ ਤਿਆਰ ਕਰਵਾਈ ਸੀ ਜਿਸ ਦਾ ਨਾਂ ਹੈ –*

   *"ਆਈਨ ਵ ਕਵਾਈਨ ਦਰ ਬਾਬੇ ਇੰਤਜ਼ਾਮੇ ਫੌਜ ਅੰਗਰੇਜ਼ੀ"*

   *ਮਹਾਰਾਜਾ ਸਾਹਿਬ ਦੇ ਫੌਜੀ ਪ੍ਰਬੰਧ ਨੂੰ ਸਮਝਣ ਲਈ ਇਹ ਦੋਵੇਂ ਪੁਸਤਕਾਂ ਅਦੁੱਤੀ ਹਨ । ਅਸਾਂ ਇਹਨਾਂ ਪੁਸਤਕਾਂ ਨੂੰ ਮੁੱਖ ਰੱਖ ਕੇ ਇਹ ਪ੍ਰਕਰਣ ਲਿਖਿਆ ਹੈ ।*

ਨਾਲ ਸੰਮਲਿਤ ਕਰ ਲਿਆ ਤਾਂ ਸਭ ਤੋਂ ਪਹਿਲਾਂ ਜ਼ਰੂਰੀ ਕੰਮ ਜੋ ਆਪ ਨੇ ਆਪਣੇ ਹੱਥ ਵਿਚ ਲਿਆ ਉਹ ਇਹ ਸੀ ਕਿ ਖ਼ਾਲਸਾ ਫੌਜ ਨੂੰ ਯੂਰਪੀ ਢੰਗ ਅਨੁਸਾਰ ਕਵਾਇਦ ਸਿਖਾਣੀ। ਮਲੂਮ ਹੁੰਦਾ ਹੈ ਕਿ ਮਹਾਰਾਜਾ ਸਾਹਿਬ ਇਸ ਗੱਲ ਨੂੰ ਉਸੇ ਸਮੇਂ ਹੀ ਪੂਰੀ ਤਰ੍ਹਾਂ ਸਮਝ ਗਏ ਸਨ ਕਿ ਫਤਹ ਕੀਤੇ ਹੋਏ ਦੇਸ਼ ਦੀ ਰੱਖਿਆ ਲਈ ਸ਼ਕਤੀਮਾਨ ਫੌਜ ਦੀ ਲੋੜ ਹੈ, ਕਿਉਂਕਿ ਪੂਰਬ ਵੱਲ ਅੰਗਰੇਜ਼ੀ ਹਕੂਮਤ ਦਿਨੋ-ਦਿਨ ਬੜੀ ਤੇਜ਼ੀ ਨਾਲ ਵਧ ਰਹੀ ਸੀ ਅਤੇ ਪੱਛਮ ਵੱਲ ਅਫਗਾਨੀ ਸ਼ਕਤੀਮਾਨ ਲਸ਼ਕਰ ਸਦਾ ਪੰਜਾਬ ਨੂੰ ਲਤਾੜਦਾ ਰਹਿੰਦਾ ਸੀ। ਹੁਣ ਇਹਨਾਂ ਦੋਹਾਂ ਬਲਵਾਨ ਤਾਕਤਾਂ ਦੇ ਵਿਚਾਲੇ ਹੁੰਦੇ ਹੋਏ ਪੰਜਾਬ ਦੀ ਰੱਖਿਆ ਲਈ ਇਕ ਬਲਵਾਨ ਤੇ ਕਵਾਇਦਦਾਨ ਫੌਜ ਦੀ ਬਹੁਤ ਛੇਤੀ ਤਿਆਰ ਕਰਨ ਦੀ ਲੋੜ ਨੂੰ ਉਸ ਨੇ ਅਤਿ ਜ਼ਰੂਰੀ ਅਨੁਭਵ ਕੀਤਾ।

ਇਸ ਦੂਰ ਦੀ ਸੋਚ ਅਨੁਸਾਰ ਸ਼ੇਰਿ ਪੰਜਾਬ ਨੇ ਸੰਮਤ 1860 ਬਿਕਰਮੀ ਮੁਤਾਬਿਕ ਸੰਨ 1803 ਈ: ਵਿਚ ਪਹਿਲੀ "ਸ਼ੇਰ-ਦਲ" ਰਜਬਣ (ਰਜਮੰਟ) ਨੂੰ ਕਵਾਇਦ ਸਿਖਾਣੀ ਆਰੰਭ ਕਰਵਾਈ। ਪਹਿਲੇ ਪਹਿਲ ਕਵਾਇਦ ਦੱਸਣ ਦਾ ਪ੍ਰਬੰਧ ਇਉਂ ਕੀਤਾ ਗਿਆ ਕਿ ਕੁਝ ਪੂਰਬੀਏ, ਜਿਨ੍ਹਾਂ ਨੇ ਈਸਟ ਇੰਡੀਆ ਕੰਪਨੀ ਦੀ ਫੌਜ ਵਿਚ ਨੌਕਰੀ ਕਰਕੇ ਕਵਾਇਦ ਸਿੱਖੀ ਸੀ, ਉਥੋਂ ਨਾਂ ਕਟਾ ਕੇ ਇਥੇ ਆਏ ਤੇ ਉਨ੍ਹਾਂ ਖ਼ਾਲਸਾ ਫੌਜ ਵਿਚ ਕਵਾਇਦ ਦੱਸਣੀ ਸ਼ੁਰੂ ਕੀਤੀ[1]। ਇਸ ਦੇ ਪਿਛੋਂ ਮਹਾਰਾਜਾ ਨੇ ਆਪਣੀ ਫੌਜ ਵਿਚੋਂ ਕੁਝ ਚੋਣਵੇਂ ਜਵਾਨ ਕੰਪਨੀ ਦੇ ਇਲਾਕੇ ਵਿਚ ਭਿਜਵਾ ਦਿੱਤੇ, ਉਹ ਅੰਗਰੇਜ਼ੀ ਫੌਜ ਵਿਚ ਭਰਤੀ ਹੋ ਗਏ ਤੇ ਜਦ ਪੂਰੀ ਤਰ੍ਹਾਂ ਕਵਾਇਦ ਸਿੱਖ ਗਏ ਤਾਂ ਉਥੋਂ ਆਪਣਾ ਨਾਂ ਕਟਵਾ ਕੇ ਲਾਹੌਰ ਆ ਗਏ ਅਤੇ ਮਹਾਰਾਜ ਸਾਹਿਬ ਦੀਆਂ ਫੌਜਾਂ ਨੂੰ ਕਵਾਇਦ ਸਿਖਾਂਦੇ ਰਹੇ।

ਇਉਂ ਅੰਗਰੇਜ਼ੀ ਫੌਜਾਂ ਵਿਚੋਂ ਕਵਾਇਦ ਸਿੱਖ ਕੇ ਆਏ ਜਵਾਨਾਂ ਵਿਚੋਂ ਇਕ ਜਸਵੰਤ ਸਿੰਘ ਨਾਮੀ ਨਾਇਕ ਇਸ ਕੰਮ ਵਿਚ ਬੜਾ ਪ੍ਰਸਿੱਧ ਸੀ[2]। ਕਪਤਾਨ ਵੈਡ ਪੁਲੀਟੀਕਲ ਵਿਭਾਗ ਲੁਧਿਆਣਾ ਨੇ ਇਕ ਸਰਕਾਰੀ ਚਿੱਠੀ ਵਿਚ ਲਿਖਿਆ ਹੈ-

"ਮਹਾਰਾਜਾ ਨੇ ਮੇਰਾ ਧਿਆਨ ਆਪਣੀ ਫੌਜ ਦੇ ਇਕ ਅਫਸਰ ਵੱਲ ਦਿਵਾਇਆ ਜਿਸ ਦਾ ਨਾਂ ਧੌਂਕਲ ਸਿੰਘ ਸੀ, ਮਹਾਰਾਜਾ ਨੇ ਕਿਹਾ ਕਿ ਇਹ ਮੇਰੀ ਫੌਜ ਵਿਚ ਪੁਰਾਣਾ ਅਫਸਰ ਹੈ। ਇਸ ਨੇ ਮੇਰੀ ਫੌਜ ਨੂੰ ਸਭ ਤੋਂ ਪਹਿਲਾਂ ਅੰਗਰੇਜ਼ੀ ਢੰਗ ਦੀ ਕਵਾਇਦ ਸਿਖਾਈ ਸੀ। ਇਸ ਦਾ ਪੁੱਤਰ ਵੀ ਇਕ ਰਜਮੰਟ ਦਾ ਕਰਨੈਲ ਹੈ[3]।

ਇਉਂ ਮਹਾਰਾਜ ਸਾਹਿਬ ਦੀ ਅਥਕ ਕੋਸ਼ਿਸ਼ ਤੇ ਅਟੁਟ ਯਤਨ ਨਾਲ ਥੋੜ੍ਹੇ ਸਮੇਂ ਵਿਚ ਕਈ ਪਲਟਨਾਂ ਕਵਾਇਦ ਸਿੱਖ ਗਈਆਂ।

## ਇਕ ਇਤਿਹਾਸਕ ਭੁੱਲ

ਖ਼ਾਲਸਾ ਫੌਜ ਦੇ ਕਵਾਇਦ ਸਿੱਖਣ ਦੇ ਸੰਨ ਸਾਲ ਬਾਰੇ ਕਈ ਪ੍ਰਸਿੱਧ ਤੇ ਬਦੇਸ਼ੀ ਇਤਿਹਾਸਕਾਰਾਂ ਨੇ ਭੁੱਲਾਂ ਖਾਧੀਆਂ ਹਨ, ਇਹਨਾਂ ਵਿਚੋਂ ਕਈ ਲਿਖਦੇ ਹਨ ਕਿ 'ਮਿਸਟਰ

- - - - - -

1. *ਪੰਜਾਬ ਗਵਰਨਮੈਂਟ ਰੀਕਾਰਡਜ਼, ਸਫਾ 281।*
2. *ਮੂਰ ਕਰਾਫਟ ਆਪਣੇ ਸਫਰਨਾਮੇ ਵਿਚ ਲਿਖਦਾ ਹੈ ਕਿ ਮੈਨੂੰ ਮਹਾਰਾਜੇ ਨੇ ਦੱਸਿਆ ਸੀ ਕਿ ਮੇਰੀਆਂ ਫੌਜਾਂ ਨੂੰ ਪਹਿਲੇ ਪਹਿਲ ਇਕ ਨਾਇਕ ਨੇ ਕਵਾਇਦ ਦੱਸੀ ਸੀ ਜੋ ਕੰਪਨੀ ਦੀ ਫੌਜ ਵਿਚੋਂ ਕਵਾਇਦ ਸਿੱਖ ਕੇ ਆਇਆ ਸੀ। ਸਫਰਨਾਮਾ 'ਮੂਰ ਕਰਾਫਟ' ਜਿਲਦ 1 ਸਫਾ 98।*
3. *ਕਪਤਾਨ ਵੈਡ ਦਾ ਸਰਕਾਰੀ ਖ਼ਤ 'ਚਾਰਲਸ ਮੈਟਾਕਾਫ' ਰੈਜ਼ੀਡੈਂਟ ਦਿੱਲੀ ਦੇ ਨਾਂ, ਤਰੀਕ 1 ਅਗਸਤ ਸੰਨ 1827 ਪੰਜਾਬ ਰੀਕਾਰਡਜ਼।*

ਮੈਟਾਕਾਫ' ਜਦ ਸੰਨ 1809 ਈ: ਵਿਚ ਪਹਿਲੇ ਅਹਿਦਨਾਮੇ ਲਈ ਅੰਮ੍ਰਿਤਸਰ ਆਇਆ ਤਾਂ ਇਸ ਦੇ ਨਾਲ ਕੁਝ ਕਵਾਇਦਦਾਨ ਫੌਜ ਰਾਖੀ ਲਈ ਆਈ ਹੋਈ ਸੀ, ਜਿਸ ਦਾ ਮੁਹੱਰਮ ਦੇ ਤਾਜ਼ੀਏ ਪਰ ਅਕਾਲੀਆਂ ਨਾਲ ਟਾਕਰਾ ਹੋ ਗਿਆ । ਇਸ ਸਮੇਂ ਅੰਗਰੇਜ਼ੀ ਫੌਜ ਦੀ ਕਵਾਇਦਦਾਨੀ ਦਾ ਮਹਾਰਾਜੇ ਦੇ ਮਨ ਪਰ ਐਸਾ ਸਿੱਕਾ ਬੈਠਾ ਕਿ ਉਹ ਉਸੇ ਦਿਨ ਤੋਂ ਹੀ ਆਪਣੀਆਂ ਫੌਜਾਂ ਨੂੰ ਕਵਾਇਦਦਾਨ ਕਰਨ ਦੀ ਧੁਨ ਵਿਚ ਲੱਗ ਗਿਆ ।

2 - ਕੋਈ ਲਿਖਦਾ ਹੈ ਕਿ 'ਜਸਵੰਤ ਰਾਇ ਹੁਲਕਰ' ਰਾਜਾ ਇੰਦੌਰ ਜਦ ਅੰਗਰੇਜ਼ਾਂ ਤੋਂ ਨੱਸ ਕੇ ਸੰਨ 1805 ਈ: ਵਿਚ ਮਹਾਰਾਜਾ ਰਣਜੀਤ ਸਿੰਘ ਤੋਂ ਸਹਾਇਤਾ ਪ੍ਰਾਪਤ ਕਰਨ ਲਈ ਆਇਆ ਤਾਂ ਇਸ ਨੇ ਮਹਾਰਾਜਾ ਸਾਹਿਬ ਨੂੰ ਸਿੱਖਿਆ ਦਿੱਤੀ ਕਿ ਫੌਜ ਨੂੰ ਕਵਾਇਦ ਦੱਸੋ ।

3 - ਕੋਈ ਕਹਿੰਦਾ ਹੈ ਕਿ 'ਲਾਰਡ ਲੇਕ' ਦੀ ਫੌਜ ਨੂੰ ਵੇਖ ਕੇ ਸ਼ੇਰਿ ਪੰਜਾਬ ਦੇ ਮਨ ਵਿਚ ਕਵਾਇਦ ਦਾ ਖਿਆਲ ਉਪਜਿਆ ।

4 - ਕੋਈ ਲਿਖਦਾ ਹੈ ਕਿ ਜਦ ਮਹਾਰਾਜ ਸਾਹਿਬ ਕੋਲ 'ਇਟਾਲੀਅਨ ਤੇ ਫਰੰਚ ਅਫਸਰ ਵਨਤੂਰਾ ਤੇ ਇਲਾਰਡ' ਸੰਨ 1822 ਈ: ਵਿਚ ਨੌਕਰ ਹੋਏ ਤਾਂ ਇਨ੍ਹਾਂ ਖ਼ਾਲਸਾ ਫੌਜ ਨੂੰ ਕਵਾਇਦ ਸਿਖਾਈ ਆਦਿ ।

ਉਪਰੋਕਤ ਲਿਖਤਾਂ ਨੂੰ ਜੇ ਖੋਜ ਦੇ ਚਾਨਣੇ ਵਿਚ ਪੜਤਾਲਿਆ ਜਾਏ ਤਾਂ ਇਹ ਆਪਣੇ ਆਪ ਮਨੋ ਕਲਪਤ ਸਿੱਧ ਹੋ ਜਾਂਦੀਆਂ ਹਨ ।

(1) ਸੱਯਦ ਮੁਹੰਮਦ ਲਤੀਫ, ਹਿਸਟਰੀ ਆਫ ਦੀ ਪੰਜਾਬ ਵਿਚ ਲਿਖਦਾ ਹੈ - ਸੰਨ 1803 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਅਹਿਮਦ ਖ਼ਾਨ ਸਿਆਲ ਵਾਲੀਏ ਝੰਗ ਪਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਮਹਾਰਾਜਾ ਨੇ ਆਪਣੀ ਨਵੀਂ ਖੜੀ ਕੀਤੀ ਬਟਾਲੀਅਨ ਮੈਦਾਨ ਜੰਗ ਵਿਚ ਭੇਜੀ ਸੀ ।

(2) ਕੈਟੇਲਾਗ ਆਫ ਖ਼ਾਲਸਾ ਦਰਬਾਰ ਰੀਕਾਰਡਜ਼ ਜਿਲਦ 1, ਸਫਾ 2 ਤੇ ਲਿਖਿਆ ਹੈ : ਮਹਾਰਾਜਾ ਰਣਜੀਤ ਸਿੰਘ ਦੇ ਫੌਜੀ ਦਫ਼ਤਰ ਦੇ ਕਾਗਜ਼ਾਂ ਵਿਚੋਂ ਕੁਝ ਐਸੇ ਕਾਗਜ਼ 'ਬਰਾਵੁਰਦਿ ਤਕਕੀਮੇ ਤਲਬ' (Payrolls) ਮਿਲਦੇ ਹਨ ਜਿਨ੍ਹਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਸੰਮਤ 1864 ਮੁਤਾਬਿਕ ਸੰਨ 1807 ਈ: ਤੋਂ ਪਹਿਲਾਂ ਮਹਾਰਾਜਾ ਸਾਹਿਬ ਦੀਆਂ ਤਿੰਨ ਬਟਾਲੀਅਨਾਂ ਕਵਾਇਦਦਾਨ ਮੌਜੂਦ ਸਨ ।

(3) ਰੈਜ਼ੀਡੈਂਟ ਦਿੱਲੀ ਦਾ ਖ਼ਤ ਜੋ ਉਸ ਨੇ 9 ਸਤੰਬਰ ਸੰਨ 1827 ਈ: ਨੂੰ ਗਵਰਨਰ ਜਨਰਲ ਨੂੰ ਲਿਖਿਆ ਹੈ, ਉਸ ਵਿਚ ਲਿਖਦਾ ਹੈ ਕਿ ਰਣਜੀਤ ਸਿੰਘ ਦੀ ਫੌਜ ਦੀ ਗਿਣਤੀ ਇਸ ਸਮੇਂ 25000 ਸਵਾਰ ਅਤੇ 7000 ਪੈਦਲ ਹੈ ਜਿਨ੍ਹਾਂ ਵਿਚੋਂ 12000 ਕਵਾਇਦਦਾਨ ਹਨ ।

(4) ਮਿਸਟਰ ਮਿਟਕਾਫ 12 ਸਤੰਬਰ 1808 ਈ: ਨੂੰ ਕਸੂਰ ਵਿਚ ਮਹਾਰਾਜਾ ਸਾਹਿਬ ਨੂੰ ਮਿਲਿਆ ਸੀ[1] ਅਤੇ ਫੇਰ ਛੇਤੀ ਹੀ ਲਾਹੌਰ ਆ ਗਿਆ । ਇਥੋਂ 10 ਨਵੰਬਰ ਨੂੰ ਜੋ ਚਿੱਠੀ ਉਸ ਨੇ ਗਵਰਨਰ ਜਨਰਲ ਨੂੰ ਲਿਖੀ ਉਸ ਵਿਚ ਉਹ ਲਿਖਦਾ ਹੈ - ਮਹਾਰਾਜ ਸਾਹਿਬ ਦੀਆਂ ਪੰਜ ਬਟਾਲੀਅਨ ਕਵਾਇਦਦਾਨ ਵੇਖੀਆਂ[2] ।

- - - - - -

1. *ਸਰ ਜਾਨ ਕੇਜ਼, ਲਾਈਵਜ਼ ਆਫ ਇੰਡੀਅਨ ਆਫੀਸਰਜ਼ ਜਿਲਦ 1 ਸਫਾ 392 ।*
2. *ਜਨਰਲ ਆਫ ਇੰਡੀਅਨ ਹਿਸਟਰੀ ਸਫਾ 210 ।*

(5) ਕਰਨਲ ਅਕਟਰਲੋਨੀ ਸੰਨ 1812 ਦੇ ਆਰੰਭ ਵਿਚ ਸ਼ਾਹਜ਼ਾਦਾ ਖੜਗ ਸਿੰਘ ਦੇ ਵਿਆਹ ਪਰ ਲਾਹੌਰ ਆਇਆ, ਇਸ ਨੇ ਇਸ ਸਮੇਂ ਮਹਾਰਾਜਾ ਸਾਹਿਬ ਦੀਆਂ ਬਹੁਤ ਸਾਰੀਆਂ ਪਲਟਨਾਂ ਨੂੰ ਕਵਾਇਦ ਕਰਦਿਆਂ ਵੇਖਿਆ ਜਿਸ ਦਾ ਸਵਿਸਥਾਰ ਸਮਾਚਾਰ ਉਸ ਨੇ ਗਵਰਨਰ ਜਨਰਲ ਦੇ ਚੀਫ ਸੈਕ੍ਰੇਟਰੀ ਨੂੰ ਲਿਖ ਭੇਜਿਆ[1] ।

ਉਪਰ ਲਿਖੇ ਇਤਿਹਾਸਕ ਸਬੂਤਾਂ ਨੂੰ ਵਿਚਾਰਿਆਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਜਸਵੰਤ ਰਾਇ ਤੇ ਲਾਰਡ ਲੇਕ ਦੇ ਪੰਜਾਬ ਆਉਣ ਤੋਂ ਦੋ ਸਾਲ ਪਹਿਲਾਂ ; ਮਿਸਟਰ ਮੈਟਕਾਫ ਦੀ ਫੌਜ ਤੇ ਅਕਾਲੀਆਂ ਦੀ ਝੜੱਪ ਤੋਂ ਛੀ ਸਾਲ ਅਗਾਊਂ, ਜਨਰਲ ਵੈਨਤੂਰਾ ਤੇ ਇਲਾਰਡ ਦੇ ਮਾਹਰਾਜਾ ਪਾਸ ਨੌਕਰ ਹੋਣ ਸਮੇਂ ਤੋਂ 19 ਸਾਲ ਅਗੇਤਰੇ ਹੀ ਸ਼ੇਰਿ ਪੰਜਾਬ ਆਪਣੀ ਚੋਖੀ ਸੈਨਾ ਨੂੰ ਕਵਾਇਦ ਸਿਖਾ ਚੁੱਕਾ ਸੀ ।

ਮਹਾਰਾਜਾ ਰਣਜੀਤ ਸਿੰਘ ਨੇ ਜਦ ਫੌਜ ਨੂੰ ਕਵਾਇਦ ਸਿਖਾਣੀ ਆਰੰਭ ਕਰਵਾਈ ਤਾਂ ਪਹਿਲਾਂ ਪਹਿਲ ਸੁਤੰਤਰ ਖ਼ਾਲਸਾ, ਕਵਾਇਦ ਸਿੱਖਣ ਦੇ ਬੰਧਨਾਂ ਵਿਚ ਪੈਣਾਂ ਚਿਤੋਂ ਨਹੀਂ ਸੀ ਚਾਹੁੰਦਾ । ਸ਼ੇਰਿ-ਦਿਲ ਖ਼ਾਲਸ੍ਹਾ ਮਰਦਾਂ ਦੇ ਮੈਦਾਨ ਵਿਚ ਸ੍ਰੀ ਸਾਹਿਬ ਧੂਹ ਕੇ ਵੈਰੀ ਪਰ ਟੁੱਟ ਪੈਣਾ ਅਤੇ ਹੱਥੋ ਹੱਥ ਸ਼ਕਤੀ-ਪ੍ਰੀਖਿਆ ਕਰਨੀ ਆਪਨਾ ਭਾਂਵਦਾ ਜੰਗੀ ਗੁਣ ਸਮਝਦਾ ਸੀ । ਕਵਾਇਦ ਸਿੱਖਣ ਨਾਲ ਹੁਕਮ ਅਨੁਸਾਰ ਕਦੇ ਕਦੇ ਸੱਜਾ ਪੈਰ ਚੁੱਕਣਾ ਤੇ ਕਦੇ ਖੱਬਾ, ਪੂਰਬ ਵੱਲ ਮੂੰਹ ਕਰਨਾ ਤੇ ਪੱਛਮ ਵੱਲ ਭਵਾਂਟੀ ਲੈ ਕੇ ਪਰਤ ਜਾਣ ਦੇ ਕਰਤਬ ਨੂੰ ਸਿੰਘ ਇਕ ਵਾਧੂ ਭਾਰ ਸਮਝਦੇ ਸਨ । ਕਵਾਇਦ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਮਿਲ ਕੇ ਸਰਕਾਰ ਨੂੰ ਇਕ ਬੇਨਤੀ-ਪੱਤਰ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਨੇ ਕਵਾਇਦ ਨੂੰ ਵੇਸਵਾ ਦਾ ਨਾਚ ਕਰਕੇ ਲਿਖਿਆ ਸੀ ਅਤੇ ਇਸ ਤੋਂ ਖਲਾਸੀ ਪਾਉਣ ਲਈ ਬੇਨਤੀ ਕੀਤੀ ਗਈ ਸੀ ।

ਸ਼ੇਰਿ ਪੰਜਾਬ ਨੂੰ ਕਰਤਾਰ ਵਲੋਂ ਡਾਢਾ ਅਡੋਲ ਮਨ ਮਿਲਿਆ ਹੋਇਆ ਸੀ । ਉਹ ਕਦ ਇਸ ਤਰ੍ਹਾਂ ਦੀਆਂ ਰੁਕਾਵਟਾਂ ਤੋਂ ਘਬਰਾਉਣ ਵਾਲਾ ਸੀ । ਉਸ ਨੇ ਝਟ ਆਪਣੇ ਚਤਰ ਸੁਭਾਵ ਅਨੁਸਾਰ ਇਸ ਸਮੇਂ ਅਜਿਹੀ ਸੋਚ ਸੋਚੀ ਜਿਸ ਨਾਲ ਸਾਰੀਆਂ ਔਕੜਾਂ ਦੂਰ ਹੋ ਗਈਆਂ । ਸੂਰਜ ਉਦੈ ਹੋਣ ਨਾਲ ਪਰੇਡ ਦੇ ਮੈਦਾਨ ਵਿਚ ਪਹੁੰਚ ਜਾਂਦਾ ਅਤੇ ਹਰ ਇਕ ਜਵਾਨ ਦੇ ਕੰਮ ਨੂੰ ਆਪ ਦੇਖਦਾ । ਜਿਹੜੇ ਜਵਾਨ ਸਫਾਈ ਨਾਲ ਕਵੈਦ ਦਾ ਕੰਮ ਕਰਦੇ ਸ਼ੇਰਿ ਪੰਜਾਬ ਉਨ੍ਹਾਂ ਦਾ ਹੌਂਸਲਾ ਵਧਾਉਣ ਲਈ ਆਪਣੇ ਹੱਥੀਂ ਸਾਰੀ ਫੌਜ ਦੇ ਸਾਹਮਣੇ ਉਨ੍ਹਾਂ ਨੂੰ ਵੱਡੇ ਵੱਡੇ ਇਨਾਮ ਬਖ਼ਸ਼ਦਾ । ਉਨ੍ਹਾਂ ਦੇ ਅਫਸਰਾਂ ਨੂੰ ਕੜਿਆਂ ਦੀਆਂ ਜੋੜੀਆਂ ਅਤੇ ਕੰਠੇ ਦੇਂਦਾ[2] ।

'ਫੌਜੇ ਆਈਨੀ' ਦੇ ਰਾਹ ਵਿਚ ਇਕ ਹੋਰ ਔਕੜ ਬੜੀ ਰੁਕਾਵਟ ਦਾ ਕਾਰਨ ਬਣੀ ਰਹੀ, ਉਹ ਇਹ ਸੀ ਕਿ ਖ਼ਾਲਸੇ ਵਿਚ ਮਿਸਲਾਂ ਦੇ ਸਮੇਂ ਤੋਂ ਲੈ ਕੇ ਸਦਾ ਹੀ ਪੈਦਲ ਫੌਜ ਨਾਲੋਂ

- - - - - -

*1. ਚਿੱਠੀ ਨੰ: 119, ਤਾਰੀਖ 27 ਫਰਵਰੀ ਸੰਨ 1812 ਈ: ਵਲੋਂ ਲੈਫਟੀਨੈਂਟ ਕਰਨਲ ਡੀ: ਆਕਟਰਲੋਨੀ, ਸੇਵਾ ਵਿਚ ਐਨ. ਬੀ. ਇਡਮੋਨਸਟੋਨ (N.B.Edmonstone) ਚੀਫ ਸੈਕ੍ਰੇਟਰੀ ਗਵਰਮੈਂਟ ਹਿੰਦ ।*

*2. ਕਈ ਨਜ਼ੀਰਾਂ ਵਿਚੋਂ ਅਸੀਂ ਇਥੇ ਮੁਨਸ਼ੀ ਸੋਹਨ ਲਾਲ ਦੇ ਰੋਜ਼ਨਾਮਚੇ ਵਿਚੋਂ ਇਕ ਲਿਖਤ ਪੇਸ਼ ਕਰਦੇ ਹਾਂ ਜੋ ਉਸ ਦਫਤਰ 2 ਪੰਨਾ 298 ਉਤੇ ਇਸ ਤਰ੍ਹਾਂ ਹੈ :-*

*"ਮਹਾਰਾਜਾ ਰਣਜੀਤ ਸਿੰਘ ਇਕ ਸਵੇਰ ਨੂੰ ਅਨਾਰਕਲੀ ਦੀ ਛਾਵਣੀ ਦੇ ਨਵੇਂ ਰੰਗਰੂਟਾਂ ਦੀ ਕਵਾਇਦ ਵੇਖ ਕੇ ਬੜੇ ਖ਼ੁਸ਼ ਹੋਏ ਅਤੇ ਪੰਜ ਸੌ ਰੁਪਿਆ ਰੰਗਰੂਟਾਂ ਨੂੰ ਇਨਾਮ ਦਿਤਾ ਅਤੇ ਦੋ ਹਜ਼ਾਰ ਰੁਪਿਆ ਤੇ ਇਕ ਜੜਾਊ ਸੋਨੇ ਦੀ ਜੋੜੀ ਉਹਨਾਂ ਦੇ ਅਫਸਰ ਨੂੰ ਬਖਸ਼ੀ ।*

ਸਵਾਰਾਂ ਵਿਚ ਭਰਤੀ ਹੋਣਾ ਵਧੇਰੇ ਪਤ ਦਾ ਕਾਰਨ ਸਮਝਿਆ ਜਾਂਦਾ ਸੀ, ਜਿਸ ਕਰਕੇ ਵੱਡੇ ਵੱਡੇ ਸਰਦਾਰ ਘਰਾਣਿਆਂ ਦੇ ਨੌਜਵਾਨ ਪੈਦਲ ਰਜਮੰਟਾਂ ਵਿਚ ਭਰਤੀ ਹੋਣ ਵਿਚ ਆਪਣਾ ਅਪਮਾਨ ਸਮਝਦੇ ਸਨ। ਸ਼ੇਰਿ ਪੰਜਾਬ ਮੈਦਾਨ-ਜੰਗ ਦੇ ਇਸ ਭੇਦ ਨੂੰ ਪੂਰੀ ਤਰ੍ਹਾਂ ਸਮਝਦਾ ਸੀ ਕਿ ਭਾਵੇਂ ਧਾਵਾ ਕਰਨ ਵਿਚ ਲੜਾਈ ਵਿਚ ਜੋ ਕੰਮ ਪੈਦਲ ਰਜਮੰਟ ਦੇ ਸਕਦੀ ਸੀ ਉਹ ਰਸਾਲਾਂ ਨਹੀਂ ਸੀ ਦੇ ਸਕਦਾ, ਇਸ ਲਈ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਪੈਦਲ ਪਲਟਨਾਂ ਨੂੰ ਕਵਾਇਦ ਸਿਖਾਣੀ ਆਰੰਭ ਕਰਵਾਈ।

ਸ਼ੇਰਿ ਪੰਜਾਬ ਆਰੰਭ ਤੋਂ ਹੀ ਆਪਣੇ ਸਰਦਾਰਾਂ ਨੂੰ ਪ੍ਰੇਰਦੇ ਰਹਿੰਦੇ ਸਨ ਕਿ ਉਹ ਆਪਣੇ ਬੱਚਿਆਂ ਨੂੰ ਪੈਦਲ ਫੌਜ ਵਿਚ ਭਰਤੀ ਕਰਵਾਣ।

ਇਉਂ ਮਹਾਰਾਜਾ ਸਾਹਿਬ ਨੇ ਸਹਿਜੇ ਸਹਿਜੇ ਸਾਰੀਆਂ ਰੁਕਾਵਟਾਂ ਤੇ ਕਾਬੂ ਪਾ ਲਿਆ। ਇਸ ਤੋਂ ਛੁਟ ਮਹਾਰਾਜਾ ਸਾਹਿਬ ਨੇ ਖ਼ਾਲਸਾ ਕਵਾਇਦਦਾਨ ਰਜਮੰਟਾਂ ਲਈ ਤਲਬ ਦੀ ਥਾਂ ਹਰ ਇਕ ਜਵਾਨ ਨੂੰ ਆਪੋ ਆਪਣਿਆਂ ਪਿੰਡਾਂ ਵਿਚ ਜ਼ਮੀਨ, ਜਗੀਰ ਤੇ ਮਾਫੀ ਦੇ ਦੇਣ ਦਾ ਢੰਗ ਪ੍ਰਚਲਤ ਕੀਤਾ, ਜਿਸ ਨੂੰ ਖ਼ਾਲਸੇ ਰੋਕ ਤਲਬ ਦੇ ਟਾਕਰੇ ਪਰ ਵਧੇਰਾ ਪਸੰਦ ਕਰਦੇ ਸਨ। ਇਸ ਢੰਗ ਨਾਲ ਮਹਾਰਾਜਾ ਸਾਹਿਬ ਦਾ ਤੇ ਇਹਨਾਂ ਦੇ ਨੌਕਰ ਅਤੇ ਮਾਲਕ ਦਾ ਸਬੰਧ ਵਿਚੋਂ ਨਿਕਲ ਗਿਆ ਤੇ ਹਰ ਇਕ ਆਪਣੇ ਆਪ ਨੂੰ ਖ਼ਾਲਸਾ ਸਲਤਨਤ ਦਾ ਸਾਂਝੀਵਾਲ ਸਮਝਣ ਲੱਗ ਪਿਆ। ਅੱਗੇ ਲਈ ਇਹ ਢੰਗ ਬੜਾ ਸਫਲ ਸਿੱਧ ਹੋਇਆ। ਪੂਰਬੀਆਂ ਅਤੇ ਨਜੀਬਾਂ ਨੂੰ ਮਾਹਵਾਰੀ ਰੋਕ ਤਲਬਾ ਮਿਲਦੀਆਂ ਸਨ।

## ਰਜਮੰਟ ਦੀ ਵੰਡ

ਹਰ ਇਕ ਰਜਮੰਟ ਵਿਚ ਅੱਠ ਕੰਪਨੀਆਂ ਰੱਖੀਆਂ ਅਤੇ ਹਰ ਇਕ ਕੰਪਨੀ ਵਿਚ ਇਕ ਸੌ ਜਵਾਨ। ਸਾਰੀ ਪਲਟਨ ਦੇ ਵੱਡੇ ਅਫਸਰਾਂ ਦਾ ਨਾਮ ਕੁਮੇਦਾਨ (ਕਰਨੈਲ) ਨੀਯਤ ਹੋਇਆ। ਕੁਮੇਦਾਨ ਦੀ ਸਹਾਇਤਾ ਲਈ ਇਕ ਸਹਾਇਕ ਕੁਮੇਦਾਨ (ਮੇਜਰ) ਅਤੇ ਇਕ ਬਖਸ਼ੀ (ਐਜੂਟੈਂਟ) ਨੀਯਤ ਕੀਤੇ ਗਏ। ਹਰ ਇਕ ਕੰਪਨੀ ਨੂੰ ਇਕ ਸੂਬੇਦਾਰ ਅਤੇ ਦੋ ਜਮਾਂਦਾਰ ਦੇ ਤਹਿਤ ਵਿਚ ਰੱਖਿਆ, ਅਗੋਂ ਇਕ ਕੰਪਨੀ ਨੂੰ ਚਾਰ ਬਰਾਬਰ ਦੇ ਭਾਗਾਂ ਵਿਚ ਵੰਡ ਕੇ ਹਰ ਇਕ ਭਾਗ (ਸੈਕਸ਼ਨ) ਨੂੰ ਇਕ ਨਿੱਕੇ ਅਫਸਰ ਦੇ ਹਵਾਲੇ ਕੀਤਾ, ਜਿਸ ਦਾ ਨਾਂ ਹਵਾਲੇਦਾਰ ਰੱਖਿਆ ਜੋ ਪਿਛੋਂ ਥੋੜੇ ਕੁਝ ਬਦਲਾਓ ਦੇ ਉਪਰੰਤ ਹਵਾਲਦਾਰ ਪ੍ਰਚਲਿਤ ਹੋਇਆ। ਪੂਰੀ ਪਲਟਨ ਵਿਚ ਇਕ ਗਰੰਥੀ ਨੀਯਤ ਕੀਤਾ, ਜੋ ਚੰਗਾ ਗੁਰਬਾਣੀ ਦੇ ਅਰਥ ਪ੍ਰਮਾਰਥ ਦਾ ਜਾਣੂ ਹੁੰਦਾ ਸੀ, ਇਸ ਲਈ ਮਹਾਰਾਜਾ ਦਾ ਹੁਕਮ ਸੀ ਕਿ ਉਹ ਛਾਵਣੀ ਅਤੇ ਮੈਦਾਨ ਜੰਗ ਵਿਚ ਸਦਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਵਿਚ ਪਲਟਨ ਦੇ ਨਾਲ ਰਿਹਾ ਕਰੇ ਅਤੇ ਜਿਥੇ ਸ਼ਾਹੀ ਝੰਡਾ ਲੱਗੇ, ਉਥੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਾਇਆ ਕਰੇ। ਇਸੇ ਤਰ੍ਹਾਂ ਪਲਟਨ ਵਿਚ ਇਕ ਹਕੀਮ ਨੀਯਤ ਕੀਤਾ ਗਿਆ, ਜਿਸ ਦਾ ਕੰਮ ਸਾਰੀ ਰਜਮੰਟ ਦੀ ਅਰੋਗ੍ਤਾ ਤੇ ਸਫਾਈ ਦਾ ਪ੍ਰਬੰਧ ਕਰਨਾ ਹੁੰਦਾ ਸੀ ਤੇ ਲੋੜ ਅਨੁਸਾਰ ਰੋਗੀ ਸਿਪਾਹੀਆਂ ਨੂੰ ਦੇਸੀ ਦਵਾਈਆਂ ਮੁਫਤ ਮਿਲਦੀਆਂ ਸਨ ਜਿਨ੍ਹਾਂ ਦੀ ਉਸ ਸਮੇਂ ਬਹੁਤ ਘੱਟ ਲੋੜ ਪੈਂਦੀ ਸੀ।

ਪਲਟਨ ਦੇ ਉਪਰ ਲਿਖੇ ਅਫਸਰਾਂ ਦੇ ਕੰਮ ਨੂੰ ਹਲਕਾ ਕਰਨ ਲਈ ਇਕ ਮੁਨਸ਼ੀ ਤੇ

ਇਕ ਮੁਤਸਦੀ ਮੁਕਰਰ ਕੀਤਾ । ਮੁਨਸ਼ੀ ਦਾ ਕੰਮ ਸਿਪਾਹੀਆਂ ਦੀ ਹਾਜ਼ਰੀ ਅਤੇ ਗੈਰਹਾਜ਼ਰੀ ਦੀ ਰਪਟ ਕੁਮੇਦਾਨ ਨੂੰ ਨਿਤਾਪ੍ਰਤੀ ਪੁਚਾਣੀ ਅਤੇ ਉਹਨਾਂ ਦੀ ਸਜ਼ਾ ਦਾ ਰਜਿਸਟਰ ਲਿਖਣਾ ਸੀ ਅਤੇ ਮੁਤਸਦੀ ਨੂੰ ਸਾਰੀ ਰਜਮੰਟ ਦੇ ਸਾਰੇ ਹਿਸਾਬ ਦੇ ਰੱਖਣ ਦਾ ਜ਼ਿੰਮੇਵਾਰ ਠਹਿਰਾਇਆ। ਰਜਮੰਟ ਦੇ ਉਪਰ ਲਿਖੇ ਅਹੁਦੇਦਾਰਾਂ ਤੋਂ ਛੁਟ ਹਰ ਇਕ ਰਜਮੰਟ ਲਈ ਇਕ ਸਹਾਇਕ ਜਥਾ (ਅਮਲਾ) ਨੀਯਤ ਕੀਤਾ, ਜਿਸ ਵਿਚ 16 ਲਾਂਗਰੀ, 16 ਮਹਿਰੇ (ਮਾਸ਼ਕੀ ਪਾਣੀ ਲਈ), 4 ਝੰਡਾ ਬਰਦਾਰ[1], 8 ਮਿਸਤਰੀ (ਲੁਹਾਰ ਤਰਖਾਨ ਤੇ ਰਾਜ), 8 ਬੇਲਦਾਰ, 8 ਖਲਾਸੀ, 18 ਸਾਰਵਾਨ, 10 ਹਰਕਾਰੇ, ਹਰ ਰਜਮੰਟ ਨਾਲ ਰੱਖੇ ਗਏ । ਇਉਂ ਹੀ ਹਰ ਇਕ ਪਲਟਨ ਨੂੰ 150 ਤੰਬੂ ਦਿਤੇ ਗਏ, ਜਿਹਨਾਂ ਵਿਚੋਂ ਇਕ ਕੁਮੇਦਾਨ ਨੂੰ, ਇਕ ਇਕ ਹਰ ਇਕ ਸੂਬੇਦਾਰ ਨੂੰ, ਇਕ ਤੰਬੂ ਦੋ ਜਮਾਦਾਰਾਂ ਨੂੰ, 2 ਤੰਬੂ ਗੋਲੀ ਬਰੂਦ (ਮੈਗਜੀਨ) ਲਈ, ਦੋ ਮਿਸਤਰੀਖਾਨੇ ਲਈ, ਇਕ ਵੱਡਾ ਡੇਰਾ ਸ੍ਰੀ ਗੁਰੂ ਗਰੰਥ ਸਾਹਿਬ (ਗੁਰਦਵਾਰੇ) ਲਈ, ਇਕ ਪੇਸ਼ਗਾਰਦ (ਕੋਟ ਗਾਰਡ) ਲਈ, 10 ਲੰਗਰ ਆਦਿ ਲਈ ਅਤੇ ਬਾਕੀ 115 ਕੁਲ ਸਿਪਾਹੀਆਂ ਨੂੰ ਦਿਤੇ ਗਏ । ਇਹਨਾਂ ਤੰਬੂਆਂ ਤੇ ਬਿਸਤਰਿਆਂ ਨੂੰ ਉਠਾਉਣ ਲਈ 50 ਊਂਠ ਹਰ ਰਜਮੰਟ ਨਾਲ ਨੀਯਤ ਹੋਏ ।

## ਫ਼ੌਜ ਦੀ ਵਰਦੀ

ਹਰ ਇਕ ਪਲਟਨ ਦੀ ਪੁਸ਼ਾਕ ਵੱਖੋ ਵੱਖ ਰੰਗ ਦੀ ਹੁੰਦੀ ਸੀ । ਮਹਾਰਾਜੇ ਦਾ ਮਨ ਭਾਂਵਦਾ ਰੰਗ ਪਲਟਨਾਂ ਲਈ ਇਹ ਸੀ ਅਸਮਾਨੀ ਰੰਗ ਦੀ ਪੱਗ, ਲਾਲ ਕੁੜਤੀ (ਜਾਕਟ) ਅਤੇ ਗੂੜ੍ਹੇ ਨੀਲੇ ਰੰਗ ਦੀ ਪਤਲੂਨ, ਜਿਸ ਤੇ ਕਾਲੇ ਰੰਗ ਦੇ ਚਮੜੇ ਦੀ ਪੇਟੀ ਹੁੰਦੀ ਸੀ, ਜਿਸ ਦੇ ਦੋ ਚਮੜੇ ਪਿੱਠ ਵਲੋਂ ਮੋਢਿਆਂ ਦੇ ਉਤੋਂ ਦੀ ਹੁੰਦੇ ਹੋਏ ਸਾਹਮਣੇ ਪਾਸੇ ਕਮਰਬੰਦ ਨਾਲ ਆ ਜੁੜਦੇ ਸਨ । ਹਰ ਪੈਦਲ ਸਿਪਾਹੀ ਕੋਲ ਇਕ ਬੰਦੂਕ, ਸੰਗੀਨ ਅਤੇ ਸ਼ਮਸ਼ੀਰ ਹੁੰਦੀ ਸੀ । ਇਨ੍ਹਾਂ ਤੋਂ ਛੁਟ ਹਰ ਇਕ ਸਿਪਾਹੀ ਕੋਲ 50 ਸਿੱਕੇ ਦੀਆਂ ਗੋਲੀਆਂ, ਦੋ ਕੇਸੀਆਂ ਵਿਚ, ਲੋੜੀਂਦਾ ਬਾਰੂਦ ਤਾਮੇ ਦੀ ਕੁਪੀ ਵਿਚ, ਜੋ ਪੇਟੀ ਨਾਲ ਲਟਕਦੀ-ਮੌਜੂਦ ਰਹਿੰਦਾ ਸੀ । ਇਹ ਸਾਰੇ ਹਥਿਆਰ ਲਾਹੌਰ ਦੇ ਕਾਰਖਾਨਿਆਂ ਵਿਚ ਤਿਆਰ ਕੀਤੇ ਜਾਂਦੇ ਸਨ ।[2] ਆਨਰੇਬਲ ਵਿਲੀਅਮ ਆਜ਼ਬਰਨ ਸੰਨ 1838 ਵਿਚ ਮਹਾਰਾਜਾ ਸਾਹਿਬ ਦੀਆਂ ਪਲਟਨਾਂ ਬਾਰੇ ਲਿਖਦਾ ਹੈ ਕਿ 'ਇਹ ਜਵਾਨ ਬੜੇ ਉਚੇ ਕੱਦ ਵਾਲੇ ਹਨ, ਇਨ੍ਹਾਂ ਦੇ ਫੁਰਤੀਲੇ ਸਰੀਰ, ਨਿਕਲੀਆਂ ਹੋਈਆਂ ਚੌੜੀਆਂ ਛਾਤੀਆਂ, ਲੰਬੇ ਤਾਕਤਵਰ ਅੰਗ ਬੜੇ ਰੋਹਬਦਾਰ ਦਿਸਦੇ ਹਨ । ਕੂਚ ਸਮੇਂ ਇਹ ਬੜੀਆਂ ਲੰਮੀਆਂ ਮੰਜ਼ਲਾਂ ਬਿਨਾਂ ਥਕੇਵੇਂ ਤਹਿ ਕਰ ਲੈਂਦੇ ਹਨ, ਇਹ ਲੰਮੀਆਂ ਮੰਜ਼ਲਾਂ ਕੇਵਲ ਲੋੜ ਸਮੇਂ ਹੀ ਨਹੀਂ ਤਹਿ ਕਰਦੇ, ਸਗੋਂ ਖੁਸ਼ੀ ਨਾਲ ਲਗਾਤਾਰ ਕਈ ਕਈ ਦਿਨ ਕੂਚ ਕਰਦੇ ਰਹਿੰਦੇ ਹਨ। ਇਹ ਬਾਕੀ ਹਿੰਦੁਸਤਾਨੀ ਜਵਾਨਾਂ ਨਾਲੋਂ ਬਹੁਤ ਹੀ ਸ਼ਕਤੀਵਰ ਅਤੇ ਕਰੜੀਆਂ ਕਠਨਾਈਆਂ ਨੂੰ ਸਹਿਣ ਦੀ ਸਮਰੱਥਾ ਰੱਖਦੇ ਹਨ । ਇਹ ਹਰ ਵਕਤ ਖੁਸ਼ ਰਹਿੰਦੇ ਹਨ ਅਤੇ ਬੜੇ ਸਾਫ ਦਿਲ ਹੁੰਦੇ ਹਨ ।'

- - - - - -

1. *ਖਾਲਸੇ ਦੇ ਝੰਡੇ ਦਾ ਰੰਗ ਬਸੰਤੀ ਸੀ ।*
2. *ਕਰਨਲ ਸੰਟਨ ਬਾਚ ਦੀ ਪੰਜਾਬ ਸਫਾ 59 ।*

ਬੇਰਨ ਹੂਗਲ (Baron Hugel) ਖ਼ਾਲਸਾ ਫੌਜ ਦੇ ਕਮਾਲ ਵੇਖ ਕੇ ਰਾਇ ਪ੍ਰਗਟ ਕਰਦਾ ਹੈ ਕਿ ਇਹ ਫੌਜਾਂ ਯੂਰਪੀਅਨ ਫੌਜਾਂ ਤੋਂ ਵੀ ਆਪਣੇ ਫੌਜੀ ਗੁਣਾਂ ਵਿਚ ਵਧੀਆ ਹਨ। ਇਹ ਇਹਨਾਂ ਬਾਰੇ ਆਪਣੇ 22 ਜਨਵਰੀ ਸੰਨ 1838 ਈ: ਦੇ ਪੱਤਰ ਵਿਚ ਲਿਖਦਾ ਹੈ ਕਿ "ਜਦ ਦਾ ਮੈਂ ਲਾਹੌਰ ਆਇਆ ਹਾਂ ਸ੍ਰੀ ਹਜ਼ੂਰ ਮਹਾਰਾਜਾ ਰਣਜੀਤ ਸਿੰਘ ਨੇ ਮੈਨੂੰ ਕਈ ਵਾਰੀ ਆਪਣੀਆਂ ਫੌਜਾਂ ਦੀ ਕਵਾਇਦ ਤੇ ਚਾਂਦਮਾਰੀ ਆਦਿ ਦੇ ਕਮਾਲ ਦੱਸਣ ਦੀ ਇੱਜ਼ਤ ਬਖਸ਼ੀ ਹੈ। ਮੈਂ ਖ਼ਾਲਸਾ ਫੌਜਾਂ ਦੇ ਪੁਰ-ਰੋਹਬ ਚੇਹਰੇ ਅਤੇ ਛੇਤੀ ਨਾਲ ਬੰਦੂਕਾਂ ਚਲਾਣ ਤੇ ਚਾਂਦਮਾਰੀ ਆਦਿ ਦੇ ਉਚੇ ਕਮਾਲ ਨੂੰ ਵੇਖ ਕੇ ਉਕਾ ਹੈਰਾਨ ਰਹਿ ਗਿਆ ਹਾਂ। ਮੈਂ ਇਸ ਗੱਲ ਦਾ ਫੈਸਲਾ ਕਰਨ ਵਿਚ ਪੂਰੀ ਨਿਰਪੱਖਤਾ ਨਾਲ ਕਹਿੰਦਾ ਹਾਂ ਕਿ ਇਹ ਫੌਜ ਯੂਰਪ ਦੇ ਇੰਨੇ ਸਮੇਂ ਦੀ ਭਰਤੀ ਕੀਤੀ ਫੌਜ ਤੋਂ ਬਹੁਤ ਉਨਤ ਹੈ। ਇਨ੍ਹਾਂ ਦੇ ਫੌਜੀ ਹੁਨਰ ਨੂੰ ਵੇਖ ਕੇ ਮੈਂ ਨਿਰਸੰਦੇਹ ਕਹਿ ਸਕਦਾ ਹਾਂ ਕਿ ਇਹ ਫੌਜ ਜ਼ਰੂਰ ਪੰਜਾਬ ਦੇ ਮੈਦਾਨਾਂ ਤੋਂ ਬਾਹਰ ਆਈ ਹੋਈ ਵੈਰੀ ਫੌਜ ਤੇ ਫਤਹ ਪਾਏਗੀ। ਕੱਲ ਮਹਾਰਾਜਾ ਸਾਹਿਬ ਮੈਨੂੰ ਤੋਪਖਾਨੇ ਅਤੇ ਰਸਾਲਿਆਂ ਦੀ ਚਾਂਦਮਾਰੀ ਵਿਖਾਣ ਲਈ ਨਾਲ ਲੈ ਗਏ ਸਨ ਇਹਨਾਂ ਨੇ ਬੜੇ ਕਮਾਲ ਨਾਲ ਨਿਸ਼ਾਨੇ ਫੁੰਡੇ। ਆਸਟਰੀਆ ਦੀਆਂ ਫੌਜਾਂ ਠੀਕ ਨਿਸ਼ਾਨਾ ਮਾਰਨ ਲਈ ਜਗਤ ਪ੍ਰਸਿੱਧ ਹਨ, ਪਰ ਇਹ ਖ਼ਾਲਸਾ ਫੌਜ ਉਹਨਾਂ ਤੋਂ ਵੀ ਇਸ ਕਰਤੱਬ ਵਿਚ ਵਧੀ ਹੋਈ ਹੈ। ਜਿੰਨੀਆਂ ਗੋਲੀਆਂ ਤੇ ਗੋਲੇ ਇਹਨਾਂ ਨੇ ਚਲਾਏ ਉਹ ਸਭ ਦੇ ਸਭ ਨਿਸ਼ਾਨੇ ਪਰ ਬੈਠੇ, ਇਹਨਾਂ ਵਿਚੋਂ ਇਕ ਵੀ ਨਹੀਂ ਖੁਸਿਆ।"

ਕਰਨਲ ਸਟੈਨਬਾਚ (Col. Stenbach) ਲਿਖਦਾ ਹੈ ਕਿ "ਮਹਾਰਾਜਾ ਸਾਹਿਬ ਦੀਆ ਖ਼ਾਲਸਾ ਫੌਜਾਂ ਦੀ ਵਰਦੀ ਬੜੀ ਸੁਥਰੀ ਤੇ ਬਹੁ-ਮੁੱਲੀ ਬਨਾਤ ਦੀ ਹੁੰਦੀ ਸੀ, ਜਿਸ ਦਾ ਰੰਗ ਵਧੇਰਾ ਅਸਮਾਨੀ ਤੇ ਹਰਾ ਹੁੰਦਾ ਸੀ। ਸਵਾਰਾਂ ਦੇ ਸਾਫੇ ਕਸ਼ਮੀਰੀ ਸ਼ਾਲਾਂ ਦੇ ਹੁੰਦੇ ਸਨ।" ਡਾਕਟਰ ਹਾਨਿੰਗ ਬਰਗਰ (Dr. Honingberger) ਨੇ ਵੀ ਆਪਣੀ ਕਿਤਾਬ ਦੇ ਸਫਾ 96 ਤੇ ਮਹਾਰਾਜਾ ਦੀ ਪੈਦਲ ਫੌਜ ਤੇ ਸਫਾ 120 ਤੇ ਸਵਾਰਾਂ ਦੀਆਂ ਮੂਰਤਾਂ ਦਿੱਤੀਆਂ ਹਨ ਜੋ ਉਸ ਨੇ ਮਹਾਰਾਜਾ ਦੇ ਰਾਜ ਸਮੇਂ ਚਿਤਰੀਆਂ ਸਨ। ਉਹਨਾਂ ਦੀ ਵਰਦੀ ਠੀਕ ਉਸੇ ਨਮੂਨੇ ਦੀ ਦੱਸੀ ਹੈ, ਜਿਹੀ ਅੱਜ ਕੱਲ ਗੋਰਾ ਪਲਟਨਾਂ ਤੇ ਵਾਈਸਰਾਏ ਦੇ ਅੰਗ ਰੱਖਿਅਕ ਰਸਾਲੇ ਦੀ ਹੈ। ਪਤਲੂਨ ਤੇ ਜਾਕਟ ਦੀ ਕਟਾਈ ਮੌਜੂਦਾ ਢੰਗ ਦੀ ਸੀ।[3] ਹਰ ਇਕ ਪੈਦਲ ਸਿਪਾਹੀ ਕੋਲ ਬੰਦੂਕ ਤੇ ਸੰਗੀਨ ਤੋਂ ਛੁੱਟ ਇਕ ਇਕ ਤਲਵਾਰ ਹੁੰਦੀ ਸੀ। ਮਿ: ਬਾਚ ਨੇ ਇਹਨਾਂ ਫੌਜਾਂ ਦੀ ਕਵਾਇਦ ਆਪ ਵੇਖ ਕੇ ਇਹ ਲਿਖਿਆ :- 'ਕੂਚ' ਜਾਂ 'ਹਲਟ' ਦੇ ਸਮੇਂ ਖ਼ਾਲਸਾ ਫੌਜਾਂ ਐਸੀ ਸੁਚੱਜਤਾ ਨਾਲ ਕਦਮ ਰੱਖਦੀਆਂ ਹਨ ਕਿ ਕੰਪਨੀ (ਈਸਟ ਇੰਡੀਆ ਕੰਪਨੀ) ਦੀ ਫੌਜ ਵੀ ਇਹਨਾਂ ਤੋਂ ਵੱਧ ਨਹੀਂ। ਇਹਨਾਂ ਦੀ ਵਰਦੀ ਵੀ ਅੰਗਰੇਜ਼ੀ ਤਰਜ਼ ਦੀ ਹੈ। ਹਰੇ ਰੰਗ ਦੇ ਕੋਟ, ਜਿਹਨਾਂ ਤੇ ਪੀਲੇ ਰੰਗ ਦੇ ਕਫ ਆਦਿ ਲੱਗੇ ਹੋਏ ਹਨ, ਅਤੇ ਇਸ ਦੇ ਉਤੇ ਦੋ ਪੇਟੀਆਂ, ਇਕ ਵਿਚ ਸੰਗੀਨ ਲੱਗੀ ਹੋਈ ਹੈ, ਦੂਜੀ ਵਿਚ ਥੈਲਾ ਹੈ। ਕਮਰ-ਕੱਸੇ ਲਈ ਕਮਰਬੰਦ ਹਨ, ਜੋ ਕਾਲੇ ਰੰਗ ਦਾ ਹੈ ਤੇ ਜਿਸ ਵਿਚ ਇਕ ਇਕ ਤਲਵਾਰ ਲਟਕਦੀ ਹੁੰਦੀ ਹੈ। ਇਸ ਦੇ ਨਾਲ

*1. ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੀ ਫੌਜੀ ਵਰਦੀ ਤੇ ਹੋਰ ਜੰਗੀ ਹਥਿਆਰ ਅਸਾਂ ਲਾਹੌਰ ਦੇ ਕਿਲ੍ਹੇ ਦੇ ਅਜਾਇਬ ਘਰ ਵਿਚ ਡਿੱਠੇ ਹਨ, ਜੋ ਹੁਣ ਤੀਕ ਉਥੇ ਮੌਜੂਦ ਹਨ, ਤੇ ਉਨ੍ਹਾਂ ਦੇ ਵੇਖਣ ਤੋਂ ਹਾਨਿੰਗਬਰਗਰ ਦੀ ਲਿਖਤ ਦੀ ਪ੍ਰੋੜਤਾ ਹੁੰਦੀ ਹੈ। (ਲੇਖਕ)*

ਪਿਛਲੇ ਪਾਸੇ ਬੰਦੂਕ ਨੂੰ ਇਸ ਤਰ੍ਹਾਂ ਲਗਾਇਆ ਗਿਆ ਸੀ, ਜਿਸ ਤੋਂ ਇਹ ਮਲੂਮ ਹੁੰਦਾ ਸੀ ਕਿ ਇਹ ਪਿੱਠ ਨਾਲ ਬੰਨ੍ਹੀ ਹੋਈ ਸੀ। ਪਤਲੂਨ ਨੀਲੇ ਰੰਗ ਦੀ ਬਨਾਤ ਦੀ ਸੀ ਜਿਹਨਾਂ ਵਿਚ ਲਾਲ ਧਾਰੀ ਵੀ ਸੀ, ਪੱਗਾਂ ਕਿਰਮਚੀ ਰੰਗ ਦੇ ਰੇਸ਼ਮ ਦੀਆਂ ਸਨ, ਜਿਹਨਾਂ ਪਰ ਦਬਦਬੇ ਲਈ ਚਮਕਦਾਰ ਜਗਾ ਜਾਂ ਚੱਕਰ ਸਜਿਆ ਹੁੰਦਾ ਸੀ।"

ਇਸੇ ਤਰ੍ਹਾਂ ਆਜ਼ਬਰਨ ਲਿਖਦਾ ਹੈ ਕਿ "ਖ਼ਾਲਸਾ ਫੌਜ ਲੰਮੇ ਕੂਚ ਕਰਨ ਵਿਚ ਸਾਡੀ ਫੌਜ ਤੋਂ ਵਧੀਆ ਹੈ। ਉਹ ਸੌਖੇ ਹੀ ਇਕ ਥਾਂ ਤੋਂ ਦੂਜੀ ਥਾਂ ਤਕ ਕੂਚ ਕਰ ਸਕਦੀ ਹੈ। ਕੂਚ ਦੇ ਸਮੇਂ ਇਨ੍ਹਾਂ ਨੂੰ ਗੱਡੀਆ ਜਾਂ ਭਾਰ-ਬਰਦਾਰੀ ਦੀ ਲੰਮੀ ਮੁਥਾਜੀ ਨਹੀਂ ਪੈਂਦੀ, ਠੇਕੇਦਾਰ ਜੋ ਹਰ ਇਕ ਰਜਮੰਟ ਦੇ ਨਾਲ ਰਹਿੰਦਾ ਹੈ, ਉਹ ਇਨ੍ਹਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ, ਜਿੰਨੇ ਸਮੇਂ ਵਿਚ 30000 ਖ਼ਾਲਸਾ ਫੌਜ ਬੜੀ ਸੌਖ ਨਾਲ ਤੇ ਥੋੜ੍ਹੇ ਖਰਚ ਵਿਚ ਕੂਚ ਕਰ ਸਕਦੀ ਹੈ।"

ਇਹ ਖ਼ਾਲਸਾ ਫੌਜ ਦਾ ਨਮੂਨਾ ਹੈ ਜੋ ਮਹਾਰਾਜਾ ਨੇ ਆਪਣੀ ਯੋਗਤਾ ਤੇ ਮਿਹਨਤ ਨਾਲ ਤਿਆਰ ਕੀਤੀ ਸੀ।

## ਰਸਾਲੇ

ਪੈਦਲ ਪਲਟਨਾਂ ਨੇ ਜਦ ਕਵਾਇਦ ਦਾ ਕੰਮ ਕੁਝ ਸਿੱਖ ਲਿਆ ਤਾਂ ਹੁਣ ਮਹਾਰਾਜਾ ਸਾਹਿਬ ਨੇ ਰਸਾਲਿਆ (ਘੋੜ ਚੜ੍ਹਿਆਂ) ਦੇ ਸੁਧਾਰ ਵੱਲ ਆਪਣਾ ਧਿਆਨ ਦਿੱਤਾ। ਪਹਿਲੇ ਪਹਿਲ ਇਹ ਖਿਆਲ ਸੀ ਕਿ ਕਿਉਂਕਿ ਫੌਜ ਵਿਚ ਖ਼ਾਲਸੇ ਪੈਦਲਾਂ ਨਾਲੋਂ ਰਸਾਲਿਆਂ ਨੂੰ ਵਧੇਰੇ ਚਾਹੁੰਦੇ ਹਨ, ਇਸ ਲਈ ਰਸਾਲਿਆਂ ਦੇ ਸੁਧਾਰ ਵਿਚ ਕੋਈ ਕਠਨਾਈ ਨਹੀਂ ਆਵੇਗੀ, ਪਰ ਮਹਾਰਾਜਾ ਸਾਹਿਬ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ ਜਦ ਉਸ ਨੂੰ ਮਲੂਮ ਹੋਇਆ ਕਿ ਰਸਾਲਿਆਂ ਨੂੰ ਭੀ ਕਵਾਇਦ ਸਿਖਾਣ ਦੇ ਰਾਹ ਵਿਚ ਉਨੀਆਂ ਹੀ ਔਕੜਾਂ ਦਾ ਟਾਕਰਾ ਕਰਨਾ ਪਏਗਾ ਜਿੰਨੀਆਂ ਪੈਦਲਾਂ ਦੇ ਸਮੇਂ ਸਾਹਮਣੇ ਆਈਆਂ ਸਨ। ਪਰ ਸ਼ੇਰਿ ਪੰਜਾਬ ਨੇ ਬਹੁਤ ਛੇਤੀ ਹੀ ਇਹਨਾਂ ਸਾਰੀਆ ਅਟਕਾਂ ਉਪਰ ਸਫਲਤਾ ਪ੍ਰਾਪਤ ਕਰ ਲਈ।

ਸ਼ੇਰਿ ਪੰਜਾਬ ਦੇ ਰਸਾਲਿਆ ਨੇ ਸਮਾਂ ਪਾ ਕੇ ਉਹ ਨਾਮਵਰੀ ਪ੍ਰਾਪਤ ਕੀਤੀ ਕਿ ਉਸ ਸਮੇਂ ਇਹ ਸੰਸਾਰ ਤੇ ਅਦੁੱਤੀ ਮੰਨੇ ਜਾਂਦੇ ਸਨ। ਸੰਨ 1838 ਈ: ਵਿਚ ਲਾਰਡ ਆਕਲੈਂਡ ਨੇ ਮਹਾਰਾਜਾ ਦੇ ਰਸਾਲਿਆਂ ਦਾ ਕੰਮ ਡਿੱਠਾ ਜਿਹਨਾਂ ਬਾਰੇ ਆਪ ਨੇ ਇਹ ਰਾਇ ਲਿਖੀ ਹੈ :-

ਸੰਸਾਰ[1] ਭਰ ਦੀਆਂ ਫੌਜਾਂ ਤੋਂ ਇਹ ਹਰ ਫੌਜੀ ਹੁਨਰ ਵਿਚ ਵਧੀ ਹੋਈ ਫੌਜ ਹੈ।

ਇਸੇ ਤਰ੍ਹਾਂ ਮਿਸਟਰ ਬਾਰ ਨੇ ਆਪਣੀ ਡਾਇਰੀ ਦੇ ਸਫਾ 214 ਉਤੇ ਮਹਾਰਾਜਾ ਸਾਹਿਬ ਦੇ ਰਸਾਲਾ ਰਜਮੰਟਾਂ ਦੇ ਹਥਿਆਰਾਂ ਅਤੇ ਵਰਦੀ ਬਾਬਤ ਇਸ ਤਰ੍ਹਾਂ ਲਿਖਿਆ ਹੈ :-

"ਸਵਾਰਾਂ ਦੀਆਂ ਜਾਕਟਾਂ ਲਾਲ ਰੰਗ ਦੀਆਂ ਹਨ, ਜਿਹਨਾਂ ਦੇ ਕਫ ਅਤੇ ਸਾਹਮਣੇ ਦਰੇਸ਼ੀ ਸੁਫੈਦ ਹੈ, ਪਤਲੂਨਾਂ ਦਾ ਰੰਗ ਗੂੜ੍ਹਾ ਨੀਲਾ ਹੈ ਜਿਸ ਵਿਚ ਲਾਲ ਰੰਗ ਦੀ ਪੱਟੀ ਪਈ ਹੋਈ ਹੈ, ਪੱਗਾਂ ਰੇਸ਼ਮੀ ਸੁਰਖ ਰੰਗ ਦੀਆਂ ਹਨ, ਜੋ ਬੜੇ ਦਰਸ਼ਨੀ ਢੰਗ ਨਾਲ ਸਿਰਾਂ ਤੇ ਸਜਾਈਆਂ ਜਾਂਦੀਆਂ ਸਨ। ਉਹਨਾਂ ਉਪਰ ਚੱਕਰ ਅਤੇ ਖ਼ਾਲਸਾ ਨਿਸ਼ਾਨ ਇਹਨਾਂ ਦੀ ਸ਼ੋਭਾ ਨੂੰ

- - - - - -

*1. ਲਾਰਡ ਆਕਲੈਂਡ ਦੀਆਂ ਪ੍ਰਾਈਵੇਟ ਚਿੱਠੀਆਂ।*

ਦੂਣਾ ਕਰ ਦੇਂਦੇ ਹਨ । ਘੋੜਿਆਂ ਦੀਆਂ ਕਾਠੀਆਂ ਦਾ ਚਮੜਾ ਸੰਧੂਰੀ ਰੰਗ ਦੀ ਬਨਾਤ ਨਾਲ ਮੜ੍ਹਿਆ ਹੁੰਦਾ ਹੈ ਜਿਸ ਦੇ ਅਖੀਰ ਤੇ ਫੀਤਾ ਤੇ ਝਾਲਰ ਲਟਕਦੀ ਹੈ । ਵਾਗਾਂ ਤੇ ਹੋਰ ਸਾਜ ਸਮਿਆਨ ਨਾਲ ਪਿੱਤਲ ਦੇ ਚਮਕੀਲੇ ਕੁੰਡੇ ਕੜੀਆਂ ਲੱਗੇ ਹੁੰਦੇ ਹਨ, ਅਫਸਰਾਂ ਦੀ ਸਾਰੀ ਵਰਦੀ ਨਿਰੋਲ ਰੇਸ਼ਮੀ ਹੈ । ਸਵਾਰ ਲੰਮਾ ਨੇਜ਼ਾ, ਤਲਵਾਰ ਅਤੇ ਬੰਦੂਕ ਲੋੜ ਅਨੁਸਾਰ ਮੈਦਾਨ ਜੰਗ ਵਿਚ ਵਰਤਦੇ ਹਨ ।"

## ਤੋਪਖਾਨਾ

ਇਤਿਹਾਸ਼ਕ ਖੋਜ ਤੋਂ ਪਤਾ ਲੱਗਦਾ ਹੈ ਕਿ ਅਠਾਰਵੀਂ ਸਦੀ ਦੇ ਛੇਕੜਲੇ ਸਮੇਂ ਤਕ ਖ਼ਾਲਸਾ ਜੰਗਾਂ ਵਿਚ ਤੋਪਾਂ ਨੂੰ ਵਧੇਰੇ ਲੋੜੀਂਦਾ ਹਥਿਆਰ ਨਹੀਂ ਸੀ ਸਮਝਦਾ । ਇਸ ਸਮੇਂ ਤਕ ਇਹ ਆਮ ਖਿਆਲ ਸੀ ਕਿ ਸ਼ੇਰਵਾਈ ਹਲਾ ਕਰਕੇ ਵੈਰੀ ਤੋਂ ਤੋਪਾਂ ਖੋਹ ਲੈਣੀਆਂ ਕੋਈ ਕਠਨ ਕੰਮ ਨਹੀਂ ਸੀ । ਖ਼ਾਲਸੇ ਦੇ ਮਨ ਭਾਂਵਦੇ ਹਥਿਆਰ ਤੀਰ ਕਮਾਨ, ਚੰਗੀ ਪੋਰੀ ਦਾ ਨੇਜ਼ਾ ਤੇ ਲਿਸ਼ਕਵੀਂ ਤਲਵਾਰ ਹੁੰਦੇ ਸਨ । ਮਿਸਲਾਂ ਦੇ ਛੇਕੜਲੇ ਦਿਨਾਂ ਵਿਚ ਖ਼ਾਲਸਾ ਬੰਦੂਕਾਂ ਵੀ ਵਰਤਦਾ ਰਿਹਾ ਹੈ ਪਰ ਤੋਪਾਂ ਬਾਰੇ ਲਿਖਤਾਂ ਬਹੁਤ ਘੱਟ ਮਿਲਦੀਆਂ ਹਨ ।

ਸਭ ਤੋਂ ਪਹਿਲਾਂ ਭੰਗਾਣੀ ਦੀ ਲੜਾਈ ਵਿਚ ਜੋ 1686 ਈ: ਵਿਚ ਦੋ ਲੱਕੜੀ ਦੀਆਂ ਤੋਪਾਂ, ਇਕ ਤਰਖਾਣ ਕਾਰੀਗਰ ਨੇ ਸ੍ਰੀ ਦਸ਼ਮੇਸ਼ ਜੀ ਦੀ ਭੇਟਾ ਕੀਤੀਆਂ ਜੋ ਇਸ ਜੰਗ ਵਿਚ ਵਰਤੀਆਂ ਗਈਆਂ । ਫਿਰ ਅਸੀਂ ਸੰਨ 1701 ਈਸਵੀ ਵਿਚ ਪੜ੍ਹਦੇ ਹਾਂ ਕਿ ਸਾਡੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੀ ਲੜਾਈ ਵਿਚ ਬਾਦਸ਼ਾਹੀ ਫੌਜ ਦੇ ਟਾਕਰੇ ਤੇ ਤੋਪਾਂ ਵਰਤੀਆਂ ।[1] ਇਸ ਦੇ ਪਿੱਛੋਂ ਮੁੜ ਸੰਨ 1710 ਤੇ 1715 ਈ: ਵਿਚ ਬਾਬਾ ਬੰਦਾ ਸਿੰਘ 'ਬੰਦਾ ਬਹਾਦਰ' ਨੇ ਲੱਕੜੀ ਦੀਆਂ ਤੋਪਾਂ ਤੋਂ ਦੂਜੀ ਵਾਰ ਮੈਦਾਨ ਜੰਗ ਵਿਚ ਕੰਮ ਲਿਆ ।[2] ਲੱਕੜੀ ਦੀਆਂ ਤੋਪਾਂ ਬਨਾਉਣ ਦਾ ਕੰਮ ਬੜਾ ਅਜੀਬ ਲਿਖਿਆ ਹੈ :- ਇਮਲੀ ਦੇ ਦਰੱਖਤ ਦਾ ਤਣਾ ਸਵਾ ਗਜ਼ ਲੰਮਾ ਵੱਢ ਕੇ ਇਸ ਨੂੰ ਵਿਚੋਂ ਖੋਖਲਾ ਕਰ ਲੈਂਦੇ ਸਨ, ਇਸ ਨੂੰ ਪੱਕਿਆਂ ਕਰਨ ਦੇ ਲਈ ਲੋਹੇ ਦੀ ਪਟੀ ਦੇ ਬੰਦ ਨਾਲੋ ਨਾਲ ਇਸ ਖੋਖਲੀ ਲੱਕੜੀ ਦੀ ਨਾਲੀ ਉਪਰ ਕੱਸ ਦੇਂਦੇ ਸਨ, ਇਸ ਲੱਕੜੀ ਦਾ ਇਕ ਸਿਰਾ ਜੋ ਬੰਦ ਹੁੰਦਾ ਸੀ ਉਸ ਵਿਚ ਇਕ ਬਾਰੀਕ ਸੁਰਾਖ ਪਲੀਤੇ ਲਈ ਪਾਇਆ ਜਾਂਦਾ ਸੀ, ਫੇਰ ਲੋੜ ਅਨੁਸਾਰ ਇਸ ਨਾਲੀ ਵਿਚ ਬਾਰੂਦ ਭਰ ਕੇ ਲੋਹੇ ਜਾਂ ਪੱਥਰ ਦਾ ਗੋਲਾ ਇਸ ਵਿਚ ਚਲਾਂਦੇ ਸਨ ।[3]

ਇਸ ਦੇ ਪਿੱਛੋਂ ਖ਼ਾਲਸੇ ਨੇ ਕੁਝ ਜੰਗਾਂ ਵਿਚ ਭਾਰੀਆਂ ਕੁਰਬਾਨੀਆਂ ਨਾਲ ਵੈਰੀਆਂ ਤੋਂ ਤੋਪਾਂ ਖੋਹੀਆਂ, ਪਰ ਆਪਣੇ ਵਲੋਂ ਬਹੁਤ ਹੀ ਘੱਟ ਉਹਨਾਂ ਨੂੰ ਸੰਗਰਾਮਾਂ ਵਿਚ ਵਰਤਿਆ ।

- - - - - -

1. *ਇਹਨਾਂ ਤੋਪਾਂ ਵਿਚੋਂ ਦੋ ਇਸ ਸਮੇਂ ਲਾਹੌਰ ਦੇ ਅਜਾਇਬ ਘਰ ਵਿਚ ਪਈਆਂ ਹਨ । ਹਿੰਦ ਦੀ ਵੰਡ ਦੇ ਬਾਅਦ ਹੁਣ ਇਹ ਤੋਪਾਂ ਸ਼ਿਮਲੇ ਦੇ ਅਜਾਇਬ ਘਰ ਵਿਚ ਪਹੁੰਚ ਗਈਆਂ ਹਨ । ਇਹ ਅਨੰਦਪੁਰ ਦੇ ਕਿਲ੍ਹੇ ਦੇ ਲਾਗਿਉਂ ਖੁਦਾਈ ਕਰਦਿਆਂ ਮਹਿਕਮਾ ਆਸਾਰ-ਕਦੀਮਾਂ (ਆਰਕੀਆਲੋਜੀ) ਵਾਲਿਆਂ ਨੂੰ ਮਿਲੀਆਂ ਸਨ।*
2. *ਰੋਜ਼ਨਾਮਚਾ ਕਾਮਰ ਖਾਨ, ਗੁਲਾਬ ਮੁਹੱਯਦੀਨ ਖਾਸ ਸ: 37 ਦੀ ਆਰਮੀ ਔਫ ਇੰਡੀਅਨ ਮੁਗਲ ਇਰਵਨ ਸ: 128 ।*
3. *ਦੀ ਆਰਮੀ ਔਫ ਇੰਡੀਅਨ ਮੁਗਲ ਇਰਵਨ ਸ: 128 ।*

ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਜੀਵਨ ਦੇ ਅਰੰਭ ਵਿਚ ਤੋਪਾਂ ਦੀ ਲੋੜ ਨੂੰ ਬੜਾ ਹੀ ਜ਼ਰੂਰੀ ਸਮਝ ਲਿਆ ਸੀ । ਉਸ ਦੇ ਦਿਲ ਵਿਚ ਤੋਪਾਂ ਦੀ ਬੜੀ ਕਦਰ ਸੀ, ਉਹ ਆਉਣ ਵਾਲੇ ਸਮੇਂ ਲਈ ਤੋਪਾਂ ਨੂੰ ਹੀ ਸਫਲਤਾ ਦਾ ਮੁਖ ਹਥਿਆਰ ਸਮਝਦਾ ਸੀ ।

ਜਦ ਪੈਦਲ ਪਲਟਨ ਤੇ ਰਸਾਲੇ ਤਿਆਰ ਹੋ ਗਏ ਤਾਂ ਸ਼ੇਰਿ ਪੰਜਾਬ ਨੇ ਆਪਣਾ ਸਾਰਾ ਧਿਆਨ ਤੋਪਖਾਨਿਆਂ ਦੀ ਤਿਆਰੀ ਵਲ ਲਾ ਦਿੱਤਾ । ਖ਼ਾਲਸਾ ਦਰਬਾਰ ਦੀਆਂ ਲਿਖਤਾਂ ਨੂੰ ਵਾਚਿਆਂ ਮਾਲੂਮ ਹੁੰਦਾ ਹੈ ਕਿ ਪਹਿਲੇ ਪਹਿਲ ਸਿੰਘ ਬਹੁਤ ਘੱਟ ਤੋਪਖਾਨਿਆਂ ਵਿਚ ਭਰਤੀ ਹੋਏ । ਇਸ ਕੰਮ ਨੂੰ ਵਧੇਰਾ ਹਿੰਦੁਸਤਾਨੀ ਮੁਸਲਮਾਨ ਚਲਾਂਦੇ ਰਹੇ । ਸੰਨ 1814 ਈ: ਦੇ ਪਿਛੋਂ ਅਸੀਂ ਸਿੰਘਾਂ ਨੂੰ ਫੌਜ ਦੇ ਇਸ ਭਾਗ ਵਿਚ ਦੇਖਦੇ ਹਾਂ ਪਰ ਵੱਡੀ ਹੈਰਾਨਗੀ ਦੀ ਗੱਲ ਇਹ ਹੈ ਕਿ ਤੋਪਖਾਨੇ ਦੇ ਕੰਮ ਨੂੰ ਖ਼ਾਲਸੇ ਨੇ ਆਪਣੇ ਹੱਥ ਵਿਚ ਲੈਂਦਿਆਂ ਹੀ ਇਸ ਵਿਚ ਉਹਨਾਂ ਨੇ ਉਹ ਕਮਾਲ ਪ੍ਰਾਪਤ ਕੀਤਾ ਕਿ ਸੰਸਾਰ ਪਰ ਮਹਾਰਾਜੇ ਦੇ ਤੋਪਖਾਨਿਆਂ ਦੀ ਧਾਂਕ ਬੈਠ ਗਈ ।

ਪਹਿਲਾਂ ਹਰ ਇਕ ਪਲਟਨ ਨਾਲ ਦੋ ਤੋਪਾਂ ਸਣੇ ਸਮਿਆਨ ਦੇ ਹੁੰਦੀਆਂ ਸਨ, ਪਰ ਥੋੜੇ ਸਾਲਾਂ ਦੇ ਪਿਛੋਂ ਤੋਪਖਾਨਾ ਫੌਜ ਦੇ ਵੱਖ ਡੇਰੇ, ਬੇੜੇ ਤਿਆਰ ਕੀਤੇ ਗਏ ਜੋ ਚਵ੍ਹਾਂ ਭਾਗਾਂ ਵਿਚ ਵੰਡੇ ਹੋਏ ਸਨ :-

(1) ਤੋਪਖਾਨਾ ਅਸਪੀ ਜਿਸ ਨੂੰ ਘੋੜੇ ਖਿਚਦੇ ਹਨ ।

(2) ਤੋਪਖਾਨਾ ਗਾਵੀ, ਜਿਸ ਨੂੰ ਬੈਲ ਖਿਚਦੇ ਹਨ ।

(3) ਤੋਪਖਾਨਾ ਸ਼ੁਤਰੀ, ਹਲਕੀਆਂ ਤੋਪਾਂ ਊਠਾਂ ਤੇ ਲੱਦੀਆਂ ਜਾਂਦੀਆਂ ਸਨ[2]।

(4) ਤੋਪਖਾਨਾ ਫੀਲਬਾਤਰੀ, ਇਸ ਵਿਚ ਭਾਰੀਆਂ ਜਿਨਸੀ ਤੋਪਾਂ ਹੁੰਦੀਆਂ ਸਨ ।

ਇਕ ਤੋਪ ਦੇ ਅੱਗੇ ਦੋ ਹਾਥੀ ਅਗੜ ਪਿਛੜ ਜੋਏ ਜਾਂਦੇ ਸਨ, ਅਤੇ ਪਹਾੜੀ ਬਿਖੜੇ ਰਸਤਿਆਂ ਉਪਰ ਚੜ੍ਹਨ ਲਈ ਇਕ ਤੀਜਾ ਹਾਥੀ ਆਪਣਾ ਸਿਰ ਤੋਪ ਦੇ ਪਿਛੇ ਡਾਹ ਕੇ ਦਬਦਾ ਹੁੰਦਾ ਸੀ । ਕਦੀ ਕਦੀ ਤੋਪਾਂ ਹਾਥੀਆਂ ਦੀ ਪਿੱਠ ਤੇ ਵੀ ਲੱਦੀਆਂ ਜਾਂਦੀਆਂ ਸਨ । ਪਹਾੜੀ ਇਲਾਕਿਆਂ ਤੇ ਕਠਨ ਘਾਟੀਆਂ ਵਿਚ ਹਾਥੀਆਂ ਦਾ ਤੋਪਖਾਨਾ ਬੜਾ ਲਾਭਦਾਇਕ ਸਿੱਧ ਹੋਇਆ ਸੀ, ਪਰ ਇਹ ਗੱਲ ਬੜੀ ਹੈਰਾਨ ਕਰ ਦੇਣ ਵਾਲੀ ਹੈ ਕਿ ਮਹਾਰਾਜਾ ਦੇ ਹਾਥੀਆਂ ਦੇ ਤੋਪਖਾਨੇ ਦਾ ਬਹੁਤ ਘੱਟ ਜਿਕਰ ਲੇਖਕਾਂ ਨੇ ਲਿਖਿਆ ਹੈ, ਹਾਲਾਂ ਕਿ ਸ਼ੇਰਿ ਪੰਜਾਬ ਦੇ ਸਮੇਂ ਤੋਂ ਲੈ ਕੇ ਖ਼ਾਲਸਾ ਰਾਜ ਦੇ ਛੇਕੜਲੇ ਦਿਨਾਂ ਤਕ ਹਾਥੀਆਂ ਦੇ ਤੋਪਖਾਨਿਆਂ ਦੀ ਰਾਹੀਂ ਭਾਰੀਆਂ ਸਫਲਤਾਈਆਂ ਪ੍ਰਾਪਤ ਕੀਤੀਆਂ ਗਈਆਂ, ਪਰ ਇਨ੍ਹਾਂ ਦਾ ਹਾਲ ਬਹੁਤ ਘੱਟ ਲਿਖਤ ਵਿਚ ਮਿਲਦਾਂ ਹੈ । ਸਭ ਤੋਂ ਪਹਿਲੀ ਲਿਖਤ ਜੋ ਹਾਥੀਆਂ ਦੇ ਤੋਪਖਾਨੇ ਸਬੰਧੀ ਮਿਲਦੀ ਹੈ, ਉਹ ਇਹ ਹੈ ਕਿ ਸੰਨ 1819 ਈ: ਵਿਚ ਮਹਾਰਾਜਾ ਸਾਹਿਬ ਨੇ ਜਦ ਕਸ਼ਮੀਰ ਪਰ ਚੜ੍ਹਾਈ ਕੀਤੀ ਤਾਂ ਇਸ ਸਮੇਂ ਪਹਾੜਾਂ ਦੀਆਂ ਚੋਟੀਆਂ ਉਪਰ ਹਾਥੀਆਂ ਪਰ ਤੋਪਾਂ ਪਹੁੰਚਾਈਆਂ ਗਈਆਂ । ਕਿਲ੍ਹਾ ਅਜ਼ੀਮ ਗੜ੍ਹ ਇਕ ਉਚੀ ਪਹਾੜੀ ਦੀ ਚੋਟੀ ਪਰ ਸੀ, ਜਿਸ ਦੇ ਫਤਹ ਕਰਨ ਲਈ ਹਾਥੀਆਂ ਦੇ ਰਾਹੀਂ ਤੋਪਾਂ ਪਹੁੰਚਾਈਆਂ ਗਈਆਂ ਤੇ ਇਹਨਾਂ ਦੀ ਮੱਦਦ ਨਾਲ ਕਿਲ੍ਹਾ ਫਤਹ ਕੀਤਾ ਗਿਆ ।

- - - - - -

1. *ਸਰ ਜਾਨ ਕੇਜ਼ ਲਾਈਫ ਆਫ ਚਾਰਲਸ ਮਿਟਕਾਫ ਜਿ: 1, ਸਫਾ 226 ।*
2. *ਇਹਨਾਂ ਤੋਪਾਂ ਵਿਚੋਂ ਕੁਝ ਤਾਂ ਲਾਹੌਰ ਦੇ ਕਿਲ੍ਹੇ ਵਿਚ ਇਸ ਸਮੇਂ ਤਕ ਮੌਜੂਦ ਹਨ ।*

*(ਲੇਖਕ)*

ਇਸੇ ਤਰ੍ਹਾਂ ਸੰਨ 1801 ਵਿਚ ਰਾਜਾ ਚੰਬਾ ਦੇ ਇਲਾਕੇ ਪਰ ਚੜ੍ਹਾਈ ਕੀਤੀ ਗਈ ਤਾਂ ਕਿਲ੍ਹਾ 'ਤਾਰਾ ਗੜ੍ਹ' ਤੇ 'ਰਹਲੂ' ਨੂੰ ਸਰ ਕਰਨ ਲਈ ਫੀਲਬਾਤਰੀ ਤੋਂ ਹੀ ਕੰਮ ਲਿਆ ਗਿਆ ਸੀ। ਫਿਰ ਲਾਰੰਸ ਦੇ ਸਮੇਂ ਸੰਨ 1846 ਵਿਚ ਜਦ ਕਾਂਗੜੇ ਦੇ ਕਿਲ੍ਹੇ ਨੂੰ ਮੁੜ ਸਰ ਕਰਨ ਦੀ ਲੋੜ ਪਈ ਤਾਂ ਹਾਥੀਆਂ ਦਾ ਤੋਪਖਾਨਾ ਹੀ ਭੇਜਿਆ ਗਿਆ ਸੀ[1]।

ਸੰਨ 1847 ਈ: ਵਿਚ ਜਦ ਜੇਮਜ਼ ਐਬਟ ਹਜ਼ਾਰੇ ਤੇ ਕਸ਼ਮੀਰ ਦੀ ਹੱਦਬੰਦੀ ਲਈ ਨੀਯਤ ਹੋਇਆ ਤੇ ਇਸ ਨੂੰ ਢੌਂਡ ਕੌਮ ਦੀ ਸੋਰਸ਼ ਨੂੰ ਦਬਾਉਣ ਲਈ ਲਾਹੌਰ ਦਰਬਾਰ ਵਲੋਂ ਸਰਦਾਰ ਝੰਡਾ ਸਿੰਘ ਦੀ ਤਹਿਤ ਵਿਚ 2300 ਜਵਾਨ ਪੈਦਲ ਤੇ ਅੱਠ ਵੱਡੀਆਂ ਤੋਪਾਂ ਭੇਜੀਆਂ ਗਈਆਂ ਤਾਂ ਇਸ ਸਮੇਂ ਇਹ ਅੱਠੇ ਤੋਪਾਂ ਹਾਥ਼ੀਆਂ ਤੇ ਲੱਦੀਆਂ ਹੋਈਆਂ ਸਨ, ਰਸਤਾ ਪਹਾੜੀ ਤੇ ਬਿਖੜਾ ਹੋਣ ਕਾਰਣ ਇਨ੍ਹਾਂ ਵਿਚੋਂ ਦੋ ਹਾਥੀ ਪਹਾੜ ਦੀ ਖੱਡ ਵਿਚ ਡਿੱਗ ਪਏ[2]। ਉਪਰ ਦਿੱਤੀਆਂ ਉਦਾਹਰਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਖ਼ਾਲਸਾ ਰਾਜ ਸਮੇਂ ਫੀਲਬਾਤਰੀ ਨੇ ਮੈਦਾਨ ਜੰਗ ਵਿਚ ਬੜੀ ਭਾਰੀ ਸਫਲਤਾ ਪ੍ਰਾਪਤ ਕੀਤੀ ਸੀ।

## ਤੋਪਖਾਨਿਆਂ ਦਾ ਪ੍ਰਬੰਧ

ਤੋਪਖਾਨੇ ਦੇ ਅਹੁਦੇਦਾਰ ਲਗਭਗ ਪੈਦਲ ਰਜਮੰਟ ਦੀ ਤਰ੍ਹਾਂ ਸਨ। ਮਹਾਰਾਜੇ ਦੇ ਤੋਪਖਾਨੇ ਉਸ ਦੀ ਨਿੱਤ ਦੀ ਘਾਲ ਦੇ ਕਾਰਨ ਉਸ ਕਮਾਲ ਪਰ ਪਹੁੰਚੇ ਕਿ ਉਸ ਸਮੇਂ ਇਹ ਆਮ ਖਿਆਲ ਸੀ ਕਿ ਸ਼ੇਰਿ ਪੰਜਾਬ ਦੇ ਤੋਪਖਾਨੇ ਹਿੰਦ ਵਿਚ ਸਭ ਤੋਂ ਪਹਿਲੇ ਦਰਜੇ ਤੇ ਹਨ? ਕੁਝ ਕੁ ਵਾਕਿਫਕਾਰ ਅੰਗਰੇਜ਼ਾਂ ਨੇ ਮਹਾਰਾਜੇ ਦੇ ਤੋਪਖਾਨਿਆਂ ਬਾਰੇ ਇਸ ਤਰ੍ਹਾਂ ਰਾਇ ਲਿਖੀ ਹੈ :-

ਆਨਰੇਬਲ ਆਜ਼ਬਰਨ, ਜੋ ਲਾਰਡ ਆਕਲੈਂਡ ਗਵਰਨਰ ਜਨਰਲ ਹਿੰਦ ਦਾ ਮਿਲਟਰੀ ਸੈਕ੍ਰੇਟਰੀ ਤੇ ਫੌਜੀ ਕੰਮਾਂ ਦਾ ਬੜਾ ਜਾਣਕਾਰ ਸਮਝਿਆ ਜਾਂਦਾ ਸੀ, ਇਹ ਆਪਣੀ 3 ਜੂਨ ਸੰਨ 1838 ਦੀ ਡਾਇਰੀ ਵਿਚ ਲਿਖਦਾ ਹੈ ਕਿ "ਮੈਂ ਅੱਜ ਮਹਾਰਾਜਾ ਸਾਹਿਬ ਨਾਲ ਉਸ ਦੇ ਤੋਪਖਾਨਿਆਂ ਦੀ ਚਾਂਦਮਾਰੀ ਵੇਖਣ ਲਈ ਗਿਆ, ਉਥੇ ਅਸਾਂ 12 ਅਸਪੀ ਤੋਪਾਂ ਵੇਖੀਆਂ ਜੋ ਡਾਢੇ ਵਧੀਆ ਸਮਾਨ ਨਾਲ ਸਜੀਆਂ ਹੋਈਆਂ ਸਨ। ਮਹਾਰਾਜਾ ਦੀਆਂ ਇਨ੍ਹਾਂ ਤੋਂ ਵੀ ਵਧੀਆ ਤੋਪਾਂ ਲਾਹੌਰ ਵਿਚ ਹਨ। ਅੱਠ ਤੇ ਬਾਰਾਂ ਸੌ ਗਜ਼ ਤੋਂ ਚਾਂਦਮਾਰੀ ਬੜੀ ਵਧੀਆ ਸੀ। ਬਹੁਤ ਸਾਰੇ ਗੋਲੇ ਠੀਕ ਨਿਸ਼ਾਨੇ ਉਪਰ ਜਾ ਕੇ ਪਾਟੇ ਸਨ।" ਫਿਰ 22 ਜੂਨ ਨੂੰ ਲਿਖਦਾ ਹੈ - "ਅੱਜ ਮੈਂ 53 ਅਸਪੀ ਤੋਪਾਂ ਕਵਾਇਦ ਦੇ ਮੈਦਾਨ ਵਿਚ ਵੇਖੀਆਂ ਜੋ ਮਹਾਰਾਜਾ ਸਾਹਿਬ ਦੇ ਆਪਣੇ ਕਾਰਖਾਨਿਆਂ ਵਿਚ ਤਿਆਰ ਕੀਤੀਆਂ ਗਈਆਂ ਹਨ। ਮੇਰੀ ਰਾਇ ਵਿਚ ਇਸ ਸਮੇਂ ਦੀਆਂ ਦੇਸੀ ਹਕੂਮਤਾਂ ਪਾਸ ਐਸਾ ਸ਼ਕਤੀਵਰ ਤੋਪਖਾਨਾ ਨਹੀਂ।"

24 ਜੂਨ ਨੂੰ ਮੁੜ ਇਸ ਨੂੰ ਮਹਾਰਾਜੇ ਦੇ ਤੋਪਖਾਨੇ ਵੇਖਣ ਦਾ ਸਮਾਂ ਮਿਲਿਆ, ਇਸ ਦਿਨ ਇਹ ਲਿਖਦਾ ਹੈ - "ਮੈਂ ਅੱਜ 13 ਤੋਪਾਂ ਦੀ ਕਵਾਇਦ ਵੇਖੀ, ਇਨ੍ਹਾਂ ਦੀ ਚਾਂਦਮਾਰੀ ਦਾ ਟਾਕਰਾ ਸੰਸਾਰ ਦਾ ਕੋਈ ਤੋਪਖਾਨਾ ਨਹੀਂ ਕਰ ਸਕਦਾ। ਪਹਿਲੇ ਗੋਲੇ ਨਾਲ ਹੀ ਚਾਂਦ ਟੁਕੜੇ ਟੁਕੜੇ ਹੋ ਗਿਆ। ਮੈਂ ਇਨ੍ਹਾਂ ਦੇ ਹੁਨਰ ਨੂੰ ਦੇਖ ਕੇ ਹੈਰਾਨ ਹੋ ਗਿਆ ਹਾਂ, ਇਸ ਤੋਂ ਵੱਧ ਹੈਰਾਨੀ

- - - - - -

1. *ਲਾਈਫ ਆਫ ਲਾਰਡ ਲਾਰੰਸ ਬਾਈ ਬਾਸਵਰ ਸਮਿਥ, ਸਫਾ 175-176।*
2. *ਹਿਸਟਰੀ ਆਫ ਦੀ ਹਜ਼ਾਰਾ ਡਿਸਟ੍ਰਿਕਟ ਸਫ਼ਾ 141।*

ਇਸ ਗੱਲ ਦੀ ਹੈ ਕਿ ਇਹ ਸਭ ਕੁਝ ਬਹੁਤ ਥੋੜੇ ਸਮੇਂ ਵਿਚ ਹੀ ਤਿਆਰ ਕੀਤਾ ਗਿਆ ਹੈ। ਮੈਂ ਆਪ ਨਿਸ਼ਾਨੇ ਪਾਸ ਪੁੱਜਾ ਤੇ ਵੇਖਿਆ ਕਿ ਚਾਂਦ ਵਾਲਾ ਪਰਦਾ ਟੁਕੜੇ ਟੁਕੜੇ ਪਿਆ ਸੀ।"

ਲੈਫਟੀਨੈਂਟ ਬਾਰੇ ਤੇ ਬੈਰਨ ਹੂਗਲ ਦੀਆਂ ਰਾਇਆਂ ਲਿਖੀਏ ਤਾਂ ਲਿਖਤ ਦੇ ਬਹੁਤ ਵਧ ਜਾਣ ਦਾ ਡਰ ਹੈ, ਮੁਕਦੀ ਗੱਲ ਇਹ ਹੈ ਕਿ ਜਿਨ੍ਹਾਂ ਨੇ ਮਹਾਰਾਜੇ ਦੇ ਤੋਪਖਾਨੇ ਦੇ ਕਮਾਲ ਡਿੱਠੇ ਸਨ ਭਾਵੇਂ ਉਹ ਅੰਗਰੇਜ਼ ਸਨ ਜਾਂ ਅਮਰੀਕਨ, ਉਨ੍ਹਾਂ ਸਭਨਾਂ ਦੀ ਸੰਮਤੀ ਇਹ ਸੀ ਕਿ ਮਹਾਰਾਜੇ ਦਾ ਤੋਪਖਾਨਾ ਉਸ ਸਮੇਂ ਅਦੁੱਤੀ ਸੀ।

ਤੋਪਖਾਨੇ ਦੇ ਜਵਾਨਾਂ ਦੀ ਵਰਦੀ ਬਾਰੇ ਮਿਸਟਰ ਬਾਰ ਲਿਖਦਾ ਹੈ,"ਇਨ੍ਹਾਂ ਦੀ ਵਰਦੀ ਸਾਡੇ (ਅੰਗਰੇਜ਼) ਤੋਪਖਾਨਿਆਂ ਦੇ ਜਵਾਨਾਂ ਵਰਗੀ ਹੈ, ਫਰਕ ਕੇਵਲ ਇੰਨਾ ਹੈ ਕਿ ਸਿਰ ਤੇ ਟੋਪੀਆਂ ਦੀ ਥਾਂ ਖ਼ਾਲਸੇ ਦੀਆਂ ਰੱਤੀਆਂ ਰੇਸ਼ਮੀਆਂ ਪੱਗਾਂ ਹਨ। ਸਫੈਦ ਪਤਲੂਨਾਂ ਦੇ ਉਪਰ ਗੋਡਿਆਂ ਤੱਕ ਲੰਬੇ ਬੂਟ, ਲਾਲ ਕੁੜਤੀਆਂ ਜਿਨ੍ਹਾਂ ਦੇ ਉਪਰ ਕਾਲੇ ਚਮੜੇ ਦੇ ਕਮਰਬੰਦ ਜਿਨ੍ਹਾਂ ਤੇ ਚਮਕੀਲੇ ਪਿੱਤਲ ਦੀਆਂ ਕੜੀਆਂ ਕੁੰਡੇ ਲੱਗੇ ਹੋਏ ਹਨ, ਤਲਵਾਰਾਂ ਦੇ ਮਿਆਨ ਵੀ ਇਸ ਹੀ ਰੰਗ ਦੇ ਹਨ।

ਪਾਠਕ ਇਹ ਪੜ੍ਹ ਕੇ ਵਧੇਰੇ ਹੈਰਾਨ ਹੋਣਗੇ ਕਿ ਐਸੇ ਅਦੁੱਤੀ ਤੋਪਖਾਨਿਆਂ ਦੀਆਂ ਸਾਰੀਆਂ ਤੋਪਾਂ ਮਹਾਰਾਜਾ ਰਣਜੀਤ ਸਿੰਘ ਦੇ ਆਪਣਿਆਂ ਕਾਰਖਾਨਿਆਂ ਵਿਚ ਢਾਲੀਆਂ ਗਈਆਂ ਸਨ, ਇਨ੍ਹਾਂ ਵਿਚ ਕੁਝ ਕੁ ਕਾਰਖਾਨਿਆਂ ਦਾ ਸਮਾਚਾਰ ਤੇ ਤੋਪਾਂ ਅਤੇ ਕਾਰੀਗਰਾਂ ਦੇ ਨਾਂ ਹੇਠ ਦਿੰਦੇ ਹਾਂ :- ਖ਼ਾਲਸਾ ਰਾਜ ਦੇ ਰੀਕਾਰਡਾਂ ਦੀ ਪੜਚੋਲ ਕੀਤਿਆਂ ਤੋਪਾਂ ਦੇ ਉਪਰ ਉਕਰੀਆਂ ਹੋਈਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਇਸ ਰਾਜ ਵਿਚ ਪੰਜ ਤੋਪਾਂ ਢਾਲਣ ਦੇ ਕਾਰਖਾਨੇ ਚਾਲੂ ਸਨ ਜਿਨ੍ਹਾਂ ਵਿਚ ਤੋਪਾਂ ਢਾਲੀਆਂ ਜਾਂਦੀਆਂ ਸਨ। ਇਨ੍ਹਾਂ ਵਿਚੋਂ ਤਿੰਨ ਲਾਹੌਰ ਵਿਚ ਸਨ। ਇਕ ਕਿਲ੍ਹਾ ਮੁਬਾਰਕ ਵਿਚ ਜਿਸ ਦੀ ਦੇਖ ਰੇਖ ਮੀਆਂ ਕਾਦਰ ਬਖ਼ਸ਼ ਬਾਗਬਾਨ ਪੁਰੀਆ[1] ਕਰਦਾ ਸੀ। ਦੂਜਾ ਕਾਰਖਾਨਾ ਈਦਗਾਹ ਵਿਚ ਚਾਲੂ ਸੀ ਜਿਸ ਦਾ ਪ੍ਰਬੰਧ ਜਨਰਲ ਕੋਰਟ ਅਤੇ ਉਸ ਦਾ ਵਿਦਿਆਰਥੀ ਮੀਆਂ ਅਫਜ਼ਲ ਅਲੀ ਕਰਦਾ ਸੀ। ਤੀਜਾ ਕਾਰਖਾਨਾ ਸ਼ਾਹਦਰੇ ਵਿਚ ਸੂਬਾ ਸਿੰਘ ਦਾ ਕਾਰਖਾਨਾ ਦੇ ਨਾਮ ਪਰ ਪ੍ਰਸਿੱਧ ਸੀ। ਇਸ ਦਾ ਨਿਗਰਾਨ ਜਵਾਹਰ ਮਲ ਸੀ। ਖ਼ਾਲਸਾ ਰਾਜ ਦੀਆਂ ਸਭ ਤੋਂ ਵੱਧ ਤੋਪਾਂ ਇਸੇ ਕਾਰਖਾਨੇ ਵਿਚ ਢਲਦੀਆਂ ਸਨ। ਚੌਥਾ ਕਾਰਖਾਨਾ ਨਕੋਦਰ ਪਰਗਨਾ ਜਲੰਧਰ ਵਿਚ ਸੀ, ਜੋ ਖਲੀਫ਼ਾ ਇਮਾਮ ਦੀਨ ਤੇ ਕੈਦੇ ਖ਼ਾਨ ਦੀ ਤਹਿਤ ਵਿਚ ਚਲਦਾ ਸੀ।[2] ਪੰਜਵਾਂ ਕਾਰਖਾਨਾ ਸ਼ੇਖੋ ਪੁਰੇ ਵਿਚ ਸੀ।

## ਤੋਪਾਂ ਢਾਲਣ ਵਾਲੇ ਕਾਰੀਗਰਾਂ ਦੇ ਨਾਂ

ਸੂਬਾ ਸਿੰਘ, ਗੋਬਿੰਦ ਸਿੰਘ ਪੁੱਤਰ ਸਰੂਪ ਸਿੰਘ ਦੇ, ਰਾਏ ਸਿੰਘ ਤੋਪਸਾਜ਼, ਮੀਆਂ ਖ਼ਾਨ ਮੁਹੰਮਦ ਪੁੱਤਰ ਚੌਧਰੀ ਗੁਲਾਮ ਮੁਹੰਮਦ ਦਾ, ਸੁਧਾ ਸਿੰਘ, ਅਫਜ਼ਲ ਅਲੀ, ਇਮਾਮ

- - - - - -

1. *ਮੀਆਂ ਕਾਦਰ ਬਖ਼ਸ਼ ਨੇ ਇਕ ਪੁਸਤਕ ਫਾਰਸੀ ਵਿਚ ਰਚੀ ਸੀ ਜਿਸ ਵਿਚ ਉਸ ਨੇ ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਸਹਾਇਤਾ ਲਈ ਸੀ। ਇਸ ਵਿਚ ਉਸਨੇ ਤੋਪਾਂ ਢਾਲਣ ਦੇ ਹੁਨਰ ਨੂੰ ਬੜੇ ਵੇਰਵੇ ਨਾਲ ਦੱਸਿਆ ਹੈ। ਇਹ ਮੀਆਂ ਕਾਦਰ ਬਖ਼ਸ਼, ਜਸਟਸ ਮੀਆਂ ਸ਼ਾਹ ਦੀਨ ਦਾ ਪਿਤਾ ਅਤੇ ਮੀਆਂ ਇਫਤੇਖਾਰੋਦੀਨ ਦਾ ਦਾਦਾ ਸੀ।*
2. *ਜਨਰਲ ਆਫ ਇੰਡੀਅਨ ਹਿਸਟਰੀ।*

ਦੀਨ ਖਤਾਈ, ਰੂਪ ਸਿੰਘ, ਅਨੂਪ ਸਿੰਘ, ਮੁਹੰਮਦ ਹਯਾਤ ਅਤੇ ਬਾਗੀ ਖ਼ਾਨ ਆਦਿ[1] ।

## ਖ਼ਾਲਸਾ ਫੌਜ ਦੀ ਗਿਣਤੀ

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਸਮੇਂ ਸਾਰੀ ਗਿਣਤੀ ਪੈਦਲ ਤੇ ਸਵਾਰਾਂ ਦੀ 123800 ਜਵਾਨ ਸੀ, ਜਿਨ੍ਹਾਂ ਦੀ ਵੰਡ ਇਸ ਤਰ੍ਹਾਂ ਹੈ :-

| | |
|---|---|
| ਪੈਦਲ ਫੌਜ | 87000 |
| ਅਕਾਲੀ | 5000 |
| ਜੋੜ ਪੈਦਲ ਫੌਜ ਦਾ | 92000 |
| ਸਵਾਰ ਘੋੜ ਚੜ੍ਹੇ ਸਣੇ ਤੋਪਖਾਨੇ ਦੇ | 16800 |
| ਸਵਾਰ ਜਾਗੀਰਦਾਰਾਂ ਦੇ | 15000 |
| ਜੋੜ ਸਵਾਰਾਂ ਦਾ | 31800 |
| ਸਾਰਾ ਜੋੜ ਪੈਦਲ ਤੇ ਸਵਾਰਾਂ ਦਾ | 123800 |
| ਤੋਪਾਂ ਵੱਡੀਆਂ | 284 |
| ਤੋਪਾਂ ਹਲਕੀਆਂ ਸ਼ੁਤਰੀ | 400 |
| ਸਾਰਾ ਜੋੜ ਤੋਪਾਂ ਦਾ | 784[2] |

## ਸ਼ੇਰਿ ਪੰਜਾਬ ਦਾ ਮੁਲਕੀ ਪ੍ਰਬੰਧ[3]

ਸ਼ੇਰਿ ਪੰਜਾਬ ਨੇ ਜਦ ਪੰਜਾਬ ਦਾ ਵਿਸ਼ੇਸ਼ ਭਾਗ ਖ਼ਾਲਸਾ ਰਾਜ ਨਾਲ ਮਿਲਾ ਲਿਆ ਅਤੇ ਯੁਧਾਂ ਜੰਗਾਂ ਤੋਂ ਕੁਝ ਵਿਹਲ ਮਿਲੀ ਤਾਂ ਆਪ ਨੇ ਮੁਲਕੀ ਪ੍ਰਬੰਧ ਵੱਲ ਆਪਣਾ ਧਿਆਨ ਮੋੜਿਆ । ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਖ਼ਾਲਸਾ ਸਲਤਨਤ ਨੂੰ ਹੇਠ ਲਿਖੇ ਚਾਰ ਸੂਬਿਆਂ ਵਿਚ ਵੰਡਿਆ :-

(1) ਸੂਬਾ ਲਾਹੌਰ (2) ਸੂਬਾ ਮੁਲਤਾਨ
(3) ਸੂਬਾ ਕਸ਼ਮੀਰ (4) ਸੂਬਾ ਪਿਸ਼ਾਵਰ

---

1. *ਖਾਲਸਾ ਰਾਜ ਦੀਆਂ ਤੋਪਾਂ ਬਾਰੇ ਸਵਿਸਥਾਰ ਵੇਰਵਾ ਸਾਡੀ ਨਵੀਂ ਲਿਖੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿਚ ਪੜ੍ਹੋ ।*
2. *ਕੈਪਟਨ ਵਿਲੀਅਮ ਮਰੇ ਤੇ ਪ੍ਰਿੰਸਪ 'ਦੀ ਹਿਸਟਰੀ ਆਫ ਦੀ ਰਣਜੀਤ ਸਿੰਘ' ਦੇ ਸਫਾ 186 ਤੇ ਲਿਖਦੇ ਹਨ ਮ: ਰਣਜੀਤ ਸਿੰਘ ਦੀਆਂ ਵੱਡੀਆਂ ਤੋਪਾਂ ਦੀ ਗਿਣਤੀ 376 ਹੈ ਤੇ ਛੋਟੀਆਂ ਤੇ ਗੁਬਾਰੇ 370 ਹਨ, ਇਥੇ ਗਿਣਤੀ 376 ਹੈ ਤੇ ਛੋਟੀਆਂ ਤੇ ਗੁਬਾਰੇ 370 ਹਨ, ਇਸੇ ਗਿਣਤੀ ਨੂੰ ਕਰਨਲ ਸਟਨਬਾਰ ਨੇ 'ਦੀ ਪੰਜਾਬ ' ਦੇ ਸਫਾ 58-59 ਤੇ ਨਕਲ ਕੀਤਾ ਹੈ ਪਰ ਮਲੂਮ ਰਹੇ ਕਿ ਕੈਪਟਨ ਮਰੇ ਨੇ ਆਪਣੀ ਰਿਪੋਰਟ ਜੋ ਸੰਨ 1833 ਈ: ਵਿਚ ਤਿਆਰ ਕੀਤੀ ਸੀ, ਮਹਾਰਾਜੇ ਤੇ ਛੇਕੜਲੇ 6 ਸਾਲਾਂ ਵਿਚ ਕੁਝ ਤੋਪਾਂ ਤੇ ਫੌਜ ਦੀ ਗਿਣਤੀ ਹੋਰ ਵਧੀ ਸੀ ਜੋ ਉਪਰ ਦੱਸੀ ਲਿਖਤ ਨਾਲ ਮੇਲ ਖਾਂਦੀ ਹੈ ।*
3. *ਇਸ ਵਿਭਾਗ ਦੇ ਲਿਖਣ ਲੱਗਿਆਂ ਜਿਥੇ ਅਸਾਂ ਖ਼ਾਲਸਾ ਰਾਜ ਦੇ ਮੁਲਕੀ ਪ੍ਰਬੰਧ ਦੀਆਂ ਲਿਖਤਾਂ, ਖ਼ਾਲਸਾ ਦਰਬਾਰ ਦੇ ਰੀਕਾਰਡਜ਼ ਅਤੇ ਹੋਰ ਕਈ ਇਤਿਹਾਸਾਂ ਤੋਂ ਵਿਸ਼ੇਸ਼ ਕਰਕੇ 'ਜਨਰਲ ਰਿਪੋਰਟ ਅਪਾਨ ਦੀ ਐਡਮਿਨਿਸਟਰੇਸ਼ਨ ਆਪ ਦੀ ਪੰਜਾਬ, ਆਫ ਦੀ ਯੀਅਰਜ਼ 1849-50' ਤੋਂ ਸਹਾਇਤਾ ਲਈ ਹੈ ।*

ਸੂਬੇ ਦਾ ਪ੍ਰਬੰਧ ਅਤੇ ਮਾਲੀਏ ਆਦਿ ਦੀ ਉਗਰਾਹੀ ਨੂੰ ਵਧੇਰਾ ਸੌਖਾ ਕਰਨ ਲਈ ਹਰ ਇਕ ਸੂਬੇ ਨੂੰ ਕਈ ਕਈ ਪਰਗਣਿਆਂ (ਜ਼ਿਲ੍ਹਿਆਂ) ਵਿਚ ਵੰਡ ਦਿੱਤਾ, ਅੱਗੋਂ ਪਰਗਣਿਆਂ ਨੂੰ ਤਾਲਕਿਆਂ (ਤਹਿਸੀਲਾਂ) ਵਿਚ ਵੰਡ ਕੇ ਹਰ ਇਕ ਤਾਲਕੇ ਵਿਚ ਸੌ ਸੌ ਪਿੰਡਾਂ ਦਾ ਟਿਕਾਣਾ (ਇਲਾਕਾ) ਰੱਖਿਆ।

ਸੂਬੇ ਦੇ ਵੱਡੇ ਹਾਕਮ ਦਾ ਨਾਂ ਨਾਜ਼ਮ ਜਾਂ ਗਵਰਨਰ ਰੱਖਿਆ, ਇਸ ਦੀ ਤਹਿਤ ਵਿਚ ਦੋ ਦੋ ਤਿੰਨ ਤਿੰਨ ਕਾਰਦਾਰ (ਡਿਪਟੀ ਕਮਿਸ਼ਨਰ) ਨੀਯਤ ਕੀਤੇ ਅਤੇ ਹਰ ਇਕ ਤਾਲਕੇ ਵਿਚ ਲੋੜ ਅਨੁਸਾਰ ਤਾਲਕਦਾਰ ਜਾਂ ਆਮਿਲ (ਤਹਿਸੀਲਦਾਰ) ਰੱਖੇ, ਜਿਨ੍ਹਾਂ ਦੀ ਮਾਲੀਏ ਆਦਿ ਦੀ ਉਗਰਾਹੀ ਦੀ ਸਹਾਇਤਾ ਲਈ ਮੁਕੱਦਮ, ਕਾਨੂੰਨਗੋ, ਪੰਚ (ਚੌਧਰੀ) ਅਤੇ ਪਟਵਾਰੀ ਨੀਯਤ ਕੀਤੇ ਗਏ।

ਕਾਰਦਾਰ ਦੀ ਫੌਜਦਾਰੀ ਪ੍ਰਬੰਧ ਵਿਚ ਸਹਾਇਤਾ ਲਈ ਕੋਤਵਾਲ (ਸੁਪ੍ਰਡੰਟ), ਅਦਾਲਤੀ (ਮੈਜਿਸਟਰੇਟ), ਮੁਸਤਦੀ (ਸਰਿਸ਼ਤੇਦਾਰ) ਰੱਖੇ ਗਏ, ਅਤੇ ਕਾਜ਼ੀ ਮੁਫਤੀ, ਗ੍ਰੰਥੀ ਤੇ ਪੰਡਤ ਧਾਰਮਿਕ ਫੈਸਲਿਆਂ ਲਈ ਨੀਯਤ ਕੀਤੇ।

ਹੁਣ ਐਨੇ ਲੰਮੇ ਚੌੜੇ ਦੇਸ਼ ਦੀ ਬਾਹਰ ਦੇ ਵੈਰੀਆਂ ਤੋਂ ਰਾਖੀ ਲਈ ਮੁਲਕ ਦੇ ਅੰਦਰਲੇ ਪ੍ਰਬੰਧ ਨੂੰ ਚਲਾਉਣ ਲਈ ਬੜੀ ਬਲਵਾਨ ਫੌਜ ਦੇ ਰੱਖਣ ਦੀ ਲੋੜ ਪਈ।

ਜਦ ਫੌਜਾਂ ਵਧੀਆਂ ਤਾਂ ਉਨ੍ਹਾਂ ਦੇ ਖ਼ਰਚ ਵੀ ਨਾਲ ਹੀ ਵਧ ਗਏ ਤੇ ਇਨ੍ਹਾਂ ਨੂੰ ਪੂਰਾ ਕਰਨ ਲਈ ਮਹਾਰਾਜਾ ਸਾਹਿਬ ਨੂੰ ਆਮਦਨੀ ਦੇ ਵਸੀਲਿਆਂ ਵੱਲ ਵੀ ਧਿਆਨ ਦੇਣਾ ਪਿਆ। ਪਾਤਸ਼ਾਹੀਆਂ ਦੇ ਕੰਮ-ਕਾਰ ਚਲਾਉਣ ਲਈ ਸਭ ਤੋਂ ਪਹਿਲੀ ਆਮਦਨੀ ਦਾ ਸੋਮਾ ਜ਼ਮੀਨ ਦਾ ਮਾਲੀਆ ਹੀ ਹੁੰਦਾ ਹੈ, ਸੋ ਸ਼ੇਰਿ ਪੰਜਾਬ ਨੇ ਵੀ ਪਹਿਲਾਂ ਇਸੇ ਨੂੰ ਹੱਥ ਵਿਚ ਲਿਆ।

ਹਿੰਦ ਵਿਚ ਪੁਰਾਤਨ ਸਮੇਂ ਤੋਂ ਇਹ ਨਿਯਮ ਚੱਲਿਆ ਆਉਂਦਾ ਸੀ ਕਿ ਹਕੂਮਤ ਫਤਹ ਕੀਤੇ ਹੋਏ ਦੇਸ ਨੂੰ ਆਪਣੀ ਮਾਲਕੀ ਵਿਚ ਸਮਝ ਕੇ ਕਿਸਾਨਾਂ ਤੋਂ ਉਪਜ ਦਾ ਹਿੱਸਾ ਲੈਂਦੀ ਸੀ ਅਤੇ ਇਹ ਹਿੱਸੇ ਵੀ ਵੱਖੋ-ਵੱਖ ਸਮਿਆਂ ਵਿਚ ਅੱਡੋ-ਅੱਡ ਹੁੰਦੇ ਸਨ। ਮਨੂੰ ਜੀ ਕੁਲ ਉਪਜ ਵਿਚੋਂ ਛੇਵਾਂ ਭਾਗ ਬਾਦਸ਼ਾਹ ਦਾ ਲਿਖਦਾ ਹੈ, ਅਬੁਲ ਫਜ਼ਲ 'ਆਈਨੇ ਅਕਬਰੀ' ਵਿਚ ਅਕਬਰ ਬਾਦਸ਼ਾਹ ਦੇ ਸਮੇਂ ਉਪਜ ਦਾ ਤੀਜਾ ਹਿੱਸਾ ਲੈਣਾ ਦੱਸਦਾ ਹੈ, ਔਰੰਗਜ਼ੇਬ ਦੇ ਸਮੇਂ ਵਟਾਈ ਦਾ ਹਿੱਸਾ ਵਧਾ ਕੇ ਜਿਮੀਂਦਾਰਾਂ ਤੋਂ ਅੱਧੋ-ਅੱਧ ਵੰਡਾਇਆ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਦੇ ਕਾਗਜ਼ਾਤ ਦੀ ਪੜਚੋਲ ਤੋਂ ਪਤਾ ਲਗਦਾ ਹੈ ਕਿ ਸ਼ੇਰਿ ਪੰਜਾਬ ਨੇ ਪਹਿਲੇ ਪਹਿਲ ਮੁਗਲੀਆ ਬਾਦਸ਼ਾਹਾਂ ਦੇ ਪ੍ਰਚਲਤ ਤਰੀਕੇ ਅਨੁਸਾਰ ਬਟਾਈ ਦਾ ਸਿਲਸਿਲਾ ਚਾਲੂ ਰੱਖਿਆ ਜੋ ਤੀਜੇ ਤੋਂ ਲੈ ਕੇ ਛੇਵੇਂ ਹਿੱਸੇ ਤਕ ਅਤੇ ਪਿਸ਼ਾਵਰ ਦੇ ਇਲਾਕੇ ਵਿਚੋਂ ਅੱਠਵਾਂ ਹਿੱਸਾ[1] ਜ਼ਮੀਨ ਦੀ ਹੈਸੀਅਤ ਅਨੁਸਾਰ ਲਿਆ ਜਾਂਦਾ ਸੀ। ਪਰ ਇਸ ਤਰੀਕੇ ਨੂੰ ਵਰਤੋਂ ਵਿਚ ਲਿਆਉਣ ਨਾਲ ਇਸ ਵਿਚ ਕਈ ਊਣਤਾਈਆਂ ਦਿਸੀਆਂ, ਜਿਨ੍ਹਾਂ ਦੇ ਸੁਧਾਰ ਵੱਲ ਮਹਾਰਾਜਾ ਨੂੰ ਬੜਾ ਧਿਆਨ ਦੇਣਾ ਪਿਆ। ਇਕ ਤਾਂ ਇਉਂ ਸਮ੍ਹਾਂ ਵੱਧ ਲਗਦਾ ਸੀ ਅਤੇ ਖੇਚਲ ਵੀ ਵਧੇਰੇ ਹੁੰਦੀ ਸੀ। ਇਸ ਤੋਂ ਛੁੱਟ ਜਿਮੀਂਦਾਰਾਂ ਤੋਂ ਕੁਝ ਵਾਧੂ ਤੇ ਅਯੋਗ ਭਾਰ ਪੈਂਦਾ ਸੀ। ਸੋ ਲੰਮੀ ਵਿਚਾਰ ਦੇ ਉਪਰੰਤ ਬਟਾਈ ਨੂੰ ਬਦਲ ਕੇ ਕਨਕੂਤ

- - - - - -

1. *ਦੀ ਪੰਜਾਬ ਨਾਰਥ ਵੈਸਟ ਫਰੰਟੀਅਰ ਪਰੋਵਿੰਸ ਐਂਡ ਕਸ਼ਮੀਰ, ਸਰ ਜ਼ੇਮਜ਼ ਡੋਈ ਲੈਫਟੀਨੈਂਟ ਗਵਰਨਰ ਪੰਜਾਬ।*

ਦਾ ਤਰੀਕਾ ਚਾਲੂ ਕੀਤਾ ਗਿਆ । ਉਹ ਇਸ ਤਰ੍ਹਾਂ ਸੀ ਕਿ ਜਦ ਫਸਲਾਂ ਪੱਕ ਕੇ ਵਾਢੀ ਦੇ ਯੋਗ ਹੋ ਜਾਂਦੀਆਂ ਤਾਂ ਕਾਨੂੰਨਗੋ ਜ਼ਿਮੀਂਦਾਰਾਂ ਦੀ ਹਾਜ਼ਰੀ ਵਿਚ ਖੇਤ ਦੀ ਲੰਬਾਈ ਚੌੜਾਈ ਕੱਢ ਕੇ ਵਿੱਘੇ ਬਣਾਉਂਦਾ ਅਤੇ ਉਹ ਸਰਕਾਰੀ ਵਹੀ ਵਿਚ ਲਿਖ ਲੈਂਦਾ ਜੋ ਇਸ ਮਤਲਬ ਲਈ ਹਰ ਇਕ ਤਾਲਕੇ ਵਿਚ ਸਰਕਾਰ ਵਲੋਂ ਧਰੀਆਂ ਰਹਿੰਦੀਆਂ ਸਨ । ਫਿਰ ਇਕ ਦਿਨ ਹਰ ਇਕ ਪਿੰਡ ਦੇ ਚੌਧਰੀਆਂ ਤੇ ਸਫੈਦਪੋਸ਼ਾਂ ਨੂੰ ਇਕੱਠਾ ਕਰਕੇ ਉਹਨਾਂ ਦੀ ਰਾਇ ਨਾਲ ਕਾਰਦਾਰ ਹਰ ਇਕ ਖੇਤ ਦਾ ਸਰਕਾਰੀ ਭਾਗ ਨੀਯਤ ਕਰਦਾ ਜੋ ਨੀਯਤ ਸਮੇਂ ਤਕ ਰੋਕ ਜਾਂ ਜਿਨਸ ਦੀ ਸ਼ਕਲ ਵਿਚ ਵਸੂਲ ਕੀਤਾ ਜਾਂਦਾ । ਸਰਕਾਰੀ ਹਿੱਸਾ ਪ੍ਰਾਪਤ ਕਰਨ ਲਈ ਕ੍ਰਿਸਾਨ ਨੂੰ ਚੋਖੀ ਮੁਹਲਤ ਦਿੱਤੀ ਜਾਂਦੀ ਸੀ, ਤਾਂ ਜੋ ਉਹ ਆਪਣੀ ਪੈਦਾਵਾਰ ਚੰਗੀ ਤਰ੍ਹਾਂ ਸਾਂਭ ਕੇ ਵੇਚ ਸਕੇ । ਸਰਕਾਰੀ ਹਿੱਸੇ ਦੀ ਵਸੂਲੀ ਲਈ ਸਮਾਂ ਨੀਯਤ ਕੀਤਾ ਗਿਆ । ਹਾੜੀ (ਰੱਬੀ) ਦਾ ਮਾਮਲਾ ਹਾੜ ਦੇ ਛੇਕੜਲੇ ਦਿਨ ਤਕ । ਸਾਵਣੀ (ਖਰੀਫ) ਦਾ ਮਘਰ ਦੀ ਛੇਕੜ ਤੀਕ ਵਸੂਲ ਕੀਤਾ ਜਾਂਦਾ ਸੀ ।[1]

ਕਨਕੂਤ ਦੇ ਤਰੀਕੇ ਵਿਚ ਜ਼ਿਮੀਂਦਾਰਾਂ ਲਈ ਇਕ ਵੱਡਾ ਲਾਭ ਇਹ ਸੀ ਕਿ ਕਾਰਦਾਰ ਜਾਂ ਤਾਲਕਾਦਾਰ ਬਿਨਾਂ ਪਿੰਡ ਦੇ ਮੁਖੀਆਂ ਦੀ ਰਾਇ ਦੇ ਕੋਈ ਹਿੱਸਾ ਆਪਣੀ ਮਰਜ਼ੀ ਨਾਲ ਨੀਯਤ ਨਹੀਂ ਸੀ ਕਰ ਸਕਦਾ ਕਿਉਂਕਿ ਇਸ ਬਾਰੇ ਹਰ ਇਕ ਕਰਮਚਾਰੀ ਲਈ ਇਹ ਜ਼ਰੂਰੀ ਹੁਕਮ ਸੀ ਕਿ ਜਦ ਉਹ ਖੇਤਾਂ ਦਾ ਸਰਕਾਰੀ ਹਿੱਸਾ ਨੀਯਤ ਕਰੇ ਤਾਂ ਪਿੰਡ ਦੇ ਚੌਦਰੀਆਂ, ਪੰਚਾਂ ਤੇ ਸਿਆਣੇ ਮੁਖੀਆਂ ਦੀ ਰਾਇ ਅਨੁਸਾਰ ਕੀਤਾ ਕਰੇ । ਇਸ ਬਾਰੇ ਖ਼ਾਲਸਾ ਦਰਬਾਰ ਦੇ ਰੀਕਾਰਡ ਵਿਚ ਕਈ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਮਹਾਰਾਜੇ ਨੇ ਆਪਣੇ ਕਰਮਚਾਰੀਆਂ ਨੂੰ ਡਾਢੀ ਪਕਿਆਈ ਨਾਲ ਲਿਖਿਆ ਹੁੰਦਾ ਸੀ :-

ਚੌਧਰੀਆਂ, ਪੰਚਾਂ ਤੇ ਮੁਖੀਆਂ ਦੀ ਰਾਏ ਨਾਲ ਸਰਕਾਰੀ ਮਾਲੀਆ ਨੀਯਤ ਕੀਤਾ ਕਰੋ ।

ਮਹਾਰਾਜਾ ਸਾਹਿਬ ਦੇ ਸਾਰੇ ਜ਼ਿੰਮੇਵਾਰ ਕਰਮਚਾਰੀਆਂ ਲਈ ਇਹ ਆਮ ਹੁਕਮ ਸੀ ਜੋ ਬਹੁਤਿਆਂ ਫੁਰਮਾਨਾਂ ਵਿਚ ਲਿਖਿਆ ਮਿਲਦਾ ਹੈ । ਇਸੇ ਤਰ੍ਹਾਂ ਬਹੁਤ ਸਾਰੀਆਂ ਲਿਖਤਾਂ ਹਨ ਜਿਨ੍ਹਾਂ ਤੋਂ ਸਪਸ਼ਟ ਹੈ ਕਿ ਮਹਾਰਾਜਾ ਸਾਹਿਬ ਸਦਾ ਹੀ ਕ੍ਰਿਸਾਨਾਂ ਦੀ ਭਲਾਈ ਤੇ ਉਹਨਾਂ ਦੇ ਹੌਸਲੇ ਵਧਾਉਣ ਦੇ ਕੰਮ ਨੂੰ ਰਾਜਸੀ ਕੰਮਾਂ ਤੋਂ ਵਧ ਜ਼ਰੂਰੀ ਤੇ ਮੁੱਖ ਸਮਝਦਾ ਸੀ ।

ਹਰ ਇਕ ਕਾਰਦਾਰ ਨੂੰ ਇਹ ਅਧਿਕਾਰ ਦਿੱਤੇ ਗਏ ਸਨ ਕਿ ਲੋੜਵੰਦ ਕ੍ਰਿਸਾਨਾਂ ਨੂੰ, ਜਿਹਨਾਂ ਦੀ ਆਰਥਕ ਦਸ਼ਾ ਕਮਜ਼ੋਰ ਹੋਵੇ, ਸਰਕਾਰੀ ਖਜ਼ਾਨੇ ਤੋਂ ਬਿਨਾਂ ਵਿਆਜ, ਤਕਾਵੀ ਦੇ ਤੌਰ ਤੇ ਰੁਪਿਆ ਦਿੱਤਾ ਜਾਇਆ ਕਰੇ, ਜਿਸ ਤੋਂ ਉਹ ਵਧੀਆ ਬੀਜ ਅਤੇ ਜ਼ਿਮੀਂਦਾਰੀ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਪੂਰੀਆਂ ਕਰ ਲਿਆ ਕਰਨ । ਪੁਰਾਣੀਆਂ ਲਿਖਤਾਂ ਤੋਂ ਮਹਾਰਾਜਾ ਸਾਹਿਬ ਦਾ ਇਕ ਹੋਰ ਬੜਾ ਜ਼ਰੂਰੀ ਹੁਕਮ ਮਿਲਦਾ ਹੈ ਜੋ ਆਮ ਵਰਤੋਂ ਵਿਚ ਆਂਵਦਾ ਸੀ, ਇਸ ਵਿਚ ਲਿਖਿਆ ਹੈ ਕਿ ਲੈਣਦਾਰ ਕਿਸੇ ਜ਼ਿਮੀਦਾਰ ਦੇ ਬਲਦ, ਹਲ ਪੰਜਾਲੀ ਆਦਿ ਜ਼ਿਮੀਂਦਾਰੀ ਦੇ ਸੰਦ ਆਪਣੇ ਲੈਣ ਵਿਚ ਨਹੀਂ ਸੀ ਕੁਰਕ ਕਰ ਸਕਦਾ ।

ਮਾਲੀਆ ਨੀਯਤ ਕਰਦਿਆਂ ਹੋਇਆਂ ਜੇ ਕਿਸੇ ਇਲਾਕ਼ੇ ਦੇ ਕਾਰਦਾਰ ਵਲੋਂ ਕਰੜਾਈ ਜਾਂ ਬੇਪਰਵਾਹੀ ਵਰਤੀ ਜਾਂਦੀ ਅਤੇ ਇਸ ਦੀ ਸ਼ਕਾਇਤ ਮਹਾਰਾਜਾ ਸਾਹਿਬ ਦੇ ਕੰਨਾਂ ਤਕ

------

1. *ਜਨਰਲ ਆਫ ਦੀ ਪੰਜਾਬ ਹਿਸਟਾਰੀਕਲ ਸੁਸਾਇਟੀ ਜਿ: 7, ਨੰ: 1 ਸ: 86 ।*

ਪਹੁੰਚਾਈ ਜਾਂਦੀ ਤਾਂ ਸਰਕਾਰ ਉਸ ਵਕਤ ਤੀਕ ਸੁੱਖ ਦੀ ਨੀਂਦੇ ਨਹੀਂ ਸਨ ਸੌਂ ਸਕਦੇ ਜਦ ਤੀਕ ਸ਼ਕਾਇਤ ਨੂੰ ਦੂਰ ਕਰਕੇ ਪਰਜਾ ਨੂੰ ਨਿਸਚਿੰਤ ਨਹੀਂ ਸਨ ਕਰ ਲੈਂਦੇ । ਇਸ ਤਰ੍ਹਾਂ ਦੀਆਂ ਭੁੱਲਾਂ ਦੀ ਆਪ ਤੁਰੰਤ ਪੜਤਾਲ ਕਰਾਉਂਦੇ ਤੇ ਜੇ ਕਿਸੇ ਕਾਰਦਾਰ ਦੀ ਅਨਿਆਈ ਸਾਬਤ ਹੁੰਦੀ ਤਾਂ ਛੇਤੀ ਹੀ ਉਸ ਨੂੰ ਉਥੋਂ ਬਦਲ ਦੇਣ ਦੀ ਜਾਂ ਹੋਰ ਯੋਗ ਸਜ਼ਾ ਦਿੰਦੇ ਤਾਂ ਜੋ ਹੋਰਨਾਂ ਕਰਮਚਾਰੀਆਂ ਨੂੰ ਇਸ ਤੋਂ ਸਿੱਖਿਆ ਮਿਲੇ । ਉਦਾਹਰਣ ਲਈ ਸੰਨ 1830 ਈ: ਵਿਚ ਰਾਵਲਪਿੰਡੀ ਦੇ ਇਲਾਕੇ ਦਾ ਮਾਲੀਆ ਕੁਝ ਕਰੜਾ ਨੀਯਤ ਹੋਇਆ ਜਿਸ ਪਰ ਇਥੋਂ ਦੇ ਜ਼ਿਮੀਂਦਾਰਾਂ ਨੇ ਆਪਣੀ ਫ਼ਰਿਆਦ ਸ਼ੇਰਿ ਪੰਜਾਬ ਤਕ ਪਹੁੰਚਾਈ । ਆਪ ਨੇ ਤੁਰੰਤ ਜਰਨੈਲ ਵਨਤੂਰਾ ਨੂੰ ਪੜਤਾਲ ਲਈ ਭੇਜ ਦਿੱਤਾ, ਉਸ ਨੇ ਮੌਕੇ ਤੇ ਪਹੁੰਚ ਕੇ ਪਿੰਡੀ, ਤਖਤ ਪੜੀ, ਬੰਦਾ ਕੁਰੀ, ਮੁਗ਼ਲ ਅਤੇ ਸੈਦਪੁਰ ਦੇ ਜ਼ਿਮੀਂਦਾਰਾਂ ਦੀ ਸ਼ਕਾਇਤ ਦੀ ਪੜਤਾਲ ਕੀਤੀ ਤੇ ਆਪ ਨੇ ਨਵੇਂ ਲਗਾਨ ਨੂੰ ਵਾਜਬੀ ਸਮਝਿਆ, ਪਰ ਮਾਲੂਮ ਹੁੰਦਾ ਹੈ ਕਿ ਜ਼ਿਮੀਂਦਾਰ ਵੈਨਤੂਰਾ ਦੇ ਫੈਸਲੇ ਨਾਲ ਵੀ ਸੰਤੁਸ਼ਟ ਨਾ ਹੋਏ ਅਤੇ ਉਸੇ ਤਰ੍ਹਾਂ ਸ਼ਕਾਇਤ ਬਾਕੀ ਸੀ । ਇਸ ਤੇ ਮਹਾਰਾਜਾ ਸਾਹਿਬ ਨੇ ਉਥੋਂ ਦੇ ਮੁਖੀਆਂ ਤੇ ਪਿੰਡਾਂ ਦੇ ਚੌਧਰੀਆਂ ਨੂੰ ਆਪਣੇ ਪਾਸ ਲਾਹੌਰ ਬੁਲਾਇਆ । ਉਥੇ ਪਹੁੰਚਣ ਤੇ ਉਹਨਾਂ ਦੀ ਬੜੀ ਆਓ ਭਗਤ ਕੀਤੀ ਅਤੇ ਉਨ੍ਹਾਂ ਨੂੰ ਕਈ ਦਿਨਾਂ ਤਕ ਆਪਣੇ ਪਾਸ ਰੱਖਿਆ, ਫੇਰ ਇਕ ਦਿਨ ਉਨ੍ਹਾਂ ਨੂੰ ਮਿਲਣ ਦਾ ਖੁੱਲ੍ਹਾ ਸਮਾਂ ਦਿੱਤਾ ਤੇ ਉਨ੍ਹਾਂ ਦੇ ਦੱਸੇ ਦੂਸ਼ਨਾਂ ਨੂੰ ਠੀਕ ਸਮਝ ਕੇ ਬਹੁਤ ਹੀ ਹਲਕਾ ਮਾਮਲਾ ਨੀਯਤ ਕੀਤਾ, ਨਾਲ ਹੀ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਪਰ ਜੋ ਕਰੜਾਈ ਹੋਈ ਹੈ ਉਸ ਦਾ ਉਸ ਨੂੰ ਦਿਲੀ ਰੰਜ ਹੈ ਤੇ ਉਨ੍ਹਾਂ ਨੂੰ ਭਰੋਸਾ ਦਿਵਾਂਦੇ ਕਿਹਾ ਕਿ ਤੁਸੀਂ ਪੱਕਾ ਸਮਝੋ ਕਿ ਇਹ ਉਸ ਦੇ ਹੁਕਮ ਨਾਲ ਨਹੀਂ ਹੋਇਆ, ਸਗੋਂ ਕਰਮਚਾਰੀਆਂ ਦੀ ਬੇਸਮਝੀ ਨਾਲ ਹੋਇਆ ਹੈ । ਮਹਾਰਾਜਾ ਸਾਹਿਬ ਨੇ ਉਥੋਂ ਦੇ ਕਾਰਦਾਰ ਨੂੰ ਉਥੋਂ ਬਦਲ ਦਿੱਤਾ ਤੇ ਉਸ ਦੀ ਥਾਂ ਭਾਈ ਦਲ ਸਿੰਘ ਨੂੰ ਨੀਯਤ ਕਿਤਾ ਜੋ ਆਪਣੇ ਨੇਕ ਸੁਭਾਵ ਤੇ ਉਚ ਆਚਰਣ ਦਾ ਉਤਮ ਨਮੂਨਾ ਸੀ । ਇਸ ਨੇ ਇਥੇ ਆ ਕੇ ਪਰਜਾ ਨਾਲ ਇੰਨਾ ਪਿਆਰ ਦਾ ਵਰਤਾਉ ਕੀਤਾ ਕਿ ਲੋਕ ਅਜ ਤਕ ਉਸ ਦੀ ਨੇਕੀ ਦੀਆਂ ਕ਼ਹਾਣੀਆਂ ਸੁਣਾਉਂਦੇ ਹਨ । ਇਸ ਘਟਨਾ ਦਾ ਵੇਰਵਾ ਰਾਵਲਪਿੰਡੀ ਦੇ ਸਰਕਾਰੀ ਗਜ਼ਟੀਅਰ ਦੇ ਸਫਾ 203 ਭਾਗ ਏ ਪਰ ਇਉਂ ਲਿਖਿਆ ਹੈ :-

In A.D. 1830 Maharaja Ranjit Singh hearing of the greivous exaction of his officials, and of the unsatisfactory state of affairs sent General Ventura to assess a portion of the district. His assessments affected the jeaka of Rawalpindi, Takhtpari, Banda, Kuri, Mughal and Sayadpur. They were fair and even light, but following on a period of much depression and over-taxation it was with difficulty they were realised. Unfortunately the agents who had to carry out these fiscal measures were rapacious and exacting and gave the Lessess no chance.

Warned at last of increasing disaffection Maharaja Ranjit Singh summoned the heads of tribes and villages to Lahore, treated them with hospitality and distinction, fixed comparatively

light assessments and sent them back to their homes assured that what they had suffered was not at his hands, but was the work of his officials. He conferred on them a still greater benefit than even the light assessments, for he sent to realize from them Bhai Dal Singh, a man of known integrity of character and amiable temper whose name will long be remembred as a just and faithful steward.

"Punjab District Gazetteer, Vol : XXVIIIA. of Rawalpindi District 1907, on page 203, Part A.

ਇਥੇ ਤਰ੍ਹਾਂ ਦੀ ਸ਼ਕਾਇਤ ਦੇ ਸਾਬਤ ਹੋ ਜਾਣ ਪਰ ਇਲਾਕਾ ਭਿੰਬਰ ਦੇ ਕਾਰਦਾਰਾਂ ਨਰੈਣ ਦਾਸ ਤੇ ਹਰਨਾਮ ਦਾਸ ਨੂੰ ਉਥੋਂ ਬਦਲ ਕੇ ਉਨ੍ਹਾਂ ਦੀ ਥਾਂ ਤੇ ਚੌਧਰੀ ਘਨੱਯਾ ਜੋ ਬੜਾ ਹਰਮਨ ਪਿਆਰਾ ਤੇ ਭਲੇ ਸੁਭਾਵ ਲਈ ਉਸ ਸਮੇਂ ਪ੍ਰਸਿੱਧ ਸੀ, ਭਿੰਬਰ ਦਾ ਕਾਰਦਾਰ ਨੀਯਤ ਕੀਤਾ.। ਚੌਧਰੀ ਘਨੱਯੇ ਦੇ ਨਾਮ ਪਰ ਜੋ ਫੁਰਮਾਨ ਮਹਾਰਾਜਾ ਵਲੋਂ ਇਸ ਸਮੇਂ ਜਾਰੀ ਹੋਇਆ ਉਹ ਅਸੀਂ ਇਨ ਬਿਨ ਅੱਗੇ ਦਿੰਦੇ ਹਾਂ । ਇਸ ਵਿਚ ਪਰਜਾ ਦੀ ਖ਼ੁਸ਼ਹਾਲੀ ਤੇ ਚੰਗੇ ਵਰਤਾਰੇ

در باب تقدیم خدمات مامورهٔ بطور خیرخواهی و دیانتداری مصروف خاطر
بوده باشند. وجه معاملات را بحضور انور فرستاده ام. تا دانم داخل [illegible]
شود تمام از [illegible] ملک از جلاب والا پوشیده نخواهم ماند. و آنچه [illegible]
کمی بیشی در معاملات ملک موصوف خواه بود. در حضور انور عرض
خواهم نمود و رعایا راضی و سلوک خود راضی و ملک را آباد خواهم داشت.

ਲਈ ਪੂਰਾ ਪੂਰਾ ਜ਼ੋਰ ਦਿੱਤਾ ਗਿਆ ਹੈ । ਇਹ ਸਾਰੇ ਵਾਕਿਆਤ ਸਿੱਧ ਕਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਆਪਣੀ ਪਰਜਾ ਦਾ ਕਿੰਨਾ ਹਿਤਕਾਰੀ ਸੀ ।

ਖ਼ਾਲਸਾ ਰਾਜ ਸਮੇਂ ਮਾਲੀਏ ਬਾਰੇ ਫੁਰਮਾਨ ਤੇ ਲਿਖਤਾਂ ਵਿਚਾਰੀਏ ਤਾਂ ਸਿੱਧ ਹੋ ਜਾਂਦਾ ਹੈ ਕਿ ਮਾਲੀਆ ਜਾਂ ਬਟਾਈ ਦੇ ਮੁਕੱਰਰ ਕਰਨ ਵਿਚ ਮਹਾਰਾਜਾ ਸਾਹਿਬ ਆਪਣੇ ਜਾਂ ਆਪਣੇ ਕਾਰਦਾਰਾਂ ਦੇ ਅਧਿਕਾਰ ਕਦੇ ਨਹੀਂ ਸੀ ਵਰਤਦਾ, ਸਗੋਂ ਪਿੰਡਾਂ ਦੇ ਚੌਧਰੀਆਂ ਤੇ ਕੌਮਾਂ ਦੀ ਸਲਾਹ ਨਾਲ ਉਨ੍ਹਾਂ ਤੇ ਮਾਲੀਆ ਨੀਯਤ ਕੀਤਾ ਜਾਂਦਾ ਸੀ ।

ਕਈ ਲੋਕਾਂ ਦਾ ਖਿਆਲ ਹੈ ਕਿ ਜਿਹੜੇ ਇਲਾਕੇ ਮਹਾਰਾਜਾ ਸਾਹਿਬ ਅਜਾਰੇ (ਠੇਕੇ) ਪਰ ਦੇਂਦੇ ਹੁੰਦੇ ਸਨ, ਅਜਾਰੇਦਾਰ ਅਜਾਰੇ ਦੀ ਵਸੂਲੀ ਸਮੇਂ ਕ੍ਰਿਸਾਨਾਂ ਤੇ ਸਖਤੀ ਕਰਦੇ ਸਨ ਤੇ ਆਪਣੀ ਮਨਮਾਨੀ ਵਰਤਦੇ ਹੋਣਗੇ । ਜਦ ਅਸੀਂ ਇਸ ਭਾਵ ਨੂੰ ਮੁੱਖ ਰੱਖ ਕੇ ਖੋਜ ਕਰਦੇ ਹਾਂ ਤਾਂ ਇਹ ਖਿਆਲ ਵੀ ਨਿਰਮੂਲ ਸਿੱਧ ਹੁੰਦਾ ਹੈ ਕਿਉਂਕਿ ਮਾਲੀਏ ਦੇ ਵਧਾਉਣ ਦਾ ਹਕ ਅਜਾਰੇਦਾਰ ਨੂੰ ਮੂਲੋਂ ਹੁੰਦਾ ਹੀ ਨਹੀਂ ਸੀ, ਅਤੇ ਠੇਕੇ ਦੇ ਇਲਾਕਿਆਂ ਵਿਚ ਵੀ ਉਹੀ ਢੰਗ ਵਰਤਿਆ ਜਾਂਦਾ ਸੀ ਜਿਹੜਾ ਉਤੇ ਅਸੀਂ ਲਿਖ ਆਏ ਹਾਂ ।

ਇਨ੍ਹਾਂ ਸਾਰੀਆਂ ਬੰਦਸ਼ਾਂ (ਪਾਬੰਦੀਆਂ) ਦਾ ਫ਼ੈਸਲਾ ਨਾ ਕੇਵਲ ਅਜਾਰੇਦਾਰਾਂ ਨਾਲ ਅਜਾਰਾ ਦੇਣ ਤੋਂ ਪਹਿਲਾਂ ਜ਼ੁਬਾਨੀ ਕੀਤਾ ਜਾਂਦਾ ਸੀ, ਸਗੋਂ ਪੂਰੀ ਤਰ੍ਹਾਂ ਜ਼ਰੂਰੀ ਪਾਬੰਦੀਆਂ ਪਟੇ

ਨਾਮੇ ਵਿਚ ਵੀ ਲਿਖਾ ਲਈਆਂ ਜਾਂਦੀਆਂ ਸਨ। ਅਸੀਂ ਇਥੇ ਇਕ ਪਟੇ-ਨਾਮੇ ਦਾ ਉਤਾਰਾ ਦੇਂਦੇ ਹਾਂ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਲਿਖੇ ਜਾਂਦੇ ਸਨ -

مندکه راجه گلاب سنگه ملازم قدیمی سرکار والا ام دوین وقت بحضور
انور دام اقباله نوشته میدهم دا قرار مے نمائم که آنچه تعلقات متصلهٔ ذیل
جمعهٔ بله هفت نکه دسه هزار روپیه ضرب نانکشاهی امرتسریه بلا خرچ سرکار
والا تفویض ودری از ابتدائے فصل خریف سمت 1892 فرموده فدوی ابجان

1728500) ਮਾਲ ਗੁਜਾਰੀ ਤੇ ਹਜ਼ਾਰੇ

2000000) ਧਾਰਮਿਕ ਜਾਗੀਰਾਂ

8025000) ਹੋਰ ਜਾਗੀਰਾਂ

2300000) ਮਸੂਲ ਰਾਹਦਾਰੀ, ਮੋਹਰਾਨਾ।

ਜ਼ਮੀਨ ਦੇ ਮਾਲੀਏ ਤੋਂ ਛੁੱਟ ਹੇਠ ਲਿਖੇ ਹੋਰ ਵਸੀਲੇ ਵੀ ਆਮਦਨ ਦੇ ਸਨ -

(1) ਸਾਈਰਾਤ ਇਸ ਵਿਚ -

(ੳ) ਆਮਦਨੀ ਆਬਕਾਰੀ

(ਅ) ਆਮਦਨੀ ਚੌਕੀਆਤ

(ੲ) ਆਮਦਨੀ ਗੁਜ਼ਰ (ਪੱਤਨ)

(ਸ) ਆਮਦਨੀ ਰਾਮਰਸ (ਲੂਣ)

(ਹ) ਮਹਾਲ ਮੰਡੀਆਤ

(2) ਨਜ਼ਰਾਨਾ -

(ੳ) ਨਜ਼ਰਾਨਾ ਮੁਸਤਾਮਰੀ ਬਾਜ ਗੁਜ਼ਾਰੀ ਰਿਆਸਤਾਂ ਤੋਂ

(ਅ) ਜਾਗੀਰਦਾਰਾਂ ਤੋਂ

(ੲ) ਨਜ਼ਰਾਨਾ ਬਹਾਲੀ ਆਦਿ

(3) ਵਜੂਹਾਤੇ ਮੁਕੱਰਰੀ -

(ੳ) ਰਸੂਮੇ ਜ਼ਬਾਤਾਨਾ।

(ਅ) ਸਰਾਫਾਨਾ ਹੁੰਡੀਆਂ ਆਦਿ ਤੋਂ

(ੲ) ਰਸੂਮੇ ਮੋਹਰਾਨਾ (ਰਜਿਸਟਰੀ)

(4) ਜ਼ਬਤੀ -

(ੳ) ਇਸ ਵਿਚ ਨਵੇਂ ਫਤਹ ਕੀਤੇ ਇਲਾਕੇ ਦੀ ਆਮਦਨ।

(ਅ) ਕਿਸੇ ਜੁਰਮ ਬਦਲੇ ਜ਼ਬਤੀ ਆਦਿ।

ਉਪਰ ਲਿਖਿਆਂ ਮਦਾਂ ਤੋਂ ਮਹਾਰਾਜਾ ਸਾਹਿਬ ਨੂੰ ਛੇਕੜ ਸਾਲ 1837-38 ਈ:

ਵਿਚ ਕੁਲ ਵਾਰਸ਼ਕ ਆਮਦਨੀ ਇਸ ਤਰ੍ਹਾਂ ਹੋਈ :-

565000) ਬਾਜਰਜ਼ਾਰੀ

30275000) ਕੁਲ ਜੋੜ[1]

ਇਨ੍ਹਾਂ ਸਾਰੇ ਪ੍ਰਬੰਧਾਂ ਦੇ ਚਲਾਉਣ ਲਈ ਮਹਾਰਾਜਾ ਯੋਗ ਆਦਮੀਆਂ ਨੂੰ ਵੱਡੀਆਂ ਵੱਡੀਆਂ ਤਲਬਾਂ ਦਿੰਦਾ ਹੁੰਦਾ ਸੀ, ਤਾਂ ਕਿ ਉਹ ਪਰਜਾ ਤੋਂ ਅਯੋਗ ਤਮ੍ਹਾ ਨਾ ਕਰਨ ਅਤੇ ਆਪਣੇ ਮਰਤਬੇ ਨੂੰ ਵੀ ਕਾਇਮ ਰੱਖ ਕਸਣ। ਨਜ਼ੀਰ ਲਈ ਦੀਵਾਨ ਮੋਤੀ ਰਾਮ ਤੇ ਸਰਦਾਰ ਹਰੀ ਸਿੰਘ ਨਲੂਆ ਗਵਰਨਰ ਕਸ਼ਮੀਰ ਦੀ ਜ਼ਾਤੀ ਤਲਵ ਇਕ ਲੱਖ ਰੁਪਿਆ ਸਾਲਾਨਾ ਸੀ। ਇਸੇ ਤਰ੍ਹਾਂ ਅਬੂਤਬੇਲ ਗਵਰਨਰ ਪਿਸ਼ਾਵਰ ਇਕਤਾਲੀ ਹਜ਼ਾਰ ਰੁਪਿਆ ਅਤੇ ਲਾਲਾ ਸਾਵਣ ਮੱਲ ਗਵਰਨਰ ਮੁਲਤਾਨ ਛੱਤੀ ਹਜ਼ਾਰ ਰੁਪਿਆ ਸਾਲਾਨਾ ਤਲਬ ਪਾਂਦਾ ਸੀ।

ਇਨ੍ਹ ਤੋਂ ਛੁੱਟ ਹਰ ਪਿੰਡ ਦੇ ਮੁਕੱਦਮ ਤੇ ਪੈਂਚ ਜੋ ਮਾਮਲੇ ਦੀ ਉਗਰਾਹੀ ਵਿਚ ਸਹਾਇਤਾ ਦੇਂਦੇ ਸਨ, ਉਹਨਾਂ ਨੂੰ ਪੰਜ ਰੁਪਏ ਸੈਂਕੜਾ ਪੰਚਹੋਤਰਾ[2] ਮਿਲਦਾ ਹੁੰਦਾ ਸੀ। ਜੇ ਫਸਲ ਨੂੰ ਘਰ ਤਕ ਪਹੁੰਚਾਣ ਤੋਂ ਪਹਿਲੇ ਕੋਈ ਕੁਦਰਤੀ ਬਿਪਤਾ ਆ ਪਏ ਜਿਹਾ ਕਿ ਗੜਾ, ਮੱਕੜੀ, ਸੋਕੜਾ ਜਾਂ ਸਲ੍ਹਾਬਾ ਤਾਂ ਕਾਰਦਾਰਾਂ ਨੂੰ ਹੁਕਮ ਸੀ ਕਿ ਆਪ ਮੌਕੇ ਪਰ ਪਹੁੰਚ ਕੇ ਮਾਮਲਾ ਮਾਫ ਕਰ ਦੇਣ।

ਗਰਜ਼, ਜ਼ਿਮੀਂਦਾਰਾਂ ਲਈ ਉਹ ਸਾਰੀਆਂ ਰਿਆਇਤਾਂ ਤੇ ਸਹੂਲਤਾਂ ਜੋ ਕਿਸੇ ਚੰਗੀ ਤੇ ਜਨਤਕ ਹਕੂਮਤ ਵਿਚ ਹੋ ਸਕਦੀਆਂ ਹਨ, ਉਹ ਸਾਰੀਆਂ ਸ਼ੇਰਿ ਪੰਜਾਬ ਦੇ ਸਮੇਂ ਹਰ ਕ੍ਰਿਸਾਨ ਨੂੰ ਪ੍ਰਾਪਤ ਸਨ।

ਉਪਰ ਲਿਖੇ ਦਫਤਰਾਂ ਤੋਂ ਛੁੱਟ ਇਹ ਦਫਤਰ ਵੀ ਪ੍ਰਸਿੱਧ ਸਨ :-

(1) ਦਫਤਰ ਤੋਸ਼ਖਾਨਾ

(2) ਦਫਤਰ ਮਵਾਜਬ

(3) ਦਫਤਰ ਤਾਹਵੀਲਾਤ

(4) ਦਫਤਰ ਜ਼ਨਾਨਖਾਨਾ

(5) ਦਫਤਰ ਰੋਜ਼ਨਾਮਚਾ

ਇਸ ਤਰ੍ਹਾਂ ਸਾਰੇ ਰਾਜ ਦਾ ਪ੍ਰਬੰਧ ਉਸ ਸਮੇਂ ਅਨੁਸਾਰ ਚੰਗੇ ਤੋਂ ਚੰਗਾ ਚਲਦਾ ਸੀ, ਜਿਸ ਦੀ ਸ਼ਲਾਘਾ ਨਾ ਕੇਵਲ ਦੇਸੀ ਲੇਖਕ ਹੀ ਕਰਦੇ ਸਨ, ਸਗੋਂ ਵਿਦੇਸ਼ੀ ਯਾਤਰੂ ਤੇ ਇਤਿਹਾਸਕਾਰ ਵੀ ਮਹਾਰਾਜੇ ਦੇ ਰਾਜ ਪ੍ਰਬੰਧ ਦੀ ਬੜੀ ਮਹਿਮਾ ਕਰਦੇ ਸਨ। ਲੈਫਟੀਨੈਂਟ ਕਰਨਲ ਮੈਲਕਮ, ਸਕੈਚ ਆਫ ਦੀ ਸਿਖਸ ਵਿਚ ਲਿੱਖਦਾ ਹੈ :-

"The sikh system was most congenial to the temper of the people,"[3]

- - - - - -

1. *ਡਾਕਟਰ ਚੋਪੜਾ 'ਦੀ ਪੰਜਾਬ ਐਜ਼ ਏ ਸਾਵਰਨ ਸਟੇਟ' ਦੇ ਸਫਾ 233 ਤੇ ਮਹਾਰਾਜਾ ਦੀ ਸਾਲਾਨਾ ਆਮਦਨੀ ਬਿਨਾਂ ਕਸ਼ਮੀਰ ਤੇ ਪਿਸ਼ਾਵਰ 25809500) ਰੁਪਿਆ ਲਿਖਦਾ ਹੈ। ਤੇ ਕਦੇ ਇਨ੍ਹਾਂ ਦੋਹਾਂ ਸੂਬਿਆਂ ਦੀ ਆਮਦਨੀ ਡਾਕਟਰ ਚੋਪੜੇ ਦੀ ਦੱਸੀ ਰਕਮ ਨਾਲ ਮਿਲਾ ਲਿਆ ਜਾਵੇ ਤਾਂ ਇਹ ਸਾਰਾ ਜੋੜ ਲਗਭਗ ਤਿੰਨ ਕਰੋੜ ਬਣ ਜਾਂਦਾ ਹੈ ਜੋ ਸਾਡੀ ਖੋਜ ਨਾਲ ਮਿਲਦਾ ਹੈ।*
2. *ਪੰਚਾਂ ਦਾ ਭਾਗ*
3. *ਮੈਲਕਮ, ਸਕੈਚ ਆਫ ਦੀ ਸਿਖਸ, ਸਫਾ 127।*

ਸਿੱਖ ਰਾਜ ਪ੍ਰਬੰਧ ਇਥੋਂ ਦੇ ਲੋਕਾਂ ਦੇ ਠੀਕ ਸੁਭਾਵ ਅਨੁਸਾਰ ਸੀ। ਇਸ ਤਰ੍ਹਾਂ ਬੇਗਿਣਤ ਨਜ਼ੀਰਾਂ ਹਨ, ਜਿਨ੍ਹਾਂ ਨੂੰ ਵਿਸਥਾਰ ਦੇ ਡਰ ਤੋਂ ਛਡਦੇ ਹਾਂ।

## ਸ਼ੇਰਿ ਪੰਜਾਬ ਤੇ ਇਤਿਹਾਸਕ ਇਮਾਰਤਾਂ

ਕੁਝ ਲੇਖਕਾਂ ਨੇ ਲਿਖਿਆ ਹੈ ਕਿ ਮਾਹਰਾਜਾ ਰਣਜੀਤ ਸਿੰਘ ਜੀ ਦੇ ਰਾਜ ਸਮੇਂ ਇਸਲਾਮੀ ਇਤਿਹਾਸਕ ਇਮਾਰਤਾਂ ਨੂੰ ਹਾਨੀ ਪਹੁੰਚੀ। ਪਰ ਖੋਜ ਕੀਤਿਆਂ ਆਮ ਵਾਕਿਆਤ ਨਾ ਕੇਵਲ ਇਨ੍ਹਾਂ ਲਿਖਤਾਂ ਤੋਂ ਉਲਟ ਮਿਲਦੇ ਹਨ, ਸਗੋਂ ਇਹ ਸਾਬਤ ਹੋ ਜਾਂਦਾ ਹੈ ਕਿ ਸ਼ੇਰਿ ਪੰਜਾਬ ਹਜ਼ਾਰਾਂ ਰੁਪਏ ਸਲਾਨਾ ਇਤਿਹਾਸਕ ਇਮਾਰਤਾਂ ਨੂੰ ਸੁਰੱਖਿਅਤ ਰੱਖਣ ਪਰ ਖਰਚ ਕਰਦਾ ਹੁੰਦਾ ਸੀ। ਜਹਾਂਗੀਰ, ਸ਼ਾਹਜਹਾਨ ਬਾਦਸ਼ਾਹ ਦੀਆਂ ਬਣਾਈਆਂ ਹੋਈਆਂ ਇਮਾਰਤਾਂ, ਜੋ ਖ਼ਾਲਸਾ ਰਾਜ ਤੋਂ ਪਹਿਲਾਂ ਬੜੀ ਦੁਰਦਸ਼ਾ ਵਿਚ ਸਨ-ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰਾ ਰੁਪਿਆ ਖਰਚ ਕਰਕੇ ਇਨ੍ਹਾਂ ਦੀ ਸਫਾਈ ਤੇ ਮੁਰੰਮਤ ਕਰਾਈ। ਸ਼ਾਲੀਮਾਰ ਬਾਗ ਬਾਬਤ ਸੱਯਦ ਮੁਹੰਮਦ ਲਤੀਫ਼ ਵਰਗਾ ਪੱਖਪਾਤੀ ਲੇਖਕ ਮੰਨਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਲਾਹੌਰ ਤੇ ਕਬਜ਼ਾ ਕਰਨ ਤੋਂ ਪਹਿਲਾਂ ਇਸ ਬਾਗ ਦੀ ਦਸ਼ਾ ਅਤਿ ਭਿਆਨਕ ਹੋ ਚੁੱਕੀ ਸੀ, ਇਸ ਦੀਆਂ ਬਾਰਾਂਦਰੀਆਂ ਤੇ ਹਮਾਮ ਮਿੱਟੀ ਵਿਚ ਦੱਬੇ ਹੋਏ ਸਨ, ਉਸ ਦੇ ਦਰਵਾਜ਼ਿਆਂ ਤੇ ਸੰਗਮਰਮਰ ਤੇ ਹੋਰ ਕੀਮਤੀ ਪੱਥਰ ਲੋਕੀਂ ਲੁੱਟ ਕੇ ਲੈ ਗਏ ਸਨ, ਮਹਾਰਾਜਾ ਰਣਜੀਤ ਸਿੰਘ ਨੇ ਬਹੁਤ ਸਾਰਾ ਰੁਪਿਆ ਖਰਚ ਕੇ ਸਣੇ ਅਲੀ ਮਰਦਾਨ ਖ਼ਾਨ ਦੀ ਨਹਿਰ ਦੇ ਮੁੜ ਮੁਰੰਮਤ ਕਰਵਾ ਕੇ ਇਸ ਨੂੰ ਉਸਾਰਿਆ।

## ਹਜ਼ੂਰੀ ਬਾਗ ਦੀ ਬਾਰਾਂਦਰੀ

ਇਕ ਦੋ ਲੇਖਕਾਂ ਨੇ ਇਤਿਹਾਸਕ ਖੋਜ ਦੀ ਖੇਚਲ ਕਰਨ ਤੋਂ ਬਿਨਾਂ ਹੀ ਇਹ ਲਿਖ ਕੇ ਲੋਕਾਂ ਵਿਚ ਭੁਲੇਖਾ ਖਿਲਾਰਨ ਦਾ ਅਯੋਗ ਯਤਨ ਕੀਤਾ ਹੈ ਕਿ ਹਜ਼ੂਰੀ ਬਾਗ ਦੀ ਬਾਰਾਂਦਰੀ ਪਹਿਲਾਂ ਜਹਾਂਗੀਰ ਬਾਦਸ਼ਾਹ ਦੇ ਮਕਬਰੇ ਦੇ ਗੁਬੰਜ਼ ਉਪਰ ਬਣੀ ਹੋਈ ਸੀ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਇਸੇ ਤਰ੍ਹਾਂ ਬਣੀ ਬਣਾਈ ਉਤਰਵਾ ਕੇ ਹਜ਼ੂਰੀ ਬਾਗ ਵਿਚ ਖੜ੍ਹੀ ਕਰ ਦਿੱਤੀ।

ਜਹਾਂਗੀਰ ਬਾਦਸ਼ਾਹ ਦੇ ਮਕਬਰੇ ਦੀ ਇਮਾਰਤ ਬਾਬਤ ਇਤਿਹਾਸਕ ਖੋਜ ਕੀਤਿਆਂ ਹੇਠ ਲਿਖੀਆਂ ਲਿਖਤਾਂ ਮਿਲਦੀਆਂ ਹਨ, ਜਿਨ੍ਹਾਂ ਦੇ ਪੜ੍ਹਿਆਂ ਇਹ ਦੂਸ਼ਨ ਆਪਣੇ ਆਪ ਪੂਰੀ ਤਰ੍ਹਾਂ ਗਲਤ ਸਿੱਧ ਹੋ ਜਾਂਦਾ ਹੈ :-

(1) ਇਸ ਗੱਲ ਬਾਰੇ ਸਭ ਤੋਂ ਪਹਿਲੀ ਲਿਖਤ ਜੋ ਮੌਕੇ ਤੇ ਪੜਚੋਲ ਕਰਕੇ ਲਿਖੀ ਗਈ ਹੈ, ਉਸ ਪ੍ਰਸਿੱਧ ਯਾਤਰੂ ਮੂਰ ਕਰਾਫਟ ਦੀ ਹੈ। ਇਸ ਨੇ 15 ਮਈ ਸੰਨ 1820 ਈ: ਨੂੰ ਜਹਾਂਗੀਰ ਦਾ ਮਕਬਰਾ ਦੇਖਿਆ, ਇਸ ਬਾਰੇ ਇਸ ਨੇ ਆਪਣੇ ਸਫਰਨਾਮੇ ਵਿਚ ਇਉਂ ਲਿਖਿਆ ਹੈ :-ਕਿਹਾ ਜਾਂਦਾ ਹੈ ਕਿ ਇਸ ਮਕਬਰੇ ਦੀ ਛੱਤ, ਉਪਰੋਂ ਇਕ ਹੋਰ ਗੁੰਬਜ਼ ਨਾਲ ਦੱਬੀ ਹੋਈ ਸੀ, ਪਰੰਤੂ ਉਸ ਨੂੰ ਔਰੰਗਜ਼ੇਬ ਨੇ ਇਸ ਖਿਆਲ ਨਾਲ ਹਟਵਾ ਦਿੱਤਾ ਕਿ ਉਸ ਦੇ ਦਾਦੇ ਦੀ ਕਬਰ ਸਮੇਂ ਦੇ ਅਸਰ ਨਾਲ ਬਰਬਾਦ ਹੋ ਜਾਏ। ਇਸ ਤਰ੍ਹਾਂ ਉਸ ਨੇ ਜਹਾਂਗੀਰ ਦੇ

ਬੇਮਜ਼ਹਬ ਪੁਣੇ ਤੇ ਢਿੱਲੇ ਆਚਰਨ ਬਾਬਤ ਆਪਣੇ ਮਨ ਦਾ ਗਚ ਕੱਢਿਆ ।[1]

(2) ਇਸ ਦੇ ਪਿਛੋਂ ਅਲੈਗਜ਼ੰਡਰ ਬਾਰਨਸ ਨੇ 14 ਜੁਲਾਈ ਸੰਨ 1831 ਈ: ਨੂੰ ਜਹਾਂਗੀਰ ਦਾ ਮਕਬਰਾ ਵੇਖਿਆ-ਇਹ ਲਿਖਦਾ ਹੈ ਕਿ ਕਬਰ ਪਹਿਲਾਂ ਇਕ ਗੁੰਬਜ਼ ਨਾਲ ਢਕੀ ਹੋਈ ਸੀ, ਬਹਾਦਰ ਸ਼ਾਹ ਨੇ ਇਸ ਭਾਵ ਨਾਲ ਇਸ ਤੋਂ ਉਪਰ ਵਾਲਾ ਗੁੰਬਜ਼ ਗਿਰਵਾ ਦਿੱਤਾ ਤਾਂ ਜੋ ਰੱਬੀ ਰਹਿਮਤ ਦਾ ਮੀਂਹ ਤੇ ਤਰੇਲ ਦੇ ਤੁਪਕੇ ਉਸ ਦੇ ਪੜਦਾਦੇ, ਜਹਾਂਗੀਰ ਦੀ ਕਬਰ ਤੇ ਪੈਂਦੇ ਰਹਿਣ[2] ।

(3) ਇਸੇ ਤਰ੍ਹਾਂ ਜਨਰਲ ਕਨਿੰਘਮ ਪ੍ਰਸਿੱਧ ਪੁਰਾਤਨ ਨਿਸ਼ਾਨੀਆਂ ਦੇ ਖੋਜੀ ਨੇ ਲੰਮੀ ਪੜਚੋਲ ਪਿਛੋਂ ਸੰਨ 1831 ਈ: ਵਿਚ ਇਸ ਮਕਬਰੇ ਬਾਰੇ ਮੂਰ ਕਰਾਫਟ ਦੀ ਲਿਖਤ ਨਾਲ ਆਪਣੀ ਰਾਏ ਸਹਿਮਤ ਕੀਤੀ ਹੈ[3] ।

(4) ਇਕ ਹੋਰ ਯਾਤਰੂ ਜਿਸ ਦਾ ਨਾਂ ਕੈਪਟਨ ਵੋਨ ਆਰਲਿਚ (Captain Von Orlich) ਹੈ, ਜਨਵਰੀ ਸੰਨ 1843 ਈ: ਵਿਚ ਲਾਹੌਰ ਆਇਆ, ਉਹ ਜਹਾਂਗੀਰ ਦੇ ਮਕਬਰੇ ਬਾਰੇ ਆਪਣੇ ਸਫਰਨਾਮੇ ਵਿਚ ਲਿਖਦਾ ਹੈ:-'ਚਿੱਟੇ ਪੱਥਰ (ਸੰਗਮਰਮਰ) ਦਾ ਬਣਿਆ ਹੋਇਆ ਤਾਬੂਤ (ਕਬਰ) ਇਮਾਰਤ ਦੇ ਵਿਚਾਲੇ ਹੈ, ਇਸ ਦੇ ਉਪਰ ਇਕ ਵੱਡਾ ਗੁੰਬਜ਼ ਬਣਿਆ ਹੋਇਆ ਸੀ ਜਿਸ ਨੂੰ ਬਹਾਦਰ ਸ਼ਾਹ ਨੇ ਪੁਟਵਾ ਦਿੱਤਾ, ਤਾਂ ਜੋ ਬਖਸ਼ਸ਼ ਦਾ ਮੀਂਹ ਉਸਦੇ ਬਜ਼ੁਰਗ ਪਰਪਿਤਾਮਾ ਦੀ ਕਬਰ ਤੇ ਵਰ੍ਹਦਾ ਰਹੇ[4] ।

(5) ਸੰਨ 1767 ਈ: ਵਿਚ ਮੌਲਵੀ ਨੂਰ ਅਹਿਮਦ ਚਿਸਤੀ ਨੇ ਇਸ ਮਕਬਰੇ ਬਾਰੇ ਇਉਂ ਲਿਖਿਆ:- 'ਪਹਿਲਾਂ ਪਹਿਲ ਇਸ ਮੌਜੂਦਾ ਗੁੰਬਜ਼ ਦੇ ਉਪਰ ਅਸਮਾਨ ਦੀ ਛੱਤ ਹੇਠਾਂ ਇਕ ਸੰਗਮਰਮਰ ਦਾ ਤਾਵੀਜ਼ (ਕਬਰ ਦਾ ਨਿਸ਼ਾਨ) ਬਣਿਆ ਹੋਇਆ ਸੀ ਪਰੰਤੂ ਬਹਾਦਰ ਸ਼ਾਹ ਦੀ ਪਾਤਸ਼ਾਹੀ ਦੇ ਸਮੇਂ ਇਕ ਮੁਲਾਂ ਦੇ ਫਤਵਾ ਦੇਣ ਅਨੁਸਾਰ ਬਹਾਦਰ ਸ਼ਾਹ ਨੇ ਇਸ ਇਮਾਰਤ ਨੂੰ ਉਪਰੋਂ ਗਿਰਵਾ ਕੇ ਗੁੰਬਦ ਵਿਚ ਪਾੜਾ ਕਰਵਾ ਦਿੱਤਾ ਤਾਂ ਜੋ ਰੱਬੀ ਬਰਕਤਾਂ ਦੀ ਵਰਖਾ ਕਬਰ ਤੇ ਪੈਂਦੀ ਰਹੇ । ਪਿੱਛੇ ਜਹੇ ਜਦ ਬਹੁਤੀ ਵਰਖਾ ਪੈਣ ਨਾਲ ਹੇਠਲੀ ਇਮਾਰਤ ਨੂੰ ਹਾਨੀ ਪੁਹੰਚਣ ਦਾ ਡਰ ਦਿਸਿਆ ਤਾਂ ਸਰਦਾਰ ਲਹਿਣਾ ਸਿੰਘ ਨੇ ਇਮਾਰਤ ਦੀ ਰੱਖਿਆ ਲਈ ਲੱਕੜੀ ਦੇ ਤਖਤੇ ਪਵਾ ਕੇ ਗੁੰਬਜ਼ ਦੇ ਸੁਰਾਖ ਨੂੰ ਬੰਦ ਕਰਵਾ ਦਿੱਤਾ[5] । ਅੱਗੇ ਜਾ ਕੇ ਇਹੋ ਲੇਖਕ ਲਿਖਦਾ ਹੈ ਕਿ ਨਾਦਰ ਸ਼ਾਹ ਤੇ ਅਹਿਮਦ ਸ਼ਾਹ ਅਬਦਾਲੀ ਦੇ ਧਾਵਿਆਂ ਤੇ ਜੁਗ ਗਰਦੀ ਸਮੇਂ ਇਸ ਮਕਬਰੇ ਦਾ ਬਹੁਮੁੱਲਾ ਪੱਥਰ ਦੁਰਾਨੀਆਂ ਨੇ ਲੁੱਟ ਲਿਆ[6] ।

(6) ਸੰਨ 1876 ਵਿਚ ਮਿਸਟਰ ਥਾਰਨਟਨ ਅਤੇ ਮਿਸਟਰ ਜੇ. ਐਸ. ਕਿਪਲੰਗ ਨੇ ਲਾਹੌਰ ਬਾਰੇ ਇਕ ਪੁਸਤਕ ਲਿਖੀ, ਜਿਸ ਵਿਚ ਜਹਾਂਗੀਰ ਦੇ ਮਕਬਰੇ ਦਾ ਹਾਲ ਲਿਖਦੇ

- - - - - -

1. *ਟਰੈਵਲਜ਼ ਇਨ ਦਾ ਹਿਮਾਲਾਇਨ ਪਰੋਵਿੰਸ ਆਫ ਹਿੰਦੁਸਤਾਨ ਜਿਲਦ 1, ਸਫਾ 109 ।*
2. *ਟਰੈਬਲਜ਼ ਇਨ ਟੂ ਬੁਖਾਰਾ ਜਿ: 1 ਸਫਾ 137 ।*
3. *ਵੇਖੋ ਬਫਡ ਰਿਪੋਰਟ ਆਫ ਦੀ ਕੋਕੇਟਰ ਆਫ ਇਨਸ਼ੈਟ ਮੈਨੋਮਿੰਟ ਇਨ ਇੰਡੀਆ ਫਾਰ ਦਾ ਯੀਅਰ 1883-84 ਐਪੇਂਡਕਸ, ਜੇ. ਪੀ. CXIX ।*
4. *ਟਰੈਵਲਜ਼ ਇਨ ਇੰਡੀਆ, ਉਲਥਾਕਾਰ ਐਚ. ਈ. ਲਾਬਿਡ, ਜਿਲਦ 1, ਸਫਾ 220 ।*
5. *ਮੌਲਵੀ ਨੂਰ ਅਹਿਮਦ, ਤਹਿਕੀਕਾਤ ਤੇ ਚਿਸਤੀਆਂ, ਸਫਾ 773 ।*
6. *ਤਹਿਕੀਕਾਤ ਤੇ ਚਿਸ਼ਤੀਆਂ ਸਫਾ 773*

ਹੋਏ ਇਨ੍ਹਾਂ ਲਿਖਿਆ ਹੈ ਕਿ ਪਰੰਪਰਾ ਅਨੁਸਾਰ ਵਿਚਲੇ ਗੁੰਬਜ਼ ਦਾ ਉਪਰਲਾ ਸਾਇਬਾਨ(ਛੱਤ) ਜੋ ਸੰਗਮਰਮਰ ਦਾ ਸੀ, ਬਹਾਦਰ ਸ਼ਾਹ ਔਰੰਗਜ਼ੇਬ ਦੇ ਪੁੱਤਰ ਨੇ ਉਤਰਵਾ ਲਿਆ ਅਤੇ ਹੇਠਲੀ ਵੱਡੀ ਇਮਾਰਤ ਦੇ ਦਰਵਾਜ਼ੇ ਜਿਨ੍ਹਾਂ ਤੇ ਡਾਢੀ ਬਰੀਕ ਚਿੱਤਰਕਾਰੀ ਦਾ ਜਾਲੀਦਾਰ ਕੰਮ ਕੀਤਾ ਹੋਇਆ ਸੀ, ਅਹਿਮਦ ਸ਼ਾਹ ਦੁਰਾਨੀ ਲੁੱਟ ਕੇ ਲੈ ਗਿਆ[1] ।

(7) ਇਸ ਤੋਂ ਪਿਛੋਂ ਘਨੱਯਾ ਲਾਲ ਨੇ ਤਾਰੀਖ ਲਾਹੌਰ ਲਿਖੀ ਉਹ ਇਸ ਮਕਬਰੇ ਬਾਰੇ ਇੰਞ ਲਿਖਦਾ ਹੈ:- ਖਾਸ ਮਕਬਰਾ ਮਸਕਫ (ਛੱਤਦਾਰ) ਹੈ । ਪਹਿਲੇ ਇਸ ਕੀ ਛਤ ਸੰਗਮਰਮਰ ਕੀ ਥੀ ਔਰ ਛਤ ਕੇ ਉਪਰ ਭੀ ਬਾਲਾਈ ਚਬੂਤਰੇ ਪਰ ਸੰਗਮਰਮਰ ਕੀ ਕਬਰ ਬਨੀ ਹੂਈ ਥੀ । ਚੂੰ ਕਿ ਛਤ ਪਰ ਬੜੀ ਲੰਬੀ ਲੰਬੀ ਸੰਗਮਰਮਰ ਕੀ ਸਿਲੇਂ ਪੜੀ ਹੂਈ ਥੀਂ ਵੋਹ ਨਹੀਂ ਮਾਲੂਮ ਕਿਸ ਵਕਤ ਉਤਰਵਾਈ ਗਈਂ, ਉਪਰ ਕਾ ਤਾਵੀਜ਼ (ਕਬਰ) ਭੀ ਮਿਸਮਾਰ ਹੋ ਗਿਆ । ਬਾਜ਼ੇ ਕਹਿਤੇ ਹੈਂ ਕਿ ਮੁਹੰਮਦ ਸ਼ਾਹ ਬਾਦਸ਼ਾਹ ਕੇ ਅਹਿਦ ਮੇਂ ਕਿਸੀ ਮੁੱਲਾਂ ਨੇ ਫਤਵਾ ਦੀਆ ਕਿ ਜਿਸ ਕਬਰ ਪਰ ਬਾਰਸ਼ ਨਾ ਪੜੇ ਵੋਹ ਰਹਿਮਤੀ ਇਲਾਹੀ ਸੇ ਮਹਿਰੂਮ ਹੈ, ਇਸ ਲੀਏ ਬਾਦਸ਼ਾਹ ਨੇ ਛਤ ਉਤਰਵਾ ਕਰ ਉਸ ਕਬਰ ਕੋ ਬੇ-ਪਰਦਾ ਕਰ ਦੀਆ[2] ।

(8) ਸ: ਮੁ: ਲਤੀਫ ਨੇ ਸੰਨ 1892 ਈ: ਵਿਚ ਆਪਣੀ ਤਾਰੀਖ ਲਾਹੌਰ ਲਿਖੀ, ਉਹ ਮੁਹੰਮਦ ਸਾਹਲੇ ਕੰਬੋ ਦੀ ਲਿਖਤ ਪੁਸਤਕ 'ਐਮਾਲੇ ਸਾਹਲੇ' ਦੇ ਆਧਾਰ ਪਰ ਲਿਖਦਾ ਹੈ ਕਿ ਜਹਾਂਗੀਰ ਦੇ ਮਕਬਰੇ ਦੇ ਗੁੰਬਜ਼ ਦੇ ਉਪਰ ਕੋਈ ਹੋਰ ਇਮਾਰਤ ਕਦੇ ਨਹੀਂ ਸੀ ਬਣੀ, ਇਸੇ ਤਰ੍ਹਾਂ ਖੁੱਲ੍ਹਾ ਸੁਰਾਖ ਮੁੱਦਤਾਂ ਤੋਂ ਚੱਲਾ ਆਉਂਦਾ ਹੈ ।

ਉਪਰ ਲਿਖੇ ਲਿਖਤੀ ਸਬੂਤ ਜਿਸ ਬਾਰੇ ਮੂਰ ਕਰਾਫਟ, ਬਰਨਸ, ਜਨਰਲ ਕਨਿੰਘਮ, ਵੋਨ ਆਰਲਿਜ਼ ਅਤੇ ਥਾਰੰਟ , ਇਹ ਸਾਰੇ ਲਿਖਦੇ ਹਨ ਕਿ ਜਹਾਂਗੀਰ ਦੇ ਮਕਬਰੇ ਦੇ ਗੁੰਬਜ਼ ਦੀ ਉਪਰਲੀ ਇਮਾਰਤ ਔਰੰਗਜ਼ੇਬ ਜਾਂ ਬਹਾਦਰ ਸ਼ਾਹ ਨੇ ਬਰਬਾਦ ਕੀਤੀ । ਮੌਲਵੀ ਨੂਰ ਮੁਹੰਮਦ ਚਿਸ਼ਤੀ, ਮਿਸਟਰ ਵਾਰੰਟਨ ਤੇ ਕਿਪਲੰਗ ਲਿਖਦੇ ਹਨ ਬਹੁਮੁੱਲਾ ਪੱਥਰ ਸੰਗਮਰਮਰ ਤੇ ਵੱਡੀ ਇਮਾਰਤ ਦੇ ਬਾਰੀਕ ਕੰਮ ਵਾਲੇ ਜਾਲੀਦਾਰ ਦਰਵਾਜ਼ੇ ਨਾਦਰਸ਼ਾਹ ਤੇ ਅਹਿਮਦ ਸ਼ਾਹ ਦੁਰਾਨੀ ਲੁੱਟ ਕੇ ਲੈ ਗਏ ਅਤੇ ਘਨੱਯਾ ਲਾਲ ਉਪਰਲੀ ਛੱਤ ਬਾਰੇ ਕੁਝ ਨਹੀਂ ਜਾਣਦਾ, ਜੋ ਕਿਸ ਨੇ ਇਹ ਗਿਰਵਾਈ । ਹੁਣ ਉਪਰ ਲਿਖੇ ਇੰਨੇ ਲਿਖਤੀ ਸਬੂਤਾਂ ਦੇ ਹੁੰਦਿਆਂ ਕਿਸੇ ਦਾ ਇਹ ਕਹਿਣ ਦਾ ਹੀਆ ਕਰਨਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਇਨ੍ਹਾਂ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਜਾਂ ਹਜ਼ੂਰੀ ਬਾਗ ਦੀ ਬਾਰਾਂਦਰੀ ਜਹਾਂਗੀਰ ਦੇ ਮਕਬਰੇ ਤੋਂ ਉਤਾਰ ਕੇ ਲਿਆਂਦੀ, ਆਪਣੇ ਆਪ ਨੂੰ ਇਤਿਹਾਸ ਤੋਂ ਅਨਜਾਣੂ ਸਿੱਧ ਕਰਨਾ ਹੈ ।

## ਇਹ ਗੱਲ ਕਿਥੋਂ ਚੱਲੀ ?

ਇਹ ਗੱਲ ਹੁਣ ਵਿਚਾਰ ਗੋਚਰ ਬਾਕੀ ਰਹਿ ਜਾਂਦੀ ਹੈ ਕਿ ਇਹ ਖਿਆਲ ਪਹਿਲੋਂ ਕਿਥੋਂ ਉਠਿਆ ਕਿ ਸ਼ੇਰਿ ਪੰਜਾਬ ਨੇ ਹਜ਼ੂਰੀ ਬਾਗ ਦੀ ਬਾਰਾਂਦਰੀ ਜਹਾਂਗੀਰ ਦੇ ਗੁੰਬਜ਼ ਤੋਂ ਉਤਾਰ ਆਂਦੀ ਸੀ । ਖੋਜ ਕੀਤਿਆਂ ਪਤਾ ਲੱਗਦਾ ਹੈ ਕਿ ਇਹ ਕੇਵਲ ਇਕ ਖਿਆਲ ਸੀ ਜੋ

- - - - - -

1. *'ਲਾਹੌਰ' (ਗਵਰਨਮੈਂਟ ਸੈਕਰੇਟਰੀਏਟ ਪਰੈਸ) ਲਾਹੌਰ 1879 ਸਫਾ 87 ।*
2. *ਘਨੱਯਾ ਲਾਲ, ਤਾਰੀਖ ਲਾਹੌਰ, ਸਫਾ 324 ।*

ਸਭ ਤੋਂ ਪਹਿਲਾਂ ਮੇਜਰ ਕੌਲ ਨੇ ਆਪਣੀ ਸਾਲਾਨਾ ਰਿਪੋਰਟ ਸੰਨ 1880 ਈ: ਵਿਚ ਇਸ਼ਾਰੇ ਮਾਤਰ ਲਿਖਿਆ ਕਿ 'ਹੋ ਸਕਦਾ ਹੈ ਕਿ ਹਜ਼ੂਰੀ ਬਾਗ ਦੀ ਬਾਰਾਂਦਰੀ ਇਸੇ ਤਰ੍ਹਾਂ ਬਣੀ ਬਣਾਈ ਜਹਾਂਗੀਰ ਦੇ ਮਕਬਰੇ ਦੇ ਗੁੰਬਜ਼ ਉਤੋਂ ਉਤਾਰ ਕੇ ਇਥੇ ਵਸਾਈ ਗਈ ਹੋਵੇ'[1] । ਇਹ ਕੇਵਲ ਜ਼ਾਤੀ ਕਿਆਸ ਹੀ ਸੀ, ਇਸ ਨਾਲ ਨਾਂ ਤਾਂ ਕੋਈ ਇਤਿਹਾਸਕ ਸਬੂਤ ਹੈ ਅਤੇ ਨਾ ਹੀ ਪਰੰਪਰਾ ਦਾ ਹਵਾਲਾ ਹੈ । ਇਥੇ ਸਭ ਤੋਂ ਸਵਾਦਲੀ ਗੱਲ ਇਹ ਹੈ ਕਿ ਜਦ ਇਸੇ ਮੇਜਰ ਕੌਲ ਨੇ ਇਸ ਬਾਰੇ ਹੋਰ ਵਧੇਰੀ ਖੋਜ ਕੀਤੀ ਤਾਂ ਆਪ ਨੇ ਉਪਰ ਲਿਖਿਆ ਸੰਨ 1880 ਈ: ਵਾਲਾ ਖਿਆਲ ਬਦਲ ਲਿਆ[2] । ਬਸ ਇਸ ਭੁਲੇਖੇ ਦਾ ਮੂਲ ਕੇਵਲ ਇੰਨਾ ਹੀ ਹੈ ਜਿਸ ਦੇ ਆਧਾਰ ਪਰ ਕਿਹਾ ਜਾਂਦਾ ਹੈ ਕਿ ਮਹਾਰਾਜਾ ਨੇ ਇਤਿਹਾਸਕ ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ । ਇਤਿਹਾਸ ਪੜਚੋਲ ਤੋਂ ਪਤਾ ਲਗਦਾ ਹੈ ਕਿ ਆਸਫ਼-ਜਾ ਦੇ ਮਕਬਰੇ ਦਾ ਅਤੇ ਕੁਝ ਹੋਰ ਇਮਾਰਤਾਂ ਦਾ ਪੱਥਰ, ਦਰਵਾਜ਼ੇ, ਸਾਏਵਾਨ ਅਤੇ ਗਲਾਫ ਆਦਿ ਸਮਿਆਨ ਸੰਨ 1738 ਵਿਚ ਨਾਦਰਸ਼ਾਹ ਨੇ ਲਾਹੌਰ ਨੂੰ ਲੁੱਟਿਆ ਅਤੇ ਸੰਨ 1767 ਈ: ਦੇ ਵਿਚਾਲੇ ਜਦ ਕਿ ਪੰਜਾਬ ਵਿਚ ਨਾਦਰ ਗਰਦੀ ਤੇ ਹਨੇਰ ਗਰਦੀ ਮਚੀ ਹੋਈ ਸੀ, ਕਿਸੇ ਨੇ ਲੁੱਟਿਆ, ਇਸ ਸਮੇਂ ਦੀ ਬਦਅਮਨੀ ਦਾ ਅਨੁਮਾਨ ਇਸ ਤੋਂ ਸੌਖਾ ਲੱਗ ਸਕਦਾ ਹੈ ਕਿ ਕੇਵਲ ਦਸਾਂ ਸਾਲਾਂ ਦੇ ਅੰਦਰ 1756 ਈ: ਤਕ ਲਾਹੌਰ ਵਿਚ ਸੱਤ ਵਾਰੀ ਪਰਿਵਰਤਨ (Revolution) ਹੋਇਆ ਅਤੇ ਬਾਰਾਂ ਗਵਰਨਰ ਤੇ ਹੁਕਮਰਾਨ ਇਕ ਦੂਜੇ ਦੇ ਪਿਛੋਂ ਬਦਲੇ[3] । ਇਨ੍ਹਾਂ ਵਿਚ ਸ਼ੀਆ, ਸੁੰਨੀ, ਮਰਹੱਟੇ, ਹਿੰਦੂ , ਸਿੱਖ, ਦੁਰਾਨੀ ਤੇ ਪਠਾਣ ਆਏ ।

ਅਜਿਹੀਆਂ ਲੁੱਟਾਂ ਲਈ ਖਾਸ ਕੌਮ ਦਾ ਨਾਂ ਲੈਣਾ ਕਠਿਨ ਹੈ, ਪਰ ਇਸ ਦੇ ਮੰਨਣ ਵਿਚ ਕਿਸੇ ਨੂੰ ਵੀ ਇਨਕਾਰ ਨਹੀਂ ਸੀ ਕਿ ਹਨੇਰ ਗਰਦੀ ਦੇ ਸਮੇਂ ਜਿਸ ਦਾ ਜਿਥੇ ਹੱਥ ਪੈਂਦਾ ਸੀ, ਚਾਹੇ ਉਹ ਮੁਸਲਮਾਨ ਹੁੰਦਾ ਜਾਂ ਕਿਸੇ ਹੋਰ ਮੱਤ ਦਾ, ਪਹਿਲੋਂ ਉਹ ਆਪਣੀ ਹੀ ਹਿਰਸ ਪੂਰੀ ਕਰਦਾ ਸੀ । ਇਸ ਗੱਲ ਦਾ ਕੁਝ ਵਖੇਜ ਨਹੀਂ ਸੀ ਕਿ ਲੁੱਟ ਵਿਚ ਇਸਲਾਮੀ ਮਾਲ ਲੁੱਟਿਆ ਜਾ ਰਿਹਾ ਹੈ ਜਾਂ ਕਿਸੇ ਹੋਰ ਦਾ । ਇਥੇ ਪਹੁੰਚ ਕੇ ਤਾਂ ਹੈਰਾਨੀ ਦੀ ਕੋਈ ਹੱਦ ਨਹੀਂ

- - - - - -

1. *ਫਸਟ ਰੀਪੋਰਟ ਆਫ ਦੀ ਕੋਰੇਟਰ ਆਫ ਇਨਸੈਟ ਮਾਨਿਉਮਿੰਟਸ ਅਪਡੰਕਸ, ਐਚ ।*
2. *ਦੇਖੋ ਡਾਕਟਰ ਵੋਜਲ (Vogel) ਦੀ ਚਿੱਠੀ ਨੰਬਰ 100 ਵਲੋਂ ਆਰਕਿਆਲੋਜੀ ਸਰਵੇਅਰ ਜਿਸ ਦਾ ਹਵਾਲਾ ਨੋਟ ਨੰ: 9 ਵਿਚ ਦਿੱਤਾ ਹੈ ।*

1. *ਇਨ੍ਹਾਂ ਦੇ ਨਾਮ ਹਨ :-*
   *(1) ਸ਼ਾਹਜ਼ਾਦਾ ਤੈਮੂਰ ਸੰਨ 1756 ਈ: ।*
   *(2) ਜਹਾਨ ਖ਼ਾਨ ਸੰਨ 1756 ।*
   *(3) ਸ: ਜੱਸਾ ਸਿੰਘ ਸੰਨ 1758 ।*
   *(4) ਮਿਰਜ਼ਾ ਖ਼ਾਨ ਮਰਹੱਟਿਆਂ ਵਲੋਂ 1758 ।*
   *(5) ਬਾਪੂ ਰਾਓ ਮਰਹੱਟਾ ਸੰਨ 1758 ।*
   *(6) ਹਾਜੀ ਕਰੀਮ ਦਾਦਨ ਖ਼ਾਨ ਸੰਨ 1759 ।*
   *(7) ਸਰ ਬਲੰਦ ਖ਼ਾਨ 1761 ।*
   *(8) ਉਬੇਦ ਖ਼ਾਨ 1761 ।*
   *(9) ਦੀਵਾਨ ਕਾਬਲੀ ਮਲ ਸੰਨ 1762 ।*
   *(10) ਸ: ਗੁਜਰ ਸਿੰਘ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ ਸੰਨ 1765 ।*
   *(11) ਦਾਦਰ ਖ਼ਾਨ ਸੰਨ 1765 ।*
   *(12) ਸਰਦਾਰ ਗੁਜਰ ਸਿੰਘ ਆਦਿ ਸੰਨ 1767 ।*

ਰਹਿੰਦੀ ਜਦ ਇਤਿਹਾਸ ਦੱਸਦੇ ਹਨ ਕਿ ਐਸੀਆਂ ਮਾਰਾਂ ਮਾਰਨ ਤੋਂ ਔਰੰਗਜ਼ੇਬ ਵਰਗਾ ਸ਼ਹਿਨਸ਼ਾਹ ਵੀ ਆਪਣਾ ਹੱਥ ਨਹੀਂ ਸੰਕੋਚ ਸਕਿਆ। ਲਾਹੌਰ ਦੀ ਹਿਸਟਰੀ ਰਚਿਤ ਸ: ਮੁਹੰਮਦ ਲਤੀਫ ਦੇ ਸਫਾ 113 ਤੇ 176 ਤੇ ਲਿਖਿਆ ਹੈ ਕਿ ਮੀਆਂ ਮੀਰ ਦੇ ਮਕਬਰੇ ਦਾ ਬਹੁਤ ਸਾਰਾ ਕੀਮਤੀ ਪੱਥਰ ਆਦਿ ਮਸਾਲਾ ਦਾਰਾ ਸ਼ਕੋਹ ਨੇ ਆਪਣੇ ਪੀਰ ਮੀਆਂ ਮੀਰ ਦੇ ਆਲੀਸ਼ਾਨ ਰੋਜ਼ੇ ਬਨਾਣ ਲਈ ਇਕੱਤਰ ਕੀਤਾ ਸੀ, ਪਰ ਇਸ ਨੂੰ ਉਸਾਰਨ ਤੋਂ ਪਹਿਲਾਂ ਹੀ ਉਹ ਆਪਣੇ ਭਾਈ ਔਰੰਗਜ਼ੇਬ ਦੇ ਹੁਕਮ ਨਾਲ ਕਤਲ ਕਰ ਦਿੱਤਾ ਗਿਆ ਤੇ ਔਰੰਗਜ਼ੇਬ ਨੇ ਤਖਤ ਤੇ ਬੈਠਦੇ ਹੀ ਮੀਆਂ ਮੀਰ ਦੇ ਮਕਬਰੇ ਦੇ ਸਾਮਾਨ ਤੇ ਆਪਣਾ ਕਬਜ਼ਾ ਕਰ ਲਿਆ, ਆਦਿ।

ਇਸ ਤੋਂ ਛੁੱਟ ਲਾਹੌਰ ਦੀ ਹਿਸਟਰੀ ਦੇ ਸਫਾ 170 ਪਰ ਇਕ ਹੋਰ ਨਾਮੀ ਮੁਸਲਮਾਨ ਮੁਹੰਮਦ ਸੁਲਤਾਨ ਬਾਰੇ ਲਿਖਿਆ ਹੈ ਕਿ ਇਸ ਨੇ ਬਹੁਤ ਸਾਰੀਆਂ ਇਸਲਾਮੀ ਇਮਾਰਤਾਂ, ਮਕਬਰੇ ਤੇ ਮਸੀਤਾਂ ਬਰਬਾਦ ਕੀਤੀਆਂ, ਜਿਨ੍ਹਾਂ ਵਿਚੋਂ ਪਰੀ ਮਹਿਲ, ਰੰਗ ਮਹਿਲ ਤੇ ਸਿਤਾਰਾ ਬੇਗਮ ਦੀ ਵੱਡੀ ਤੇ ਸੁਹਣੀ ਮਸੀਤ ਜੋ ਪੁਰਾਣੇ ਸਮੇਂ ਦੇ ਕਾਰੀਗਰੀ ਦਾ ਉਚਾ ਨਮੂਨਾ ਸੀ-ਕੇਵਲ ਇੱਟਾਂ ਪ੍ਰਾਪਤ ਕਰਨ ਲਈ ਇਸ ਨੇ ਢਾਅ ਦਿੱਤੀ। ਵਿਚਾਰ ਗੋਚਰੀ ਗੱਲ ਹੈ ਕਿ ਜਦ ਇੱਟਾਂ ਖਾਤਰ ਖ਼ਾਸ ਮੁਸਲਮਾਨ ਦੇ ਹੱਥੋਂ ਖ਼ੁਦਾ ਦਾ ਆਪਣਾ ਘਰ ਵੀ ਨਹੀਂ ਬਚ ਸਕਿਆ ਤਾਂ ਸੋਚੋ ਕਿ ਅਜਿਹੀ ਦਸ਼ਾ ਵਿਚ ਸੰਗਮਰਮਰ ਤੇ ਸੰਗ ਮੂਸਾ ਨੂੰ ਵੇਖ ਕੇ ਕਿੰਨੇ ਸੰਕੋਚ ਕੀਤਾ ਹੋਣਾ ਹੈ ?

ਜੇ ਕਦੇ ਮਹਾਰਾਜਾ ਰਣਜੀਤ ਸਿੰਘ ਐਸੀਆਂ ਇਮਾਰਤਾਂ ਤੋਂ ਲਾਭ ਉਠਾਣਾ ਚਾਹੁੰਦਾ ਤਾਂ ਬਾਦਸ਼ਾਹੀ ਮਸੀਤ, ਵਜੀਰ ਖ਼ਾਨ ਦੀ ਮਸੀਤ, ਸੁਨਹਿਰੀ ਮਸੀਤ, ਕਿਲ੍ਹੇ ਦੇ ਅੰਦਰ ਵਾਲੀ ਮੋਤੀ ਮਸਜਿਦ ਤੋਂ ਛੁੱਟ ਬੇਗਿਣਤ ਇਸਲਾਮੀ ਇਮਾਰਤਾਂ ਦਾ ਪੰਜਾਬ ਵਿਚ ਅੱਜ ਕਿਤੇ ਨਾਂ-ਨਿਸ਼ਾਨ ਵੀ ਨਾ ਮਿਲਦਾ।

ਇਹ ਇਤਿਹਾਸਕ ਸਬੂਤ ਹੈ ਜਿਸ ਤੋਂ ਕੋਈ ਸਿਰ ਨਹੀਂ ਫੇਰ ਸਕਦਾ ਕਿ ਜਦ ਸ਼ੇਰਿ ਪੰਜਾਬ ਨੇ ਸੰਨ 1799 ਈ: ਵਿਚ ਲਾਹੌਰ ਪਰ ਕਬਜ਼ਾ ਕੀਤਾ ਤਾਂ ਨਵਾਬ ਭਿਖਾਰੀ ਖ਼ਾਨ ਦੀ ਸੁਨਹਿਰੀ ਮਸੀਤ, ਜੋ ਕਸ਼ਮੀਰੀ ਬਾਜ਼ਾਰ ਵਿਚ ਹੈ, ਮਿਸਲਾਂ ਦੇ ਸਮੇਂ ਤੋਂ ਅਕਾਲੀਆਂ ਦੇ ਕਬਜ਼ੇ ਵਿਚ ਚਲੀ ਆਂਵਦੀ ਸੀ, ਹੁਣ ਜਦ ਮਹਾਰਾਜਾ ਨੇ ਲਾਹੌਰ ਦੀ ਹਕੂਮਤ ਆਪਣੇ ਹੱਥ ਵਿਚ ਲਈ ਤਾਂ ਲਾਹੌਰ ਦੇ ਇਲਾਕੇ ਦੇ ਬਹੁਤ ਸਾਰੇ ਮੁਸਲਮਾਨਾਂ ਦੇ ਮਹਾਰਾਜਾ ਰਣਜੀਤ ਸਿੰਘ ਅੱਗੇ ਬਿਨੈ ਕਰਨ ਪਰ ਮਹਾਰਾਜਾ ਨੇ ਆਪਣੀ ਮੁਸਲਮਾਨ ਪਰਜਾ ਨੂੰ ਇਹ ਮਸੀਤ ਦਿਵਾ ਦਿੱਤੀ[1]।

ਸੰਨ 1821 ਈ: ਵਿਚ ਸ਼ਾਹ ਬਲਾਵਲ ਦੇ ਮਕਬਰੇ ਦੀ ਇਮਾਰਤ ਨੂੰ ਦਰਿਆ ਰਾਵੀ ਦੀ ਢਾਹ ਲੱਗੀ ਜਿਸ ਨਾਲ ਇਸ ਦੇ ਰੁੜ੍ਹ ਜਾਣ ਦਾ ਡਰ ਸੀ। ਇਸ ਨੂੰ ਬਚਾਉਣ ਲਈ ਮਹਾਰਾਜਾ ਰਣਜੀਤ ਸਿੰਘ ਨੇ ਭਾਰੀ ਖਰਚ ਨਾਲ ਦਰਿਆ ਵਿਚ ਬੰਨ੍ਹ ਪਵਾਇਆ। ਇਸ ਨਾਲ ਕਾਮਯਾਬੀ ਨਾ ਹੋਈ ਤਾਂ ਛੇਕੜ ਸ਼ਾਹ ਬਲਾਵਲ ਦਾ ਤਾਬੂਤ ਉਥੋਂ ਉਠਵਾ ਕੇ ਜਿਥੇ ਹੁਣ ਹੈ ਦਫ਼ਨ ਕਰਵਾ ਦਿੱਤਾ ਤੇ ਇਮਾਰਤ ਆਦਿ ਦਾ ਸਾਰਾ ਖਰਚ ਮਹਾਰਾਜਾ ਨੇ ਆਪਣੇ ਪਾਸੋਂ ਦਿੱਤਾ ਤਾਂ ਜੋ ਇਹ ਤਾਰੀਖੀ ਯਾਦਗਾਰ ਦਰਿਆ ਵਿਚ ਰੁੜ੍ਹ ਕੇ ਸਦਾ ਲਈ ਮਿਟ ਨਾ ਜਾਏ[2]।

1. *ਸੱਯਦ ਮੁਹੰਮਦ ਲਤੀਫ ਹਿਸਟਰੀ ਆਫ ਦੀ ਲਾਹੌਰ, ਸਫਾ 222 ।*
2. *ਘਨੱਈਆ ਲਾਲ, ਤਵਾਰੀਖ ਲਾਹੌਰ, ਸਫਾ 238 ।*

'ਮੌਜੇ ਦਰਿਆ' ਤੇ ਹਜ਼ਰਤ ਦਾਤਾ ਗੰਜ ਦੀਆਂ ਇਮਾਰਤਾਂ ਨੂੰ ਤਵਾਰੀਖੀ ਇਮਾਰਤਾਂ ਜਾਣ ਕੇ ਇਨ੍ਹਾਂ ਨੂੰ ਕਈ ਵਾਰੀ ਮੁਰੰਮਤ ਕਰਵਾਈ[1] । ਇਸੇ ਤਰ੍ਹਾਂ ਜਦ ਸੰਨ 1818 ਈ: ਵਿਚ ਮੁਲਤਾਨ ਫਤਹ ਕਰਕੇ ਖ਼ਾਲਸਾ ਰਾਜ ਨਾਲ ਰਲਾ ਲਿਆ ਤਾਂ ਸੱਯਦ ਬਾਵਲ ਹੱਕ ਦੀ ਇਤਿਹਾਸਕ ਖਾਨਗਾਹ ਦੇ ਮਖਦੂਮਾਂ ਨੂੰ ਮਹਾਰਾਜਾ ਸਾਹਿਬ ਨੇ 3500 ਰੁਪਿਆ ਗੁਜਾਰੇ ਲਈ ਦੇਣਾ ਪ੍ਰਵਾਨ ਕੀਤਾ[2] ।

ਉਪਰ ਲਿਖੇ ਵਾਕਿਆ ਤੋਂ ਸਪੱਸ਼ਟ ਹੁੰਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਇਤਿਹਾਸਕ ਇਮਾਰਤਾਂ ਦੀ ਹਾਨੀ ਨਾ ਹੋਈ ਸਗੋਂ ਰਾਖੀ ਹੋਈ ।

# ਸ਼ੇਰਿ ਪੰਜਾਬ ਦੇ ਗੁਣਾਂ ਪਰ ਵਿਚਾਰ

## ਮਹਾਰਾਜਾ ਰਣਜੀਤ ਸਿੰਘ ਦੀ ਡੀਲ-ਡੌਲ ਤੇ ਆਚਰਣ

ਮਹਾਰਾਜਾ ਰਣਜੀਤ ਸਿੰਘ ਦਾ ਕੱਦ ਬਹੁਤ ਉਚਾ ਨਹੀਂ ਸੀ । ਉਸ ਪਰ ਨਿੱਕੀ ਉਮਰ ਵਿਚ ਹੀ ਸੀਤਲਾ ਨਿਕਲ ਆਉਣ ਦੇ ਕਾਰਨ ਭਾਵੇਂ ਉਸ ਦਾ ਚਿਹਰਾ ਕੁਦਰਤੀ ਰੰਗ ਵਿਚ ਨਹੀਂ ਸੀ ਰਿਹਾ ਪਰ ਫਿਰ ਵੀ ਐਨਾ ਲਾਲੀ ਭਿੰਨਾ ਤੇ ਦਬਦਬੇ ਵਾਲਾ ਸੀ ਕਿ ਵੇਖਣ ਵਾਲਿਆਂ ਦੇ ਦਿਲਾਂ ਉਤੇ ਉਸ ਦੀ ਬੀਰਤਾ ਤੇ ਨਿਰਭੈਤਾ ਦਾ ਸਿੱਕਾ ਆਪ-ਮੁਹਾਰੇ ਬਹਿ ਜਾਂਦਾ ਸੀ । ਉਸ ਦੀ ਬਰਫਾਨੀ ਚਿੱਟੀ ਦਾਹੜੀ ਲੰਬਾਈ ਵਿਚ ਨਾਫ ਤਕ ਪਹੁੰਚਦੀ ਸੀ, ਜਿਸ ਨਾਲ ਉਸ ਦਾ ਚਿਹਰਾ ਸੁਡੌਲ ਤੇ ਭਰਵਾਂ ਜਾਪਦਾ ਸੀ, ਉਸ ਦਾ ਜੁੱਸਾ ਡਾਢਾ ਫੁਰਤੀਲਾ ਤੇ ਚੁਸਤ ਸੀ। ਉਹ ਅਜਿਹਾ ਬੇਧੜਕ ਸ਼ਾਹ-ਸਵਾਰ ਸੀ ਕਿ ਉਸ ਦੇ ਨਾਲ ਦਾ ਫੁਰਤੀਲਾ ਚਾਬਕ-ਸਵਾਰ ਉਸ ਸਮੇਂ ਸਾਰੇ ਦੇਸ ਵਿਚ ਮਿਲਣਾ ਔਖਾ ਸੀ । ਇਹ ਰਾਏ ਮੇਜਰ ਵੈਡ ਦੀ ਹੈ । ਉਸ ਨੂੰ ਸ਼ੇਰ, ਚੀਤੇ ਤੇ ਰਿੱਛ ਦੇ ਸ਼ਿਕਾਰ ਦਾ ਬੜਾ ਸ਼ੌਕ ਸੀ । ਉਨ੍ਹਾਂ ਨੂੰ ਉਹ ਨੇਜ਼ੇ ਦੀ ਨੋਕ ਤੇ ਜਾਂ ਤਲਵਾਰ ਨਾਲ ਮਾਰਦਾ ਹੁੰਦਾ ਸੀ । ਉਸ ਦੀ ਪੁਸ਼ਾਕ ਸਾਦੀ ਪਰ ਡਾਢੀ ਸੁਥਰੀ ਹੁੰਦੀ ਸੀ ।

ਉਹ ਹਨੇਰ ਦਾ ਦਲੇਰ ਤੇ ਡਾਢਾ ਨਿਰਭੈ ਸੀ । ਸੰਨ 1823 ਈ: ਵਿਚ ਜਦ ਸ਼ੇਰਿ ਪੰਜਾਬ ਮੁਹੰਮਦ ਅਜ਼ੀਮ ਖ਼ਾਨ ਬਾਰਕਜ਼ਈ ਦੇ ਪਠਾਣਾਂ ਦੀ ਸੁਧਾਈ ਲਈ ਖ਼ਾਲਸਾ ਦਲ ਨਾਲ ਲੈ ਕੇ ਅਟਕ ਪੁੱਜਾ ਤਾਂ ਅੱਗੋਂ ਬਰਖਾ ਦੇ ਜ਼ੋਰ ਕਰਕੇ ਦਰਿਆ ਵਿਚ ਭਾਰੀ ਹੜ੍ਹ ਆਇਆ ਹੋਇਆ ਸੀ । ਮਲਾਹਾਂ ਤੇ ਆਪਣੇ ਇੰਜਨੀਅਰਾਂ ਨੂੰ ਹੁਕਮ ਦਿੱਤਾ ਕਿ ਫੌਜਾਂ ਦੇ ਪਾਰ ਪਹੁੰਚਾਣ ਲਈ ਕੋਈ ਪ੍ਰਬੰਧ ਕਰੋ । ਅਗੋਂ ਉਨ੍ਹਾਂ ਪਾਣੀ ਦੀ ਬੇਓੜਕ ਜ਼ੋਰ ਨੂੰ ਵੇਖ ਕੇ ਅਰਜ਼ ਕੀਤੀ ਕਿ ਇਕ ਤਾਂ ਕੁਦਰਤ ਨੇ ਇਸ ਨੂੰ ਅਟਕ (ਰੋਕ) ਬਣਾਇਆ ਹੈ, ਜਿਸ ਦੇ ਕੰਢੇ ਅਵੱਸ਼ ਅਟਕਣਾ ਪੈਂਦਾ ਹੈ । ਦੂਜਾ ਵਰਖਾ ਤੇ ਤੂਫਾਨ ਦੇ ਕਾਰਨ ਇੰਨਾ ਹੜ੍ਹ ਆਇਆ ਹੋਇਆ ਹੈ ਕਿ ਜਿਸ ਦੀ ਕੋਈ ਹੱਦ ਨਹੀਂ, ਇਸ ਲਈ ਜਦ ਤਕ ਹੜ੍ਹ ਦਾ ਪਾਣੀ ਘਟ ਨਾ ਜਾਏ ਇਸ ਤੋਂ ਪਾਰ ਲੰਘਣਾ ਅਣਹੋਣੀ ਗੱਲ ਹੈ । ਸਮੇਂ ਦੇ ਸੁਚੇਤ, ਧੁਨ ਦਾ ਪੱਕਾ ਤੇ ਚੜ੍ਹਦੀਆਂ ਕਲਾਂ ਵਿਚ ਰਹਿਣ ਵਾਲਾ

- - - - - -

*1. ਸੱਯਦ ਮੁਹੰਮਦ ਲਤੀਫ਼ ਹਿਸਟਰੀ ਆਫ ਲਾਹੌਰ ਸਫਾ 222 ।*

*2. ਲੈਪਲ ਗ੍ਰਿਫਨ ਜਿ: 2, ਸਫਾ 86 ।*

ਮਹਾਰਾਜਾ ਆਪਣੀ ਗਰਜਵੀਂ ਆਵਾਜ਼ ਵਿਚ ਬੋਲਿਆ ਕਿ "ਦਰਿਆ ਅਟਕ ਖ਼ਾਲਸੇ ਲਈ ਨਾਅਟਕ ਹੈ, ਅਟਕ ਉਸ ਦੇ ਵਾਸਤੇ ਅਟਕ (ਰੁਕਾਵਟ) ਹੈ, ਜਿਸ ਦੇ ਦਿਲ ਵਿਚ ਅਟਕ (ਝਿਜਕ) ਹੈ, ਜਿਸ ਦੇ ਮਨ ਵਿਚ ਅਟਕ (ਰੋਕ) ਨਹੀਂ ਉਸ ਲਈ ਅਟਕ (ਦਰਿਆ) ਕਦੇ ਵੀ ਅਟਕ (ਠਾਕ) ਨਹੀਂ ਹੋ ਸਕਦਾ। ਮੇਰੇ ਲਈ ਇਹ ਨਾ-ਅਟਕ ਹੈ।" ਇਹ ਕਹਿ ਕੇ ਝੱਟ ਆਪਣੇ ਘੋੜੇ ਨੂੰ ਅੱਡੀ ਲਾ ਆਪਣੀ ਸੈਨਾ ਸਮੇਤ ਅਟਕ ਵਿਚ ਠਿਲ੍ਹ ਪਿਆ ਤੇ ਸਹੀ ਸਲਾਮਤ ਪਾਰ ਹੋ ਗਿਆ ਅਤੇ ਅਨਹੋਣੀ ਨੂੰ ਹੋਣੀ ਕਰ ਵਿਖਾਇਆ।

ਉਸ ਦੀ ਸਾਰੀ ਉਮਰ ਮੁਲਕਗੀਰੀ ਤੇ ਮੁਲਕੀ ਪ੍ਰਬੰਧ ਵਿਚ ਲੰਘੀ। ਉਹ ਸ਼ੀਸ਼ ਮਹਿਲ ਦੇ ਨਿਵਾਸ ਤੋਂ ਮੈਦਾਨ ਜੰਗ ਵਿਚ ਤੰਬੂ ਦੇ ਜੀਵਨ ਨੂੰ ਵਧੇਰਾ ਚਾਹੁੰਦਾ ਸੀ। ਹਢ ਰੱਖਣੀ ਜਾਂ ਸੁਸਤੀ ਦੇ ਨਾਮ ਤੋਂ ਉਹ ਉਕਾ ਹੀ ਅਜਾਣੂ ਸੀ। ਉਹ ਘੋੜਿਆਂ ਦਾ ਬੜਾ ਸ਼ੌਕੀਨ ਸੀ। ਆਨਰੇਬਲ ਆਜ਼ਬਰਨ ਲਿਖਦਾ ਹੈ ਕਿ ਮਹਾਰਾਜਾ ਰਾਤ ਨੂੰ ਸੌਂਦਾ ਸੀ ਤਾਂ ਉਸ ਦਾ ਹੁਕਮ ਸੀ ਕਿ ਇਕ ਜੋਤਿਆ ਜਤਾਇਆ ਘੋੜਾ ਤਿਆਰ ਕਰਕੇ ਉਸ ਦੇ ਪਲੰਘ ਦੇ ਲਾਗੇ ਰਹੇ। ਉਹ ਆਪਣੇ ਗੈਂਡੇ ਦੀ ਢਾਲ ਤੇ ਤਲਵਾਰ ਸੁੱਤੇ ਪਏ ਵੀ ਆਪਣੇ ਨਾਲ ਪਲੰਘ ਦੇ ਸਿਰਹਾਣੇ ਰੱਖਦਾ ਸੀ।

ਉਹ ਔਕੜ ਅਤੇ ਭੈਅ ਦੇ ਸਮੇਂ ਵਧੇਰੇ ਬੇਧੜਕ ਹੋ ਜਾਂਦਾ ਸੀ ਤੇ ਇਸ ਸਮੇਂ ਇਸ ਦਾ ਐਡਾ ਜੋਸ਼ ਵਧਦਾ ਕਿ ਝੱਲਿਆ ਨਾ ਜਾਂਦਾ। ਅਜਿਹੇ ਸਮੇਂ ਅਜਿਹੀ ਸੋਚ ਸੋਚਦਾ ਕਿ ਅੱਖ ਦੇ ਫੇਰ ਵਿਚ ਕਿਸੇ ਕੰਮ ਦਾ ਫੈਸਲਾ ਕਰਕੇ ਉਸ ਤੋਂ ਪੂਰਾ ਪੂਰਾ ਲਾਭ ਪ੍ਰਾਪਤ ਕਰਦਾ। ਉਹ ਵਕਤ ਦਾ ਬੜਾ ਪਾਬੰਦ ਸੀ। ਨਿਤਨੇਮ ਦੇ ਪਿਛੋਂ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਹ ਆਪਣੀ ਫੌਜਾਂ ਦੀ ਕਵਾਇਦ ਦੇਖਣ ਲਈ ਚਲਾ ਜਾਂਦਾ ਸੀ। ਦੋ ਘੰਟੇ ਕਵਾਇਦ ਦੇਖ ਕੇ ਦਸ ਵਜੇ ਤਕ ਦਰਬਾਰ ਵਿਚ ਆ ਜਾਂਦਾ ਤੇ ਇਲਾਕਿਆਂ ਤੋਂ ਆਈਆਂ ਰਿਪੋਰਟਾਂ ਸੁਣਦਾ ਅਤੇ ਉਨ੍ਹਾਂ ਉਤੇ ਹੁਕਮ ਲਿਖਵਾਂਦਾ ਹੁੰਦਾ ਸੀ। ਹੁਕਮ ਦੀ ਇਬਾਰਤ ਮਹਾਰਾਜਾ ਆਪ ਬੋਲਦਾ ਤੇ ਅਗੋਂ ਪੇਸ਼ਕਾਰ (ਸਕੱਤਰ) ਲਿਖਦਾ ਜਾਂਦਾ। ਲਿਖੇ ਹੋਏ ਹੁਕਮ ਨੂੰ ਮੁੜ ਸੁਣਾਉਂਦਾ ਤਾਂ ਜੋ ਪੇਸ਼ਕਾਰ ਕੁਝ ਭੁੱਲ ਨਾ ਕਰ ਬਹੇ। ਇਹ ਕੰਮ ਜੇ ਕਦੀ ਦਿਨ ਤੋਂ ਵਧ ਕੇ ਰਾਤ ਤਕ ਚਲਾ ਜਾਂਦਾ ਤਦ ਵੀ ਉਹ ਉਸ ਨੂੰ ਮੁਕਾ ਕੇ ਉਠਦਾ। ਅਜ ਦਾ ਕੰਮ ਕਦੇ ਵੀ ਕਲ੍ਹ ਤੇ ਨਹੀਂ ਸੁੱਟਦਾ ਸੀ। ਉਹ ਬੜਾ ਮਿਹਨਤੀ ਤੇ ਅਥੱਕ ਕੰਮ ਕਰਨ ਵਾਲਾ ਸੀ, ਉਹ ਕੰਮ ਕਰਨ ਵਿਚ ਥਕੇਵੇਂ ਨੂੰ ਕੁਝ ਭੀ ਨਹੀਂ ਸੀ ਜਾਣਦਾ। ਆਪ ਦੇ ਚਿਹਰੇ ਪਰ ਕਦੇ ਕਿਸੇ ਥਕਾਵਟ ਜਾਂ ਸੁਸਤੀ ਨਹੀਂ ਸੀ ਵੇਖੀ, ਇਸ ਬਾਰੇ ਕਵੀ ਸਾਹਿਬ ਸਿੰਘ ਲਿਖਦਾ ਹੈ :-

"ਸਦ ਹੀ ਕਮਰ ਕਸੀ ਹਮ ਦੇਖੀ,
ਕਬਹੂੰ ਨ ਸੁਸਤੀ ਮੁਖ ਪਰ ਪੇਖੀ।"

ਕਦੀ ਕਦੀ ਰਾਤ ਨੂੰ ਸੁੱਤੇ ਪਏ ਜਾਗ ਆ ਜਾਂਦੀ ਅਤੇ ਕੋਈ ਜ਼ਰੂਰੀ ਕੰਮ ਚੇਤੇ ਆਉਂਦਾ ਤਾਂ ਉਸ ਵੇਲੇ ਸਵਾਰ ਨੂੰ ਪੇਸ਼ਕਾਰ ਵੱਲ ਭੇਜ ਕੇ ਬੁਲਵਾ ਲੈਂਦਾ। ਉਹ ਅਗੋਂ ਮਹਾਰਾਜਾ ਨੂੰ ਤਿਆਰ ਵੇਖ ਕੇ ਹੈਰਾਨ ਰਹਿ ਜਾਂਦਾ। ਉਹ ਉਸੇ ਵੇਲੇ ਜਿਸ ਗਲ ਦਾ ਨਬੇੜਾ ਕਰਨਾ ਹੁੰਦਾ, ਦੋ ਟੂਕ ਕਰਕੇ ਮੁਕਾ ਦਿੰਦਾ।

ਭਾਵੇਂ ਉਸ ਦੇ ਅੱਗੇ ਵੱਡੇ ਵੱਡੇ ਖ਼ੁਦਮੁਖਤਾਰ ਹੁਕਮਰਾਨ ਨਿਉਂਦੇ ਸਨ ਪਰ ਉਹ ਐਨਾ ਕੁਝ ਹੁੰਦਿਆਂ ਵੀ ਵੱਡੇ ਲੰਮੇ ਜਿਗਰੇ ਵਾਲਾ ਤੇ ਨਿਮਾਣਾ ਸੀ। ਕਦੀ ਕਦੀ ਅਕਾਲੀ ਸਿੰਘ ਜਾਂ ਬਾਬੇ ਸਾਹਿਬਜ਼ਾਦੇ ਉਸ ਨੂੰ ਕਰੜੇ ਬਚਨਾਂ ਨਾਲ ਤਾੜਦੇ ਹੁੰਦੇ ਸਨ, ਪਰ ਉਹ ਸਦਾ ਹੀ

ਉਹਨਾਂ ਦੇ ਅੱਗੇ ਸਿਰ ਝੁਕਾਉਂਦਾ ਅਤੇ ਕਦੀ ਵੀ ਅਜਿਹਾ ਮੌਕਾ ਨਹੀਂ ਸੀ ਆਇਆ ਕਿ ਉਹਨਾਂ ਨੂੰ ਆਪਣਾ ਰਾਜਸੀ ਦਾਬਾ ਦਸਦਾ, ਸਗੋਂ ਧਾਰਮਿਕ ਕੰਮਾਂ ਵਿਚ ਉਹਨਾਂ ਤੋਂ ਸਖਤ ਤੋਂ ਸਖਤ ਬਚਨ ਸੁਣ ਕੇ ਵੀ ਆਪਣੇ ਮੱਥੇ ਉਤੇ ਵੱਟ ਤਕ ਨਹੀਂ ਸੀ ਪਾਉਂਦਾ । ਇਕ ਵਾਰੀ ਅਕਾਲੀ ਫੂਲਾ ਸਿੰਘ ਨੇ ਉਸ ਨੂੰ ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਵਿਚ ਵੜਨ ਤੋਂ ਰੋਕਿਆ ਤੇ ਕਰੜੇ ਬੋਲ ਬੋਲੇ । ਇਸ ਸਮੇਂ ਜੇ ਕੋਈ ਹੰਕਾਰੀ ਹੁਕਮਰਾਨ ਹੁੰਦਾ ਤਾਂ ਕਪੜਿਆਂ ਤੋਂ ਬਾਹਰ ਹੋ ਜਾਂਦਾ ਤੇ ਆਪਣਾ ਸਾਰਾ ਬਲ ਦੱਸਦਾ, ਪਰ ਨਹੀਂ ਉਸ ਨੇ ਅੱਗੋਂ ਹੱਸ ਕੇ ਆਖਿਆ ਕਿ ਆਪ ਦਾ ਡਾਂਟਣਾਂ ਮੇਰੇ ਲਈ ਬੜਾ ਗੁਣਕਾਰੀ ਹੈ । ਮੈਂ ਰਾਜ ਦੇ ਧੰਦਿਆਂ ਵਿਚ ਗਾਫ਼ਲ ਹੋ ਕੇ ਆਪਣੇ ਆਪ ਨੂੰ ਭੁਲਾ ਬਹਿੰਦਾ ਹਾਂ ਤੇ ਇਹ ਆਪ ਦੀ ਤਾੜਨਾ ਦਾ ਹੀ ਫਲ ਹੈ ਜੋ ਮੈਨੂੰ ਮੁੜ ਸਿੱਖੀ ਦੇ ਪੱਧਰ ਤੇ ਲੈ ਆਉਂਦਾ ਹੈ । ਆਪ ਗੁਰੂ ਦੀ ਨਗਰੀ ਤੇ ਸਿੱਖੀ ਦੇ ਰਾਖੇ ਹੋ, ਆਪ ਦਾ ਹੁਕਮ ਸਿਰ ਮੱਥੇ ਪਰ ਹੈ ।

ਉਹ ਕਰੋਧ ਤੇ ਬੀਰ ਰਸ ਦੇ ਫਰਕ ਦਾ ਪੂਰਾ ਪੂਰਾ ਪਾਰਖੂ ਸੀ । ਉਹ ਨਿੱਕੀ ਨਿੱਕੀ ਗੱਲ ਤੇ ਆਪੇ ਤੋਂ ਬਾਹਰ ਹੋ ਜਾਣ ਵਾਲੇ ਅਹਿਲਕਾਰਾਂ ਨੂੰ ਕਦੇ ਜ਼ਿੰਮੇਵਾਰੀ ਦੇ ਕੰਮ ਨਹੀਂ ਸੀ ਸੌਂਪਦਾ । ਉਹ ਬੀਰ ਰਸ ਵਿਚ ਭਿੰਨੇ ਬਹਾਦਰ ਤੇ ਵੱਡੇ ਹੌਂਸਲੇ ਵਾਲੇ ਸਰਦਾਰਾਂ ਨੂੰ ਗਵਰਨਰੀਆਂ ਤੇ ਰਿਆਸਤਾਂ ਬਖਸ਼ਦਾ ਹੁੰਦਾ ਸੀ । ਨਾਲ ਹੀ ਉਹ ਸਵੈ-ਸਤਿਕਾਰ ਦਾ ਬੜਾ ਕਦਰਦਾਨ ਸੀ, ਜਿਹਾ ਕਿ ਉਹ ਆਪ ਸਵੈ-ਸਤਿਕਾਰ ਦਾ ਨਮੂਨਾ ਸੀ, ਇਸੇ ਤਰ੍ਹਾਂ ਉਹ ਇਸ ਗੁਣ ਵਾਲੇ ਦਰਬਾਰੀਆਂ ਦੀ ਵਧੇਰੇ ਕਦਰ ਕਰਦਾ ਹੁੰਦਾ ਸੀ ।

ਉਹ ਬਚਨ ਦਾ ਬੜਾ ਪੱਕਾ ਸੀ, ਜੋ ਗੱਲ ਇਕ ਵਾਰ ਉਸ ਦੇ ਮੂੰਹ ਤੋਂ ਨਿਕਲ ਜਾਏ, ਉਹ ਸਦਾ ਉਸ ਉਤੇ ਕਾਇਮ ਰਹਿੰਦਾ ਸੀ । ਸੰਸਾਰ ਚੰਦ ਕਾਂਗੜੇ ਵਾਲੇ ਦੀ ਬੇਨਤੀ ਸੁਣ ਕੇ ਮਹਾਰਾਜਾ ਅਮਰ ਸਿੰਘ ਥਾਪਾ ਸੈਨਾਪਤੀ ਨੇਪਾਲ ਦੇ ਹੱਥੋਂ ਉਸ ਨੂੰ ਬਚਾਉਣ ਲਈ ਕਾਂਗੜੇ ਜਾਂਦਾ ਹੈ, ਉਥੇ ਅਮਰ ਸਿੰਘ ਵਲੋਂ ਉਸ ਦੇ ਵਕੀਲ ਪਹੁੰਚਦੇ ਹਨ ਤੇ ਸੰਸਾਰ ਚੰਦ ਤੋਂ ਕਈ ਗੁਣਾਂ ਵਧੇਰਾ ਨਜ਼ਰਾਨਾ ਪੇਸ਼ ਕਰਦੇ ਹਨ । ਪਰ ਉਹ ਇਹ ਆਖ ਕੇ ਉਹਨਾਂ ਵੱਲ ਨਜ਼ਰ ਭਰ ਕੇ ਤੱਕਦਾ ਵੀ ਨਹੀਂ, ਕਿ ਮੈਂ ਸੰਸਾਰ ਚੰਦ ਦੀ ਸਹਾਇਤਾ ਦਾ ਬਚਨ ਕਰ ਚੁੱਕਾ ਹਾਂ, ਹੁਣ ਜੇ ਕਦੇ ਮੈਨੂੰ ਸੋਨੇ ਦੇ ਪਹਾੜ ਵੀ ਉਸਰਾ ਦਿੱਤੇ ਜਾਣ ਤਾਂ ਵੀ ਮੈਂ ਆਪਣੀ ਜ਼ੁਬਾਨ ਤੋਂ ਪਿਛੇ ਨਹੀਂ ਹਟਾਂਗਾ[1] । ਸਰ ਹੈਨਰੀ ਲਾਰੰਸ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਨਾਲ ਦਾ ਬਚਨ ਦਾ ਪੱਕਾ, ਮੈਂ ਨਾ ਗੁਜ਼ਰੇ ਬਾਦਸ਼ਾਹਾਂ ਵਿਚ ਸੁਣਿਆ ਹੈ ਅਤੇ ਨਾ ਮੌਜੂਦਾ ਵਿਚ ਡਿੱਠਾ ਹੈ ।

ਸ਼ੇਰਿ ਪੰਜਾਬ ਜਿਸ ਤਰ੍ਹਾਂ ਮੁਲਕਾਂ ਨੂੰ ਫਤਹ ਕਰਨ ਦੀ ਲਿਆਕਤ ਰੱਖਦਾ ਸੀ ਉਸੇ ਤਰ੍ਹਾਂ ਕਾਬੂ ਕੀਤੇ ਹੋਏ ਇਲਾਕਿਆਂ ਨੂੰ ਆਪਣੇ ਵਸ ਵਿਚ ਰੱਖਣ ਤੇ ਉਹਨਾਂ ਦਾ ਵਧੀਆ ਪ੍ਰਬੰਧ ਕਰਨ ਲਈ ਵੀ ਅਦੁੱਤੀ ਸੀ । ਉਸ ਨੇ ਜੋ ਜੋ ਇਲਾਕੇ ਇਕ ਵਾਰੀ ਫਤਹ ਕੀਤੇ, ਉਹ ਫਿਰ ਉਸਦੇ ਕਬਜ਼ੇ ਤੋਂ ਕਦੀ ਨਹੀਂ ਨਿਕਲੇ । ਦੇਸ ਫ਼ਤਹ ਕਰਨਾ ਤੇ ਉਸ ਦਾ ਪ੍ਰਬੰਧ ਕਰਨਾ, ਇਹ ਦੋ ਵੱਖੋ-ਵੱਖ ਗੁਣ ਹਨ ਅਤੇ ਬਹੁਤ ਘੱਟ ਇਕੱਠੇ ਵੇਖੇ ਜਾਂਦੇ ਹਨ, ਪਰ ਸ਼ੇਰਿ ਪੰਜਾਬ ਵਿਚ ਇਹ ਦੋਵੇਂ ਗੁਣ ਸੰਮਲਿਤ ਸਨ । ਬਹੁਤ ਵੇਰੀ ਲੇਖਕ ਇਥੇ ਪਹੁੰਚ ਕੇ ਹੈਰਾਨ ਰਹਿ ਜਾਂਦੇ ਸਨ, ਜਦ ਉਹ ਉਸ ਦਾ ਮੁਲਕੀ ਪ੍ਰਬੰਧ ਇੰਨਾ ਵਧੀਆ ਵੇਖਦੇ ਸਨ, ਕਿਉਂਕਿ ਉਸ ਦਾ ਵਧੇਰਾ ਸਮਾਂ ਨਵੇਂ ਇਲਾਕਿਆਂ ਦੇ ਫਤਹ ਕਰਨ ਵਿਚ ਲੰਘਦਾ ਹੁੰਦਾ ਸੀ, ਪਰ ਅਸਚਰਜਤਾ ਦੀ ਗੱਲ ਤਾਂ ਇਹ ਸੀ ਕਿ ਉਹ ਫਤਹਿ ਕੀਤੇ ਹੋਏ ਇਲਾਕਿਆਂ ਦੇ ਪ੍ਰਬੰਧ ਲਈ ਕਿਥੋਂ ਸਮਾਂ ਕੱਢ ਲੈਂਦਾ ਸੀ । ਇਹ ਫਕੀਰ ਅਜ਼ੀਜੁਦੀਨ ਦਾ ਕਹਿਣਾ ਸੀ ਕਿ "ਇਕ ਮਾਮੂਲੀ ਘੋੜੇ ਦੀ ਨਲ-ਬੰਦੀ ਤੋਂ ਲੈ ਕੇ ਵਜ਼ੀਰ ਆਜ਼ਮ ਦੀ ਪੁਸ਼ਾਕ ਤਕ ਸ਼ੇਰਿ ਪੰਜਾਬ ਦੀ ਆਪਣੀ ਨਜ਼ਰ ਵਿਚੋਂ

- - - - - -

*1. ਘਨੱਈਆ ਲਾਲ ।*

ਲੰਘਦੀ ਸੀ ।" ਉਹ ਆਪਣੀ ਸਾਰੀ ਫੌਜ ਦੇ ਇਕ ਇਕ ਸਿਪਾਹੀ ਦੇ ਅਹੁਦੇਦਾਰ ਦੀ ਲਿਆਕਤ ਤੇ ਹੁਨਰ ਤੋਂ ਜਾਣੂ ਸੀ ਅਤੇ ਉਹਨਾਂ ਨੂੰ ਉਹਨਾਂ ਦੀ ਯੋਗਤਾ ਅਨੁਾਰ ਕੰਮ ਸੌਂਪਦਾ ਸੀ[1]। ਮਹਾਰਾਜੇ ਦੇ ਜੀਵਨ ਦੀ ਸਫਲਤਾ ਦਾ ਵੱਡਾ ਕਾਰਨ ਇਹ ਸੀ ਕਿ ਉਹ ਹਰ ਇਕ ਕੰਮ ਲਈ ਯੋਗ ਆਦਮੀ ਚੁਣਨ ਦਾ ਕਮਾਲ ਰੱਖਦਾ ਸੀ, ਉਸਦੀ ਆਮ ਵਾਕਫ਼ੀ ਇੰਨੀ ਵਧੀ ਹੋਈ ਸੀ ਕਿ ਯੂਰਪ ਦੇ ਯਾਤਰੂ ਜਦ ਉਸ ਦੇ ਦਰਬਾਰ ਵਿਚ ਆਉਂਦੇ ਤੇ ਉਸ ਦੀ ਦੂਜੇ ਮੁਲਕਾਂ ਸਬੰਧੀ ਇੰਨੀ ਡੂੰਘੀ ਵਾਕਫ਼ੀ ਸੁਣਦੇ ਤਾਂ ਉਹ ਚਕਰਾ ਜਾਂਦੇ । ਮੂਰ ਕਰਾਫਟ ਲਿਖਦਾ ਹੈ ਕਿ ਮੈਂ ਮਹਾਂਦੀਪ ਏਸ਼ੀਆ ਵਿਚ ਸ਼ੇਰਿ ਪੰਜਾਬ ਜਿੰਨਾ ਵਾਕਫਕਾਰ ਹੁਕਮਰਾਨ ਅੱਜ ਤਕ ਨਹੀਂ ਡਿਠਾ।

ਕਈ ਇਤਿਹਾਸਕਾਰਾਂ ਨੇ ਖ਼ਾਲਸਾ ਫੌਜਾਂ ਦੀ ਬੇਨਜ਼ੀਰ ਕਵਾਇਦਦਾਨੀ ਤੇ ਮਹਾਰਾਜੇ ਦੀਆਂ ਅਦੁੱਤੀ ਜਿੱਤਾਂ ਦਾ ਮੂਲ ਕਾਰਣ ਯੂਰਪੀ ਅਫ਼ਸਰ ਦੱਸੇ ਹਨ, ਪਰ ਖੋਜ ਕੀਤਿਆਂ ਇਸ ਗੱਲ ਦੀ ਪੁਸ਼ਟੀ ਨਹੀਂ ਹੁੰਦੀ । ਖ਼ਾਲਸਾ ਫੌਜ ਦੇ ਕਵਾਇਦ ਸਿੱਖਣ ਬਾਬਤ ਅਸੀਂ ਸਵਿਸਥਾਰ ਬਾਰੇ ਪਿਛੇ ਲਿਖ ਆਏ ਹਾਂ, ਇਥੇ ਮਹਾਰਾਜਾ ਸਾਹਿਬ ਦੀਆਂ ਫ਼ਤਹਯਾਬੀਆਂ ਬਾਰੇ ਕੁਝ ਲਿਖਦੇ ਹਾਂ । ਸਭ ਤੋਂ ਪਹਿਲੇ ਯੂਰਪੀਨ ਅਫ਼ਸਰ ਜਿਹੜੇ ਮਹਾਰਾਜ ਕੋਲੇ ਆਏ ਵੈਨਤੂਰਾ ਤੇ ਇਲਾਰਡ ਸਨ ਤੇ ਇਹ ਮਾਰਚ ਸੰਨ 1822 ਵਿਚ ਸਰਕਾਰ ਕੋਲ ਨੌਕਰ ਹੋਏ ।

ਮਹਾਰਾਜਾ ਦੀਆਂ ਪ੍ਰਸਿੱਧ ਜਿੱਤਾਂ ਇਹ ਹਨ, ਜਿਹਨਾਂ ਨਾਲ ਉਸ ਨੇ ਖ਼ਾਲਸਾ ਰਾਜ ਕਾਇਮ ਕੀਤਾ :-

ਲਾਹੌਰ ਸੰਨ 1799 ਈ: ਵਿਚ ਫ਼ਤਹਿ ਕੀਤਾ, ਜੰਮੂ ਤੇ ਸਿਆਲਕੋਟ ਸੰਨ 1800 ਵਿਚ, ਅੰਮ੍ਰਿਤਸਰ ਸੰਨ 1802 ਵਿਚ, ਝੰਗ ਦਾ ਇਲਾਕਾ ਸੰਨ 1803 ਵਿਚ, ਜਿਹਲਮ ਤੇ ਝਨਾਂ ਦੇ ਵਿਚਾਲੇ ਦਾ ਇਲਾਕਾ ਸੰਨ 1805 ਵਿਚ, ਕਸੂਰ ਸਣੇ ਹਲਕੇ ਦੇ 1807 ਵਿਚ , ਪਠਾਨਕੋਟ, ਬਸੌਲੀ, ਚੰਬਾ ਤੇ ਪਹਾੜੀ ਇਲਾਕਾ 1808 ਵਿਚ, ਧੰਨੀ ਪੋਠੋਹਾਰ, ਅਟਕ ਤੇ ਹਜ਼ਾਰਾ 1813 ਵਿਚ, ਮੁਲਤਾਨ ਸਣੇ ਕੁਲ ਸਾਰੇ ਹਲਕੇ ਦੇ 1818 ਵਿਚ, ਕਸ਼ਮੀਰ 1819 ਵਿਚ, ਡੇਰਾ ਅਸਮੈਲ ਖ਼ਾਨ ਤੇ ਗਾਜ਼ੀ ਖ਼ਾਨ 1819 ਵਿਚ ਮਹਾਰਾਜਾ ਫ਼ਤਹ ਕਰ ਚੁੱਕਾ ਸੀ । ਇਸ ਤੋਂ ਇਹ ਸਾਫ ਸਿੱਧ ਹੋ ਗਿਆ ਹੈ ਕਿ ਮਹਾਰਾਜੇ ਦੀਆਂ ਭਾਰੀਆਂ ਜਿੱਤਾਂ ਯੂਰਪੀਨ ਅਫ਼ਸਰਾਂ ਦੇ ਮਹਾਰਾਜੇ ਕੋਲ ਨੌਕਰ ਹੋਣ ਤੋਂ ਪਹਿਲਾਂ ਦੀਆਂ ਸਨ । ਇਸ ਲਈ ਖ਼ਾਲਸਾ ਫੌਜ ਦੀ ਵਧੀਆ ਕਵਾਇਦਦਾਨੀ ਤੇ ਫ਼ਤਹਯਾਬੀਆਂ ਦਾ ਸਿਹਰਾ ਰਣਜੀਤ ਸਿੰਘ ਦੇ ਆਪਣੇ ਸਿਰ ਹੈ, ਨਾ ਕਿ ਕਿਸੇ ਹੋਰ ਦੇ ।

ਸਰ ਲੈਪਲ ਗ੍ਰਿਫਨ ਲਿਖਦਾ ਹੈ ਕਿ 'ਉਨੀਵੀਂ ਸਦੀ ਦੇ ਆਰੰਭ ਵਿਚ ਜਦ ਕਿ ਸਾਰੇ ਦੇਸ਼ ਦੀਆਂ ਕੌਮਾਂ ਵਿਚ ਖਲਬਲੀ ਮਚੀ ਹੋਈ ਸੀ, ਮਹਾਰਾਜਾ ਰਣਜੀਤ ਸਿੰਘ ਨੇਂ ਇਸ ਸਮੇਂ ਬੜੇ ਹਿੰਮਤ, ਬੀਰਤਾ ਅਤੇ ਅਕਾਲ ਪੁਰਖ ਦੀ ਬਖਸ਼ੀ ਹੋਈ ਯੋਗਤਾ ਤੋਂ ਪੂਰਾ ਕੰਮ ਲਿਆ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦਿਆਂ ਜੰਗੀ ਸਿੰਘਾਂ ਨੂੰ ਜੱਥੇਬੰਦੀ ਵਿਚ ਲਿਆ ਕੇ ਇਕ ਜ਼ਬਰਦਸਤ ਕੌਮ ਬਣਾ ਦਿੱਤਾ । ਮਹਾਰਾਜਾ ਦੀ ਜ਼ਬਰਦਸਤ ਹਕੂਮਤ ਦੇ ਛਤਰ ਹੇਠ ਆ ਕੇ ਸਿੱਖ ਅਜਿਹੇ ਬਾਕਾਇਦਾ ਫੌਜੀ ਸਿੱਖਿਆ ਵਿਚ ਨਿਪੁੰਨ ਕੀਤੇ ਗਏ, ਜੋ ਇਸ ਤੋਂ ਪਹਿਲਾਂ ਨੇ ਕਦੀ ਦੇਸੀ ਫੌਜਾਂ ਵਿਚ ਹੋ ਸਕੇ ਸਨ ਅਤੇ ਨਾ ਹੀ ਇਸ ਦੇ ਪਿਛੋਂ ਦੇਖਣ ਵਿਚ ਆਏ ਸਨ। ਹੁਣ ਉਹ ਕੌਮ ਥੋੜ੍ਹੇ ਦਿਨਾਂ ਵਿਚ ਹੀ ਹਨੇਰ ਦੀ ਲੜਨ ਵਾਲੀ ਹੋ ਗਈ । ਮਹਾਰਾਜਾ ਰਣਜੀਤ

- - - - - -

*1. ਸਰ ਲੈਪਲ ਗ੍ਰਿਫਨ*

ਸਿੰਘ ਜੀ ਦੀ ਨਿਰਸੰਦੇਹ ਸੰਸਾਰ ਦੇ ਉਨ੍ਹਾਂ ਗੈਰ ਮਾਮੂਲੀ ਆਦਮੀਆਂ ਵਿਚੋਂ ਹੋਇਆ ਹੈ ਜਿਨ੍ਹਾਂ ਨੇ ਸੰਸਾਰ ਦਾ ਤਖਤਾ ਪਲਟ ਦਿੱਤਾ। ਉਸ ਨੇ ਆਪਣੀ ਖਿੰਡੀ ਹੋਈ ਕੌਮ ਨੂੰ ਇਕੱਠਾ ਕਰਕੇ ਉਹਨਾਂ ਨੂੰ ਇਕ ਜ਼ਬਰਦਸਤ ਤੇ ਬਲਵਾਨ ਕੌਮ ਬਣਾ ਦਿੱਤਾ। ਇਸ ਵਿਚ ਰਤੀ ਭਰ ਵੀ ਸ਼ੱਕ ਨਹੀਂ ਕਿ ਉਹ ਆਪਣੀਆਂ ਜਿੱਤਾਂ ਦਾ ਮੈਦਾਨ ਦਿੱਲੀ ਤਕ ਜਾਂ ਉਸ ਦਾ ਬੰਨਾ ਅੰਗਰੇਜ਼ਾਂ ਨਾਲ ਜੋ ਉਸ ਵੇਲੇ ਹਿੰਦ ਵਿਚ ਜ਼ੋਰ ਪਕੜ ਰਹੇ ਸਨ - ਕਾਇਮ ਨਾ ਹੋ ਗਿਆ ਹੁੰਦਾ।

ਇਸ ਤੋਂ ਛੁੱਟ ਉਸ ਨੇ ਜਿਹੜੇ ਇਲਾਕੇ ਖ਼ਾਲਸਾ ਰਾਜ ਨਾਲ ਮਿਲਾਏ, ਉਹਨਾਂ ਦਿਆਂ ਹਾਕਮਾਂ ਨੂੰ ਧੱਕਾ ਦੇ ਕੇ ਨਹੀਂ ਸੀ ਕੱਢ ਦਿੱਤਾ, ਸਗੋਂ ਉਹਨਾਂ ਦੀ ਯੋਗਤਾ ਅਨੁਸਾਰ ਉਹਨਾਂ ਨੂੰ ਭਾਰੀ ਜਾਗੀਰਾਂ ਅਤੇ ਫੌਜ ਵਿਚ ਉਚੀ ਜ਼ਿੰਮੇਵਾਰੀ ਦੇ ਅਹੁਦੇ ਦਿੱਤੇ। ਇਸ ਦੀ ਪੁਸ਼ਟੀ ਮੇਜਰ ਲਾਰੰਸ ਦੀ ਕਲਮ ਤੋਂ ਇਉਂ ਹੁੰਦੀ ਹੈ :-

ਦਿੱਲੀ ਤੇ ਕਾਬਲ ਦਿਆਂ ਬਾਜ਼ਾਰਾਂ ਵਿਚ ਆਪ ਕਈ ਸ਼ਾਹੀ ਘਰਾਣੇ ਦਿਆਂ ਲੋਕਾਂ ਨੂੰ ਦਰ ਦਰ ਮੰਗਦੇ ਦੇਖੋਗੇ, ਪਰ ਪੰਜਾਬ ਵਿਚ ਕੋਈ ਅਜਿਹਾ ਘਰਾਣਾ ਨਹੀਂ ਜਿਸ ਦਾ ਇਲਾਕਾ ਮਹਾਰਾਜੇ ਨੇ ਫਤਹ ਕਰਕੇ ਆਪਣੇ ਨਾਲ ਮਿਲਾ ਲਿਆ ਹੋਵੇ ਅਤੇ ਉਸ ਨੂੰ ਚੋਖੀ ਜਾਗੀਰ ਜਾਂ ਪੈਨਸ਼ਨ ਗੁਜ਼ਾਰੇ ਲਈ ਨਾ ਦਿੱਤੀ ਹੋਵੇ। ਇਹ ਨਿਯਮ ਕੇਵਲ ਸਿੱਖਾਂ ਤਕ ਹੀ ਬਸ ਨਹੀਂ, ਸਗੋਂ ਮੁਸਲਮਾਨਾਂ ਆਦਿ ਅਨਮਤੀ ਲੋਕਾਂ ਨਾਲ ਵੀ ਉਹ ਉਸੇ ਤਰ੍ਹਾਂ ਦਰਿਆ ਦਿਲੀ ਨਾਲ ਪੇਸ਼ ਆਉਂਦਾ ਹੈ। ਉਦਾਹਰਣ ਲਈ ਨਵਾਬ ਕੁਤਬੁਦੀਨ ਕਸੂਰੀਆ, ਨਵਾਬ ਮੁਜ਼ਫਰ ਖ਼ਾਨ ਮੁਲਤਾਨੀ ਅਤੇ ਸੁਲਤਾਨ ਮੁਹੰਮਦ ਖ਼ਾਨ ਬਾਰਕਜ਼ਈ ਆਦਿ ਦੇ ਘਰਾਣਿਆਂ ਨੂੰ ਬਹੁਤ ਵੱਡੀਆਂ ਵੱਡੀਆਂ ਜਾਗੀਰਾਂ ਉਸ ਨੇ ਬਖਸ਼ੀਆਂ ਹੋਈਆਂ ਸਨ।

## ਵਿੱਦਿਆ ਨਾਲ ਪਿਆਰ

## ਕੌਮ ਦਿਆਂ ਬੱਚਿਆਂ ਨੂੰ ਵਿਦਵਾਨ ਬਨਾਣ ਦੀ ਲਗਨ

ਸ਼ੇਰਿ ਪੰਜਾਬ ਦੇ ਸਿਰ ਪਰ ਨਿੱਕੀ ਉਮਰ ਵਿਚ ਹੀ ਫੌਜੀ ਕੰਮ-ਕਾਜ ਦਾ ਇੰਨਾ ਬੇਓੜਕ ਭਾਰ ਪੈ ਗਿਆ ਕਿ ਉਸ ਦੇ ਬਚਪਨ ਦਾ ਸਾਰਾ ਸਮਾਂ ਇਸੇ ਕੰਮ ਦੇ ਪੂਰਾ ਕਰਨ ਵਿਚ ਬੀਤ ਗਿਆ, ਜਿਸ ਕਰਕੇ ਉਹ ਵਧੇਰੀ ਵਿੱਦਿਆ ਪ੍ਰਾਪਤ ਨਾ ਕਰ ਸਕਿਆ, ਪਰ ਉਸ ਦਾ ਮਨ ਉਚੇ ਵਿਦਵਾਨਾਂ ਦੀ ਕਦਰ ਨਾਲ ਭਰਪੂਰ ਸੀ। ਸ਼ੇਰਿ ਪੰਜਾਬ ਆਉਣ ਵਾਲੀ ਸੰਤਾਨ ਨੂੰ ਸਾਰੀਆਂ ਵਿੱਦਿਆ ਤੇ ਸਭ ਹੁਨਰਾਂ ਵਿਚ ਨਿਪੁੰਨ ਕਰਨ ਦੇ ਯਤਨ ਵਿਚ ਬੜਾ ਸਰਗਰਮ ਸੀ। ਇਸ ਨੇ ਕਈ ਸਰਦਾਰਾਂ ਦਿਆਂ ਬੱਚਿਆਂ ਨੂੰ ਆਪਣੇ ਖਰਚ ਪਰ ਅੰਗਰੇਜ਼ੀ ਅਤੇ ਫਰਾਂਸੀਸੀ ਪੜ੍ਹਨ ਲਈ ਉਸ ਸਮੇਂ ਦੇ ਲੁਧਿਆਣੇ ਦੇ ਅਮਰੀਕਨ ਮਿਸ਼ਨ ਦੇ ਸਕੂਲ ਵਿਚ ਭੇਜਿਆ, ਜਿਨ੍ਹਾਂ ਵਿਚੋਂ ਬਿਸ਼ਨ ਸਿੰਘ ਕਾਫੀ ਅੰਗਰੇਜ਼ੀ ਤੇ ਫਰੰਚ ਲਿਖ ਪੜ੍ਹ ਸਕਦਾ ਸੀ। ਮਹਾਰਾਜਾ ਸਾਹਿਬ ਲਾਹੌਰ ਵਿਚ ਇਕ ਵਧੀਆ ਵਿਦੇਸ਼ੀ ਵਿੱਦਿਆਲਾ ਖੋਲ੍ਹਣਾ ਚਾਹੁੰਦਾ ਸੀ, ਆਪ ਨੇ ਇਸ ਕੰਮ ਲਈ ਪ੍ਰੋਫੈਸਰ ਲੋਰੀ (Lourio) ਨੂੰ ਜੋ ਲੁਧਿਆਣੇ ਦੇ ਅਮਰੀਕਨ ਪਰਸ ਬਟੀਰੀਅਨ ਚਰਚ ਦੇ ਸਕੂਲ ਦਾ ਇਨਚਾਰਜ ਸੀ, ਲਾਹੌਰ ਬੁਲਵਾਇਆ ਅਤੇ ਉਸ ਦੀ ਬੜੀ ਆਉ ਭਗਤ ਕੀਤੀ। ਦੀਵਾਨ ਕਾਬਲੀ ਮਲ ਦੀ ਹਵੇਲੀ ਵਿਚ ਨਵੇਂ ਵਿਦਿਆਲਿਆ ਦੇ ਬਣਨ ਤਕ ਇਸ ਕੰਮ ਦੇ

ਆਰੰਭ ਦੇਣ ਲਈ ਨੀਯਤ ਹੋਈ । ਸਾਰਾ ਜ਼ਰੂਰੀ ਪ੍ਰਬੰਧ ਹੋ ਗਿਆ, ਪਰ ਚੂੰ ਕਿ ਮਿਸਟਰ ਲੋਰੀ ਆਪਣੇ ਮਿਸ਼ਨ ਦੇ ਨਿਯਮਾਂ ਅਨੁਸਾਰ ਵਿਦਿਆਰਥੀਆਂ ਵਿਚ ਬਿਨਾਂ ਅੰਜੀਲ ਦੇ ਪ੍ਰਚਾਰ ਦੇ ਕਿਸੇ ਤਲਬ ਤੇ ਵੀ ਪੜ੍ਹਾਣਾ ਨਹੀਂ ਸੀ ਪ੍ਰਵਾਨ ਕਰਦਾ ਤੇ ਮਹਾਰਾਜਾ ਅੰਜੀਲ ਦਾ ਪੜ੍ਹਾਨਾ ਨਹੀਂ ਸੀ ਮੰਨਦਾ[1] । ਇਸ ਲਈ ਛੇਕੜ ਲੰਮੀ ਵਿਚਾਰ ਦੇ ਬਾਅਦ ਉਸ ਸਮੇਂ ਤਕ ਮਹਾਰਾਜਾ ਨੇ ਆਪਣੇ ਏਸ ਇਰਾਦੇ ਨੂੰ ਰੋਕ ਦਿੱਤਾ ਜਦ ਤਕ ਕੋਈ ਪੂਰਾ ਵਿਦਵਾਨ ਫਰੰਚ ਯਾ ਅੰਗਰੇਜ਼ ਇਸ ਕੰਮ ਲਈ ਨਾ ਮਿਲ ਜਾਏ  ਅਤੇ ਮੁੜ ਉਹੀ ਪਹਿਲਾ ਤਰੀਕਾ ਗੁਰਮੁਖੀ, ਫ਼ਾਰਸੀ, ਸੰਸਕ੍ਰਿਤ ਅਤੇ ਅਰਬੀ ਆਦਿ ਦਾ ਜਾਰੀ ਰੱਖਿਆ । ਸ਼ਹਿਰ ਵਿਚ ਕਈ ਦਰਗਾਹਾਂ ਤੋਂ ਛੁੱਟ ਵਧੀਆ ਫ਼ਾਰਸੀ ਤਾਲੀਮ ਲਈ ਮੀਆਂ ਵੱਡੇ ਦੇ ਨਾਮੀ ਮਦਰੱਸੇ ਦੇ ਨਾਲ ਬਹੁਤ ਸਾਰੀ ਜਾਗੀਰ ਲਾ ਕੇ  ਉਸ ਨੂੰ ਉਨਤੀ ਦੀ ਚੋਟੀ ਤੇ ਪਹੁੰਚਾ ਦਿੱਤਾ, ਇਨ੍ਹਾਂ ਮਕਤਬਾਂ ਵਿਚ ਬਹੁਤ ਸਾਰੇ ਸਿੱਖ ਬੱਚਿਆਂ  ਨੇ ਉਚੀ ਵਿੱਦਿਆ ਪਾਈ[2] । ਇਸ ਬਾਰੇ ਡਾਕਟਰ ਲੈਤੀਨਰ (Dr. Letiner) ਨੇ ਆਪਣੀ ਲਿਖੀ ਕਿਤਾਬ ਵਿਚ ਬੜੇ ਵਿਸਥਾਰ ਨਾਲ ਲਿਖਿਆ ਹੈ, ਜਿਸ ਦਾ ਸਾਰ ਇਹ ਹੈ :

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਚਾਰ ਹਜ਼ਾਰ ਦੇ ਲਗਭਗ ਸਕੂਲ ਸਨ, ਜਿਨ੍ਹਾਂ ਵਿਚ ਬੜੀ ਗਿਣਤੀ ਵਿਚ ਵਿਦਿਆਰਥੀ ਤੇ ਵਿਦਿਆਰਥਨਾਂ, ਗੁਰਮੁਖੀ, ਫ਼ਾਰਸੀ, ਸੰਸਕ੍ਰਿਤ, ਅਰਬੀ ਤੇ ਮਹਾਜਨੀ ਵਿਚ ਆਪੋ ਆਪਣੀ  ਰੁਚੀ ਅਨੁਸਾਰ ਵਿੱਦਿਆ ਪ੍ਰਾਪਤ ਕਰਦੇ ਸਨ । ਇਹ ਸਕੂਲ ਗੁਰਦੁਆਰਿਆਂ, ਮਸੀਤਾਂ, ਮੰਦਰਾਂ ਅਤੇ ਖਾਸ ਖਾਸ ਵਿਦਵਾਨਾਂ ਦੇ ਡੇਰਿਆਂ ਵਿਚ ਚਲਦੇ ਸਨ । ਇਨ੍ਹਾਂ ਮਕਤਬਾਂ, ਪਾਠਸ਼ਾਲਾਂ, ਮਦਰਸਿਆਂ ਤੇ ਦਰਗਾਹ ਵਿਚ ਪੜ੍ਹਾਉਣ ਦੀ ਸੇਵਾ ਕਰਨ ਵਾਲਿਆਂ ਦੀ ਮਹਾਰਾਜਾ ਬੜੀ ਇੱਜ਼ਤ ਕਰਦੇ ਹੁੰਦੇ ਸਨ । ਇਨ੍ਹਾਂ ਦੀ ਸਹਾਇਤਾ ਲਈ ਆਪ ਨੇ ਵੱਡੀਆਂ ਵੱਡੀਆਂ ਜਾਗੀਰਾਂ ਇਨ੍ਹਾਂ ਟਿਕਾਣਿਆਂ ਨਾਲ ਲਾ ਦਿੱਤੀਆਂ। ਵਿੱਦਿਆ ਲਈ ਮੌਜੂਦਾ ਹਕੂਮਤਾਂ ਦੀ ਤਰ੍ਹਾਂ ਕੋਈ ਖਾਸ ਮਹਿਕਮਾ ਨਹੀਂ ਸੀ ਅਤੇ ਨਾ ਹੀ ਵਿੱਦਿਆ ਦੇ ਵਿਚ ਹਕੂਮਤ ਕੋਈ ਦਖਲ ਦਿੰਦੀ ਸੀ, ਬਲਕਿ ਵਿੱਦਿਆ ਪ੍ਰਾਪਤ ਕਰਨ ਲਈ ਸਭ ਨੂੰ ਪੂਰੀ ਖੁੱਲ੍ਹ ਸੀ ।' ਇਸ ਤੋਂ ਅੱਗੇ ਡਾਕਟਰ ਸਾਹਿਬ ਨੇ ਆਪਣੀ ਕਿਤਾਬ ਵਿਚ ਇਕ ਨਕਸ਼ਾ ਦਿਤਾ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਖ਼ਾਲਸਾ ਰਾਜ ਸਮੇਂ 22 ਤਰ੍ਹਾਂ ਦੀ ਵਿੱਦਿਆ ਵਿਦਿਆਰਥੀਆਂ  ਨੂੰ ਦਿੱਤੀ ਜਾਂਦੀ ਸੀ ਆਦਿ[3] । ਜਿਹੜੇ ਬੱਚੇ ਪੜ੍ਹ ਕੇ ਨਿਕਲਦੇ ਸਨ ਉਹਨਾਂ ਨੂੰ ਮਹਾਰਾਜਾ ਫਰਾਂਸੀਸੀ, ਇਟੈਲੀਅਨ ਤੇ ਅੰਗਰੇਜ਼ ਆਪਣੇ ਡਾਕਟਰਾਂ ਤੇ ਅਫ਼ਸਰਾਂ ਦੀ ਨਿਗਰਾਨੀ ਵਿਚ ਜਰਾਹ (ਚੀਰਫਾੜ) ਦਾ ਕੰਮ, ਇੰਜੀਨੀਅਰੀ, ਅਸਲਾਬਾਜ਼ੀ ਤੇ ਬਾਰੂਦਸਾਜ਼ੀ ਆਦਿ ਦੇ ਹੁਨਰ ਸਿੱਖਣ ਲਈ ਮੁਕੱਰਰ ਕਰ ਦਿੰਦਾ ਸੀ[4] । ਸੰਨ 1836 ਈ: ਵਿਚ ਡਾਕਟਰ ਮੈਰਗਰੇਗਰ ਨੇ ਸ਼ੇਰਿ ਪੰਜਾਬ ਦਾ ਬਿਜਲੀ (ਬੈਟਰੀ) ਨਾਲ ਇਲਾਜ ਕੀਤਾ ਤੇ ਉਸ ਤੋਂ ਕੁਝ ਲਾਭ ਹੋਇਆ । ਡਾਕਟਰ ਮੈਕਗਰੇਗਰ ਲਿਖਦਾ ਹੈ ਕਿ ਮਹਾਰਾਜੇ ਨੇ ਮੈਨੂੰ ਆਖਿਆ ਸੀ ਕਿ ਬੈਟਰੀ ਲਾਉਣ ਦਾ ਤਰੀਕਾ ਕੁਝ ਕੁ ਨੌਜਵਾਨਾਂ ਨੂੰ ਸਿਖਾ ਦੇਵੋ, ਤਾਂ ਕਿ ਪੰਜਾਬ ਦੇ ਲੋਕਾਂ ਨੂੰ ਇਸ ਇਲਾਜ ਦੇ ਤਰੀਕੇ ਨਾਲ ਲਾਭ ਪਹੁੰਚੇ । ਚੁਨਾਂਚਿ ਕਈ ਵਿਦਿਆਰਥੀਆਂ ਨੂੰ ਇਹ

- - - - - -

1. *ਹਿਸਟਰੀ ਆਫ ਦੀ ਅਮਰੀਕਨ ਪਰਸ ਬਟੀਰੀਅਨ ਮਿਸ਼ਨ ਇਨ ਇੰਡੀਆ, ਸਫਾ 27 ।*
2. *ਲਾਹੌਰ ਦੀ ਹਿਸਟਰੀ ਸ: ਮੁ: ਲਤੀਫ 156 ।*
1. *Dr. Leitiner ਦੀ ਪੁਸਤਕ ਦਾ ਵਿਚਾਰ ਹੈ ਕਿ ਇਸ ਵਕਤ ਇਸ  ਦੀ ਕੇਵਲ ਇਕੋ ਕਾਪੀ ਹੈ, ਜੇਹੜੀ ਪੰਜਾਬ ਪਬਲਿਕ ਲਾਇਬਰੇਰੀ  ਲਾਹੌਰ ਵਿਚ ਬੜੀ ਹਿਫ਼ਾਜ਼ਤ ਨਾਲ ਰੱਖੀ ਗਈ ਹੈ ।*
4. *ਸ: ਮੁ: ਲਤੀਫ ੳ:ਸ: 174 ।*

ਤਰੀਕਾ ਦੱਸਿਆ ਗਿਆ । ਮਹਾਰਾਜਾ ਨੇ ਕਈ ਵਿਦਵਾਨਾਂ ਨੂੰ ਫਰੰਚ ਅਤੇ ਅੰਗਰੇਜ਼ੀ ਦੀਆਂ ਗੁਣਕਾਰੀ ਕਿਤਾਬਾਂ ਦੇ ਪੰਜਾਬੀ ਤੇ ਫ਼ਾਰਸੀ ਵਿਚ ਉਲਥਾ ਕਰਨ ਲਈ ਨੀਯਤ ਕੀਤਾ ਸੀ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਉਸ ਦੇ ਜਿਊਂਦੇ ਹੀ ਉਲਥਾ ਹੋ ਗਈਆਂ । ਉਨ੍ਹਾਂ ਦੇ ਉਲਥਾਕਾਰਾਂ ਨੂੰ ਵੱਡੇ ਵੱਡੇ ਇਨਾਮ ਤੇ ਖਿਲਤਾਂ ਮਿਲਦੀਆਂ, ਜਿਨ੍ਹਾਂ ਵਿਚੋਂ ਮੇਜਰ ਹਫ ਦਾ ਲਿਖਤ 'ਕੋਰਟ ਮਾਰਸ਼ਲ ਲਾ' ਦਾ ਉਲਥਾ ਪ੍ਰਸਿੱਧ ਹੈ ਜੋ ਆਮ ਸਿੱਖ ਫੌਜਾਂ ਵਿਚ ਪ੍ਰਚੱਲਤ ਸੀ[1]। ਇਸੇ ਤਰ੍ਹਾਂ ਡਾ. ਹਾਨੰਗ ਬਰਗਰ ਦੀ ਸਹਾਇਤਾ ਨਾਲ ਕਈ ਡਾਕਟਰੀ ਤੇ ਜਰਾਹੀ ਦੀਆਂ ਪੋਥੀਆਂ ਉਲਥਾ ਹੋਈਆਂ । ਇਹ ਨੁਸਖੇ (ਖਰੜੇ) ਜਦ ਮਹਾਰਾਜਾ ਦੀ ਸੇਵਾ ਵਿਚ ਪੇਸ਼ ਹੋਏ ਤਾਂ ਉਹ ਬੜਾ ਹੀ ਪ੍ਰਸੰਨ ਹੋਇਆ ਤੇ ਲੇਖਕਾਂ ਨੂੰ ਵੱਡੇ ਵੱਡੇ ਇਨਾਮ ਬਖਸ਼ੇ । ਇਸ ਤਰ੍ਹਾਂ ਸੰਮਤ 1868 ਈ: ਵਿਚ ਇਕ ਹੋਰ ਪ੍ਰਸਿੱਧ ਰਾਜਨੀਤਕ ਪੁਸਤਕ ਪੰਚ ਤੰਤਰ ਯਾ 'ਅਯਾਰਦਾਨਿਸ਼' ਦਾ ਪੰਜਾਬੀ ਵਿਚ ਇਕ ਹੋਰ ਪ੍ਰਸਿੱਧ ਕਵੀ ਭਾਈ ਬੁਧ ਸਿੰਘ ਤੋਂ ਅਨੁਵਾਦ ਕਰਵਾਇਆ, ਜਿਸ ਦਾ ਨਾਮ 'ਬੁਧ ਬਾਰਧਿ' (ਅਕਲ ਦਾ ਸਮੁੰਦਰ) ਰੱਖਿਆ, ਇਹ ਕਵੀ ਪੁਸਤਕ ਦੇ ਅਰੰਭ ਵਿਚ ਲਿਖਦਾ ਹੈ-

ਸ੍ਰੀ ਰਣਜੀਤ ਸਿੰਘ ਜੂ ਨਾਮ,
ਜਿਹ ਜਗਤੀਤ ਕਰਯੋ ਸ਼ੁਭ ਕਾਮ !
ਤਾਂ ਨ੍ਰਿਪ ਮੋਹਿ ਬੁਲਾਇਕੈ,
ਕੀਨੋ ਬਹੁ ਸਮਾਨ..........।
ਨਾਮ ਅਯਾਰ ਦਾਨਿਸਹਿ ਦਾਸ,
ਸੋ ਭਾਖਾ ਅਬ ਕਰੋਂ ਸੁ ਰਾਸ ।[2]

ਇਸੇ ਤਰ੍ਹਾਂ ਕਵੀ ਭਾਈ ਜੋਧ ਸਿੰਘ, ਸ਼ਿਵ ਦਿਆਲ[2] ਆਦਿ ਕਈ ਦਰਬਾਰੀ ਕਵੀ ਦਿਨ ਰਾਤ ਵਿਦਿਅਕ ਸੇਵਾ ਵਿਚ ਲੱਗੇ ਰਹਿੰਦੇ ਸਨ ।

ਗਨ ਫੈਕਟਰੀਆਂ (ਤੋਪਾਂ ਢਾਲਣ ਦੇ ਕਾਰਖਾਨਿਆਂ) ਤੇ ਕਾਰੀਗਰਾਂ ਲਈ ਜ਼ਰੂਰੀ ਨੋਟ ਸਰਦਾਰ ਲਹਿਣਾ ਸਿੰਘ ਜੀ ਮਜੀਠੀਏ ਨੇ ਫਾਰਸੀ ਤੇ ਗੁਰਮੁਖੀ ਵਿਚ ਲਿਖੇ ਸਨ ਜੋ ਨਿੱਤ ਵਰਤੋਂ ਵਿਚ ਆਉਂਦੇ ਸਨ ।

ਮਹਾਰਾਜਾ ਜਦ ਕਿਸੇ ਯੂਰਪੀਨ ਨੂੰ ਮਿਲਦਾ ਤਾਂ ਉਸ ਪਰ ਬੇਗਿਣਤ ਪ੍ਰਸ਼ਨ ਕਾਢਾਂ

1. *ਸ: ਮੁ: ਲਤੀਫ਼ ।*
2. *ਇਸ ਪੁਸਤਕ ਦੀ ਅਸਲ ਕਾਪੀ ਜੋ ਬੜੀ ਸੁੰਦਰ ਲਿਖੀ ਹੋਈ ਹੈ, ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੁਸਤਕਾਲਯਾ ਵਿਚੋਂ ਰੱਖੀ ਸੀ, ਹੁਣ ਇਹ ਪੁਸਤਕ ਇੰਡੀਆ ਆਫਸ ਲੰਡਨ ਵਿਚ ਮੌਜੂਦ ਹੈ ।*
3. *ਕਵੀ ਸ਼ਿਵਦਿਆਲ ਦੀ ਰਚਨਾ ਇਹ ਹੈ-*
*ਗਿਲਜਾ ਕੇ ਮਾਸ ਮੁਖ ਗੀਬ ਲੈ ਉਡਾਨੇ ਜਾਤ,*
*ਪ੍ਰੇਤ ਹੂੰ ਪਠਾਨਨ ਕੋ ਪੇਟ ਫਰੈਂ ਪਟ ਪਟ ।*
*ਖੇਤ ਮੈਂ ਖਵੀਸਖੁਰਾਸਾਨਿਨ ਕੇ ਖਾਇ ਧਾਇ,*
*ਹਾਡ ਦੰਤ ਤਰੈ ਪਰੈਂ ਨਾਦ ਹੋਦ ਖਟ ਖਟ ।*
*ਕਹੈ ਸ਼ਿਵਦਿਆਲ ਮਹਾਰਾਜ ਰਣਜੀਤ ਸਿੰਘ,*
*ਕਾਲਿਕਾ ਅਸੀਸੈਂ ਦੈਂਤ ਲੀਜੇ ਵਿਜੈ ਝਟ ਝਟ ।*
*ਡਾਕਿਨ ਔ ਸਾਕਨੀ ਪਿਸ਼ਾਚਨੀ ਅਘਾਨੀਘਨੀ,*
*ਲਹੂ ਪੀਐ ਜੋਗਿਨੀ ਗਰੇ ਮੈਂ ਰੌਤ ਗਟ ਗਟ ।*

ਸੰਬੰਧੀ ਐਸੇ ਦਿਲ-ਖਿੱਚਵੇਂ ਤਰੀਕੇ ਨਾਲ ਕਰਦਾ ਕਿ ਜੋ ਕੁਝ ਉਨ੍ਹਾਂ ਦੇ ਦਿਮਾਗ ਵਿਚ ਹੁੰਦਾ ਉਹ ਉਨ੍ਹਾਂ ਤੋਂ ਬਾਹਰ ਕਢਵਾ ਲੈਂਦਾ। ਐਸੇ ਸਮੇਂ ਉਹ ਅਕਸਰ ਆਪਣਿਆਂ ਸਰਦਾਰਾਂ ਨੂੰ ਆਪਣੇ ਨਾਲ ਰੱਖਦਾ ਹੁੰਦਾ ਸੀ ਤਾਂ ਕਿ ਉਹ ਵੀ ਨਵੀਆਂ ਨਵੀਆਂ ਵਿਚਾਰਾਂ ਤੋਂ ਲਾਭ ਪ੍ਰਾਪਤ ਕਰਨ।

ਸਰ ਹੈਨਰੀ ਫੈਨ ਜਦ ਕੌਰ ਨੌਨਿਹਾਲ ਸਿੰਘ ਦੇ ਵਿਆਹ ਪਰ ਲਾਹੌਰ ਆਇਆ ਸੀ ਤਾਂ ਇਸ ਦਾ ਸਕੱਤਰ ਆਪਣੀ ਡਾਇਰੀ ਵਿਚ ਲਿਖਦਾ ਹੈ ਕਿ ਅੰਗਰੇਜ਼ੀ ਤੋਪਾਂ ਦੀ ਢਲਾਈ ਬਾਰੇ ਮਹਾਰਾਜਾ ਸਾਹਿਬ ਕਮਾਂਡਰ ਇਨ ਚੀਫ ਤੋਂ ਬੜੇ ਭਾਵਪੂਰਤ ਸਵਾਲ ਪੁੱਛਦਾ ਰਹਿੰਦਾ ਸੀ। ਮੁਲਾਕਾਤ ਸਮੇਂ ਅਕਸਰ ਮੁਖ ਗੱਲ ਬਾਤ ਯੂਰਪ ਵਿਚ ਤੋਪਾਂ ਢਾਲਣ ਦੇ ਤਰੀਕੇ ਆਦਿ ਦੀ ਹੋਇਆ ਕਰਦੀ ਸੀ[1]।

ਮਹਾਰਾਜਾ ਦੇ ਜਾਰੀ ਕੀਤੇ ਹੋਏ ਇੰਜੀਨੀਅਰ ਤੇ ਗਣਿਤ ਵਿਦਿਆ ਦੇ ਵਿਦਿਯਾਲਿਆਂ ਦੇ ਕਾਮਯਾਬ ਵਿਦਿਆਰਥੀਆਂ ਵਿਚੋਂ ਸ. ਲਹਿਣਾ ਸਿੰਘ ਜੀ ਮਜੀਠੀਏ ਦਾ ਨਾਮ ਸਦਾ ਲਈ ਖ਼ਾਲਸਾ ਕੌਮ ਤੋਂ ਛੁਟ ਸਾਰੇ ਸੰਸਾਰ ਦੇ ਵਿਦਵਾਨਾਂ ਦੀ ਫੁਲਵਾੜੀ ਦਾ ਇਕ ਸੁਹਣਾ ਫੁਲ ਮੰਨਿਆ ਜਾਏਗਾ, ਜਿਸ ਦੀ ਆਪਣੀ ਕਾਢ ਅਨੁਸਾਰ ਬਣਾਈ ਹੋਈ ਘੜੀ ਜਿਸ ਵਿਚ ਨਾ ਕੇਵਲ ਘੜੀਆਂ ਪਲ ਤੇ ਪੈਹਰ ਹੀ ਮਲੂਮ ਹੋ ਸਕਦੇ ਸਨ, ਸਗੋਂ ਚੰਦ ਦਾ ਵਧਣਾ ਤੇ ਘਟਣਾ ਵੀ ਸਾਫ ਦਿਸਦਾ ਸੀ। ਜਦ ਇਹ ਘੜੀ ਸ: ਲਹਿਣਾ ਸਿੰਘ ਨੇ ਦਰਬਾਰ ਵਿਚ ਮਹਾਰਾਜਾ ਦੇ ਪੇਸ਼ ਕੀਤੀ ਤਾਂ ਉਹ ਐਨਾ ਖੁਸ਼ ਹੋਇਆ ਕਿ ਉਸ ਨੂੰ ਭਰੇ ਦਰਬਾਰ ਵਿਚ ਆਪਣੇ ਗਲ ਨਾਲ ਲਾ ਲਿਆ ਤੇ ਭਾਰੀ ਜਗੀਰ ਦੇ ਨਾਲ "ਕੈਸਰਉਲ ਇਕਤਦਾਰ"! (ਸਾਹਿਬੇਕਦਾਰ) ਦਾ ਉਚਾ ਪਦ ਬਖਸ਼ਿਆ।[2]

ਇਸ ਦੇ ਕੁਝ ਚਿਰ ਬਾਦ ਇਸ ਦੀ ਆਪਣੀ ਕਾਢ ਅਨੁਸਾਰ ਬਣਾਈ ਹੋਈ ਤ੍ਰੈ ਨਾਲੀ ਰਫਲ[3] ਮਹਾਰਾਜਾ ਦੀ ਭੇਟ ਕੀਤੀ ਤਾਂ ਉਸ ਨੇ ਕਈ ਮੋਹਰਾਂ ਸਰਦਾਰ ਦਾ ਹੌਂਸਲਾ ਵਧਾਉਣ ਲਈ ਉਸਦੇ ਸਿਰ ਤੋਂ ਵਾਰੀਆਂ।

ਸਰਦਾਰ ਲਹਿਣਾ ਸਿੰਘ ਜੀ ਦੀ ਦ੍ਰਿਸ਼ਟੀ ਹੇਠਾਂ ਬਣਾਈਆ ਹੋਈਆਂ ਤੋਪਾਂ ਖਾਸ ਕਰ 'ਸੂਰਜਮੁਖੀ' ਨਾਮੀ ਤੋਪਾਂ ਦੂਰ ਮਾਰ ਕਰਨ ਤੇ ਛੇਤੀ ਗਰਮ ਨਾ ਹੋਣ ਲਈ ਅਦੁੱਤੀ ਮੰਨੀਆਂ ਜਾਂਦੀਆਂ ਸਨ। ਇਹ ਮਹਾਰਾਜੇ ਦੇ ਫਰਾਂਸੀਸੀ ਤੇ ਇਟੈਲੀਅਨ ਜਰਨੈਲਾਂ ਦੀ ਰਾਇ ਵਿਚ ਉਸ ਸਮੇਂ ਯੂਰਪ ਵਿਚ ਬਣੀਆਂ ਤੋਪਾਂ ਤੋਂ ਵਧੀਆ ਸਨ। ਇਨ੍ਹਾਂ ਵਿਚੋਂ 'ਫਤਹ ਜੰਗ' 'ਜੰਗ ਬਿਜਲੀ' 'ਲੈਲਾਨ' 'ਜ਼ਫਰ ਜੰਗ' ਆਦਿ ਰਣ ਵਿਚ ਬੜਾ ਨਾਮਣਾ ਪਾ ਚੁਕੀਆਂ ਸਨ, ਜਿਨ੍ਹਾਂ ਦਾ ਸਵਿਸਥਾਰ ਜ਼ਿਕਰ ਪਿੱਛੇ ਆ ਚੁਕਾ ਹੈ।

ਸਰਦਾਰ ਲਹਿਣਾ ਸਿੰਘ ਨਾ ਕੇਵਲ ਘੜੀ ਤੇ ਤੋਪਾਂ ਦੀ ਕਾਢ ਲਈ ਪ੍ਰਸਿੱਧ ਸੀ, ਸਗੋਂ ਉਹ ਜੇਹੜੀ ਭੀ ਨਵੀਂ ਕਾਢ ਦੇਖਦਾ ਝੱਟ ਉਸ ਤੋਂ ਵੱਧ ਕੇ ਕਾਢ ਕੱਢ ਲੈਂਦਾ।

ਸੰਨ 1831 ਈ: ਵਿਚ ਮਹਾਰਾਜਾ ਰਣਜੀਤ ਸਿੰਘ ਨੇ ਲਾਰਡ ਵਿਲੀਅਮ ਬਿਨਟਿੰਕ ਦੀ ਮੁਲਾਕਾਤ ਸਮੇਂ ਅੰਗਰੇਜ਼ੀ ਤੋਪਖਾਨੇ ਦੇ ਪਾਟਵੇਂ ਗੋਲੇ (Shrapnell Shells) ਜੋ ਨਵੇਂ

- - - - - -

1. *ਫਾਈਵ ਯੀਅਰ ਇਨ ਇੰਡੀਆ ਸਫਾ 135।*
2. *ਸਰ ਲੈਪਲ ਗ੍ਰਿਫਨ*
3. *ਇਹ ਰਫਲ ਹੁਣ ਤਕ ਲਾਹੌਰ ਦੇ ਕਿਲ੍ਹੇ ਦੇ ਹਥਿਆਰ ਘਰ ਵਿਚ ਮੌਜੂਦ ਹੈ, ਜਿਸ ਨੂੰ ਵੇਖਦਿਆਂ ਨਿਰਸੰਦੇਹ ਸਰਦਾਰ ਲਹਿਣਾ ਸਿੰਘ ਦੇ ਕਮਾਲ ਦੀ ਸ਼ਲਾਘਾ ਕੀਤੇ ਬਿਨਾਂ ਕੋਈ ਨਹੀਂ ਰਹਿ ਸਕਦਾ। (ਲੇਖਕ)*

ਯੂਰਪ ਵਿਚ ਨਿਕਲੇ ਸਨ, ਫਟਦੇ ਹੋਏ ਡਿੱਠੇ ਤਾਂ ਇਹ ਆਪ ਨੂੰ ਬੜੇ ਹੀ ਪਸੰਦ ਆਏ ਕਿਉਂਕਿ ਜੰਗ ਵਿਚ ਉਹ ਬੜੇ ਹੀ ਕੰਮ ਦੀ ਚੀਜ਼ ਸੀ। ਮਹਾਰਾਜਾ ਸਾਹਿਬ ਨੇ ਚਾਂਦਮਾਰੀ ਦੇ ਮੈਦਾਨ ਵਿਚ ਹੀ ਸਰਦਾਰ ਲਹਿਣਾ ਸਿੰਘ ਨੂੰ ਆਖਿਆ, 'ਸਰਦਾਰ ਜੀ ! ਆਪ ਦੀ ਕਾਰੀਗੀਰੀ (ਇੰਜਨੀਅਰੀ) ਤਦ ਮੰਨਾਂਗੇ, ਜੇ ਆਪ ਖ਼ਾਲਸੇ ਦੇ ਤੋਪਖਾਨੇ ਲਈ ਇਸੇ ਤਰ੍ਹਾਂ ਦੇ ਪਾਟਵੇਂ ਗੋਲੇ ਤਿਆਰ ਕਰਕੇ ਦੱਸੋ।' ਅਗੋਂ ਸਰਦਾਰ ਜੀ ਨੇ ਬੜੀ ਹੌਂਸਲੇ ਭਰੀ ਆਵਾਜ਼ ਨਾਲ ਬਿਨੈ ਕੀਤੀ ਕਿ 'ਸਤਿਗੁਰੂ ਜੀ ਦੀ ਕਿਰਪਾ ਨਾਲ ਝਬਦੇ ਹੀ ਸ੍ਰੀ ਹਜ਼ੂਰ ਜੀ ਦੀ ਸੇਵਾ ਵਿਚ ਇਸ ਤੋਂ ਵੀ ਚੰਗੇ ਗੋਲੇ ਭੇਟਾ ਕਰਾਂਗਾ।' ਕਹਿੰਦੇ ਹਨ ਕਿ ਸਰਦਾਰ ਲਹਿਣਾ ਸਿੰਘ ਦਾ ਇਹ ਬੇਧੜਕ ਉਤਰ ਸੁਣ ਕੇ ਲਾਟ ਸਾਹਿਬ ਦੇ ਸਟਾਫ਼ ਦੇ ਕਈ ਅਫ਼ਸਰ ਹੱਸ ਪਏ, ਕਿਉਂਕਿ ਉਹਨਾਂ ਨੂੰ ਇਹ ਪੱਕਾ ਯਕੀਨ ਸੀ ਕਿ ਐਸੇ ਗੋਲਿਆਂ ਦਾ ਲਾਹੌਰ ਵਿਚ ਬਣਨਾ ਅਸੰਭਵ ਹੈ। ਲਾਟ ਸਾਹਿਬ ਅਗਲੇ ਦਿਨ ਵਿਦਾ ਹੋਏ, ਸ਼ੇਰਿ ਪੰਜਾਬ ਰਾਜਧਾਨੀ ਵੱਲ ਪਲਟ ਆਏ, ਏਧਰ ਸਰਦਾਰ ਲਹਿਣਾ ਸਿੰਘ ਨੇ ਸਾਰਾ ਸਾਰਾ ਦਿਨ ਪਰਤਾਵੇ (Experiment) ਕਰਨੇ ਆਰੰਭ ਕਰ ਦਿੱਤੇ। ਅਜੇ ਬਹੁਤਾ ਸਮਾਂ ਨਹੀਂ ਸੀ ਬੀਤਿਆ ਕਿ ਸਰਦਾਰ ਲਹਿਣਾ ਸਿੰਘ ਨੇ ਕਈ ਗੋਲੇ ਤਿਆਰ ਕਰਕੇ ਸ਼ੇਰਿ ਪੰਜਾਬ ਦੇ ਹਾਜ਼ਰ ਕੀਤੇ, ਜਿਨ੍ਹਾਂ ਦਾ ਫਟਣਾ ਐਸਾ ਠੀਕ ਨੀਯਤ ਕੀਤੀ ਹੋਈ ਥਾਂ ਤੇ ਵਕਤ ਸਿਰ ਹੁੰਦਾ ਸੀ ਕਿ ਵੇਖਣ ਵਾਲੇ ਅਸਚਰਜ ਰਹਿ ਜਾਂਦੇ ਸਨ। ਇਨ੍ਹਾਂ ਗੋਲਿਆਂ ਵਿਚ ਖਾਸ ਵਾਧਾ ਇਹ ਸੀ ਕਿ ਇਨ੍ਹਾਂ ਦੇ ਫਟਣ ਦੀ ਆਵਾਜ਼ ਹਨੇਰ ਦੀ ਡਰਾਵਣੀ ਸੀ। ਮਹਾਰਾਜਾ ਸਾਹਿਬ ਇਸ ਸਮੇਂ ਐਨੇ ਪ੍ਰਸੰਨ ਹੋਏ ਕਿ ਸਰਦਾਰ ਜੀ ਨੂੰ ਭਾਰੀ ਜਾਗੀਰ ਤੇ "ਹੈਸਾਮ-ਉਲਦੌਲਾ" ਦਾ ਖਿਤਾਬ ਦਿੱਤਾ। ਇਨ੍ਹਾਂ ਗੋਲਿਆਂ ਨੂੰ ਵੇਖ ਕੇ ਯੂਰਪੀਅਨ ਵੀ ਅਸਚਰਜ ਰਹਿ ਗਏ। ਕੁਝ ਸਮੇਂ ਦੇ ਬਾਅਦ ਆਨਰੇਬਲ ਆਜ਼ਬਰਨ ਨੇ ਇਨ੍ਹਾਂ ਨੂੰ ਖਾਸ ਗੌਹ ਨਾਲ ਡਿੱਠਾ। ਉਸ ਨੇ ਇਨ੍ਹਾਂ ਦੀ ਬਾਬਤ ਬੜੀ ਉਚੀ ਰਾਇ ਪ੍ਰਗਟ ਕੀਤੀ, ਇਹ ਆਪਣੀ ਕਿਤਾਬ ਵਿਚ ਲਿਖਦਾ ਹੈ - "ਸਰਦਾਰ ਲਹਿਣਾ ਸਿੰਘ ਦੀ ਮੁਲਾਕਾਤ ਤੋਂ ਮੈਨੂੰ ਬੜੀ ਖੁਸ਼ੀ ਹੋਈ, ਇਹ ਬਹੁਤ ਵੱਡਾ 'ਮਕੈਨੀਕਲ ਇੰਜਨੀਅਰ' ਹੈ। ਮਹਾਰਾਜਾ ਇਸ ਦੀ ਬੜੀ ਇੱਜ਼ਤ ਕਰਦਾ ਹੈ, ਇਸ ਦੇ ਤਿਆਰ ਕੀਤੇ ਹੋਏ ਪਾਟਵੇਂ ਗੋਲੇ ਬਹੁਮੁੱਲੀ ਕਾਢ ਹੈ। ਇਹ ਗੋਲੇ ਜਦ 2 ਜੂਨ ਸੰਨ 1839 ਨੂੰ ਅੰਗਰੇਜ਼ੀ ਮਿਸ਼ਨ ਦੇ ਸਾਹਮਣੇ ਚਲਾਏ ਗਏ ਤਾਂ ਠੀਕ ਨਿਸ਼ਾਨੇ ਤੇ ਜਾ ਕੇ ਫਟੇ ਅਤੇ ਬੜੇ ਗਜ਼ਬ ਦਾ ਪ੍ਰਭਾਵ ਪੈਦਾ ਕਰਨ ਵਾਲੇ ਸਨ।"

ਸਰ ਲੈਪਲ ਗ੍ਰਿਫਨ ਸਰਦਾਰ ਲਹਿਣਾ ਸਿੰਘ ਦੀ ਲਿਆਕਤ ਬਾਬਤ ਲਿਖਦਾ ਹੈ ਕਿ "ਸਰਦਾਰ ਲਹਿਣਾ ਸਿੰਘ ਮਜੀਠੀਆ ਬੜੀ ਉਚੀ ਲਿਆਕਤ ਦਾ ਆਦਮੀ ਸੀ, ਇਸ ਨੂੰ ਹੈਸਾਮ ਉਲਦੌਲਾ ਦਾ ਉਚਾ ਖਿਤਾਬ ਮਿਲਿਆ ਹੋਇਆ ਸੀ, ਇਹ ਉਸਾਰੀ ਆਦਿ ਤੇ ਇੰਜੀਨਅਰੀ ਦੇ ਹੁਨਰ ਵਿਚ ਬੜਾ ਨਿਪੁੰਨ ਸੀ, ਇਸ ਦੀ ਬਣਾਈ ਹੋਈ ਧਰਮ-ਘੜੀ ਜਿਸ ਵਿਚ ਵਕਤ ਤੋਂ ਛੁਟ ਪੱਖਾਂ ਦਾ ਵਧਣਾ ਘਟਣਾ ਵੀ ਮਾਲੂਮ ਹੁੰਦਾ ਸੀ - ਬੜੀ ਕੀਮਤੀ ਕਾਢ ਸੀ, ਉਸ ਦੇ ਨਵੇਂ ਤਰੀਕੇ ਦੇ ਪਾਟਵੇਂ ਗੋਲੇ ਵੀ ਹੈਰਾਨ ਕਰਨ ਵਾਲੀ ਈਜਾਦ ਸੀ, ਉਹ ਬਹੁਤ ਸਾਰੀਆਂ ਬੋਲੀਆਂ ਵਿਚ ਬੇਧੜਕ ਲਿਖ ਪੜ੍ਹ ਸਕਦਾ ਸੀ ਅਤੇ ਉਸ ਦੇ ਫੈਸਲੇ ਬੜੇ ਹੀ ਨਿਆਂਸ਼ੀਲ ਹੁੰਦੇ ਸਨ। ਇਹ ਬੜਾ ਮੁਦੱਬਰ ਤੇ ਦੂਰ ਅੰਦੇਸ਼ ਸਖਸ਼ ਸੀ।" ਇਸ ਤੋਂ ਛੁਟ ਸਰਕਾਰ ਸਦਾ ਇਸ ਯਤਨ ਵਿਚ ਰਹਿੰਦੇ ਸਨ ਕਿ ਵਿੱਦਿਆ ਦੇ ਖਜ਼ਾਨਿਆਂ ਨੂੰ ਵਧਾਇਆ ਜਾਏ ਅਤੇ ਪੈਦਾ ਹੋ ਚੁੱਕੇ ਹੁਨਰ ਦੀ ਪੂਰੀ ਰੱਖਿਆ ਕੀਤੀ ਜਾਏ। ਪਾਠਕ ਪਿਛੇ ਪੜ੍ਹ ਆਏ ਹਨ ਕਿ ਪਿਸ਼ਾਵਰ ਨੂੰ ਖ਼ਾਲਸਾ ਰਾਜ ਨਾਲ ਮਿਲਾਉਣ ਸਮੇਂ ਸੰਨ 1838 ਵਿਚ ਮਹਾਰਾਜਾ ਸਾਹਿਬ

ਨੇ ਇਕ ਜ਼ਰੂਰੀ ਫੁਰਮਾਨ ਲਿਖਿਆ ਕਿ ਚਮਕਨੀ ਦੇ ਅਖੁਨਜ਼ਾਦਿਆਂ ਕੋਲ ਇਕ ਪੁਰਾਣਾ ਪੁਸਤਕਾਲਯ ਸੁਣੀਂਦਾ ਹੈ, ਜੰਗ ਸਮੇਂ ਕਿਸੇ ਗੱਲ ਦਾ ਧੁਰ ਸਿਰ ਨਹੀਂ ਰਹਿੰਦਾ, ਪਰ ਤੁਸਾਂ ਨੇ ਖ਼ਾਸ ਖਿਆਲ ਰੱਖਣਾ ਕਿ ਇਹ ਪੁਸਤਕਾਲਯ ਬਰਬਾਦ ਹੋਣ ਤੋਂ ਬਚਾ ਲਿਆ ਜਾਏ[1] ।

ਆਪ ਨੂੰ ਇਤਿਹਾਸ ਸੁਣਨ ਦੀ ਬੜੀ ਹੀ ਚੌਂਪ ਰਹਿੰਦੀ ਸੀ ਅਤੇ ਆਪ ਕਈ ਕਈ ਘੰਟੇ ਬੜੇ ਚਾਅ ਨਾਲ ਧਿਆਨ ਨਾਲ ਇਤਿਹਾਸ ਸੁਣਦੇ ਰਹਿੰਦੇ ਅਤੇ ਇਤਿਹਾਸਕਾਰਾਂ ਦਾ ਦਿਲੋਂ ਸਤਿਕਾਰ ਕਰਦੇ ਹੁੰਦੇ ਸਨ ।

ਮੁਕਦੀ ਗੱਲ ਇਹ ਹੈ ਕਿ ਉਹ ਖ਼ਾਲਸਾ ਕੌਮ ਨੂੰ ਹਰ ਇਕ ਪੱਖ ਵਿਚ ਨਿਪੁੰਨ ਕਰਨਾ ਚਾਹੁੰਦਾ ਸੀ, ਪਰ ਸਮੇਂ ਦੀ ਕਮੀ ਤੇ ਲਾਇਕ ਆਦਮੀ ਦੀ ਥੁੜ ਦੇ ਕਾਰਨ ਜੋ ਕੁਝ ਮਹਾਰਾਜਾ ਚਾਹੁੰਦਾ ਸੀ ਉਹ ਉਸ ਦੇ ਜਿਊਂਦੇ-ਜੀ ਨਾ ਹੋ ਸਕਿਆ । ਬਾਕੀ ਉਸ ਨੇ ਆਪਣੇ ਫਰਜ਼ ਦੇ ਪੂਰਾ ਕਰਨ ਵਿਚ ਕੋਈ ਕਮੀ ਨਹੀਂ ਸੀ ਛੱਡੀ ।

## ਮਹਾਰਾਜਾ ਰਣਜੀਤ ਸਿੰਘ ਦਾ ਪਰਜਾ ਨਾਲ ਪਿਆਰ

ਮੈਕਗਰੇਗਰ ਲਿਖਦਾ ਹੈ ਕਿ ਮਹਾਰਾਜਾ ਆਪਣੀ ਪਰਜਾ ਨਾਲ ਬੜੇ ਪਿਆਰ ਨਾਲ ਵਰਤਦਾ ਸੀ, ਉਹ ਅਕਸਰ ਤਰਸ ਤੇ ਖਿਮਾ ਤੋਂ ਹੀ ਕੰਮ ਲੈਂਦਾ ਸੀ । ਚੰਗੇ ਵਰਤਾਵ ਤੇ ਰਹਿਮ ਦਿਲੀ ਵਿਚ ਉਹ ਨਿਰਸੰਦੇਹ ਇਸ ਦੇਸ਼ ਵਿਚ ਹੋ ਗੁਜ਼ਰੇ ਸਾਰਿਆਂ ਬਾਦਸ਼ਾਹਾਂ ਵਿਚੋਂ ਮੋਹਰੀ ਸੀ । ਉਹ ਬਿਨਾਂ ਕਿਸੇ ਭਾਰੀ ਸੰਗੀਨ ਅਪਰਾਧ ਦੇ ਕਿਸੇ ਨੂੰ ਸਖਤ ਸਜ਼ਾ ਨਹੀਂ ਸੀ ਦਿੰਦਾ, ਨਾ ਹੀ ਕਿਸੇ ਦੀ ਜਾਨ ਨਾਹੱਕ ਗਵਾਂਦਾ ਤੇ ਨਾ ਹੀ ਕਿਸੇ ਨੂੰ ਅੰਗਹੀਨ ਕਰਵਾਉਂਦਾ । ਇਸ ਦੇ ਅੱਗੇ ਮੁਹੰਮਦ ਲਤੀਫ ਲਿਖਦਾ ਹੈ ਕਿ ਇਸ ਗੱਲ ਵਿਚ ਅਸੀਂ ਵੀ ਮੈਕਗਰੇਗਰ ਨਾਲ ਸੰਮਤੀ ਰਖਦੇ ਹਾਂ ਕਿ ਕਿਸੇ ਵੀ ਇਤਿਹਾਸ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਕਰੜਾਈ, ਬੁਰਿਆਈ ਤੇ ਜ਼ੁਲਮ ਦੀ ਕੋਈ ਨਜ਼ੀਰ ਨਹੀਂ ਪੜ੍ਹੀ । ਅਸਾਂ ਕਦੀ ਨਹੀਂ ਸੁਣਿਆਂ ਕਿ ਉਸ ਨੇ ਕਿਸੇ ਦੀਆਂ ਅੱਖਾਂ ਕਢਵਾ ਸੁੱਟੀਆਂ ਹੋਣ, ਜਾਂ ਕਿਸੇ ਦੇ ਅੰਗ ਭੰਗ ਕੀਤੇ ਹੋਣ, ਜਾਂ ਕਿਸੇ ਨੂੰ ਤਸੀਹੇ ਦੇ ਕੇ ਹੱਤਿਆ ਕੀਤੀ ਹੋਵੇ । ਕਈ ਵਾਰੀ ਇਸ ਦੇ ਵੈਰੀ ਵੀ ਜਦ ਇਸ ਦੇ ਸਾਹਮਣੇ ਪੇਸ਼ ਹੁੰਦੇ ਤਾਂ ਇਹ ਵਧੇਰੇ ਮਾਫੀ ਤੋਂ ਹੀ ਕੰਮ ਲੈਂਦਾ ਸੀ । ਸੁਲਤਾਨ ਖ਼ਾਨ ਵਾਲੀਏ ਭਿੰਬਰ ਦੀਆਂ ਸ਼ਰਾਰਤਾਂ ਦੀਆਂ ਖ਼ਬਰਾਂ ਮਹਾਰਾਜੇ ਨੂੰ ਆਮ ਪਹੁੰਚਦੀਆਂ ਸਨ ਕਿ ਉਹ ਕਸ਼ਮੀਰ ਦੇ ਇਲਾਕੇ ਵਿਚ ਖਰੂਦ ਮਚਾਉਂਦਾ ਰਹਿੰਦਾ ਹੈ । ਜਦ ਇਹ ਪਹਿਲੀ ਵਾਰ ਪਕੜਿਆ ਹੋਇਆ ਆਇਆ ਤੇ ਮਹਾਰਾਜੇ ਦੇ ਪੇਸ਼ ਕੀਤਾ ਗਿਆ ਤਾਂ ਆਮ ਲੋਕਾਂ ਦਾ ਖਿਆਲ ਸੀ ਕਿ ਇਸ ਨੂੰ ਤੋਪ ਅੱਗੇ ਉਡਾਇਆ ਜਾਏਗਾ ਪਰ ਇਹ ਵੇਖ ਕੇ ਲੋਕਾਂ ਦੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ, ਜਦ ਮਹਾਰਾਜੇ ਨੇ ਉਸ ਦੇ ਪੈਰਾਂ ਤੋਂ ਬੇੜੀਆਂ ਕੱਟ ਸੁੱਟਣ ਦਾ ਹੁਕਮ ਦਿੱਤਾ । ਇਹ ਜਦ ਮਹਾਰਾਜੇ ਦੇ ਸਾਹਮਣੇ ਆਪਣੇ ਕੀਤੇ ਤੇ ਪਛਤਾਇਆ ਤੇ ਹਜ਼ੂਰ ਜੀ ਨੇ ਉਸ ਨੂੰ ਉਸੇ ਵੇਲੇ ਬਖਸ਼ ਦਿੱਤਾ । ਇਸ ਤਰ੍ਹਾਂ ਦੀਆਂ ਅਣਗਿਣਤ ਨਜ਼ੀਰਾਂ ਮੌਜੂਦ ਹਨ । ਗੱਲ ਕੀ ਮਹਾਰਾਜਾ ਕਰੜਾਈ ਦੀ ਥਾਂ ਬਖਸ਼ਿਸ਼ ਦੇ ਭਾਰ ਹੇਠ ਦੋਸ਼ੀਆਂ ਨੂੰ ਐਨਾ ਦਬ ਦਿੰਦਾ ਸੀ, ਜਿਸ ਦੇ ਅਸਰ

------

1. *ਸ਼ੇਰਿ ਪੰਜਾਬ ਦਾ ਆਪਣਾ ਪੁਸਤਕਾਲਯ ਬਹੁਤ ਵੱਡਾ ਬਹੁਮੁੱਲੀਆਂ ਪੁਸਤਕਾਂ ਨਾਲ ਭਰਪੂਰ ਸੀ, ਜਿਨ੍ਹਾਂ ਵਿਚੋਂ ਕੁਝ ਕੁ ਪੁਸਤਕਾਂ ਇਸ ਸਮੇਂ ਇੰਡੀਆ ਆਫਿਸ ਲੰਡਨ ਦੇ ਪੁਸਕਾਲਯ ਵਿਚ ਹਨ ।*

ਨਾਲ ਅਪਰਾਧੀ ਸੁੱਤੇ ਸਿਧ ਹੀ ਅੱਗੇ ਨੂੰ ਸੁਧਰ ਜਾਂਦੇ ਸਨ ।

ਮਿਸਟਰ ਐਚ. ਈ, ਫੈਨ, ਸਰ ਹੇਨਰੀ ਫੇਨ ਕਮਾਂਡਰ ਇਨ ਚੀਫ ਦਾ ਪ੍ਰਾਈਵੇਟ ਸਕੱਤਰ ਸੀ, ਇਸ ਨੇ ਕੰਵਲ ਨੌਨਿਹਾਲ ਸਿੰਘ ਦੀ ਸ਼ਾਦੀ ਉਤੇ ਲਾਹੌਰ ਆ ਕੇ ਮਹਾਰਾਜੇ ਦੀ ਆਪਣੀ ਪਰਜਾ ਨਾਲ ਵਰਤਾਵ ਆਪਣੇ ਅੱਖੀਂ ਵੇਖ ਜੋ ਕੁਝ ਲਿਖਿਆ ਸੀ, ਉਹ ਇਸ ਤਰ੍ਹਾਂ ਸੀ :- "ਰਣਜੀਤ ਸਿੰਘ ਨੂੰ ਉਸ ਦੀ ਪਰਜਾ ਬੜਾ ਖੁੱਲ-ਦਿਲਾ ਬਾਦਸ਼ਾਹ ਮੰਨਦੀ ਹੈ ਅਤੇ ਸਾਰੇ ਹੋ ਗੁਜ਼ਰੇ ਹਿੰਦੁਸਤਾਨ ਦੇ ਬਾਦਸ਼ਾਹਾਂ ਵਿਚੋਂ ਉਸ ਨੂੰ ਵਧੇਰਾ ਪਿਆਰਦੀ ਤੇ ਬਹੁਤ ਹੀ ਚੰਗਾ ਹੁਕਮਰਾਨ ਜਾਣਦੀ ਹੈ । ਇਸ ਗੱਲ ਦਾ ਬਥੇਰਾ ਸਬੂਤ ਮੌਜੂਦ ਹੈ ਕਿ ਉਹ ਚੰਗਾ ਤੇ ਹਰਮਨ ਪਿਆਰਾ ਹੁਕਮਰਾਨ ਹੈ । ਉਸ ਨੂੰ ਨਾ ਕੇਵਲ ਵੱਡੇ ਹੀ ਪਿਆਰ ਕਰਦੇ ਸਨ, ਸਗੋਂ ਨਿੱਕੇ ਨਿੱਕੇ ਮੁੰਡੇ ਵੀ ਦਿਲੋਂ ਆਪਣਾ ਕਿਰਪਾਲੂ ਬਾਦਸ਼ਾਹ ਜਾਣਦੇ ਸਨ ।"

-------------

## ਪਾਰਸ ਦੀ ਕਹਾਵਤ

ਸ਼ੇਰਿ ਪੰਜਾਬ ਦੇ ਮਹਾਂ-ਦਾਨੀ ਹੋਣ ਦੇ ਕਾਰਨ ਜਨਤਾ ਆਮ ਤੌਰ ਪੁਰ ਆਪ ਜੀ ਨੂੰ ਪਾਰਸ ਕਹਿ ਕੇ ਸੱਦਦੀ ਹੁੰਦੀ ਸੀ । ਇਕ ਵਾਰੀ ਆਪ ਜੀ ਦੀ ਸਵਾਰੀ ਲਾਹੌਰ ਵਿਚੋਂ ਲੰਘ ਰਹੀ ਸੀ ਕਿ ਇਕ ਬ੍ਰਿਧ ਮਾਈ ਭੱਜੀ ਆਈ, ਜਿਸ ਦੇ ਹੱਥ ਵਿਚ ਇਕ ਤਵਾ ਸੀ । ਇਹ ਬੜੇ ਹਠ ਨਾਲ ਦਰਸ਼ਕਾਂ ਦੀਆਂ ਸਫਾਂ ਨੂੰ ਚੀਰਦੀ ਹੋਈ ਸ਼ੇਰਿ ਪੰਜਾਬ ਤਕ ਜਾ ਪਹੁੰਚੀ, ਪਰ ਇਥੇ ਇਸ ਨੂੰ ਚੋਬਦਾਰਾਂ ਨੇ ਰੋਕ ਦਿੱਤਾ । ਜਦ ਮਾਈ ਨੇ ਰੌਲਾ ਪਾਇਆ ਤਾਂ ਮਹਾਰਾਜਾ ਨੇ ਆਪਣਾ ਘੋੜਾ ਰੋਕ ਕੇ ਮਾਈ ਤੋਂ ਪੁੱਛਿਆ ਕਿ ਅੰਮਾਂ ਤੂੰ ਕੀ ਕਹਿਣਾ ਚਾਹੁੰਦੀ ਏਂ ? ਛੇਤੀ ਦੱਸ। ਕਹਿੰਦੇ ਹਨ ਕਿ ਮਾਈ ਇਸ ਸਮੇਂ ਹੋਰ ਅੱਗੇ ਹੋਈ ਤੇ ਜਾਂਦਿਆਂ ਹੀ ਇਹ ਆਪਣਾ ਕਾਲਾ ਤਵਾ ਮਹਾਰਾਜੇ ਦੇ ਪੈਰਾਂ ਨਾਲ ਮਲਣ ਲੱਗ ਪਈ । ਇਸ ਮਾਈ ਦੀ ਇਸ ਬੇ-ਅਦਬੀ ਨੂੰ ਕਰਮਚਾਰੀਆਂ ਨੇ ਮਹਾਰਾਜਾ ਦੀ ਹੱਤਕ ਸਮਝ ਕੇ ਮਾਈ ਨੂੰ ਧੱਕੇ ਮਾਰਨੇ ਚਾਹੇ, ਪਰ ਮਹਾਰਾਜਾ ਨੇ ਇਨ੍ਹਾਂ ਨੂੰ ਇਸ ਤਰ੍ਹਾਂ ਕਰਨ ਤੋਂ ਮਨ੍ਹਾਂ ਕਰਕੇ ਮਾਈ ਤੋਂ ਪੁੱਛਿਆ - ਅੰਮਾਂ ! ਇਹ ਤੂੰ ਕੀ ਕੀਤਾ ਹੈ ? ਅੱਗੋਂ ਮਾਈ ਬੜੀ ਸ਼ਰਧਾ ਨਾਲ ਬੋਲੀ ਸਰਕਾਰ ! ਲੋਕੀਂ ਆਖਦੇ ਹਨ ਸਾਡਾ ਮਹਾਰਾਜਾ ਪਾਰਸ ਹੈ ਅਤੇ ਪਾਰਸ ਨਾਲ ਲੋਹਾ ਛੋਹ ਜਾਏ ਤਾਂ ਸੋਨਾ ਹੋ ਜਾਂਦਾ ਹੈ, ਮੈਂ ਗਰੀਬਣੀ ਹਾਂ, ਆਪਣੇ ਬੁਢੇਪੇ ਦੇ ਗੁਜ਼ਾਰੇ ਲਈ ਆਪਣਾ ਲੋਹੇ ਦਾ ਤਵਾ ਸੋਨੇ ਦਾ ਬਣਾਉਣਾ ਚਾਹੁੰਦੀ ਹਾਂ ਤਾਂ ਜੋ ਬਾਕੀ ਰਹਿੰਦਾ ਜੀਵਨ ਸੁਖੀ ਗੁਜ਼ਾਰਾਂ । ਮਹਾਰਾਜਾ ਜੀ ਇਹ ਸੁਣ ਕੇ ਅਗੋਂ ਖਿੜ ਖਿੜ ਹੱਸ ਪਏ ਤੇ ਤੋਸ਼ਾਖਾਨੀਏ ਨੂੰ ਹੁਕਮ ਦਿੱਤਾ ਕਿ ਮਾਈ ਦੇ ਤਵੇ ਨਾਲ ਸਾਵੀਂ ਸੋਨਾ ਤੋਲ ਕੇ ਮਾਈ ਨੂੰ ਦੇ ਦੇਵੋ । ਉਸ ਵੇਲੇ ਹੁਕਮ ਦੀ ਪਾਲਨਾ ਕੀਤੀ ਗਈ ਤੇ ਮਾਈ ਅਸੀਸਾਂ ਦਿੰਦੀ ਘਰ ਨੂੰ ਪਰਤ ਗਈ ।

ਫੇਰ ਅੱਗੇ ਜਾ ਕੇ ਮੁੜ ਲਿਖਦਾ ਹੈ ਕਿ "ਉਸ ਦੇ ਹਰਮਨ ਪਿਆਰੇ ਹੋਣ ਦਾ ਇਸ ਤੋਂ ਵਧੇਰੇ ਹੋਰ ਕੀ ਸਬੂਤ ਹੋ ਸਕਦਾ ਹੈ ਕਿ ਜਦ ਤੋਂ ਉਸ ਨੇ ਰਾਜ ਭਾਗ ਸਾਂਭਿਆ ਹੈ, ਉਸ ਨੇ ਇਕ ਆਦਮੀ ਨੂੰ ਵੀ ਮੌਤ ਦੀ ਸਜ਼ਾ ਨਹੀਂ ਦਿੱਤੀ । ਉਸ ਦੀ ਬੇਓੜਕ ਵਧੀ ਹੋਈ ਕ੍ਰਿਪਾਲਤਾ

ਦਾ ਵਰਤਾਵ ਜੋ ਉਸ ਵਲੋਂ ਦੇਸ਼ ਦੇ ਆਮ ਲੋਕਾਂ ਨਾਲ ਕੀਤਾ ਜਾਂਦਾ ਹੈ, ਉਸ ਤੇ ਚੰਗੇ ਤੇ ਉਚੇ ਆਚਰਨ ਦਾ ਸਬੱਬ ਹੈ । ਇਹ ਗੱਲ ਬੜੀ ਹੀ ਅਸਚਰਜ ਹੈ ਕਿ ਇਹ ਬਿਨਾਂ ਕਿਸੇ ਨੂੰ ਕਰੜੀ ਸਜ਼ਾ ਦੇ ਨਿਰੀ ਤਾੜਨਾ ਨਾਲ ਹੀ ਅਜਿਹੇ ਅਥਰੇ ਲੋਕਾਂ ਵਿਚ ਰਾਜ ਪ੍ਰਬੰਧ ਨੂੰ ਬਹੁਤ ਚੰਗੀ ਤਰ੍ਹਾਂ ਨਿਭਾ ਸਕਦਾ ਹੈ ਅਤੇ ਉਸ ਦਾ ਮਾਮਲਾ ਬੱਧ ਸਮੇਂ ਸਿਰ ਸੌਖਾ ਹੀ ਉਸ ਦੇ ਖਜ਼ਾਨੇ ਵਿਚ ਪਹੁੰਚ ਜਾਂਦਾ ਹੈ ।"

ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦਿਆਂ ਜ਼ਿਲਿਆਂ ਤੇ ਇਲਾਕਿਆਂ ਦੀ ਵੰਡ ਉਸੇ ਸ਼ਕਲ ਵਿਚ ਕਾਇਮ ਕੀਤੀ ਜਿਹਾ ਕਿ ਅਕਬਰ ਬਾਦਸ਼ਾਹ ਦੇ ਵੇਲੇ ਦੀਵਾਨ ਟੋਡਰ ਮਲ ਨੇ ਕੀਤੀ ਸੀ । ਰਾਜ ਦੇ ਆਰੰਭ ਵਿਚ ਸਰਕਾਰ ਮਾਮਲਾ ਬਟਾਈ ਦੇ ਨਿਯਮ ਅਨੁਸਾਰ ਲਿਆ ਜਾਂਦਾ ਸੀ, ਪਰ ਮਹਾਰਾਜਾ ਨੇ ਇਸ ਨੂੰ ਨਰਮ ਕਰਕੇ ਨਕਦ ਲਗਾਨ ਦੇ ਢੰਗ ਤੋਂ ਬਦਲ ਦਿੱਤਾ। ਜ਼ਿਮੀਂਦਾਰਾਂ ਦੇ ਵਾਧੇ ਲਈ ਮਹਾਰਾਜਾ ਹਰ ਤਰ੍ਹਾਂ ਦਾ ਯਤਨ ਕਰਦਾ ਰਹਿੰਦਾ ਸੀ । ਇਸ ਗੱਲ ਦੇ ਪੂਰਾ ਕਰਨ ਲਈ ਜ਼ਿਲ੍ਹਿਆਂ ਵਿਚ ਸ਼ਾਹੀ ਖਜ਼ਾਨੇ ਤੋਂ ਖੂਹ ਲਵਾਏ ਜਾਂਦੇ ਤੇ ਇਸੇ ਤਰ੍ਹਾਂ ਦੇ ਕਈ ਹੋਰ ਤਰੀਕੇ ਵਰਤੇ ਜਾਂਦੇ ਸਨ, ਜਿਨ੍ਹਾਂ ਨਾਲ ਪੈਦਾਵਾਰ ਚੰਗੀ ਹੁੰਦੀ । ਮੁਕਦੀ ਗੱਲ ਇਹ ਹੈ ਕਿ ਉਸ ਨੂੰ ਆਪਣੀ ਪਰਜਾ ਦੀ ਭਲਾਈ ਤੇ ਖੁਸ਼ਹਾਲੀ ਦਾ ਸਦਾ ਧਿਆਨ ਰਹਿੰਦਾ ਸੀ । ਉਸ ਦੇ ਫੁਰਮਾਨਾਂ ਤੇ ਹੁਕਮਨਾਮਿਆਂ ਵਿਚ – ਜੋ ਆਪਣੇ ਹਾਕਮਾਂ ਨੂੰ ਭੇਜਦਾ ਹੁੰਦਾ ਸੀ – ਇਹ ਗੱਲ ਬੜੇ ਜ਼ੋਰ ਨਾਲ ਲਿਖੀ ਹੋਈ ਮਿਲਦੀ ਹੈ ਕਿ –"ਗਵਰਨਰੀ ਦੇ ਫਰਜ਼ਾਂ ਵਿਚੋਂ ਪਰਜਾ ਦੀ ਬੇਹਰਤੀ ਆਪ ਦਾ ਮੁਖ ਕੰਮ ਹੋਣਾ ਚਾਹੀਦਾ ਹੈ[1] ।" ਮਹਾਰਾਜਾ ਆਪਣੇ ਰਾਜ ਵਿਚ ਵਪਾਰ ਦੇ ਵਾਧੇ ਦਾ ਬੜਾ ਹੀ ਚਾਹਵਾਨ ਸੀ । ਉਹ ਲਾਇਕ ਸੌਦਾਗਰਾਂ ਨੂੰ ਸਰਕਾਰੀ ਮੂੜੀ ਦੇ ਕੇ ਉਹਨਾਂ ਦੇ ਹੌਂਸਲੇ ਵਧਾਉਂਦਾ ਸੀ । ਮਿਸਟਰ ਰੇਨ ਲਿਖਦਾ ਹੈ ਕਿ ਅਸੀਂ ਲਾਹੌਰ ਵਿਚ ਸਾਂ ਤਾਂ ਮਹਾਰਾਜਾ ਸਾਹਿਬ ਨੇ ਇਕ ਵੱਡਾ ਟਾਂਡਾ ਸੌਦਾਗਰਾਂ ਦਾ – ਜਿਨ੍ਹਾਂ ਕੋਲ ਕਈ ਲੱਖ ਰੁਪਏ ਦੀਆਂ ਸ਼ਾਲਾਂ ਤੇ ਹੋਰ ਦੇਸੀ ਸਮਿਆਨ ਸੀ – ਆਪਣੇ ਖਰਚ ਤੇ ਦਰਿਆ ਸਿੰਧ ਦੇ ਰਸਤੇ ਬੰਬਈ ਵਪਾਰ ਲਈ ਭੇਜਿਆ । ਜੇ ਦੇਸ਼ ਦੇ ਕਿਸੇ ਹਿੱਸੇ ਵਿਚ ਕਾਲ ਜਾਂ ਮਹਿੰਗਾਈ ਹੁੰਦੀ ਤਾਂ ਉਹ ਅਜਿਹੇ ਸਮੇਂ ਬੜੇ ਖੁਲ੍ਹੇ ਦਿਲ ਨਾਲ ਪਰਜਾ ਦੀ ਸਹਾਇਤਾ ਕਰਦਾ । ਸੰਮਤ 1890 ਬਿ: ਵਿਚ ਜਦ ਕਸ਼ਮੀਰ ਵਿਚ ਕਾਲ ਪਿਆ ਤਾਂ ਉਸ ਵੇਲੇ ਲੱਖਾਂ ਰੁਪਏ ਖਰਚ ਕੇ ਉਸ ਨੇ ਲੋਕਾਂ ਦੀ ਸਹਾਇਤਾ ਕੀਤੀ । ਸਰ ਲੈਪਲ ਗ੍ਰਿਫਨ ਲਿਖਦਾ ਹੈ ਕਿ ਪੰਜਾਹ ਹਜ਼ਾਰ ਮਣ ਅਨਾਜ ਇਸ ਸਮੇਂ ਮਹਾਰਾਜੇ ਨੇ ਲੋੜਵੰਦਾਂ ਨੂੰ ਮੁਫਤ ਵੰਡਿਆ ।

ਉਸ ਦੀਆਂ ਅਦਾਲਤਾਂ ਦਾ ਤਰੀਕਾ ਬੜਾ ਸਧਾਰਨ ਸੀ । ਉਹ ਵੱਡੇ ਵੱਡੇ ਫੈਸਲੇ ਅਕਸਰ ਗੁਰਮਤੇ ਜਾਂ ਪੰਚਾਇਤੀ ਤਰੀਕੇ ਨਾਲ ਕਰਦਾ ਹੁੰਦਾ ਸੀ । ਆਮ ਸ਼ਹਿਰਾਂ ਵਿਚ ਕੋਤਵਾਲ ਤੇ ਪੁਲਸ ਦਾ ਪ੍ਰਬੰਧ ਸੀ । ਮੁਕੱਦਮੇ ਉਸ ਸਮੇਂ ਬਹੁਤ ਹੀ ਘੱਟ ਹੁੰਦੇ ਤੇ ਜਿਹੜੇ ਹੁੰਦੇ ਸਨ, ਮੁਸਲਮਾਨਾਂ ਦੀ ਸ਼ਰੀਅਤ ਅਤੇ ਹਿੰਦੂ ਤੇ ਸਿੱਖਾਂ ਦੇ ਪੰਚਾਇਤੀ ਤਰੀਕੇ ਅਨੁਸਾਰ ਉਹਨਾਂ ਦੇ ਫੈਸਲੇ ਕੀਤੇ ਜਾਂਦੇ ਸਨ । ਸ਼ੇਰਿ ਪੰਜਾਬ ਦਾ ਨਿਆਂ ਇੰਨੇ ਉਚੇ ਦਰਜੇ ਦਾ ਸੀ ਜਿਸ ਦੀ ਕੋਈ ਹਦ ਨਹੀਂ । ਮਹਾਰਾਜਾ ਰਣਜੀਤ ਸਿੰਘ ਨੂੰ ਤਾਂ ਇਕ ਪਾਸੇ ਰਹਿਣ ਦੇਵੋ, ਉਸ ਤੋਂ ਸਿੱਖੇ ਹੋਏ ਉਸ ਦੇ ਗਵਰਨਰ ਤੇ ਹਾਕਮ ਇੰਨੇ ਨਿਆਂਸ਼ੀਲ ਸਨ ਕਿ ਜਿਸ ਦੀ ਮਿਸਾਲ ਬਹੁਤ ਘੱਟ ਮਿਲਦੀ ਹੈ। ਨਜ਼ੀਰ ਲਈ–ਸਰ ਲੈਪਲ ਗ੍ਰਿਫਨ 'ਪੰਜਾਬ ਚੀਫਸ' ਵਿਚ ਲਿਖਦਾ ਹੈ ਕਿ ਦੀਵਾਨ ਸਾਵਣ ਮਲ ਗਵਰਨਰ ਮੁਲਤਾਨ ਦੇ ਕੋਲ ਇਕ ਜ਼ਿਮੀਂਦਾਰ ਫਰਿਆਦੀ ਆਇਆ ਤੇ ਕਹਿਣ ਲੱਗਾ ਕਿ ਆਪ ਦੇ ਸਰਦਾਰਾਂ ਵਿਚੋਂ ਇਕ ਨੇ ਮੇਰਾ ਖੇਤ ਘੋੜਿਆਂ ਨੂੰ ਚੁਰਾ ਲਿਆ ਹੈ

- - - - - -

*1. ਲਾਲਾ ਸੰਤ ਰਾਮ, ਮੰ: ਪ: ਹਿ: ਸੋ: ।*

ਅਤੇ ਮੈਨੂੰ ਕੁਝ ਵੀ ਮੁੱਲ ਨਹੀਂ ਦਿੱਤਾ । ਇਸ ਪਰ ਦੀਵਾਨ ਨੇ ਆਪਣੇ ਸਾਰੇ ਦਰਬਾਰੀ ਉਸ ਜ਼ਿਮੀਂਦਾਰ ਨੂੰ ਦੱਸੇ ਤਾਂ ਜ਼ਿਮੀਂਦਾਰ ਨੇ ਜਿਸ ਨੂੰ ਸਿੰਞਾਤਾ ਉਹ ਦੀਵਾਨ ਸਾਵਣ ਮਲ ਦਾ ਵੱਡਾ ਪੁੱਤਰ ਰਾਮ ਦਾਸ ਸੀ, ਜਿਸ ਨੂੰ ਦੀਵਾਨ ਨੇ ਉਸੇ ਵੇਲੇ ਕੈਦ ਦੀ ਸਜ਼ਾ ਦਿੱਤੀ । ਜਦ ਜ਼ਿਮੀਂਦਾਰ ਨੂੰ ਪਤਾ ਲੱਗਾ ਕਿ ਇਹ ਦੀਵਾਨ ਸਾਵਣ ਮਲ ਦਾ ਪੁੱਤਰ ਸੀ ਤਾਂ ਉਹ ਫੇਰ ਦੀਵਾਨ ਕੋਲ ਆਇਆ ਤੇ ਉਸ ਨੂੰ ਮਾਫ ਕਰਾਉਣਾ ਚਾਹਿਆ, ਪਰ ਦੀਵਾਨ ਨੇ ਨਾ ਮੰਨਿਆ ਤੇ ਕਹਿਣ ਲੱਗਾ ਕਿ ਅਪਰਾਧ ਕਰਨ ਤੇ ਜਦ ਮੈਂ ਆਪਣੇ ਪੁੱਤਰ ਨੂੰ ਦੰਡ ਨਾ ਦਿਆਂ ਤਾਂ ਮੈਨੂੰ ਹੋਰ ਕਿਸੇ ਨੂੰ ਸਜ਼ਾ ਦੇਣ ਦਾ ਕੀ ਹੱਕ ਹੈ। ਇਹ ਕੈਦ ਰਾਮ ਦਾਸ ਨੂੰ ਜ਼ਰੂਰ ਭੁਗਤਣੀ ਪਈ । ਸ਼ੇਰਿ ਪੰਜਾਬ ਨੂੰ ਜਦ ਆਪਣੇ ਗਵਰਨਰ ਸਾਵਣ ਮਲ ਦੇ ਇਸ ਨਿਆਂ ਦਾ ਪਤਾ ਲੱਗਾ ਤਾਂ ਉਹ ਉਸ ਪਰ ਬਹੁਤ ਹੀ ਪ੍ਰਸੰਨ ਹੋਏ ਤੇ ਉਸ ਨੂੰ ਹੋਰ ਜਾਗੀਰ ਤੇ ਇੱਜ਼ਤ ਬਖਸ਼ੀ । ਮਹਾਰਾਜਾ ਆਪਣੇ ਪੁੱਤਰ ਨੂੰ ਵੀ ਸਦਾ ਜਨਤਾ ਪਾਲਕ ਹੋਣ ਦੀ ਸਿੱਖਿਆ ਦਿੰਦਾ ਰਹਿੰਦਾ ਸੀ । ਰੋਜ਼ਨਾਮਚਾ ਮਹਾਰਾਜਾ ਰਣਜੀਤ ਸਿੰਘ ਵਿਚ ਇਕ ਥਾਂ ਲਿਖਤ ਲਿਖੀ ਹੈ,"14 ਭਾਦਰੋਂ ਸੰਮਤ 1893 ਬਿ: ਕੌਰ ਖੜਗ ਸਿੰਘ ਨੇ ਮੁਲਤਾਨ ਦੇ ਦੌਰੇ ਲਈ ਕੂਚ ਕੀਤਾ । ਮਹਾਰਾਜਾ ਸਾਹਿਬ ਨੇ ਬੁਲੰਦ ਇਕਬਾਲ ਵਲੋਂ ਤਾਕੀਦ ਕੀਤੀ ਗਈ ਕਿ ਉਸ ਦੀ ਫੌਜ ਰਸਤੇ ਵਿਚ ਜ਼ਿਮੀਂਦਾਰਾਂ ਦੇ ਖੇਤਾਂ ਨੂੰ ਨੁਕਸਾਨ ਨਾ ਪਹੁੰਚਾਏ ।" ਇਕ ਹੋਰ ਲਿਖਤ ਇਸ ਤਰ੍ਹਾਂ ਮਿਲਦੀ ਹੈ :-

'ਸਰਕਾਰ ਦਾ ਲਸ਼ਕਰ ਰੁਹਤਾਸ ਵਿਚ ਕੁਝ ਦਿਨ ਰਿਹਾ, ਜਿਸ ਦੇ ਬਦਲੇ ਤਿੰਨ ਹਜ਼ਾਰ ਰੁਪਿਆ ਉਥੋਂ ਦੇ ਜ਼ਿਮੀਂਦਾਰਾਂ ਨੂੰ ਮਾਫ ਕੀਤਾ ਗਿਆ ।' ਪਰਜਾ ਲਈ ਹਸਪਤਾਲ ਸਨ ਜੋ ਸਾਰੇ ਮਹਾਰਾਜਾ ਦੇ ਖਰਚ ਤੇ ਚਲਦੇ ਸਨ । ਇਹਨਾਂ ਵਿਚ ਜੋ ਰੋਗੀ ਆਉਂਦਾ ਸੀ ਉਸ ਦਾ ਮੁਫਤ ਇਲਾਜ ਹੁੰਦਾ ਸੀ । ਇਹਨਾਂ ਦਾ ਪ੍ਰਬੰਧ ਹਕੀਮ ਨੂਰ ਦੀਨ ਅਤੇ ਡਾਕਟਰ ਹਨੰਗ ਬਰਗ ਵਰਗੇ ਸਿਆਣੇ ਹਕੀਮ ਤੇ ਡਾਕਟਰ ਕਰਦੇ ਸਨ । ਡਾਕ ਦਾ ਪ੍ਰਬੰਧ ਉਸ ਸਮੇਂ ਅਨੁਸਾਰ ਚੰਗਾ ਸੀ । ਡਾਕ ਅਕਸਰ ਸਾਂਢਨੀਆਂ ਤੇ ਘੋੜਿਆਂ ਉਤੇ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਪਹੁੰਚਾਈ ਜਾਂਦੀ ਸੀ । ਇਹ ਕੰਮ ਦੀਵਾਨ ਰਤਨ ਚੰਦ 'ਦਾਹੜੀ ਵਾਲਾ' ਦੇ ਪ੍ਰਬੰਧ ਵਿਚ ਚਲਦਾ ਹੁੰਦਾ ਸੀ । ਇਹ ਡਾਕ ਦੇ ਵਧੀਆ ਪ੍ਰਬੰਧਾਂ ਲਈ ਚੋਖੀਆਂ ਜਾਗੀਰਾਂ ਤੇ ਲਿਖਤਾਂ ਪਾ ਚੁੱਕਾ ਸੀ । ਗੱਲ ਕੀ, ਉਹ ਸਾਰੀਆਂ ਲੋੜਾਂ ਜੋ ਉਸ ਸਮੇਂ ਅਨੁਸਾਰ ਕਿਸੇ ਉਨਤ ਦੇਸ਼ ਲਈ ਲੋੜੀਂਦੀਆਂ ਸਨ – ਸ਼ੇਰਿ ਪੰਜਾਬ ਨੇ ਖਾਲਸਾ ਰਾਜ ਲਈ ਪੂਰੀਆਂ ਕਰ ਰੱਖੀਆਂ ਸਨ ।

## ਸ਼ੇਰਿ ਪੰਜਾਬ ਦੀ ਖੁਲ੍ਹਦਿਲੀ

ਮਹਾਰਾਜਾ ਰਣਜੀਤ ਸਿੰਘ ਦਾ ਰਾਜ ਪ੍ਰਬੰਧ ਵਿਚ ਹਿੰਦੂਆਂ, ਮੁਸਲਮਾਨਾਂ ਆਦਿ ਨੂੰ ਪੂਰਾ ਪੂਰਾ ਹਿੱਸਾ ਦਿੱਤਾ ਗਿਆ ਸੀ । ਅਮਲੀ ਤੌਰ ਤੇ ਵੇਖਿਆ ਜਾਏ ਤਾਂ ਪਤਾ ਲਗਦਾ ਹੈ ਕਿ ਹਿੰਦੁਸਤਾਨ ਵਿਚ ਅੱਜ ਕਲ੍ਹ ਦੀ ਕਿਸੇ ਵਧੀਕ ਤੋਂ ਵਧੀਕ ਪੰਚਾਇਤੀ ਹਕੂਮਤ, ਸੰਸਥਾ ਜਾਂ ਜੱਥੇ ਨੇ ਵੀ ਰਾਜ ਪ੍ਰਬੰਧ ਵਿਚ ਹਿੰਦੂ, ਮੁਸਲਿਮ ਤੇ ਸਿੱਖ ਦੇ ਭੇਦ ਨੂੰ ਇੰਨਾ ਮਿਟਾ ਕੇ ਨਹੀਂ ਦੱਸਿਆ ਜਿੰਨਾ ਕਿ ਮਹਾਰਾਜਾ ਰਣਜੀਤ ਸਿੰਘ ਨੇ ਦੱਸਿਆ ਸੀ । ਫੌਜਾਂ ਦੇ ਜਰਨੈਲ ਜਾਂ ਸੂਬਿਆਂ ਦੇ ਗਵਰਨਰ ਨੀਯਤ ਕਰਨ ਲੱਗਿਆਂ, ਸਗੋਂ ਵਜ਼ਾਰਤ ਦੀ ਵੱਡੀ ਤੋਂ ਵੱਡੀ ਜ਼ਿੰਮੇਵਾਰੀ ਦੀ ਆਸਾਮੀ ਦੇਣ ਲੱਗਿਆਂ ਉਸ ਨੇ ਕਦੇ ਹਿੰਦੂ, ਮੁਸਲਿਮ ਜਾਂ ਸਿੱਖ ਦਾ ਵਿਤਕਰਾ ਨਹੀਂ ਸੀ ਕੀਤਾ, ਉਹ ਸਦਾ ਯੋਗਤਾ ਨੂੰ ਹੀ ਮੁੱਖ ਰੱਖ ਕੇ ਅਹੁਦੇ ਦਿੰਦਾ ਹੁੰਦਾ ਸੀ । ਜਾਗੀਰਾਂ ਤੇ

ਨੌਕਰੀਆਂ ਦੇਣ ਵਿਚ ਵੀ ਉਸੇ ਤਰ੍ਹਾਂ ਖੁਲ੍ਹਦਿਲੀ ਤੋਂ ਕੰਮ ਲੈਂਦਾ ਹੁੰਦਾ ਸੀ।

ਲਾਲ ਖੁਸ਼ਹਾਲ ਚੰਦ "ਸ਼ੇਰਿ ਪੰਜਾਬ" ਬਾਬਤ ਲਿਖਦਾ ਹੈ - "ਮਹਾਰਾਜਾ ਰਣਜੀਤ ਸਿੰਘ ਪੰਜਾਬ ਕੇ ਸਵਰਾਜ ਕੇ ਆਖਰੀ ਹੁਕਮਰਾਨ ਥੇ। ਕਹਾ ਜਾਤਾ ਹੈ ਕਿ ਵਹੁ ਅਨਪੜ੍ਹ ਥੇ ਲੇਕਿਨ ਵੁਹ ਮੌਜੂਦਾ ਜ਼ਮਾਨੇ ਕੇ ਲਾਖ ਤਲੀਮ ਯਾਫਤਾ ਲੋਗੋਂ ਸੇ ਦਾਨਾ, ਜ਼ਿਆਦਾ ਦੂਰ ਅੰਦੇਸ਼, ਜ਼ਿਆਦਾ ਮੁਦੱਬਰ ਥੇ। ਉਨ੍ਹੋਂ ਨੇ ਉਸ ਜ਼ਮਾਨੇ ਮੇਂ ਜਬ ਕਿ ਹਿੰਦੁਸਤਾਨ ਗੈਰੋਂ ਕੇ ਪਾਓਂ ਕੇ ਨੀਚੇ ਰੋਂਦਾ ਜਾ ਰਹਾ ਥਾ, ਗੈਰ ਮੁਲਕੀਓਂ ਨੇ ਉਸੇ ਰੰਗ ਰਲੀਓਂ ਕਾ ਠਿਕਾਨਾ ਬਨਾਇਆ ਹੂਆ ਥਾ, ਜਬ ਹਿੰਦੁਸਤਾਨ ਅਪਨੀ ਗੈਰਤ, ਅਪਨੀ ਜਵਾਂਮਰਦੀ ਔਰ ਆਪਨਾ ਸਬ ਕੁਛ ਗੈਰੋਂ ਕੇ ਹਾਥ ਖ਼ਰੋਖਤ ਕਰ ਚੁਕਾ ਥਾ, ਠੀਕ ਉਸ ਜ਼ਮਾਨੇ ਮੇਂ ਪੰਜਾਬ ਕੇ ਸਚੇ ਸਪੂਤ ਮਹਾਰਾਜਾ ਰਣਜੀਤ ਸਿੰਘ ਨੇ ਅਮਲੀ ਤੌਰ ਪਰ ਦਿਖਾ ਦੀਆ ਕਿ ਇਸ ਗਈ ਗੁਜ਼ਰੀ ਹਾਲਤ ਮੇਂ ਭੀ ਪੰਜਾਬ ਔਰ ਹਿੰਦੁਸਤਾਨ ਆਪਨਾ ਇੰਤਜ਼ਾਮ ਆਪ ਕਰ ਸਕਤਾ ਹੈ। ਜਿਤਨਾ ਅਮਨ ਅਮਾਨ ਮਹਾਰਾਜਾ ਰਣਜੀਤ ਸਿੰਘ ਕੇ ਜ਼ਮਾਨੇ ਮੇਂ ਥਾ ਉਤਨਾ ਫਿਰ ਪੰਜਾਬ ਕੋ ਆਜ ਤਕ ਦੇਖਨਾ ਨਸੀਬ ਨਹੀਂ ਹੂਆ।" ਗਰਜ਼ ਇਹ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈ ਆਪਣਾ ਸਾਂਝਾ ਰਾਜ ਸਮਝਦੇ ਸਨ।

## ਉਸ ਦਾ ਬਾਹੂਬਲ

ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਨੇ ਜਦ ਅਕਾਲ ਚਲਾਣਾ ਕੀਤਾ ਤਾਂ ਇਕ ਦਸਤਾ ਸਵਾਰਾਂ ਦਾ ਤੇ ਕੁਝ ਕੁ ਪਿੰਡ ਇਸ ਲਈ ਛੱਡੇ। ਇਹ ਸਭ ਕੁਝ ਉਸ ਦੇ ਬਾਹੂਬਲ ਦਾ ਨਤੀਜਾ ਸੀ ਕਿ ਇਕ ਪਿੰਡ ਦੇ ਚੌਧਰੰਮੇ ਤੋਂ ਉਠ ਕੇ ਉਸ ਨੇ ਪਾਤਸ਼ਾਹੀ ਕਾਇਮ ਕਰ ਦਿਤੀ ਜਿਸ ਦੀ ਇਕ ਹੱਦ ਤਿੱਬਤ ਤੋਂ ਹਿੰਦੂਕੁਸ਼ ਦੇ ਪਹਾੜਾਂ ਨਾਲ ਮਿਲਦੀ ਸੀ ਤੇ ਦੂਜੀ ਸ਼ਿਕਾਰ ਪੋਰ ਸਿੰਧ ਦੇ ਲਾਗੇ। ਇਧਰੋਂ ਸਤਲੁਜ ਸੀ ਤੇ ਦੂਜੇ ਬੰਨੇ ਖੈਬਰ (ਅਫਗਾਨਿਸਤਾਨ ਤੇ ਸੁਲੇਮਾਨ ਦੀਆਂ ਪਹਾੜੀਆਂ[1]) ਜਿਸ ਦੀ ਲੰਬਾਈ ਚੌੜਾਈ ਇਕ ਲੱਖ ਪੰਜਤਾਲੀ ਹਜ਼ਾਰ ਵਰਗ (ਮੁਰੱਬਾ) ਮੀਲ ਸੀ ਜਿਸ ਤੋਂ ਉਸ ਨੂੰ 20275000 ਰੁਪਿਆ ਸਾਲਾਨਾ ਆਮਦਨੀ ਹੁੰਦੀ ਸੀ ਅਤੇ ਜਿਸ ਦੀ ਕਲਮੀ ਫੌਜ 1237000 ਜੁਆਨ ਪੈਦਲ ਤੇ ਸਵਾਰ ਸੀ, ਇਸ ਤੋਂ ਛੁਟ 384 ਵੱਡੀਆਂ ਅਤੇ 400 ਸ਼ੁਤਰੀ ਹਲਕੀਆਂ ਤੋਪਾਂ ਸਨ। ਤੋਪਖਾਨਾ ਅਜਿਹਾ ਅਦੁੱਤੀ ਸੀ ਕਿ ਜਿਸ ਦੀ ਨਜ਼ੀਰ ਉਸ ਸਮੇਂ ਨਹੀਂ ਸੀ ਮਿਲਦੀ।

- - - - - -

*1. ਇਲਿਨ ਦੀ ਹਿਸਟਰੀ ਆਫ ਦੀ ਪੰਜਾਬ ਸਫਾ 18 ਅਤੇ ਪੇਨ ਦੀ ਏ ਸ਼ਾਰਟ, ਹਿਸਟਰੀ ਆਫ ਸਿਖਸ ਵਿਚ ਸਫਾ 6 ਤੇ ਦਿੱਤੇ ਨਕਸ਼ੇ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਹੱਦ-ਬੰਦੀ ਇਸ ਤਰ੍ਹਾਂ ਲਿਖੀ ਹੈ :- ਉਤਰ ਤੇ ਉਤਰ ਪੂਰਬ ਵੱਲ ਹਿੰਦੂਕੁਸ਼ ਤੇ ਤਿੱਬਤ ਦੇ ਪਹਾੜ ਜਿਨ੍ਹਾਂ ਦਾ ਇਕ ਸਿਰਾ ਉਸਮਾਨੀ ਖੇਲਾਂ ਦੀਆਂ ਪਹਾੜੀਆਂ ਤੋਂ ਚੱਲ ਕੇ ਦਰਿਆ ਸਤਲੁਜ ਨਾਲ ਜਾ ਮਿਲਦਾ ਸੀ, ਦੱਖਣ ਪੱਛਮ ਉਸਮਾਨੀ ਖੇਲਾਂ ਦੀਆਂ ਪਹਾੜੀਆਂ ਤੋਂ ਆਰੰਭ ਹੋ ਕੇ ਖੈਬਰ (ਅਫਗਾਨਿਸਤਾਨ) ਤੋਂ ਸੁਲੇਮਾਨ ਦੇ ਪਹਾੜੀ ਸਿਲਸਿਲੇ ਦੇ ਵਿਚੋਂ ਵਿਚ ਮਟਨਕੋਟ ਤੇ ਰੌਣਹਾਨ ਦੇ ਲਾਗੇ ਦਰਿਆ ਸਿੰਧ ਨਾਲ ਜਾ ਮਿਲਦਾ ਸੀ। ਇਧਰੋਂ ਦੱਖਣ ਪੂਰਬ ਵੱਲ ਦਰਿਆ ਸਤਲੁਜ ਦੇ ਸਰੇ-ਚਸ਼ਮੇ ਤੋਂ ਜਿਥੋਂ ਇਹ ਤਿੱਬਤ ਦੀਆਂ ਪਹਾੜੀਆਂ ਵਿਚੋਂ ਨਿਕਲਦਾ ਹੈ ਦਰਿਆ ਸਿੰਧ ਵਿਚ ਮਿਲਣ ਦੀ ਥਾਂ ਤਕ ਸਾਰੇ ਦਾ ਸਾਰਾ। ਉਧਰ ਦਰਿਆ ਸਿੰਧ ਅਮਰਕੋਟ ਤੋਂ ਮਿਨਨਕੋਟ ਤਕ।*

# ਮਹਾਰਾਜਾ ਦੇ ਚਲਾਣੇ ਸਮੇਂ ਖਜ਼ਾਨੇ ਵਿਚ ਕਿੰਨਾ ਧਨ ਪਦਾਰਥ ਸੀ ?

ਸੰਨ 1839 ਈ: ਵਿਚ ਜਦ ਮਹਾਰਾਜਾ ਰਣਜੀਤ ਸਿੰਘ ਨੇ ਚਲਾਣਾ ਕੀਤਾ ਉਸ ਸਮੇਂ ਖਜ਼ਾਨੇ ਵਿਚ ਅੱਠ ਕਰੋੜ ਰੁਪਿਆ ਨਕਦ ਮੌਜੂਦ ਸੀ ਅਤੇ ਅੱਸੀ ਕਰੋੜ ਰੁਪਏ ਦੀ ਮਾਲੀਅਤ ਦੀਆਂ ਮੋਹਰਾਂ ਤੇ ਜਵਾਹਾਰਾਤ ਆਦਿ ਸਨ। ਇਹ ਕਹਿਣਾ ਕਰਨਲ ਸਟਨਬਾਚ ਦਾ ਹੈ ਕਿ ਜਿੰਨੇ ਕੀਮਤੀ ਜਵਾਹਾਰਾਤ ਮਹਾਰਾਜਾ ਰਣਜੀਤ ਸਿੰਘ ਦੇ ਖਜ਼ਾਨੇ ਵਿਚ ਸਨ, ਸ਼ਾਇਦ ਹੀ ਯੂਰਪ ਦੀ ਕਿਸੇ ਹਕੂਮਤ ਕੋਲ ਹੋਣ (ਦੀ ਪੰਜਾਬ ਸਫਾ 16)।

ਉਸ ਦੇ ਤਬੇਲੇ ਨੂੰ ਉਸ ਸਮੇਂ ਦੇ ਚੋਣਵੇਂ ਘੋੜੇ ਸ਼ੋਭਾ ਦਿੰਦੇ ਸਨ, ਜਿਨ੍ਹਾਂ ਵਿਚੋਂ 'ਲੈਲੀ' 'ਸਫੈਦ ਪਰੀ' 'ਗੌਹਰ ਬਾਰ' ਤੇ 'ਦੱਖਨੀ' ਆਦਿ ਸਾਰੀ ਦੁਨੀਆਂ ਪਰ ਮਿਲਣੇ ਕਠਿਨ ਸਨ। ਕਿਲ੍ਹਿਆਂ ਅਤੇ ਗੜ੍ਹੀਆਂ ਦੀ ਗਿਣਤੀ ਲਿਖਿਆਂ ਪੁਸਤਕ ਬਹੁਤ ਵਧਦੀ ਹੈ। ਕਈ ਹਜ਼ਾਰ ਹਾਥੀਆਂ 'ਇੰਦਰ ਗਜ' ਤੇ 'ਸਰਦਾਰ ਜੀ'ਆਦਿ ਆਪਣਾ ਨਮੂਨਾ ਆਪ ਸੀ[1]।

ਮੁਕਦੀ ਗੱਲ ਇਹ ਹੈ ਕਿ ਦੁਨੀਆਂ ਦੇ ਇਤਿਹਾਸ ਵਿਚ ਇਕ ਅਜਿਹੀ ਨਜ਼ੀਰ ਵੀ ਨਹੀਂ ਮਿਲਦੀ ਕਿ ਜਿਸ ਨੇ ਸ਼ੇਰਿ ਪੰਜਾਬ ਦੀ ਤਰ੍ਹਾਂ ਆਪਣੇ ਬਾਹੂਬਲ ਨਾਲ ਐਨਾ ਵੱਡਾ ਰਾਜ ਸਥਿਰ ਕੀਤਾ ਹੋਵੇ ਤੇ ਉਸ ਨੇ ਕਿਸੇ ਭਾਰੀ ਇਖ਼ਲਾਕੀ ਗੁਨਾਹ ਦਾ ਭਾਰ ਆਪਣੇ ਸਿਰ ਪਰ ਨਾ ਲਿਆ ਹੋਵੇ ਯਾ ਆਪਣੇ ਵੈਰੀਆਂ ਦੇ ਹੱਥੋਂ ਜੇਲ੍ਹ ਖਾਨਿਆਂ ਵਿਚ ਨਾ ਪਿਆ ਹੋਵੇ, ਯਾ ਉਸ ਨੇ ਸਾਰੀ ਉਮਰ ਵਿਚ ਕਿਸੇ ਦੀ ਈਨ ਮੰਨੀ ਹੋਵੇ।

(1) ਪੁਰਾਣੇ ਜ਼ਮਾਨੇ ਦੀ ਸਭ ਤੋਂ ਵੱਡੀ ਹਸਤੀ 'ਹਨੀਬਾਲ' ਮੰਨੀ ਜਾਂਦੀ ਹੈ, ਜਿਸ ਨੇ ਇਟਲੀ ਤੇ ਧਾਵਾ ਬੋਲ ਕੇ ਰੋਮਾਂ ਦੀ ਸਲਤਨਤ ਦਾ ਖੁਰਾ ਖੋਜ ਮਿਟਾ ਦੇਣ ਦਾ ਪ੍ਰਣ ਕੀਤਾ ਸੀ। ਇਸ ਹੱਲੇ ਸਮੇਂ ਇਸ ਨੇ ਐਨਾ ਜੋਸ਼ ਤੇ ਨਿਰਭੈਤਾ ਦੱਸੀ ਜਿਸ ਨਾਲ ਸੰਸਾਰ ਤੇ ਇਸ ਦੇ ਨਾਮ ਦਾ ਡੰਕਾ ਵਜ ਗਿਆ ਅਰਥਾਤ 'ਐਲਪਸ' ਵਰਗੇ ਬਰਫਾਨੀ ਉਚੇ ਪਹਾੜ ਤੋਂ ਸਣੇ ਆਪਣੇ ਲਸ਼ਕਰ ਦੇ ਲੰਘ ਗਿਆ। ਇਸ ਤੋਂ ਪਹਿਲਾਂ ਇਸ ਪਹਾੜ ਤੋਂ ਐਸੇ ਸਮੇਂ ਗੁਜ਼ਰਨਾ ਅਸੰਭਵ ਮੰਨਿਆਂ ਜਾਂਦਾ ਸੀ ਇਸ ਨੇ ਇਟਲੀ ਤੇ ਭਾਰੀਆਂ ਫਤਹਯਾਬੀਆਂ ਪਾਈਆਂ, ਛੇਕੜ ਆਪਣੇ ਦੇਸ 'ਕਾਰਥੀਜ' ਵਿਚ ਨੱਠੇ ਜਾਂਦੇ ਦਾ ਸਿਰ ਵੱਢ ਦਿੱਤਾ ਗਿਆ।

(2) ਦੂਜੀ ਨਜ਼ੀਰ ਰੋਮ ਦੇ ਪਹਿਲੇ ਕੈਸਰ ਦੀ ਹੈ, ਜਿਸ ਨੇ ਬਹੁਤਾ ਬੜਾ ਦੇਸ਼ ਰੋਮਾ ਲਈ ਫਤਹ ਕੀਤਾ, ਪਰ ਉਸ ਨੂੰ ਆਪਣੇ ਮਿੱਤਰਾਂ ਤੇ ਸਹਾਇਕਾਂ ਨੇ ਬੜੀ ਬੇਤਰਸੀ ਨਾਲ ਕਤਲ ਕਰ ਦਿੱਤਾ।

(3) ਯੂਰਪ ਦੇ ਪ੍ਰਸਿੱਧ ਵਿਜਈ ਨੈਪੋਲੀਅਨ ਬੋਨਾਪਾਰਟ ਦੇ ਟਾਕਰੇ ਦਾ ਕੌਣ ਹੌਂਸਲਾ ਕਰ ਸਕਦਾ ਸੀ। ਯੂਰਪ ਦੀਆਂ ਸਾਰੀਆਂ ਹਕੂਮਤਾਂ ਉਸ ਦੇ ਨਾਮ ਤੋਂ ਥਰ ਥਰ

------

*1. ਬੈਰਨ ਹੂਗਲ ਮਹਾਰਾਜਾ ਦੇ ਹਾਥੀਆਂ ਦਾ ਸਮਾਚਾਰ ਆਪਣੇ ਸਫਰਨਾਮੇ ਵਿਚ ਇਸ ਤਰ੍ਹਾਂ ਲਿਖਦਾ ਹੈ ਕਿ 'ਸਰਦਾਰ ਜੀ' ਨਾਮੀਂ ਹਾਥੀ ਦੀ ਉਚਾਈ, ਡੀਲ ਡੌਲ ਤੇ ਸਜਾਵਟ ਦੇਖ ਕੇ ਉਹ ਹੈਰਾਨ ਰਹਿ ਗਿਆ ਤੇ ਕੇਵਲ ਇਸ ਇਕ ਹਾਥੀ ਦੀਆਂ ਝੁਲਾਂ ਤੇ ਸਜਾਵਟ ਦੇ ਸਮਿਆਨ ਪਰ 130000 ਰੁਪਿਆ ਮਹਾਰਾਜਾ ਸਾਹਿਬ ਦਾ ਖਰਚ ਹੋਇਆ ਸੀ। ਇਸੇ ਤਰ੍ਹਾਂ 101 ਹਾਥੀ ਖਾਸ ਮਹਾਰਾਜਾ ਸਾਹਿਬ ਦੀ ਸਵਾਰੀ ਲਈ ਸਨ, ਇਹਨਾਂ ਤੋਂ ਛੁਟ 1000 ਚੋਣਵੇਂ ਘੋੜੇ ਬਹੁਮੁੱਲੀ ਸ਼ਾਹੀ ਸਮਿਆਨ ਸਣੇ ਮਹਾਰਾਜੇ ਲਈ ਹਨ, ਇਸ ਦੀਆਂ ਫੌਜਾਂ ਲਈ 69 ਹਜ਼ਾਰ ਘੋੜੇ ਇਨ੍ਹਾਂ ਤੋਂ ਵੱਖ ਹਨ।*

ਕੰਬਦੀਆਂ ਸਨ, ਜਿਸ ਨੂੰ ਚਾਹੁੰਦਾ ਸੀ ਤਖਤ ਤੋਂ ਉਤਾਰਦਾ ਤੇ ਜਿਸ ਨੂੰ ਭਾਂਵਦਾ ਹਕੂਮਤ ਬਖਸ਼ ਦਿੰਦਾ ਸੀ, ਪਰ ਅਫਸੋਸ ! ਉਹੀ ਨੈਪੋਲੀਅਨ ਇਕ ਨਿਰਜਨ ਟਾਪੂ ਸੈਂਟ ਹੈਲਨਾ ਵਿਚ ਸਾਗਰ ਦੇ ਕੰਢੇ ਬੈਠਾ ਗੀਟੀਆਂ ਗਿਣਦਾ ਆਪਣੀ ਕੈਦ ਦੇ ਦਿਨ ਗੁਜ਼ਾਰਦਾ ਹੈ, ਛੇਕੜ ਡਾਢਾ ਨਿਰਾਸ਼ ਤੇ ਦੁਖੀ ਹੋ ਕੇ ਸੰਸਾਰ ਤੋਂ ਕੂਚ ਕਰਦਾ ਹੈ ।

(4) ਏਸ਼ੀਆ ਦੀ ਤਾਰੀਖ ਵਿਚ ਨਾਦਰ ਸ਼ਾਹ ਦੀ ਨਜ਼ੀਰ ਬਹੁਤ ਸੁਹਣੀ ਹੈ ਕਿ ਉਹ ਇਕ ਗਡਰੀਏ ਦੀ ਦਸ਼ਾ ਤੋਂ ਉਠ ਕੇ ਈਰਾਨ ਦਾ ਬਾਦਸ਼ਾਹ ਬਣ ਗਿਆ ਤੇ ਉਸ ਨੇ ਹਿੰਦੁਸਤਾਨ ਤੇ ਹਮਲਾ ਕਰਕੇ ਫਤਹਿ ਕਰ ਲਿਆ ਅਤੇ 'ਤਖਤ-ਤਾਊਸ' ਜਿਹਾ ਕੀਮਤੀ ਤਖਤ ਤੇ 'ਕੋਹਨੂਰ' ਵਰਗਾ ਬਹੁਮੁੱਲਾ ਹੀਰਾ ਲੁੱਟ ਵਿਚ ਲੈ ਗਿਆ । ਪਰ ਵਿਚਾਰੇ ਤੋਂ ਸਾਰੀ ਉਮਰ ਦਿੱਲੀ ਦਾ ਕਤਲੇਆਮ ਦਾ ਧੱਬਾ ਨਾ ਧੋਤਾ ਗਿਆ[1] । ਛੇਕੜ ਕਮਲਾ ਹੋ ਕੇ ਇਥੋਂ ਤਕ ਦੁਖੀ ਜ਼ਿੰਦਗੀ ਗੁਜ਼ਾਰੀ ਕਿ ਆਪਣੇ ਸਕੇ ਪੁੱਤਰ ਰਜਾਕ ਅਲੀ ਦੀਆਂ ਅੱਖਾਂ ਆਪਣੇ ਸਾਹਮਣੇ ਕਢਵਾ ਸੁੱਟੀਆਂ, ਆਪਣੇ ਵਜ਼ੀਰਾਂ ਦੇ ਲਹੂ ਨਾਲ ਹੱਥ ਧੋਤੇ ਤੇ ਅਖੀਰ ਆਪ ਵੀ ਆਪਣੇ ਨਿਮਕ ਖੋਰਾਂ ਦੇ ਹੱਥੋਂ ਕਤਲ ਹੋਇਆ ।

(5) ਬਹਾਦਰ ਪ੍ਰਤਾਪ ਰਾਜਪੂਤੀ ਆਨ ਨੂੰ ਸਥਿਰ ਰੱਕਣ ਲਈ ਆਪਣੀ ਉਮਰ ਦਾ ਵਧੇਰਾ ਭਾਗ ਅਕਬਰੀ ਫੌਜਾਂ ਨਾਲ ਲੜਦਾ ਰਿਹਾ, ਪਰ ਉਸ ਨੂੰ ਅਸੀਂ ਇਕ ਸਮੇਂ ਆਪਣੇ ਪ੍ਰਸਿੱਧ ਘੋੜੇ 'ਚੇਤਕ' ਤੇ ਸਵਾਰ ਦੋ ਮੁਗਲ ਸਵਾਰਾਂ ਦੇ ਢਹੇ ਚੜ੍ਹਿਆ ਹੋਇਆ ਪਹਾੜਾਂ ਵਿਚ ਨੱਠਾ ਫਿਰਦਾ ਵੇਖਦੇ ਹਾਂ, ਦੂਜੇ ਦਿਨ ਆਪਣੇ ਨਿੱਕੇ ਮੁੰਡੇ ਦੇ ਹੱਥੋਂ ਅੱਧੀ ਰੋਟੀ ਜੰਗਲੀ ਬਿੱਲੀ ਖੋਹ ਲੈ ਜਾਣ ਨੂੰ ਵੇਖ ਕੇ ਡਾਢਾ ਨਿਰਾਸ ਹੋਇਆ ਅਤੇ ਇਸ ਦੀਆਂ ਅੱਖਾਂ ਨੇ ਸਾਵਣ ਦੀ ਝੜੀ ਲਾ ਦਿੱਤੀ[2], ਇਸ ਸਮੇਂ ਉਹ ਅਕਬਰ ਦੀ ਈਨ ਮੰਨਣ ਲਈ ਲਿਖਦਾ ਹੈ।

(6) ਸਭ ਤੋਂ ਵੱਡੀ ਨਜ਼ੀਰ ਸਾਨੂੰ ਹਿੰਦੂ-ਪਤ ਮਾਨਯੋਗ ਬਹਾਦਰ ਸ਼ੇਵਾ ਜੀ ਮਰਹੱਟਾ ਦੀ ਮਿਲਦੀ ਹੈ, ਜਿਨ੍ਹਾਂ ਆਪਣੇ ਬਾਹੂਬਲ ਨਾਲ ਰਾਜ ਭਾਗ ਕੀਤਾ, ਪਰ ਇਤਿਹਾਸਕ ਦ੍ਰਿਸ਼ਟੀਕੋਣ ਨਾਲ ਅਸੀਂ ਇਸ ਗੱਲ ਦੇ ਲਿਖਣ ਲਈ ਮਜਬੂਰ ਹਾਂ ਕਿ ਉਹ ਵੀ ਇਨ੍ਹਾਂ ਕਮਜ਼ੋਰੀਆਂ ਤੋਂ ਨਹੀਂ ਬਚ ਸਕਿਆ ਜਿਨ੍ਹਾਂ ਤੋਂ ਸ਼ੇਰਿ ਪੰਜਾਬ ਦਾ ਜੀਵਨ ਸੋਹਣਾ ਤੇ ਬੇਦਾਗ ਹੈ।

ਇਸੇ ਭਾਵ ਨੂੰ ਲੈਂਦਾ ਹੋਇਆ ਬੈਰਨ ਹੂਗਲ ਲਿਖਦਾ ਹੈ ਕਿ 'ਸੰਸਾਰ ਤੇ ਕਦੀ ਵੀ ਐਨੀ ਵੱਡੀ ਸਲਤਨਤ ਇਕ ਆਦਮੀ ਨੇ ਨਹੀਂ ਕਾਇਮ ਕੀਤੀ ਜਿਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ, ਅਤੇ ਉਹ ਕਿਸੇ ਭਾਰੀ ਇਖ਼ਲਾਕੀ ਅਪਰਾਧ ਤੋਂ ਬਚਿਆ ਰਿਹਾ ਹੋਵੇ ।"

ਮੇਜਰ ਲਾਰੰਸ ਲਿਖਦਾ ਹੈ ਕਿ 'ਮੰਹਾਰਾਜਾ ਰਣਜੀਤ ਸਿੰਘ ਜੀ ਨਿਰਸੰਦੇਹ (Great man) ਮਹਾਂਪੁਰਖ ਤੇ ਚੰਗਾ ਬਾਦਸ਼ਾਹ ਸੀ, ਉਹ ਬੜਾ ਫੁਰਤੀਲਾ ਤੇ ਨਿਆਂਕਾਰੀ ਹੁਕਮਰਾਨ ਸੀ, ਉਹ ਬੜਾ ਕਿਰਪਾਲੂ ਤੇ ਦਰਿਆ ਦਿਲ ਮਾਲਕ ਸੀ । ਬਾਜ਼ੇ ਕਹਿੰਦੇ ਹਨ ਕਿ ਉਹ ਵਾਇਦੇ ਦਾ ਪੱਕਾ ਨਹੀਂ ਸੀ, ਪਰ ਇਹ ਗੱਲ ਉਕੀ ਝੂਠ ਹੈ ਉਸ ਦੇ ਨਾਲ ਦੇ ਬਚਨ ਦਾ ਪੱਕਾ ਮੈਂ ਨਾ ਹੋ ਚੁੱਕੇ ਬਾਦਸ਼ਾਹਾਂ ਵਿਚ ਤੇ ਨਾ ਹੀ ਮੌਜੂਦਾ ਵਿਚ ਡਿੱਠਾ ਹੈ" ਆਦਿ...... । ਇਹੋ ਲੇਖਕ ਅਗੇ ਜਾ ਕੇ ਲਿਖਦਾ ਹੈ ਕਿ 'ਮਹਾਰਾਜਾ ਜ਼ਾਤੀ ਤੌਰ ਪਰ ਬੜਾ ਜਵਾਨ-ਮਰਦ ਤੇ ਨਿਰਭੈ-

- - - - - -

1. *ਲਿਖਤ ਹੈ ਕਿ ਇਸ ਕਤਲਿਆਮ ਵਿਚ 150000 ਦੇ ਲਗਭਗ ਬਿਦੋਸ਼ੇ ਮਰਦ, ਤੀਵੀਆਂ ਤੇ ਬੱਚੇ ਕਤਲ ਹੋਏ ।*
2. *ਟਾਡ ਰਾਜਿਸਥਾਨ*

ਯੋਧਾ ਜਿਸ ਨੇ ਕਈ ਮੌਕਿਆਂ ਪਰ ਮੈਦਾਨ ਜੰਗ ਵਿਚ ਆਪਣੀ ਤਲਵਾਰ ਨਾਲ ਆਪਣੇ ਵੈਰੀਆਂ ਦੇ ਸਿਰ ਧੜ ਤੋਂ ਅੱਡ ਕੀਤੇ, ਇੰਨੀ ਵਧੀ ਹੋਈ ਬੀਰਤਾ ਦੇ ਨਾਲ ਇਹ ਕਦੇ ਵੀ ਕਿਸੇ ਨੂ ਬੇਤਰਸੀ ਨਾਲ ਸਜ਼ਾ ਦਿੱਤੀ ਹੋਵੇ ਯਾ ਆਪਣੇ ਵੈਰੀਆਂ ਦੇ ਬਦਲੇ ਵਿਚ ਉਸ ਨੇ ਕਿਸੇ ਤੇ ਅਧਰਮ ਕੀਤਾ ਹੋਵੇ । ਇਹ ਸਭ ਕੁਝ ਮਹਾਰਾਜਾ ਦੀ ਆਪਣੀ ਸਿਆਣਪ ਤੇ ਸਖਤ ਯਤਨ ਦਾ ਫਲ ਸੀ ਕਿ ਖ਼ਾਲਸਾ ਕੌਮ ਇਸ ਉਚੇ ਮੁਰਾਤਬੇ ਪਰ ਪਹੁੰਚੀ । ਇਸ ਬਾਬਤ ਨਵਾਬ ਜ਼ੁਲਫਕਾਰ ਅਲੀ ਖ਼ਾਨ 'ਦਰਬਾਰ ਵ ਫਰਦਗਾਹ ਮਹਾਰਾਜਾ ਰਣਜੀਤ ਸਿੰਘ ਦੇ ਦੀਬਾਚੇ' ਸਫਾ 17-18 ਤੇ ਲਿਖਦਾ ਹੈ ਜੋ ਅਸੀਂ ਉਸ ਦੇ ਆਪਣਿਆਂ ਸ਼ਬਦਾਂ ਵਿਚ ਹੇਠ ਦਿੰਦੇ ਹਾਂ:-

"ਮਹਾਰਾਜਾ ਰਣਜੀਤ ਸਿੰਘ ਕੀ ਹਮਾਤਨ ਕੋਸ਼ਿਸ਼ ਕਾ ਯੇ ਨਤੀਜਾ ਹੂਆ ਕਿ ਥੋੜ੍ਹੇ ਅਰਸੇ ਮੇਂ ਉਨ੍ਹੋਂ ਨੇ ਆਪਨੀ ਫੌਜ ਕੋ ਨਿਹਾਇਤ ਆਹਲਾ ਦਰਜੇ ਕੀ ਤਰੱਕੀ ਕੋ ਪਹੁੰਚਾ ਦੀਆ। ਮਹਾਰਾਜਾ ਸਾਹਿਬ ਇਸ ਖਿਆਲ ਸੇ ਤੋ ਕਾਬਿਲ ਤਾਰੀਫ ਥੇ ਹੀ ਕਿ ਉਨ੍ਹੋਂ ਨੇ ਆਪਨੀ ਨਿਗਰਾਨੀ ਔਰ ਬੇਹੱਦ ਕੋਸ਼ਿਸ਼ ਸੇ ਏਕ ਬਾਕਾਇਦਾ ਫੌਜ ਕੋ ਅਰਾਨਤਾ ਕਰ ਲੀਆ, ਮਗਰ ਸਭ ਸੇ ਜ਼ਿਆਦਾ ਹੈਰਤ ਅੰਗੇਜ਼ ਬਾਤ ਉਨ ਕੀ ਖ਼ੁਦਾਦਾਦ ਸਮਝ ਕੀ ਹੈ ਏਕ ਐਸੇ ਜ਼ਮਾਨੇ ਮੇਂ ਜਬ ਕਿ ਤਮਾਮ ਅਤਰਾਫ ਮੇਂ ਉਸ ਕੇ ਹਮਅਸਰ ਕਿਆ ਬਲਕਿ ਉਸ ਸੇ ਜ਼ਿਆਦਾ ਮਜ਼ਬੂਤ ਲੋਕ ਮੌਜੂਦ ਥੇ ਔਰ ਉਨ ਕੋ ਪਾਮਾਲ ਕਰਨੇ ਕੇ ਲੀਏ ਹਰ ਵਕਤ ਕੋਸ਼ਿਸ਼ ਮੇਂ ਲਗੇ ਹੂਏ ਥੇ ਆਪ ਨੇ ਥੋੜ੍ਹੇ ਸੇ ਜਥੇ ਕੇ ਸਾਥ ਸਭ ਕੋ ਮਗਲੂਬ ਕਰ ਲੀਆ ।'

## ਕੀ ਮਹਾਰਾਜਾ ਕੌਮ ਘਾਤਕ ਸੀ ?

ਸਭ ਤੋਂ ਵੱਡਾ ਦੋਸ਼ ਜੋ ਕੁਝ ਕੁ ਆਦਮੀਆਂ ਵਲੋਂ ਸ਼ੇਰਿ ਪੰਜਾਬ ਦੇ ਜੀਵਨ ਪਰ ਲਾਇਆ ਜਾਂਦਾ ਹੈ, ਉਹ ਇਹ ਹੈ ਕਿ ਉਸ ਨੇ ਮਿਸਲਾਂ ਤੋਂ ਇਲਾਕੇ ਖੋਹ ਕੇ ਖ਼ਾਲਸਾ ਕੌਮ ਨੂੰ ਕਮਜ਼ੋਰ ਕਰ ਦਿੱਤਾ । ਬੇਸ਼ੱਕ ਇਹ ਖਿਆਲ ਬੜਾ ਹੀ ਘ੍ਰਿਣਾ ਪੈਦਾ ਕਰਨ ਵਾਲਾ ਹੈ ਅਤੇ ਸ਼ੇਰਿ ਪੰਜਾਬ ਵਿਚ ਉਪਰ ਦੱਸੇ ਸਾਰੇ ਸ਼ੁਭ ਗੁਣਾਂ ਦੇ ਹੁੰਦਿਆਂ ਵੀ ਜੇ ਕਦੇ ਕੇਵਲ ਇਕ ਇਹੋ ਔਗੁਣ ਉਸ ਵਿਚ ਯਕੀਨੀ ਹੋਵੇ ਤਾਂ ਨਿਰਸੰਦੇਹ ਉਹ ਕੌਮ ਦੇ ਦਿਲ ਵਿਚ ਕਦੀ ਉਚੀ ਥਾਂ ਨਹੀਂ ਪਾ ਸਕਦਾ । ਇਹ ਖਿਆਲ ਸਾਡੇ ਮਨ ਵਿਚ ਵੀ ਮੁੱਦਤ ਤਕ ਗੇੜਾ ਲਾਉਂਦਾ ਰਿਹਾ, ਜਦ ਤਕ ਕਿ ਅਸਾਂ ਇਤਿਹਾਸ ਦੀ ਡੂੰਘੀ ਖੋਜ ਨਹੀਂ ਸੀ ਕੀਤੀ, ਪਰ ਹੁਣ ਜਦ ਅਸੀਂ ਉਸ ਸਮੇਂ ਦਾ ਮਿਸਲਾਂ ਦਾ ਆਪਸ ਵਿਚ ਵਰਤਾਵ ਦੇਖਦੇ ਹਾਂ ਤਾਂ ਮਹਾਰਾਜੇ ਦਾ ਇਹ ਔਗੁਣ ਕਿਸੇ ਹੋਰ ਰੂਪ ਵਿਚ ਪਲਟ ਕੇ ਗੁਣ ਹੋ ਭਾਸਦਾ ਹੈ । ਮਿਸਲਾਂ ਆਪਣੇ ਅਖੀਰਲੇ ਸਮੇਂ ਇਕ ਦੂਜੇ ਦੇ ਖ਼ੂਨ ਦੀਆਂ ਤਿਹਾਈਆਂ ਸਨ, ਇਸ ਤਰ੍ਹਾਂ ਲਗਭਗ ਇਕ ਸਦੀ ਦੀਆਂ ਭਾਰੀਆਂ ਕੁਰਬਾਨੀਆਂ ਕਰਕੇ ਪੈਦਾ ਕੀਤੀ ਹੋਈ ਪੁਲੀਟੀਕਲ ਤਾਕਤ ਆਪਸ ਵਿਚ ਲੜ ਲੜ ਕੇ ਗਵਾ ਰਹੀਆਂ ਸਨ[1]। ਇਸ ਸਮੇਂ ਦੇ ਸਿੱਖ ਮਿਸਲਦਾਰਾਂ ਤੇ ਰਿਆਸਤਾਂ ਦਾ ਹਾਲ ਸਰ ਲੈਪਲ ਗ੍ਰਿਫਨ ਇਸ

- - - - - -

*1. ਇਸ ਵਿਚ ਜ਼ਰਾ ਵੀ ਸੰਦੇਹ ਨਹੀਂ ਕਿ ਮਿਸਲਾਂ ਦੇ ਮਿਸਲਦਾਰਾਂ ਨੇ ਪਹਿਲੇ ਪਹਿਲ ਕੌਮ ਨੂੰ ਉਠਾਉਣ ਵਿਚ ਬਹੁਮੁੱਲੀ ਸੇਵਾ ਕੀਤੀ, ਜਿਸ ਲਈ ਖ਼ਾਲਸਾ ਕੌਮ ਸਦੀਵ ਉਨ੍ਹਾਂ ਦਾ ਹਸਾਨਮੰਦ ਰਹੇਗੀ, ਪਰ ਜਦ ਤਕ ਸਿੱਖੀ ਦੀ ਪਵਿੱਤਰਤਾ ਨੂੰ ਉਹਨਾਂ ਨੇ ਆਪਣਾ ਆਦਰਸ਼ ਰੱਖਿਆ । ਕਿਤੂੰ ਇਨ੍ਹਾਂ ਦੇ ਅਖੀਰਲੇ ਦਿਨਾਂ ਵਿਚ ਜਦ ਉਚੇ ਆਚਰਨ ਦੇ ਲੀਡਰ ਇਨ੍ਹਾਂ ਦੇ ਸਿਰਾਂ ਤੋਂ ਟੁਰ ਗਏ ਤਾਂ ਹੁਣ ਇਹ ਆਪਸ ਦੇ ਲੜਾਈ ਝਗੜੇ ਕਾਰਨ ਖ਼ਾਲਸੇ ਨੂੰ ਕਮਜ਼ੋਰ ਕਰ ਰਹੇ ਸਨ ਤੇ ਕੌਮ ਲਈ ਹਾਨੀਕਾਰਕ ਸਨ ।*

ਤਰ੍ਹਾਂ ਲਿਖਦਾ ਹੈ –'ਇਸ ਸਮੇਂ ਇਕ ਰਿਆਸਤ ਦੂਸਰੀ ਰਿਆਸਤ ਨਾਲ ਦੁਵੈਖ ਰੱਖਦੀ ਸੀ ਅਤੇ ਇਸਲਾਮੀ ਤਾਕਤ ਦੇ ਛੇਕੜ ਗਿਰਾਵ ਦੇ ਪਿਛੋਂ ਆਪਸ ਵਿਚ ਕੋਈ ਜੱਥੇਬੰਦੀ ਮਿਸਲਾਂ ਵਿਚ ਨਹੀਂ ਸੀ ਰਹੀ। ਇਸ ਤੋਂ ਛੁਟ ਕਈ ਕਈ ਵਾਰ ਇਨ੍ਹਾਂ ਮਿਸਲਾਂ ਵਿਚੋਂ ਮਿਸਲਦਾਰਾਂ ਨੇ ਬੜੇ ਬੜੇ ਰਮਣੀਕ ਇਲਾਕੇ ਬੜੀਆਂ ਭਾਰੀਆਂ ਕੁਰਬਾਨੀਆਂ ਕਰਕੇ ਫਤਹਿ ਕੀਤੇ, ਪਰ ਆਪਸ ਵਿਚ ਦੀ ਫੁਟ ਦੇ ਕਾਰਣ ਉਹ ਉਹਨਾਂ ਨੂੰ ਆਪਣਿਆਂ ਅਧਿਕਾਰਾਂ ਵਿਚ ਨਾ ਰੱਖ ਸਕੇ। ਜਿਹਾ ਕਿ ਸਰਹਿੰਦ ਪਰ ਦੋ ਵਾਰੀ ਖ਼ਾਲਸੇ ਦੀਆਂ ਬੜੀਆਂ ਕਰੜੀਆਂ ਲੜਾਈਆਂ ਪਿਛੋਂ ਅਧਿਕਾਰ ਹੋਇਆ, ਪਰ ਆਪਸ ਦਾ ਸਾਂਝਾ ਪਿਆਰ ਨਾ ਹੋਣ ਕਰਕੇ ਮੁੜ ਕਬਜ਼ੇ 'ਤੋਂ ਨਿਕਲ ਗਿਆ। ਸੰਨ 1765 ਈ: ਵਿਚ ਸਰਦਾਰ ਲਹਿਣਾ ਸਿੰਘ ਤੇ ਗੁਜਰ ਸਿੰਘ ਨੇ ਮਿਲ ਕੇ ਲਾਹੌਰ ਨੂੰ ਫਤਹ ਕਰ ਲਿਆ, ਪਰ ਹੱਥ ਆਏ ਇਲਾਕੇ ਵੰਡਣ ਪਰ ਇਨ੍ਹਾਂ ਦੋਹਾਂ ਸਰਦਾਰਾਂ ਵਿਚ ਇੰਨਾ ਵਿਵਾਦ ਵਧਿਆ ਕਿ ਕਈ ਆਦਮੀ ਦੋਹਾਂ ਸਰਦਾਰਾਂ ਵਲੋਂ ਮਾਰੇ ਗਏ, ਛੇਕੜ ਸੋਭਾ ਸਿੰਘ ਘਨੱਯਾ ਨੇ ਆ ਕੇ ਫੈਸਲਾ ਕਰਾਇਆ ਅਤੇ ਆਪਣਾ ਹਿੱਸਾ ਲਾਹੌਰ ਵਿਚ ਕਾਇਮ ਕੀਤਾ। ਸੰਨ 1767 ਈ: ਵਿਚ ਅਹਿਮਦ ਸ਼ਾਹ ਨੇ ਇਨ੍ਹਾਂ ਤੋਂ ਲਾਹੌਰ ਖੋਹ ਲਿਆ। ਅਹਿਮਦ ਸ਼ਾਹ ਦੇ ਮੁੜ ਜਾਣ ਪਿਛੋਂ ਇਨ੍ਹਾਂ ਨੇ ਫੇਰ ਲਾਹੌਰ ਲੈ ਲਿਆ, ਇੰਨੇ ਨੂੰ ਸ਼ਾਹਜਮਾਨ ਆਇਆ ਤੇ ਇਨ੍ਹਾਂ ਨੂੰ ਹਟਾ ਕੇ ਲਾਹੌਰ ਦਾ ਮਾਲਕ ਬਣ ਬੈਠਾ। ਇਸ ਤਰ੍ਹਾਂ ਚਾਰ ਵਾਰੀ ਇਨ੍ਹਾਂ ਸਰਦਾਰਾਂ ਲਾਹੌਰ ਤੇ ਕਬਜ਼ਾ ਕੀਤਾ ਅਤੇ ਚਾਰ ਵਾਰੀ ਹੀ ਬਾਹਰ ਆ ਕੇ ਇਸਲਾਮੀ ਹਾਕਮਾਂ ਨੇ ਇਨ੍ਹਾਂ ਤੋਂ ਖੋਹ ਲਿਆ। ਸਰਦਾਰ ਝੰਡਾ ਸਿੰਘ ਭੰਗੀ ਨੇ ਸੰਨ 1772 ਈ: ਵਿਚ ਮੁਲਤਾਨ ਤੇ ਝੰਗ ਆਦਿ ਨੂੰ ਫਤਹ ਕੀਤਾ, ਪਰ ਦੂਜੀਆਂ ਮਿਸਲਾਂ ਨਾਲ ਵਿਗਾੜ ਹੋਣ ਕਾਰਨ ਸਹਾਇਤਾ ਦੇ ਸਮੇਂ ਕੋਈ ਦੂਜੀ ਮਿਸਲ ਮੱਦਦ ਲਈ ਤਿਆਰ ਨਹੀਂ ਸੀ, ਜਿਸ ਕਰਕੇ ਦੋਵੇਂ ਵਾਰੀ ਇਹ ਭਾਰੀ ਇਲਾਕਾ ਤੈਮੂਰ ਸ਼ਾਹ ਨੇ ਉਹਨਾਂ ਤੋਂ ਖੋਹ ਕੇ ਸੰਨ 1779 ਈ: ਵਿਚ ਸ਼ੁਜਾਖ਼ਾਨ ਨੂੰ ਦਿਵਾ ਦਿੱਤਾ।

ਜਰਨੈਲ ਗਾਰਡਨ ਲਿਖਦਾ ਹੈ ਕਿ ਸ਼ੇਰਿ ਪੰਜਾਬ ਦੇ ਮੈਦਾਨ ਵਿਚ ਉਤਰਨ ਦੇ ਸਮੇਂ ਤੋਂ ਕੁਝ ਚਿਰ ਪਹਿਲੇ ਮਿਸਲਦਾਰਾਂ ਦੇ ਆਪਸ ਵਿਚ ਸਾਂਝੇ ਦਰਦ ਦੀ ਥਾਂ ਅਪਸੁਆਰਥ ਨੇ ਆ ਮੱਲੀ ਸੀ, ਜਿਸ ਦਾ ਸਿੱਟਾ ਇਹ ਨਿਕਲਿਆ ਕਿ ਹੁਣ ਲੱਗੀਆਂ ਆਪਸ ਵਿਚ ਤਲਵਾਰਾਂ ਚੱਲਣ। ਮਿਸਲਾਂ ਆਪਣਾ ਕੰਮ ਕਰ ਚੁੱਕੀਆਂ ਸਨ, ਹੁਣ ਇਨ੍ਹਾਂ ਦੇ ਆਪਸ ਵਿਚ ਇਕ ਮੁੱਠ ਹੋਣ ਦੀ ਡਾਢੀ ਲੋੜ ਸੀ, ਤਾਂ ਕਿ ਪੈਦਾ ਕੀਤੀ ਹੋਈ ਤਾਕਤ ਨੂੰ ਅਟੱਲ ਰੱਖਿਆ ਜਾਏ। ਜਿਸ ਤਰ੍ਹਾਂ ਸਤਿਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਸੁਧਾਰ ਦਾ ਕੰਮ ਕੀਤਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਦੇ ਨਾਲ ਨਾਲ ਬੀਰਤਾ ਤੇ ਏਕਤਾ ਦੇ ਉਚੇ ਗੁਣ ਖ਼ਾਲਸੇ ਵਿਚ ਭਰ ਕੇ ਕੌਮ ਨੂੰ ਜੀਵਤ ਕੀਤਾ, ਇਸੇ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਨੇ ਨਿੱਕੀ ਉਮਰ ਵਿਚ ਹੀ ਸਮੇਂ ਦੀ ਨਬਜ਼ ਨੂੰ ਪਛਾਣ ਕੇ ਸੋਚਿਆ ਇਨ੍ਹਾਂ ਦਾ ਜਥੇਬੰਦ ਹੋਣਾ ਕਠਿਨ ਹੈ, ਇਨ੍ਹਾਂ ਸਾਰਿਆਂ ਨੂੰ ਇਕ ਭਾਰੀ ਸਲਤਨ ਵਿਚ ਢਾਲ ਦੇਣਾ ਚਾਹੀਏ, ਜਿਉਂ ਜਾਪਾਨ ਦੇ ਮਿਕਾਡ ਪਾਤਸ਼ਾਹ ਦੇ ਵੇਲੇ ਜਾਪਾਨ ਦੀਆਂ ਸਾਰੀਆਂ ਅੱਡ ਅੱਡ ਰਿਆਸਤਾਂ ਇਕ ਸਲਤਨ ਵਿਚ ਢਾਲੀਆਂ ਗਈਆਂ। ਸੋ ਉਸ ਸਮੇਂ ਦੇ ਹਾਲਾਤ ਦੇ ਮੁਤਾਬਿਕ ਮਹਾਰਾਜਾ ਨੇ ਆਪਣੀ ਅਦੁੱਤੀ ਬੀਰਤਾ ਤੇ ਸਖਸ਼ੀਅਤ ਦੇ ਬਲ ਨਾਲ ਖਿੰਡੀ ਹੋਈ ਕੌਮ ਨੂੰ ਜਥੇਬੰਦੀ ਤੇ ਪਰਸਪਰ ਪਿਆਰ ਦੇ ਪੱਕੇ ਸੰਗਲਾਂ ਨਾਲ ਜਕੜ ਕੇ ਕੌਮ ਨੂੰ ਘਰੋਗੀ ਲੜਾਈਆਂ ਦੇ ਖੂਹ ਵਿਚ ਡਿੱਗਣ ਤੋਂ ਬਚਾ ਲਿਆ, ਜਿਸ ਕਰਕੇ ਉਹ ਇਕ ਸਧਾਰਨ ਆਦਮੀ ਤੋਂ ਐਸਾ ਨਾਮਵਰ ਬਾਦਸ਼ਾਹ ਬਣ ਗਿਆ ਕਿ ਜਿਸ ਨਾਲ ਮਿੱਤਰਤਾ ਰੱਖਣੀ

ਦੂਰ ਦੂਰ ਦੇ ਬਾਦਸ਼ਾਹ ਫਖਰ ਸਮਝਦੇ ਸਨ[1]।

ਮਹਾਰਾਜਾ ਅਸਲੀ ਕੰਮ ਕਰਨ ਵਾਲਾ ਮਹਾਂਪੁਰਖ (Great Man) ਅਤੇ ਅਦੁੱਤੀ ਹੁਕਮਰਾਨ ਸੀ, ਉਹ ਪੰਜਾਬ ਪੁਰ ਹੋ ਗੁਜ਼ਰੇ ਸਾਰਿਆਂ ਹੁਕਮਰਾਨਾਂ ਤੋਂ ਚੰਗਾ ਸੀ, ਉਹ ਆਪਣੇ ਪਿਛੇ ਇਕ ਵੱਡੀ ਸਲਤਨਤ, ਜੋ ਇਟਲੀ ਦੇ ਬਰਾਬਰ ਸੀ ਅਤੇ ਜਬਰਦਸਤ ਕਵਾਇਦਦਾਨ ਫੌਜ, ਜੋ ਉਸ ਸਮੇਂ ਦੇ ਵਧੀਆ ਹਥਿਆਰਾਂ ਨਾਲ ਭੂਸ਼ਤ ਸੀ, ਪਿੱਛੇ ਛੱਡ ਕੇ ਸੁਰਗਵਾਸ ਹੋਇਆ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਹਰ ਇਕ ਪੰਜਾਬੀ ਜਿਸ ਦੇ ਦਿਲ ਵਿਚ ਕੁਝ ਵੀ ਦੇਸ਼ ਦਾ ਦਰਦ ਸੀ-ਉਸ ਦੇ ਰਾਜ ਨੂੰ ਸਾਂਝਾ ਰਾਜ ਸਮਝਦਾ ਸੀ, ਕਿਉਂਕਿ ਉਹਨਾਂ ਨੂੰ ਉਹ ਸਾਰੀਆਂ ਖੁੱਲ੍ਹਾਂ ਪ੍ਰਾਪਤ ਸਨ ਜੋ ਕਿਸੇ ਕੌਮੀ ਸਲਤਨਤ ਵਿਚ ਹੁਕਮਰਾਨ ਕੌਮਾਂ ਨੂੰ ਪ੍ਰਾਪਤ ਹੁੰਦੀਆਂ ਹਨ। ਮਹਾਰਾਜਾ ਜਦ ਕੋਈ ਰਾਜ ਸਬੰਧੀ ਕੰਮ ਕਰਦਾ ਤਾਂ ਆਪਣੇ ਦਰਬਾਰੀਆਂ ਦੀ ਰਾਏ ਲੈ ਕੇ ਕਰਦਾ। ਸੰਨ 1805 ਈ: ਵਿਚ ਜਦ ਜਸਵੰਤ ਰਾਇ ਹੁਲਕਰ ਵਾਲੀਏ ਇੰਦੌਰ ਅੰਗਰੇਜ਼ੀ ਫੌਜ ਤੋਂ ਭਾਂਜ ਖਾ ਕੇ ਸ਼ੇਰਿ ਪੰਜਾਬ ਤੋਂ ਸਹਾਇਤਾ ਲੈਣ ਲਈ ਪੰਜਾਬ ਵੱਲ ਆਇਆ ਤਾਂ ਇਸ ਦਾ ਫੈਸਲਾ ਉਸ ਨੇ ਸਾਰੇ ਦਰਬਾਰੀਆਂ ਦੀ ਇੱਛਾ ਅਨੁਸਾਰ ਕੀਤਾ। ਮੂਰ ਕਰਾਫਟ ਲਿਖਦਾ ਹੈ ਕਿ 'ਮੈਂ ਜਦ ਸੰਨ 1820 ਈ: ਵਿਚ ਮਹਾਰਾਜੇ ਅੱਗੇ ਇਹ ਬਿਨੈ ਕੀਤੀ ਕਿ ਅੰਗਰੇਜ਼ੀ ਮਾਲ ਤੇ ਮਸੂਲ ਘਟਾਇਆ ਜਾਏ ਤਾਂ ਉਸ ਪਰ ਉਸ ਨੇ ਹੁਕਮ ਲਿਖਵਾਇਆ ਕਿ ਇਨ੍ਹਾਂ ਦਿਨਾਂ ਵਿਚ ਮੇਰੇ ਬਹੁਤ ਸਾਰੇ ਸਰਦਾਰ ਲਾਹੌਰ ਤੋਂ ਬਾਹਰ ਗਏ ਹੋਏ ਹਨ, ਜਦ ਤਕ ਮੈਂ ਉਹਨਾਂ ਦੀ ਰਾਇ ਨਾ ਲੈ ਲਵਾਂ, ਕੁਝ ਫੈਸਲਾ ਨਹੀਂ ਕਰ ਸਕਦਾ।'

ਸੈਂਕੜੇ ਲਿਖਤਾਂ ਮੌਜੂਦ ਹਨ ਜਿਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਰਾਜ ਦੇ ਮਾਮਲਾਤ ਉਹ ਆਪਣੇ ਦਰਬਾਰੀਆਂ ਦੀ ਸੰਮਤੀ ਨਾਲ ਕਰਦਾ ਹੁੰਦਾ ਸੀ। ਹਾਂ, ਇਸ ਜੱਥੇਬੰਦੀ ਵਿਚ ਕੁਝ ਕੁ ਘਾਟਾ ਸੀ ਤਾਂ ਕੇਵਲ ਉਨ੍ਹਾਂ ਨੂੰ ਕੁਝ ਕੁ ਗਿਣਤੀ ਦਿਆਂ ਮਿਸਲਦਾਰਾਂ ਦਾ, ਜੋ ਆਪਣੇ ਕੌਮੀ ਭਰਾਵਾਂ ਦੀਆਂ ਕੁਰਬਾਨੀਆਂ ਨਾਲ ਇਲਾਕੇ ਤਾਂ ਫਤਹ ਕਰ ਲੈਂਦੇ ਸਨ ਪਰ ਉਹਨਾਂ ਨੂੰ ਝਬਦੇ ਹੀ ਆਪਣੇ ਜਾਤੀ ਵੈਰ ਵਿਰੋਧ ਤੇ ਖਾਨਾਜੰਗੀ ਦੇ ਕਾਰਨ ਆਪਸ ਵਿਚ ਲੜ ਝਗੜ ਕੇ ਕਿਸੇ ਬਾਹਰ ਤੋਂ ਆਏ ਵੈਰੀ ਦੇ ਹੱਥ ਸੌਂਪ ਦਿੰਦੇ ਸਨ। ਜੇ ਕਦੀ ਇਹ ਭਿਆਨਕ ਸਮਾਂ ਕੁਝ ਚਿਰ ਹੋਰ ਇਸ ਤਰ੍ਹਾਂ ਰਹਿੰਦਾ ਤਦ ਉਹ ਦਿਨ ਦੂਰ ਨਹੀਂ ਸੀ ਜਦ ਸਿੱਖ ਕੌਮ ਉਕਾ ਪੰਜਾਬ ਵਿਚੋਂ ਲੋਪ ਹੋ ਜਾਂਦੀ। ਉਪਰ ਦੱਸੀਆਂ ਮਿਸਾਲਾਂ ਤੋਂ ਚੰਗੀ ਤਰ੍ਹਾਂ ਪਤਾ ਹੋ ਸਕਦਾ ਹੈ ਕਿ ਜਿਸ ਦੇਸ਼ ਤੇ ਕੌਮ ਵਿਚ ਐਡੀ ਫੁਟ ਪਸਰੀ ਹੋਈ ਹੋਵੇ ਉਸ ਨੇ ਕੀ ਮੁਲਕ ਆਪਣੇ ਅਧਿਕਾਰ ਵਿਚ

- - - - - -

1. *ਮਹਾਰਾਜਾ ਰਣਜੀਤ ਸਿੰਘ ਦੀ ਸ਼ੁਹਰਤ ਕੇਵਲ ਮਹਾਂਦੀਪ ਏਸ਼ੀਆ ਵਿਚ ਹੀ ਨਹੀਂ ਸੀ, ਸਗੋਂ ਯੂਰਪ ਦੇ ਨਾਮੀਂ ਸ਼ਹਿਨਸ਼ਾਹ ਵੀ ਉਸ ਨਾਲ ਮਿੱਤਰਤਾ ਰੱਖਣੀ ਫਖਰ ਸਮਝਦੇ ਸਨ। ਅੰਗਰੇਜ਼ਾਂ ਤੋਂ ਛੁੱਟ ਸ਼ਹਿਨਸ਼ਾਹ ਰੂਸ ਨੇ ਦੋ ਵਾਰੀ ਸ਼ੇਰਿ ਪੰਜਾਬ ਨਾਲ ਮਿੱਤਰਤਾ ਦਾ ਸਬੰਧ ਕਾਇਮ ਕਰਨ ਲਈ ਖ਼ਤ ਪੱਤਰ ਕੀਤਾ। ਇਕ ਵਾਰ ਮੂਰ ਕਰਾਫਟ ਦੇ ਰਾਹੀਂ ਸੰਨ 1810 ਈ: ਵਿਚ ਤੇ ਦੂਜੀ ਵਾਰੀ ਇਸ ਤੋਂ ਛੇ ਸਾਲ ਪਿਛੋਂ ਪਿਆਰ ਦੇ ਖ਼ਤ ਭੇਜੇ, ਜਿਸ ਵਿਚ ਖ਼ਾਲਸਾ ਕੌਮ ਤੇ ਸਿੱਖ ਮਹਾਰਾਜਾ ਦੀ ਬੜੀ ਸ਼ਲਾਘਾ ਕੀਤੀ ਸੀ। ਇਸੇ ਤਰ੍ਹਾਂ ਸੰਨ 1836 ਈ: ਵਿਚ ਜਰਨੈਲ ਐਲਾਰਡ ਸ਼ੇਰਿ ਪੰਜਾਬ ਤੋਂ ਛੁੱਟੀ ਲੈ ਕੇ ਫਰਾਂਸ ਗਿਆ ਅਤੇ ਵਾਪਿਸ ਆਇਆ ਤਾਂ ਹੁਕਮਰਾਨ ਫਰਾਂਸ ਵਲੋਂ ਬਹੁਮੁੱਲੇ ਤੋਹਫੇ ਤੇ ਪ੍ਰੇਮ ਪੱਤਰ ਸ਼ੇਰਿ ਪੰਜਾਬ ਲਈ ਲਿਆਇਆ ਜਿਸ ਵਿਚ ਬੜੇ ਮਾਨਯੋਗ ਸ਼ਬਦਾਂ ਵਿਚ ਦੋਹਾਂ ਸਲਤਨਤਾਂ ਦੇ ਆਪਸ ਵਿਚ ਮਿੱਤਰਤਾ ਦੇ ਸਬੰਧ ਰੱਖਣ ਦਾ ਜ਼ਿਕਰ ਸੀ। ਈਰਾਨ, ਅਫਗਾਨਿਸਤਾਨ ਦੇ ਏਲਚੀ ਤਾਂ ਸਾਲ ਵਿਚ ਕਈ ਵਾਰ ਆਉਂਦੇ ਸਨ।*

ਰੱਖਣਾ ਸੀ ਤੇ ਕੀ ਉਸ ਨੇ ਕੌਮ ਦੀ ਰਾਖੀ ਕਰਨੀ ਸੀ । ਹੁਣ ਇਸ ਨਾਜ਼ਕ ਸਮੇਂ ਜ਼ਰੂਰੀ ਸੀ ਕਿ ਹੁਣ ਬਾਹਰ ਦਾ ਅਸਿੱਖ ਵੈਰੀ ਆ ਕੇ ਸਾਰੀਆਂ ਸਿੱਖ ਰਿਆਸਤਾਂ ਤੇ ਇਲਾਕਿਆਂ ਨੂੰ ਆਪਣੇ ਕਬਜ਼ੇ ਵਿਚ ਕਰ ਲੈਂਦੇ ਅਤੇ ਖ਼ਾਲਸੇ ਦੀਆਂ ਉਹ ਸਾਰੀਆਂ ਕੁਰਬਾਨੀਆਂ ਅਤੇ ਕਠਿਨ ਘਾਲਾਂ ਵਿਅਰਥ ਜਾਂਦੀਆਂ । ਇਸ ਦਸ਼ਾ ਵਿਚ ਜੇ ਕਦੀ 'ਸ਼ੇਰਿ ਪੰਜਾਬ' ਇਸ ਫੁੱਟ ਨਾਲ ਫੁੱਟੀਆਂ ਪਈਆਂ ਮਿਸਲਾਂ ਤੇ ਹਕੂਮਤਾਂ ਨੂੰ ਮਿਲ ਕੇ ਇਹ ਖ਼ਾਲਸਾਈ ਝੰਡੇ ਹੇਠ ਖ਼ਾਲਸਾ ਸਲਤਨਤ ਦਾ ਖਿਆਲ ਲੈ ਕੇ ਇਕ ਤਾਕਤ ਨਾ ਬਣਾ ਲੈਂਦਾ ਤਾਂ ਸਿੱਖ ਇਤਿਹਾਸ ਦਾ ਇਹ ਸ਼ਾਨਦਾਰ ਭਾਗ ਕਿ 'ਸਿੱਖਾਂ ਨੇ ਪੰਜਾਬ ਵਿਚ ਬਾਦਸ਼ਾਹਤ ਕੀਤੀ' ਕਿਤੇ ਵੀ ਦਿਖਾਈ ਨਾ ਦਿੰਦਾ। ਇਸੇ ਤਰ੍ਹਾਂ ਸਮੇਂ ਦੇ ਹਾਲਤ ਤੇ ਨਜ਼ਰ ਫਿਰਿਆਂ ਇਹ ਸਿੱਧ ਹੋ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦਾ ਛੋਟੇ ਛੋਟੇ ਇਲਾਕਿਆਂ ਨੂੰ ਆਪਣੇ ਨਾਲ ਮਿਲਾ ਕੇ ਇਕ ਬਲਵਾਨ ਤੇ ਜ਼ਬਰਦਸਤ ਸਲਤਨਤ ਦਾ ਕਾਇਮ ਕਰਨਾ ਸਭ ਤਰ੍ਹਾਂ ਯੋਗ ਸੀ । ਮਹਾਰਾਜਾ ਦੇ ਇਸ ਤਰ੍ਹਾਂ ਕਰਨ ਨਾਲ ਖ਼ਾਲਸਾ ਕੌਮ ਕਮਜ਼ੋਰ ਨਹੀਂ ਹੋਈ, ਸਗੋਂ ਇਕ ਖ਼ਾਲਸਾਈ ਝੰਡੇ ਹੇਠ ਇਕੱਠੀ ਹੋ ਕੇ ਡਾਢੀ ਬਲਵਾਨ ਹੋ ਗਈ ਸੀ ।

ਮਲੂਮ ਰਹੇ ਕਿ ਸ਼ੇਰਿ ਪੰਜਾਬ ਇਸ ਗੱਲ ਦਾ ਬੜਾ ਖਿਆਲ ਰੱਖਦਾ ਸੀ ਕਿ ਇਨ੍ਹਾਂ ਰਈਸਾਂ ਵਿਚ ਆਪਣੀਆਂ ਰਿਆਸਤਾਂ ਤੇ ਇਲਾਕਿਆਂ ਦਾ ਚੰਗਾ ਪ੍ਰਬੰਧ ਰੱਖਣ ਦੀ ਯੋਗਤਾ ਦੇਖਦਾ, ਉਹ ਉਹਨਾਂ ਤੋਂ ਕਦੀ ਕੋਈ ਇਲਾਕਾ ਨਹੀਂ ਸੀ ਲੈਂਦਾ ਸਗੋਂ ਉਹਨਾਂ ਨੂੰ ਆਪਣੀ ਤਲਵਾਰ ਨਾਲ ਫਤਹ ਕੀਤੇ ਇਲਾਕੇ ਆਪਣੇ ਵਲੋਂ ਬਖਸ਼ ਕੇ ਉਹਨਾਂ ਨੂੰ ਵਧੇਰੇ ਸ਼ਕਤੀਮਾਨ ਕਰ ਦਿੰਦਾ ਸੀ ।

ਨਜ਼ੀਰ ਲਈ ਸੰਨ 1806 ਈ: ਵਿਚ ਉਸ ਨੇ ਸਤਲੁਜ ਪਾਰ ਦਾ ਬੜਾ ਭਾਰੀ ਇਲਾਕਾ ਫਤਹ ਕਰਕੇ ਸਾਰੇ ਦਾ ਸਾਰਾ ਸਿੱਖ ਰਈਸਾਂ ਨੂੰ ਦੇ ਦਿੱਤਾ, ਜਿਸ ਦਾ ਵੇਰਵਾ ਇਸ ਤਰ੍ਹਾਂ ਹੈ:- ਰਾਜਾ ਭਾਗ ਸਿੰਘ ਜੀਂਦ ਨੂੰ 54 ਪਿੰਡ ਸਣੇ ਲੁਧਿਆਣਾ ਆਦਿ ਦੇ ਜਿਸ ਦਾ ਸਲਾਨਾ ਲਗਾਨ 23290 ਰੁਪਿਆ ਸੀ, ਰਾਜਾ ਜਸਵੰਤ ਸਿੰਘ ਨਾਭਾ ਨੂੰ 38 ਪਿੰਡ ਤਲਵੰਡੀ, ਕੋਟ ਬਸੀਆਂ ਤੇ ਜਗਰਾਉਂ ਆਦਿ, ਜਿਸ ਦਾ ਲਗਾਨ 30040 ਰੁਪਿਆ ਸੀ, ਸਰਦਾਰ ਫਤਹ ਸਿੰਘ ਆਹਲੂਵਾਲੀਆ ਕਪੂਰਥਲਾ ਨੂੰ 106 ਪਿੰਡ 40505 ਰੁਪਿਆ ਦੀ ਆਮਦਨ ਦੇ, ਸਰਦਾਰ ਗੁਰਦਿੱਤ ਸਿੰਘ (ਲਾਦੋਵਾਲ) ਨੂੰ 37 ਪਿੰਡ ਬੁੱਦਵਾਲ ਆਦਿ ਆਮਦਨ ਦੇ, 47090 ਰੁਪਏ ਦੇ ਮਾਮਲੇ ਦੇ, ਸਰਦਾਰ ਬਸਾਵਾ ਸਿੰਘ ਨੂੰ 10 ਪਿੰਡ 5714 ਰੁਪਏ ਦੀ ਆਮਦਨ ਦੇ, ਇਸੇ ਤਰ੍ਹਾਂ ਸਰਦਾਰ ਭਾਗ ਸਿੰਘ ਤੇ ਮੁਹਕਮ ਚੰਦ ਦੀਆਂ ਬਖਸ਼ੀਸ਼ਾਂ ਇਨ੍ਹਾਂ ਤੋਂ ਵੱਖ ਸਨ[1] ।

ਇਸ ਤੋਂ ਛੁਟ ਉਸ ਨੇ ਦੋ ਵਾਰੀ ਆਪ ਪਟਿਆਲੇ ਜਾ ਕੇ ਰਾਜਗਾਨ ਫੂਲਕੀਆਂ ਦੇ ਆਪਸ ਵਿਚ ਦੇ ਝਗੜੇ ਬੜੀ ਯੋਗਤਾ ਤੇ ਮਿਹਨਤ ਨਾਲ ਮਿਟਾਏ । ਜੇ ਕਦੇ ਉਸ ਦਾ ਅਸੂਲ ਹਰ ਇਕ ਸਿੱਖ ਤੋਂ ਇਲਾਕਾ ਖੋਹਣ ਦਾ ਹੁੰਦਾ ਤਾਂ ਉਹ ਕਦੇ ਵੀ ਇਨ੍ਹਾਂ ਰਾਜਿਆਂ ਦੇ ਘਰੋਗੀ ਝਗੜੇ ਨਾ ਮਿਟਾਉਂਦਾ, ਸਗੋਂ ਉਨ੍ਹਾਂ ਦੀ ਫੁਟ ਨੂੰ ਹੋਰ ਵਧੇਰਾ ਵਧਾ ਕੇ ਉਹਨਾਂ ਨੂੰ ਕਮਜ਼ੋਰ ਕਰਦਾ ਤੇ ਸੌਖਾ ਹੀ ਉਹਨਾਂ ਦੇ ਭਾਰੀ ਇਲਾਕੇ ਆਪਣੇ ਨਾਲ ਮਿਲਾ ਲੈਂਦਾ, ਪਰ ਨਹੀਂ, ਉਸ ਨੇ ਉਹ ਕੁਝ ਕੀਤਾ, ਜਿਸ ਵਿਚ ਉਸ ਦੇ ਭਾਈਆਂ ਨੂੰ ਵਧੇਰਾ ਲਾਭ ਤੇ ਪਕਿਆਈ ਹੁੰਦੀ ਸੀ । ਇਸ ਤੋਂ

- - - - - -

*1. ਦੀ ਰਾਜ਼ਾਜ਼ ਆਫ ਦੀ ਪੰਜਾਬ ਸਫਾ 88 ।*

ਸਾਫ ਸਿੱਧ ਹੈ ਮਹਾਰਾਜਾ ਨੇ ਕੌਮ ਨੂੰ ਕਿਸੇ ਤਰ੍ਹਾਂ ਵੀ ਕਮਜ਼ੋਰ ਨਹੀਂ ਕੀਤਾ ਸਗੋਂ ਸਭ ਤਰ੍ਹਾਂ ਮਜ਼ਬੂਤ ਕਰ ਦਿੱਤਾ ਸੀ ।

## ਧਾਰਮਿਕ ਜੀਵਨ

ਕੁਝ ਕੁ ਲੋਕ ਪੱਖਪਾਤੀ ਇਤਿਹਾਸਕਾਰਾਂ ਦੇ ਲੇਖ ਪੜ੍ਹ ਕੇ ਕਹਿ ਉਠਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਧਾਰਮਿਕ ਜੀਵਨ ਵਿਚ ਢਿੱਲਾ ਸੀ । ਆਓ ਮਹਾਰਾਜਾ ਦੇ ਇਸ ਜੀਵਨ ਦੇ ਇਸ ਪੱਖ ਪਰ ਵੀ ਭੋਰਾ ਕੁ ਵਿਚਾਰ ਕਰੀਏ ਕਿ ਇਹ ਖਿਆਲ ਕਿਥੋਂ ਤਕ ਸੱਚ ਹੈ । ਜਦ ਅਸੀਂ ਇਸ ਪੱਖ ਬਾਰੇ ਖੋਜ ਕਰਦੇ ਹਾਂ ਤਾਂ ਉਸ ਸਮੇਂ ਦੀਆਂ ਲਿਖਤਾਂ ਤੋਂ ਪਤਾ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਾਲ ਵਿਚੋਂ ਬਹੁਤ ਸਾਰਾ ਸਮਾਂ ਸ੍ਰੀ ਅੰਮ੍ਰਿਤਸਰ ਜੀ ਵਿਖੇ ਬਿਤਾਉਂਦਾ ਅਤੇ ਇਥੇ ਵਧੇਰਾ ਸਮਾਂ ਗੁਰੂ ਬਾਣੀ ਦੀ ਕਥਾ ਤੇ ਸਤਸੰਗ ਵਿਚ ਗੁਜ਼ਾਰਦਾ ਹੁੰਦਾ ਸੀ । ਉਹ ਦਰਬਾਰ ਸਾਹਿਬ ਜੀ ਦੀ ਸੇਵਾ ਤੇ ਸ਼ਾਨ ਨੂੰ ਵਧਾਉਣ ਵਿਚ ਲੱਖਾਂ ਰੁਪਏ ਸਾਲਾਨਾ ਅਰਦਾਸ ਕਰਵਾਉਂਦਾ ਹੁੰਦਾ ਸੀ । "ਪਿਛਲੇ ਸਾਲ (ਸੰਮਤ 1872 ਬਿ:) ਵਿਚ ਪੰਜਾਹ ਹਜ਼ਾਰ ਰੁਪਿਆ ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੰਘਾਸਨ ਬਨਾਉਣ ਲਈ ਦਿੱਤਾ[1] ।" ਸ਼ੇਰਿ ਪੰਜਾਬ ਦੀਆਂ ਸਾਰੀਆਂ ਖੁਸ਼ੀਆਂ ਵਿਚੋਂ ਵੱਡੀ ਖੁਸ਼ੀ ਇਹ ਸੀ ਕਿ ਜਿਹੜੀ ਚੀਜ਼ ਉਸ ਨੂੰ ਵਧੇਰੀ ਪਿਆਰੀ ਲੱਗਦੀ ਉਹ ਉਸਨੂੰ ਪਿਆਰੇ ਸਤਿਗੁਰੂ ਜੀ ਦੇ ਨਾਮ ਪਰ ਸਮਰਪਨ ਕਰਦਾ ਹੁੰਦਾ ਸੀ । ਆਪਣੇ ਸਮੇਂ ਦੀ ਜਰਬ (ਸਿੱਕਾ) ਆਪਣੇ ਨਾਮ ਦੀ ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂ ਪਰ 'ਨਾਨਕ ਸ਼ਾਹੀ' ਚਲਾਇਆ । ਸ੍ਰੀ ਅੰਮ੍ਰਿਤਸਰ ਜੀ ਦੇ ਪ੍ਰਸਿੱਧ ਕਿਲ੍ਹੇ ਦਾ ਨਾਮ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਪਰ 'ਗੋਬਿੰਦਗੜ੍ਹ' ਰੱਖਿਆ । ਇਥੋਂ ਦੇ ਵੱਡੇ ਬਾਗ ਦਾ ਨਾਮ ਸ੍ਰੀ ਗੁਰੂ ਰਾਮਦਾਸ ਜੀ ਦੀ ਯਾਦ ਵਿਚ 'ਰਾਮ ਬਾਗ' ਚੁਣਿਆ[2]। ਸੰਨ 1826 ਈ: ਵਿਚ ਨਿਜ਼ਾਮ ਦੱਖਣ ਨੇ ਇਕ ਬਹੁਮੁੱਲੀ ਚਾਂਦਨੀ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਭੇਜੀ ਜਿਸ ਪਰ ਬਹੁਮੁੱਲਾ ਕਾਰਚੋਬੀ ਕੰਮ ਹੋਇਆ ਹੋਇਆ ਸੀ । ਇਹ ਚਾਂਦਨੀ ਸ਼ਾਲਾਮਾਰ ਬਾਗ ਦੇ ਵੱਡੇ ਚਮਨ ਵਿਚ ਚਾਂਦੀ ਦੀਆਂ ਚੋਬਾਂ ਤੇ ਤਾਣੀ ਗਈ । ਇਸ ਸਮੇਂ ਦੇਵਨੇਤ ਨਾਲ ਬਸੰਤ ਦਾ ਵਾਰਸ਼ਿਕ ਵੱਡਾ ਦਰਬਾਰ ਸੀ । ਮਹਾਰਾਜਾ ਸਾਹਿਬ ਦਰਬਾਰ ਵਿਚ ਆਏ, ਚਾਂਦਨੀ ਦੀ ਛਬ ਨੂੰ ਜਦ ਨਿਗਾਹ ਭਰ ਕੇ ਤੱਕਿਆ ਤੇ ਉਸ ਦੇ ਦਿਲ ਵਿਚ ਗੁਰੂ ਪਿਆਰ ਨੇ ਇੰਨਾ ਉਛਾਲਾ ਖਾਧਾ ਕਿ ਉਹ ਇਕਾ ਇਕ ਚਾਂਦਨੀ ਦੇ ਹੇਠੋਂ ਬਾਹਰ ਆ ਗਿਆ, ਉਸ ਨੂੰ ਦੇਖ ਕੇ ਸਾਰੇ ਦਰਬਾਰੀਆਂ ਨੂੰ ਵੀ ਇਸੇ ਤਰ੍ਹਾਂ ਕਰਨਾ ਪਿਆ । ਇਸ ਸਮੇਂ ਸਭ ਤੋਂ ਪਹਿਲੀ ਗੱਲ ਜੋ ਮਹਾਰਾਜੇ ਦੇ ਮੂੰਹੋਂ ਨਿਕਲਦੀ ਹੋਈ ਸੁਣੀ ਗਈ, ਉਹ ਇਹ ਸੀ ਕਿ ਚਾਂਦਨੀ ਅਤਿ ਸੁੰਦਰ ਹੈ ਅਤੇ ਇਹ ਮੇਰੇ ਅਤਿ ਸੁੰਦਰ ਸਤਿਗੁਰੂ ਗੁਰੂ ਰਾਮਦਾਸ ਜੀ ਦੇ ਸੁਹਣੇ ਦਰਬਾਰ ਵਿਚ

- - - - - -

1. *ਮੈਕਗਰੇਗਰ*
2. *ਮਹਾਰਾਜਾ ਰਣਜੀਤ ਸਿੰਘ ਦੀ ਬਣਾਈ ਹੋਈ ਯਾਦਗਾਰ ਨੂੰ ਰਮਣੀਕ ਰੱਖਣ ਲਈ ਸਤੰਬਰ 1938 ਦੇ ਮਿਊਨਸੀਪਲ ਕਮੇਟੀ ਅੰਮ੍ਰਿਤਸਰ ਦੇ ਇਜਲਾਸ ਵਿਚ 10000 ਰੁਪਿਆ ਸ਼ੇਰਿ ਪੰਜਾਬ ਦਾ ਬੁੱਤ ਤਿਆਰ ਕਰਵਾਉਣ ਲਈ ਪ੍ਰਵਾਨ ਕੀਤਾ ਗਿਆ । ਇਹ ਬੁੱਤ ਰਾਮ ਬਾਗ ਵਿਚ ਸਜਾਇਆ ਜਾਏਗਾ । ਮਹਾਰਾਜਾ ਸਾਹਿਬ ਦੀ ਗਰਮੀਆਂ ਵਿਚ ਰਹਿਣ ਵਾਲੀ ਬਾਰਾਂਦਰੀ ਹਵੇਲੀ ਨੂੰ ਵੀ ਚੰਗੀ ਦਸ਼ਾ ਵਿਚ ਰੱਖਣ ਦਾ ਮਤਾ ਪਾਸ ਹੋਇਆ । ਸ੍ਰੀ ਹਜ਼ੂਰ ਜੀ ਨੇ ਇਸ ਸ਼ਹਿਰ ਦੀ ਰੌਣਕ ਵਧਾਉਣ ਲਈ ਬਹੁਤ ਕੁਝ ਕੀਤਾ ਸੀ ।*

ਜਣੀ ਚਾਹੀਦੀ ਹੈ, ਮੈਂ ਇਸ ਹੇਠ ਬੈਠਣ ਦੇ ਯੋਗ ਨਹੀਂ ਇਸ ਦੇ ਹੇਠ ਸਤਿਗੁਰੂ ਜੀ ਦੀ ਪਿਆਰੀ ਸੰਗਤ ਬੈਠੀ ਹੋਈ ਸ਼ੋਭਦੀ ਹੈ । ਉਸੇ ਵਕਤ ਇਹ ਚਾਂਦਨੀ ਸਣੇ ਜ਼ਰੂਰੀ ਸਮਾਨ ਦੇ ਸ੍ਰੀ ਅੰਮ੍ਰਿਤਸਰ ਜੀ ਭੇਜੀ ਗਈ, ਜੋ ਸ੍ਰੀ ਦਰਬਾਰ ਸਾਹਿਬ ਜੀ ਦੇ ਤੋਸ਼ਖਾਨੇ ਵਿਚ ਅੱਜ ਤਕ ਮੌਜੂਦ ਹੈ ।

ਜਿਥੇ ਸ਼ੇਰਿ ਪੰਜਾਬ ਆਪਣੇ ਧਰਮ ਲਈ ਇੰਨੀ ਸ਼ਰਧਾ ਰੱਖਦਾ ਸੀ ਉਥੇ ਇਹ ਆਪਣੇ ਮੁਸਲਮਾਨ ਤੇ ਹਿੰਦੂਆਂ ਭਾਈਆਂ ਦੇ ਮਜ਼ਬੀ ਭਾਵਾਂ ਦਾ ਪੂਰਾ ਪੂਰਾ ਸਤਿਕਾਰ ਰੱਖਦਾ ਹੁੰਦਾ ਸੀ । ਯੁਧ ਸਮੇਂ ਮਹਾਰਾਜਾ ਸਾਹਿਬ ਦਾ ਆਪਣੇ ਜਰਨੈਲਾਂ ਲਈ ਇਹ ਆਮ ਹੁਕਮ ਸੀ ਕਿ 'ਵੈਰੀਆਂ ਦੇ ਧਾਰਮਿਕ ਅਸਥਾਨਾਂ, ਧਾਰਮਿਕ ਪੁਸਤਕਾਂ ਦੀ ਬੇਅਦਬੀ, ਇਸਤਰੀਆਂ ਦੀ ਕੋਈ ਬੇਪਤੀ ਨਾ ਕਰੋ ।' ਮਹਾਰਾਜਾ ਸਾਹਿਬ ਦੇ ਇਨ੍ਹਾਂ ਖਿਆਲਾਂ ਤੋਂ ਨਾ ਕੇਵਲ ਦੇਸੀ ਲੋਕ ਹੀ ਜਾਣੂ ਸਨ ਸਗੋਂ ਉਸ ਸਮੇਂ ਦੀ ਅੰਗਰੇਜ਼ੀ ਹਕੂਮਤ ਵੀ ਚੰਗੀ ਤਰ੍ਹਾਂ ਵਾਕਫ ਸੀ । ਸੰਨ 1828 ਈ: ਵਿਚ ਜਦ ਅੰਗਰੇਜ਼ੀ ਤੇ ਖ਼ਾਲਸਾ ਫੌਜ ਨੇ ਸੰਮਲਿਤ ਹੋ ਕੇ ਅਫ਼ਗਾਨਿਸਤਾਨ ਪਰ ਚੜ੍ਹਾਈ ਕੀਤੀ ਤਾਂ ਉਸ ਸਮੇਂ ਜਿਹੜੀਆਂ ਸ਼ਰਤਾਂ ਮਹਾਰਾਜਾ ਸਾਹਿਬ, ਅੰਗਰੇਜ਼ੀ ਹਕੂਮਤ ਤੇ ਸ਼ਾਹਸੁਜ਼ਾ ਵਿਚ ਤਹਿ ਹੋਈਆਂ, ਉਹਨਾਂ ਵਿਚ ਸ਼ੇਰਿ ਪੰਜਾਬ ਨੇ ਆਪਣੀ ਹਿੰਦੂ ਪਰਜਾ ਦੇ ਧਾਰਮਿਕ ਭਾਵ ਨੂੰ ਮੁਖ ਰੱਖ ਕੇ ਹੋਰ ਸ਼ਰਤਾਂ ਤੋਂ ਛੁੱਟ ਇਕ ਇਹ ਸ਼ਰਤ ਵੀ ਸ਼ਾਹਸੁਜ਼ਾ ਨੂੰ ਮੰਨਵਾਈ ਸੀ ਕਿ ਸੋਮਨਾਥ ਦੇ ਪ੍ਰਸਿੱਧ ਮੰਦਰ ਦਾ ਚੰਦਨ ਦਾ ਦਰਵਾਜ਼ਾ ਜਿਹੜਾ ਸੰਨ 1024 ਵਿਚ ਮਹਿਮੂਦ ਗ਼ਜ਼ਨਵੀ ਹਿੰਦ ਤੋਂ ਲੁੱਟ ਕੇ ਲੈ ਗਿਆ ਸੀ ਉਸ ਦਰਵਾਜ਼ੇ ਨੂੰ ਮੁੜ ਇਥੇ ਵਾਪਿਸ ਪਹੁੰਚਾ ਦਿੱਤਾ ਜਾਏ[1] । ਇਸ ਤੋਂ ਸੌਖਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹ ਆਪਣੇ ਗੁਆਂਢੀ ਭਰਾਵਾਂ ਦੇ ਧਾਰਮਿਕ ਜਜ਼ਬਾਤਾਂ ਦਾ ਕਿੰਨਾ ਪਿਆਰ ਆਪਣੇ ਮਨ ਵਿਚ ਰੱਖਦਾ ਸੀ ।

## ਸ੍ਰੀ ਦਰਬਾਰ ਸਾਹਿਬ ਜੀ ਦੇ ਸ਼ਿਲਾਲੇਖ

ਸ੍ਰੀ ਅੰਮ੍ਰਿਤਸਰ ਜੀ ਦੇ ਦਰਬਾਰ ਸਾਹਿਬ ਦੇ ਗੁੰਬਜ ਤੇ ਜਦ ਸੋਨੇ ਦਾ ਬਹੁਤ ਸਾਰਾ ਕੰਮ ਮਹਾਰਾਜਾ ਸਾਹਿਬ ਵਲੋਂ ਹੋਇਆ ਤਦ ਦਰਬਾਰ ਸਾਹਿਬ ਦੇ ਸੇਵਾਦਾਰਾਂ ਨੇ ਛੋਟੀ ਪ੍ਰਕਰਮਾ ਦੇ ਦਰਸ਼ਨੀ ਦਰਵਾਜ਼ੇ ਦੇ ਉਪਰ ਸੁਨਹਿਰੀ ਪਟੜੇ ਪਰ ਇਹ ਲਿਖਵਾ ਕੇ ਲਾ ਦਿਤਾ ਕਿ ਸੋਨੇ ਦਾ ਇਹ ਸਾਰਾ ਕੰਮ ਰਣਜੀਤ ਸਿੰਘ ਨੇ ਕਰਵਾਇਆ ਹੈ । ਆਖਦੇ ਹਨ ਕਿ ਜਦ ਮਹਾਰਾਜਾ ਸਾਹਿਬ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਉਸੇ ਵਕਤ ਉਸ ਲਿਖਤ ਨੂੰ ਤੁੜਵਾ ਦਿੱਤਾ ਤੇ ਕਹਿਣ ਲੱਗੇ ਕਿ ਗੁਰੂ ਨੇ ਮਿਹਰ ਕੀਤੀ ਕਿ ਮੇਰੇ ਤੋਂ ਸੇਵਾ ਲੀਤੀ, ਮੈਂ ਕੌਣ ਸੇਵਾ ਕਰਨ ਵਾਲਾ ? ਛੇਕੜ ਕਈਆਂ ਦੇ ਇਹ ਕਹਿਣ ਪਰ ਕਿ ਪਟੜੇ ਦਾ ਅਸਰ ਔਣ ਵਾਲੀ ਸੰਤਾਨ ਤੇ ਚੰਗਾ ਪਏਗਾ ਤਾਂ ਮਸੇਂ ਕਿਤੇ ਆਗਿਆ ਦਿੱਤੀ, ਪਰ ਪਟੜੇ ਦੀ ਪਹਿਲੀ ਲਿਖਤ ਬਦਲਾ ਕੇ ਉਸ ਦੀ ਥਾਂ ਅੱਗੇ ਲਿਖੀ ਲਿਖਤ ਲਿਖਵਾਈ :-

> ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ
> ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ॥ ਜੁਗਾਦਿ ਸਚੁ ॥
> ਹੈ ਵੀ ਸਚੁ ॥ ਨਾਨਕ ਹੋਸੀ ਭੀ ਸਚੁ ॥
>
> ਸ੍ਰੀ ਮਾਹਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਨੂੰ ਸਿੱਖ ਜਾਣਕਾਰ ਸ੍ਰੀ ਦਰਬਾਰ ਸਾਹਿਬ ਜੀ ਕੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਾਈ । ਸੰਮਤ 1887 ਬਿ: ।

- - - -

*ਜਰਨੈਲ ਸਰ ਜ: ਮੈਕਮਾਹਨ, ਅਫ਼ਗਾਨਿਸਤਾਨ ਸਫਾ 99, ਕਪਤਾਨ ਕਨਿੰਘਮ ਹਿਸਟਰੀ ਆਫ ਦੀ ਸਿਖਸ, ਸਰ ਜ: ਮੈਕਮਾਹਨ ਦੀ ਲੌਰ ਆਨ ਦੀ ਇੰਡਸ ਸਫਾ 92 ।*

ਇਸੇ ਤਰ੍ਹਾਂ ਘੰਟਾ ਘਰ ਦੇ ਪਾਸੇ ਜੋ ਦਰਵਾਜ਼ਾ ਹੈ ਉਸ ਤੇ ਇਹ ਅੱਖਰ ਲਿਖੇ ਹਨ:-

> ੧ੴ ਸਤਿਨਾਮੁ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ
> ਅਜੂਨੀ ਸੈਭੰ ਗੁਰ ਪ੍ਰਸਾਦਿ ॥
> ਸ੍ਰੀ ਸਤਿਗੁਰੂ ਜੀ ਖ਼ਾਲਸੇ ਜੀ ਕਾ ਸਦਾ ਬੋਲ ਬਾਲਾ ਰੱਖੇ, ਸੇਵਾ ਸ੍ਰੀ ਗੁਰੂ
> ਰਾਮਦਾਸ ਜੀ ਕੀ ਸਰਣ ਕੀ ਅਰ ਸੰਗ ਸੁਫੇਦ (ਸੰਗ ਮਰਮਰ) ਕੀ ਵਡਭਾਗੀ
> ਜਾਣ ਕੇ ਸ੍ਰੀ ਮਹਾਰਾਜ ਰਣਜੀਤ ਸਿੰਘ ਜੀ ਪਾਸੋਂ ਸੇਵਾ ਕਰਾਈ।
> ਮਾਰਫ਼ਤ ਸ੍ਰੀ ਭਾਈ ਸੰਤ ਗਿਆਨੀ ਸੰਤ ਸਿੰਘ ਗਿਆਨੀ ਜੀ ਕੀ[1]।

ਇਹ ਪਟੜਾ ਸੰਗ ਮਰਮਰਮ ਵਿਚ ਖੋਦ ਕੇ ਲਿਖਿਆ ਹੈ[2]।

ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਉਸ ਨੂੰ ਸਤਿਗੁਰੂ ਦੇ ਚਰਨਾਂ ਨਾਲ ਕਿੰਨਾ ਪਿਆਰ ਸੀ। ਜਦ ਮਹਾਰਾਜਾ ਕੋਈ ਫਤਹ ਪਾਉਂਦਾ ਤਾਂ ਸਭ ਤੋਂ ਪਹਿਲਾ ਕੰਮ ਉਸਦਾ ਇਹ ਹੁੰਦਾ ਸੀ ਵੱਡੀਆਂ ਵੱਡੀਆਂ ਰਕਮਾਂ ਗੁਰਦੁਆਰਿਆਂ ਦੇ ਟਹਿਲੇ ਲਈ ਭੇਟਾ ਕਰਵਾਂਦਾ। ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਸਾਰੇ ਦੇਸ ਵਿਚ ਬਹੁਤ ਥੋੜ੍ਹੀਆਂ ਸਨ। ਇਹ ਸ਼ੇਰਿ ਪੰਜਾਬ ਦਾ ਹੀ ਉਪਕਾਰ ਸੀ ਕਿ ਉਸ ਨੇ ਬੇਸ਼ੁਮਾਰ ਰੁਪਿਆ ਖਰਚ ਕੇ ਸ੍ਰੀ ਕਰਤਾਰ ਪੁਰ ਤੇ ਦਮਦਮੇ ਸਾਹਿਬ ਵਾਲੀ ਆਦਿ ਬੀੜ ਦਾ ਉਤਾਰਾ ਸੰਨ 1818 ਈ: ਵਿਚ ਕਰਵਾਇਆ ਅਤੇ ਅਗੋਂ ਕਈ ਲਿਖਾਰੀ ਸਰਕਾਰੀ ਖਰਚ ਪਰ ਬਿਠਾ ਕੇ ਸੈਂਕੜੇ ਉਤਾਰੇ ਲਿਖਵਾਏ ਤੇ ਪ੍ਰਸਿੱਧ ਗੁਰਦੁਆਰਿਆਂ, ਡੇਰਿਆਂ ਤੇ ਜੱਥਿਆਂ ਵਿਚ ਅਸਥਾਪਨ ਕਰਾਏ। ਇਨ੍ਹਾਂ ਤੋਂ ਛੁੱਟ ਕਈ ਉਤਾਰੇ ਹਰ ਸਮੇਂ ਤਿਆਰ ਰਹਿੰਦੇ ਸਨ, ਜਦ ਕੋਈ ਸ਼ਰਧਾਲੂ ਆ ਕੇ ਮੰਗੇ ਤਾਂ ਉਹਨਾਂ ਦੀ ਸ਼ਰਧਾ ਨੂੰ ਦੇਖ ਕੇ ਉਹਨਾਂ ਨੂੰ ਦਿੱਤੇ ਜਾਂਦੇ ਸਨ। ਛੋਟੀਆਂ ਪੋਥੀਆਂ ਤੇ ਗੁਰਬਾਣੀ ਦਿਆਂ ਗੁਟਕਿਆਂ ਦੀ ਤਾਂ ਕੋਈ ਗਿਣਤੀ ਹੀ ਨਹੀਂ ਸੀ, ਜਿਹੜੇ ਸਾਲਾਨਾ ਮਹਾਰਾਜਾ ਸਾਹਿਬ ਵਲੋਂ ਆਮ ਸੰਗਤਾਂ ਦੇ ਪਾਠ ਲਈ ਵੰਡੇ ਜਾਂਦੇ ਸਨ।

ਗੁਰਦੁਆਰਾ ਸ੍ਰੀ ਹਜੂਰ ਸਾਹਿਬ, ਸ੍ਰੀ ਨਨਕਾਣਾ ਸਾਹਿਬ, ਸ੍ਰੀ ਤਰਨ ਤਾਨਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖਤ ਸਾਹਿਬ, ਸ੍ਰੀ ਬਾਬਾ ਅਟੱਲ ਸਾਹਿਬ, ਸ੍ਰੀ ਕਰਤਾਰ ਪੁਰ ਦਾ ਗੁਰਦੁਆਰਾ, ਸ੍ਰੀ ਆਨੰਦ ਪੁਰ, ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਤੇ ਦਿੱਲੀ ਦੇ ਗੁਰਦੁਆਰਿਆਂ ਆਦਿ ਸੈਂਕੜੇ ਗੁਰਧਾਮਾਂ ਨੂੰ ਪੱਕਾ ਬਣਵਾਇਆ। 5000000 ਪੰਜਾਂਹ ਲੱਖ ਰੁਪਿਆ ਸਾਲਾਨਾਂ ਦੀਆਂ ਜਾਗੀਰਾਂ ਮਹਾਰਾਜਾ ਸਾਹਿਬ ਵਲੋਂ ਗੁਰਦੁਆਰਿਆਂ ਤੇ ਸਾਹਿਬਜ਼ਾਦਿਆਂ ਦੇ ਨਾਮ ਲਵਾਈਆਂ ਗਈਆਂ ਸਨ[3], ਜਿਨ੍ਹਾਂ ਵਿਚੋਂ ਕਈ ਅੱਜ ਤਕ ਗੁਰਦੁਆਰਿਆਂ ਨਾਲ ਕਾਇਮ ਚਲੀਆਂ ਆਉਂਦੀਆਂ ਹਨ। ਇਸ ਤੋਂ ਛੁੱਟ ਉਹ 1200000

---

1. *ਇਹ ਦੋਵੇਂ ਲਿਖਤਾ ਅੱਜ ਤਕ ਦੋਵੇਂ ਦਰਵਾਜਿਆਂ ਤੇ ਮੌਜੂਦ ਹਨ। (ਲੇਖਕ)*
2. *ਇਸ ਲਿਖਤ ਦੇ ਨਾਲ ਤੀਸਰਾ ਪੱਥਰ ਵੀ ਹੈ, ਜਿਸ ਪਰ ਲਿਖਤ ਹੈ - ਸਤਿਗੁਰੂ ਜੀ ਦੀ ਕਿਰਪਾ ਕਰ ਰਾਜ ਸਾਜ ਸ੍ਰੀ ਮਹਾਰਾਜਾ ਖੜਗ ਸਿੰਘ ਜੀ ਅਰ ਕੰਵਰ ਸ੍ਰੀ ਨੌਨਿਹਾਲ ਸਿੰਘ ਜੀ ਕੋ ਭਯਾ ਤਿਨ੍ਹੋਂ ਹਿਤ ਕਰ ਭਾਗਯ ਜਾਣ ਕਰ ਸੇਵਾ ਕਰੀ। ਸੰਮਤ 1896 ਬਿ:।*
3. *ਦੇਵੀ ਪ੍ਰਸ਼ਾਦ ਤਵਾਰੀਖ ਪੰਜਾਬ।*

ਬਾਰਾਂ ਲੱਖ ਰੁਪਿਆ ਸਾਲਾਨਾ ਧਰਮ ਤੇ ਉਪਕਾਰ ਦੇ ਕੰਮਾਂ ਲਈ ਦਾਨ ਕਰਦਾ ਸੀ[1]। ਉਹ ਧਾਰਮਿਕ ਆਗੂਆਂ ਤੇ ਗੁਰਦੁਆਰਿਆਂ ਦੇ ਸਿਦਕੀ ਸੇਵਕਾਂ ਨੂੰ ਭਾਰੀ ਇੱਜ਼ਤ ਦੀ ਨਜ਼ਰ ਨਾਲ ਵੇਖਦਾ ਹੁੰਦਾ ਸੀ । ਇਕ ਵਾਰੀ ਦਿੱਲੀ ਦੇ ਗੁਰਦੁਆਰਿਆਂ ਦੇ ਪੁਜਾਰੀ ਸਿੰਘ ਮਹਾਰਾਜ ਪਾਸ ਲਾਹੌਰ ਪੁੱਜੇ ਤਾਂ ਮਹਾਰਾਜੇ ਨੇ ਭਰੇ ਦਰਬਾਰ ਵਿਚ ਆਪਣੀ ਦਾੜ੍ਹੀ ਨਾਲ ਇਨ੍ਹਾਂ ਸਿੱਖਾਂ ਦੇ ਚਰਨ ਝਾੜੇ ਅਰ·ਦੁਸਾਂਝ ਪਿੰਡ ਜਾਗੀਰ ਵਜੋਂ ਦਿੱਤਾ[2] ।

ਸ਼ਾਹੀ ਮਹਿਲ ਵਿਚ ਸਭ ਤੋਂ ਉਚੀ ਅਟਾਰੀ-ਜੋ ਬਹੁਮੁੱਲੇ ਗਲੀਚਿਆਂ ਤੇ ਸਜਾਵਟਾਂ ਨਾਲ ਸਜਾਈ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਸੀ, ਆਪ ਨਿੱਕੇ ਹੁੰਦਿਆਂ ਤੋਂ ਹੀ ਅੰਮ੍ਰਿਤ ਵੇਲੇ ਉਠਣ ਦੇ ਨੇਮੀ ਸਨ, ਸਦੀਵ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਪਾਣੀ ਪਿਛੋਂ ਨਿਤਨੇਮ ਦਾ ਪਾਠ ਕਰਦੇ, ਫਿਰ ਸ਼ਸ਼ਤਰ ਬਸਤਰ ਸਜਾ ਕੇ ਸਣੇ ਪਰਵਾਰ ਦੇ ਸ੍ਰੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੁੰਦੇ ਤੇ ਸਾਰੇ ਸੰਸਾਰੀ ਧੰਦੇ ਭੁਲਾ ਕੇ ਗੁਰਬਾਣੀ ਦਾ ਪਾਠ ਤੇ ਕੀਰਤਨ ਸੁਣਦੇ ਸਨ ਇਸ ਤੋਂ ਪਿਛੋਂ ਫਿਰ ਸ੍ਰੀ ਦਸਮੇਸ਼ ਜੀ ਦੀ ਅਸਚਰਜ 'ਕਲਗੀ'[3] ਜਿਹੜੀ ਬਹੁਮੁੱਲੇ ਮੋਤੀਆਂ ਨਾਲ ਸਜੀ ਹੋਈ ਸੀ-ਆਪਣੀਆਂ ਅੱਖਾਂ ਤੇ ਮਸਤਕ ਤੇ ਰੱਖ ਅਤੇ ਬਰਕਤਾਂ ਪ੍ਰਾਪਤ ਕਰਕੇ ਦਿਨ ਭਰ ਲਈ ਕੰਮ ਕਾਰ ਆਰੰਭ ਦਿੰਦੇ ਸਨ, ਉਸ ਨੇ ਇਹ ਨੇਮ ਆਪਣੇ ਅੰਤਲੇ ਸਵਾਸਾਂ ਤਕ ਨਿਭਾਇਆ । ਘਰ ਤੋਂ ਛੁੱਟ ਦੌਰੇ ਤੇ ਮੁਹਿੰਮਾਂ ਵਿਚ ਵੀ ਇਹ ਨਿਯਮ ਵਰਤਿਆ ਜਾਂਦਾ ਸੀ । ਮਿਸਟਰ ਪ੍ਰਿੰਸਪ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਸਿੱਖ ਧਰਮ ਵਿਚ ਬਹੁਤ ਹੀ ਸਰਗਰਮ ਸੀ, ਉਹ ਦਿਨ ਵਿਚ ਕਈ ਘੰਟੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਦਾ ਹੁੰਦਾ ਸੀ ।

ਸਰ ਲੈਪਲ ਗ੍ਰਿਫਨ ਲਿਖਦਾ ਹੈ ਕਿ (ਮਹਾਰਾਜਾ) ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦਾ ਰੂਹਾਨੀ ਜੋਸ਼ ਅਤੇ ਕੌਮੀ ਤੇਜ਼ ਪ੍ਰਤਾਪ ਮਿਲਵਾਂ ਕੰਮ ਕਰਦਾ ਸੀ, ਜਿਸ ਕਰਕੇ ਇਸ ਧਰਮ ਦੇ ਪੈਰੋਕਾਰਾਂ ਦੀ ਗਿਣਤੀ ਉਸ ਸਮੇਂ ਬਹੁਤ ਵੱਧ ਗਈ । ਉਸ ਦੇ ਮਨ ਦੀਆਂ ਰੀਝਾਂ ਵਿਚੋਂ ਇਕ ਵੱਡੀ ਰੀਝ ਇਹ ਸੀ ਕਿ ਉਹ ਜਦ ਕਦੀ ਕਿਸੇ ਸਹਿਜਧਾਰੀ ਨੂੰ ਸਿੰਘ ਸਜਿਆ ਦੇਖਦਾ ਤਾਂ ਉਸ ਦੇ ਸੀਨੇ ਠੰਢ ਪੈ ਜਾਂਦੀ ਹੁੰਦੀ ਸੀ । ਮਹਾਰਾਜਾ ਦੀ ਤਬੀਅਤ ਦਾ ਝੁਕਾਉ ਇਧਰ ਦੇਖ ਕੇ ਇਲਾਕੇ ਦੇ ਇਲਾਕੇ ਸਿੰਘ ਸਜ ਜਾਂਦੇ । ਸਰ ਅਲੈਗਜ਼ੰਡਰ ਬਾਰਨਸ ਸੰਨ 1831 ਈ: ਵਿਚ ਸਿੱਖੀ ਦੇ ਵਾਧੇ ਬਾਬਤ ਇਕ ਵਾਕਫਕਾਰ ਸਿੱਖ ਸਰਦਾਰ ਦੀ ਜ਼ੁਬਾਨੀ ਆਪਣੇ ਬੁਖਾਰੇ ਦੇ ਸਫਰਨਾਮੇ ਦੀ ਜਿ: 2, ਸਫਾ 29 ਤੇ 5000 ਪੰਜ ਹਜ਼ਾਰ ਆਦਮੀ ਸਾਲ ਦਾ ਅਨਮਤਾਂ ਤੋਂ ਸਿੰਘ ਸਜਣਾ ਲਿਖਦਾ ਹੈ । ਇਸ ਤਰ੍ਹਾਂ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫੁਲਬਾੜੀ ਨੂੰ

---

1. *ਕਰਨਲ ਲਾਰੰਸ ਦੀ ਰਿਪੋਰਟ, ਪੰਜਾਬ ਰੀਕਾਰਡ 1847-48 ਈ: ਸਫ਼ਾ 372 ।*
2. *ਪੰਥ ਦੇ ਪ੍ਰਸਿੱਧ ਵਿਦਵਾਨ ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਦਸਦੇ ਹਨ ਕਿ ਇਹ ਘਟਨਾ ਉਹਨਾਂ ਦੇ ਬਜ਼ੁਰਗ ਬਾਬਾ ਨੌਧ ਸਿੰਘ ਜੀ ਦੀ ਅੱਖੀਂ ਡਿੱਠੀ ਸੀ ।*
3. *ਸ੍ਰੀ ਕਲਗੀਧਰ ਪਿਤਾ ਜੀ ਦੀ ਇਹ ਅਮੋਲਕ ਕਲਗੀ ਮਹਾਰਾਜਾ ਸਾਹਿਬ ਨੇ 125000 ਰੁਪਏ ਦਾ ਸੋਨਾ ਭੇਟ ਕਰਕੇ ਭਾਈ ਸੰਤਾ ਸਿੰਘ ਜੀ ਸ਼ਹੀਦ ਦੇ ਪੋਤਰਿਆਂ ਤੇ ਬਹਾਦਰ ਭਾਈ ਹਾੜਾ ਸਿੰਘ ਦੇ ਪੁੱਤਰਾਂ ਤੋਂ ਜਿਹੜੇ ਪਹਿਲਾਂ ਪੱਟੀ ਤੇ ਫਿਰ ਪਿਸ਼ਾਵਰ ਵਿਚ ਆ ਵਸੇ ਸਨ - ਪ੍ਰਾਪਤ ਕੀਤੀ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਮੁਬਾਰਕ ਕਲਗੀ ਬਾਰੇ ਲੇਡੀ ਲੋਗਨ ਆਪਣੀ ਪੁਸਤਕ ਦੇ ਸਫਾ 80 ਪੁਰ ਲਿਖਦੀ ਹੈ ਕਿ ਜਦ ਲਾਹੌਰ ਪੁਰ ਅੰਗਰੇਜ਼ਾਂ ਦਾ ਕਬਜ਼ਾ ਹੋਇਆ ਉਦੋਂ ਉਸ ਦੇ ਪਤੀ ਡਾਕਟਰ ਲੋਗਨ ਨੇ ਮਹਾਰਾਜਾ ਰਣਜੀਤ ਸਿੰਘ ਦੇ ਤੋਸ਼ਖਾਨੇ ਤੇ ਕਿਲ੍ਹੇ ਦੇ ਸਮਿਆਨ ਦਾ ਚਾਰਜ ਲਿਆ । ਤੋਸ਼ਖਾਨੇ ਵਿਚ ਉਸ ਸਮੇਂ ਦਸਵੇਂ ਪਾਤਸ਼ਾਹ ਦੀ ਇਹ ਕਲਗੀ ਮੌਜੂਦ ਸੀ । ਲੇਡੀ ਲੋਗਨਜ਼ ਰੀਕਾਲਿ ਕੁਲੈਨਸ਼ਨਜ਼ ਸਫਾ 80 ।*

ਆਪਣੇ ਦਰਬਾਰ ਵਿਚ ਬੜੇ ਬੜੇ ਅਹੁਦੇ ਤੇ ਜਾਗੀਰਾਂ ਬਖਸ਼ਦਾ । ਸ੍ਰੀ ਕਲਗੀਧਰ ਜੀ ਦੇ ਅੰਮ੍ਰਿਤ ਪ੍ਰਚਾਰ ਲਈ ਦਿਲ ਵਿਚ ਭਾਰੀ ਸ਼ਰਧਾ ਰੱਖਦਾ ਸੀ । ਖ਼ਾਲਸਾ ਦਰਬਾਰ ਦੇ ਰੀਕਾਰਡ ਵਿਚ ਇਕ ਪਰਮਾਨ 9 ਵਿਸਾਖ ਸੰਮਤ 1891 ਈ: ਦਾ ਮਿਲਦਾ ਹੈ । ਇਸ ਵਿਚ ਲਿਖਤ ਹੈ ਕਿ ਦੀਵਾਨ ਸਿੰਘ ਦੇ ਅੰਮ੍ਰਿਤ ਪਾਨ ਕਰਨ ਲਈ ਉਸ ਨੂੰ 500 ਰੁਪਏ ਦੀ ਜਾਗੀਰ ਦਿੱਤੀ ਗਈ । ਮੁਨਸ਼ੀ ਸੋਹਣ ਲਾਲ ਰੋਜ਼ਨਾਮਚਾ ਦਫਤਰ ਸੋਮ ਸਫਾ 204 ਤੇ ਲਿਖਦਾ ਹੈ ਕਿ ਮਹਾਰਾਜਾ ਸਾਹਿਬ ਨੇ ਪੰਡਤ ਮਧੂ ਸੂਦਨ ਦੇ ਪੁੱਤਰ ਨੂੰ ਕਿਹਾ ਕਿ ਇਹ ਕਦੀ ਅੰਮ੍ਰਿਤ ਛਕ ਲਵੇ ਤਾਂ ਉਸ ਨੂੰ ਫੌਜ ਵਿਚ ਅਹੁਦਾ ਦਿੱਤਾ ਜਾਏਗਾ । ਮਿਸਰ ਖੁਸ਼ਾਲ ਸਿੰਘ, ਰਾਜਾ ਮਿਸਰ ਤੇਜਾ ਸਿੰਘ, ਰਾਜਾ ਧਿਆਨ ਸਿੰਘ ਆਦਿ ਇਨ੍ਹਾਂ ਬਖਸ਼ਿਸ਼ਾਂ ਦੇ ਰੰਗੇ ਹੋਏ ਸਨ । ਆਨਰੇਬਲ ਅਜ਼ਬਰਨ ਲਿਖਦਾ ਹੈ ਕਿ ਰਣਜੀਤ ਸਿੰਘ ਕਦੇ ਕਿਸੇ ਇਲਾਕੇ ਪਰ ਚੜ੍ਹਾਈ ਯਾ ਕੋਈ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਗਿਆ ਦੇ ਬਿਨਾਂ ਨਹੀਂ ਸੀ ਕਰਦਾ ।

ਜਰਨੈਲ ਗਾਰਡਨਰ ਲਿਖਦਾ ਹੈ-ਮਹਾਰਾਜਾ ਰਣਜੀਤ ਸਿੰਘ ਆਪਣੀਆਂ ਕਾਮਯਾਬੀਆਂ ਨੂੰ ਸਤਿਗੁਰੂ ਤੇ ਖ਼ਾਲਸੇ ਦੀ ਬਖਸ਼ਿਸ਼ ਮੰਨਦਾ ਹੁੰਦਾ ਸੀ, ਉਹ ਜਦ ਕਿਸੇ ਜੰਗ ਵਿਚ ਫਤਹ ਪਾਉਂਦਾ ਤੇ ਕਹਿੰਦਾ ਕਿ 'ਸਤਿਗੁਰੂ ਨੇ ਫਤਹ ਬਖਸ਼ੀ ਹੈ' । ਇਹ ਉਸ ਦੀ ਆਮ ਬੋਲ-ਚਾਲ ਸੀ ਕਿ ਰਣਜੀਤ ਸਿੰਘ ਦੇ ਸਿਰ ਤੇ ਸਤਿਗੁਰੂ ਦਾ ਆਪਣਾ ਹੱਥ ਹੈ ।

ਮਹਾਰਾਜਾ ਸਾਹਿਬ ਦੇ ਗੁਰ-ਦਰਸ਼ਨ ਦੀਆਂ ਰੀਝਾਂ ਨਾਲ ਭਰੇ ਹੋਏ ਦਿਲ ਦੀ ਇਹ ਬੜੀ ਹੀ ਤੀਬਰ ਸਿੱਕ ਸੀ ਕਿ ਕਦੀ ਕੋਈ ਐਸਾ ਬ੍ਰਿਧ ਪੁਰਖ ਮਿਲ ਜਾਏ, ਜਿਸ ਨੇ ਸ੍ਰੀ ਦਸ਼ਮੇਸ਼ ਜੀ ਦੇ ਆਪ ਦਰਸ਼ਨ ਕੀਤੇ ਹੋਣ, ਤਦ ਉਸ ਦਾ ਦੀਦਾਰ ਕਰਕੇ ਮਨ ਦੀ ਲੋਚਾ ਪੂਰੀ ਕੀਤੀ ਜਾਏ । ਕਹਿੰਦੇ ਹਨ ਕਿ ਬੜੀ ਲੰਬੀ ਢੂੰਡ ਭਾਲ ਪਿਛੋਂ ਇਕ ਬਿਰਧ - ਜਿਸ ਦੀ ਉਮਰ ਸੌ ਸਾਲ ਤੋਂ ਕਾਫੀ ਵੱਧ ਸੀ, ਜਿਸ ਨੇ ਸ੍ਰੀ ਕਲਗੀਧਰ ਜੀ ਦੇ ਆਪ ਸ਼ਾਂਗੋਪਾਂਗ ਦਰਸ਼ਨ ਕੀਤੇ ਸਨ-ਮਿਲ ਗਿਆ ਅਤੇ ਮਹਾਰਾਜਾ ਸਾਹਿਬ ਦੇ ਪਾਸ ਲਿਆਂਦਾ ਗਿਆ । ਸ਼ੇਰਿ ਪੰਜਾਬ ਉਸ ਬਿਰਧ ਦੇ ਦਰਸ਼ਨ ਕਰਕੇ ਇੰਨੇ ਗਦਗਦ ਹੋਏ ਕਿ ਜਿਸ ਦੀ ਕੋਈ ਹੱਦ ਨਹੀਂ ਸੀ । ਸ੍ਰੀ ਹਜ਼ੂਰ ਜੀ ਪਿਆਰ ਅਤੇ ਸਤਿਕਾਰ ਭਰੇ ਹਿਰਦੇ ਨਾਲ ਉਠੇ ਤੇ ਭੱਜ ਕੇ ਬੜੇ ਚਾਅ ਨਾਲ ਉਸ ਦੀਆਂ ਅੱਖਾਂ ਨੂੰ ਬੇਗਿਣਤ ਵਾਰੀ ਚੁੰਮਿਆਂ ਅਤੇ ਮੂੰਹ ਤੋਂ ਕਿਹਾ ਗੁਰਮੁਖਾ ! ਤੂੰ ਧੰਨ ਹੈਂ; ਜਿਸ ਨੇ ਮੇਰੇ ਦੀਨ ਦੁਨੀ ਦੇ ਵਾਲੀ ਸ਼ਹਿਨਸ਼ਾਹ ਜੀ ਦੇ ਇਨ੍ਹਾਂ ਪਾਵਨ ਅੱਖਾਂ ਨਾਲ ਦਰਸ਼ਨ ਕੀਤੇ ਸਨ । ਕਈ ਵਾਰੀ ਉਸ ਦੇ ਚਰਨਾਂ ਦੀ ਧੂੜ ਲੈ ਲੈ ਕੇ ਆਪਣੇ ਮੱਥੇ ਪਰ ਲਾਈ ਤੇ ਉਸਦੀਆਂ ਪ੍ਰਕਰਮਾਂ ਕੀਤੀਆਂ, ਉਸ ਨੂੰ ਬਹੁਤ ਸਾਰਾ ਸਮਾਂ ਆਪਣੇ ਪਾਸ ਸ਼ੀਸ਼ ਮਹਿਲ ਵਿਚ ਰੱਖਿਆ, ਛੇਕੜ ਬਹੁਤ ਸਾਰੀ ਮਾਇਆ, ਬਸਤਰ ਆਦਿ ਦੇ ਕੇ ਹਾਥੀ ਦੀ ਸਵਾਰੀ ਪੁਰ ਵਿਦਾ ਕੀਤਾ ।

ਪੰਡਤ ਸ਼ਰਧਾ ਰਾਮ ਵਰਗੇ ਪੱਖਪਾਤੀ ਲੇਖਕ ਦੀ ਕਲਮ ਤੋਂ ਵੀ ਇਹ ਨਿਕਲਣੋਂ ਨਹੀਂ ਰੁਕ ਸਕਿਆ ਤੇ ਇਕ ਥਾਂ ਤੇ ਲਿਖਦਾ ਹੈ ਕਿ ਸ਼ੇਰਿ ਪੰਜਾਬ ਸਿੱਖੀ ਧਰਮ ਵਿਚ ਬੜਾ ਪੱਕਾ ਸੀ, ਉਹ ਗੁਰਬਾਣੀ ਤੇ ਕੀਰਤਨ ਦਾ ਬੜਾ ਨੇਮੀ ਸੀ, ਉਸ ਨੂੰ ਆਪਣੇ ਪੰਥ (ਖ਼ਾਲਸਾ ਧਰਮ) ਦੇ ਵਧਾਣ ਦੀ ਬਹੁਤ ਹੀ ਚੌਂਪ ਸੀ ।'

# ਸ਼ਹੀਦੀ ਯਾਦਗਾਰਾਂ ਨਾਲ ਪਿਆਰ

ਸ਼ੇਰਿ ਪੰਜਾਬ ਦੇ ਹਿਰਦੇ ਵਿਚ ਸ਼ਹੀਦ ਸਿੰਘਾਂ ਦੀਆਂ ਯਾਦਗਾਰਾਂ ਲਈ ਬੜਾ ਭਾਰੀ ਸਤਿਕਾਰ ਸੀ । ਜਿਥੇ ਜਿਥੇ ਇਹ ਸ਼ਹੀਦ ਗੰਜ ਬਣੇ ਹੋਏ ਸਨ, ਆਪ ਜੀ ਨੇ ਉਹਨਾਂ ਨਾਲ ਜਾਗੀਰਾਂ ਦੇ ਰੋਜ਼ੀਨੇ ਲਾ ਦਿੱਤੇ ਸਨ, ਤਾਂ ਕਿ ਇਹ ਪਾਵਨ ਯਾਦਗਾਰਾਂ ਸਦਾ ਵਾਸਤੇ ਕਾਇਮ ਰਹਿਣ ਅਤੇ ਇਹ ਆਉਣ ਵਾਲੀ ਸੰਤਾਨ ਲਈ ਚਾਨਣ-ਮੁਨਾਰੇ ਦਾ ਕੰਮ ਦੇਣ । ਸ਼ਹੀਦ ਬਾਬਾ ਫੂਲਾ ਸਿੰਘ ਜੀ ਅਕਾਲੀ ਦੇ ਸ਼ਹੀਦ ਅਸਥਾਨ ਨਾਲ ਕਈ ਹਜ਼ਾਰ ਵਿੱਘੇ ਜਮੀਨ ਜਾਗੀਰ ਵਜੋਂ ਲਵਾਈ । ਸ੍ਰੀ ਮੁਕਤਸਰ ਜੀ ਦੀ ਸ਼ਹੀਦੀ ਯਾਦਗਾਰ ਨਾਲ 4300 ਰੁਪਿਆਂ ਦੀ ਜਾਗੀਰ ਦਿੱਤੀ, ਇਸੇ ਤਰ੍ਹਾਂ ਫਤਹਗੜ੍ਹ (ਸਰਹਿੰਦ) ਵਿਚ ਛੋਟੇ ਸਾਹਿਬਜ਼ਾਦਿਆਂ ਦੀ ਪਾਵਨ ਯਾਦਗਾਰ ਨਾਲ ਬਹੁਤ ਬੜੀ ਜਾਗੀਰ ਲਵਾ ਦਿੱਤੀ । ਸ਼ਹੀਦ ਭਾਈ ਤਾਰੂ ਸਿੰਘ ਜੀ ਅਤੇ ਬਹਾਦਰ ਸਿੰਘਣੀਆਂ ਦੇ ਸ਼ਹੀਦ ਗੰਜ ਨਾਲ – ਜਿਹੜਾ ਲੁੰਡਾ ਬਾਜ਼ਾਰ ਤੋਂ ਨੌਲੱਖੇ (ਲਾਹੌਰ) ਵਿਚ ਹੈ – ਸ੍ਰੀ ਹਜ਼ੂਰ ਜੀ ਦੇ ਦਿਲ ਵਿਚ ਬੜਾ ਸਤਿਕਾਰ ਤੇ ਪਿਆਰ ਸੀ । ਆਪ ਜੀ ਅਕਸਰ ਇਸ ਸ਼ਹੀਦ ਗੰਜ ਦੇ ਦਰਸ਼ਨ ਨੂੰ ਆਂਵਦੇ ਤੇ ਨਿਹਾਲ ਹੁੰਦੇ । ਇਸ ਬਾਰੇ ਸੱਯਦ ਮੁਹੰਮਦ ਲਤੀਫ ਆਪਣੀ ਲਿਖਤ ਪੁਸਤਕ 'ਹਿਸਟਰੀ ਆਫ ਲਾਹੌਰ' ਵਿਚ ਇਸ ਤਰ੍ਹਾਂ ਲਿਖਦਾ ਹੈ :-

Maharaja Ranjit Singh entertained great reverence for this place of Martyrs. He was in the habit of paying visits to it, and had made grants of land in the districts of Lahore and Amritsar for its maintenance. It was the practice to place Rs. 100 every night, below the pillow of Ranjit Singh, which were distributed as alms to the poor every morning through Bhai Ram Singh. Out of this hundred, five rupees a day went to Shahid Ganj as a contribution for the cost of Bhang, and in addition to it twenty five rupees were daily sent by the Maharaja for the alms house."

(Lahore by Sayyed Mohammad Latif P. 162)

ਅਨੁਵਾਦ :- ਮਹਾਰਾਜਾ ਰਣਜੀਤ ਸਿੰਘ ਸ਼ਹੀਦ ਗੰਜ ਦਾ ਬੜਾ ਸਤਿਕਾਰ ਕਰਦਾ ਹੁੰਦਾ ਸੀ । ਉਹ ਅਕਸਰ ਇਥੇ ਆਪ ਦਰਸ਼ਨ ਮੇਲੇ ਲਈ ਆਂਵਦਾ ਹੁੰਦਾ ਸੀ । ਉਸ ਨੇ ਇਸ ਅਸਥਾਨ ਦੇ ਲੰਗਰ ਆਦਿ ਦੇ ਖਰਚਾਂ ਨੂੰ ਚਲਾਉਣ ਲਈ ਜ਼ਿਲ੍ਹਾ ਲਾਹੌਰ ਤੇ ਅੰਮ੍ਰਿਤਸਰ ਵਿਚ ਜ਼ਮੀਨ ਜਾਗੀਰ ਦੇ ਤੌਰ ਪਰ ਦਿੱਤੀ ਸੀ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਹ ਆਮ

ਮਰਯਾਦਾ ਸੀ ਕਿ 100 ਰੁਪਿਆ ਰੋਜ਼ਾਨਾ ਮਹਾਰਾਜੇ ਦੇ ਸਿਰ੍ਹਾਣੇ ਹੇਠ ਰਾਤ ਨੂੰ ਸੌਣ ਲੱਗਿਆਂ ਰੱਖਿਆ ਜਾਂਦਾ ਸੀ ਅਤੇ ਸਵੇਰੇ ਇਹ ਰੁਪਿਆ ਭਾਈ ਰਾਮ ਸਿੰਘ ਜੀ ਦੇ ਹੱਥੀਂ ਗਰੀਬਾਂ ਤੇ ਧਾਰਮਿਕ ਅਸਥਾਨਾਂ ਨੂੰ ਵੰਡ ਦਿੱਤਾ ਜਾਂਦਾ ਸੀ। ਇਸ 100 ਰੁਪਏ ਵਿਚੋਂ 30 ਰੁਪਏ ਇਸ ਸ਼ਹੀਦ ਗੰਜ ਨੂੰ ਰੋਜ਼ਾਨਾ ਦਿੱਤੇ ਜਾਂਦੇ ਸਨ, ਜਿਹਨਾਂ ਵਿਚੋਂ 5 ਸ਼ਹੀਦੀ ਦੇਗ ਲਈ ਤੇ 25 ਲੰਗਰ ਲਈ ਹੁੰਦੇ ਸਨ[1]।

ਇਸ ਪਵਿੱਤਰ ਸ਼ਹੀਦ ਗੰਜ ਵਿਚ ਇਕ ਪੁਰਾਣੇ ਸਮੇਂ ਦੇ ਖੂਹ ਦੀ - ਜਿਸ ਵਿਚ ਸ਼ਹੀਦ ਸਿੰਘ ਸਿੰਘਣੀਆਂ ਤੇ ਉਹਨਾਂ ਦੇ ਸਿਰ ਕੱਟ ਕੇ ਮੀਰ ਮਨੂੰ ਦੇ ਵਕਤ ਸੁੱਟੇ ਜਾਂਦੇ ਸਨ - ਮੁੜ ਮੁਰੰਮਤ ਕਰਵਾਈ ਤੇ ਗੁਰਦੁਆਰੇ ਦੀ ਇਮਾਰਤ ਦੀ ਸੇਵਾ ਕੀਤੀ। ਇਸ ਵਿਚ ਇਕ ਸੰਗਮਰਮਰ ਦੀ ਸ਼ਿਲਾ ਉਸ ਸਮੇਂ ਦੀ ਜੜੀ ਹੋਈ ਹੈ, ਜਿਸ ਪਰ ਇਹ ਲਿਖਤ ਖੁਦੀ ਹੋਈ ਹੈ:-

ੴ ਸਤਿਗੁਰ ਪ੍ਰਸਾਦਿ ॥
ਸ਼ਹੀਦ ਬੁੰਗਾ ਭਾਈ ਤਾਰੂ ਸਿੰਘ ਮਨੀ ਸਿੰਘ
ਸੰਮਤ 1883 ਬਿ: ਭਾਦਰੋਂ ਸੁਦੀ ਪੰਚਮੀ
ਸ਼ਹੀਦ ਬੁੰਗੇ ਦੀ ਟਹਿਲ-ਸਿੰਘ ਸਾਹਿਬ
ਰਣਜੀਤ ਸਿੰਘ, ਖੂਹ ਦੀ ਟਹਿਲ ਸਮੂਹ
ਖ਼ਾਲਸੇ ਦੇ ਟਹਿਲੀਏ ਜੋਧ ਸਿੰਘ, ਜੀਵਣ
ਸਿੰਘ ਦੇ ਹੱਥੀਂ। ਸਰਬੱਤ ਖ਼ਾਲਸੇ ਦੀ
ਟਹਿਲ ਲੇਖੇ ਲਾਗੀ। ਕੋਟ ਤੀਰਥ ਖੂਹ
ਦੇ ਨ੍ਹਾਵਣ ਦਾ ਫਲ ਹੈ।

॥ ਦੋਹਿਰਾ ॥
ਸ਼ਹੀਦ ਬੁੰਗਾ ਹੈ ਗੁਰੂ ਕਾ, ਜੋ ਸਿੰਘ ਕਰੇ ਇਸ਼ਨਾਨ
ਜਨਮ ਮਰਨ ਤਿਸ ਕੀ ਕਟੀਏ, ਨਿਹਚਲ ਪਾਵੇ ਥਾਨ ॥
ਸਤ ਕਰ ਮੰਨਣਾ।

ਇਹ ਖੂਹ ਦਾ ਅੱਧਾ ਹਿੱਸਾ, ਜਿਸ ਨੂੰ ਸ਼ੇਰਿ ਪੰਜਾਬ ਨੇ ਬਣਵਾਇਆ, ਇਸ ਦੀਆਂ ਇੱਟਾਂ ਹੋਰ ਹਨ ਅਤੇ ਹੇਠਲੇ ਹਿੱਸੇ ਵਿਚ ਪੁਰਾਣੇ ਸਮੇਂ ਦੀਆਂ ਇੱਟਾਂ ਹੋਰ ਹਨ, ਇਹ ਫਰਕ ਸਾਫ ਦਿਸ ਰਿਹਾ ਹੈ, ਗਰਜ ਕਿ ਆਪ ਜੀ ਨੂੰ ਹਰ ਇਕ ਧਾਰਮਿਕ ਸਥਾਨ ਦਾ ਪੂਰਾ ਪੂਰਾ ਧਿਆਨ ਰਹਿੰਦਾ ਸੀ।

- - - - - -

*1. ਲਾਹੌਰ ਬਾਈ ਸਯਦ ਮੁਹੰਮਦ ਲਤੀਫ ਸਫ਼ਾ 162।*

# ਮਹਾਰਾਜੇ ਦੀ ਅਸਚਰਜ ਤਸਵੀਰ

ਇਕ ਵਾਰੀ ਲਾਹੌਰ ਵਿਚ ਇਕ ਚਿੱਤਰਕਾਰ ਆਇਆ ਜੋ ਮੂਰਤਾਂ ਬਨਾਉਣ ਲਈ ਬੜਾ ਪ੍ਰਸਿੱਧ ਸੀ। ਉਸ ਨੇ ਕਈ ਦਰਬਾਰੀਆਂ ਨੂੰ ਮਿਲ ਮਿਲਾ ਕੇ ਰਾਜੀ ਕਰ ਲਿਆ ਤਾਂ ਕਿ ਮਹਾਰਾਜਾ ਸਾਹਿਬ ਪਾਸ ਉਸ ਦੀ ਸਿਫਾਰਸ਼ ਕਰਨ ਤੇ ਮਹਾਰਾਜਾ ਆਪਣੀ ਮੂਰਤ ਉਸ ਤੋਂ ਤਿਆਰ ਕਰਵਾਉਣ। ਯੋਗ ਸਮਾਂ ਦੇਖ ਕੇ ਦਰਬਾਰੀਆਂ ਬੇਨਤੀ ਕੀਤੀ, ਅਗੋਂ ਮਹਾਰਾਜਾ ਸਾਹਿਬ ਨੇ ਆਪਣੀ ਮੂਰਤ ਚਿਤਰਾਣ ਤੋਂ ਇਨਕਾਰ ਕਰ ਦਿੱਤਾ, ਛੇਕੜ ਕਈਆਂ ਦੇ ਮੁੜ ਮੁੜ ਬੇਨਤੀ ਕਰਨ ਪਰ ਆਪ ਜੀ ਨੇ ਫੁਰਮਾਇਆ ਕਿ ਮੈਂ ਆਪਣੀ ਮੂਰਤ ਤਦ ਚਿਤ੍ਰਵਾਣ ਦੀ ਆਗਿਆ ਦੇਵਾਂਗਾ ਜੇ ਉਹ ਮੇਰੀ ਇੱਛਾ ਅਨੁਸਾਰ ਚਿੱਤਰੀ ਜਾਏ, ਉਹ ਇਸ ਤਰ੍ਹਾਂ ਹੋ ਸਕਦਾ ਹੈ ਮੇਰੇ ਸ਼ਹਿਨਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤਖਤ ਤੇ ਬਿਰਾਜਮਾਨ ਕੀਤੇ ਜਾਣ ਤੇ ਮੇਰਾ ਸੀਸ ਬਾਬਾ ਜੀ ਦੇ ਪਵਿੱਤਰ ਚਰਨਾ ਉਪਰ ਧਰਿਆ ਹੋਵੇ। ਚਿੱਤਰਕਾਰ ਨੇ ਆਖਿਆ ਕਿ ਮੂਰਤ ਵਿਚ ਚਿਹਰਾ ਸਾਫ ਦਿਸਣਾ ਹੀ ਕਾਰੀਗਰੀ ਹੈ ਤੇ ਇਸ ਤਰ੍ਹਾਂ ਹਜ਼ੂਰ ਦਾ ਚਿਹਰਾ ਛਿਪਿਆ ਰਹੇਗਾ। ਮਹਾਰਾਜਾ ਨੇ ਫੁਰਮਾਇਆ ਕਿ ਪਹਿਲੀ ਤਸਵੀਰ ਤਾਂ ਇਸੇ ਤਰ੍ਹਾਂ ਬਣਾਈ ਜਾਵੇ ਤੇ ਦੂਜੀ ਇਸ ਤਰ੍ਹਾਂ ਹੋਵੇ ਕਿ ਗੁਰੂ ਬਾਬੇ ਜੀ ਦੀ ਹਜ਼ੂਰੀ ਵਿਚ ਮੈਂ ਦੋਵੇਂ ਹੱਥ ਜੋੜ ਕੇ ਅਰਦਾਸ ਕਰਦਾ ਹੋਵਾਂ। ਸੋ ਦੋਵੇਂ ਮੂਰਤਾਂ ਇਸ ਤਰ੍ਹਾਂ ਨਾਲ ਬੜੇ ਆਕਾਰ ਦੀਆਂ ਤਿਆਰ ਕੀਤੀਆਂ ਗਈਆਂ। ਇਹ ਮੂਰਤਾਂ ਮਿਸਟਰ ਬਾਰ ਨੇ ਪਿਸ਼ਾਵਰ ਜਾਂਦਿਆਂ 21 ਫਰਵਰੀ ਸੰਨ 1839 ਈ: ਨੂੰ ਲਾਹੌਰ ਮਹਾਰਾਜਾ ਸਾਹਿਬ ਦੇ ਮਹਿਲਾਂ ਵਿਚ ਵੇਖੀਆਂ ਸਨ, ਜਿਹਨਾਂ ਦਾ ਵਿਸਥਾਰ ਸਮਾਚਾਰ ਮਿਸਟਰ ਬਾਰ ਨੇ ਆਪਣੇ ਸਫਰਨਾਮੇ ਦੇ ਸਫਾ 101 ਵਿਚ ਲਿਖਿਆ ਹੈ। ਇੰਨਾ ਕੁਝ ਹੁੰਦਿਆਂ ਜੇ ਮਹਾਰਾਜਾ ਰਣਜੀਤ ਸਿੰਘ ਨੂੰ ਕੋਈ ਧਰਮ ਵਿਚ ਢਿੱਲਾ ਦੱਸੇ ਤਾਂ ਇਹ ਉਹਦੇ ਆਪਣੇ ਮਨ ਦਾ ਪ੍ਰਤੀਬਿੰਬ ਹੈ, ਮਹਾਰਾਜਾ ਦਾ ਇਸ ਵਿਚ ਕੀ ਦੋਸ਼ ?

# ਉਸ ਦੇ ਅਵਗੁਣ

ਸ਼ੇਰਿ ਪੰਜਾਬ ਵਿਚ ਐਡੇ ਉਚ ਗੁਣਾਂ ਦੇ ਹੁੰਦਿਆਂ ਵੀ ਇਹ ਲਿਖਣਾ ਕਿ ਉਹ ਮਨੁੱਖੀ ਕਮਜ਼ੋਰੀਆਂ ਤੋਂ ਉਚੇਰਾ ਸੀ, ਸਚਿਆਈ ਦੇ ਵਿਰੁੱਧ ਹੈ ਤੇ ਇਹ ਦਾਵਾ ਕੋਈ ਕਰ ਹੀ ਕਿਸ ਤਰ੍ਹਾਂ ਸਕਦਾ ਹੈ, ਜਦ ਕਿ ਇਸ ਦਾ ਸਾਫ ਫੈਸਲਾ ਸਾਡੇ ਸਤਿਗੁਰੂ ਜੀ ਇਕ ਪੰਗਤੀ ਵਿਚ ਮੁਕਾ ਗਏ ਹਨ :-

"ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ ॥"

ਉਸ ਦੇ ਅਵਗੁਣਾਂ ਵਿਚੋਂ ਇਕ ਇਹ ਅਵਗੁਣ ਉਘਾ ਸੀ ਕਿ ਉਸ ਦੇ ਕਈ

ਦਰਬਾਰੀ ਉਸ ਨੂੰ ਜ਼ੁਬਾਨੀ ਸਬਜ਼ਬਾਗ ਦੱਸ ਕੇ ਉਸ ਤੋਂ ਆਪਣੇ ਕੰਮ ਕਢਵਾ ਲੈਂਦੇ ਸਨ। ਬਹੁਤਿਆਂ ਦੀ ਰਾਇ ਹੈ ਕਿ ਉਹ ਇਹਨਾਂ ਦੀਆਂ ਸਾਰੀਆਂ ਚਾਲਾਂ ਨੂੰ ਦਿਲ ਵਿਚ ਸਮਝਦਾ ਸੀ, ਪਰ ਚੂੰ ਕਿ ਉਹ ਹਦ ਦਰਜੇ ਦਾ ਲਿਹਾਜ਼ੀ ਸੀ, ਇਸ ਲਈ ਉਹ ਇਹ ਸਭ ਕੁਝ ਐਸੇ ਤਰੀਕੇ ਨਾਲ ਆਪਣੇ ਕੰਮ ਕਢਵਾਂਦੇ ਸਨ ਕਿ ਉਹ ਇਹਨਾਂ ਦੇ ਇਸ.ਕਰਤਬ ਨੂੰ ਨਹੀਂ ਸੀ ਜਾਣਦਾ। ਅਸੀਂ ਜੇ ਪਹਿਲੀ ਸ਼੍ਰੇਣੀ ਨਾਲ ਆਪਣੀ ਸੰਮਤੀ ਮੇਲੀਏ ਤਾਂ ਵੀ ਇਹ ਗੱਲ ਕਿਸੇ ਹੁਕਮਰਾਨ ਲਈ ਸ਼ਲਾਘਾ ਯੋਗ ਨਹੀਂ ਕਹੀ ਜਾ ਸਕਦੀ ਕਿ ਉਹ ਆਪਣੇ ਅਹਿਲਕਾਰਾਂ ਦੇ ਧੋਖਿਆਂ ਨੂੰ ਸਮਝਦਾ ਹੋਇਆ ਵੀ ਚੁੱਪ ਵੱਟੀ ਰੱਖੇ। ਜੇਕਰ ਪਿਛਲਿਆਂ ਦੀ ਰਾਇ ਮੰਨ ਲਈਏ ਤਾਂ ਵੀ ਵਧੇਰੇ ਸੁਰਜੀਤ ਹੋਣ ਦੀ ਲੋੜ ਸੀ। ਇਹਨਾਂ ਚਾਲਾਂ ਵਿਚ ਵਿਸ਼ੇਸ਼ ਕਰਕੇ ਡੋਗਰਿਆਂ ਨੂੰ ਜ਼ਿਆਦਾ ਸਫਲਤਾ ਪ੍ਰਾਪਤ ਹੋਈ। ਜੇ ਕਦੀ ਇਹ ਲੋਕ ਕਿਸੇ ਕਰੜੇ ਪਾਰਖੂ ਦਰਬਾਰ ਵਿਚ ਹੁੰਦੇ ਤਾਂ ਉਹ ਉਨੀ ਹੀ ਪਦਵੀ ਪਾਂਦੇ ਜਿੰਨੀ ਦੇ ਉਹ ਯੋਗ ਸਨ। ਇਸ ਤੋਂ ਛੁੱਟ ਇਕ ਹੋਰ ਕਮੀ ਸੀ, ਜਿਸ ਤੋਂ ਅੱਖਾਂ ਨਹੀਂ ਮੀਟੀਆਂ ਜਾ ਕਸਦੀਆਂ, ਉਹ ਇਹ ਹੈ ਕਿ ਆਪ ਇਕ ਵਾਰ ਜਿਸ ਤੇ ਭਰੋਸਾ ਕਰ ਲੈਂਦੇ ਸਨ, ਬਸ ਫੇਰ ਉਹ ਸਾਰੀ ਉਮਰ ਲਈ ਭਰੋਸੇ ਯੋਗ ਮੰਨਿਆ ਜਾਂਦਾ ਸੀ। ਇਸ ਤਰ੍ਹਾਂ ਕਈ ਨਿਮਕ ਹਰਾਮ ਲੋਕ ਇਸ ਭਰੋਸੇ ਦਾ ਅਯੋਗ ਲਾਭ ਉਠਾ ਕੇ ਆਪਣੇ ਜਾਤੀ ਲਾਭ ਦੇ ਸਿਰ ਤੋਂ ਰਾਜ ਦੇ ਫਾਇਦੇ ਨੂੰ ਵਾਰ ਸੁੱਟਦੇ ਸਨ, ਅਤੇ ਸੌਖੇ ਹੀ ਫਿਰ ਉਹਨਾਂ ਨੂੰ ਆਪਣੇ ਕਾਰਜ ਸਿੱਧੀ ਦਾ ਮੌਕਾ ਮਿਲਿਆ ਰਹਿੰਦਾ ਸੀ। ਚਾਹੇ ਕਈ ਲੋਕ ਇਸ ਅਵਗੁਣ ਨੂੰ ਅਵਗੁਣ ਨਹੀਂ ਸਨ ਸਮਝਦੇ, ਪਰ ਸੰਸਾਰ ਦੇ ਲੋਕ ਇਸ ਭਰੋਸੇ ਦੇ ਪਰਦੇ ਦੀ ਆੜ ਲੈ ਕੇ ਬੜੇ ਬੜੇ ਹਾਨੀਕਾਰਕ ਕੰਮ ਕਰ ਸਕਦੇ ਸਨ ਇਸ ਲਈ ਇਹ ਅਵਗੁਣ ਕਿਸੇ ਦੇਸ ਦੇ ਮਹਾਰਾਜਾ ਲਈ ਕੋਈ ਘੱਟ ਨੁਕਸ ਨਹੀਂ।

ਅਸਾਂ ਆਪਣੇ ਵਲੋਂ ਯਤਨ ਕੀਤਾ ਹੈ ਕਿ ਸ਼ੇਰਿ ਪੰਜਾਬ ਦੇ ਜੀਵਨ ਦੇ ਅਸਲ ਵਾਕਿਆਤ ਜੋ ਹਨੇਰ ਵਿਚ ਹਨ, ਰੌਸ਼ਨੀ ਵਿਚ ਲੈ ਆਏ, ਜੋ ਪੰਥ ਦੀ ਭੇਟਾ ਹਨ।

॥ ਇਤਿ ॥